# ਪੰਜ ਗ੍ਰੰਥੀ

## ਸਟੀਕ

੧ੴ ਸਤਿਗੁਰ ਪ੍ਰਸਾਦਿ ॥

ਗੁਰਬਾਣੀ ਇਸੁ ਜਗ ਮਹਿ ਚਾਨਣੁ

# ਪੰਜ ਗ੍ਰੰਥੀ

## ਸਟੀਕ

### (ਭਾਵ ਪ੍ਰਕਾਸ਼ਨੀ ਟੀਕਾ)

ਜਪੁ ਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵੱਯੇ,
ਚੌਪਈ ਸਾਹਿਬ, ਅਨੰਦੁ ਸਾਹਿਬ, ਰਹਰਾਸਿ ਸਾਹਿਬ ਸੰਪੂਰਨ,
ਕੀਰਤਨ ਸੋਹਿਲਾ, ਬਾਰਾਮਾਹਾ ਮਾਂਝ, ਸ਼ਬਦ ਹਜ਼ਾਰੇ,
ਸੁਖਮਨੀ ਸਾਹਿਬ, ਆਸਾ ਦੀ ਵਾਰ, ਸਲੋਕ ਮਹਲਾ ੯,
ਦਖਣੀ ਓਅੰਕਾਰੁ, ਸਿਧ ਗੋਸਟਿ, ਗਉੜੀ ਬਾਵਨ ਅਖਰੀ

ਟੀਕਾਕਾਰ—

**ਪੰਡਤ ਨਰੈਣ ਸਿੰਘ ਜੀ ਗਿਆਨੀ**

ਵਿਦਿਆ ਮਾਰਤੰਡ ਮੁਜੰਗ ਨਿਵਾਸੀ (ਲਾਹੌਰ)

ਪ੍ਰਕਾਸ਼ਕ—

**ਭਾ. ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰ:**

ਪੁਸਤਕਾਂ ਵਾਲੇ, ਗਲੀ ਨੰ: 8, ਬਾਗ਼ ਰਾਮਾ ਨੰਦ,
ਅੰਮ੍ਰਿਤਸਰ । ਫੋਨ : 2545421

*ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।*

**ਐਡੀਸ਼ਨ : ਅਪ੍ਰੈਲ 2006**

**ਭੇਟਾ : 300/-**

## ਤਤਕਰਾ

| | |
|---|---|
| ੧. ਜਪੁ ਜੀ ਸਾਹਿਬ | ੫ |
| ੨. ਜਾਪੁ ਸਾਹਿਬ | ੧੦੧ |
| ੩. ਤ੍ਵਪ੍ਰਸਾਦਿ ਸ੍ਵਯੇ | ੧੬੬ |
| ੪. ਚੌਪਈ ਸਾਹਿਬ | ੧੭੬ |
| ੫. ਅਨੰਦੁ ਸਾਹਿਬ | ੧੮੮ |
| ੬. ਰਹਿਰਾਸਿ ਸਾਹਿਬ | ੨੨੬ |
| ੭. ਕੀਰਤਨ ਸੋਹਿਲਾ | ੨੮੪ |
| ੮. ਬਾਰਹਮਾਹਾ ਮਾਂਝ | ੨੯੪ |
| ੯. ਸ਼ਬਦ ਹਜ਼ਾਰੇ | ੩੧੪ |
| ੧੦. ਸੁਖਮਨੀ ਸਾਹਿਬ | ੩੨੯ |
| ੧੧. ਆਸਾ ਦੀ ਵਾਰ | ੫੫੧ |
| ੧੨. ਸਲੋਕ ਮਹਲਾ ੯ | ੬੬੧ |
| ੧੩. ਦਖਣੀ ਓਅੰਕਾਰੁ | ੬੯੭ |
| ੧੪. ਸਿਧ ਗੋਸਟਿ | ੭੫੨ |
| ੧੫. ਗਉੜੀ ਬਾਵਨ ਅਖਰੀ | ੮੧੧ |

ਟਾਈਪ ਸੈਟਿੰਗ :
*ਗਲੋਬਲ ਕੰਪਿਊਟਰਜ਼,*
ਸੁਲਤਾਨਵਿੰਡ ਰੋਡ, ਅੰਮ੍ਰਿਤਸਰ । ਫੋਨ : 0183-5537008

ੴ ਸਤਿਗੁਰ ਪ੍ਰਸਾਦਿ ॥

# ਟੀਕੇ ਦੇ ਨਿਯਮ

੧. ਮੂਲ ਮੋਟੇ ਅੱਖਰਾਂ ਵਿਚ ਰਖਿਆ ਹੈ ਅਤੇ ਹਰੇਕ੍ ਤੁਕ ਨੂੰ ਵੱਖੋ-ਵੱਖ ਜਤਾਨ ਵਾਸਤੇ ਅੰਕ ਵਰਤੇ ਗਏ ਹਨ।

੨. ਪਦ ਅਰਥ ਬਰੀਕ ਅੱਖਰਾਂ ਵਿਚ ਲਿਖ ਦਿਤੇ ਹਨ, ਜਿਸ ਪਦ ਦੀ ਬਨਾਵਟ ਦੂਜੀ ਤਰ੍ਹਾਂ ਦੀ ਹੈ, ਉਸ ਦਾ ਅਸਲ ਰੂਪ [ ] ਇਨ੍ਹਾਂ ਨਿਸ਼ਾਨਾਂ ਵਿਚ ਹੈ।

੩. ਤੁਕ ਦਾ ਅਰਥ ਛੋਟੇ ਅੱਖਰਾਂ ਵਿਚ ਦਿਤਾ ਗਿਆ ਹੈ ਅਤੇ ਮੂਲ ਦਾ ਅੰਕ ਵੀ ਬਰੈਕਟਾਂ ਵਿਚ ਪਹਿਲੇ ਲਿਖ ਦਿਤਾ ਹੈ।

੪. ਅਰਥ ਦੀ ਸੰਗਲੀ ਜੋੜਨ ਵਾਸਤੇ, ਜੋ ਪਦ ਆਪਣੇ ਵਲੋਂ ਵਰਤੇ ਗਏ ਹਨ, ਉਹ = ਇਹਨਾਂ ਨਿਸ਼ਾਨਾਂ ਵਿਚ ਹਨ।

੫. ਅਰਥ—ਪਾਠਕਾਂ ਦੇ ਸੁਖਾਲ ਵਾਸਤੇ—ਪ੍ਰਸ਼ਨ ਉਤਰ ਦੇ ਤਰੀਕੇ ਨਾਲ ਕੀਤੇ ਹਨ।

੬. ਹਰ ਇਕ ਪਉੜੀ ਦੇ ਅੰਤ ਵਿਚ ਸਿਧਾਂਤ ਲਈ ਵਿਚਾਰ ਕੀਤੀ ਗਈ ਹੈ ਅਤੇ ਜੋ ਸਿੱਟਾ ਨਿਕਲਿਆ ਹੈ, ਉਸ ਨੂੰ ਵਖਰੇ ਪੈਰ੍ਹੇ ਉਪਦੇਸ਼ :— ਵਿਚ ਲਿਖ ਦਿੱਤਾ ਗਿਆ ਹੈ।

੭. ਲੋੜ ਮੂਜਬ ਫੁਟਨੋਟ ਜਾਂ ਜਿਥੇ-ਜਿਥੇ ਯੋਗ ਸਮਝਿਆ ਹੈ, ਗੁਰਬਾਣੀ ਦੇ ਪ੍ਰਮਾਣ ਵੀ ਲਿਖ ਦਿੱਤੇ ਗਏ ਹਨ।

ੴ ਸਤਿਗੁਰ ਪ੍ਰਸਾਦਿ ॥

# ਮੁਖ ਬੰਦ

ਪਿਆਰੇ ਪ੍ਰੀਤਮ, ਸਤਿਗੁਰੂ ਜੀ, ਸ੍ਰੀ ਗੁਰੂ ਨਾਨਕ ਦੇਵ ਜੀ, ਵਾਹਿਗੁਰੂ ਕਰਤਾਰ ਸਿਰਜਣਹਾਰ ਨੂੰ ਸਦਾ "ਨਿਰੰਕਾਰ" ਨਾਮ ਨਾਲ ਯਾਦ ਕੀਤਾ ਕਰਦੇ ਸਨ, ਇਸ ਲਈ ਆਪ ਜੀ ਦਾ ਨਾਮ ਹੀ "ਨਾਨਕ ਨਿਰੰਕਾਰੀ" ਪ੍ਰਸਿਧ ਹੋ ਗਿਆ ਸੀ । ਜਗਤ ਅਕਾਰ ਵਾਲੇ ਰੱਬ ਦੀ ਪੂਜਾ ਵਿਚ ਲੱਗਾ ਹੋਇਆ ਸੀ । ਆਪ ਨੇ ਫੁਰਮਾਇਆ "ਆਕਾਰ ਵਾਲਾ ਵਿਕਾਰੀ ਹੋਵੇਗਾ, ਨਿਰਾਕਾਰੀ ਹੀ ਵਿਕਾਰਾਂ ਤੋਂ ਰਹਿਤ ਹੋ ਸਕਦਾ ਹੈ" । ਯਥਾ :—

*"ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥"*

*[ਸੁਖਮਨੀ ਸਾਹਿਬ*

ਉਸ ਰੇਖ, ਰੰਗ ਤੇ ਰੂਪ—ਤਿੰਨਾਂ ਗੁਣਾਂ ਤੋਂ ਰਹਿਤ ਵਾਹਿਗੁਰੂ ਜੀ ਨੇ ਹੀ ਆਪਣੇ ਆਪ ਤੋਂ ਆਪੇ ਹੀ ਏਕੰਕਾਰ ਰੂਪ ਧਾਰਿਆ ਹੈ । ਉਸ ਏਕੰਕਾਰ ਦਾ ਏਕਾਂਗ ਤੇ ਓਅੰਕਾਰ ਦਾ ੴ ਸਰੂਪ ਸ੍ਰੀ ਗੁਰੂ ਜੀ ਨੇ ਪ੍ਰਗਟ ਕੀਤਾ ਹੈ । ਇਸ ਗੱਲ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਸਫੁਟ ਕਰਦੇ ਹਨ :—

*ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।*

*ਹੋਆ ਏਕੰਕਾਰੁ ਆਪੁ ਉਪਾਇਆ।*

*ਓਅੰਕਾਰਿ ਅਕਾਰੁ ਚਲਿਤੁ ਰਚਾਇਆ।*

*ਸਚੁ ਨਾਉ ਕਰਤਾਰੁ ਬਿਰਦੁ ਸਦਾਇਆ। [ਭਾ: ਗੁ: ਵਾਰ ੨੨]*

ਉਸ ਅਕਾਰ ਰਹਿਤ ਨਿਰੰਕਾਰ ਨੂੰ ਸਮਝਣ ਵਾਸਤੇ ਸਤਿਗੁਰੂ ਜੀ ਨੇ ਉਸ ਦਾ ਰੂਪ ਪ੍ਰਗਟ ਕੀਤਾ, ਜਿਸ ਤੋਂ ਸੁਧ ਅਕਾਲ ਪੁਰਖ ਵਾਹਿਗੁਰੂ ਜੀ ਦਾ ਅਸਲੀ ਰੂਪ ਸਿਖ ਦੀ ਸਮਝ ਵਿਚ ਆ ਜਾਵੇ ਅਤੇ ਕਿਸੇ ਅਕਾਰ ਵਾਲੇ ਬਨਾਉਟੀ ਰੱਬ ਦਾ ਟਪਲਾ ਨਾ ਲੱਗੇ ।

ਦਾਸ—ਨਰੈਣ ਸਿੰਘ ਗਿਆਨੀ

# ਜਪੁ ਜੀ ਸਾਹਿਬ

## ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਪਦ ਅਰਥ—੧ੴ ਇਕ ਓਅੰਕਾਰ=ਜਿਸ ਵਰਗਾ ਦੂਜਾ ਨਹੀਂ। ਸਤਿ-ਜੋ ਕਦੇ ਵੀ ਨਾਸ ਨਾ ਹੋਵੇ। ਕਰਤਾ=ਕਰਨ ਵਾਲਾ। ਅਕਾਲ=[ਅ+ਕਾਲ] ਮੌਤ ਰਹਿਤ, ਨਾ ਮਰਨ ਵਾਲਾ। ਸੈਭੰ=[ਸਵਯੰ-ਭੂ] ਆਪਣੇ ਆਪ ਪ੍ਰਕਾਸ਼ ਰੂਪ। ਪ੍ਰਸਾਦਿ=ਕ੍ਰਿਪਾ।

ਅਰਥ—ਵਾਹਿਗੁਰੂ ਇਕ ਹੈ, ਉਸ ਦਾ ਨਾਮ ਸੱਚ ਹੈ, ਸਾਰੇ ਸੰਸਾਰ ਦਾ ਕਰਤਾ ਅਤੇ ਪੁਰਖ ਰੂਪ ਹੈ, ਡਰ ਤੋਂ ਰਹਿਤ, ਵੈਰ ਤੋਂ ਰਹਿਤ ਤੇ ਮੌਤ ਤੋਂ ਰਹਿਤ ਉਸ ਦਾ ਸਰੂਪ ਹੈ, ਜਨਮ ਤੋਂ ਵੀ ਰਹਿਤ ਅਤੇ ਆਪਣੇ ਆਪ ਪ੍ਰਕਾਸ਼ਵਾਨ ਹੈ, ਅਜਿਹਾ ਵਾਹਿਗੁਰੂ ਗੁਰੂ ਜੀ ਦੀ ਕ੍ਰਿਪਾ ਨਾਲ ਹੀ ਮਿਲਦਾ ਹੈ।

ਭਾਵ—(੧) ਦੁਨੀਆਂ ਦੇ ਵਿਦਵਾਨਾਂ ਨੇ ਓਅੰ ਦੇ ਬਹੁਤੇ ਅਰਥ ਕੀਤੇ ਸਨ, ਗੁਰੂ ਜੀ ਨੇ ਏਕਾਂਗ ਲਾ ਕੇ ਉਨ੍ਹਾਂ ਦੇ ਝਮੇਲੇ ਤੋਂ ਹਟਾ ਕੇ ਦਸ ਦਿਤਾ ਜੋ ਵਾਹਿਗੁਰੂ ਇਕ ਹੈ।

(੨) ਦੁਨੀਆਂ ਦੇ ਵਿਦਵਾਨਾਂ ਨੇ ਉਸ ਓਅੰ ਦੇ ਬਹੁਤ ਸਾਰੇ ਨਾਮ ਘੜ ਦਿਤੇ ਜੋ 'ਕ੍ਰਿਤਮ' ਸਨ ਅਤੇ ਕੁਦਰਤ ਨਾਲ ਮਿਲੇ ਹੋਏ ਨਹੀਂ ਸਨ।

ਇਸ ਲਈ ਗੁਰੂ ਜੀ ਨੇ ਵਾਹਿਗੁਰੂ ਦਾ ਪਵਿਤ੍ਰ ਤੇ ਅਸਲੀ ਨਾਮ 'ਸਚ' ਪ੍ਰਗਟ ਕਰਕੇ ਕਿਹਾ :—

*ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿਨਾਮੁ ਤੇਰਾ ਪਰਾ ਪੂਰਬਲਾ ॥* [ਮਾ: ਮ: ੫

*(ੳ) ਸਤਿ ਨਾਮੁ ਪ੍ਰਭ ਕਾ ਸੁਖਦਾਈ ॥* [ਸੁਖਮਨੀ ੧੬-੬

*(ਅ) ਸਤਿ ਨਾਮੁ ਬਿਨੁ ਬਾਦਰਿ ਛਾਈ ॥* [ਭਾ: ਗੁਰਦਾਸ

*(ੲ) ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥* [ਧ: ਮ: ੪

(੩) ਪੁਰਾਣਾਂ ਤੇ ਕਤੇਬਾਂ ਵਾਲਿਆਂ ਨੇ ਦੁਨੀਆਂ ਨੂੰ ਬਨਾਉਣ ਵਾਲੇ ਕਈ ਦੇਵੀ ਦੇਵਤੇ ਮੰਨੇ, ਪਰ ਗੁਰੂ ਜੀ ਨੇ ਪ੍ਰਗਟ ਕੀਤਾ ਕਿ ਜਗਤ ਦਾ ਕਰਤਾ ਵੀ ਓਹੀ ਇਕ ਹੈ ।

*(ੳ) ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥* [ਵਾਰ ਆਸਾ

*(ਅ) ਕਕਾ ਕਾਰਨ ਕਰਤਾ ਸੋਊ ॥* [ਬਾਵਨ ਅਖਰੀ

(੪) ਕਰਤਾ ਦਾ ਰੂਪ ਪੁਰਖ ਹੈ, ਚੰਦ ਸੂਰਜ ਦੇਵੀ ਆਦਿਕ ਕਰਤਾ ਨਹੀਂ ਹੋ ਸਕਦੇ, ਕਿਉਂਕਿ ਇਨ੍ਹਾਂ ਦਾ ਪੁਰਖ ਰੂਪ ਸਾਬਤ ਹੀ ਨਹੀਂ ਹੁੰਦਾ :—

*(ੳ) ਪੁਰਖੁ ਸਤਿ ਕੇਵਲ ਪਰਧਾਨੁ ॥* [ਸੁਖਮਨੀ

*(ਅ) ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥* [ਸੁਖਮਨੀ

*(ੲ) ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ ॥* [ਭਾਈ ਗੁਰਦਾਸ

(੫) ਕਰਤਾ ਵਾਹਿਗੁਰੂ ਨਿਰਭਉ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਰਾਮ ਨੂੰ ਪਿਤਾ ਦਾ ਡਰ; ਵਸ਼ਿਸ਼ਟ ਨੂੰ ਗੁਰੂ ਦਾ ਡਰ । ਕ੍ਰਿਸ਼ਨ ਜੀ ਨੂੰ ਯਸ਼ੋਧਾ, ਨੰਦ, ਕੰਸ ਆਦਿਕ ਦਾ ਡਰ, ਸੰਦੀਪਨ ਗੁਰੂ ਦਾ ਡਰ, ਸਭ ਤੋਂ ਵੱਡਾ ਮੌਤ ਦਾ ਡਰ । ਬ੍ਰਹਮਾ, ਵਿਸ਼ਨ, ਸ਼ਿਵ, ਇੰਦਰ ਨੂੰ ਵੀ ਡਰ :— "ਡਰਪੈ ਧਰਤਿ ਅਕਾਸੁ ਨਖਤ੍ਰਾ ਸਿਰ ਊਪਰਿ ਅਮਰੁ ਕਰਾਰਾ ।" (ਸਾਰਾ

ਸ਼ਬਦ)। ਇਸ ਲਈ ਇਹਨਾਂ ਸਾਰਿਆਂ ਵਿਚੋਂ ਕੋਈ ਵੀ ਜਗਤ ਦਾ ਕਰਤਾ ਨਹੀਂ ਹੈ। ਕਰਤੇ ਦਾ ਪਹਿਲਾ ਗੁਣ ਹੀ ਡਰ ਤੋਂ ਰਹਿਤ ਹੈ।

*(ੳ) ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ*
*[ਵਾਰ ਆਸਾ*

*(ਅ) ਸਗਲਿਆ ਭਉ ਲਿਖਿਆ ਸਿਰਿ ਲੇਖੁ ॥*
*ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ [ਵਾਰ ਆਸਾ*

*(ੲ) ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ*
*ਤਿਨ ਕਾ ਭਉ ਸਭੁ ਗਵਾਸੀ ॥ [ਰਹਰਾਸਿ*

(੬) ਕਰਤਾ ਵਾਹਿਗੁਰੂ ਨਿਰਵੈਰ ਹੈ, ਦੇਵੀ, ਦੇਵਤੇ, ਅਵਤਾਰ ਆਦਿਕ ਸਾਰੇ ਹੀ ਗੁਣ ਤੋਂ ਸੱਖਣੇ ਹਨ। ਇਹ ਗੁਣ ਕੇਵਲ ਵਾਹਿਗੁਰੂ ਵਿਚ ਹੈ।

*(ੳ) ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥ [ਭੈ: ਮ: ੫*
*(ਅ) ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ [ਮਾਝ ਮ: ੫*
*(ੲ) ਨਿਰਵੈਰੁ ਅਕਾਲ ਮੂਰਤਿ ॥ ਆਜੂਨੀ ਸੰਭਉ ॥ [ਸਾ. ਮ: ੪*

(੭) ਵਾਹਿਗੁਰੂ ਮਰਦਾ ਨਹੀਂ। ਅ-ਕਾਲ ਹੀ ਉਸ ਦਾ ਸਰੂਪ ਹੈ। 'ਏਕ ਸ਼ਿਵ ਭਏ ਏਕ ਗਏ ਫੇਰ ਏਕ ਭਏ ਰਾਮ ਚੰਦ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈ'। ਇਸ ਕਰਕੇ ਇਹ ਗੁਣ ਵੀ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਵਿਚ ਨਹੀਂ :-

*(ੳ) ਕਾਲ ਰਹਿਤ ਅਨਕਾਲ ਸਰੂਪਾ ॥ [ਅਕਾਲ ਉਸ:*
*(ਅ) ਅਕਾਲ ਮੂਰਤਿ ਪਰਤਖਿ ਹੋਇ*
*ਨਾਉ ਅਜੂਨੀ ਸੈਭੰ ਭਾਇਆ [ਭਾਈ ਗੁ: ਵਾਰ ੩੯*

(੮) ਕਰਤਾ ਵਾਹਿਗੁਰੂ ਜਿਵੇਂ ਮਰਦਾ ਨਹੀਂ ਓਵੇਂ ਜੰਮਦਾ ਵੀ ਨਹੀਂ ਹੈ, ਅਜੋਨੀ ਹੈ। 'ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥' ਇਹ ਗੁਣ ਵੀ ਉਸ ਤੋਂ ਬਿਨਾਂ ਹੋਰ ਕਿਸੇ ਵਿਚ ਨਹੀਂ ਹੈ :—

*(ੳ) ਹਰਿ ਜਨਮ ਮਰਨ ਬਿਹੀਨ ॥ [ਅਕਾਲ ਉਸਤਤ*

*(ਅ) ਸੰਕਟਿ ਨਹੀ ਪਰੈ ਜੋਨਿ ਨਹੀ ਆਵੈ*
*ਨਾਮੁ ਨਿਰੰਜਨ ਜਾ ਕੋ ਰੇ ॥ [ਗਉੜੀ ਕਬੀਰ*

*(ੲ) ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ॥*
*[ਮਾਰੂ ਮ: ੫*

(੯) ਆਪਣੇ ਆਪ ਪ੍ਰਕਾਸ਼ ਰੂਪ ਹੈ। ਸੂਰਜ ਵਿਚ ਚਾਨਣ ਹੈ, ਪਰ ਸੂਰਜ ਆਪਣੇ ਆਪ ਰੌਸ਼ਨੀ ਵਾਲਾ ਨਹੀਂ। 'ਤਿਸਕੈ ਚਾਨਣ ਸਭ ਮਹਿ ਚਾਨਣੁ ਹੋਇ' ਉਸ ਦੇ ਪ੍ਰਕਾਸ਼ ਕਰਕੇ ਇਸ ਵਿਚ ਪ੍ਰਕਾਸ਼ ਹੈ :—

*(ੳ) ਜਾਤਿ ਅਜਾਤਿ ਅਜੋਨੀ ਸੰਭਉ*
*ਨਾ ਤਿਸੁ ਭਾਉ ਨ ਭਰਮਾ ॥ [ਸੋਰਠਿ ਮ: ੧*

*(ਅ) ਨਾਉ ਅਜੂਨੀ ਸੈਭੰ ਭਾਇਆ ॥ [ਭਾ: ਗੁਰਦਾਸ*

ਵਾਹਿਗੁਰੂ ਦੇ ੯ ਵਿਸ਼ੇਸ਼ਣ ਪ੍ਰਗਟ ਕਰਕੇ ਅੰਤ ਵਿਚ ਉਸ ਨੂੰ ਪਾਉਣ ਦਾ ਰਸਤਾ ਦਸਿਆ ਹੈ 'ਗੁਰਾਂ ਦੀ ਕ੍ਰਿਪਾ'। ਸਿਖ ਉਤੇ ਗੁਰੂ ਜੀ ਦੀ ਮਿਹਰ ਹੋਵੇ ਤਾਂ ਕਾਰਜ ਰਾਸ ਹੁੰਦਾ ਹੈ। ਮੇਹਰ ਦਾ ਦਾਤਾ ਗੁਰੂ ਕੌਣ ਹੈ ?

*(ੳ) ਆਦਿ ਅੰਤਿ ਏਕੈ ਅਵਤਾਰਾ ॥*
*ਸੋਈ ਗੁਰੂ ਸਮਝਿਅਹੁ ਹਮਾਰਾ ॥ [ਚੌਪਈ ਪਾ: ੧੦*

*(ਅ) ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥*
*[ਗੋਂਡ ਮ: ੫*

*(ੲ) ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥*
*[ਸਿਰੀ. ਮ. ੫*

ਵਾਹਿਗੁਰੂ ਜੀ ਦੀ ਮਿਹਰ ਹੀ ਵਾਹਿਗੁਰੂ ਨੂੰ ਮਿਲਾਉਂਦੀ ਹੈ। ਜਿਵੇਂ ਭੁਖੇ ਆਦਮੀ ਦੇ ਕੋਲ ਰੋਟੀ ਹੋਵੇ ਤਾਂ ਵੀ ਉਹ ਨਾ ਖਾਣ ਕਰਕੇ ਭੁੱਖਾ ਰਹਿੰਦਾ ਹੈ। ਜੇ ਉਹ ਆਪਣੇ ਆਪ ਤੇ ਤਰਸ ਕਰਕੇ ਰੋਟੀ ਖਾ ਲਵੇ

ਤਾਂ ਭੁਖੇ ਦੀ ਮਿਹਰ ਹੀ ਉਸ ਦੀ ਭੁਖ ਦੂਰ ਕਰਦੀ ਹੈ। ਇਵੇਂ ਹੀ ਕਰਤਾਰ ਦੀ ਮਿਹਰ ਹੀ ਕਰਤਾਰ ਨੂੰ ਮਿਲਾਉਂਦੀ ਹੈ।

ਪ੍ਰਸ਼ਨ—ਹੇ ਸਤਿਗੁਰੂ ਜੀ! ਆਪ ਨੇ ਰੱਬ ਦੀ ਮਿਹਰ ਹੀ ਰੱਬ ਨੂੰ ਮਿਲਾਉਣ ਵਾਲੀ ਦੱਸੀ ਹੈ। ਕ੍ਰਿਪਾ ਕਰਕੇ ਦਸੋ, ਰੱਬ ਦੀ ਮਿਹਰ ਕਿਵੇਂ ਮਿਲੇ?

ਉੱਤਰ—ਹੇ ਸਿੱਖ! ਕਰਤਾਰ ਦੀ ਮਿਹਰ ਦਾ ਸਾਧਨ ਹੈ :—

## ਜਪੁ ॥

(ਪਿਛੇ ਦੱਸੇ ਹੋਏ ਗੁਣਾਂ ਵਾਲੇ ਨਿਰੰਕਾਰ ਦਾ) ਸਿਮਰਨ ਹੀ ਉਸ ਦੀ ਮਿਹਰ ਦਾ ਸੌਖਾ ਸਾਧਨ ਹੈ, ਇਸ ਲਈ ਹੇ ਸਿਖ :—

*ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥*
*ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥*
*[ਸੁਖਮਨੀ ਸਾਹਿਬ*

ਪਹਿਲੇ ੧ ਤੋਂ ਲੈ ਕੇ ਗੁਰ ਪ੍ਰਸਾਦਿ ਤਕ ਕਰਤਾਰ ਦੇ ਗੁਣ ਵਰਨਣ ਕਰਕੇ ਵਸਤੂ ਨਿਰਦੇਸ਼ ਮੰਗਲਾ ਚਰਨ ਕਰਕੇ ਅੱਗੇ 'ਜਪੁ' ਬਾਣੀ ਦਾ ਉਪਦੇਸ਼ ਕਰਦੇ ਹਨ।

ਪ੍ਰਸ਼ਨ—ਹੇ ਸਤਿਗੁਰੂ ਜੀ! ਜਪ ਕਰਨ ਲਗਿਆਂ ਮਨ ਵਿਚ ਧਿਆਨ ਕਿਸਦਾ ਹੋਣਾ ਚਾਹੀਦਾ ਹੈ? ਕਿਉਂਕਿ ਕਿਸੇ ਆਸਰੇ ਤੋਂ ਬਿਨਾਂ ਮਨ ਟਿਕ ਨਹੀਂ ਸਕਦਾ।

ਉੱਤਰ—

## ਆਦਿ ਸਚੁ ਜੁਗਾਦਿ ਸਚੁ ॥
## ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਪਦ ਅਰਥ—ਆਦਿ=ਅਰੰਭ, ਮੁੱਢ। ਜੁਗਾਦਿ=[ਜੁਗ+ਆਦਿ] ਜੁਗ ਬਣਨ ਤੋਂ ਪਹਿਲਾਂ। ਸਚੁ=ਸਤਿ।

ਅਰਥ—ਸਭ ਦਾ ਮੁਢ ਸੱਚ ਹੈ, ਜੁਗਾਂ ਦਾ ਮੁਢ ਸੱਚ ਹੈ, ਓਹੀ ਸੱਚ ਹੁਣ ਵੀ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ ਉਹ ਸੱਚ ਅਗੇ ਨੂੰ ਵੀ ਹੋਵੇਗਾ ॥੧॥

ਭਾਵ—ਸਿਮਰਨ ਦਾ ਫਲ ਨਿਸਚੇ ਉਪਰ ਮਿਲਦਾ ਹੈ। ਜਿਸ ਦੇ ਨਿਸਚੇ ਵਿਚ ਜਗਤ ਦੇ ਪਦਾਰਥਾਂ ਦੀ ਭੁਖ ਹੈ ਉਸ ਦਾ ਕਰਤਾਰ ਨਾਲ ਅਭੇਦ ਹੋਣਾ ਅਸੰਭਵ ਹੈ। ਕਿਉਂਕਿ ਜੇਹੀ ਭਾਵਨਾ ਤੇਹਾ ਫਲ ਹੁੰਦਾ ਹੈ। ਇਸ ਲਈ ਭਾਵਨਾ ਲਈ ਫੁਰਮਾਇਆ ਹੈ ਕਿ ਸਭ ਦਾ ਮੁਢ 'ਸਚੇ' ਨੂੰ ਮੰਨ ਕੇ ਹੋਣ ਵਾਲਾ ਵੀ ਸਚ ਮੰਨਿਆ ਜਾਏ ਕਿ-

*(ੳ) ਸਸਾ ਸਤਿ ਸਤਿ ਸਤਿ ਸੋਊ ॥*
*ਸਤਿ ਪੁਰਖ ਤੇ ਭਿੰਨ ਨ ਕੋਊ ॥* [ਬਾਵਨ ਅਖਰੀ

*(ਅ) ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥* [ਸੁਖਮਨੀ

*(ੲ) ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥*
*ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥* [ਸੁਖਮਨੀ

ਉਪਦੇਸ਼—ਮਨ ਵਿਚ ਸੱਚ ਧਾਰ ਕੇ ਨਾਮ ਜਪੋ, ਤਦ ਕਰਤਾਰ ਦੀ ਮਿਹਰ ਹੋਵੇਗੀ।

ਪ੍ਰਸ਼ਨ—ਸ੍ਰੀ ਗੁਰੂ ਜੀ! ਆਪ ਨੇ ਸੱਚ ਦਾ ਭਰੋਸਾ ਤੇ ਨਾਮ ਦਾ ਜਪਨਾ ਮੁਕਤੀ ਦਾ ਸਾਧਨ ਦਸਿਆ ਹੈ ਪਰ ਕਈ ਕਹਿੰਦੇ ਹਨ ਜੋ ਸੋਚਨ, ਵਿਚਾਰਨ, ਵਰਤ ਰਖਣ ਅਤੇ ਮੋਨ ਧਾਰਨ ਕਰਨ ਨਾਲ ਕਰਤਾਰ ਦੀ ਮਿਹਰ ਹੋ ਜਾਂਦੀ ਹੈ।

ਉੱਤਰ—

**੧. ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ੨. ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ ੩. ਭੁਖਿਆ ਭੁਖ ਨ ਉਤਰੀ ਜੇ**

## ਬੰਨਾ ਪੁਰੀਆ ਭਾਰ ॥ ੪. ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

ਪਦ ਅਰਥ—ਸੋਚੈ=ਸੋਚਨਾ, ਵਿਚਾਰਨਾ, ਸ਼ਾਸਤ੍ਰਾਂ ਦਾ ਘੋਖਨਾ। ਚੁਪੈ=ਚੁਪ ਰਹਿਣਾ, ਮੌਨ ਧਾਰਨੀ। ਚੁਪ=ਸ਼ਾਂਤਿ, ਠੰਡ, ਜਨਮ ਮਰਣ ਦੇ ਦੁਖ ਦਾ ਮਿਟਨਾ। ਭੁਖਿਆ=ਭੁਖੇ ਰਹਿਣਾ, ਵਰਤ ਰੱਖਣਾ। ਭੁਖ=ਖਾਹਸ਼। ਲਿਵ ਤਾਰ=[ਲਿਵ ਬ੍ਰਿਤ, ਸੁਰਤ+ਤਾਰ-ਲੋਹੇ ਦੀ ਤਾਰ ਵਾਂਗੂੰ ਇਕੋ ਜੇਹੀ] ਅਖੰਡ ਬ੍ਰਿਤੀ, ਇਕ ਰਸ ਸਮਾਧੀ। ਪੁਰੀਆ=ਲੋਕਾਂ। ਸਹਸ=ਹਜ਼ਾਰਾਂ।

ਅਰਥ—੧. ਸੋਚਾਂ ਕੀਤਿਆਂ ਰੱਬ ਦੀ ਸੋਚ ਪ੍ਰਾਪਤ ਨਹੀਂ ਹੁੰਦੀ, ਜੇਕਰ ਲੱਖਾਂ ਵੇਰੀ ਵੀ ਸੋਚ ਕਰਦੇ ਰਹੀਏ। ੨. ਮੌਨ ਧਾਰਿਆਂ ਵੀ ਮਨ ਨੂੰ ਚੁਪ ਪ੍ਰਾਪਤ ਨਹੀਂ ਹੁੰਦੀ, ਜੇਕਰ ਅਖੰਡ ਸਮਾਧੀ ਲਾ ਕੇ ਵੀ ਬੈਠੇ ਰਹੀਏ। ੩. ਵਰਤ ਰਖਿਆਂ ਵੀ ਰੱਬ ਨੂੰ ਮਿਲਣ ਦੀ ਭੁੱਖ ਨਹੀਂ ਮਿਟਦੀ। ਜੇਕਰ ਸਾਰੇ ਲੋਕਾਂ ਦੇ ਪਦਾਰਥਾਂ ਦੇ ਭਾਰ ਬੰਨ੍ਹ ਲਈਏ ਤਦ ਪਦਾਰਥਾਂ ਦੇ ਭੁਖਿਆਂ ਦੀ ਭੁਖ ਨਹੀਂ ਮਿਟਦੀ। ੪. ਹਜ਼ਾਰਾਂ ਤੇ ਲੱਖਾਂ ਸਿਆਣਪਾਂ ਵੀ ਹੋਣ ਤਾਂ ਦਰਗਾਹ ਵਿਚ ਇਕ ਵੀ ਨਾਲ ਨਹੀਂ ਚਲੇਗੀ।

ਭਾਵ—੧. ਨਜਾਯ ਆਦਿਕ ਸ਼ਾਸਤ੍ਰਾਂ ਦਾ ਮਤ ਹੈ ਜੋ ਦੁਨੀਆਂ ਦੇ ਪਦਾਰਥਾਂ ਦੇ ਗਿਆਨ ਹੋਣ ਨਾਲ ਰੱਬ ਦਾ ਗ੍ਯਿਆਨ ਹੋ ਜਾਂਦਾ ਹੈ, ਪਰ ਗੁਰੂ ਜੀ ਨੇ ਕਿਹਾ ਹੈ ਕਿ ਇਹ ਭੀ ਕਪੋਲ ਕਲਪਨਾ ਹੈ।

੨. ਮੌਨ ਧਾਰਨ ਕੀਤਿਆਂ ਮਨ ਚੁਪ ਨਹੀਂ ਕਰਦਾ, ਹਮੇਸ਼ਾਂ ਹੀ ਟੱਪਦਾ ਰਹਿੰਦਾ ਹੈ ਅਤੇ 'ਬਿਨੁ ਮਨ ਮੂਏ ਕੈਸੇ ਹਰਿ ਪਾਇ'?

*(ੳ) ਬੋਲੈ ਨਾਹੀ ਹੋਇ ਬੈਠਾ ਮੋਨੀ॥*
*ਅੰਤਰਿ ਕਲਪ ਭਵਾਈਐ ਜੋਨੀ ॥* [ਪ੍ਰਭਾਤੀ ਮ: ੫

੩. ਵਰਤ ਰਖਿਆਂ ਵੀ ਰੱਬ ਨੂੰ ਮਿਲਣ ਦੀ ਖਾਹਸ਼ ਪੂਰੀ ਨਹੀਂ ਹੁੰਦੀ। ਇਸੇ ਲਈ ਕਿਹਾ ਹੈ—

(ੳ) ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥ [ਭੈਰਉ ਮ: ੫

(ਅ) ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥
ਹੁਕਮੁ ਨ ਬੂਝੈ ਵਿਆਪਿਆ ਮਮਤਾ॥ [ਪ੍ਰਭਾਤੀ ਮ: ੫

(ੲ) ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥
[ਗੌਂਡ ਕ:

੪. ਸਿਆਣਪਾਂ ਚਤੁਰਾਈਆਂ ਵੀ ਕੁਝ ਨਹੀਂ ਸੁਆਰਦੀਆਂ :—

(ੳ) ਲਾਖ ਹਿਕਮਤੀ ਜਾਨੀਐ॥ ਆਗੈ ਤਿਲੁ ਨਹੀ ਮਾਨੀਐ॥
[ਗਉੜੀ ਮ: ੫

(ਅ) ਸਿਆਨਪ ਕਾਹੂ ਕਾਮਿ ਨ ਆਤ॥ [ਗੂਜਰੀ ਮ: ੫

(ੲ) ਸਹਸ ਭਾਂਤਿ ਕਰਹਿ ਚਤੁਰਾਈ॥ ਸੰਗਿ ਤੁਹਾਰੈ ਏਕ ਨ ਜਾਈ॥
[ਬਾਂਵਨ ਅਖਰੀ

ਉਪਦੇਸ਼—ਚਤੁਰਾਈਆਂ, ਦਲੀਲਾਂ ਅਤੇ ਕਰਮ ਕਾਂਡ ਕਰਨ ਨਾਲ ਕੁਝ ਨਹੀਂ ਸੌਰ ਸਕਦਾ, ਕਰਤਾਰ ਸਾਡੀ ਪਹੁੰਚ ਤੋਂ ਪਰੇ ਹੈ।

ਪ੍ਰਸ਼ਨ—

## ੧. ਕਿਵ ਸਚਿਆਰਾ ਹੋਈਐ
## ੨. ਕਿਵ ਕੂੜੈ ਤੁਟੈ ਪਾਲਿ॥

ਪਦ ਅਰਥ—ਪਾਲਿ=ਕੰਧ।

ਅਰਥ—੧. ਸੱਚੇ ਕਿਵੇਂ ਹੋਈਏ ? ਉੱਤਰ—ਝੂਠ ਛੱਡੋ। ੨. ਕੂੜ ਦੀ ਕੰਧ ਕਿਵੇਂ ਟੁਟੇਗੀ ? ਉੱਤਰ—

## ਹੁਕਮਿ ਰਜਾਈ ਚਲਣਾ
## ਨਾਨਕ ਲਿਖਿਆ ਨਾਲਿ॥੧॥

ਪਦ ਅਰਥ—ਰਾਜਾਈ=ਰਜ਼ਾ ਵਾਲਾ, ਹੁਕਮ ਕਰਨ ਵਾਲਾ, ਵਾਹਿਗੁਰੂ ।

ਅਰਥ—ਵਾਹਿਗੁਰੂ ਦੇ ਹੁਕਮ ਵਿਚ ਤੁਰੋ, ਤਦ ਕੂੜ ਦੀ ਕੰਧ ਟੁੱਟ ਜਾਏਗੀ, ਸਤਿਗੁਰੂ ਜੀ ਆਖਦੇ ਹਨ ਜੋ ਜੀਵ ਦੇ ਨਾਲ ਲਿਖਿਆ ਆਇਆ ਹੈ, ਓਹੀ ਹੁਕਮ ਹੈ ॥੧॥

ਭਾਵ—ਆਪਣੇ ਕਰਮਾਂ ਤੇ ਸ਼ਾਕਰ ਹੋ ਕੇ ਭਾਣੇ ਨੂੰ ਮਿੱਠਾ ਮੰਨਣਾ ਹੀ ਹੁਕਮ ਉਪਰ ਤੁਰਨਾ ਹੈ, ਇਉਂ ਕੂੜ ਦਾ ਤਿਆਗ ਹੁੰਦਾ ਹੈ ।

ਉਪਦੇਸ਼—ਭਾਣੇ ਨੂੰ ਮਿੱਠਾ ਮੰਨੋਗੇ ਤਾਂ ਸੱਚੇ ਬਣੋਗੇ ।

ਪ੍ਰਸ਼ਨ—ਸਤਿਗੁਰੂ ਜੀ ! ਹੁਕਮ ਜ਼ਬਾਨ ਨਾਲ ਹੋ ਸਕਦਾ ਹੈ, ਜੀਭ ਦੇਹ ਵਾਲੇ ਦੀ ਹੀ ਹੁੰਦੀ ਹੈ । ਨਿਰੰਕਾਰ ਤਾਂ ਹੁਕਮ ਕਰ ਹੀ ਨਹੀਂ ਸਕਦਾ, ਤਦ ਸਾਨੂੰ ਇਹ ਕਿਵੇਂ ਮਲੂਮ ਹੋਵੇ ਜੋ ਇਹ ਹੁਕਮ ਕਰਤਾਰ ਦਾ ਹੈ ?

ਉੱਤਰ—

**੧. ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ੨. ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ ੩. ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ੪. ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ੫. ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**

ਅਰਥ—੧. ਹੁਕਮ ਵਿਚ ਹੀ ਸਾਰੇ ਸਰੀਰ ਬਣੇ ਹਨ । ਹੁਕਮ ਦਾ ਵਿਚਾਰ ਕਿਹਾ ਨਹੀਂ ਜਾਂਦਾ । ੨. ਹੁਕਮ ਵਿਚ ਜੀਵ ਬਣੇ ਹਨ, ਹੁਕਮ

ਵਿਚ ਹੀ ਉਨ੍ਹਾਂ ਨੂੰ ਵਡਿਆਈ ਮਿਲਦੀ ਹੈ । ੩. ਹੁਕਮ ਵਿਚ ਰਹਿਣ ਵਾਲੇ ਉੱਤਮ ਅਤੇ ਹੁਕਮ ਤੋਂ ਬੇਮੁਖ ਨੀਚ ਹਨ, ਹੁਕਮ ਲਿਖੇ ਅਨੁਸਾਰ ਹੀ ਦੁਖ ਤੇ ਸੁਖ ਮਿਲਦਾ ਹੈ । ੪. ਹੁਕਮ ਮੰਨਣ ਵਾਲੇ ਨੂੰ ਬਖਸ਼ੀਸ਼ ਹੁੰਦੀ ਹੈ ਅਤੇ ਜੋ ਇਕ ਦੇ ਹੁਕਮ ਤੋਂ ਬਾਹਰੇ ਹਨ ਉਹ ਸਦਾ ਹੀ ਜੂਨਾਂ ਵਿਚ ਭੁਆਏ ਜਾਂਦੇ ਹਨ । ੫. ਸਭ ਕੋਈ ਹੁਕਮ ਦੇ ਵਿਚ ਹੈ, ਹੁਕਮ ਤੋਂ ਬਾਹਰ ਕੋਈ ਵੀ ਨਹੀਂ ਹੈ ।

ਪ੍ਰਸ਼ਨ— ਜਿਨ੍ਹਾਂ ਹੁਕਮ ਮੰਨਿਆ ਹੈ ਉਨ੍ਹਾਂ ਦੀ ਪਛਾਣ ਕੀ ਹੈ ?

ਉੱਤਰ—

## ਨਾਨਕ ਹੁਕਮੈ ਜੇ ਬੁਝੈ
## ਤ ਹਉਮੈ ਕਹੈ ਨ ਕੋਇ ॥੨॥

ਪਦ ਅਰਥ—ਬੁਝੈ=ਜਾਣੇ । ਹਉਮੈ=ਮੈਂ ਮੇਰੀ, ਹੰਗਤਾ, ਮਮਤਾ ।

ਅਰਥ—ਸਤਿਗੁਰੂ ਜੀ ਆਖਦੇ ਹਨ ਜੋ ਕੋਈ ਹੁਕਮ ਨੂੰ ਜਾਣੇਗਾ ਉਹ ਤਾਂ ਮੈਂ ਮੇਰੀ ਨਹੀਂ ਕਰੇਗਾ ॥੨॥

ਭਾਵ—੧. ਦੁਨੀਆਂ ਦਾ ਬਨਣਾ ਵੀ ਹੁਕਮ ਵਿਚ ਹੈ ਸਭ ਜੀਵ ਜੰਤੂ ਹੁਕਮ ਵਿਚ ਹੋਏ ਹਨ, ਵਡਿਆਈ ਵੀ ਹੁਕਮ ਵਿਚ ਹੈ :—

*(ੳ) ਹੁਕਮੀ ਸਹਜੇ ਸ੍ਰਿਸਟਿ ਉਪਾਈ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥* [ਮਾਰੂ ਸੋਲਹੇ ਮਹਲਾ ੩

*(ਅ) ਹੁਕਮੇ ਆਇਆ ਹੁਕਮਿ ਸਮਾਇਆ ॥ ਹੁਕਮੇ ਦੀਸੈ ਜਗਤੁ ਉਪਾਇਆ ॥ ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ॥* [ਮਾਰੂ ਸੋਲਹੇ ਮਹਲਾ ੧

੨. ਦੁਖ ਸੁਖ ਤੇ ਬਖਸ਼ੇ ਜਾਣਾ ਵੀ ਹੁਕਮ ਵਿਚ ਹੈ, ਅਨੇਕ ਜੂਨਾਂ ਵਿਚ ਭੌਣਾ ਵੀ ਹੁਕਮ ਵਿਚ ਹੈ । ਪਰ ਇਥੋਂ ਇਹ ਨਤੀਜਾ ਨਹੀਂ ਨਿਕਲ ਸਕਦਾ ਕਿ ਕਰਤਾਰ ਆਪ-ਹੁਦਰਾ, ਬੇਸਮਝ ਮਾਲਕ ਤੇ ਜ਼ਾਲਮ ਹੈ ਜੋ

ਕਿਸੇ ਨੂੰ ਦੁਖ ਤੇ ਕਿਸੇ ਨੂੰ ਸੁਖ ਅਤੇ ਕਿਸੇ ਨੂੰ ਬਖਸ਼ਦਾ ਤੇ ਕਿਸੇ ਨੂੰ ਜੂਨਾਂ ਵਿਚ ਭੁਆਂਦਾ ਹੈ। ਕਰਤਾਰ ਦਾ ਹੁਕਮ ਤਾਂ ਸੱਚਾ ਨਿਆਉਂ ਹੈ ਜੋ ਸਾਡੇ ਕੀਤੇ ਹੋਏ ਕਰਮਾਂ ਦਾ ਫਲ ਦੇਂਦਾ ਹੈ :—

*ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥*

*[ਵਾਰ ਸਾਰੰਗ ਮਹਲਾ ੧*

੩. ਜੋ ਉਸ ਦੇ ਦਰ ਤੇ ਡਿਗ ਪਏ ਹਨ ਉਨ੍ਹਾਂ ਦੇ ਔਗੁਣਾਂ ਨੂੰ ਨਾ ਵੇਖ ਕੇ ਕਰਤਾਰ ਬਖਸ਼ ਲੈਂਦਾ ਹੈ :-

*(ੳ) ਜਾ ਕਉ ਅਪੁਨੀ ਕਰੈ ਬਖਸੀਸ॥*
*ਤਾ ਕਾ ਲੇਖਾ ਨ ਗਨੈ ਜਗਦੀਸ॥* *[ਸੁਖਮਨੀ*

*(ਅ) ਅਸੰਖ ਖਤੇ ਖਿਨ ਬਖਸਨਹਾਰਾ॥*
*ਨਾਨਕ ਸਾਹਿਬ ਸਦਾ ਦਇਆਰਾ॥* *[ਬਾਵਨ ਅਖਰੀ*

੪. ਜੋ ਹੁਕਮ ਨੂੰ ਮੰਨਦਾ ਹੈ, ਅਰਥਾਤ ਜੋ ਇਹ ਸਮਝਦਾ ਹੈ ਕਿ 'ਦੁਖ ਸੁਖ ਤੇਰੀ ਆਗਿਆ ਪਿਆਰੇ', ਉਹ ਹੰਕਾਰ ਨਹੀਂ ਕਰਦਾ, ਉਸ ਦਾ ਹੰਕਾਰ ਟੁਟ ਜਾਂਦਾ ਹੈ, ਉਸ ਦੇ ਅੰਦਰ ਨਾਮ ਦਾ ਵਸੇਬਾ ਹੁੰਦਾ ਹੈ :-

*(ੳ) ਮੈ ਨਾਹੀ ਕਛੁ ਹਉ ਨਹੀ*
*ਕਿਛੁ ਆਹਿ ਨ ਮੋਰਾ॥* *[ਬਿਲਾਵਲੁ, ਸਧਨਾ*

*(ਅ) ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਹੁਕਮੁ ਮੰਨਹਿ ਤ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥*

*[ਵਡਹੰਸੁ ਮਹਲਾ ੩*

ਉਪਦੇਸ਼—ਸਾਰੀ ਰਚਨਾ ਭਾਣੇ ਵਿਚ ਹੋਈ ਹੈ, ਦੁਖ ਸੁਖ ਭਾਣੇ ਵਿਚ ਮਿਲਦਾ ਹੈ, ਭਾਣਾ ਮਿੱਠਾ ਮੰਨਣਾ ਸਾਡਾ ਫਰਜ਼ ਹੈ, ਜਦ ਇਸ ਫਰਜ਼ ਨੂੰ ਪੂਰਾ ਨਿਭਾਵਾਂਗੇ ਤਾਂ ਕਰਤਾਰ ਦੇ ਦਰ ਤੇ ਢੋਈ ਪਾਵਾਂਗੇ।

ਪ੍ਰਸ਼ਨ—ਸਤਿਗੁਰੂ ਜੀ! ਅੱਜ ਤਕ ਜਿੰਨੇ ਵੀ ਹੋਏ ਹਨ ਸਾਰੇ ਹੀ ਕਰਤਾਰ ਦਾ ਵਰਣਨ ਕਰਦੇ ਹਨ। ਆਪ ਵੀ ਉਸ ਦੇ ਕਰਤਬਾਂ ਨੂੰ

ਖੋਲ੍ਹ ਕੇ ਦੱਸੋ ।

ਉੱਤਰ—

**੧. ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ੨. ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ੩. ਗਾਵੈ ਕੋ ਗੁਣ ਵਡਿਆਈਆ ਚਾਰ ॥ ੪. ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ ੫. ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ੬. ਗਾਵੈ ਕੋ ਜੀਅ ਲੈ ਫਿਰਿ ਦੇਹ ॥ ੭. ਗਾਵੈ ਕੋ ਜਾਪੈ ਦਿਸੈ ਦੂਰਿ ॥ ੮. ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ੯. ਕਥਨਾ ਕਥੀ ਨ ਆਵੈ ਤੋਟਿ ॥ ੧੦. ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ੧੦. ਦੇਦਾ ਦੇ ਲੈਦੇ ਥਕਿ ਪਾਹਿ ॥ ੧੨. ਜੁਗਾ ਜੁਗੰਤਰਿ ਖਾਹੀ ਖਾਹਿ ॥ ੧੩. ਹੁਕਮੀ ਹੁਕਮੁ ਚਲਾਏ ਰਾਹੁ ॥ ੧੪. ਨਾਨਕ ਵਿਗਸੈ ਵੇਪਰਵਾਹੁ ॥੩॥**

ਪਦ ਅਰਥ—ਕੋ=ਕੋਈ । ਗਾਵੈ=ਵਰਨਣ ਕਰਦਾ, ਕਹਿੰਦਾ, ਆਖਦਾ । ਤਾਣ=ਬਲ, ਜ਼ੋਰ, ਤਾਕਤ । ਨੀਸਾਣੁ=ਪ੍ਰਗਟ, ਜ਼ਾਹਰ, ਪ੍ਰਤੱਖ । ਅਚਾਰ=ਕਰਮ, ਕੰਮ । ਵਿਖਮ=ਕਠਿਨ, ਔਖੀ । ਹਾਦਰਾ ਹਦੂਰਿ=ਨੇੜੇ

ਤੋਂ ਨੇੜੇ । ਜਾਪੈ=ਜਾਨਣਾ । ਕਥ=ਕਥਦੇ ਹਨ, ਕਰਦੇ ਹਨ । ਕੋਟੀ= ਪ੍ਰਸੰਗਾਂ। ਕਥਿ=ਕਥਾ ਕਰਨ ਵਾਲੇ, ਕਥੱਕੜ । ਥਕਿ ਪਾਹਿ=ਰਹਿ ਜਾਂਦੇ, ਥੱਕ ਪੈਂਦੇ, ਮਰ ਜਾਂਦੇ । ਜੁਗੰਤਰਿ [ਜੁਗੰ+ਅੰਤਰਿ]=ਜੁਗ ਵਿਚ । ਖਾਹੀ= ਪਦਾਰਥ । ਵਿਗਸੈ=ਪ੍ਰਸੰਨ ਹੁੰਦਾ, ਖੁਸ਼ ਹੁੰਦਾ ।

ਅਰਥ—੧. ਕੋਈ ਕਰਤਾਰ ਦੇ ਜ਼ੋਰ ਦਾ ਵਰਨਣ ਕਰਦਾ ਹੈ ਪਰ ਉਹ ਕਥਨ ਕਰਦਾ ਹੈ ਜਿਸ ਕਿਸੇ ਨੂੰ ਉਸ ਦੇ ਜ਼ੋਰ ਦਾ ਪਤਾ ਹੈ । ੨. ਕੋਈ ਉਸ ਦੀਆਂ ਦਾਤਾਂ ਦਾ ਵਰਣਨ ਕਰਦਾ ਹੈ ਪਰ ਜਿਨ੍ਹਾਂ ਪ੍ਰਗਟ ਦਾਤਾਂ ਨੂੰ ਜਾਣਦਾ ਹੈ ਉਨ੍ਹਾਂ ਦਾ ਕਥਨ ਕਰਦਾ ਹੈ । ੩. ਕੋਈ ਉਸ ਦੇ ਗੁਣਾਂ ਤੇ ਕਰਮਾਂ ਦੀਆਂ ਵਡਿਆਈਆਂ ਦਾ ਹੀ ਕਥਨ ਕਰਦਾ ਹੈ । ੪. ਕੋਈ ਆਖਦਾ ਹੈ ਕਿ ਉਸ ਦੇ ਵਿਚਾਰ ਦੀ ਵਿਦਿਆ (ਫਲਾਸਫੀ) ਔਖੀ ਹੈ। ੫. ਕੋਈ ਕਹਿੰਦਾ ਹੈ ਕਿ ਕਰਤਾਰ ਸਰੀਰ ਨੂੰ ਬਨਾਉਂਦਾ ਹੈ ਅਤੇ ਫਿਰ ਨਾਸ ਕਰਦਾ ਹੈ । ੬. ਕੋਈ ਆਖਦਾ ਹੈ ਕਿ ਉਸ ਦੀ ਸੱਤਾ ਨਾਲ ਹੀ ਜੀਵ ਦੇਹ ਨੂੰ ਲੈ ਕੇ ਫਿਰ ਰਿਹਾ ਹੈ । ੭. ਕਈ ਇਹੋ ਗਾ ਰਿਹਾ ਹੈ ਜੋ ਉਸ ਦਾ ਜਾਨਣਾ ਤੇ ਵੇਖਣਾ ਔਖਾ ਹੈ । ੮. ਕੋਈ ਕਹਿੰਦਾ ਹੈ ਕਿ ਉਸ ਦਾ ਵੇਖਣਾ ਨੇੜੇ ਤੋਂ ਨੇੜੇ ਹੈ । ੯. ਅਨੇਕਾਂ ਹੀ ਇਸ ਤਰ੍ਹਾਂ ਦੀਆਂ ਕਥਾ ਕਰਦੇ ਹਨ (ਕਥੱਕੜਾਂ ਦਾ) ਅੰਤ ਨਹੀਂ ਆਉਂਦਾ । ੧੦. ਕਿਉਂਕਿ ਇਸ ਤਰ੍ਹਾਂ ਦੇ ਪ੍ਰਸੰਗਾਂ ਨੂੰ ਕਰਨ ਵਾਲੇ ਕੋਟਾਨ ਕੋਟ ਕਥੱਕੜ ਹਨ ਜਿਨ੍ਹਾਂ ਨੇ ਕਥਾ ਕੀਤੀਆਂ ਹਨ । ੧੧. ਉਹ ਦਾਤਾ ਦੇਂਦਾ ਰਹਿੰਦਾ ਹੈ, ਪਰ ਲੈਣ ਵਾਲੇ ਰਹਿ ਜਾਂਦੇ ਹਨ । ੧੨. ਜੁਗਾਂ ਜੁਗਾਂ ਵਿਚ ਸਾਰੇ ਉਸ ਦੇ ਦਿਤੇ ਪਦਾਰਥਾਂ ਨੂੰ ਖਾਂਦੇ ਰਹੇ ਹਨ । ੧੩. ਉਸ ਹੁਕਮ ਵਾਲੇ ਨੇ ਆਪਣੇ ਮਿਲਣ ਦਾ ਰਸਤਾ 'ਹੁਕਮੁ' ਬਨਾਇਆ ਹੈ । ੧੪. ਸਤਿਗੁਰੂ ਜੀ ਆਖਦੇ ਹਨ 'ਹੁਕਮੁ' ਦੇ ਰਾਹ ਪੁਰ ਤੁਰਨ ਵਾਲੇ ਉਤੇ ਬੇਪ੍ਰਵਾਹ ਵਾਹਿਗੁਰੂ ਖੁਸ਼ ਹੁੰਦਾ ਹੈ ॥੩॥

ਭਾਵ—ਦੁਨੀਆਂ ਦੇ ਵਿਦਵਾਨਾਂ ਨੇ ਕਰਤਾਰ ਦੇ ਗੁਣ ਗਾਉਣ ਦਾ

ਯਤਨ ਤਾਂ ਕੀਤਾ ਹੈ ਪਰ ਉਹ ਸਾਰੇ ਉਸ ਦੇ ਇਕ-ਇਕ ਗੁਣ ਨੂੰ ਗਾ ਰਹੇ ਹਨ, ਇਹ ਹੀ ਕਾਰਨ ਹੈ ਜੋ ਉਨ੍ਹਾਂ ਨੇ ਆਪਣੇ-ਆਪਣੇ ਪੱਖ ਵਿਚ ਫਸ ਕੇ ਇਕ ਦੂਜੇ ਨੂੰ ਕੋਸਿਆ ਅਤੇ ਆਪਣੇ ਪੱਖ ਨੂੰ ਸਾਬਤ ਕਰਨ ਦਾ ਯਤਨ ਕੀਤਾ ਹੈ। ਸਿੱਟਾ ਇਹ ਨਿਕਲਿਆ ਕਿ ਸਾਰੇ ਆਪੋ ਧਾਪੀ ਵਿਚ ਪੈ ਕੇ ਕਰਤਾਰ ਤੋਂ ਕੋਹਾਂ ਦੂਰ ਜਾ ਪਏ, ਰੱਬ ਨੂੰ ਨਾ ਪਾ ਸਕੇ, ਕਰਤਾਰ ਨੂੰ ਪਾਉਣ ਦਾ ਰਸਤਾ ਕਰਤਾਰ ਨੇ ਹੁਕਮ ਬਨਾਇਆ—

*(ੳ) ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥*
*ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ [ਰਾਮਕਲੀ ਮ: ੫*

*(ਅ) ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥ ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥ [ਗਉੜੀ ਮ: ੫)*

*(ੲ) ਇਹੀ ਅਚਾਰ ਇਹੀ ਬਿਉਹਾਰਾ*
*ਆਗਿਆ ਮਾਨਿ ਭਗਤਿ ਹੋਇ ਤੁਮ੍ਾਰੀ ॥ [ਆਸਾ ਮ: ੫*

*(ਸ) ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥*
*ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥ [ਮਾਰੂ ਸੋਲਹੇ ੩*

ਉਪਦੇਸ਼—ਵਾਹਿਗੁਰੂ ਦੇ 'ਗੁਣ ਬੇਅੰਤ ਹਉ ਏਕ ਨ ਜਾਣਾ' ਮੰਨ ਕੇ ਭਾਣੇ ਵਿਚ ਤੁਰੋ।

ਪ੍ਰਸ਼ਨ—ਹੇ ਸਤਿਗੁਰੂ ਜੀ! ਜਿਸ ਕਰਤਾਰ ਦੇ ਗੁਣਾਂ ਦਾ ਵਰਣਨ ਆਪ ਨੇ ਕੀਤਾ ਹੈ ਉਸ ਨੂੰ ਕਿਸ ਨਾਮ ਨਾਲ ਸਿਮਰੀਏ ?

ਉੱਤਰ—

**੧. ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ੨. ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥**

ਪਦ ਅਰਥ—ਨਾਇ=ਨਾਮ। ਭਾਖਿਆ=ਬੋਲੀਆਂ। ਭਾਉ=ਪ੍ਰਭਾਉ, ਲਿਹਾਜ਼।

ਅਰਥ—੧. ਮਾਲਕ ਸੱਚਾ ਹੈ ਉਸ ਦਾ ਨਾਮ ਸੱਚ ਹੈ, ਪਰ ਬੋਲੀਆਂ ਦੇ ਪ੍ਰਭਾਉ ਕਰਕੇ ਉਸ ਦੇ ਅਪਾਰ ਹੀ ਨਾਮ ਲੋਕ ਆਖਦੇ ਹਨ। ੨. ਅਤੇ ਦੇਹ ਦੇਹ ਕਰਕੇ ਉਸ ਤੋਂ ਮੰਗਦੇ ਹਨ, ਉਹ ਦਾਤਾ ਜੀਵਾਂ ਦੇ ਮੰਗੇ ਪਦਾਰਥਾਂ ਦਾ ਦਾਨ ਕਰਦਾ ਹੈ।

ਪ੍ਰਸ਼ਨ—

## ੧. ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ੨. ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥

ਅਰਥ—੧. ਉਸ ਦੇ ਦਿਤੇ ਪਦਾਰਥਾਂ ਵਿਚੋਂ ਮੋੜ ਕੇ ਉਸ ਦੇ ਅੱਗੇ ਕੀ (ਭੇਟਾ) ਰਖੀਏ ? ਜਿਸ ਕਰਕੇ ਉਸ ਦਾ ਦਰਬਾਰ ਦਿਸ ਪਵੇ। ੨. ਮੂੰਹੋਂ ਕਿਹੜਾ ਬਚਨ ਬੋਲੀਏ ? ਜਿਸ ਨੂੰ ਸੁਣ ਕੇ ਉਹ ਸਾਡੇ ਨਾਲ ਪਿਆਰ ਕਰੇ।

ਉੱਤਰ—

## ਅੰਮ੍ਰਿਤ ਵੇਲਾ ਸਚੁ ਨਾਉ
## ਵਡਿਆਈ ਵੀਚਾਰੁ ॥

ਅਰਥ—ਅੰਮ੍ਰਿਤ ਵੇਲੇ ਦਾ ਉਠਣਾ ਉਸ ਅੱਗੇ ਭੇਟਾ ਰੱਖੋ ਅਤੇ ਸਤਿਨਾਮੁ ਦਾ ਜਾਪ ਤੇ ਵਡਿਆਈ ਦਾ ਵੀਚਾਰ ਕਰਨਾ ਹੀ ਮੂੰਹੋਂ ਬਚਨ ਬੋਲੋ ਤਦ ਕਰਤਾਰ ਪਿਆਰ ਕਰੇਗਾ।

ਪ੍ਰਸ਼ਨ—ਕਈਆਂ ਨੇ ਮੁਕਤੀ ਦਾ ਸਾਧਨ ਕਰਮ ਦੱਸੇ ਹਨ, ਆਪ ਕਰਮਾਂ ਤੋਂ ਹਟਾ ਕੇ ਨਾਮ ਵਿਚ ਕਿਉਂ ਲਾਉਂਦੇ ਹੋ ? ਅਤੇ ਕਰਮਾਂ ਬਿਨਾਂ

ਅੰਤਹ ਕਰਣ ਸ਼ੁਧ ਨਹੀਂ ਹੋਣਾ, ਤਾਂ ਮਲ ਵਿਖੇਪ ਵਾਲਾ ਮਨ ਨਾਮ ਵਿਚ ਕਿਵੇਂ ਲਗੇਗਾ ?

ਉੱਤਰ—

## ਕਰਮੀ ਆਵੈ ਕਪੜਾ
## ਨਦਰੀ ਮੋਖੁ ਦੁਆਰੁ ॥

ਪਦ ਅਰਥ—ਕਪੜਾ=ਜਨਮ, ਮਨੁੱਖਾ ਦੇਹ। ਮੋਖੁ ਦੁਆਰੁ=ਆਜ਼ਾਦੀ ਦਾ ਰਾਹ, ਗਿਆਨ।

ਅਰਥ—ਕਰਮਾਂ ਨਾਲ ਜਨਮ ਮਿਲਦਾ ਹੈ, ਕਰਤਾਰ ਦੀ ਮਿਹਰ ਨਾਲ ਗਿਆਨ ਹੁੰਦਾ ਹੈ।

ਪ੍ਰਸ਼ਨ—ਗਿਆਨ ਦਾ ਸਰੂਪ ਕੀ ਹੈ ?

ਉੱਤਰ—

## ਨਾਨਕ ਏਵੈ ਜਾਣੀਐ
## ਸਭੁ ਆਪੇ ਸਚਿਆਰੁ ॥੪॥

ਅਰਥ—ਸਤਿਗੁਰੂ ਜੀ ਆਖਦੇ ਹਨ, ਹੇ ਸਿੱਖ! ਤਦ ਇਉਂ ਜਾਣੀਦਾ ਹੈ ਜੋ ਸਭਨਾਂ ਵਿਚ ਸੱਚਾ ਆਪ ਹੀ ਵਰਤ ਰਿਹਾ ਹੈ ॥੪॥

ਭਾਵ—ਦੇਸਾਂ ਮੁਲਕਾਂ ਦੀਆਂ ਬੋਲੀਆਂ ਦੇ ਲਿਹਾਜ਼ ਨਾਲ ਰਾਮ, ਕ੍ਰਿਸ਼ਨ, ਗੌਡ, ਅੱਲਾ ਆਦਿਕ ਨਾਮ ਹਨ ਅਤੇ ਗੁਣਾਂ ਕਰਮਾਂ ਦੇ ਲਿਹਾਜ਼ ਨਾਲ ਰਹੀਮ, ਕਰੀਮ, ਕ੍ਰਿਪਾਲੂ, ਦਿਆਲੂ ਆਦਿਕ ਉਸ ਦੇ ਅਨੇਕਾਂ ਹੀ ਨਾਮ ਹਨ। ਇਸੇ ਗੱਲ ਨੂੰ ਸ੍ਰੀ ਦਸਮੇਸ਼ ਜੀ ਨੇ ਸਫੁਟ ਕੀਤਾ ਹੈ—

*'ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।'* [ਅਕਾਲ ਉਸਤਤ

ਭਾਵੇਂ ਨਾਮ ਅਪਾਰ ਹਨ, ਪਰ 'ਸਤਿਨਾਮੁ ਪ੍ਰਭ ਕਾ ਸੁਖਦਾਈ' ਹੈ।

ਜੋ ਨਾਮ ਜਪਦੇ ਹਨ ਉਹ ਉਸੇ ਕੋਲ ਆਪਣੀ ਅਰਜ਼ ਕਰਦੇ ਹਨ।

*'ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ॥'* [ਓਅੰਕਾਰ

ਜਦ ਅਸੀਂ ਉਸੇ ਦੀ ਦਾਤ ਖਾਂਦੇ ਹਾਂ ਤਾਂ ਉਸ ਨੂੰ ਖੁਸ਼ ਕਰਨ ਵਾਸਤੇ ਉਸ ਅੱਗੇ ਭੇਟਾ ਕੀ ਰੱਖੀਏ ?

*'ਤੇਰੋ ਕੀਆ ਤੁਝਹਿ ਕਿਆ ਅਰਪਉ'* [ਧਨਾਸਰੀ ਰਵਿਦਾਸ ਜੀ

ਪਦਾਰਥ ਤੁਛ ਹਨ, ਜੋ ਭੇਟਾ ਕੀਤੇ ਜਾ ਸਕਦੇ ਹਨ। ਭੇਟਾ ਜੋਗ ਉਹ ਪਦਾਰਥ ਹੋ ਸਕਦਾ ਹੈ ਜੋ ਉਸ ਦੇ ਕੋਲ ਨਾ ਹੋਵੇ। ਉਹ ਸਭ ਦਾ ਦਾਤਾ ਹੈ, ਸਾਰੇ ਪਦਾਰਥ ਉਸ ਦੇ ਕੋਲ ਹਨ ਅਤੇ ਸਾਨੂੰ ਵੀ ਉਸੇ ਦੇ ਦਿਤੇ ਮਿਲਦੇ ਹਨ, ਇਸ ਲਈ ਅੰਮ੍ਰਿਤ ਵੇਲੇ ਉਠ ਕੇ ਨਾਮ ਦਾ ਸਿਮਰਨ ਕਰਨਾ ਹੀ ਉਸ ਨੂੰ ਭੇਟ ਦੇਣੀ ਕਹੀ ਹੈ। ਜਿਵੇਂ ਫੁਲ ਦੇ ਮਗਰੋਂ ਫਲ ਲਗਦਾ ਹੈ, ਇਵੇਂ ਹੀ :—

*'ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥*
*ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ॥'* [ਸਲੋਕ ਫਰੀਦ ਜੀ

ਕਈਆਂ ਦੇ ਮਤ ਵਿਚ 'ਕਰਮ' ਕਰਨੇ ਅੰਤਹ ਕਰਨ ਦੀ ਸੁਧੀ ਅਤੇ ਫਿਰ ਗਿਆਨ ਦੀ ਪ੍ਰਾਪਤੀ ਮੰਨੀ ਹੈ, ਪਰ ਸਤਿਗੁਰੂ ਜੀ ਫੁਰਮਾਉਂਦੇ ਹਨ :—

*'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ।'* [ਸੂਹੀ ਮਹਲਾ ੫

ਕਰਮਾਂ ਦਾ ਫਲ ਜਨਮ ਹੈ, ਮੁਕਤੀ ਨਹੀਂ। ਮੁਕਤੀ ਗੁਰਾਂ ਦੀ ਮਿਹਰ ਨਾਲ ਮਿਲਦੀ ਹੈ। ਮੁਕਤੀ ਦਾ ਰਸਤਾ ਗਿਆਨ ਹੈ। ਸਭਨਾਂ ਵਿਚ ਇਕ ਨੂੰ ਵੇਖਣਾ ਹੀ ਗਿਆਨ ਹੈ।

ਉਪਦੇਸ਼—ਅੰਮ੍ਰਿਤ ਵੇਲੇ ਜ਼ਰੂਰ ਉਠੋ ਅਤੇ ਬਾਣੀ ਪੜ੍ਹ ਕੇ ਭਾਣਾ ਮਿੱਠਾ ਮੰਨ ਕੇ ਕਰਤਾਰ ਨੂੰ ਖੁਸ਼ ਕਰਨ ਦਾ ਹੀਲਾ ਕਰੋ।

ਪ੍ਰਸ਼ਨ—ਸਤਿਗੁਰੂ ਜੀ ! ਨਿਰੰਕਾਰ ਦੇ ਕੇਹੜੇ ਸਰੂਪ ਨੂੰ ਮਨ ਵਿਚ ਟਿਕਾ ਕੇ ਸਿਮਰਨ ਕਰਨਾ ਚਾਹੀਏ ?

ਉੱਤਰ

## ੧. ਥਾਪਿਆ ਨ ਜਾਇ ਕੀਤਾ ਨ ਹੋਇ ॥
## ੨. ਆਪੇ ਆਪਿ ਨਿਰੰਜਨੁ ਸੋਇ ॥

ਪਦ ਅਰਥ—ਨਿਰੰਜਨ=ਨਿਰ+ਅੰਜਨ, ਕਲੰਕ ਰਹਿਤ, ਸ਼ੁਧ ਸਰੂਪ।

ਅਰਥ—੧. ਉਸ ਦਾ ਕੋਈ ਰੂਪ ਕਾਇਮ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਕਿਸੇ ਦਾ ਕੀਤਾ ਹੋਇਆ ਨਹੀਂ ਹੈ ।

੨. ਉਹ ਪਵਿਤ੍ਰ ਪੁਰਸ਼ ਆਪਣੇ ਆਪ ਪ੍ਰਗਟ ਹੈ ।

ਪ੍ਰਸ਼ਨ—ਜੋ ਆਪਣੇ ਆਪ ਪ੍ਰਗਟ ਹੈ, ਨਿਰਾਕਾਰ ਹੈ, ਜਿਸ ਦਾ ਕੋਈ ਰੂਪ ਹੀ ਨਹੀਂ, ਉਸ ਦਾ ਸਿਮਰਨ ਕਰਨਾ ਕੀ ਅਰਥ ਰਖਦਾ ਹੈ ਅਤੇ ਸਿਮਰਨ ਹੋ ਹੀ ਕਿਵੇਂ ਸਕਦਾ ਹੈ ?

ਉੱਤਰ—

## ੩. ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
## ੪. ਨਾਨਕ ਗਾਵੀਐ ਗੁਣੀ ਨਿਧਾਨੁ ॥

ਪਦ ਅਰਥ—ਗੁਣੀ=ਗੁਣਾਂ ਵਾਲੇ । ਨਿਧਾਨੁ=ਖਜ਼ਾਨਾ।

ਅਰਥ—੩. ਜਿਸ ਨੇ ਜਪਿਆ ਹੈ ਉਸ ਨੇ ਮਾਨ ਪਾਇਆ ਹੈ । ੪. ਸਤਿਗੁਰੂ ਜੀ ਆਖਦੇ ਹਨ ਗੁਣਾਂ ਦੇ ਖਜ਼ਾਨੇ ਨੂੰ ਜ਼ਰੂਰ ਗਾਉਣਾ ਚਾਹੀਦਾ ਹੈ ।

ਪ੍ਰਸ਼ਨ—ਰਾਸਧਾਰੀਏ ਆਦਿਕ ਸਾਰੇ ਗੁਣ ਗਾਉਂਦੇ ਹਨ, ਤਮਾਸ਼ਬੀਨ ਸੁਣਦੇ ਹਨ, ਪਰ ਮਾਨ ਤਾਂ ਕਿਸੇ ਨੂੰ ਵੀ ਨਹੀਂ ਮਿਲਦਾ,

ਇਸ ਵਿਚ ਕੀ ਕਾਰਨ ਹੈ ?

ਉੱਤਰ

**੫. ਗਾਵੀਐ ਸੁਣੀਐ ਮਨਿ ਰਖੀਐ ਭਾਉ ॥**

**੬. ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥**

ਪਦ ਅਰਥ—ਭਾਉ=ਪ੍ਰੇਮ । ਪਰਹਰਿ=ਤਿਆਗ, ਦੂਰ । ਘਰਿ=ਸਰੂਪ। ਲੈ=ਅਭੇਦ ।

ਅਰਥ—੫. ਹੇ ਸਿੱਖ ! ਭਾਵੇਂ ਗੁਣਾਂ ਨੂੰ ਗਾਈਏ ਤੇ ਭਾਵੇਂ ਸੁਣੀਏ ਪਰ ਮਨ ਵਿਚ ਪ੍ਰੇਮ ਰਖੀਏ । ੬. ਤਦ ਦੁੱਖ ਦੂਰ ਹੋ ਜਾਣ ਤੇ ਸੁਖ ਸਰੂਪ ਵਿਚ ਅਭੇਦ ਹੋ ਜਾਈਦਾ ਹੈ ।

ਪ੍ਰਸ਼ਨ—ਸੁਖ ਸਰੂਪ ਵਿਚ ਅਭੇਦ ਹੋਣ ਵਾਸਤੇ ਲੋਕੀ ਤਾਂ ਨਾਦ ਦਾ ਸੁਣਨਾ, ਵੇਦ ਦਾ ਪੜ੍ਹਨਾ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਦੇਵਤਿਆਂ ਦਾ ਉਪਾਸ਼ਕ ਹੋਣਾ ਜ਼ਰੂਰੀ ਕਹਿੰਦੇ ਹਨ, ਪਰ ਆਪ ਨੇ ਗੁਣਾਂ ਦੇ ਗਾਉਣ ਸੁਣਨ ਨੂੰ ਹੀ ਮੁਕਤੀ ਦਾ ਸਾਧਨ ਦਸਿਆ ਹੈ ?

ਉੱਤਰ—

**੭. ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ੮. ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥**

ਪਦ ਅਰਥ—ਗੁਰਮੁਖਿ=ਗੁਰ ਬਚਨ, ਗੁਰਬਾਣੀ, ਗੁਰ ਉਪਦੇਸ਼। ਨਾਦੰ=ਜੋਗੀਆਂ ਦੇ ਮੱਤ ਅਨੁਸਾਰ ਦਸਮ ਦੁਆਰ ਵਿਚੋਂ ਅਨਾਹਦ ਵਾਜੇ ਸੁਨਣੇ। ੨—ਹਿੰਦੂਆਂ ਦਾ ਇਹ ਸਿਧਾਂਤ ਜੋ ਸ਼ੁਰੂ ਵਿਚ ਓਅੰ ਹੋਇਆ, ਇਹ ਭੀ ਨਾਦ ਹੈ । ੩—ਮੁਸਲਮਾਨਾਂ ਦਾ ਕੁਨ ਭੀ ਨਾਦ ਹੈ । ਵੇਦੰ=ਗਿਆਨ, ਗਿਆਨ ਦਾ ਰਾਹ ਦੱਸਣ ਵਾਲੀਆਂ ਕਿਤਾਬਾਂ ।

ਈਸਰੁ=ਸ਼ਿਵ ਜੀ। ਗੋਰਖੁ=ਵਿਸ਼ਨੂੰ। ਮਾਈ=[ਮਾ-ਮਾਯਾ, ਈ=ਸਾਵਿਤ੍ਰੀ] ਲਛਮੀ ਤੇ ਸਾਵਿਤ੍ਰੀ।

ਅਰਥ—੭. ਗੁਰਬਾਣੀ ਹੀ ਨਾਦ ਹੈ, ਗੁਰਬਾਣੀ ਹੀ ਵੇਦ ਹੈ, ਕਿਉਂਕਿ ਗੁਰਬਾਣੀ ਤੋਂ ਜਾਣਿਆ ਜਾਂਦਾ ਹੈ ਜੋ ਕਰਤਾਰ ਸਭ ਵਿਚ ਸਮਾ ਰਿਹਾ ਹੈ। ੮. ਗੁਰੂ ਹੀ ਸ਼ਿਵ ਜੀ ਹੈ, ਗੁਰੂ ਹੀ ਵਿਸ਼ਨੂੰ ਤੇ ਬ੍ਰਹਮਾ ਹੈ ਅਤੇ ਗੁਰੂ ਹੀ ਪਾਰਬਤੀ, ਲਛਮੀ ਤੇ ਸਰਸਵਤੀ ਹੈ।

ਪ੍ਰਸ਼ਨ—ਸਤਿਗੁਰੂ ਜੀ! ਉਸ ਗੁਰੂ ਜੀ ਦੇ ਕੁਝ ਗੁਣ ਤਾਂ ਸੁਣਾਓ।

ਉੱਤਰ—

**੯. ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ੧੦. ਗੁਰਾ ਇਕ ਦੇਹਿ ਬੁਝਾਈ ॥ ੧੧. ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥**

ਅਰਥ—੯. ਜੇ ਮੈਂ ਉਸ ਦੇ ਗੁਣਾਂ ਨੂੰ ਜਾਣਦਾ ਵੀ ਹਾਂ ਤਾਂ ਆਖ ਨਹੀਂ ਸਕਦਾ, ਕਿਉਂਕਿ ਕਹਿਣ ਲਗਿਆਂ ਉਹ ਕਥਨ ਕੀਤੇ ਹੀ ਨਹੀਂ ਜਾਂਦੇ। ੧੦. ਗੁਰਾਂ ਨੇ ਮੈਨੂੰ ਇਕੋ ਸਮਝ ਦਿਤੀ ਹੈ। ੧੧. ਕਿ ਜੋ ਸਾਰੇ ਜੀਵਾਂ ਦਾ ਦਾਤਾ ਹੈ, ਉਹ ਇਕ ਮੈਨੂੰ ਨਾ ਭੁਲ ਜਾਵੇ ॥੫॥

ਸਿਧਾਂਤ—ਇਸ ਸਾਰੀ ਪਉੜੀ ਵਿਚ ਇਹ ਪ੍ਰਗਟ ਕੀਤਾ ਹੈ ਕਿ ਵਾਹਿਗੁਰੂ ਦਾ ਕਰਤਾ ਕੋਈ ਨਹੀਂ। ਰਾਮ ਕ੍ਰਿਸ਼ਨ ਵਾਂਗੂੰ ਉਸ ਦੀ ਮੂਰਤ ਕੋਈ ਬਣਾ ਨਹੀਂ ਸਕਦਾ ਤੇ ਨਾ ਹੀ ਬਣਾਈ ਜਾਂਦੀ ਹੈ। ਜੋ ਉਸ ਦੀ ਅਰਾਧਨਾ ਕਰੇਗਾ ਦਰਗਾਹ ਵਿਚ ਉਹ ਹੀ ਇਜ਼ਤ ਪਾਏਗਾ। ਇਸ ਲਈ ਉਸ ਦਾ ਸਿਮਰਨ ਕਰਨਾ ਹੀ ਸਾਡਾ ਪਰਮ ਧਰਮ ਹੈ। ਪਰ ਸਿਮਰਨ ਦਾ ਗੁਰ 'ਪ੍ਰੇਮ' ਹੈ।

*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥* [ਸ੍ਵਯੇ ਪਾ: ੧੦

ਦੇਵੀਆਂ ਦੇਵਤੇ ਅਤੇ ਨਾਦ ਬੇਦ ਦੁਨੀਆਂ ਦੇ ਜੰਜਾਲ ਹਨ। ਗੁਰ ਸਿਖਾਂ ਨੂੰ ਇਨ੍ਹਾਂ ਦਾ ਆਸਰਾ ਛਡਕੇ ਗੁਰੂ ਅਤੇ ਗੁਰਬਾਣੀ ਦੀ ਓਟ ਫੜਨੀ ਚਾਹੀਦੀ ਹੈ। ਕਿਉਂਕਿ—

*ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥*
*[ਰਾਮਕਲੀ ਮਹਲਾ ੧*

ਇਹ ਗੱਲ 'ਗੁਰ ਪ੍ਰਸਾਦਿ' ਪਦ ਦੀ ਵਿਆਖਿਆ ਵਿਚ ਦੱਸੀ ਜਾ ਚੁਕੀ ਹੈ ਕਿ ਕਰਤਾਰ ਤੇ ਗੁਰੂ ਇਕੋ ਹੈ। ਇਸ ਲਈ ਸਭਨੀਂ ਥਾਈਂ ਨਿਰੰਕਾਰ ਦਾ ਸਿਮਰਨ ਕਰਨਾ ਸਿਖ ਦਾ ਧਰਮ ਹੈ।

ਬਾਕੀ ਰਿਹਾ ਕਰਤਾਰ ਦੇ ਰੂਪ ਗੁਣ ਦਾ ਵਰਣਨ ਕਰਨਾ। ਉਸ ਲਈ ਫੁਰਮਾਇਆ ਹੈ ਕਿ ਬੇਸ਼ਕ ਮੈਂ ਜਾਣਦਾ ਹਾਂ, ਪਰ ਕਹਿ ਨਹੀਂ ਸਕਦਾ। ਕਿਉਂਕਿ 'ਕਹਿਬੇ ਕਉ ਸੋਭਾ ਨਹੀ'। ਕਰਤਾਰ ਦੀ ਉਪਮਾ ਕਰਨ ਨੂੰ ਤਾਂ ਜੀ ਕਰਦਾ ਹੈ ਪਰ 'ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ ॥' [ਬਿਲਾਵਲੁ ਮਹਲਾ ੫

ਇਸ ਦਾ ਕਾਰਨ ਏਹੋ ਹੈ ਕਿ ਜਗਤ ਵਿਚ ਅਜੇਹਾ ਕੋਈ ਨਹੀਂ ਜਿਸ ਵਰਗਾ ਉਸ ਨੂੰ ਕਿਹਾ ਜਾਏ। ਇਸ ਲਈ ਸਿਖ ਦਾ ਨਿਸਚਾ ਹੋਣਾ ਚਾਹੀਦਾ ਹੈ ਕਿ ਮੈਂ 'ਤਜ ਆਨ ਸਰਨ ਗਹੀ'।

ਉਪਦੇਸ਼—ਦੇਵੀ ਦੇਵਤਿਆਂ ਵਾਂਗੂੰ ਰੱਬ ਦਾ ਬੁਤ ਨਹੀਂ ਬਣ ਸਕਦਾ। ਬੁਤਾਂ ਨੂੰ ਰੱਬ ਨ ਸਮਝੋ। ਪ੍ਰੇਮ ਨਾਲ ਗੁਰਬਾਣੀ ਪੜ੍ਹੋ ਤੇ ਸੁਣੋ ਅਤੇ ਗੁਰੂ ਨੂੰ ਸਾਰੇ ਥੋਕੀਂ ਸਮਝੋ।

ਪ੍ਰਸ਼ਨ—ਸਤਿਗੁਰੂ ਜੀ ! ਲੋਕਾਂ ਨੇ ਤੀਰਥਾਂ ਦਾ ਇਸ਼ਨਾਨ ਵੀ ਮੁਕਤੀ ਦਾ ਸਾਧਨ ਮੰਨਿਆ ਹੈ ? ਕੀ ਤੀਰਥ ਇਸ਼ਨਾਨ ਵੀ ਨ ਕਰੀਏ ?

ਉੱਤਰ—

## ੧. ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ

**ਭਾਣੇ ਕਿ ਨਾਇ ਕਰੀ ॥ ੨. ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ ੩. ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ ੪. ਗੁਰਾ ਇਕ ਦੇਹਿ ਬੁਝਾਈ ॥ ੫. ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥**

ਅਰਥ—੧. ਤੀਰਥਾਂ ਵਿਚ ਤਦ ਨ੍ਹਾਵਾਂ ਜੇ ਉਸ ਨੂੰ ਭਾਵਾਂ, ਭਾਣੇ ਤੋਂ ਉਲਟ ਨਹਾ ਕੇ ਕੀ ਕਰਾਂ ? ੨. ਜਿੰਨੀ ਦੁਨੀਆਂ ਪੈਦਾ ਹੋਈ ਵੇਖਦਾ ਹਾਂ ਕਰਮਾਂ ਤੋਂ ਬਿਨਾਂ ਉਸ ਨੂੰ ਕੀ ਮਿਲੇਗਾ ਅਤੇ ਕਿਸ ਨੇ ਲਿਆ ਹੈ ? ੩. ਮੱਤ ਵਿਚ ਹੀ ਰਤਨ ਜਵਾਹਰ ਤੇ ਮਾਣਕ ਹਨ ਪਰ ਜੇ ਗੁਰਾਂ ਦੀ ਸਿਖਿਆ ਸੁਣੇ ਤਾਂ ਮਿਲ ਸਕਣਗੇ। ੪. ਗੁਰਾਂ ਨੇ ਮੈਨੂੰ ਇਕੋ ਗੱਲ ਸਮਝਾ ਦਿਤੀ ਹੈ ਕਿ ੫. ਸਾਰੇ ਜੀਵਾਂ ਦਾ ਦਾਤਾ ਇਕੋ ਹੈ ਉਹ ਮੈਨੂੰ ਭੁਲ ਨ ਜਾਏ ॥੬॥

ਸਿਧਾਂਤ—ਮਨ ਸੁਧ ਹੋਏ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ, ਤੀਰਥ ਮਨ ਨੂੰ ਸੁਧ ਨਹੀਂ ਕਰ ਸਕਦੇ।

*(ੳ) ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥ ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥* [ਪ੍ਰਭਾਤੀ ਮਹਲਾ ੫

*(ਅ) ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥* [ਗੂਜਰੀ ਮ: ੩

*(ੲ) ਤਨਿ ਧੋਤੈ ਮਨੁ ਹਛਾ ਨ ਹੋਇ ॥* [ਵਡਹੰਸੁ ਮ: ੩

ਨਾਮ ਜਪੇ ਤੋਂ ਬਿਨਾਂ ਕੇਵਲ ਤੀਰਥ ਇਸ਼ਨਾਨ ਵਿਚ ਹੀ ਮੁਕਤੀ ਮੰਨ ਲੈਣੀ ਭਾਣੇ ਤੋਂ ਉਲਟ ਹੈ, ਕਿਉਂਕਿ ਕਰਤਾਰ ਨੇ ਪਾਣੀ ਮੋਟੀਆਂ ਚੀਜ਼ਾਂ ਦੇ ਸ਼ੁਧ ਕਰਨ ਲਈ ਬਨਾਇਆ ਹੈ। ਮਨ ਵਰਗੀ ਸੂਖਮ ਵਸਤੂ ਨੂੰ ਪਾਣੀ ਸ਼ੁਧ ਨਹੀਂ ਕਰ ਸਕਦਾ।

ਦੂਜਾ—ਸਾਰੇ ਦੁਨੀਆਂ ਦੇ ਲੋਕ ਹਰੇਕ ਚੀਜ਼ ਨੂੰ ਹਾਸਲ ਕਰਨ ਦੇ ਕਰਮ ਕਰਦੇ ਹਨ ਤਾਂ ਉਸ ਵਸਤੂ ਨੂੰ ਪ੍ਰਾਪਤ ਕਰਦੇ ਹਨ। ਜਿਵੇਂ ਤ੍ਰਿਪਤੀ ਦੇ ਕਰਮ ਕੀਤਿਆਂ ਤ੍ਰਿਪਤੀ ਮਿਲਦੀ ਹੈ। ਤੇਹ ਦੂਰ ਕਰਨ ਵਾਸਤੇ ਪਾਣੀ ਪੀਣ ਰੂਪ ਕਰਮ ਕੀਤਿਆਂ ਤਰੇਹ ਮਿਟਦੀ ਹੈ, ਇਵੇਂ ਹੀ ਮੁਕਤੀ ਪ੍ਰਾਪਤੀ ਦਾ ਕਰਮ ਰੱਬ ਦੀ ਮਿਹਰ ਹੈ। ਜੇ ਮਿਹਰ ਹੋਵੇ ਤਾਂ ਮੁਕਤੀ ਹੁੰਦੀ ਹੈ। ਮਿਹਰ ਪ੍ਰਾਪਤੀ ਲਈ ਰੱਬ ਦੀ ਅਰਾਧਨਾ ਦੀ ਲੋੜ ਹੈ; ਨਾ ਕਿ ਤੀਰਥਾਂ ਵਿਚ ਨ੍ਹਾਉਣ ਦੀ। ਅੱਕਾਂ ਨੂੰ ਪਾਣੀ ਪਾਇਆਂ ਅੰਬ ਨਹੀਂ ਮਿਲਦੇ। ਇਵੇਂ ਤੀਰਥਾਂ ਵਿਚ ਗੋਤੇ ਲਾਇਆਂ ਮਿਹਰ ਹਾਸਲ ਨਹੀਂ ਹੁੰਦੀ।

*(ੳ) ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥*
*ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥*
*[ਕਬੀਰ ਜੀ*

*(ਅ) ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ ॥*
*[ਗਉੜੀ ਕਬੀਰ ਜੀ*

ਤੀਜਾ—'ਬਾਹਰ ਨ ਭਟਕੋ ਸਭ ਕੁਝ ਮੱਤ ਵਿਚ ਹੈ'। 'ਬਾਹਰਿ ਟੋਲੈ ਸੋ ਭਰਮਿ ਭੁਲਾਹੀ'। ਰਤਨ ਮਾਣਕ ਜਵਾਹਰ ਰੂਪ ਵਾਹਿਗੁਰੂ 'ਅੰਤਰਿ ਵਸੈ ਨ ਬਾਹਰਿ ਜਾਇ ॥'

ਜਦ ਨਿਰੰਕਾਰ ਅੰਦਰ ਵਸਦਾ ਹੈ, ਵੈਰਾਗ ਵਿਵੇਕ ਅੰਦਰ ਹੈ, ਰਤਨ ਜਵਾਹਰ ਮਾਣਕ ਅੰਦਰ ਹੈ, ਤਦ ਦਿਸਦਾ ਕਿਉਂ ਨਹੀਂ ? ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੇ ਪਾਉਣ ਦਾ ਅਸਾਂ ਕਰਮ ਨਹੀਂ ਕੀਤਾ। ਉਹ ਕਰਮ ਹੈ 'ਗੁਰਾਂ ਦੀ ਕ੍ਰਿਪਾ'। ਇਸੇ ਲਈ ਤਾਂ ਕਿਹਾ ਹੈ 'ਜੇ ਗੁਰਾਂ

ਦੀ ਸਿਖਿਆ ਸੁਣੇ'।

*(ੳ) ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥*
*ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥*
*[ਧਨਾਸਰੀ ਪੀਪਾ ਜੀ*

*(ਅ) ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥* *[ਮਾਰੂ ਮਹਲਾ ੫*

ਉਪਦੇਸ਼—ਤੀਰਥਾਂ ਪਰ ਨ ਭਟਕੋ, ਭਾਣੇ ਵਿਚ ਤੁਰੋ । ਰੱਬ ਨੂੰ ਮਿਲਣ ਦਾ ਕਰਮ ਕਰੋਗੇ ਤਾਂ ਮਿਲੇਗਾ । ਬਾਹਰ ਨਹੀਂ, ਉਹ ਅੰਦਰ ਹੀ ਵਸਦਾ ਹੈ, ਗੁਰੂ ਮਿਲਾਂਦੇ ਹਨ, ਗੁਰੂ ਜੀ ਦੀ ਮਿਹਰ ਦੇ ਅਧਿਕਾਰੀ ਬਣੋ ।

ਪ੍ਰਸ਼ਨ— ਇਹ ਸੱਚ ਹੈ ਜੋ ਤੀਰਥਾਂ ਵਿਚ ਨ੍ਹਾਉਣ ਨਾਲ ਮਨ ਸ਼ੁਧ ਨਹੀਂ ਹੁੰਦਾ, ਪਰ ਯੋਗ ਸਾਧਨਾ ਵਿਚ ਲੱਗਾ ਹੋਇਆ ਮਨ ਤਾਂ ਰੱਬ ਨਾਲ ਜੁੜ ਜਾਂਦਾ ਹੈ । ਉਮਰਾ ਵੱਡੀ ਹੋ ਜਾਂਦੀ ਹੈ ਅਤੇ ਜਗਤ ਵੀ ਵਡਿਆਈ ਕਰਦਾ ਹੈ, ਇਸ ਲਈ ਯੋਗ ਸਾਧਨਾ ਤਾਂ ਕਰਨੀ ਚਾਹੀਦੀ ਹੈ ਨ ?

ਉੱਤਰ—

**੧. ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ੨. ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ੩. ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ੪. ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ੫. ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ**

**ਧਰੇ ॥ ੬. ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ੭. ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥**

ਪਦ ਅਰਥ—ਆਰਜਾ=ਉਮਰ । ਦਸੂਣੀ=ਦਸ ਗੁਣੀ, ਦਸ ਹਿੱਸੇ । ਵਾਤ=ਗੱਲ । ਕੇ=ਕੋਈ । ਦੋਸੀ=ਅਪਰਾਧੀ, ਗੁਨਾਹੀ । ਗੁਣ=ਉਪਕਾਰ ।

ਅਰਥ—੧. ਜੇ ਚਾਰ ਜੁਗ ਦੀ ਉਮਰਾ ਹੋ ਜਾਏ, ਸਗੋਂ ਇਸ ਤੋਂ ਹੋਰ ਵੀ ਦਸ ਗੁਣਾਂ ਚਾਲੀ ਜੁਗ ਦੀ ਹੋ ਜਾਏ । ੨. ਨਵਾਂ ਖੰਡਾਂ ਵਿਚ ਜਾਣੇ ਭੀ ਜਾਈਏ ਅਤੇ ਜਿਧਰੋਂ ਲੰਘੀਏ ਉਧਰੋਂ ਹੀ ਆਦਰ ਕਰਨ ਲਈ ਸਭ ਕੋਈ ਨਾਲ ਉਠ ਤੁਰੇ । ੩. ਚੰਗਾ ਨਾਂ ਰਖਾ ਕੇ ਅਰਥਾਤ ਨੇਕ ਨਾਮ ਹੋ ਕੇ ਜਗਤ ਵਿਚ ਜਸ ਤੇ ਕੀਰਤੀ ਵੀ ਖੱਟ ਲਈਏ । ੪. ਜੇਕਰ ਉਸ ਵਾਹਿਗੁਰੂ ਦੀ ਨਜ਼ਰ ਹੇਠਾਂ ਨਾ ਆਵੀਏ ਤਾਂ ਦਰਗਾਹ ਵਿਚ ਕੋਈ ਗੱਲ ਵੀ ਨਹੀਂ ਪੁਛੇਗਾ । ੫. ਸਗੋਂ ਉਸ ਨੂੰ ਕੀੜਿਆਂ ਅੰਦਰ ਕੀੜਾ ਜਾਣ ਕੇ ਸੁਟਿਆ ਜਾਏਗਾ ਅਤੇ ਦੋਸੀ ਵੀ ਉਸ ਉਤੇ ਦੋਸ ਲਾਉਣਗੇ । ੬. ਸਤਿਗੁਰੂ ਜੀ ਆਖਦੇ ਹਨ, ਜੇ ਉਸ ਦੇ ਦਰ ਤੇ ਢਹਿ ਪਈਏ ਤਾਂ ਉਹ ਗੁਣਾਂ ਤੋਂ ਹੀਣਿਆਂ ਨੂੰ ਗੁਣਵਾਨ ਕਰਦਾ ਅਤੇ ਗੁਣ ਵਾਲਿਆਂ ਨੂੰ ਹੋਰ ਗੁਣ ਦੇਂਦਾ ਹੈ । ੭. ਅਜੇਹਾ ਕੋਈ ਨਹੀਂ ਦਿਸਦਾ ਜਿਹੜਾ ਉਸ ਉਤੇ ਵੀ ਕੋਈ ਗੁਣ ਕਰੇ ॥੭॥

ਸਿਧਾਂਤ—ਯੋਗ ਸਾਧਨਾ ਆਦਿਕ ਕੰਮਾਂ ਨਾਲ ਜਗਤ ਦੇ ਜੀਵ ਤਾਂ ਭਾਵੇਂ ਰੀਝ ਪੈਂਦੇ ਹਨ, ਪਰ 'ਲੋਕ ਪਤੀਣੈ ਕਛੂ ਨ ਹੋਈਐ' ਦਰਗਾਹ ਵਿਚ ਢੋਈ ਨਹੀਂ ਮਿਲਦੀ । ਉਥੇ ਤਾਂ ਕੇਵਲ ਨਿੰਮਰਤਾ ਨਾਲ ਹੀ ਢੋਈ ਮਿਲਦੀ ਹੈ ।

ਉਪਦੇਸ਼—ਯੋਗ ਸਾਧਨਾ ਤੋਂ ਹਟ ਕੇ ਨਿਰੰਕਾਰ ਦੇ ਦਰ ਤੇ ਡਿਗ ਪਵੋ ।

ਪ੍ਰਸ਼ਨ—ਸਤਿਗੁਰੂ ਜੀ ! ਸਾਡਾ ਮਾਇਕੀ ਮਨ ਕਈ ਤਰ੍ਹਾਂ ਦੇ ਤਰੰਗਾਂ ਵਿਚ ਫਸ ਕੇ ਉਚ ਪਦਵੀਆਂ ਦੇ ਸੁਖ ਪ੍ਰਾਪਤ ਕਰਨੇ ਚਾਹੁੰਦਾ ਹੈ ਅਤੇ ਉਹ ਪਦ ਯੋਗ ਆਦਿਕ ਸਾਧਨਾ ਦੁਆਰੇ ਮਿਲ ਸਕਦੇ ਹਨ, ਤਾਂ ਉਨ੍ਹਾਂ ਪਦਾਂ ਦੀ ਖਾਤਰ ਯੋਗ ਆਦਿਕ ਤਾਂ ਕਰਨੇ ਮਾੜੇ ਨਹੀਂ ?

ਉੱਤਰ—

**੧. ਸੁਣਿਐ ਸਿਧ ਪੀਰ ਸੁਰਿ ਨਾਥ ॥ ੨. ਸੁਣਿਐ ਧਰਤਿ ਧਵਲ ਆਕਾਸ ॥ ੩. ਸੁਣਿਐ ਦੀਪ ਲੋਅ ਪਾਤਾਲ ॥ ੪. ਸੁਣਿਐ ਪੋਹਿ ਨ ਸਕੈ ਕਾਲੁ ॥ ੫. ਨਾਨਕ ਭਗਤਾ ਸਦਾ ਵਿਗਾਸੁ ॥ ੬. ਸੁਣਿਐ ਦੂਖ ਪਾਪ ਕਾ ਨਾਸੁ ॥੮॥**

ਪਦ ਅਰਥ—ਸਿਧ=ਉਹ ਪੁਰਸ਼ ਜਿਸ ਨੇ ਸਿਧੀਆਂ ਹਾਸਲ ਕਰ ਲਈਆਂ ਹੋਣ, ਜਿਸ ਦਾ ਬਚਨ ਪੂਰਾ ਹੋ ਜਾਏ, ਜਿਥੇ ਚਾਹੇ ਜਾ ਸਕੇ, ਆਦਿਕ ਕਰਮ ਕਰ ਲੈਣ ਵਾਲੇ, ਜੋ ਗਿਣਤੀ ਵਿਚ ੮੪ ਕਹੇ ਜਾਂਦੇ ਹਨ । ਸੁਰਿ=ਦੇਵਤੇ । ਨਾਥ=ਮਾਲਕ, ਜੋਗੀ । [ਸੁਰਿ ਨਾਥ=ਸੁਰ-ਵੱਡਾ ਨਾਥ=ਗੋਰਖਨਾਥ] ਧਵਲ=ਧੁਰਾ, ਆਸਰਾ । ਕਾਲੁ=ਮੌਤ । ਵਿਗਾਸੁ= ਅਨੰਦ ।

ਅਰਥ—੧. ਜਿਸ ਨੇ ਕਰਤਾਰ ਦਾ ਨਾਮ ਸੁਣਿਆ ਹੈ ਓਹੀ ਸਿਧ, ਪੀਰ, ਦੇਵਤਾ ਅਤੇ ਨਾਥ ਹੈ । ੨. ਜਿਸ ਨੇ ਨਾਮ ਸੁਣਿਆ ਹੈ ਓਹੀ ਧਰਤੀ ਅਤੇ ਆਕਾਸ਼ ਦਾ ਧੁਰਾ ਅਰਥਾਤ ਆਸਰਾ ਹੈ । ੩. ਜਿਸ ਨੇ ਨਾਮ ਸੁਣਿਆ ਹੈ ਉਹ ਦੀਪਾਂ, ਲੋਆਂ ਅਤੇ ਪਤਾਲਾਂ ਦਾ ਭੇਦ ਜਾਣਦਾ

ਹੈ । ੪. ਜਿਸ ਨੇ ਨਾਮ ਸੁਣਿਆ ਹੈ ਉਸ ਨੂੰ ਮੌਤ ਵੀ ਨਹੀਂ ਛੋਹ ਸਕਦੀ। ੫. ਸਤਿਗੁਰੂ ਜੀ ਆਖਦੇ ਹਨ, ਨਾਮ ਸੁਣਨ ਵਾਲੇ ਭਗਤਾਂ ਨੂੰ ਸਦਾ ਹੀ ਅਨੰਦ ਹੈ । ੬. ਕਿਉਂਕਿ ਨਾਮ ਦੇ ਸੁਨਣ ਕਰਕੇ ਉਨ੍ਹਾਂ ਦੇ ਦੋਖ ਤੇ ਪਾਪਾਂ ਦਾ ਨਾਸ ਹੋ ਗਿਆ ਹੈ ॥੮॥

**੧. ਸੁਣਿਐ ਈਸਰੁ ਬਰਮਾ ਇੰਦੁ ॥ ੨. ਸੁਣਿਐ ਮੁਖਿ ਸਾਲਾਹਣ ਮੰਦੁ ॥ ੩. ਸੁਣਿਐ ਜੋਗ ਜੁਗਤਿ ਤਨਿ ਭੇਦ ॥ ੪. ਸੁਣਿਐ ਸਾਸਤ ਸਿਮ੍ਰਿਤਿ ਵੇਦ ॥ ੫. ਨਾਨਕ ਭਗਤਾ ਸਦਾ ਵਿਗਾਸੁ ॥ ੬. ਸੁਣਿਐ ਦੂਖ ਪਾਪ ਕਾ ਨਾਸੁ ॥੯॥**

ਪਦ ਅਰਥ—ਈਸਰੁ=ਸ਼ਿਵ ਜੀ । ਮੁਖਿ=ਮੁਖੀ, ਉੱਤਮ ।

ਅਰਥ—੧. ਜਿਨ੍ਹਾਂ ਨਾਮ ਸੁਣਿਆ ਹੈ ਓਹੀ ਸ਼ਿਵ ਜੀ ਬ੍ਰਹਮਾ ਤੇ ਇੰਦ੍ਰ ਹੋਏ ਹਨ । ੨. ਜਿਨ੍ਹਾਂ ਨਾਮ ਸੁਣਿਆ ਹੈ, ਉਹ ਮੰਦੇ ਭੀ ਉੱਤਮ ਹੋ ਕੇ ਸਲਾਹੇ ਗਏ ਹਨ । ੩. ਜਿਨ੍ਹਾਂ ਨਾਮ ਸੁਣਿਆ ਹੈ ਉਨ੍ਹਾਂ ਨੇ ਜੋਗ ਦੀ ਜੁਗਤੀ ਅਤੇ ਤਨ ਦਾ ਭੇਦ ਪਾ ਲਿਆ ਹੈ । ੪. ਜਿਨ੍ਹਾਂ ਨਾਮ ਸੁਣਿਆ ਹੈ, ਉਨ੍ਹਾਂ ਨੇ ਸ਼ਾਸਤ੍ਰਾਂ ਸਿਮ੍ਰਤੀਆਂ ਅਤੇ ਵੇਦਾਂ ਦਾ ਸਿਧਾਂਤ ਜਾਣ ਲਿਆ ਹੈ । ੫-੬. (ਇਨ੍ਹਾਂ ਦੋਹਾਂ ਤੁਕਾਂ ਦਾ ਅਰਥ ਹੋ ਚੁਕਾ ਹੈ) ॥੯॥

**੧. ਸੁਣਿਐ ਸਤੁ ਸੰਤੋਖੁ ਗਿਆਨੁ ॥ ੨. ਸੁਣਿਐ ਅਠਸਠਿ ਕਾ ਇਸਨਾਨੁ ॥**

**੩. ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ੪. ਸੁਣਿਐ ਲਾਗੈ ਸਹਜਿ ਧਿਆਨੁ ॥ ੫. ਨਾਨਕ ਭਗਤਾ ਸਦਾ ਵਿਗਾਸੁ ॥ ੬. ਸੁਣਿਐ ਦੂਖ ਪਾਪ ਕਾ ਨਾਸੁ ॥੧੦॥**

ਪਦ ਅਰਥ—ਅਠਸਠਿ=ਅਠਾਹਠ ਤੀਰਥ । ਪੜਿ=ਪੜ੍ਹਨਾ, ਵਿਦਿਆ।

ਅਰਥ—੧. ਜਿਸ ਨੇ ਨਾਮ ਸੁਣਿਆ ਹੈ, ਉਸ ਨੂੰ ਸਤ ਸੰਤੋਖ ਤੇ ਗਿਆਨ ਮਿਲ ਗਿਆ ਹੈ । ੨. ਜਿਸ ਨੇ ਨਾਮ ਸੁਣਿਆ ਹੈ ਉਸ ਨੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ । ੩. ਜਿਸ ਨੇ ਨਾਮ ਸੁਣਿਆ ਹੈ ਉਹ ਸਾਰੀਆਂ ਵਿਦਯਾ ਪੜ੍ਹਨ ਦਾ ਮਾਨ ਪਾਉਂਦਾ ਹੈ । ੪. ਜਿਸ ਨੇ ਨਾਮ ਸੁਣਿਆ ਹੈ ਉਸ ਦਾ ਸਹਜ ਪਦ ਵਿਚ ਧਿਆਨ ਲਗ ਜਾਂਦਾ ਹੈ । ੫-੬. (ਅਰਥ ਹੋ ਚੁਕਾ ਹੈ) ॥੧੦॥

**੧. ਸੁਣਿਐ ਸਰਾ ਗੁਣਾ ਕੇ ਗਾਹ ॥ ੨. ਸੁਣਿਐ ਸੇਖ ਪੀਰ ਪਾਤਿਸਾਹ ॥ ੩. ਸੁਣਿਐ ਅੰਧੇ ਪਾਵਹਿ ਰਾਹੁ ॥ ੪. ਸੁਣਿਐ ਹਾਥ ਹੋਵੈ ਅਸਗਾਹੁ ॥ ੫. ਨਾਨਕ ਭਗਤਾ ਸਦਾ ਵਿਗਾਸੁ ॥ ੬. ਸੁਣਿਐ ਦੂਖ ਪਾਪ ਕਾ ਨਾਸੁ ॥੧੧॥**

ਪਦ ਅਰਥ—ਸਰਾ=ਸਰੇਸ਼ਟ, ਉੱਤਮ । ਗਾਹ=ਗ੍ਾਹਕ । ਅੰਧਾ=

ਅਗਿਆਨੀ, ਕਰਤਾਰ ਤੋਂ [1]ਬੇਮੁਖ, ਭਾਣੇ ਤੋਂ ਉਲਟ [2]ਤੁਰਨ ਵਾਲਾ। ਦੂਖ=ਦੋਖ, ਦੋਸ਼, ਇਸ ਜਗਾ ਦੂਖ ਦਾ ਅਰਥ ਦੁਖ ਨਹੀਂ, ਦੂਖ ਦਾ ਅਰਥ ਦੁਖ ਉਥੇ ਹੁੰਦਾ ਹੈ ਜਿਥੇ ਦੁਖ ਸੁਖ ਜਾਂ ਦੂਖ ਰੋਗ ਹੋਵੇ, ਪਾਪ ਨਾਲ ਦੂਖ ਹੋਵੇ ਤਾਂ ਇਸ ਦਾ ਅਰਥ ਦੋਸ਼ ਅਪਰਾਧ ਗੁਨਾਹ ਹੁੰਦਾ ਹੈ[3]।

ਅਰਥ—੧. ਸੁਨਣੇ ਕਰਕੇ ਸਰੇਸ਼ਟ ਗੁਣਾਂ ਦਾ ਗ੍ਰਾਹਕ ਹੋਈਦਾ ਹੈ। ੨. ਸੁਨਣੇ ਕਰਕੇ ਸੇਖਾਂ ਪੀਰਾਂ ਦਾ ਪਾਤਸ਼ਾਹ ਹੋ ਜਾਈਦਾ ਹੈ। ੩. ਸੁਨਣੇ ਕਰਕੇ ਅਗਿਆਨੀ ਨੂੰ ਵੀ ਰਾਹ ਲੱਭ ਪੈਂਦਾ ਹੈ। ੪. ਸੁਨਣੇ ਕਰਕੇ ਅਥਾਹ ਸੰਸਾਰ ਦੀ ਹਾਥ ਆ ਜਾਂਦੀ ਹੈ, ਅਰਥਾਤ—ਸੰਸਾਰ ਦੀ ਅਸਲੀਅਤ ਸਮਝ ਲਈਦੀ ਹੈ। ੫. ਸਤਿਗੁਰੂ ਜੀ ਆਖਦੇ ਹਨ ਭਗਤਾਂ ਨੂੰ ਸਦਾ ਅਨੰਦ ਹੈ। ੬. ਕਿਉਂਕਿ ਨਾਮ ਦੇ ਸੁਨਣ ਕਰਕੇ ਉਨ੍ਹਾਂ ਦੇ ਦੋਖ ਤੇ ਪਾਪ ਨਾਸ ਹੋ ਗਏ ਹਨ ॥੧੧॥

ਸਿਧਾਂਤ—ਇਨ੍ਹਾਂ ਚੌਹਾਂ ਪਉੜੀਆਂ ਵਿਚ ਸੁਣਨ ਦਾ ਮਹਾਤਮ ਦਸ ਕੇ ਸਾਬਤ ਕੀਤਾ ਹੈ ਕਿ ਇੰਦਰ, ਬ੍ਰਹਮਾ, ਸ਼ਿਵ, ਸ਼ੇਖ, ਪੀਰ, ਸ਼ਾਸਤ੍ਰ, ਵੇਦ, ਸਿੰਮ੍ਰਤੀਆਂ ਅਤੇ ਸੰਸਾਰ ਦੀ ਤਹਿ ਤਕ ਪਹੁੰਚ ਜਾਈਦਾ ਹੈ। ਸੁਣਿਆਂ ਹੀ ਅੰਨ੍ਹੇ ਨੂੰ ਰਾਹ ਲੱਭ ਪੈਂਦਾ ਹੈ। ਪਰ ਇਥੇ ਵਿਚਾਰ ਤਾਂ ਇਸ ਗੱਲ ਦੀ ਕਰਨੀ ਹੈ ਜੋ ਉਹ ਸੁਨਣਾ ਕਿਹੜਾ ਹੈ ? ਕਿਉਂਕਿ ਆਪ ਨੇ ਫੁਰਮਾਇਆ ਹੈ :—

*ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥* [ਸੁਖਮਨੀ ਸਾਹਿਬ

ਇਧਰ ਕਿਹਾ ਅੰਨ੍ਹਾ ਸੁਣ ਕੇ ਰਾਹ ਕਿਵੇਂ ਪਾ ਸਕਦਾ ਹੈ ? ਉਧਰ

---

੧. *ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥* [ਵਾਰ ਰਾਮ: ਮ: ੨

੨. *ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥* [ਵਾਰ ਰਾਮ: ਮ: ੨

੩. *ਜਾਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ ॥* [ਪਾ: ੧੦

ਕਿਹਾ ਸੁਣਿਆਂ ਹੀ ਅੰਨ੍ਹੇ ਨੂੰ ਰਾਹ ਲੱਭ ਪੈਂਦਾ ਹੈ। ਇਨ੍ਹਾਂ ਦੋਹਾਂ ਗੱਲਾਂ ਵਿਚ ਵਿਰੋਧ ਹੈ। ਫਿਰ ਆਪ ਨੇ ਦੂਜੀ ਥਾਂ ਤੇ ਕਿਹਾ—

*ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥* [ਸੋਰਠਿ ਮਹਲਾ ੫

ਅਤੇ ਇਸੇ ਦੇ ਠੀਕ ਵਿਰੁਧ ਦੂਜੀ ਜਗ੍ਹਾ ਤੇ ਇਉਂ ਕਿਹਾ—

*ਡਿਠੈ ਮੁਕਤਿ ਨ ਹੋਵਈ* [ਸਲੋਕ ਮ: ੩

ਬੱਸ ਇਸ ਸੁਣਨ ਦਾ ਵਿਚਾਰ ਕਰਨ ਨਾਲ ਸਾਨੂੰ ਦੋਹਾਂ ਤੁਕਾਂ ਦੇ ਸਿਧਾਂਤ ਦਾ ਪਤਾ ਲਗ ਜਾਏਗਾ। ਇਸ ਲਈ ਸਾਨੂੰ ਸੁਨਣ ਦੀ ਵਿਚਾਰ ਕਰਨੀ ਚਾਹੀਦੀ ਹੈ।

ਸ੍ਰੀ ਗੁਰੂ ਜੀ ਨੇ ਸਭ ਤੋਂ ਪਹਿਲੇ ਹੀ ਇਹ ਫੁਰਮਾਇਆ ਹੈ :-

*ਗਾਵੀਐ ਸੁਣੀਐ ਮਨਿ ਰਖੀਐ ਭਾਉ ॥* [ਜਪੁ ਜੀ

ਅਰਥਾਤ ਮਨ ਵਿਚ ਭਾਉ ਰਖ ਕੇ ਸੁਣੀਏ, ਤਦ—

*(ੳ) ਸੁਣਿ ਹਰਿ ਕਥਾ ਉਤਾਰੀ ਮੈਲੁ ॥*
*ਮਹਾ ਪੁਨੀਤ ਭਏ ਸੁਖ ਸੈਲੁ ॥* [ਗਉੜੀ ਮਹਲਾ ੫

*(ਅ) ਕਥਾ ਸੁਣਤ ਮਲੁ ਸਗਲੀ ਖੋਵੈ ॥* [ਮਾਝ ਮਹਲਾ ੫

ਇਸ ਵਿਚ ਕਾਰਨ ਏਹੋ ਦਸਿਆ ਹੈ ਕਿ—

*ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥* [ਸੁਖਮਨੀ ਸਾਹਿਬ

ਹੁਣ ਨਤੀਜਾ ਨਿਕਲ ਆਇਆ ਕਿ ਸਭ ਤੋਂ ਉੱਤਮ ਹਰੀ ਦੀ ਕਥਾ ਹੈ। ਹਰਿ ਕਥਾ ਵਿਚ 'ਨਾਮ' ਦੀ ਮਹਿਮਾ ਹੈ। ਹਰਿ ਕਥਾ ਮਨ ਤੇ ਭਾਉ ਨਾਲ ਸੁਣੀ ਜਾਏ ਤਾਂ ਮਨ ਦੀ ਮੈਲ ਕੱਟੀ ਜਾਂਦੀ ਹੈ। ਮੈਲ ਕੱਟੀ ਜਾਣ ਮਗਰੋਂ ਮਨ ਸ਼ੁਧ ਹੋ ਗਿਆ। ਇਸ ਲਈ ਇਹ ਸੁਣਨਾ ਵੇਦਾਂਤ ਦੇ ਮੰਨਣ ਨਾਲੋਂ ਵੀ ਉੱਚਾ ਤੇ ਸੁੱਚਾ ਹੈ ਅਤੇ ਜੋ ਕੇਵਲ ਕੰਨਾਂ ਵਿਚ ਆਵਾਜ਼ ਸੁਣਨਾ ਹੈ, ਉਸ ਸੁਨਣੇ ਨੂੰ ਗੁਰ ਸਿਖਾਂ ਵਿਚ ਕੋਈ ਥਾਂ ਨਹੀਂ ਮਿਲੀ। ਕੇਵਲ

ਅੱਖਾਂ ਨਾਲ ਵੇਖਣ ਨੂੰ ਗੁਰੂ ਜੀ ਨੇ ਵੇਖਣਾ ਮੰਨਿਆ ਹੀ ਨਹੀਂ, ਸਗੋਂ ਸਾਹਿਬ ਜੀ ਨੇ ਤਾਂ ਫੁਰਮਾਇਆ ਹੈ :—

*ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥ ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥* [ਸਲੋਕ ਮ: ੨

ਇਥੇ ਸਾਰਾ ਭਾਵ ਸਫੁਟ ਕਰ ਦਿੱਤਾ ਹੈ ਕਿ ਹੁਕਮ ਵਿਚ ਤੁਰਨਾ ਹੀ ਸੁਨਣਾ ਹੈ। ਜੋ ਹੁਕਮੋਂ ਬਾਹਰ ਹੈ ਉਸ ਦਾ ਸੁਨਣਾ ਸੁਨਣਾ ਹੀ ਨਹੀਂ। ਅਜਿਹਾ ਗਾਵਿਆ ਸੁਣਿਆ ਕਬੂਲ ਨਹੀਂ ਪੈਂਦਾ। ਸਗੋਂ :—

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥* [ਧਨਾਸਰੀ ਮਹਲਾ ੪

ਉਪਦੇਸ਼—ਸ਼ਿਵ ਜੀ, ਬ੍ਰਹਮਾ, ਵੇਦਾਂ, ਸਿੰਮ੍ਰਿਤੀਆਂ ਦੇ ਸਿੱਧਾਂ ਦੇ ਮਗਰ ਨ ਪਵੋ, ਸਗੋਂ ਮਨ ਦੇ ਪ੍ਰੇਮ ਤੇ ਭਾਣੇ ਵਿਚ ਤੁਰਦੇ ਹੋਏ ਨਾਮ ਨੂੰ ਸੁਣ ਕੇ ਹੀ ਉਨ੍ਹਾਂ ਵਰਗੇ ਹੋ ਜਾਓ।

ਪ੍ਰਸ਼ਨ—ਸਤਿਗੁਰੂ ਜੀ! ਆਪ ਨੇ ਸੁਨਣ ਵਿਚ ਹੀ ਸਭ ਕੁਝ ਦਸ ਦਿੱਤਾ ਤਦ ਤਾਂ ਮੰਨਣ ਦੀ ਲੋੜ ਹੀ ਨਾ ਰਹੀ? ਅਤੇ ਜਿਹੜੇ ਮੰਨਣ ਵਿਚ ਲਗ ਗਏ ਉਨ੍ਹਾਂ ਦੀ ਘਾਲ ਕਿਸ ਲੇਖੇ ਆਈ? ਅਤੇ ਵੇਦਾਂਤ ਦਾ ਮੰਨਣ ਹੀ ਗੁਰਮਤ ਦਾ ਸੁਨਣਾ ਹੋ ਗਿਆ ਤਾਂ ਮੰਨਣਾ ਕੀ ਹੋਇਆ?

ਉੱਤਰ—

**੧. ਮੰਨੇ ਕੀ ਗਤਿ ਕਹੀ ਨ ਜਾਇ ॥ ੨. ਜੇ ਕੋ ਕਹੈ ਪਿਛੈ ਪਛੁਤਾਇ ॥ ੩. ਕਾਗਦਿ ਕਲਮ ਨ ਲਿਖਣਹਾਰੁ ॥ ੪. ਮੰਨੇ ਕਾ ਬਹਿ ਕਰਨਿ ਵੀਚਾਰੁ ॥ ੫. ਐਸਾ ਨਾਮੁ ਨਿਰੰਜਨੁ**

**ਹੋਇ ॥ ੬. ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥**

ਅਰਥ—੧. ਨਾਮ ਨੂੰ ਮੰਨਣ ਵਾਲੇ ਦੀ ਗਤੀ ਕਹੀ ਨਹੀਂ ਜਾਂਦੀ। ੨. ਜੇ ਕੋਈ ਕਹੇਗਾ ਤਾਂ ਮਗਰੋਂ ਪਛਤਾਇਗਾ, ਅਰਥਾਤ ਆਪਣੇ ਕਥਨ ਨੂੰ ਅਧੂਰਾ ਸਮਝ ਕੇ ਖੁਦ ਸ਼ਰਮਿੰਦਾ ਹੋਵੇਗਾ। ੩. ਕਾਗਜ਼ ਕਲਮ ਦਵਾਤ ਤੇ ਕੋਈ ਲਿਖਾਰੀ ਵੀ ਨਹੀਂ ਹੈ। ੪. ਜਿਸ ਨਾਲ ਬੈਠ ਕੇ ਨਾਮ ਦੇ ਮੰਨਣ ਵਾਲੇ ਦੀ ਗਤੀ ਦਾ ਵਿਚਾਰ ਹੀ ਕਰ ਸਕੀਏ। ੫. ਸ਼ੁਧ ਸਰੂਪ ਵਾਹਿਗੁਰੂ ਦੇ ਨਾਮ ਦੇ ਮੰਨਣ ਦਾ ਅਜਿਹਾ ਪ੍ਰਤਾਪ ਹੈ ਕਿ ੬. ਜਿਹੜਾ ਕੋਈ ਮੰਨਦਾ ਹੈ ਉਸ ਪ੍ਰਤਾਪ ਨੂੰ ਉਹੀ ਜਾਣਦਾ ਹੈ, ਪਰ ਮੰਨਦਾ ਕੋਈ ਵਿਰਲਾ ਹੈ ॥੧੨॥

**੧. ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ੨. ਮੰਨੈ ਸਗਲ ਭਵਣ ਕੀ ਸੁਧਿ ॥ ੩. ਮੰਨੈ ਮੁਹਿ ਚੋਟਾ ਨਾ ਖਾਇ ॥ ੪. ਮੰਨੈ ਜਮ ਕੈ ਸਾਥਿ ਨ ਜਾਇ ॥ ੫. ਐਸਾ ਨਾਮੁ ਨਿਰੰਜਨੁ ਹੋਇ ॥ ੬. ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥**

ਪਦ ਅਰਥ—ਸੁਰਤਿ=ਸਮਝ, ਪਛਾਣ, ਭਲੇ ਬੁਰੇ ਦੀ ਸ਼ਨਾਖ਼ਤ। ਚੋਟਾ=ਮਾਰ।

ਅਰਥ—੧. ਨਾਮ ਨੂੰ ਮੰਨਿਆਂ ਮਨ ਤੇ ਬੁੱਧੀ ਵਿਚ ਭਲੇ ਬੁਰੇ ਦੀ ਪਛਾਣ ਹੋ ਜਾਂਦੀ ਹੈ। ੨. ਨਾਮ ਨੂੰ ਮੰਨਿਆਂ ਸਾਰੇ ਬ੍ਰਹਮੰਡਾਂ ਦੀ ਖਬਰ ਹੋ ਜਾਂਦੀ ਹੈ। ੩. ਮੰਨਣ ਵਾਲਾ ਮੂੰਹ ਉਤੇ ਜਮਾਂ ਦੀ ਮਾਰ ਨਹੀਂ ਖਾਂਦਾ। ਯਥਾ—ਚਿਤ੍ਰ ਗੁਪਤ ਜੋ ਲਿਖਤੇ ਲੇਖਾ॥ ਸੰਤ ਜਨਾ ਕਉ ਦ੍ਰਿਸਟਿ ਨ

ਪੇਖਾ॥ ੪ ਮੰਨਣ ਵਾਲਾ ਤਾਂ ਜਮਾਂ ਦੇ ਨਾਲ ਹੀ ਨਹੀਂ ਜਾਂਦਾ। ਯਥਾ—ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ॥ ੫-੬. ਅਰਥ ਹੋ ਚੁੱਕਾ ਹੈ ॥੧੩॥

**੧. ਮੰਨੈ ਮਾਰਗਿ ਠਾਕ ਨ ਪਾਇ॥ ੨. ਮੰਨੈ ਪਤਿ ਸਿਉ ਪਰਗਟੁ ਜਾਇ ॥ ੩. ਮੰਨੈ ਮਗੁ ਨ ਚਲੈ ਪੰਥੁ ॥ ੪. ਮੰਨੈ ਧਰਮ ਸੇਤੀ ਸਨਬੰਧੁ॥ ੫. ਐਸਾ ਨਾਮੁ ਨਿਰੰਜਨੁ ਹੋਇ ॥ ੬. ਜੇ ਕੋ ਮੰਨਿ ਜਾਣੈ ਮਨਿ ਕੋਇ॥੧੪॥**

ਪਦ ਅਰਥ—ਮਾਰਗਿ=ਰਸਤਾ। ਠਾਕ=ਰੋਕ, ਰੁਕਾਵਟ। ਮਗੁ=ਰਸਤਾ, ਰਾਹ। ਪੰਥੁ=ਭੇਖ। ਸੇਤੀ=ਨਾਲ।

ਅਰਥ—੧. ਮੰਨਣ ਵਾਲੇ ਨੂੰ ਰਸਤੇ ਵਿਚ ਰੋਕ ਨਹੀਂ ਪੈਂਦੀ। ੨. ਮੰਨਣ ਵਾਲਾ ਪ੍ਰਗਟ ਹੋ ਕੇ ਇਜ਼ਤ ਨਾਲ ਜਾਂਦਾ ਹੈ ਅਰਥਾਤ ਸਭਨਾਂ ਵਿਚ ਜ਼ਾਹਰ ਹੋ ਕੇ ਇਜ਼ਤ ਨਾਲ ਜਾਂਦਾ ਹੈ। ੩. ਨਾਮ ਮੰਨਣ ਵਾਲਾ ਭੇਖਾਂ ਦੇ ਰਸਤੇ ਨਹੀਂ ਤੁਰਦਾ। ੪. ਕਿਉਂਕਿ ਨਾਮ ਨੂੰ ਮੰਨਿਆਂ ਜੀਵ ਦਾ ਸਬੰਧ ਧਰਮ ਨਾਲ ਹੋ ਜਾਂਦਾ ਹੈ, (ਇਸ ਲਈ ਉਹ ਭੇਖਾਂ ਦੀ ਆੜ ਤੋਂ ਬਾਹਰ ਹੋ ਜਾਂਦਾ ਹੈ)। ੫-੬. ਅਰਥ ਹੋ ਚੁਕਾ ਹੈ ॥੧੪॥

ਕਈ ਸੱਜਣ 'ਮਗੁਨ' ਪਾਠ ਕਰਕੇ ਅਰਥ ਕਰਦੇ ਹਨ ਜੋ ਮੰਨਣ ਵਾਲਾ ਮਸਤ ਹੋ ਕੇ ਆਪਣੇ ਰਾਹੇ ਰਾਹ ਜਾਂਦਾ ਹੈ, ਪਰ ਵਿਚਾਰ ਤਾਂ ਇਸ ਗੱਲ ਦੀ ਹੈ ਕਿ ਪਿਛੇ ਦਸਿਆ ਹੈ ਕਿ ਮੰਨਣ ਵਾਲੇ ਨੂੰ ਰੋਕ ਨਹੀਂ ਪੈਂਦੀ, ਮੰਨਣ ਵਾਲਾ ਮਾਰ ਨਹੀਂ ਖਾਂਦਾ ਅਤੇ ਨਾ ਹੀ ਜਮਾਂ ਨਾਲ ਜਾਂਦਾ ਹੈ। ਇਹ ਤਿੰਨੇ ਗੁਣ ਹੀ ਮਸਤ ਹੋ ਕੇ ਆਪਣੇ ਰਾਹੇ ਰਾਹ ਜਾਣ ਵਾਲੇ ਦੇ ਹਨ। ਇਸ ਲਈ ਦੁਬਾਰਾ ਇਸੇ ਗੱਲ ਨੂੰ ਦੁਹਰਾਣਾ ਕੋਈ ਦਲੀਲ ਪੂਰਤ

ਗੱਲ ਨਹੀਂ ਹੈ ।

ਦੂਜਾ—ਮਗੁਨ ਪਾਠ ਇਕੱਠਾ ਕਰਨ ਕਰਕੇ ਪਾਠ ਦੀ ਯਮਕ ਅਧੂਰੀ ਹੋ ਜਾਂਦੀ ਹੈ ।

ਤੀਜਾ—ਜਦ ਇਹ ਗੱਲ ਸਾਫ ਜ਼ਾਹਰ ਹੈ ਕਿ "ਡਿੰਭਨ ਮੈ ਪਰਮੇਸਰ ਨਾਹੀ ।" ਤਾਂ ਨਾਮ ਰਸੀਆ ਖੁਦ-ਬ-ਖੁਦ ਡਿੰਬਾਂ ਭੇਖਾਂ ਤੋਂ ਬਾਹਰ ਹੋ ਕੇ ਉਨ੍ਹਾਂ ਦੇ ਮਗਰ ਤੁਰਦਾ ਹੀ ਨਹੀਂ । ਭਾਵੇਂ ਸ੍ਰ: ਗੁਰਦਿਆਲ ਸਿੰਘ ਜੀ ਜਜ, ਭਾਈ ਅਵਤਾਰ ਸਿੰਘ ਜੀ ਵਹੀਰੀਏ, ਸ੍ਰ: ਨਿਹਾਲ ਸਿੰਘ ਜੀ ਸੂਰੀ, ਸ੍ਰ: ਮੋਹਣ ਸਿੰਘ ਜੀ ਰਈਸ, ਗਿਆਨੀ ਸ਼ੇਰ ਸਿੰਘ ਜੀ ਆਦਿਕ ਸੱਜਣਾਂ ਨੇ 'ਮਗੁਨ' ਪਾਠ ਹੀ ਰਖਿਆ ਹੈ । ਪਰ ਪੰਡਤ ਸੰਤ ਸਰੂਪ ਦਾਸ ਜੀ, ਗਿਆਨੀ ਬਿਬੇਕਾ ਸਿੰਘ ਜੀ, ਗਿਆਨੀ ਹਰ ਸਿੰਘ ਜੀ ਤੇ ਅਕਾਲੀ ਕੌਰ ਸਿੰਘ ਜੀ ਆਦਿਕ ਕਈ ਸਜਨਾਂ ਨਾਲ ਵਿਚਾਰ ਕਰਕੇ ਦਾਸ ਨੇ 'ਮਗੁ ਨ' ਪਾਠ ਸ਼ੁਧ ਸਮਝ ਕੇ ਇਸ ਦਾ ਅਰਥ ਏਹੀ ਸਮਝਿਆ ਜੋ ਉਪਰ ਕੀਤਾ ਹੈ । ਵਿਚਾਰ ਬਥੇਰੀ ਹੋ ਸਕਦੀ ਹੈ ਅਤੇ ਕਈ ਵੇਰੀ ਕਈਆਂ ਸਜਨਾਂ ਨਾਲ ਕੀਤੀ ਵੀ ਗਈ ਹੈ, ਪਰ ਸੱਜਣ ਜਨ ਇੰਨੇ ਵਿਚ ਹੀ ਸਮਝ ਜਾਣਗੇ। ਅਗੇ ਸ੍ਰੀ ਗੁਰੂ ਜੀ ਦੀ ਗਤੀ ਸਤਿਗੁਰੂ ਜੀ ਆਪ ਹੀ ਜਾਣਦੇ ਹਨ ।

**੧. ਮੰਨੈ ਪਾਵਹਿ ਮੋਖੁ ਦੁਆਰੁ ॥ ੨. ਮੰਨੈ ਪਰਵਾਰੈ ਸਾਧਾਰੁ ॥ ੩. ਮੰਨੈ ਤਰੈ ਤਾਰੇ ਗੁਰੁ ਸਿਖ ॥ ੪. ਮੰਨੈ ਨਾਨਕ ਭਵਹਿ ਨ ਭਿਖ ॥ ੫. ਐਸਾ ਨਾਮੁ ਨਿਰੰਜਨੁ ਹੋਇ ॥ ੬. ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥**

ਪਦ ਅਰਥ—ਮੋਖੁ ਦੁਆਰੁ=ਅਜ਼ਾਦੀ ਦਾ ਰਾਹ, ਮੁਕਤੀ ਦਾ ਦਰਵਾਜ਼ਾ । ਸਾਧਾਰੁ=ਸੁਧਾਰ ਲੈਣਾ । ਭਿਖ=ਚੁਰਾਸੀ ਲਖ ਜੂਨ੍ਹਾਂ।

ਅਰਥ—੧. ਮੰਨਣ ਵਾਲਾ ਅਜ਼ਾਦੀ ਦਾ ਰਾਹ ਪਾਉਂਦਾ ਹੈ । ੨. ਮੰਨਣ ਵਾਲਾ ਪਰਵਾਰ ਨੂੰ ਸੁਧਾਰ ਲੈਂਦਾ ਹੈ । ੩. ਮੰਨਣ ਵਾਲਾ ਆਪ ਤਰਦਾ ਹੈ ਹੋਰਨਾਂ ਨੂੰ ਗੁਰੂ ਦੇ ਸਿਖ ਬਣਾ ਕੇ ਤਾਰਦਾ ਹੈ । ੪. ਸਤਿਗੁਰੂ ਜੀ ਆਖਦੇ ਹਨ ਮੰਨਣ ਵਾਲਾ ਜੂਨਾਂ ਵਿਚ ਨਹੀਂ ਭੌਂਦਾ । ੫. ਵਾਹਿਗੁਰੂ ਜੀ ਦੇ ਨਾਮ ਮੰਨਣ ਦਾ ਅਜਿਹਾ ਪ੍ਰਤਾਪ ਹੁੰਦਾ ਹੈ । ੬. ਜਿਹੜਾ ਕੋਈ ਮੰਨਦਾ ਹੈ, ਓਹੀ ਜਾਣਦਾ ਹੈ ਪਰ ਮੰਨਦਾ ਕੋਈ ਵਿਰਲਾ ਹੈ ॥੧੫॥

ਸਿਧਾਂਤ—ਪਿਛਲੀਆਂ ਚੌਹਾਂ ਪਉੜੀਆਂ ਵਿਚ 'ਸੁਣਿਐ' ਦੀ ਮਹਿਮਾ ਕਹੀ ਸੀ । 'ਸੁਣਿਐ' ਦਾ ਮਤਲਬ ਹੈ ਕਿ ਚੰਗੀ ਤਰ੍ਹਾਂ ਕਿਸੇ ਗੱਲ ਨੂੰ ਗ੍ਰਹਿਣ ਕਰ ਲੈਣਾ ਅਤੇ ਗ੍ਰਹਿਣ ਕੀਤੀ ਹੋਈ ਗੱਲ ਦੇ ਮੁਤਾਬਕ ਆਪਣਾ ਅਮਲੀ ਜੀਵਨ ਬਣਾ ਲੈਣਾ 'ਮੰਨਿਆ' ਕਹਾਉਂਦਾ ਹੈ । ਜਿਵੇਂ—ਅਸਾਂ ਸੁਣਿਆ ਹੈ, ਜੋ ਗੁਰੂ ਚੰਗਾ ਹੈ ਅਤੇ ਚੰਗਾ ਸਮਝ ਕੇ ਗੁਰ ਸਿੱਖੀ ਉਪਰ ਚੱਲਣ ਦਾ ਯਤਨ ਕਰਦੇ ਅਤੇ ਚਲਦੇ ਵੀ ਹਾਂ, ਪਰ ਜਿੰਨਾਂ ਚਿਰ ਯਤਨ ਨਾਲ ਚਲਦੇ ਹਾਂ, ਉਨਾਂ ਚਿਰ ਅਸੀਂ ਸੁਣਿਆ ਦੇ ਮੰਡਲ ਵਿਚ ਹਾਂ । ਜਦ ਗੁਰਸਿੱਖੀ ਸਾਡਾ ਜੀਵਨ ਹੀ ਹੋ ਜਾਏ, ਜਿਵੇਂ ਭੁਖਾ ਰੋਟੀ ਵੱਲੇ ਅਤੇ ਬੱਚਾ ਮਾਂ ਵੱਲੇ ਆਪਣੇ ਆਪ ਦੌੜਦੇ ਹਨ, ਇਵੇਂ ਸਾਡਾ ਮਨ ਆਪਣੇ ਆਪ ਗੁਰਸਿੱਖੀ ਦੇ ਕੇਂਦਰ ਵਿਚ ਟਿਕੇ । ਮੱਛੀ ਪਾਣੀ ਨੂੰ ਛਡ ਕੇ ਜੀਉ ਨਹੀਂ ਸਕਦੀ, ਇਵੇਂ ਅਸੀਂ ਗੁਰਸਿੱਖੀ ਬਾਝ ਜੀਅ ਨ ਸਕੀਏ, ਤਾਂ ਇਹ ਹੈ 'ਮੰਨਣਾ' । ਜਿਨ੍ਹਾਂ ਨੇ ਅਜਿਹਾ ਮੰਨਿਆ ਹੈ ਉਨ੍ਹਾਂ ਦੀ ਮਹਿਮਾ ਦਾ ਇਨ੍ਹਾਂ ਚੌਹਾਂ ਪਉੜੀਆਂ ਵਿਚ ਵਰਣਨ ਕਰਕੇ ਸਿਖ ਦੀ ਰੁਚੀ ਵਧਾਉਣ ਦਾ ਯਤਨ ਕੀਤਾ ਹੈ ਕਿ ਸਿਖ ਦਾ ਜੀਵਨ ਸਚਮੁਚ ਅਮਲੀ ਜੀਵਨ ਹੋ ਜਾਏ ।

ਉਪਦੇਸ਼—ਜੋ ਕੁਝ ਸੁਣਿਆ ਹੈ ਉਸ ਨੂੰ ਅਮਲ ਵਿਚ ਲਿਆਓ, ਤਦ ਸਭ ਮੁਸ਼ਕਲਾਂ ਦੂਰ ਹੋ ਜਾਣ ਮਗਰੋਂ ਆਜ਼ਾਦੀ ਪਾ ਲਵੋਗੇ ।

ਪ੍ਰਸ਼ਨ—ਸਤਿਗੁਰੂ ਜੀ ! ਜਿਨ੍ਹਾਂ ਨੇ ਸੁਣਿਆ ਤੇ ਮਨ ਵਿਚ ਭਾਉ

ਰਖਿਆ ਹੈ ਉਨ੍ਹਾਂ ਨੂੰ ਅਸੀਂ ਕਿਸ ਨਾਮ ਨਾਲ ਯਾਦ ਕਰ ਸਕਦੇ ਹਾਂ ਅਤੇ ਲੋਕ ਪ੍ਰਲੋਕ ਵਿਚ ਉਨ੍ਹਾਂ ਦਾ ਕਿੰਨਾ ਕੁ ਮਾਣ ਹੁੰਦਾ ਹੈ ?

ਉੱਤਰ—

**੧. ਪੰਚ ਪਰਵਾਣ ਪੰਚ ਪਰਧਾਨੁ ॥ ੨. ਪੰਚੇ ਪਾਵਹਿ ਦਰਗਹਿ ਮਾਨੁ ॥ ੩. ਪੰਚੇ ਸੋਹਹਿ ਦਰਿ ਰਾਜਾਨੁ ॥ ੪. ਪੰਚਾ ਕਾ ਗੁਰੁ ਏਕੁ ਧਿਆਨੁ ॥**

ਪਦ ਅਰਥ—ਪੰਚ=ਜਿਨ੍ਹਾਂ ਨੇ ਸੁਣਿਆ ਤੇ ਮੰਨਿਆ ਹੈ, ਅਮਲੀ ਜੀਵਨ ਵਾਲੇ ਸਮਦ੍ਰਿਸਟਾ ਤੇ ਸਮ ਵਰਤੀ, ਪੈਂਚ, ਮੁਖੀ । ਧਿਆਨ=ਖਿਆਲ ।

ਅਰਥ—੧. ਪੰਚ ਪਰਵਾਨ ਹਨ, ਅਰਥਾਤ ਉਨ੍ਹਾਂ ਦਾ ਜਨਮ ਸਫਲਾ ਹੈ ਅਤੇ ਪੰਚ ਹੀ ਪਰਧਾਨ ਹਨ । ੨. ਪੰਚ ਹੀ ਦਰਗਾਹ ਵਿਚ ਮਾਨ ਪਾਉਣਗੇ । ੩. ਰਾਜਿਆਂ ਦੇ ਦਰਬਾਰ ਵਿਚ ਵੀ ਪੰਚ ਹੀ ਸੋਭਦੇ ਹਨ। ੪. ਪੰਚਾਂ ਦਾ ਗੁਰੂ ਅਤੇ ਖਿਆਲ ਇਕ ਹੈ, ਅਰਥਾਤ ਗੁਰੂ ਦੇ ਹੁਕਮ ਵਿਚ ਰਹਿਣਾ ਹੀ ਉਨ੍ਹਾਂ ਦਾ ਪ੍ਰਪੱਕ ਖਿਆਲ ਹੈ, ਇਸ ਤੋਂ ਬਿਨਾਂ ਉਹ ਹੋਰ ਕਿਸੇ ਗੱਲ ਦਾ ਧਿਆਨ ਹੀ ਨਹੀਂ ਕਰਦੇ ।

ਪ੍ਰਸ਼ਨ—ਕ੍ਰਿਪਾਲੂ ਸਤਿਗੁਰੂ ਜੀ ! ਸਾਰੇ ਧਾਰਮਕ ਆਗੂਆਂ ਨੇ ਕੁਦਰਤੀ ਰਚਨਾ ਦਾ ਕੁਝ ਨ ਕੁਝ ਵਰਣਨ ਕੀਤਾ ਹੈ । ਕੋਈ ਧਰਤੀ ਦਾ ਆਸਰਾ ਬਲਦ ਕਹਿੰਦਾ ਹੈ, ਕੋਈ ਸ਼ੇਸ਼ਨਾਗ ਅਤੇ ਕੋਈ ਅੱਠ ਦਿਗਜ ਹੀ ਕਹਿ ਰਿਹਾ ਹੈ, ਪਰ ਆਪ ਨੇ ਅਜੇ ਤਕ ਇਸ ਵਿਸ਼ੇ ਬਾਬਤ ਕੁਝ ਵੀ ਨਹੀਂ ਫੁਰਮਾਇਆ । ਕ੍ਰਿਪਾ ਕਰਕੇ ਕੁਝ ਤਾਂ ਦਸੋ ।

ਉੱਤਰ—

**੫. ਜੇ ਕੋ ਕਹੈ ਕਰੈ ਵੀਚਾਰੁ ॥ ੬. ਕਰਤੇ ਕੈ ਕਰਣੈ ਨਾਹੀ ਸੁਮਾਰੁ ॥ ੭. ਧੌਲੁ ਧਰਮੁ ਦਇਆ ਕਾ ਪੂਤੁ ॥ ੮. ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**

ਪਦ ਅਰਥ—ਧੌਲੁ=ਬਲਦ । ਸੁਮਾਰੁ=ਗਿਣਤੀ, ਹਿਸਾਬ । ਸੂਤਿ=ਮਰਯਾਦਾ ।

ਅਰਥ—੫. ਜਿਹੜਾ ਕੋਈ ਕਰਤਾਰ ਦੀ ਰਚਨਾ ਦਾ ਜ਼ਿਕਰ ਕਹਿੰਦਾ ਹੈ, ਜੇਕਰ ਉਹ ਵਿਚਾਰ ਕਰੇ ਤਾਂ ਉਸ ਨੂੰ ਪਤਾ ਲਗ ਜਾਏਗਾ ਜੋ ੬. ਕਰਤਾਰ ਦੀ ਰਚਨਾ ਦਾ ਹਿਸਾਬ ਨਹੀਂ ਹੋ ਸਕਦਾ । ੭. ਧਰਮ ਬਲਦ ਹੈ, ਜੋ ਦਇਆ ਦਾ ਪੁਤਰ ਹੈ । ੮. ਦੂਜਾ ਸੰਤੋਖ ਹੈ ਜਿਸ ਨੇ ਜਗਤ ਦੀ ਮਰਿਆਦਾ ਨੂੰ ਕਾਇਮ ਰਖਿਆ ਹੋਇਆ ਹੈ ।

ਪ੍ਰਸ਼ਨ—ਸਤਿਗੁਰੂ ਜੀ ! ਆਪ ਨੇ ਫੁਰਮਾਇਆ ਹੈ ਜੋ ਧਰਮ ਬਲਦ ਹੈ ਜੋ ਜ਼ਮੀਨ ਨੂੰ ਚੁੱਕੀ ਖੜਾ ਹੈ ਅਤੇ ਸੰਤੋਖ ਨੇ ਮਰਿਆਦਾ ਕਾਇਮ ਰੱਖੀ ਹੋਈ ਹੈ, ਪਰ ਪੁਰਾਣਾਂ ਵਿਚ ਤਾਂ ਗਊ ਦਾ ਬੱਚਾ ਬਲਦ ਲਿਖਿਆ ਹੋਇਆ ਹੈ ਅਤੇ ਪੰਡਤ ਲੋਕ ਇਸੇ ਗੱਲ ਤੇ ਜ਼ੋਰ ਦੇਂਦੇ ਹਨ, ਕੀ ਉਨ੍ਹਾਂ ਦਾ ਕਿਹਾ ਸੱਚ ਹੈ ?

ਉੱਤਰ—

**੯. ਜੇ ਕੋ ਬੁਝੈ ਹੋਵੈ ਸਚਿਆਰੁ ॥ ੧੦. ਧਵਲੈ ਉਪਰਿ ਕੇਤਾ ਭਾਰੁ ॥ ੧੧. ਧਰਤੀ ਹੋਰੁ ਪਰੈ ਹੋਰੁ ਹੋਰੁ ॥ ੧੨. ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥**

ਪਦ ਅਰਥ—ਸਚਿਆਰੁ=ਸਿਆਣਾ। ਧਵਲੈ=ਬਲਦ। ਜੋਰੁ=ਆਸਰਾ।

ਅਰਥ—੯. ਜੇ ਕੋਈ ਸਿਆਣਾ ਹੋਵੇ ਤਾਂ ਉਸ ਪੰਡਤ ਨੂੰ ਪੁਛੋ। ੧੦. ਜੋ ਉਸ ਬਲਦ ਉਤੇ ਕਿੰਨਾਂ ਕੁ ਭਾਰ ਹੈ? ਕਿਉਂਕਿ ੧੧. ਇਸ ਧਰਤੀ ਤੋਂ ਪਰੇ ਹੋਰ ਧਰਤੀ ਹੈ, ਅਤੇ ਉਸ ਤੋਂ ਪਰੇ ਹੋਰ ਅਤੇ ਉਸ ਤੋਂ ਅਗੇ ਹੋਰ ਧਰਤੀ ਹੈ ਤਾਂ ਦਸੋ ੧੨. ਕਿਹੜਾ ਐਡੇ ਜ਼ੋਰ ਵਾਲਾ ਹੈ ਜੋ ਉਨ੍ਹਾਂ ਜ਼ਮੀਨਾਂ ਦੇ ਭਾਰ ਹੇਠਾਂ ਖੜਾ ਹੈ।

ਪ੍ਰਸ਼ਨ—ਸਤਿਗੁਰੂ ਜੀ! ਆਪ ਨੇ ਤਾਂ ਇਕੋ ਗੱਲ ਕਹਿ ਕੇ ਝਗੜਾ ਨਿਬੇੜ ਦਿਤਾ ਪਰ ਦੁਨੀਆਂ ਦੇ ਵਿਦਵਾਨਾਂ ਨੇ ਤਾਂ ਸਾਰੇ ਹਿਸਾਬ ਲਾ ਲਾ ਕੇ ਹਰੇਕ ਗੱਲ ਦਾ ਹਿਸਾਬ ਕਰਕੇ ਦਸ ਦਿਤਾ ਹੈ, ਕੀ ਉਨ੍ਹਾਂ ਦਾ ਕਿਹਾ ਝੂਠ ਹੈ?

ਉੱਤਰ—

**੧੩. ਜੀਅ ਜਾਤਿ ਰੰਗਾ ਕੇ ਨਾਵ॥ ੧੪. ਸਭਨਾ ਲਿਖਿਆ ਵੁੜੀ ਕਲਾਮ॥ ੧੫. ਏਹੁ ਲੇਖਾ ਲਿਖਿ ਜਾਣੈ ਕੋਇ॥ ੧੬. ਲੇਖਾ ਲਿਖਿਆ ਕੇਤਾ ਹੋਇ॥ ੧੭. ਕੇਤਾ ਤਾਣੁ ਸੁਆਲਿਹੁ ਰੂਪੁ॥ ੧੮. ਕੇਤੀ ਦਾਤਿ ਜਾਣੈ ਕੌਣੁ ਕੂਤੁ॥**

ਪਦ ਅਰਥ—ਵੁੜੀ ਕਲਾਮ=ਸ਼ਾਹੀ ਦੀ ਭਰੀ ਹੋਈ ਹਵਾ ਵਾਂਗੂੰ ਤੇਜ਼ ਲਿਖਣ ਵਾਲੀ ਕਲਮ, ਕਰਤਾਰ ਦਾ ਹੁਕਮ। ਤਾਣੁ=ਜ਼ੋਰ। ਸੁਆਲਿਹੁ=ਸੁੰਦਰਤਾ। ਕੂਤੁ=ਕੁਵਤ, ਤਾਕਤ।

ਅਰਥ—੧੩. ਜੀਵਾਂ, ਜਾਤਾਂ ਰੰਗਾਂ ਅਤੇ ਉਨ੍ਹਾਂ ਸਭਨਾਂ ਦੇ ਨਾਮ

੧੪. ਇਨ੍ਹਾਂ ਸਭਨਾਂ ਦੇ ਸਿਰ ਉਤੇ ਕਰਤਾਰ ਦੇ ਹੁਕਮ ਰੂਪੀ ਤੇਜ ਕਲਮ ਦਾ ਲਿਖਿਆ ਹੋਇਆ ਹੈ ੧੫. ਇਸ ਹਿਸਾਬ ਨੂੰ ਲਿਖਣਾ ਕੌਣ ਜਾਣ ਸਕਦਾ ? ੧੬. ਲੇਖਾ ਲਿਖਿਆ ਵੀ ਜਾਏ ਤਾਂ ਪਤਾ ਨਹੀਂ ਕਿੰਨਾ ਕੁ ਹੋਵੇਗਾ ? ਕਿਉਂਕਿ ਇਹ ਕਿਸੇ ਨੂੰ ਪਤਾ ਨਹੀਂ ਜੋ ੧੭. ਕਰਤਾਰ ਦਾ ਜੋਰ ਕਿੰਨਾ ਹੈ ? ਅਤੇ ਰੂਪ ਦੀ ਸੁਹੱਪਣਤਾ ਕਿੰਨੀ ਹੈ ? ੧੮. ਉਸ ਦੀ ਦਾਤ ਕਿੰਨੀ ਹੈ ? ਕਿਸ ਵਿਚ ਤਾਕਤ ਹੈ ਜੋ ਇਨ੍ਹਾਂ ਗੱਲਾਂ ਨੂੰ ਜਾਣੇਗਾ ?

ਪ੍ਰਸ਼ਨ—ਸਤਿਗੁਰੂ ਜੀ ! ਭਾਵੇਂ ਇਹ ਤਾਂ ਸੱਚ ਹੈ, ਜੋ ਕਰਤਾਰ ਦੇ ਕਰਤਬਾਂ ਦਾ ਹਿਸਾਬ ਕੀਤੇ ਹੋਏ ਤੋਂ ਹੋ ਹੀ ਨਹੀਂ ਸਕਦਾ, ਪਰ ਕੁਝ ਨਾ ਕੁਝ ਉਸ ਦੇ ਗੁਣ ਨੂੰ ਤਾਂ ਅਸੀਂ ਕਹਿ ਸਕਦੇ ਹਾਂ, ਇਸ ਲਈ ਆਪ ਕ੍ਰਿਪਾ ਕਰਕੇ ਕੁਝ ਤਾਂ ਦਸੋ—

ਉੱਤਰ—

**੧੯. ਕੀਤਾ ਪਸਾਉ ਏਕੋ ਕਵਾਉ ॥ ੨੦. ਤਿਸ ਤੇ ਹੋਏ ਲਖ ਦਰੀਆਉ ॥ ੨੧. ਕੁਦਰਤਿ ਕਵਣ ਕਹਾ ਵੀਚਾਰੁ ॥ ੨੨. ਵਾਰਿਆ ਨ ਜਾਵਾ ਏਕ ਵਾਰ ॥ ੨੩. ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ੨੪. ਤੂ ਸਦਾ ਸਲਾਮਤਿ ਨਿਰੰਕਾਰ ॥੧੬॥**

ਪਦ ਅਰਥ—ਪਸਾਉ=ਪਸਾਰਾ । ਕਵਾਉ=ਕੁਦਰਤ, ਫੁਰਨਾ, ਮਾਯਾ । ਵਾਰਿਆ=ਵਰਨਣ । ਵਾਰ=ਵਾਲ ।

ਅਰਥ—੧੯. ਇਕ ਨੇ ਕੁਦਰਤ ਤੋਂ ਹੀ ਸਾਰਾ ਪਸਾਰਾ ਕੀਤਾ ਹੈ । ੨੦. ਉਸੇ ਕੁਦਰਤ ਤੋਂ ਹੀ ਲੱਖਾਂ ਸਿਲਸਿਲੇ ਜਾਰੀ ਹੋਏ ਹਨ । ੨੧.

ਉਸ ਕੁਦਰਤ ਦਾ ਕਿਹੜਾ ਕਿਹੜਾ ਵਿਚਾਰ ਕਹਾਂ ? ਅਰਥਾਤ ਵਿਚਾਰ ਕਿਹਾ ਨਹੀਂ ਜਾਂਦਾ । ੨੨. ਮੈਥੋਂ ਤਾਂ ਇਕ ਵਾਲ ਜਿੰਨਾਂ ਵੀ ਕੁਦਰਤ ਦਾ ਵਰਣਨ ਨਹੀਂ ਹੋ ਸਕਦਾ ਇਸ ਲਈ ਏਹੋ ਕਹਿੰਦਾ ਹਾਂ । ੨੩. ਜੋ ਤੈਨੂੰ ਭਾਉਂਦੀ ਹੈ, ਸਾਡੇ ਹੱਕ ਵਿਚ ਓਹੀ ਕਾਰ ਚੰਗੀ ਹੈ । ੨੪. ਹੇ ਨਿਰੰਕਾਰ ! ਇਕ ਤੂੰ ਹੀ ਸਦਾ ਰਹਿਣ ਵਾਲਾ ਹੈਂ ॥੧੬॥

ਸਿਧਾਂਤ ੧—ਪਹਿਲੀਆਂ ਚੌਹਾਂ ਤੁਕਾਂ ਵਿਚ ਇਹ ਗੱਲ ਜ਼ਾਹਰ ਕੀਤੀ ਹੈ ਕਿ ਜਿਨ੍ਹਾਂ ਨੇ ਕਰਤਾਰ ਦੇ ਨਾਮ ਦਾ ਗਾਉਣਾ, ਸੁਣਨਾ ਤੇ ਮੰਨਣਾ ਕੀਤਾ ਹੈ ਉਨ੍ਹਾਂ ਦਾ ਨਾਮ ਹੈ 'ਪੰਚ' । ਯਥਾ-

*ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥*

*[ਸਲੋਕ ਮ: ੪*

ਜਿਵੇਂ ਜਗਤ ਵਿਚ ਪੈਂਚਾਂ ਦਾ ਕਿਹਾ ਹੀ ਪ੍ਰਵਾਨ ਹੁੰਦਾ ਹੈ, ਅਤੇ ਪੰਚਾਂ ਨੂੰ ਹੀ ਪ੍ਰਧਾਨ ਮੰਨਿਆ ਜਾਂਦਾ ਹੈ, ਇਵੇਂ ਹੀ ਨਿਰੰਕਾਰ ਦੇ ਦੇਸ ਵਿਚ ਉਨ੍ਹਾਂ ਪੰਚਾਂ ਨੂੰ ਪ੍ਰਧਾਨ ਤੇ ਉਨ੍ਹਾਂ ਦਾ ਕਿਹਾ ਹੀ ਪ੍ਰਵਾਨ ਹੁੰਦਾ ਹੈ ਜੋ ਇਕ ਦੇ ਧਿਆਨ ਵਿਚ ਹੀ ਸਦਾ ਲਗੇ ਰਹਿੰਦੇ ਹਨ ।

੨—ਜਗਤ ਦੀ ਬਨਾਵਟ ਪੰਜਾਂ ਤੱਤਾਂ ਤੋਂ ਹੈ । ਇਨ੍ਹਾਂ ਤੱਤਾਂ ਦਾ ਧਰਮ ਆਪੋ ਆਪਣਾ ਹੈ । ਇਕ ਦਾ ਧਰਮ ਦੂਜੇ ਦਾ ਵਿਰੋਧੀ, ਦੂਜੇ ਦਾ ਤੀਜਾ ਨਾਸਕ, ਇਵੇਂ ਹੀ ਸਾਰੇ ਸਮਝ ਲੈਣੇ ਚਾਹੀਦੇ ਹਨ ਅਰਥਾਤ ਅੱਗ ਦਾ ਧਰਮ ਹੈ ਸਾੜਨਾ ਅਤੇ ਪਾਣੀ ਦਾ ਧਰਮ ਹੈ ਬੁਝਾਣਾ, ਪਰ ਇਹ ਕਰਤਾਰ ਦੀ ਮਿਹਰ ਨਾਲ ਹੀ ਇਨ੍ਹਾਂ ਵਿਚ ਪੈਦਾ ਹੋਇਆ ਹੈ, ਜੇ ਕਰਤਾਰ ਦੀ ਮਿਹਰ ਨਾ ਹੁੰਦੀ ਤਾਂ ਕਦੇ ਵੀ 'ਕਾਠ' ਦੀ ਦੁਸ਼ਮਨ 'ਅੱਗ' ਕਾਠ ਵਿਚ ਨ ਰਹਿੰਦੀ, ਅਤੇ ਉਸ ਦੇ ਵਿਚ ਹੁੰਦਿਆਂ ਕਦੇ ਦਰਖਤ ਹਰਾ ਭਰਾ ਨ ਹੁੰਦਾ । ਇਹ ਸਭ ਕਰਤਾਰ ਦੀ ਮਿਹਰ ਹੈ, ਅਰਥਾਤ ਹਰ ਇਕ ਤੱਤ ਦਾ ਧਰਮ ਇਕ ਦੂਜੇ ਦਾ ਵਿਰੋਧੀ ਹੈ ਅਤੇ ਉਹ ਧਰਮ ਕਰਤਾਰ ਦੀ ਦਇਆ ਤੋਂ ਸਾਜਿਆ ਗਿਆ ਹੈ ।

ਦੂਜਾ ਹੈ 'ਸੰਤੋਖ' ਜਿਸ ਨੇ ਆਪੋ ਵਿਚ ਦੇ ਵੈਰ ਨੂੰ ਜਰ ਲਿਆ ਹੈ ਵੈਰ ਨੂੰ ਅੰਦਰ ਲੁਕੋ ਕੇ ਇਕ ਤੱਤ ਦਾ ਦੂਜੇ ਨਾਲ, ਦੂਜੇ ਦਾ ਤੀਜੇ ਨਾਲ, ਤੀਜੇ ਦਾ ਚੌਥੇ ਅਤੇ ਚੌਥੇ ਦਾ ਪੰਜਵੇਂ ਨਾਲ ਸਬੰਧ ਕਰਾ ਕੇ ਸੰਤੋਖ ਨੇ ਬ੍ਰਹਮੰਡ ਦੀ ਮਰਿਆਦਾ ਨੂੰ ਥਿਰ ਰਖਿਆ ਹੈ, ਅਰਥਾਤ 'ਸਤ੍ਰ ਮਿਤ੍ਰ ਮਿਲ ਦੇਹ ਬਨਾਈ' । ਪੰਜੇ ਤੱਤ ਆਪੋ ਵਿਚ ਇਕ ਦੂਜੇ ਦੇ ਦੁਸ਼ਮਨ ਸਨ, ਪਰ ਸੰਤੋਖ ਨੇ ਇਨ੍ਹਾਂ ਨੂੰ ਮਿਤਰਾਂ ਵਾਂਗੂੰ ਮਿਲਾ ਕੇ ਦੇਹ ਬਣਾ ਦਿਤੀ। ਬਸ, ਜਗਤ ਦੀ ਰਚਨਾ ਇਉਂ ਰਚੀ ਗਈ। ਏਹੋ ਭਾਵ ਸਾਰੇ ਖੰਡਾਂ ਬ੍ਰਹਮੰਡਾਂ ਦੀ ਬਨਾਵਟ ਤੇ ਢੁਕ ਸਕਦਾ ਹੈ। ਅਰਥਾਤ ਜੇ ਕਰਤਾਰ ਸੂਰਜ ਵਿਚ 'ਤਪਤ' ਧਰਮ ਪੈਦਾ ਨ ਕਰਦਾ ਤਾਂ ਖੇਤੀਆਂ ਨਾ ਪਕਦੀਆਂ, ਅਤੇ ਜੇਕਰ ਵਾਹਿਗੁਰੂ ਇਸ ਨੂੰ ਸੰਤੋਖ ਵਿਚ ਨਾ ਰਖਦਾ ਤਾਂ ਇਹ ਇਕ ਦਿਨ ਵਿਚ ਹੀ ਸਭ ਕੁਝ ਸਾੜ ਕੇ ਫਨਾਹ ਕਰ ਦੇਂਦਾ। ਇਵੇਂ ਹੀ ਸਭਨਾਂ ਬਾਬਤ ਸਮਝਿਆ ਜਾ ਸਕਦਾ ਹੈ। ਸਿੱਟਾ ਇਹ ਨਿਕਲਿਆ ਕਿ 'ਧਰਮ ਦੇ ਸਹਾਰੇ ਜਗਤ ਖੜਾ ਹੈ, ਧਰਮ ਨੂੰ ਕਾਇਮ ਰਖਣ ਵਾਲਾ ਸੰਤੋਖ ਹੈ, ਪਰ ਇਹ ਸਭ ਕੁਝ ਕਰਤਾਰ ਦੀ ਮਿਹਰ ਦਾ ਫਲ ਹੈ' ।

੩—ਇਸ ਤੋਂ ਉਲਟ ਜੋ ਕੂਕਦੇ ਹਨ ਕਿ ਜਗਤ ਦਾ ਸਹਾਰਾ ਇਕ ਬੈਲ ਹੈ, ਬਲਦ ਨੇ ਹੀ ਧਰਤੀ ਨੂੰ ਸਿੰਙਾਂ ਉਤੇ ਚੁਕਿਆ ਹੋਇਆ ਹੈ। ਦੁਰਜਨ ਤੋਸ਼ ਨਯਾਯ ਅਨੁਸਾਰ ਗੁਰੂ ਜੀ ਉਨ੍ਹਾਂ ਤੋਂ ਪੁਛਦੇ ਹਨ :— ਭਲਾ ਇਹ ਤਾਂ ਦੱਸੋ, ਜਿਸ ਬੈਲ ਨੇ ਧਰਤੀ ਚੁਕੀ ਹੈ ਉਹ ਕਿਸ ਤੇ ਖੜਾ ਹੈ ? ਕਿਉਂਕਿ ਬੈਲ ਵੀ ਕਿਸੇ ਸਹਾਰੇ ਤੋਂ ਬਿਨਾਂ ਠਹਿਰ ਨਹੀਂ ਸਕਦਾ। ਤਦ ਮੰਨਣਾ ਪਏਗਾ ਜੋ ਇਕ ਧਰਤੀ ਇਸ ਤੋਂ ਹੇਠਾਂ ਹੋਰ ਹੈ ਜਿਸ ਤੇ ਉਹ ਬੈਲ ਖੜਾ ਹੈ ਜਿਸ ਨੇ ਕਿ ਧਰਤੀ ਨੂੰ ਸਿੰਙਾਂ ਉਤੇ ਚੁਕਿਆ ਹੋਇਆ ਹੈ। ਜਦ ਇਹ ਸਾਬਤ ਹੋ ਗਿਆ ਕਿ ਇਸ ਤੋਂ ਹੇਠਾਂ ਹੋਰ ਧਰਤੀ ਹੈ ਤਾਂ ਦੱਸੋ ਉਸ ਦਾ ਆਸਰਾ ਕੌਣ ਹੈ ? ਬਸ ! ਇਉਂ ਧਰਤੀ ਹੇਠਾਂ ਹੋਰ ਅਤੇ ਉਸਤੋਂ ਹੇਠਾਂ ਹੋਰ ਧਰਤੀ ਸਾਬਤ ਹੁੰਦੀ ਹੈ ਤੇ ਪੂਰਾ ਅਨਵਸਥਾ

ਦੋਸ਼ ਪ੍ਰਾਪਤ ਹੋ ਜਾਣ ਤੇ ਕੁਝ ਵੀ ਸਾਬਤ ਨਹੀਂ ਹੋਵੇਗਾ।

ਦੂਜਾ—ਉਹ ਬੈਲ ਕਿਸ ਬ੍ਰਹਮੰਡ ਨੂੰ ਚੁੱਕੀ ਖੜਾ ਹੈ ? ਕਿਉਂਕਿ ਕਰਤਾਰ ਦੀ ਰਚਨਾ ਤਾਂ ਕ੍ਰੋੜਾਂ ਬ੍ਰਹਮੰਡ ਹਨ। ਬੈਲ ਨੇ ਜੇ ਸਿੰਙਾਂ ਤੇ ਚੁਕਿਆ ਵੀ ਹੈ ਤਾਂ ਇਕ ਬ੍ਰਹਮੰਡ ਚੁਕਿਆ ਹੋਊ, ਦੂਜਿਆਂ ਦਾ ਆਸਰਾ ਕੌਣ ਹੈ ਅਤੇ ਉਨ੍ਹਾਂ ਹੇਠਾਂ ਕਿਹੜਾ ਬਲਵਾਨ ਖੜਾ ਹੈ ? ਇਸ ਲਈ ਇਹ ਕੱਚੀਆਂ ਗੱਲਾਂ ਛੱਡ ਕੇ 'ਸਭਨਾਂ ਦਾ ਆਸਰਾ ਕਰਤਾਰ ਹੈ' ਇਸ ਗੱਲ ਉਤੇ ਵਿਸ਼ਵਾਸ ਰੱਖੋ।

੪—ਕਰਤਾਰ ਦੀ ਰਚਨਾ ਬੇਅੰਤ ਹੈ, ਲੇਖੇ ਵਿਚ ਨਹੀਂ ਆ ਸਕਦੀ ਇਸ ਲਈ ਸਭ ਤੋਂ ਪਹਿਲੇ ਇਹ ਗੱਲ ਦੱਸੀ ਹੈ ਕਿ 'ਕਰਤੇ ਕੈ ਕਰਣੈ ਨਾਹੀ ਸੁਮਾਰੁ'। ਇਸ ਗੱਲ ਨੂੰ ਸਾਬਤ ਕਰਨ ਵਾਸਤੇ ਆਪ ਜੀ ਨੇ ਇਸ ਪਉੜੀ ਵਿਚ 'ਜੀਅ ਜਾਤਿ' ਤੋਂ ਲੈ ਕੇ 'ਜਾਣੈ ਕੌਣ ਕੂਤ' ਤਕ ਇਹ ਪ੍ਰਗਟ ਕੀਤਾ ਹੈ ਕਿ ਕਰਤਾਰ ਜੀ ਦੀ ਰਚਨਾ ਬੇਅੰਤ ਹੈ, ਇਸ ਨੂੰ ਜਾਨਣ ਦੀ ਕਿਸੇ ਵਿਚ ਤਾਕਤ ਨਹੀਂ ਹੈ।

੫—ਕਈਆਂ ਨੇ ਦੁਨੀਆਂ ਦੀ ਉਤਪਤੀ ਦੇ ਬਾਰੇ ਵਿਚ ਇਉਂ ਘੋਟ ਘੋਟ ਕੇ ਲਿਖਿਆ ਹੈ ਜਿਵੇਂ ਉਨ੍ਹਾਂ ਦੀਆਂ ਅੱਖਾਂ ਦੇ ਸਾਮ੍ਹਣੇ ਹੀ ਵਾਹਿਗੁਰੂ ਨੇ ਇਹ ਬਨਾਉ ਬਨਾਇਆ ਹੈ। ਇਹ ਤਾਂ ਉਸ ਤਰ੍ਹਾਂ ਹੈ ਜਿਵੇਂ 'ਨਾਨੇ ਹਾਲ ਵਖਾਨਦਾ ਮਾਂ ਪਾਸ ਇਆਣਾ'। ਜੋ ਬੱਚਾ ਅਜੇ ਜੰਮਿਆ ਹੀ ਹੈ ਉਹ ਮਾਂ ਕੋਲ ਨਾਨੇ ਦਾ ਹਾਲ ਸੁਣਾਵੇ ਤਾਂ ਇਹ ਕਹਿਣਾ ਪਾਗਲਾਂ ਦੀ ਖੇਡ ਨਾਲੋਂ ਕੁਝ ਘਟ ਨਹੀਂ ਹੈ। ਇਵੇਂ ਜਿਨ੍ਹਾਂ ਨੇ ਦੁਨੀਆਂ ਪੈਦਾ ਹੋਣ ਦੇ ਹਾਲ ਨੂੰ ਵੱਡੀ ਤਸ਼ਰੀਹ ਤੇ ਤਫਸੀਲ ਨਾਲ ਜ਼ਾਹਰ ਕੀਤਾ ਹੈ। ਇਹ ਭੀ ਉਸੇ ਸੰਗਲੀ ਵਿਚ ਪ੍ਰੋਤੇ ਜ਼ਾਹਰ ਕਰਨ ਲਈ ਸਤਿਗੁਰੂ ਜੀ ਨੇ ਇਕ ਅਜਿਹੇ ਤਰੀਕੇ ਨਾਲ ਕਿਹਾ ਹੈ, ਜੋ 'ਸੌ ਸਿਆਣਿਆਂ ਇਕੋ ਮਤ' ਵਾਂਗੂੰ ਹੈ। ਅਰਥਾਤ ਇਕ ਕੁਦਰਤ ਤੋਂ ਹੀ ਕਾਦਰ ਨੇ ਸਭ ਬਣਾ ਲਿਆ ਹੈ, ਉਸੇ ਕੁਦਰਤ ਤੋਂ ਹੀ ਅਗੇ ਸਾਰੀ ਖੇਡ ਦਿਸ ਰਹੀ ਹੈ। ਇਸੇ ਗੱਲ ਦਾ

ਨਿਰਣਾ 'ਆਸਾ ਦੀ ਵਾਰ' ਵਿਚ ਜਾ ਕੀਤਾ ਹੈ, ਅਤੇ ਅੰਤ ਵਿਚ ਕਿਹਾ ਹੈ ਕਿ ਜਦ ਸਾਥੋਂ ਉਸ ਦੀ ਕੁਦਰਤ ਦਾ ਹੀ ਵਰਣਨ ਨਹੀਂ ਹੋ ਸਕਦਾ ਤਾਂ ਕਾਦਰ ਦਾ ਕਿਵੇਂ ਹੋ ਸਕੇਗਾ ?

ਉਪਦੇਸ਼—ਕਾਦਰ ਦੀ ਕੁਦਰਤ ਬੇਅੰਤ ਹੈ ਇਸ ਦਾ ਅੰਤ ਨਹੀਂ ਆਉਂਦਾ—ਇਹ ਸਮਝ ਕੇ ਕਾਦਰ ਦਾ ਅੰਤ ਪਾਉਣ ਦਾ ਯਤਨ ਨ ਕਰੋ ਅਤੇ ਉਸ ਦੇ ਹੁਕਮ ਨੂੰ ਮਿੱਠਾ ਮੰਨ ਕੇ ਹਮੇਸ਼ਾਂ ਉਸੇ ਦੇ ਦਰ ਉਤੇ ਡਿਗੇ ਰਹਿਣ ਦਾ ਹੀਲਾ ਕਰੋ ।

ਪ੍ਰਸ਼ਨ—ਸਤਿਗੁਰੂ ਜੀ ਆਪ ਨੇ ਫੁਰਮਾਇਆ ਹੈ ਕਿ ਕੁਦਰਤ ਦਾ ਵਰਨਣ ਨਹੀਂ ਹੋ ਸਕਦਾ । ਇਹ ਹੈ ਤਾਂ ਸੱਚ, ਪਰ ਵਰਣਨ ਕਰਨ ਵਲੋਂ ਮਨ ਰੁਕ ਵੀ ਨਹੀਂ ਸਕਦਾ । ਜਿਵੇਂ ਅਕਾਸ਼ ਦਾ ਅੰਤ ਪਾ ਤਾਂ ਕੋਈ ਨਹੀਂ ਸਕਦਾ, ਪਰ ਉਡਦੇ ਸਾਰੇ ਪੰਛੀ ਹਨ । ਇਵੇਂ ਸਾਡੀ ਸਮਝ ਵਾਸਤੇ ਆਪ ਜੀ ਨੂੰ ਕੁਝ ਨ ਕੁਝ ਕੁਦਰਤ ਦਾ ਵਰਣਨ ਵੀ ਕਰਨਾ ਚਾਹੀਦਾ ਹੈ ।

ਉੱਤਰ—

**੧. ਅਸੰਖ ਜਪ ਅਸੰਖ ਭਾਉ ॥ ੨. ਅਸੰਖ ਪੂਜਾ ਅਸੰਖ ਤਪ ਤਾਉ ॥ ੩. ਅਸੰਖ ਗਰੰਥ ਮੁਖਿ ਵੇਦ ਪਾਠ ॥ ੪. ਅਸੰਖ ਜੋਗ ਮਨਿ ਰਹਹਿ ਉਦਾਸ ॥ ੫. ਅਸੰਖ ਭਗਤ ਗੁਣ ਗਿਆਨ ਵੀਚਾਰ ॥ ੬. ਅਸੰਖ ਸਤੀ ਅਸੰਖ ਦਾਤਾਰ ॥ ੭. ਅਸੰਖ ਸੂਰ ਮੁਹ ਭਖ ਸਾਰ ॥ ੮. ਅਸੰਖ ਮੋਨਿ ਲਿਵ ਲਾਇ ਤਾਰ ॥ ੯.**

**ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ੧੦. ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥**

ਪਦ ਅਰਥ—ਭਾਉ=ਪ੍ਰੇਮ। ਤਾਉ=ਤਪਾਉਣਾ, ਕਰਨਾ। ਸਤੀ=ਪ੍ਰਣ ਪੂਰਾ ਕਰਨ ਵਾਲੇ, ਅਰਥਾਤ ਜੋ ਕੁਝ ਚੰਗਾ ਜਾਂ ਮੰਦਾ ਬਚਨ ਦਿਤਾ ਜਾ ਚੁਕਾ ਹੈ, ਉਸ ਨੂੰ ਪੂਰਾ ਕਰਨਾ ਭਾਵੇਂ ਆਪਣਾ ਨਾਸ ਹੀ ਹੋ ਜਾਏ, ਅਜਿਹੇ ਹਠ ਵਾਲੇ ਪੁਰਸ਼ਾਂ ਨੂੰ ਸਤੀ ਕਿਹਾ ਜਾਂਦਾ ਹੈ। ਸੂਰ=ਸੂਰਮੇ। ਭਖ=ਖਾਂਦੇ ਹਨ। ਸਾਰ=ਲੋਹਾ ਸ਼ਸਤਰ। ਲਿਵ ਲਾਇ ਤਾਰ=ਇਕ ਰਸ ਸਮਾਧੀ।

ਅਰਥ—੧. ਅਗਿਣਤ ਹੀ ਜਪ ਹਨ ਅਤੇ ਅਗਿਣਤ ਹੀ ਪ੍ਰੇਮ ਨਾਲ ਉਨ੍ਹਾਂ ਨੂੰ ਜਪਦੇ ਹਨ। ੨. ਅਸੰਖਾਂ ਹੀ ਪੂਜਾ ਹਨ ਅਤੇ ਅਨੇਕਾਂ ਹੀ ਤਪ ਆਦਿਕ ਕਰਮਾਂ ਨੂੰ ਕਰਦੇ ਹਨ। ੩. ਅਸੰਖਾਂ ਹੀ ਗ੍ਰੰਥ ਹਨ ਅਤੇ ਅਨੇਕਾਂ ਮੂੰਹ ਜ਼ਬਾਨੀ ਵੇਦ ਆਦਿਕ ਗ੍ਰੰਥਾਂ ਦਾ ਪਾਠ ਕਰਦੇ ਹਨ। ੪. ਅਗਿਣਤ ਹੀ ਜੋਗੀ ਹਨ ਜੋ ਮਨ ਕਰਕੇ ਉਦਾਸ ਰਹਿੰਦੇ ਹਨ। ੫. ਅਸੰਖਾਂ ਹੀ ਭਗਤ ਹਨ ਜੋ ਕਰਤਾਰ ਦੇ ਗੁਣ ਤੇ ਗਿਆਨ ਦੀ ਵਿਚਾਰ ਕਰਦੇ ਹਨ। ੬. ਅਨੇਕਾਂ ਹੀ ਸਤੀ ਹਨ, ਅਸੰਖਾਂ ਹੀ ਦਾਤੇ ਹਨ। ੭. ਅਗਿਣਤ ਹੀ ਸੂਰਮੇ ਹਨ ਜੋ ਮੂੰਹ ਉਤੇ ਸ਼ਸਤ੍ਰਾਂ ਦੀ ਮਾਰ ਖਾਂਦੇ ਹਨ। ੮. ਅਸੰਖਾਂ ਮੋਨੀ ਹਨ ਜੋ ਇਕ ਰਸ ਸਮਾਧੀ ਲਾਈ ਬੈਠੇ ਹਨ। ੯. ਕੁਦਰਤ ਦਾ ਕੀ ਵਿਚਾਰ ਕਹਾਂ ? ਇਕ ਵਾਲ ਜਿੰਨਾਂ ਵੀ ਕਿਹਾ ਨਹੀਂ ਜਾਂਦਾ। ੧੦. ਜੋ ਤੈਨੂੰ ਭਾਉਂਦਾ ਹੈ, ਓਹੀ ਗੱਲ ਚੰਗੀ ਹੈ, ਹੇ ਨਿਰੰਕਾਰ ! ਤੂੰ ਹਮੇਸ਼ਾਂ ਹੀ ਰਹਿਣ ਵਾਲਾ ਹੈਂ ॥੧੭॥

**੧. ਅਸੰਖ ਮੂਰਖ ਅੰਧ ਘੋਰ ॥ ੨. ਅਸੰਖ**

**ਚੋਰ ਹਰਾਮਖੋਰ ॥ ੩. ਅਸੰਖ ਅਮਰ ਕਰਿ ਜਾਹਿ ਜੋਰ ॥ ੪. ਅਸੰਖ ਗਲਵਢ ਹਤਿਆ ਕਮਾਹਿ ॥ ੫. ਅਸੰਖ ਪਾਪੀ ਪਾਪੁ ਕਰਿ ਜਾਹਿ ॥ ੬. ਅਸੰਖ ਕੂੜਿਆਰ ਕੂੜੇ ਫਿਰਾਹਿ ॥ ੭. ਅਸੰਖ ਮਲੇਛ ਮਲੁ ਭਖਿ ਖਾਹਿ ॥ ੮. ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ੯. ਨਾਨਕੁ ਨੀਚੁ ਕਹੈ ਵੀਚਾਰੁ ॥ ੧੦. ਵਾਰਿਆ ਨ ਜਾਵਾ ਏਕ ਵਾਰ ॥ ੧੧. ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ੧੨. ਤੂ ਸਦਾ ਸਲਾਮਤਿ ਨਿਰੰਕਾਰ ॥੧੮॥**

ਪਦ ਅਰਥ—ਅੰਧ ਘੋਰ=ਮਹਾਂ ਅਗਿਆਨੀ, ਮਹਾਂ ਮੂਰਖ । ਅਮਰ= ਹੁਕਮ । ਮਲੇਛ=[ਮਲ+ਇਛ] ਭੈੜੀ ਵਾਸ਼ਨਾ ਵਾਲੇ । ਮਲੁ ਭਖਿ=ਗੰਦੀ ਖੁਰਾਕ ।

ਅਰਥ—੧. ਅਗਿਣਤ ਹੀ ਮੂਰਖ ਅਤੇ ਮਹਾਂ ਮੂਰਖ ਹਨ । ੨. ਅਗਿਣਤ ਹੀ ਚੋਰ ਅਤੇ ਹਰਾਮ ਖਾਣੇ ਹਨ । ੩. ਅਗਿਣਤ ਹੀ ਜਗਤ ਵਿਚ ਜ਼ੋਰ ਦਾ ਹੁਕਮ ਕਰਕੇ ਚਲੇ ਜਾਂਦੇ ਹਨ । ੪. ਅਸੰਖਾਂ ਹੀ ਲੋਕਾਂ ਦੇ ਗਲ ਵਢ ਕੇ ਹੱਤਜਾ ਕਮਾਂਦੇ ਹਨ । ੫. ਅਗਿਣਤ ਹੀ ਪਾਪੀ ਪਾਪ ਕਰਕੇ ਚਲੇ ਜਾਂਦੇ ਹਨ । ੬. ਅਨੇਕਾਂ ਹੀ ਝੂਠੇ ਝੂਠ ਵਿਚ ਫਿਰ ਰਹੇ ਹਨ । ੭. ਅਗਿਣਤ ਹੀ ਮਲੇਛ ਗੰਦੀ ਖੁਰਾਕ ਖਾਂਦੇ ਹਨ । ੮. ਅਗਿਣਤ

ਹੀ ਨਿੰਦਾ ਕਰਕੇ ਸਿਰ ਤੇ ਭਾਰ ਚੁਕ ਰਹੇ ਹਨ । ੯. (ਇਹ) ਨਾਨਕ ਨੀਚ ਬਹੁਤਾ ਵੀਚਾਰ ਕੀ ਕਹੇ ? ੧੦. ਇਕ ਵਾਲ ਜਿੰਨਾਂ ਵੀ ਮੈਥੋਂ ਤਾਂ ਵਰਣਨ ਨਹੀਂ ਕੀਤਾ ਜਾਂਦਾ । ੧੧. ਜੋ ਤੈਨੂੰ ਭਾਉਂਦਾ ਹੈ ਉਹ ਹੀ ਕਾਰ ਚੰਗੀ ਹੈ । ੧੨. ਹੇ ਨਿਰੰਕਾਰ ! ਤੂੰ ਹਮੇਸ਼ਾ ਹੀ ਕਾਇਮ ਰਹਿਣ ਵਾਲਾ ਹੈਂ ॥੧੯॥

ਪ੍ਰਸ਼ਨ—ਸਤਿਗੁਰੂ ਜੀ ! ਲੋਕਾਂ ਨੇ ਵਾਹਿਗੁਰੂ ਦੇ ਨਾਮਾਂ ਦੀ ਵੀ ਗਿਣਤੀ ਕਰਕੇ ਕਿਹਾ ਹੈ, ਅਰਥਾਤ ਵਿਸ਼ਨੂੰ ਸਹੰਸਰ ਨਾਮ ਆਦਿ ਪੁਸਤਕਾਂ ਉਸ ਦੇ ਨਾਮਾਂ ਦੀ ਗਿਣਤੀ ਨਾਲ ਭਰੀਆਂ ਪਈਆਂ ਹਨ ਅਤੇ ਕਈਆਂ ਨੇ ਉਸ ਦੇ ਰਹਿਣ ਦੀ ਜਗ੍ਹਾ ਮੱਕਾ, ਜਗਨਨਾਥ, ਸਤਵਾਂ ਆਸਮਾਨ ਅਤੇ ਖੀਰ ਸਮੁੰਦਰ ਆਦਿਕ ਦਸਿਆ ਹੈ । ਪਰ ਆਪ ਪ੍ਰਗਟ ਕਰਨ ਦੀ ਕ੍ਰਿਪਾਲਤਾ ਕਰੋ ਜੋ ਉਨ੍ਹਾਂ ਦਾ ਖਿਆਲ ਸੱਚਾ ਹੈ ?

ਉੱਤਰ—

**੧. ਅਸੰਖ ਨਾਵ ਅਸੰਖ ਥਾਵ ॥ ੨. ਅਗੰਮ ਅਗੰਮ ਅਸੰਖ ਲੋਅ ॥ ੩. ਅਸੰਖ ਕਹਹਿ ਸਿਰਿ ਭਾਰੁ ਹੋਇ ॥**

ਅਰਥ—੧. ਕਰਤਾਰ ਦੇ ਨਾਮ ਵੀ ਅਣਗਿਣਤ ਹਨ, ਅਤੇ ਉਸ ਦੇ ਟਿਕਾਣੇ ਵੀ ਅਣਗਿਣਤ ਹਨ । ੨. ਪਰੇ ਤੋਂ ਪਰੇ ਜਿਥੋਂ ਤਕ ਸਾਡੀ ਪਹੁੰਚ ਨਹੀਂ ਹੋ ਸਕਦੀ ਉਸ ਦੇ ਬਣਾਏ ਹੋਏ ਅਸੰਖਾਂ ਹੀ ਲੋਕ ਹਨ । ੩. ਅਸੰਖ ਇਸ ਲਈ ਕਹੇ ਹਨ ਕਿ ਗਿਣਤੀ ਵਾਲੇ ਕਿਹਾਂ ਸਿਰ ਤੇ ਪਾਪ ਹੁੰਦਾ ਹੈ ਅਰਥਾਤ ਬੇਹਿਸਾਬ ਨੂੰ ਹਿਸਾਬ ਵਾਲਾ ਕਹਿਣਾ ਕੁਦਰਤੀ ਅਸੂਲਾਂ ਦਾ ਘਾਤ ਕਰਕੇ ਸਿਰ ਉਤੇ ਪਾਪ ਚੁਕਣਾ ਹੈ ।

ਪ੍ਰਸ਼ਨ—ਸਤਿਗੁਰੂ ਜੀ ! ਜਦ ਕੁਝ ਕਹਿਣਾ ਹੀ ਪਾਪ ਹੈ ਤਦ ਤਾਂ ਚੁਪ ਵੱਟ ਕੇ ਹੀ ਸਮਾਂ ਗੁਜ਼ਾਰਨਾ ਚੰਗਾ ਹੋਇਆ । ਜਦ ਚੁਪ ਕਰ ਬੈਠੇ

ਤਾਂ ਆਪਣੇ ਆਪ ਮੋਨੀ ਹੋ ਗਏ । ਇਹ ਆਪ ਪਹਿਲੇ ਹੀ ਕਹਿ ਚੁਕੇ ਹੋ ਮੋਨੀ ਹੋਣ ਨਾਲ ਵੀ ਮਨ ਸ਼ਾਂਤੀ ਨਹੀਂ ਫੜਦਾ, ਫਿਰ ਅਸੀਂ ਕੀ ਕਰੀਏ ?

ਉੱਤਰ—

**੪. ਅਖਰੀ ਨਾਮੁ ਅਖਰੀ ਸਾਲਾਹ ॥ ੫. ਅਖਰੀ ਗਿਆਨੁ ਗੀਤ ਗੁਣ ਗਾਹ ॥ ੬. ਅਖਰੀ ਲਿਖਣੁ ਬੋਲਣੁ ਬਾਣਿ ॥ ੭. ਅਖਰਾ ਸਿਰਿ ਸੰਜੋਗੁ ਵਖਾਣਿ ॥ ੮. ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ੯. ਜਿਵ ਫੁਰਮਾਏ ਤਿਵ ਤਿਵ ਪਾਹਿ ॥ ੧੦. ਜੇਤਾ ਕੀਤਾ ਤੇਤਾ ਨਾਉ ॥ ੧੧. ਵਿਣੁ ਨਾਵੈ ਨਾਹੀ ਕੋ ਥਾਉ ॥ ੧੨. ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥**

ਪਦ ਅਰਥ—ਅਖਰੀ=ਅੱਖਰਾਂ ਵਿਚ । ਸਾਲਾਹ=ਵਡਿਆਈ, ਉਪਮਾ, ਜਸ, ਤਾਰੀਫ । ਗਾਹ=ਵਿਚਾਰਨਾ । ਬਾਣਿ=ਬਾਣੀ । ਸਿਰਿ ਸੰਜੋਗ=ਦੋ ਸਿਰਾਂ ਦਾ ਜੁੜਨਾ, ਰਿਸ਼ਤਾ, ਨਾਤਾ ।

ਅਰਥ—੪. ਅਖਰਾਂ ਵਿਚ ਹੀ ਨਾਮ ਹੈ, ਅਖਰਾਂ ਵਿਚ ਹੀ

ਵਡਿਆਈ ਹੈ। ੫. ਅਖਰਾਂ ਵਿਚ ਹੀ ਗਿਆਨ ਦੇ ਗੀਤ ਤੇ ਗੁਣਾਂ ਦਾ ਵਿਚਾਰ ਹੈ। ੬. ਅਖਰਾਂ ਵਿਚ ਹੀ ਲਿਖਣ ਤੇ ਬੋਲਣ ਵਾਲੀ ਬਾਣੀ ਹੈ। ੭. ਅਖਰਾਂ ਵਿਚ ਹੀ ਮੇਲ ਮਿਲਾਪ ਕਿਹਾ ਜਾਂਦਾ ਹੈ। ੮. ਜਿਸ ਨੇ ਇਹ ਅੱਖਰ ਲਿਖੇ ਹਨ, ਅਰਥਾਤ ਜਿਸ ਨੇ ਇਹ ਅੱਖਰ ਬਣਾਏ ਹਨ, ਉਸ ਦੇ ਸਿਰ ਉਪਰ ਨਹੀਂ ਹਨ। ੯. ਜਿਸ ਜਿਸ ਤਰ੍ਹਾਂ ਦਾ ਉਸ ਨੇ ਹੁਕਮ ਕੀਤਾ ਹੈ, ਉਸੇ ਉਸੇ ਤਰ੍ਹਾਂ ਦਾ ਜੀਵਾਂ ਨੇ ਫਲ ਪਾਇਆ ਹੈ। ੧੦. ਜਿੰਨਾ ਜਗਤ ਉਸ ਨੇ ਬਣਾਇਆ ਹੈ, ਸਾਰਾ ਹੀ ਨਾਮ ਜਪਣ ਲਈ ਸਾਜਿਆ ਹੈ। ੧੧. ਨਾਮ ਤੋਂ ਹੀਣਿਆਂ ਨੂੰ ਜਗ੍ਹਾ ਹੀ ਨਹੀਂ ਮਿਲਣੀ। ੧੨. ਅਰਥ ਹੋ ਚੁਕਾ ਹੈ ॥੧੯॥

ਸਿਧਾਂਤ—ਸਤਿਗੁਰੂ ਜੀ ਨੇ ਪਹਿਲੀਆਂ ਦੋਹਾਂ ਪਉੜੀਆਂ ਵਿਚ ਜਗਤ ਰਚਨਾ ਵਲ ਨਿਗਾਹ ਮਾਰ ਕੇ ਦੋਵੇਂ ਪਲੜੇ ਵਿਖਾਏ ਹਨ, ਅਰਥਾਤ ਪਹਿਲੀ ਪਉੜੀ ਵਿਚ ਉੱਤਮ ਕਰਮ ਤੇ ਉੱਤਮ ਪੁਰਸ਼ ਦਾ ਜ਼ਿਕਰ ਕੀਤਾ ਹੈ। ਦੂਜੀ ਵਿਚ ਨੀਚ ਕਰਮ ਤੇ ਨੀਚ ਪੁਰਸ਼ਾਂ ਦਾ ਵਿਚਾਰ ਕੀਤਾ ਹੈ ਪਰ ਇਹ ਗੱਲ ਵਿਚਾਰ ਵਾਲੀ ਹੈ ਕਿ ਜਦੋਂ ਕਿਸੇ ਬੁਰੇ ਪੁਰਸ਼ ਦਾ ਜ਼ਿਕਰ ਕੀਤਾ ਜਾਏ ਤਾਂ ਆਪਣੇ ਅੰਦਰੋਂ 'ਭਲੇ ਹੋਣ' ਦੀ ਬੋ ਉਠ ਖੜ੍ਹੋਂਦੀ ਹੈ, ਉਹ ਬੋ ਫਿਰ ਹਉਮੈ ਤੇ ਹੰਕਾਰ ਹੋ ਕੇ 'ਕਰਤਾਰ ਤੇ ਸਾਡੇ' ਵਿਚ ਇਕ ਪੱਕੀ ਕੰਧ ਬਣ ਜਾਂਦੀ ਹੈ। ਰੱਬ ਦੀ ਯਾਦ ਤੋਂ ਸਾਨੂੰ ਹਜ਼ਾਰਾਂ ਕੋਹਾਂ ਦੂਰ ਸੁੱਟ ਦੇਂਦੀ ਹੈ ਕਿਉਂਕਿ 'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥' ਇਸ ਲਈ ਸਤਿਗੁਰੂ ਜੀ ਨੇ ਖ਼ੁਦ ਆਪਣੇ ਆਪ ਨੂੰ 'ਨੀਚ' ਪਦ ਨਾਲ ਯਾਦ ਕੀਤਾ ਹੈ, ਜਦ ਆਪ ਨੂੰ ਨੀਚ ਮੰਨ ਲਿਆ ਜਾਏ ਤਾਂ ਉਹ ਬੋ ਪੈਦਾ ਹੀ ਨਹੀਂ ਹੁੰਦੀ ਅਤੇ ਨਤੀਜਾ ਇਹ ਹੁੰਦਾ ਹੈ, 'ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਣੀਐ ਸਭ ਤੇ ਊਚਾ'॥

੨—ਤੀਜੀ ਪਉੜੀ ਵਿਚ ਪਹਿਲੇ ਇਹ ਦਸਿਆ ਹੈ ਕਿ ਕਰਤਾਰ ਦੇ ਬੇਅੰਤ ਨਾਮ ਤੇ ਬੇਅੰਤ ਟਿਕਾਣੇ ਹਨ। ਇਸ ਤੋਂ ਸਿੱਟਾ ਇਹ ਨਿਕਲਦਾ

ਹੈ ਕਿ ਅਸੀਂ ਭਾਵੇਂ ਕਿਸੇ ਵੀ ਨਾਮ ਨੂੰ 'ਭਾਉ' ਨਾਲ ਯਾਦ ਕਰੀਏ, ਉਹ ਜ਼ਰੂਰ ਸੁਣੇਗਾ ਅਤੇ ਉਸ ਨੂੰ ਜਿਥੇ ਵੀ ਵੇਖੀਏ, ਉਥੇ ਹੀ ਦਿਸੇਗਾ, ਲੋੜ ਤਾਂ ਕੇਵਲ ਪ੍ਰੇਮ ਦੀ ਹੈ ।

ਫਿਰ ਕਿਹਾ ਹੈ ਸਭ ਅਖਰਾਂ ਵਿਚ ਹੈ, ਅਖਰਾਂ ਦਾ ਅਰਥ ਹੈ 'ਜਹਾ ਬੋਲ ਤਹਾ ਅਛਰ ਆਵਾ' । 'ਬੋਲਣਾ' ਅਰਥਾਤ 'ਨਾਮ' ਵਡਿਆਈ ਗਿਆਨ ਦੇ ਗੀਤ, ਗੁਣਾਂ ਦੀ ਵੀਚਾਰ, ਮੇਲ ਮਿਲਾਪ, ਬਾਣੀ ਦਾ ਲਿਖਣਾ ਤੇ ਬੋਲਣਾ ਅਰਥਾਤ ਪੜ੍ਹਨਾ ਇਹ ਸਭ ਕੁਝ ਬੋਲਣ ਵਿਚ ਹੈ ਅਤੇ ਸਭ ਅਖਰਾਂ ਵਿਚ ਹੈ । ਦੂਜੇ ਅੰਗ ਵਿਚ ਅਖਰਾਂ ਦਾ ਅਰਥ ਹੈ, 'ਲੇਖੇ ਬੋਲਣ ਬੋਲਣਾ ਲੇਖੇ ਖਾਣਾ ਖਾਉ' । 'ਲੇਖਾ' ਅਰਥਾਤ ਅਸੀਂ ਜੋ ਕੁਝ ਬੋਲਦੇ ਹਾਂ; ਉਹ ਸਾਡੇ ਹਿਸਾਬ ਵਿਚ ਲਿਖਿਆ ਜਾਂਦਾ ਹੈ, ਅਸਾਂ ਹਰ ਇਕ ਗੱਲ ਦਾ ਲੇਖਾ ਦੇਣਾ ਹੈ, ਇਸੇ ਲਈ ਤਾਂ ਗੁਰੂ ਜੀ ਨੇ ਫੁਰਮਾਇਆ ਹੈ—'ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥' 'ਬਾਬਾ ਏਹੁ ਲੇਖਾ ਲਿਖ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਏ ਸਚਾ ਨੀਸਾਣੁ ॥'

ਜਦ ਅਸਾਂ ਹਰੇਕ ਗੱਲ ਦਾ ਲੇਖਾ ਦੇਣਾ ਹੈ ਜਦ ਸਾਨੂੰ ਇਹ ਨਿਸਚੇ ਹੋ ਗਿਆ ਤਾਂ ਅਸੀਂ ਹਰ ਸਮੇਂ ਸੁਚੇਤ ਰਹਿ ਕੇ ਵਿਹਾਰ ਕਰਾਂਗੇ ਏਹੋ ਗੱਲ ਸਾਬਤ ਕਰਨ ਲਈ ਅੰਤ ਵਿਚ ਆਪ ਜੀ ਨੇ ਫੁਰਮਾਇਆ ਹੈ ਜਿਸ ਨੇ ਇਹ ਅਖਰ ਲਿਖੇ ਹਨ, ਉਸ ਦੇ ਸਿਰ ਤੇ ਨਹੀਂ ਹਨ, ਅਰਥਾਤ ਜੋ ਸਾਡੇ ਲੇਖ ਨੂੰ ਲਿਖਣ ਵਾਲਾ ਹੈ ਉਹ ਆਪ 'ਅਲੇਖ' ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥

ਉਪਦੇਸ਼—ਸਾਨੂੰ ਕਰਤਾਰ ਦੀ ਕੁਦਰਤ ਦਾ ਅੰਤ ਨਹੀਂ ਆਉਂਦਾ ਇਸ ਦਾ ਖਿਆਲ ਛੱਡ ਕੇ ਹੁਕਮ ਵਿਚ ਤੁਰਨਾ ਤੇ ਨਾਮ ਜਪਣ ਦਾ ਉੱਦਮ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਨਾਮ ਜਪਣ ਲਈ ਹੀ ਸਾਜੇ ਗਏ ਹਾਂ ।

ਪ੍ਰਸ਼ਨ—ਸਤਿਗੁਰੂ ਜੀ ! ਪਿਛੇ ਹੋ ਚੁਕੇ ਮਹਾਂ ਪੁਰਸ਼ਾਂ ਨੇ ਅੰਤਹ

ਕਰਨ ਦੀ ਸੁਧੀ ਵਾਸਤੇ ਪੁੰਨ ਕਰਨੇ ਕਹੇ ਹਨ। ਪੁੰਨੀ ਸੁਰਗਾਂ ਵਿਚ ਜਾਂਦੇ ਤੇ ਪਾਪੀ ਨਰਕ ਭੋਗਦਾ ਹੈ ਇਹ ਉਨ੍ਹਾਂ ਦਾ ਵਿਚਾਰ ਹੈ, ਜੋ ਅਜ ਤਕ ਅਸੀਂ ਮੰਨ ਰਹੇ ਹਾਂ, ਕੀ ਇਹ ਖਿਆਲ ਸੱਚ ਹੈ?

ਉੱਤਰ—

**੧. ਭਰੀਐ ਹਥੁ ਪੈਰੁ ਤਨੁ ਦੇਹ ॥ ੨. ਪਾਣੀ ਧੋਤੈ ਉਤਰਸੁ ਖੇਹ ॥ ੩. ਮੂਤ ਪਲੀਤੀ ਕਪੜੁ ਹੋਇ ॥ ੪. ਦੇ ਸਾਬੂਣੁ ਲਈਐ ਓਹੁ ਧੋਇ ॥ ੫. ਭਰੀਐ ਮਤਿ ਪਾਪਾ ਕੈ ਸੰਗਿ ॥ ੬. ਓਹੁ ਧੋਪੈ ਨਾਵੈ ਕੈ ਰੰਗਿ ॥ ੭. ਪੁੰਨੀ ਪਾਪੀ ਆਖਣੁ ਨਾਹਿ ॥ ੮. ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ੯. ਆਪੇ ਬੀਜਿ ਆਪੇ ਹੀ ਖਾਹੁ ॥ ੧੦. ਨਾਨਕ ਹੁਕਮੀ ਆਵਹੁ ਜਾਹੁ ॥੨੦॥**

ਪਦ ਅਰਥ—ਰੰਗਿ=ਪ੍ਰੇਮ।

ਅਰਥ—੧. ਜਿਵੇਂ ਹੱਥ ਪੈਰ ਜਾਂ 'ਤਨ' ਸਰੀਰ ਮਿੱਟੀ ਨਾਲ ਭਰ ਜਾਏ। ੨. ਤਾਂ ਉਹ ਖੇਹ ਪਾਣੀ ਨਾਲ ਧੋਤਿਆਂ ਉਤਰ ਜਾਂਦੀ ਹੈ। ੩. ਅਤੇ ਜੇ ਕਪੜਾ ਮੂਤ੍ਰ ਨਾਲ ਪਲੀਤ ਹੋ ਜਾਏ। ੪. ਤਾਂ ਸਾਬਣ ਲਾ ਕੇ ਉਸ ਨੂੰ ਧੋ ਲਈਦਾ ਹੈ। ੫. ਇਵੇਂ ਹੀ ਜੋ ਮੱਤ ਪਾਪਾਂ ਦੇ ਨਾਲ ਭਰੀ ਗਈ ਹੈ। ੬. ਓਹ ਨਾਮ ਦੇ ਪ੍ਰੇਮ ਨਾਲ ਧੁਪੇਗੀ। ੭. ਪੁੰਨਾਂ ਪਾਪਾਂ ਦੇ ਬਾਰੇ ਵਿਚ ਤਾਂ ਕੁਝ ਆਖਣਾ ਹੀ ਨਹੀਂ ਬਣਦਾ ਅਰਥਾਤ—ਪੁੰਨਾਂ ਨਾਲ

ਸ਼ੁਧ ਹੋ ਹੀ ਨਹੀਂ ਸਕਦਾ। ੮. ਜੀਵ ਜੇਹੇ ਕਰਮ ਕਰਦਾ ਹੈ, ਉਸ ਦਾ ਉਹ ਕਰਤਬ ਕੁਦਰਤੀ ਲੇਖੇ ਵਿਚ ਲਿਖਿਆ ਜਾਂਦਾ ਹੈ। ੯. ਇਸ ਲਈ ਜੀਵ ਆਪੇ ਬੀਜੇ ਦਾ ਆਪੇ ਹੀ ਫਲ ਖਾਏਗਾ। ੧੦. ਸਤਿਗੁਰ ਜੀ ਆਖਦੇ ਹਨ, ਪਾਪ ਪੁੰਨ ਕਰਨ ਕਰਕੇ ਜੀਵ ਹੁਕਮ ਵਿਚ ਆਉਂਦਾ ਜਾਂਦਾ ਹੈ ॥੨੦॥

ਸਿਧਾਂਤ—'ਪਾਪ ਪੁੰਨ ਜਗੁ ਜਾਇਆ ਭਾਈ' ਅਰਥਾਤ 'ਪਾਪ ਪੁੰਨ ਦੋਇ ਏਕ ਸਮਾਨ' ਜਨਮ ਦੇਣ ਵਾਸਤੇ ਜੇਹੇ ਪਾਪ ਹਨ ਤੇਹੇ ਹੀ ਪੁੰਨ ਹਨ। ਜਿਵੇਂ ਲੋਹੇ ਦੀ ਜ਼ੰਜੀਰ ਤੇ ਸੋਨੇ ਦੀ ਜ਼ੰਜੀਰ ਬੰਨ੍ਹਣ ਲਈ ਦੋਵੇਂ ਇਕ ਸਮਾਨ ਹਨ, ਇਵੇਂ ਹੀ ਜਨਮ ਦੇਣ ਵਾਸਤੇ ਪਾਪ ਤੇ ਪੁੰਨ ਇਕ ਬਰਾਬਰ ਹੈ। ਜਿਵੇਂ ਪਾਪ ਨਰਕ ਭੁਗਾ ਕੇ ਜਗਤ ਵਿਚ ਸੁਟਦਾ ਹੈ, ਤਿਵੇਂ ਪੁੰਨ ਸੁਰਗ ਭੁਗਾਕੇ ਜਗਤ ਵਿਚ ਸੁਟਦਾ ਹੈ। ਇਸੇ ਲਈ ਤਾਂ ਕਿਹਾ ਹੈ 'ਇੰਦ੍ਰ ਲੋਕ ਸ਼ਿਵ ਲੋਕ ਜੈਬੋ। ਹੋਛੇ ਤਪ ਕਰ ਬਾਹਰ ਐਬੋ।' ਜਦ ਪੁੰਨ ਵੀ ਜਨਮ ਦੇਣ ਵਾਲਾ ਹੈ, ਤਾਂ ਇਸ ਦਾ ਕਰਨਾ ਨਾ ਕਰਨਾ ਇਕੋ ਜਿਹਾ ਹੈ ਜਿਸ ਨੂੰ ਮੁਕਤੀ ਦੀ ਇਛਾ ਹੈ ਉਸ ਲਈ 'ਪਾਪ ਪੁੰਨ ਦੋਇ ਏਕ ਸਮਾਨ।' ਅਤੇ ਇਨ੍ਹਾਂ ਦਾ ਫਲ ਹੈ, ਕਰਤਾਰ ਦੇ ਹੁਕਮ ਮੂਜਬ ਜੰਮਣਾ ਮਰਨਾ, ਇੰਨਾਂ ਕਹਿਣ ਤੋਂ ਸਿਟਾ ਨਿਕਲ ਆਇਆ ਕਿ ਮਨ ਨੂੰ ਸ਼ੁਧ ਕਰਨ ਵਾਸਤੇ ਪੁੰਨ ਨਹੀਂ, ਸਗੋਂ ਨਾਮ ਨਾਲ ਪ੍ਰੇਮ ਕਰਨ ਦੀ ਲੋੜ ਹੈ।

ਉਪਦੇਸ਼—ਨਾਮ ਨਾਲ ਪ੍ਰੇਮ ਕਰਨ ਨਾਲ ਮਨ ਸ਼ੁਧ ਹੋ ਜਾਏਗਾ।

ਪ੍ਰਸ਼ਨ—ਸਤਿਗੁਰੂ ਜੀ! ਅਸੀਂ ਤਾਂ ਸੁਣਦੇ ਆਏ ਹਾਂ, ਜੋ ਤੀਰਥ ਇਸ਼ਨਾਨ ਕਰਨਾ, ਦਯਾ ਕਰਨੀ, ਦਾਨ ਦੇਣਾ, ਇਹ ਸਾਰੇ ਕਰਮ ਮੁਕਤੀ ਦੇ ਸਾਧਨ ਹਨ, ਕੀ ਇਹ ਸੱਚ ਹੈ?

ਉੱਤਰ—

## ੧. ਤੀਰਥੁ ਤਪੁ ਦਇਆ ਦਤੁ ਦਾਨੁ ॥ ੨.

**ਜੇ ਕੋ ਪਾਵੈ ਤਿਲ ਕਾ ਮਾਨੁ ॥ ੩. ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ੪. ਅੰਤਰ ਗਤਿ ਤੀਰਥਿ ਮਲਿ ਨਾਉ ॥**

ਪਦ ਅਰਥ—ਦਤੁ=ਦੇਣਾ । ਗਤਿ=ਪ੍ਰਾਪਤ ।

ਅਰਥ—੧. ਤੀਰਥ ਇਸ਼ਨਾਨ ਤੇ ਤਪ ਕਰਨਾ, ਦਯਾ ਕਰਨੀ ਤੇ ਦਾਨ ਦੇਣਾ । ੨. ਜੇਕਰ ਕੋਈ ਇਨਾਂ ਕਰਮਾਂ ਦਾ ਫਲ ਪਾਏਗਾ ਤਾਂ ਉਹ ਮਾਨੋ ਤਿਲ ਜਿੰਨਾ ਹੋਵੇਗਾ ਅਰਥਾਤ ਮਾਮੂਲੀ ਵਡਿਆਈ ਮਿਲੇਗੀ ਪਰ ਹਾਂ ੩. ਜਦ ਨਾਮ ਸੁਣਿਆ ਮੰਨਿਆ ਤੇ ਮਨ ਵਿਚ ਉਸ ਨੇ ਪ੍ਰੇਮ ਧਾਰਨ ਕੀਤਾ, ਤਦ ੪. ਅੰਦਰਲਾ ਤੀਰਥ ਪ੍ਰਾਪਤ ਹੋਵੇਗਾ, ਉਸ ਵਿਚ ਮਲ ਮਲ ਕੇ ਨ੍ਹਾਉਣ ਨਾਲ [ਮਨ ਸ਼ੁਧ ਹੋ ਜਾਏਗਾ] ।

ਪ੍ਰਸ਼ਨ—ਸਤਿਗੁਰੂ ਜੀ ! ਅਸੀਂ ਵੇਖ ਰਹੇ ਹਾਂ ਕਿ ਤੀਰਥ ਇਸ਼ਨਾਨੀ ਨੂੰ ਹਉਮੈ ਹੈ, ਜੋ ਅੰਦਰਲੇ ਤੀਰਥ ਵਿਚ ਨਹਾਏਗਾ ਉਸ ਨੂੰ ਵੀ ਹਉਮੈ ਹੋਵੇਗੀ ?

ਉੱਤਰ—ਨਹੀਂ, ਸਗੋਂ ਓਹ ਤਾਂ ਕਹੇਗਾ :—

**੫. ਸਭਿ ਗੁਣ ਤੇਰੇ ਮੈ ਨਾਹੀ ਕੋਇ ॥**
**੬. ਵਿਣੁ ਗੁਣ ਕੀਤੇ ਭਗਤਿ ਨ ਹੋਇ ॥**

ਅਰਥ—੫. ਹੇ ਵਾਹਿਗੁਰੂ ! ਇਹ ਸਾਰੇ ਤੇਰੇ ਗੁਣ ਹਨ, ਮੇਰੇ ਵਿਚ ਤਾਂ ਕੋਈ ਵੀ ਨਹੀਂ ਹੈ । ੬. ਗੁਣ ਧਾਰਨ ਕੀਤੇ ਬਿਨਾਂ ਭਗਤੀ ਨਹੀਂ ਹੁੰਦੀ । ਜਦ ਜਗਯਾਸੂ ਅੰਦਰਲੇ ਤੀਰਥ ਵਿਚ ਨਹਾਏਗਾ ਤਾਂ ਉਸ ਨੂੰ ਸ਼ੁਭ ਗੁਣ ਪ੍ਰਾਪਤ ਹੋਣਗੇ । ਉਨ੍ਹਾਂ ਨੂੰ ਪਾ ਕੇ ਹੰਕਾਰ ਨਹੀਂ ਕਰੇਗਾ, ਸਗੋਂ ਕਹੇਗਾ, ਹੇ ਕਰਤਾਰ ! ਇਹ ਸਭ ਤੇਰੀ ਮਿਹਰ ਹੈ ।

## ੭. ਸੁਅਸਤਿ ਆਥਿ ਬਾਣੀ ਬਰਮਾਉ ॥
## ੮. ਸਤਿ ਸੁਹਾਣੁ ਸਦਾ ਮਨਿ ਚਾਉ ॥

ਪਦ ਅਰਥ—ਸੁਅਸਤਿ=ਕਲਿਆਣ, ਮੁਕਤੀ । ਆਥਿ=ਰਸਤਾ । ਸੁਹਾਣੁ=ਸੋਹਣਾ । ਚਾਉ=ਅਨੰਦ । ਬਾਣੀ ਬਰਮਾਉ=ਬ੍ਰਹਮ ਬਾਣੀ, ਅਕਾਲੀ ਹੁਕਮ, ਭਾਣਾ ਮੰਨਣਾ ।

ਅਰਥ—੭. ਬ੍ਰਹਮ ਦੇ ਹੁਕਮ ਵਿਚ ਆਉਣਾ ਹੀ ਮੁਕਤੀ ਦਾ ਰਾਜ ਹੈ, ਅਰਥਾਤ ਭਾਣਾ ਮੰਨਣਾ ਹੀ ਆਜ਼ਾਦੀ ਦਾ ਰਸਤਾ ਹੈ । ੮. ਜੋ ਇਸ ਰਸਤੇ ਤੁਰੇਗਾ ਉਹ ਮਨ ਕਰਕੇ ਸੱਚਾ ਤੇ ਸੋਹਣਾ ਹੋ ਕੇ ਹਮੇਸ਼ਾ ਅਨੰਦ ਰਹੇਗਾ ।

ਸਿਧਾਂਤ—ਲੋਕਾਂ ਨੇ ਤੀਰਥ ਇਸ਼ਨਾਨ, ਦਯਾ, ਤਪ ਦਾਨ ਆਦਿ ਕਰਮ ਮੁਕਤੀ ਦੇ ਸਾਧਨ ਮੰਨੇ ਹਨ ਪਰ ਅਸਲ ਵਿਚ ਇਹ ਸਾਰੇ ਹੀ ਕਰਮ ਮੁਕਤੀ ਦੇ ਸਾਧਨ ਨਹੀਂ, ਸਗੋਂ ਮੁਕਤੀ ਤੋਂ ਦੁਰਾਡੇ ਲੈ ਜਾਂਦੇ ਹਨ । ਇਸੇ ਲਈ ਤਾਂ ਸ੍ਰੀ ਗੁਰੂ ਜੀ ਨੇ ਫੁਰਮਾਇਆ ਹੈ 'ਨਿਹਫਲ ਧਰਮ ਨ ਕਉਡੀ ਕਾਮੰ ।' ਮੁਕਤੀ ਦਾ ਸਾਧਨ ਤਾਂ ਇਕੋ ਹੀ ਸੱਚਾ ਤੇ ਸੁਚਾ 'ਹਰਿ ਭਜਨ' ਹੈ 'ਕਹੁ ਨਾਨਕ ਏਹੁ ਤਤੁ ਬੀਚਾਰਾ ॥ ਬਿਨ ਹਰਿ ਭਜਨ ਨਹੀ ਛੁਟਕਾਰਾ ॥' ਹਰਿ ਭਜਨ ਤੋਂ ਬਿਨਾਂ ਇਸ਼ਨਾਨ ਕਰਨਾ ਫਜ਼ੂਲ, ਤਪ ਕਰਨਾ ਬਿਰਥਾ, ਦਾਨ ਦੇਣਾ ਬੇਫਾਇਦਾ ਅਤੇ ਦਯਾ ਕਰਨੀ ਨਿਹਫਲ ਹੈ, ਨਾਮ ਜਪੇ ਤੋਂ ਬਿਨਾਂ ਇਹ ਸਾਰੇ ਕਰਮ ਧਰਮ ਨਾ ਤਾਂ ਪਾਪ ਦੂਰ ਕਰ ਸਕਦੇ ਹਨ ਤੇ ਨਾ ਹੀ ਮੁਕਤੀ ਦਵਾ ਸਕਦੇ ਹਨ 'ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਬਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥' ਇਸ ਲਈ ਹਰਿ ਭਜਨਾ ਹੀ ਮੁਕਤੀ ਦਾ ਸਾਧਨ ਹੈ ।

ਉਪਦੇਸ਼—ਭਾਣੇ ਵਿਚ ਤੁਰੋ ਏਹੋ ਮੁਕਤੀ ਦਾ ਸਿਧਾ ਰਸਤਾ ਹੈ ।

ਪ੍ਰਸ਼ਨ—ਸਤਿਗੁਰੂ ਜੀ ! ਆਪ ਜੀ ਨੇ ਤਾਂ ਕੁਦਰਤ ਦੇ ਬਿਆਨ

ਵਿਚ ਕਿਹਾ ਹੈ ਕਿ ਇਕ ਵਾਲ ਜਿੰਨਾ ਵੀ ਕੁਦਰਤ ਦਾ ਕਥਨ ਨਹੀਂ ਹੋ ਸਕਦਾ। ਲੋਕਾਂ ਨੇ ਤਾਂ ਦੁਨੀਆਂ ਦੀ ਪੈਦਾਇਸ਼ ਦਾ ਸਮਾਂ ਵੀ ਕੱਢ ਕੇ ਲਿਖ ਦਿਤਾ ਹੈ, ਕੀ ਉਹ ਸੱਚ ਨਹੀਂ ਹੈ ?

ਉੱਤਰ—

**੯. ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ੧੦. ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ ੧੧. ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ੧੨. ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥੧੩. ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ੧੪. ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ੧੫. ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥ ੧੬. ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥ ੧੭. ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ ੧੮. ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥**

ਪਦ ਅਰਥ—ਆਕਾਰੁ=ਜਗਤ । ਕਾਦੀਆ=ਕਾਜ਼ੀਆਂ । ਸਾਲਾਹੀ=ਸਿਫਤ ਕਰਾਂ । ਵਰਨੀ=ਬਿਆਨ ਕਰਾਂ । ਆਖਣਿ=ਪ੍ਰਸੰਗ ਜਾਂ ਮੂੰਹ।

ਅਰਥ—੯. ਵੇਲਾ ਕਿਹੜਾ, ਵਕਤ ਕਿਹੜਾ, ਥਿਤ ਕਿਹੜੀ ਤੇ ਵਾਰ ਕਿਹੜਾ ਸੀ ? ੧੦. ਉਹ ਰੁਤ ਕਿਹੜੀ ਤੇ ਮਹੀਨਾ ਕਿਹੜਾ ਸੀ, ਜਦੋਂ ਜਗਤ ਪੈਦਾ ਹੋਇਆ ਸੀ ? ੧੧. ਪੰਡਤਾਂ ਨੇ ਵੇਲਾ ਨਹੀਂ ਪਾਇਆ ਜੇ ਪੁਰਾਣਾਂ ਵਿਚ ਕਿਤੇ ਇਸ ਦਾ ਲੇਖ ਹੋਵੇ ਤਾਂ ਉਨ੍ਹਾਂ ਨੂੰ ਵੇਲਾ ਲੱਭਦਾ। ੧੨. ਕਾਜ਼ੀਆਂ ਨੂੰ ਵਕਤ ਨਹੀਂ ਲੱਭਾ, ਕੁਰਾਨ ਵਿਚ ਕਿਤੇ ਇਸ ਗੱਲ ਦਾ ਲੇਖ ਲਿਖਿਆ ਹੁੰਦਾ ਤਾਂ ਉਨ੍ਹਾਂ ਨੂੰ ਪਤਾ ਲੱਭਦਾ । ੧੩. ਕੀ ਕੋਈ ਜੋਗੀ ਭੀ ਥਿੱਤ, ਵਾਰ, ਰੁਤ, ਮਹੀਨੇ ਨੂੰ ਜਾਣਦਾ ਹੈ ? ੧੪. ਜਿਸ ਕਰਤੇ ਨੇ ਦੁਨੀਆਂ ਨੂੰ ਸਾਜਿਆ ਹੈ, ਉਹ ਆਪ ਹੀ ਜਾਣਦਾ ਹੈ । ੧੫. ਕੀ ਕਰਕੇ ਕਹਾਂ ? ਕਿਵੇਂ ਸਿਫਤ ਕਰਾਂ ? ਕਿਵੇਂ ਬਿਆਨ ਕਰਾਂ ? ਅਤੇ ਕਿਵੇਂ ਜਾਣਾਂ ? ੧੬. ਸਤਿਗੁਰੂ ਜੀ ਆਖਦੇ ਹਨ ਪ੍ਰਸੰਗ ਤਾਂ ਸਭ ਕੋਈ ਇਕ ਤੋਂ ਇਕ ਸਿਆਣਾ ਹੋ ਕੇ ਆਖਦਾ ਹੈ । ੧੭. ਜਿਸ ਦਾ ਕੀਤਾ ਹੁੰਦਾ ਹੈ, ਉਹ ਮਾਲਕ ਵੱਡਾ ਹੈ ਅਤੇ ਉਸ ਦੀ ਵਡਿਆਈ ਵੀ ਵੱਡੀ ਹੈ। ੧੮. ਸਤਿਗੁਰੂ ਜੀ ਆਖਦੇ ਹਨ ਜਿਹੜਾ ਕੋਈ ਆਪਣੇ ਆਪ ਨੂੰ ਹੀ ਚੰਗਾ ਜਾਣੇਗਾ, ਉਹ ਅਗੇ ਗਿਆ ਸੋਭਾ ਨਹੀਂ ਪਾਏਗਾ ॥੨੧॥

ਸਿਧਾਂਤ—'ਗੱਲਾਂ ਵਾਲੇ ਹੈਨ ਘਨੇਰੇ' ਗੱਲਾਂ ਕਰਨ ਵਾਲੇ ਆਪਣੇ ਆਪ ਨੂੰ ਚੰਗਾ ਮੰਨਣ ਵਾਲੇ ਕੁਦਰਤ ਦਾ ਬਿਆਨ ਕਰਕੇ ਲੋਕਾਂ ਨੂੰ ਮਗਰ ਲਾ ਕੇ ਆਪਣੀ ਪੂਜਾ ਕਰਾਉਣ ਵਾਲੇ ਤਾਂ ਬਹੁਤ ਹਨ ਪਰ ਸਚ ਨੂੰ ਕੋਈ ਨਹੀਂ ਜਾਣ ਸਕਦਾ । ਜਦ ਕੁਦਰਤ ਦਾ ਪਤਾ ਹੀ ਨਹੀਂ ਜਾਣ ਸਕਦਾ ਤਾਂ ਕਾਦਰ ਦਾ ਕਥਨ ਕਿਵੇਂ ਹੋ ਸਕਦਾ ਹੈ ? ਜਿਹੜੇ ਆਪਣੇ ਆਪ ਨੂੰ ਚੰਗਾ ਸਮਝਦੇ ਹਨ ਉਹ ਦਰਗਾਹ ਵਿਚ ਸੋਭਾ ਨਹੀਂ ਪਾਉਣਗੇ। 'ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥'

ਉਪਦੇਸ਼—ਸਿਆਣਪਾਂ, ਚਤੁਰਾਈਆਂ ਛੱਡ ਕੇ ਕਰਤਾਰ ਦੇ ਦਰ

ਉਤੇ ਡਿਗ ਪਵੋ ।

ਪ੍ਰਸ਼ਨ—ਸਤਿਗੁਰੂ ਜੀ ! ਲੋਕਾਂ ਨੇ ਚੌਦਾਂ ਤਬਕ ਤੇ ਚੌਦਾਂ ਹੀ ਲੋਕ ਕਹੇ ਹਨ, ਕੀ ਉਨ੍ਹਾਂ ਦਾ ਕਿਹਾ ਸੱਚ ਹੈ ?

ਉੱਤਰ—

**੧. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ੨. ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ੩. ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ੪. ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ੫. ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥**

ਪਦ ਅਰਥ—ਓੜਕ=ਅੰਤ, ਅਖੀਰ । ਵਾਤ=ਗੱਲ । ਸਹਸ=ਹਜ਼ਾਰਾਂ। ਅਠਾਰਹ=੧੮ ਪੁਰਾਣ । ਅਸੁਲੂ=ਅਸਲ ਵਿਚ । ਧਾਤੁ=ਅਸਲ ਚੀਜ਼, ਆਤਮਾ, ਵਾਹਿਗੁਰੂ।

ਅਰਥ—੧. ਪਤਾਲਾਂ ਹੇਠਾਂ ਪਤਾਲ ਲੱਖਾਂ ਹਨ ਅਤੇ ਅਸਮਾਨਾਂ ਉਪਰ ਅਸਮਾਨ ਵੀ ਲੱਖਾਂ ਹਨ । ੨. ਕੁਦਰਤ ਦਾ ਅੰਤ ਲੈਣ ਵਾਸਤੇ ਆਪਣੇ ਅਖੀਰ ਤਕ ਢੂੰਡ ਥੱਕੇ ਹਾਰ ਕੇ ਵੇਦਾਂ ਵਾਲਿਆਂ ਨੇ ਵੀ ਇਕੋ ਗੱਲ 'ਬੇਅੰਤ' ਹੀ ਕਹੀ ਹੈ । ੩. ਹਜ਼ਾਰਾਂ ਪੁਸਤਕਾਂ ਅਠਾਰਾਂ ਪੁਰਾਣ ਤੇ ਅੰਜੀਲ ਆਦਿਕ ਕਿਤਾਬਾਂ ਵੀ ਅਸਲ ਵਿਚ ਇਕੋ ਅਸਲ ਚੀਜ਼ ਦਾ ਬਿਆਨ ਕਰਦੀਆਂ ਹਨ । ੪. ਜੇ ਉਸ ਦਾ ਲੇਖਾ ਹੋ ਸਕਦਾ ਹੋਵੇ ਤਾਂ ਲਿਖੀਏ ? ਕਿਉਂਕਿ ਲੇਖੇ ਵਾਲੇ ਦਾ ਨਾਸ ਹੁੰਦਾ ਹੈ । ੫. ਸਤਿਗੁਰੂ ਜੀ

ਆਖਦੇ ਹਨ, ਉਸ ਨੂੰ ਵੱਡਾ ਆਖਣਾ ਚਾਹੀਦਾ ਹੈ, ਉਹ ਆਪਣੀ ਵਡਿਆਈ ਨੂੰ ਆਪੇ ਜਾਣਦਾ ਹੈ ॥੨੨॥

ਸਿਧਾਂਤ—ਸਭ ਪੁਸਤਕਾਂ ਵਿਚ ਨਿਰੰਕਾਰ ਨੂੰ ਬੇਅੰਤ ਬੇਅੰਤ ਕਿਹਾ ਹੈ। ਇਹ ਵਖਰੀ ਗੱਲ ਹੈ ਕਿ ਕਿਸੇ ਨੇ ਸਿੱਧਾ ਨੱਕ ਨੂੰ ਹੱਥ ਲਾਇਆ ਤੇ ਕਿਸੇ ਨੇ ਵਿੰਗ ਪਾ ਕੇਂ, ਪਰ ਸਿਧਾਂਤ ਸਭ ਦਾ ਇਕੋ ਹੈ ਤੇ ਇਹ ਗੱਲ ਵੀ ਕਿਸੇ ਵਿਰਲੇ ਨੂੰ ਦਿਸੀ ਹੈ ਕਿ ਸਭਨਾਂ ਵਿਚ ਇਕ ਹੈ। ਸਤਿਗੁਰੂ ਜੀ ਨੇ ਸਾਰੀ ਰਚਨਾ ਵਿਚ ਹੀ ਨਿਰੰਕਾਰ ਨੂੰ ਵੇਖਿਆ ਤੇ ਉਪਦੇਸ਼ ਵੀ ਕੀਤਾ 'ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ'। ਜਿਸ ਸਤਿਗੁਰੂ ਜੀ ਦਾ ਇਹ ਉਪਦੇਸ਼ ਹੈ, ਉਸ ਨੂੰ ਵੇਦਾਂ, ਪੁਰਾਣਾਂ, ਕਤੇਬਾਂ ਵਿਚ ਕਰਤਾਰ ਦਾ ਹੀ ਰੂਪ ਦਿਸਦਾ ਹੈ। ਇਸ ਲਈ ਕਿਹਾ ਹੈ ਜੋ ਸਾਰਿਆਂ ਵਿਚ ਤੱਤ ਵਸਤੂ ਨਿਰੰਕਾਰ ਹੈ ਜਿਸ ਦਾ ਹਿਸਾਬ ਨਹੀਂ ਹੋ ਸਕਦਾ, ਅੰਤ ਨਹੀਂ ਆਉਂਦਾ ਤੇ ਸਭ ਤੋਂ ਵੱਡਾ ਹੈ।

ਉਪਦੇਸ਼—ਕਰਤਾਰ ਸਭ ਤੋਂ ਵੱਡਾ ਹੈ ਉਸ ਦੀ ਰਚਨਾ ਬੇਅੰਤ ਹੈ।

ਪ੍ਰਸ਼ਨ—ਸਤਿਗੁਰੂ ਜੀ! ਜਿਨ੍ਹਾਂ ਭਗਤਾਂ ਨੇ ਕਰਤਾਰ ਦਾ ਸਿਮਰਨ ਕੀਤਾ ਹੈ, ਉਨ੍ਹਾਂ ਨੂੰ ਪਤਾ ਲਗ ਗਿਆ ਹੋਵੇਗਾ ਜੋ ਕਰਤਾਰ ਕਿੱਡਾ ਕੁ ਵੱਡਾ ਹੈ?

ਉੱਤਰ—

## ੧. ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ੨. ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥

ਪਦ ਅਰਥ—ਸਾਲਾਹੀ=ਸਲਾਹੁਣ ਵਾਲੇ। ਸੁਰਤਿ=ਖਬਰ। ਵਾਹ= ਵਹਿਣ, ਬਰਸਾਤੀ ਨਾਲੇ।

ਅਰਥ—੧. ਸਲਾਹੁਣ ਵਾਲਿਆਂ ਨੇ ਸਲਾਹਿਆ ਹੈ, ਪਰ ਉਨ੍ਹਾਂ ਨੇ

ਵੀ ਐਨੀ ਖਬਰ ਨਹੀਂ ਪਾਈ ਜੋ ਕਰਤਾਰ ਕੇਡਾ ਕੁ ਵੱਡਾ ਹੈ । ੨. ਜਿਵੇਂ ਨਦੀਆਂ ਅਤੇ ਨਾਲੇ ਸਮੁੰਦਰ ਵਿਚ ਜਾ ਪੈਂਦੇ ਹਨ ਪਰ ਉਸ ਦੀ ਡੂੰਘਾਈ ਨੂੰ ਨਹੀਂ ਜਾਣ ਸਕਦੇ ।

ਪ੍ਰਸ਼ਨ—ਸਤਿਗੁਰੂ ਜੀ ! ਜੋ ਨਿਰੰਕਾਰ ਦੇ ਸਿਮਰਨ ਵਿਚ ਲੱਗਾ ਹੈ ਉਸ ਨੂੰ ਕਿਸੇ ਤਾਕਤ ਨਾਲ ਸਿਮਰਨ ਵਲੋਂ ਹਟਾਇਆ ਵੀ ਜਾ ਸਕਦਾ ਹੈ ?

ਉੱਤਰ—

## ੩. ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ੪. ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥

ਪਦ ਅਰਥ—ਗਿਰਹਾ=ਪਹਾੜਾਂ । ਸੇਤੀ=ਸਮਾਨ, ਜਿੰਨਾ ।

ਅਰਥ—੩. ਕੋਈ ਸਮੁੰਦਰਾਂ ਦਾ ਪਾਤਸ਼ਾਹ ਅਤੇ ਧਰਤੀ ਦਾ ਵੀ ਸ਼ਹਿਨਸ਼ਾਹ ਹੋਵੇ, ਜਿਸ ਕੋਲ ਪਹਾੜਾਂ ਜਿੰਨਾਂ ਧਨ ਮਾਲ ਹੋਵੇ । ੪. ਜੇਕਰ ਜਗਜਾਸੂ ਦੇ ਮਨੋਂ ਕਰਤਾਰ ਨ ਭੁਲੇ ਤਾਂ ਜਗਜਾਸੂ ਦੀ ਨਜ਼ਰ ਹੇਠਾਂ ਉਹ ਬਾਦਸ਼ਾਹ ਕੀੜੀ ਦੇ ਬਰਾਬਰ ਵੀ ਨਹੀਂ ਹੁੰਦਾ ॥੨੩॥

ਸਿਧਾਂਤ—ਜਦ ਸਿੱਖ ਕਰਤਾਰ ਦੇ ਸਿਮਰਨ ਵਿਚ ਲਗ ਜਾਂਦਾ ਹੈ ਤਾਂ ਉਸ ਨੂੰ ਸਿਮਰਨ ਤੋਂ ਕੋਈ ਹਟਾ ਨਹੀਂ ਸਕਦਾ । ਇਹ ਗੱਲ ਇਤਿਹਾਸ ਤੋਂ ਸਾਬਤ ਹੁੰਦੀ ਹੈ ਕਿ ਸਿਖ ਸਚ ਦੀ ਓਟ ਲੈ ਕੇ ਕਿਸੇ ਡਰ ਜਾਂ ਧਮਕੀ ਹੇਠਾਂ ਆ ਕੇ ਸਚ ਤੋਂ ਪਿਛੇ ਕਦੇ ਨਹੀਂ ਹਟਿਆ । ਤਲਵਾਰ, ਬੰਦੂਕ, ਕੈਦ, ਅੱਗ, ਤੀਰ, ਤੋਪ ਇਹ ਸਾਰੇ ਹਥਿਆਰ ਸਚ ਦੇ ਪਿਆਰੇ ਅੱਗੇ ਖੁੰਢੇ ਹੋ ਜਾਂਦੇ ਹਨ । ਜੇਕਰ ਕੋਈ ਸਾਰੀ ਦੁਨੀਆਂ ਦੇ ਸਮੁੰਦਰਾਂ ਦਾ ਸ਼ਹਿਨਸ਼ਾਹ ਸਿਖ ਨੂੰ ਸਚ ਤੋਂ ਡੇਗਣਾ ਚਾਹੇ ਤਾਂ ਸਿਖ ਉਸ ਨੂੰ ਕੀੜੀ ਦੇ ਬਰਾਬਰ ਵੀ ਨਹੀਂ ਜਾਣਦਾ ।

੨—ਜਗਯਾਸੂ 'ਤੂੰ ਤੂੰ' ਕਰਦਾ 'ਤੂੰ' ਦਾ ਰੂਪ ਤਾਂ ਹੋ ਜਾਂਦਾ ਹੈ, ਪਰ ਉਸ ਦਾ ਅੰਤ ਨਹੀਂ ਪਾ ਸਕਦਾ। ਜਿਵੇਂ ਲੂਣ ਪਾਣੀ ਵਿਚ ਪੈ ਕੇ ਪਾਣੀ ਦਾ ਰੂਪ ਹੋ ਜਾਂਦਾ ਹੈ ਪਰ ਪਾਣੀ ਦਾ ਅੰਦਾਜ਼ਾ ਨਹੀਂ ਲਾ ਸਕਦਾ ਜੁ ਪਾਣੀ ਕਿੰਨਾ ਕੁ ਹੈ? ਇਹ ਗੱਲ ਹੈ ਵੀ ਸੱਚ, ਕਿਉਂਕਿ ਅੰਦਾਜ਼ਾ ਉਹ ਲਾ ਸਕਦਾ ਹੈ ਜਿਸ ਦੀ ਹਸਤੀ ਵਖਰੀ ਹੋਵੇ। ਜਦ ਆਪਣੀ 'ਹੋਂਦ' ਹੀ ਨਾ ਰਹੀ ਤਾਂ ਅੰਦਾਜ਼ਾ ਲਾਏਗਾ ਕੌਣ? ਅਤੇ ਅੰਦਾਜ਼ਾ ਮਿਲੇਗਾ ਕਿਸਦਾ?

ਉਪਦੇਸ਼—ਕਰਤਾਰ ਦਾ ਅੰਤ ਕਿਸੇ ਤਰ੍ਹਾਂ ਨਹੀਂ ਆ ਸਕਦਾ। ਸਾਡਾ ਧਰਮ ਤਾਂ ਉਸ ਦਾ ਸਿਮਰਨ ਕਰਨਾ ਹੈ।

ਪ੍ਰਸ਼ਨ—ਸਤਿਗੁਰੂ ਜੀ! ਆਪ ਨੇ ਫੁਰਮਾਇਆ ਹੈ ਕਿ ਕਰਤਾਰ ਦੀ ਰਚਨਾ ਦਾ ਅੰਤ ਨਹੀਂ ਆਉਂਦਾ। ਸੋ ਕ੍ਰਿਪਾ ਕਰਕੇ ਦਸੋ ਜੋ ਕਿਹੜੀਆਂ-ਕਿਹੜੀਆਂ ਗੱਲਾਂ ਦਾ ਅੰਤ ਨਹੀਂ ਜਾਣਿਆ ਜਾਂਦਾ?

ਉੱਤਰ—

**੧. ਅੰਤੁ ਨ ਸਿਫਤੀ ਕਹਣਿ ਨ ਅੰਤੁ॥ ੨. ਅੰਤੁ ਨ ਕਰਣੈ ਦੇਣਿ ਨ ਅੰਤੁ॥ ੩. ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ੪. ਅੰਤੁ ਨ ਜਾਪੈ ਕਿਆ ਮਨਿ ਮੰਤੁ॥ ੫. ਅੰਤੁ ਨ ਜਾਪੈ ਕੀਤਾ ਆਕਾਰੁ॥ ੬. ਅੰਤੁ ਨ ਜਾਪੈ ਪਾਰਾਵਾਰੁ॥ ੭. ਅੰਤ ਕਾਰਣਿ ਕੇਤੇ ਬਿਲਲਾਹਿ॥ ੮. ਤਾ ਕੇ ਅੰਤ ਨ ਪਾਏ ਜਾਹਿ॥ ੯. ਏਹੁ ਅੰਤ ਨ ਜਾਣੈ ਕੋਇ॥ ੧੦.**

## ਬਹੁਤਾ ਕਹੀਐ ਬਹੁਤਾ ਹੋਇ ॥ ੧੧. ਵਡਾ ਸਾਹਿਬੁ ਊਚਾ ਥਾਉ ॥ ੧੨. ਊਚੇ ਉਪਰਿ ਊਚਾ ਨਾਉ ॥ ੧੩. ਏਵਡੁ ਊਚਾ ਹੋਵੈ ਕੋਇ ॥ ੧੪. ਤਿਸੁ ਊਚੇ ਕਉ ਜਾਣੈ ਸੋਇ ॥ ੧੫. ਜੇਵਡੁ ਆਪਿ ਜਾਣੈ ਆਪਿ ਆਪਿ ॥ ੧੬. ਨਾਨਕ ਨਦਰੀ ਕਰਮੀ ਦਾਤਿ ॥੨੪॥

ਪਦ ਅਰਥ—ਸਿਫਤੀ=ਉਪਮਾ, ਤਾਰੀਫ । ਕਰਣੈ=ਕੰਮਾਂ । ਮੰਤੁ=ਮਸ਼ਵਰਾ, ਗੁਪਤ ਸਲਾਹ । ਪਾਰਾਵਾਰੁ=ਉਰਾਰ ਪਾਰ । ਆਕਾਰੁ=ਜਗਤ । ਕਾਰਣਿ=ਵਾਸਤੇ । ਬਿਲਲਾਹਿ=ਰੋਂਦੇ ਹਨ ।

ਅਰਥ—੧. ਸਿਫਤਾਂ ਦਾ ਅੰਤ ਨਹੀਂ, ਕਹਿਣ ਵਾਲਿਆਂ ਦਾ ਅੰਤ ਨਹੀਂ । ੨. ਕੰਮਾਂ ਦਾ ਅੰਤ ਨਹੀਂ, ਦਾਤਾਂ ਦਾ ਅੰਤ ਨਹੀਂ । ੩. ਵੇਖਣ ਦਾ ਅੰਤ ਨਹੀਂ, ਸੁਨਣ ਦਾ ਅੰਤ ਨਹੀਂ । ੪. ਅੰਤ ਨਹੀਂ ਜਾਪਦਾ ਜੋ ਉਸ ਦੇ ਮਨ ਵਿਚ ਕੀ ਸਲਾਹ ਹੈ ? ੫. ਅੰਤ ਨਹੀਂ ਜਾਪਦਾ ਜੋ ਉਸ ਨੇ ਜਗਤ ਕਿਵੇਂ ਪੈਦਾ ਕੀਤਾ ? ੬. ਉਸ ਦੇ ਪਾਰ ਉਰਾਰ ਦਾ ਵੀ ਅੰਤ ਨਹੀਂ ਜਾਪਦਾ । ੭. ਅੰਤ ਲੈਣ ਵਾਸਤੇ ਕਿੰਨੇ ਹੀ ਰੋਂਦੇ ਹਨ । ੮. ਪਰ ਉਸ ਦਾ ਅੰਤ ਨਹੀਂ ਪਾਇਆ ਜਾਂਦਾ । ੯. ਇਹ ਅੰਤ ਹੈ, ਇਹ ਗੱਲ ਕੋਈ ਨਹੀਂ ਜਾਣਦਾ, ਅਰਥਾਤ ਅਖੀਰ ਕਿਸੇ ਵੇਖਿਆ ਹੀ ਨਹੀਂ । ੧੦. ਜਿੰਨਾਂ ਬਹੁਤਾ ਕਹੀਏ ਉਹ ਉਨਾ ਹੀ ਬਹੁਤ ਹੋ ਜਾਂਦਾ ਹੈ । ੧੧. ਮਾਲਕ ਵੱਡਾ ਹੈ, ਉਸ ਦੀ ਜਗ੍ਹਾ ਵੀ ਉੱਚੀ ਹੈ । ੧੨. ਪਰ ਉਸ ਉੱਚੇ ਨਾਲੋਂ ਉਸ ਦਾ ਨਾਮ ਉੱਚਾ ਹੈ । ੧੩. ਕੋਈ ਏਡਾ ਉੱਚਾ ਹੋਵੇ । ੧੪. ਤਾਂ ਉਸ ਉੱਚੇ ਨੂੰ ਜਾਣੇਗਾ । ੧੫. ਜੇਡਾ ਵੱਡਾ ਉਹ ਆਪ ਹੈ, ਆਪਣੀ

ਵਡਿਆਈ ਨੂੰ ਆਪੇ ਜਾਣਦਾ ਹੈ। ੧੬. ਸਤਿਗੁਰੂ ਜੀ ਆਖਦੇ ਹਨ, ਉਸ ਦੀ ਕ੍ਰਿਪਾ ਦੀ ਨਜ਼ਰ ਨਾਲ ਹੀ ਦਾਤ ਮਿਲਦੀ ਹੈ ॥੨੪॥

ਸਿਧਾਂਤ—ਜਿਵੇਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਪਰਲੀ ਛਤ ਉਤੇ ਬਿਰਾਜਮਾਨ ਕੀਤੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਪੁਲ ਤੇ ਖੜਾ ਸਿਖ ਨਹੀਂ ਕਰ ਸਕਦਾ, ਪਰ ਹਾਂ ਜੇਕਰ ਸ੍ਰੀ ਬਾਬਾ ਅਟੱਲ ਜੀ ਦੀ ਉਪਰਲੀ ਮੰਜ਼ਲ ਤੇ ਸਿਖ ਪਹੁੰਚ ਜਾਏ ਤਾਂ ਸ੍ਰੀ ਹਰਿਮੰਦਰ ਸਾਹਿਬ ਜੀ ਉਪਰਲੇ ਸਤਿਗੁਰੂ ਜੀ ਦੇ ਬਖੂਬੀ ਦਰਸ਼ਨ ਕਰ ਸਕਦਾ ਹੈ। ਇਵੇਂ ਕਰਤਾਰ ਵੱਡਾ ਹੈ, ਉਸ ਦੇ ਰਹਿਣ ਦੀ ਜਗ੍ਹਾ ਜਗਤ ਨਾਲੋਂ ਉੱਚੀ ਹੈ। ਜਗਤ ਦੇ ਜੰਜਾਲਾਂ ਵਿਚ ਫਸਿਆ ਜੀਵ ਕਰਤਾਰ ਦੇ ਦਰਸ਼ਨ ਤੋਂ ਵਾਂਜਿਆ ਰਹਿ ਸਕਦਾ ਹੈ। ਪਰ 'ਨਾਮ' ਸਭ ਤੋਂ ਉੱਚਾ ਹੈ, ਜੋ ਨਾਮ ਦੇ ਆਸਰੇ ਹੋਵੇਗਾ ਉਹ ਕਰਤਾਰ ਦੇ ਦਰਸ਼ਨ ਕਰ ਸਕੇਗਾ।

ਉਪਦੇਸ਼—ਕਰਤਾਰ ਦੀ ਰਚਨਾਂ ਦਾ ਅੰਤ ਨਹੀਂ। ਅੰਤ ਲੈਣ ਦਾ ਖਿਆਲ ਛਡ ਕੇ ਨਾਮ ਸਿਮਰਨ ਵਿਚ ਜ਼ਿੰਦਗੀ ਲਾਓ।

ਪ੍ਰਸ਼ਨ—ਸਤਿਗੁਰੂ ਜੀ! ਕਰਤਾਰ ਜੋ ਮਿਹਰ ਕਰਦਾ ਹੈ ਉਸ ਦੇ ਸਿਲੇ ਵਿਚ ਉਹ ਕੁਝ ਲੈਂਦਾ ਵੀ ਹੈ ਜਾਂ ਨਹੀਂ?

ਉੱਤਰ—

**੧. ਬਹੁਤਾ ਕਰਮੁ ਲਿਖਿਆ ਨਾ ਜਾਇ ॥ ੨. ਵਡਾ ਦਾਤਾ ਤਿਲੁ ਨ ਤਮਾਇ ॥ ੩. ਕੇਤੇ ਮੰਗਹਿ ਜੋਧ ਅਪਾਰ ॥ ੪. ਕੇਤਿਆ ਗਣਤ ਨਹੀ ਵੀਚਾਰੁ ॥ ੫. ਕੇਤੇ ਖਪਿ ਤੁਟਹਿ ਵੇਕਾਰ ॥ ੬. ਕੇਤੇ ਲੈ ਲੈ ਮੁਕਰੁ ਪਾਹਿ ॥ ੭. ਕੇਤੇ ਮੂਰਖ ਖਾਹੀ ਖਾਹਿ ॥ ੮. ਕੇਤਿਆ ਦੂਖ**

ਭੂਖ ਸਦ ਮਾਰ ॥ ੯. ਏਹਿ ਭਿ ਦਾਤਿ ਤੇਰੀ ਦਾਤਾਰ ॥ ੧੦. ਬੰਦਿ ਖਲਾਸੀ ਭਾਣੈ ਹੋਇ ॥ ੧੧. ਹੋਰੁ ਆਖਿ ਨ ਸਕੈ ਕੋਇ ॥ ੧੨. ਜੇ ਕੋ ਖਾਇਕੁ ਆਖਣਿ ਪਾਇ ॥ ੧੩. ਓਹੁ ਜਾਣੈ ਜੇਤੀਆ ਮੁਹਿ ਖਾਇ ॥ ੧੪. ਆਪੇ ਜਾਣੈ ਆਪੇ ਦੇਇ ॥ ੧੫. ਆਖਹਿ ਸਿ ਭਿ ਕੇਈ ਕੇਇ ॥ ੧੬. ਜਿਸ ਨੋ ਬਖਸੇ ਸਿਫਤਿ ਸਾਲਾਹ ॥ ੧੭. ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

ਪਦ ਅਰਥ—ਤਮਾਇ=ਘਾਟਾ । ਕਰਮੁ=ਬਖਸ਼ਸ਼ । ਖਾਇਕੁ=ਮੂਰਖ ।

ਅਰਥ—੧. ਬਖਸ਼ਸ਼ ਬਹੁਤ ਹੈ, ਲਿਖੀ ਨਹੀਂ ਜਾਂਦੀ । ੨. ਦਾਤਾ ਵੱਡਾ ਹੈ, ਉਸ ਦੇ ਘਰ ਤਿਲ ਜਿੰਨਾ ਵੀ ਘਾਟਾ ਨਹੀਂ । ੩. ਕਿੰਨੇ ਹੀ ਮਹਾਂ ਬਲੀ ਯੋਧੇ ਉਸ ਤੋਂ ਮੰਗਦੇ ਹਨ । ੪. ਕਿੰਨੇ ਹੀ ਹੋਰ ਮੰਗਤੇ ਹਨ, ਜਿਨ੍ਹਾਂ ਦੀ ਗਿਣਤੀ ਦੀ ਵਿਚਾਰ ਵੀ ਨਹੀਂ ਹੋ ਸਕਦੀ । ੫, ਕਿੰਨੇ ਹੀ ਉਸ ਤੋਂ ਦਾਤ ਲੈ ਕੇ ਵੇਕਾਰਾਂ ਵਿਚ ਖਪ ਕੇ ਟੁਟ ਪਏ ਹਨ । ੬. ਕਿੰਨੇ ਹੀ ਦਾਤਾਂ ਲੈ ਲੈ ਕੇ ਮੁਕਰ ਪਏ ਹਨ । ੭. ਕਿੰਨੇ ਹੀ ਮੂਰਖ ਅਜਿਹੇ ਹਨ ਜੋ ਹਮੇਸ਼ਾਂ ਖਾਂਦੇ ਹੀ ਖਾਂਦੇ ਹਨ, ਅਰਥਾਤ ਰੱਬ ਤੋਂ ਭੁਲ ਕੇ ਖਾਊਂ ਖਾਊਂ ਹੀ ਕਰ ਰਹੇ ਹਨ । ੮. ਕਿੰਨਿਆਂ ਨੂੰ ਦੁਖ ਤੇ ਭੁਖ ਦੀ ਸਦਾ ਮਾਰ ਪੈਂਦੀ ਹੈ । ੯. ਪਰ ਹੇ ਦਾਤੇ ! ਇਹ ਵੀ ਤੇਰੀ ਦਾਤ ਹੈ । ੧੦. ਤੇਰੇ ਭਾਣੇ ਵਿਚ ਹੀ ਬੱਝਣਾ ਤੇ ਆਜ਼ਾਦ ਹੋਈਦਾ ਹੈ । ੧੧. ਭਾਣੇ ਤੋਂ ਬਿਨਾਂ

ਹੋਰ ਕੋਈ ਗੱਲ ਆਖ ਨਹੀਂ ਸਕੀਦੀ। ੧੨. ਜੇ ਕੋਈ ਮੂਰਖ ਕੁਝ ਆਖਣ ਲਗ ਪਵੇ। ੧੩. ਤਾਂ ਜਿੰਨੀਆਂ ਸੱਟਾਂ ਮੂੰਹ ਤੇ ਖਾਂਦਾ ਹੈ, ਉਨ੍ਹਾਂ ਨੂੰ ਓਹੀ ਜਾਣਦਾ ਹੈ। ੧੪. ਪਰ ਨਾਮ ਦੇ ਰਸੀਆਂ ਦਾ ਨਿਸਚਾ ਹੈ ਜੁ ਕਰਤਾਰ ਆਪੇ ਸਾਡੀਆਂ ਲੋੜਾਂ ਨੂੰ ਜਾਣਦਾ ਹੈ, ਆਪੇ ਹੀ ਦੇਵੇਗਾ ਇਸ ਲਈ ਮੰਗਦੇ ਨਹੀਂ। ੧੫. ਜੋ ਅਜਿਹੇ ਨਿਸਚੇ ਵਾਲੇ ਹਨ ਉਹ ਵੀ ਕੋਈ ਕੋਈ ਕਹੇ ਜਾਂਦੇ ਹਨ, ਅਰਥਾਤ ਸਬਰ ਵਾਲੇ ਵਿਰਲੇ ਹਨ। ੧੬. ਜਿਸ ਨੂੰ ਸਿਫਤੀ ਨੇ ਆਪਣੀ ਸਲਾਹੁਤਾ ਬਖਸ਼ੀ ਹੈ। ੧੭. ਸਤਿਗੁਰੂ ਜੀ ਆਖਦੇ ਹਨ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ ॥੨੫॥

ਸਿਧਾਂਤ—'ਦੁਖ ਦਾਰੂ'। ਜਦ ਕੋਈ ਦੇਸ ਕੌਮ ਜਾਂ ਪੁਰਖ ਆਪਣੇ ਬਲ, ਪੁਰਖੱਤ ਤੇ ਇੱਜ਼ਤ ਤੋਂ ਰਹਿ ਜਾਂਦਾ ਹੈ, ਸੁਸਤ ਤੇ ਬੇ-ਸਮਝ ਹੋ ਜਾਂਦਾ ਹੈ। ਆਪਣੀ ਰਖਿਆ ਤੋਂ ਆਪ ਅਸਮਰੱਥ ਹੋ ਕੇ ਉਦਾਸ ਹੋ ਬੈਠਦਾ ਹੈ, ਅਤੇ ਹੋਰਨਾਂ ਤੋਂ ਮਾਰ ਖਾਣ ਦਾ ਆਦੀ ਹੋ ਜਾਂਦਾ ਹੈ ਤਾਂ ਨਿਰੰਕਾਰ ਉਸ ਨੂੰ ਦੁਖ ਭੁਖ ਦੀ ਮਾਰ ਬਖਸ਼ਦਾ ਹੈ। ਜਿਵੇਂ ਕੋਈ ਸੁੱਤਾ ਆਦਮੀ ਆਵਾਜ਼ ਮਾਰਨ ਨਾਲ ਨਾ ਜਾਗੇ, ਹਲੂਣਾ ਮਾਰਨ ਨਾਲ ਨਾ ਜਾਗੇ ਤਾਂ ਉਸ ਨੂੰ ਟੁੰਬ ਕੇ ਜਗਾਉਣ ਦਾ ਯਤਨ ਕੀਤਾ ਜਾਂਦਾ ਹੈ, ਚੂੰਢੀਆਂ ਵੱਢ ਕੇ ਜਗਾਉਣ ਦਾ ਯਤਨ ਕੀਤਾ ਜਾਂਦਾ ਹੈ। ਇਵੇਂ ਹੀ ਜਿਸ ਨੂੰ ਆਪਣੀ ਰਖਿਆ ਦਾ ਖਿਆਲ ਨਹੀਂ, ਨਿਰੰਕਾਰ ਉਸ ਨੂੰ ਦੁਖ ਭੁੱਖ ਬਖਸ਼ ਕੇ ਉਭਾਰਨ ਦਾ ਯਤਨ ਕਰਦਾ ਹੈ। ਇਸ ਦੁਖ ਭੁਖ ਤੋਂ ਕਈ ਗੁਣ ਪ੍ਰਾਪਤ ਹੁੰਦੇ ਹਨ। ਮਨੁਖ ਦੀ ਅਕਲ ਟਿਕਾਣੇ ਆ ਜਾਂਦੀ ਹੈ, ਸੁਸਤੀ, ਆਲਸ, ਨਾ ਉਮੀਦੀ, ਬੇ-ਪ੍ਰਵਾਹੀ ਪਰ ਲਾ ਕੇ ਉਡ ਜਾਂਦੀਆਂ ਹਨ, ਆਕੜ, ਹੈਂਕੜ, ਗੁਮਾਨ ਮਗਰੋਂ ਲਥ ਜਾਂਦੇ ਹਨ।

ਕਰਤਾਰ ਚੇਤੇ ਆਉਂਦਾ ਹੈ, ਆਪਣਾ ਕੰਮ ਆਪ ਸੁਆਰਨ ਦੀ ਸਮਝ ਪੈਂਦੀ ਹੈ, ਪੈਰਾਂ ਤੇ ਖੜੇ ਹੋਣ ਦੀ ਜਾਚ ਤੇ ਕੰਮ ਕਰਨ ਦੀ ਅਟਕਲ ਸਿੱਖੀਦੀ ਹੈ, ਹਿੰਮਤ, ਹੌਸਲਾ, ਦਲੇਰੀ ਤੇ ਕੁਰਬਾਨੀ ਦਾ ਮਾਦਾ ਪੈਦਾ

ਹੁੰਦਾ ਹੈ, ਧੀਰਜ ਤੇ ਸਾਹਸ ਵਧਦਾ ਹੈ ।

ਇਸ ਦੁਖ ਭੁਖ ਦੀ ਮਾਰ ਨਾਲ ਕਈ ਗਏ ਗੁਜਰੇ ਦੇਸ ਵੱਸ ਚੁਕੇ ਹਨ, ਮੁਰਦੀਆਂ ਰੂਹਾਂ ਜਿੰਦਾ ਹੋ ਗਈਆਂ ਹਨ, ਗੁਲਾਮੀ ਵਿਚ ਜ਼ਿੰਦਗੀ ਬਿਤਾਉਣ ਵਾਲੇ ਖੁਦ ਮੁਖਤਾਰ ਹੋ ਗਏ ਹਨ, ਇਸ ਲਈ ਤਾਂ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਹੈ 'ਦੁਖੁ ਦਾਰੂ ਸੁਖੁ ਰੋਗੁ ਭਇਆ' । ਕਿਉਂਕਿ ਜਦੋਂ ਸੁਖ ਹੁੰਦਾ ਹੈ, ਓਦੋਂ ਆਪਣੀ ਉਨਤੀ ਦਾ ਖਿਆਲ ਹੀ ਨਹੀਂ ਹੁੰਦਾ ।

ਉਪਦੇਸ਼—ਦੁਖ ਭੁਖ ਵੇਲੇ ਘਾਬਰੋ ਨਾ, ਰੱਬ ਦੀ ਦਾਤ ਸਮਝ ਕੇ ਉਸ ਤੋਂ ਸਿਖਿਆ ਲੈਣ ਦਾ ਯਤਨ ਕਰੋ, ਗੁਣ ਗਾਓ, ਉੱਦਮ ਕਰੋ, ਤਾਂ ਸਾਰੇ ਹੀ ਕਾਰਜ ਰਾਸ ਹੋ ਜਾਣਗੇ ।

ਪ੍ਰਸ਼ਨ—ਸਤਿਗੁਰੂ ਜੀ ! ਕਰਤਾਰ ਕੋਲੋਂ ਕੋਈ ਵਸਤੂ ਲੈਣੀ ਹੋਵੇ ਤਾਂ ਕੀ ਕੁਝ ਮੁਲ ਦੇ ਕੇ ਜਾਂ ਯੱਗ, ਤਪ, ਦਾਨ, ਇਸ਼ਨਾਨ ਕਰਕੇ ਲੈ ਸਕਦੇ ਹਾਂ ਕਿਉਂਕਿ ਕਈ ਕਹਿੰਦੇ ਹਨ ਜੋ ਫਲਾਣਾ-ਫਲਾਣਾ ਕੰਮ ਜਾਂ ਪਾਠ ਕਰੀਏ ਤਾਂ ਇਹ ਕੁਝ ਮਿਲ ਜਾਂਦਾ ਹੈ । ਇੰਦਰ ਬਨਣ ਵਾਸਤੇ ਇਕ ਸੌ ਇਕ ਅਸ੍ਵਮੇਧ ਯਗ ਕਰਨੇ ਉਨ੍ਹਾਂ ਕਹੇ ਹਨ, ਇਵੇਂ ਹੀ ਸਾਰੇ ਕੰਮਾਂ ਲਈ ਸਾਧਨ ਕਹੇ ਹਨ ਕੀ ਇਹ ਸੱਚ ਹਨ ?

ਉੱਤਰ—

**੧. ਅਮੁਲ ਗੁਣ ਅਮੁਲ ਵਾਪਾਰ ॥ ੨. ਅਮੁਲ ਵਾਪਾਰੀਏ ਅਮੁਲ ਭੰਡਾਰ ॥ ੩. ਅਮੁਲ ਆਵਹਿ ਅਮੁਲ ਲੈ ਜਾਹਿ ॥ ੪. ਅਮੁਲ ਭਾਇ ਅਮੁਲਾ ਸਮਾਹਿ ॥ ੫. ਅਮੁਲੁ ਧਰਮੁ ਅਮੁਲੁ ਦੀਬਾਣੁ ॥ ੬. ਅਮੁਲੁ ਤੁਲੁ**

ਅਮੁਲੁ ਪਰਵਾਣੁ ॥ ੭. ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ੮. ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ੯. ਅਮੁਲੋ ਅਮੁਲੁ ਆਖਿਆ ਨ ਜਾਇ ॥ ੧੦. ਆਖਿ ਆਖਿ ਰਹੇ ਲਿਵ ਲਾਇ ॥ ੧੧. ਆਖਹਿ ਵੇਦ ਪਾਠ ਪੁਰਾਣ ॥ ੧੨. ਆਖਹਿ ਪੜੇ ਕਰਹਿ ਵਖਿਆਣ ॥ ੧੩. ਆਖਹਿ ਬਰਮੇ ਆਖਹਿ ਇੰਦ ॥ ੧੪. ਆਖਹਿ ਗੋਪੀ ਤੈ ਗੋਵਿੰਦ ॥ ੧੫. ਆਖਹਿ ਈਸਰ ਆਖਹਿ ਸਿਧ ॥ ੧੬. ਆਖਹਿ ਕੇਤੇ ਕੀਤੇ ਬੁਧ ॥ ੧੭. ਆਖਹਿ ਦਾਨਵ ਆਖਹਿ ਦੇਵ ॥ ੧੮. ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ੧੯. ਕੇਤੇ ਆਖਹਿ ਆਖਣਿ ਪਾਹਿ ॥ ੨੦. ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ੨੧. ਏਤੇ ਕੀਤੇ ਹੋਰਿ ਕਰੇਹਿ ॥ ੨੨. ਤਾ ਆਖਿ ਨ ਸਕਹਿ ਕੇਈ ਕੇਇ ॥ ੨੩. ਜੇਵਡੁ ਭਾਵੈ ਤੇਵਡੁ ਹੋਇ ॥ ੨੪. ਨਾਨਕ ਜਾਣੈ

**ਸਾਚਾ ਸੋਇ ॥ ੨੫. ਜੇ ਕੋ ਆਖੈ ਬੋਲੁ ਵਿਗਾੜੁ ॥ ੨੬. ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥**

ਪਦ ਅਰਥ—ਅਮੁਲੁ=ਜਿਸ ਦਾ ਮੁਲ ਨ ਪੈ ਸਕੇ, ਬੇ-ਕੀਮਤਾ। ਵਾਪਾਰ=ਲੈਣ ਦੇਣ, ਵਣਜ। ਭਾਇ=ਪ੍ਰੇਮ। ਸਮਾਹਿ=ਅਨੰਦ। ਦੀਬਾਣੁ=ਦਰਬਾਰ। ਧਰਮੁ=ਇਨਸਾਫ਼। ਤੁਲੁ=ਤਕੜੀ, ਵਿਚਾਰ। ਪਰਵਾਣੁ=ਵੱਟਾ, ਮਾਪ, ਦਲੀਲ। ਕਰਮੁ=ਕ੍ਰਿਪਾ। ਫੁਰਮਾਣੁ=ਹੁਕਮ। ਗੋਵਿੰਦ=ਕ੍ਰਿਸ਼ਨ। ਈਸਰ=ਸ਼ਿਵ ਜੀ। ਦਾਨਵ=ਦੈਂਤ। ਸੁਰਿ=ਸ਼ੁਭ ਕਰਮਾਂ ਵਾਲੇ ਪੁਰਸ਼, ਦੇਵਤੇ। ਗਾਵਾਰਾ ਗਾਵਾਰੁ=ਮਹਾਂ ਮੂਰਖ।

ਅਰਥ—੧. ਗੁਣ ਅਮੁਲ ਹਨ, ਵਪਾਰ ਅਮੁਲ ਹਨ। ੨. ਵਪਾਰੀ ਅਮੁਲ ਹਨ, ਖਜ਼ਾਨੇ ਅਮੁਲ ਹਨ। ੩. ਆਉਣ ਵਾਲੇ ਅਮੁਲ ਹਨ, ਲੈ ਕੇ ਜਾਣ ਵਾਲੇ ਅਮੁਲ ਹਨ। ੪. ਪ੍ਰੇਮ ਅਮੁਲ ਹੈ, ਅਨੰਦ ਅਮੁਲ ਹੈ। ੫. ਇਨਸਾਫ ਅਮੁਲ ਹੈ ਦਰਬਾਰ ਅਮੁਲ ਹੈ। ੬. ਵਿਚਾਰ ਅਮੁਲ ਹੈ, ਦਲੀਲ ਅਮੁਲ ਹੈ। ੭. ਬਖਸ਼ਸ਼ ਅਮੁਲ ਹੈ, ਨਿਸ਼ਾਨਾ ਅਮੁਲ ਹੈ। ੮ ਕ੍ਰਿਪਾ ਅਮੁਲ ਹੈ, ਹੁਕਮ ਅਮੁਲ ਹੈ। ੯. ਸਭ ਕੁਝ ਅਮੁਲੋ ਹੀ ਅਮੁਲ ਹੈ ਮੁਲ ਕਿਸੇ ਦਾ ਵੀ ਕਿਹਾ ਨਹੀਂ ਜਾਂਦਾ। ੧੦. ਕਈ ਕਹਿ ਕਹਿ ਕੇ ਅੰਤ ਨੂੰ ਲਿਵ ਲਾ ਰਹੇ ਹਨ, ਅਰਥਾਤ ਥਕ ਕੇ ਚੁਪ ਕਰ ਰਹੇ ਹਨ। ੧੧. ਵੇਦਾਂ ਤੇ ਪੁਰਾਣਾਂ ਦੇ ਪਾਠ ਵੀ ਉਸੇ ਨੂੰ ਆਖਦੇ ਹਨ। ੧੨. ਉਨ੍ਹਾਂ ਨੂੰ ਪੜ੍ਹਨ ਵਾਲੇ ਪੰਡਤ ਵੀ ਵਖਿਆਨ ਕਰਕੇ ਆਖਦੇ ਹਨ। ੧੩. ਬ੍ਰਹਮੇ ਆਖਦੇ ਹਨ, ਇੰਦ੍ਰ ਆਖਦੇ ਹਨ। ੧੪. ਗੋਪੀਆਂ ਤੇ ਕਾਹਨ ਵੀ ਆਖਦੇ ਹਨ। ੧੫. ਸ਼ਿਵ ਜੀ ਆਖਦਾ ਹੈ ਸਿਧ ਆਖਦੇ ਹਨ। ੧੬. ਹੋਰ ਕਿੰਨੇ ਹੀ ਉਸ ਦੇ ਕੀਤੇ ਹੋਏ ਬੁਧ ਆਦਿਕ ਮਹਾਂ ਪੁਰਸ਼ ਆਖਦੇ ਹਨ। ੧੭. ਦੈਂਤ ਆਖਦੇ ਹਨ, ਦੇਵਤੇ ਆਖਦੇ ਹਨ। ੧੮. ਸੁਰ, ਮਨੁੱਖ, ਮੁਨੀ,

ਭਗਤ ਜਨ ਤੇ ਸੇਵਕ ਆਖਦੇ ਹਨ। ੧੯. ਕਿੰਨੇ ਹੀ ਆਖਦੇ ਹਨ, ਅਤੇ ਕਿੰਨੇ ਹੀ ਆਖਣਾ ਚਾਹੁੰਦੇ ਹਨ। ੨੦. ਕਿੰਨੇ ਕਹਿੰਦੇ ਕਹਿੰਦੇ ਉਠ ਉਠ ਕੇ ਤੁਰੇ ਜਾਂਦੇ ਹਨ, ਅਰਥਾਤ ਮਰਦੇ ਜਾਂਦੇ ਹਨ। ੨੧. ਜਿੰਨੇ ਜੀਵ ਪੈਦਾ ਕੀਤੇ ਹੋਏ ਹਨ ਏਨੇ ਹੀ ਹੋਰ ਕਰ ਦੇਵੇ। ੨੨. ਤਾਂ ਉਹ ਸਾਰੇ ਮਿਲ ਕੇ ਉਸ ਦੀ ਸਿਫਤ ਨੂੰ ਕਿਸੇ ਤਰ੍ਹਾਂ ਕਦੇ ਵੀ ਨਹੀਂ ਆਖ ਸਕਣਗੇ। ੨੩. ਜਿਡਾ ਵੱਡਾ ਉਹ ਹੋਣਾ ਚਾਹੇ ਓਡਾ ਵੱਡਾ ਹੀ ਹੋ ਜਾਂਦਾ ਹੈ। ੨੪. ਸਤਿਗੁਰੂ ਜੀ ਆਖਦੇ ਹਨ, ਆਪਣੀ ਤਾਕਤ ਨੂੰ ਉਹ ਸੱਚਾ ਆਪ ਹੀ ਜਾਣਦਾ ਹੈ। ੨੫. ਜਿਹੜਾ ਕੋਈ ਉਸ ਦੀ ਸ਼ਾਨ ਵਿਚ ਬੁਰਾ ਬਚਨ ਆਖੇਗਾ। ੨੬. ਉਹ ਤਾਂ ਮੂਰਖਾਂ ਦਾ ਸਰਦਾਰ ਮਹਾਂ ਮੂਰਖ ਲਿਖਿਆ ਜਾਏਗਾ। ਅਰਥਾਤ ਸਾਰੀ ਦੁਨੀਆਂ ਉਸ ਨੂੰ ਮਹਾਂ ਮੂਰਖ ਸਮਝੇਗੀ ਤੇ ਦਰਗਾਹੇ ਢੋਈ ਨਹੀਂ ਪਾਏਗਾ ॥੨੬॥

ਉਪਦੇਸ਼—ਵਾਹਿਗੁਰੂ ਜੀ ਦੀ ਕੋਈ ਚੀਜ਼ ਮੁਲ ਨਹੀਂ ਲੈ ਸਕੀਦੀ ਸਭ ਕੁਝ ਅਮੁਲ ਹੈ, ਸਾਡੇ ਕੋਲ ਉਸ ਦਾ ਮੁਲ ਹੀ ਨਹੀਂ ਹੈ।

੨—ਬ੍ਰਹਮਾ, ਇੰਦ੍ਰ, ਕ੍ਰਿਸ਼ਨ ਤੇ ਸ਼ਿਵ ਜੀ ਆਦਿਕ ਸਾਰੇ ਉਸ ਦੇ ਗੁਣ ਗਾਉਂਦੇ ਹਨ ਪਰ ਪੂਰਾ ਪੂਰਾ ਜਸ ਨਹੀਂ ਕਰ ਸਕਦੇ।

ਪ੍ਰਸ਼ਨ—ਸਤਿਗੁਰੂ ਜੀ! ਉਸ ਨਿਰੰਕਾਰ ਦੇ ਦਰਬਾਰ ਦਾ ਪਤਾ ਦੱਸੋ, ਕਿਸ ਤਰ੍ਹਾਂ ਦਾ ਅਤੇ ਕਿਥੇ ਹੈ?

ਉੱਤਰ—

**੧. ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ੨. ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ੩. ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥**

੪. ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ੫. ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥ ੬. ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ੭. ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ੮. ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ੯. ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ ੧੦. ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥ ੧੧. ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ੧੨. ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ੧੩. ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ੧੪. ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ ੧੫.

**ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ੧੬. ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ ੧੭. ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ੧੮. ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ੧੯. ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ੨੦. ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ੨੧. ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ੨੨. ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥**

ਪਦ ਅਰਥ—ਸੋ ਦਰੁ=ਉਹ ਦਰਵਾਜਾ । ਵਾਵਣਹਾਰੇ=ਵਜਾਣ ਵਾਲੇ, ਵਜੰਤ੍ਰੀ । ਪਰੀ=ਰਾਗਨੀਆਂ । ਨਾਦ=ਸ਼ਬਦ, ਅਵਾਜ਼ । ਈਸਰੁ= ਸ਼ਿਵ । ਵੀਰ ਕਰਾਰੇ=ਤਕੜੇ ਸੂਰਮੇ, ਜੋਸ਼ੀਲੇ ਯੋਧੇ । ਰਿਖੀਸਰ=ਮਹਾਂ ਰਿਖੀ । ਜੁਗੁ=ਚਾਰ । ਮਛ=ਮਾਤ ਲੋਕ, ਇਹ ਦੁਨੀਆਂ । ਪਇਆਲੇ= ਪਤਾਲ, ਅਮਰੀਕਾ ਆਦਿਕ ਮੁਲਕ । ਅਠਸਠਿ=੬੮, ਅਠਾਹਠ । ਖਾਣੀ

ਚਾਰੇ=ਚਾਰ ਖਾਣੀਆਂ (ੳ) ਅੰਡਜ, ਅੰਡਿਆਂ ਤੋਂ ਪੈਦਾ ਹੋਣ ਵਾਲੇ ਪੰਛੀ ਆਦਿਕ (ਅ) ਜੇਰਜ, ਜੇਰ ਤੋਂ ਪੈਦਾ ਹੋਣ ਵਾਲੇ ਪਸ਼ੂ, ਮਨੁੱਖ ਆਦਿਕ (ੲ) ਸੇਤਜ, ਪਸੀਨੇ ਤੋਂ ਪੈਦਾ ਹੋਣ ਵਾਲੇ ਜੂੰਆਂ ਪਿਸੂ ਆਦਿ (ਸ) ਉਤਭੁਜ, ਜ਼ਮੀਨ ਨੂੰ ਪਾੜ ਕੇ ਪੈਦਾ ਹੋਣ ਵਾਲੇ ਘਾਹ ਦਰਖਤ ਆਦਿਕ। ਮੰਡਲ=ਇਕ ਦੇਸ। ਵਰਭੰਡਾ=ਬ੍ਰਹਮੰਡ, ਜਿਸ ਵਿਚ ਅਨੇਕਾਂ ਹੀ ਦੇਸ ਤੇ ਖੰਡ ਹੁੰਦੇ ਹਨ। ਰਸਾਲੇ=ਰਸਾਂ ਦੇ ਘਰ, ਪ੍ਰੇਮੀ। ਨਾਈ=ਵਡਿਆਈ।

ਅਰਥ—੧. ਹੇ ਦਾਤਾ! ਉਹ ਦਰ ਕੇਹਾ ਹੈ, ਉਹ ਘਰ ਕੇਹਾ ਹੈ ਜਿਥੇ ਬੈਠ ਕੇ ਤੂੰ ਸਭਨਾਂ ਦੀ ਸੰਭਾਲ ਕਰਦਾ ਹੈਂ? ੨. ਤੇਰੇ ਦਰਬਾਰ ਅਗੇ ਅਨੇਕਾਂ ਵਾਜੇ ਤੇ ਅਸੰਖਾਂ ਨਾਦ ਹਨ, ਉਨ੍ਹਾਂ ਨੂੰ ਕਿੰਨੇ ਵਜਾਣ ਵਾਲੇ ਹਨ। ੩. ਕਿੰਨੇ ਹੀ ਰਾਗ ਰਾਗਣੀਆਂ ਸਣੇ ਤੇਰੇ ਦਰ ਤੇ ਖੜੇ ਹਨ, ਅਤੇ ਕਿੰਨੇ ਹੀ ਉਨ੍ਹਾਂ ਨੂੰ ਗਾਉਣ ਵਾਲੇ ਹਨ। ੪. ਪੌਣ ਪਾਣੀ ਤੇ ਅੱਗ ਤੈਨੂੰ ਗਾਉਂਦੇ ਹਨ ਅਤੇ ਤੇਰੇ ਦਰਵਾਜੇ ਤੇ ਖੜੋਤਾ ਧਰਮ ਰਾਜ ਵੀ ਗਾਉਂਦਾ ਹੈ। ੫. ਗਾਉਂਦੇ ਹਨ ਚਿਤ੍ਰ ਗੁਪਤ ਜੋ ਜੀਵਾਂ ਦੇ ਕਰਮ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੀ ਲਿਖੀ ਲਿਖਤ ਨੂੰ ਧਰਮ ਰਾਜਾ ਵਿਚਾਰਦਾ ਹੈ। ੬. ਸ਼ਿਵ ਜੀ, ਬ੍ਰਹਮਾ ਤੇ ਦੇਵੀ ਗਾਉਂਦੀ ਹੈ। ਜੋ ਤੇਰੇ ਸਵਾਰੇ ਹੋਏ ਸਦਾ ਹੀ ਸੋਭਾ ਪਾ ਰਹੇ ਹਨ। ੭. ਇੰਦ੍ਰ ਤਖਤ ਤੇ ਬੈਠੇ ਹੋਏ ਦੇਵਤਿਆਂ ਦੇ ਦਰਬਾਰ ਸਣੇ ਤੈਨੂੰ ਹੀ ਗਾਉਂਦੇ ਹਨ। ੮. ਸਿਧ ਸਮਾਧੀਆਂ ਅੰਦਰ ਅਤੇ ਸਾਧ ਵਿਚਾਰ ਵਿਚ ਤੈਨੂੰ ਹੀ ਗਾਉਂਦੇ ਹਨ। ੯. ਜਤੀ ਸਤੀ ਤੇ ਸੰਤੋਖੀ ਤੈਨੂੰ ਗਾਉਂਦੇ ਹਨ ਅਤੇ ਜੋਸ਼ੀਲੇ ਜੋਧੇ ਵੀ ਤੇਰਾ ਜਸ ਗਾਉਂਦੇ ਹਨ। ੧੦. ਚੌਹਾਂ ਜੁਗਾਂ ਵਿਚ ਵੇਦਾਂ ਨੂੰ ਪੜ੍ਹਨ ਵਾਲੇ ਪੰਡਤ ਤੇ ਮਹਾਂ ਰਿਖੀ ਵੀ ਤੈਨੂੰ ਗਾਉਂਦੇ ਹਨ। ੧੧. ਸੁਰਗ, ਮਾਤ ਲੋਕ ਤੇ ਪਤਾਲ ਦੀਆਂ ਮਨ ਨੂੰ ਮੋਹਣ ਵਾਲੀਆਂ ਇਸਤ੍ਰੀਆਂ ਵੀ ਤੈਨੂੰ ਗਾਉਂਦੀਆਂ ਹਨ। ੧੨. ਤੇਰੇ ਬਣਾਏ ਹੋਏ ਰਤਨ, ਅਠਾਹਠ ਤੀਰਥ ਅਤੇ ਨਾਲੇ ਦਰਿਆ ਵੀ ਤੈਨੂੰ ਗਾਉਂਦੇ ਹਨ। ੧੩. ਜੋਧੇ, ਮਹਾਂ ਬਲੀ ਤੇ ਸੂਰਮੇ ਗਾਉਂਦੇ ਹਨ

ਅਤੇ ਚੌਹਾਂ ਖਾਣੀਆਂ ਦੇ ਜੀਵ ਵੀ ਤੈਨੂੰ ਗਾਉਂਦੇ ਹਨ । ੧੪. ਖੰਡ, ਮੰਡਲ ਅਤੇ ਬ੍ਰਹਮੰਡ ਜੋ ਤੂੰ ਬਣਾ ਕਰਕੇ ਆਪਣੇ ਆਸਰੇ ਰਖੇ ਹੋਏ ਹਨ, ਉਹ ਵੀ ਤੈਨੂੰ ਹੀ ਗਾਉਂਦੇ ਹਨ । ੧੫. ਤੈਨੂੰ ਓਹੀ ਗਾਉਂਦੇ ਹਨ, ਜੋ ਤੈਨੂੰ ਭਾਉਂਦੇ ਹਨ, ਤੇਰੇ ਭਗਤ ਤਾਂ ਪ੍ਰੇਮ ਵਿਚ ਰੱਤੇ ਹੋਏ ਹਨ । ੧੬. ਹੋਰ ਕਿੰਨੇ ਹੀ ਗਾਉਂਦੇ ਹਨ, ਉਹ ਮੈਨੂੰ ਚੇਤੇ ਹੀ ਨਹੀਂ ਆਉਂਦੇ, ਵਿਚਾਰਾ ਨਾਨਕ ਕੀ ਚੀਜ਼ ਹੈ ਜੋ ਉਨ੍ਹਾਂ ਦਾ ਅੰਤ ਪਾ ਸਕੇ ? ੧੭. ਉਹ ਸਦਾ ਰਹਿਣ ਵਾਲਾ ਹੈ, ਉਹ ਸੱਚਾ ਸਾਹਿਬ ਹੈ ਅਤੇ ਸਚੇ ਦੀ ਵਡਿਆਈ ਵੀ ਸੱਚੀ ਹੈ । ੧੮. ਜਿਸ ਨੇ ਇਹ ਰਚਨਾ ਰਚਾਈ ਹੈ, ਉਹ ਹੁਣ ਵੀ ਹੈ, ਅਗੇ ਨੂੰ ਵੀ ਹੋਵੇਗਾ, ਨਾ ਕਦੇ ਗਿਆ ਹੈ ਨਾ ਜਾਏਗਾ । ੧੯. ਜਿਸ ਨੇ ਰੰਗਾਂ ਰੰਗਾਂ ਤੇ ਭਾਂਤਾਂ ਭਾਂਤਾਂ ਅਤੇ ਵੰਨੋ ਵੰਨੀ ਦੀ ਮਾਇਆ ਪੈਦਾ ਕੀਤੀ ਹੈ । ੨੦. ਜਿਵੇਂ ਉਸ ਦੀ ਵਡਿਆਈ ਮਰਜ਼ੀ ਹੁੰਦੀ ਹੈ, ਤਿਵੇਂ ਹੀ ਬਣਾ ਬਣਾ ਕੇ ਆਪਣੇ ਕੀਤੇ ਨੂੰ ਵੇਖਦਾ ਹੈ । ੨੧. ਜੋ ਉਸ ਨੂੰ ਭਾਉਂਦਾ ਹੈ, ਓਹੀ ਕਰੇਗਾ, ਉਸ ਉਤੇ ਹੁਕਮ ਨਹੀਂ ਕੀਤਾ ਜਾਂਦਾ । ੨੨. ਸਤਿਗੁਰੂ ਜੀ ਆਖਦੇ ਹਨ ਉਹ ਮਾਲਕ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਉਸ ਦੇ ਹੁਕਮ ਵਿਚ ਰਹਿਣਾ ਹੀ ਚੰਗਾ ਹੈ ॥੨੭॥

ਸਿਧਾਂਤ—ਅੱਗ, ਪੌਣ, ਪਾਣੀ, ਧਰਤੀ, ਚੰਦ, ਸੂਰਜ, ਦੇਵੀ, ਦੇਵਤੇ, ਦਰਿਆ, ਤੀਰਥ, ਰਤਨ ਆਦਿਕ ਸਾਰੇ ਹੀ ਕਰਤਾਰ ਦੇ ਗੁਣ ਗਾਉਂਦੇ ਹਨ । ਇਥੇ ਸ਼ੰਕਾ ਹੋ ਸਕਦੀ ਹੈ ਕਿ ਚੇਤੰਨ ਦਾ ਗਾਉਣਾ ਤਾਂ ਹੋ ਸਕਦਾ ਹੈ ਪਰ ਜੜ੍ਹ ਵਸਤਾਂ ਕਿਵੇਂ ਗਾ ਸਕਦੀਆਂ ਹਨ ? ਜਿਵੇਂ ਕਿਸੇ ਚੀਜ਼ ਬਣੀ ਨੂੰ ਵੇਖ ਕੇ ਕਾਰੀਗਰ ਚੇਤੇ ਆ ਜਾਂਦਾ ਹੈ, ਇਵੇਂ ਹੀ ਕੁਦਰਤ ਦੇ ਨਜ਼ਾਰੇ ਵੇਖਕੇ ਆਪਣੇ ਆਪ ਹੀ ਮੂਹੋਂ ਨਿਕਲਦਾ ਹੈ ਕਿ 'ਧੰਨ ਰਚਨਹਾਰ' ਬਸ ! ਅਦਭੁਤ ਕੁਦਰਤ ਆਪਣੇ ਕਾਦਰ ਨੂੰ ਜਨਾਉਂਦੀ ਹੈ ਕਾਦਰ ਨੂੰ ਜਨਾਉਣਾ ਹੀ ਉਸ ਦੇ ਗੁਣ ਗਾਉਣੇ ਹਨ ।

ਉਪਦੇਸ਼—ਕਰਤਾਰ ਅਗੇ ਹੁਕਮ ਨਹੀਂ ਤੁਰਦਾ, ਸਾਨੂੰ ਉਸ ਦੇ

ਹੁਕਮ ਵਿਚ ਰਹਿਣਾ ਚਾਹੀਦਾ ਹੈ ।

ਉਥਾਨਕਾ—ਜਦ ਸਤਿਗੁਰੂ ਜੀ ਸੁਮੇਰ ਤੇ ਪੁਜੇ ਤਾਂ ਗੋਰਖ ਆਦਿ ਸਿੱਧਾਂ ਨੇ ਮਿਲ ਕੇ ਆਪ ਜੀ ਨਾਲ ਬਹੁਤ ਚਰਚਾ ਕੀਤੀ । ਚਰਚਾ ਦਾ ਮੁਢ ਇਹ ਸੀ :— ਸਿਧ ਚਾਹੁੰਦੇ ਸਨ ਜੋ ਸਤਿਗੁਰੂ ਜੀ ਜੋਗ ਧਾਰਨ ਕਰ ਲੈਣ । ਉਨ੍ਹਾਂ ਨੂੰ ਨਿਰ ਉੱਤਰ ਕਰਨ ਲਈ ਸਤਿਗੁਰੂ ਜੀ ਨੇ ਉਪਦੇਸ਼ ਦਿਤਾ ਸੀ, ਉਸ ਵਿਚੋਂ ਕੁਝ ਹਿੱਸਾ ਇਨ੍ਹਾਂ ਅਗਲੀਆਂ ਪਉੜੀਆਂ ਵਿਚ ਹੈ ।

ਜੋਗੀ—ਤਪਾ ਜੀ ! ਜੋਗ ਸੁਧ ਮਾਰਗ ਹੈ, ਆਪ ਇਸ ਨੂੰ ਧਾਰਨ ਕਰੋ, ਫਿਰ ਨਿਰੰਕਾਰ ਜੀ ਦੇ ਦਰਸ਼ਨ ਹੋਣਗੇ । ਇਸ ਲਈ ਮੁੰਦ੍ਰਾ ਪਾਓ, ਝੋਲੀ ਫੜੋ, ਬਿਭੂਤ ਰਮਾਓ, ਖਿੰਥਾ ਪਾਓ ਅਤੇ ਡੰਡਾ ਫੜ ਕੇ ਸਾਡੇ ਜਮਾਤੀ ਬਣ ਜਾਓ ।

ਸਤਿਗੁਰੂ ਜੀ—ਸਿਧੋ ! ਅਸੀਂ ਸੱਚੇ ਜੋਗੀ ਬਣੇ ਹੋਏ ਹਾਂ, ਜਿਹੜਾ ਜੋਗ ਤੁਸਾਂ ਕਿਹਾ ਹੈ ਇਹ ਜੋਗ ਨਹੀਂ ।

ਪ੍ਰਸ਼ਨ—ਸਤਿਗੁਰੂ ਜੀ ! ਜਦ ਖਿੰਥਾ, ਡੰਡਾ ਆਦਿਕ ਜੋਗ ਨਹੀਂ ਤਾਂ ਫਿਰ ਜੋਗ ਕਿਹੜਾ ਹੈ ?

ਉੱਤਰ—

**੧. ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ੨. ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ੩. ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ੪. ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ**

## ਜੁਗੁ ਏਕੋ ਵੇਸੁ ॥੨੮॥

ਪਦ ਅਰਥ—ਸਰਮੁ=ਬੁਰੇ ਕਰਮਾਂ ਤੋਂ ਸ਼ਰਮ ਕਰਨੀ, ਵੈਰਾਗ। ਪਤੁ= ਪਾਤ੍ਰ, ਖੱਪਰ। ਝੋਲੀ=ਝੋਲੀ ਵਿਚ ਆਟਾ ਆਦਿਕ ਪਾਇਆ ਜਾਂਦਾ ਹੈ, ਇਹ ਸ਼ਰਧਾ ਦੀ ਝੋਲੀ ਹੈ। ਕੁਆਰੀ=ਕੁੜੀ ਵਿਆਹੀ ਜਾਂਦੀ ਹੈ, ਵਿਆਹੀ ਹੋਈ ਕਿਤੇ ਨਹੀਂ ਜਾਂਦੀ, ਇਸ ਲਈ ਦੇਹ ਕੁਆਰੀ ਕੁੜੀ ਹੈ, ਜਿਸ ਨੂੰ ਕਾਲ ਨੇ ਵਿਆਹ ਲਿਜਾਣਾ ਹੈ। [ਜਿੰਦ ਵਹੁਟੀ ਮਰਣ ਵਰੁ ਲੈ ਜਾਸੀ ਪਰਨਾਇ ॥] ਪਰਤੀਤਿ=ਯਕੀਨ। ਆਈ ਪੰਥੀ=ਜੋਗੀਆਂ ਦੇ ਬਾਰਾਂ ਪੰਥਾਂ ਵਿਚੋਂ ਇਕ ਪੰਥ ਦਾ ਨਾਮ ਹੈ, ਜੋ ਸਭ ਦਾ ਸਿਰਤਾਜ ਮੰਨਿਆ ਹੈ। ਇਧਰ ਸਭਨਾਂ ਵਿਚ ਆਈ ਹੋਈ ਚੇਤਨਾ ਸੱਤਾ 'ਆਈ ਪੰਥ' ਹੈ। ਆਦੇਸੁ= ਨਮਸਕਾਰ, ਜੋਗੀਆਂ ਦੇ ਮਤ ਵਿਚ ਆਦੇਸ ਸ਼ਬਦ ਵਰਤਿਆ ਜਾਂਦਾ ਹੈ। ਅਨੀਲ=ਗਿਣਤੀ ਤੋਂ ਰਹਿਤ। ਅਨਾਹਤਿ=ਨਾਸ ਨਾ ਹੋਣ ਵਾਲਾ। ਕਾਇਆ=ਜਿੰਦ।

ਅਰਥ—੧. ਸੰਤੋਖ ਮੁੰਦ੍ਰਾਂ ਹਨ, ਵੈਰਾਗ ਖੱਪਰ ਹੈ, ਸ਼ਰਧਾ ਦੀ ਝੋਲੀ ਅਤੇ ਧਿਆਨ ਦੀ ਬਿਭੂਤ ਕੀਤੀ ਹੈ। ੨. ਜਿੰਦ ਨੂੰ ਕਾਲ ਦੀ ਅਨ ਵਿਆਹੀ ਵਹੁਟੀ ਸਮਝਨਾ ਖਿੰਥਾ ਹੈ, ਦਲੀਲ ਵਾਲਾ ਯਕੀਨ ਡੰਡਾ ਹੈ। ੩. ਸਾਰੇ ਸਾਡੇ ਜਮਾਤੀ ਹਨ, ਇਹੋ ਆਈ ਪੰਥ ਹੈ, ਮਨ ਨੂੰ ਜਿਤਣਾ ਹੀ ਜਗਤ ਨੂੰ ਜਿਤਣਾ ਹੈ। ੪. ਆਦੇਸ ਹੈ, ਉਸ ਨੂੰ ਆਦੇਸ ਹੈ, ਜੋ ਸਭ ਦਾ ਮੁੱਢ, ਗਿਣਤੀ ਤੋਂ ਪਰੇ, ਆਦਿ ਤੋਂ ਰਹਿਤ ਅਤੇ ਨਾਸ ਤੋਂ ਰਹਿਤ ਹੈ ਅਤੇ ਜੁਗਾਂ ਜੁਗਾਂ ਵਿਚ ਇਕੋ ਰੂਪ ਰਹਿੰਦਾ ਹੈ ॥੨੮॥

## ੧. ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ ੨. ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ

**ਸਾਦ ॥ ੩. ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ ੪. ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥**

ਪਦ ਅਰਥ—ਭੁਗਤਿ=ਭੋਜਨ । ਭੰਡਾਰਣਿ=ਭੋਜਨ ਵਰਤਾਣ ਵਾਲੀ। ਨਾਦ=ਸੰਖ । ਅਵਰਾ=ਹੋਰ, ਵਾਧੂ । ਸੰਜੋਗੁ ਵਿਜੋਗੁ=ਮਿਲਣਾ ਵਿਛੜਨਾ।

ਅਰਥ—੧. ਗਿਆਨ ਭੋਜਨ ਹੈ, ਰੱਬ ਦੀ ਮਿਹਰ ਭੋਜਨ ਵਰਤਾਣ ਵਾਲੀ ਹੈ, ਘਟਾਂ ਘਟਾਂ ਵਿਚ ਜੋ ਵਾਹਿਗੁਰੂ ਨੂੰ ਜਾਣਿਆ ਹੈ; ਏਹੋ ਸੰਖ ਵਜਾਇਆ ਹੈ । ੨. ਉਹ ਆਪ ਨਾਥ ਹੈ, ਜਿਸ ਦੀ ਨੱਥੀ ਹੋਈ ਸਾਰੀ ਦੁਨੀਆਂ ਹੈ ਰਿੱਧਾਂ ਸਿੱਧਾਂ ਦਾ ਸਵਾਦ ਹੀ ਹੋਰਾਂ ਨੂੰ ਹੈ ਅਰਥਾਤ ਮੈਂ ਰਿਧਾਂ ਸਿਧਾਂ ਦਾ ਰਸ ਚਾਹੁੰਦਾ ਹੀ ਨਹੀਂ । ੩. ਮਿਲਣਾ ਤੇ ਵਿਛੜਨਾ ਇਹ ਦੋਵੇਂ ਕੰਮ ਤੋਰਦੇ ਹਨ, ਜੋ ਲਿਖਿਆ ਹੈ, ਉਹ ਹਿੱਸਾ ਆਪੇ ਹੀ ਆਉਂਦਾ ਹੈ । ੪. ਅਰਥ ਹੋ ਚੁਕਾ ਹੈ ॥੨੯॥

ਸਿਧਾਂਤ—ਜੋਗੀਆਂ ਦੇ ਮਤੱ ਵਿਚ ਲੰਗਰ ਵਰਤਾਣ ਵੇਲੇ ਸੰਖ ਵੱਜਦਾ ਹੈ । ਸਭ ਤੋਂ ਵੱਡਾ ਇਕ ਨਾਥ ਹੁੰਦਾ ਹੈ, ਉਸ ਦੇ ਬਹੁਤ ਸਾਰੇ ਚੇਲੇ ਹੁੰਦੇ ਹਨ, ਜਿਉਂ ਜਿਉਂ ਚੇਲੇ ਵਡੇ ਵਡੇ ਹੁੰਦੇ ਹਨ, ਤਿਉਂ ਤਿਉਂ ਉਨ੍ਹਾਂ ਨੂੰ ਭੁਗਤ ਵਧ ਘਟ ਮਿਲਦੀ ਹੈ । ਪਰ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਲੋੜ ਤਾਂ ਗਿਆਨ ਦੀ ਹੈ, ਜੋ ਕਰਤਾਰ ਦੀ ਮਿਹਰ ਤੋਂ ਮਿਲਦਾ ਹੈ । ਜਦ ਸਾਡੇ ਮਨ ਨੂੰ ਇਹ ਖਿਚ ਹੋਵੇ ਕਿ ਹਾਇ ਮੈਂ ਸਿਰਜਨਹਾਰ ਤੋਂ ਵਿਛੜਕੇ ਕੋਹਾਂ ਦੂਰ ਜਾ ਪਿਆ ਹਾਂ ਤਾਂ ਇਸ ਵਿਛੋੜੇ ਦਾ ਚੇਤੇ ਆਉਣਾ ਹੀ ਕਰਤਾਰ ਦੀ ਮਿਹਰ ਹੈ ਤੇ ਗਿਆਨ ਪ੍ਰਾਪਤ ਕਰਾਉਂਦੀ

ਹੈ। 'ਭੇਖੀ ਪ੍ਰਭੂ ਨ ਪਾਈਐ'।

ਉਪਦੇਸ਼—ਸੰਤੋਖ ਰਖਣਾ, ਬੁਰੇ ਕੰਮਾਂ ਤੋਂ ਡਰਨਾ, ਮੌਤ ਚੇਤੇ ਰਖਣੀ, ਸਾਰਿਆਂ ਨੂੰ ਇਕੋ ਜਿਹਾ ਸਮਝਣਾ, ਰਿਧਾਂ ਸਿਧਾਂ ਦੀ ਚਾਹ ਨਾ ਕਰਨੀ, ਮਨ ਨੂੰ ਜਿਤਣਾ, ਇਹ ਗਿਆਨ ਦੇ ਸਾਧਨ ਹਨ ।

ਪ੍ਰਸ਼ਨ—ਸਤਿਗੁਰੂ ਜੀ ! ਆਪ ਨੇ ਯੋਗ ਦਾ ਖੰਡਨ ਕਰ ਦਿੱਤਾ ਹੈ ਅਤੇ ਵਖਰਾ ਹੀ ਯੋਗ ਕਿਹਾ ਹੈ, ਪਰ ਯੋਗ ਦਾ ਕਰਤਾ ਤਾਂ ਸ਼ਿਵ ਜੀ ਹੈ, ਜੋ ਤਿੰਨਾਂ ਦੇਵਤਿਆਂ ਵਿਚ ਗਿਣਿਆਂ ਗਿਆ ਹੈ । ਨਾਥ ਤਾਂ ਓਹੀ ਹੋਇਆ । ਆਪ ਨੇ ਵੀ ਤਾਂ ਉਸੇ ਨੂੰ ਨਾਥ ਕਿਹਾ ਹੈ । 'ਜਿਸ ਦੀ ਨੱਥੀ ਹੋਈ ਸਾਰੀ ਸ੍ਰਿਸ਼ਟੀ ਹੈ ।' ਸੋ ਸ਼ਿਵ ਜੀ ਨੇ ਸਭਨਾਂ ਨੂੰ ਨੱਥਿਆ ਹੋਇਆ ਹੈ । ਜਦ ਤੁਸਾਂ ਉਸੇ ਨੂੰ ਨਾਥ ਮੰਨ ਲਿਆ ਤਾਂ ਜੋਗ ਦਾ ਖੰਡਨ ਕਿਵੇਂ ਹੋਇਆ ?

ਉੱਤਰ—

**੧. ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ੨. ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ੩. ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ੪. ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ੫. ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥**

ਪਦ ਅਰਥ—ਮਾਈ=ਮਾਯਾ। ਜੁਗਤਿ=ਜੁੜੀ। ਵਿਆਈ=ਬੱਚੇ ਪੈਦਾ ਕੀਤੇ। ਲਾਏ ਦੀਬਾਣੁ=ਮਾਰਨ ਦਾ ਸੁਭਾਵ। ਵਿਡਾਣੁ=ਅਚਰਜ।

ਅਰਥ—੧. ਇਕ ਨਾਲ ਮਾਯਾ ਜੁੜੀ ਤਾਂ ਉਹ ਸੂਈ ਜਿਸ ਤੋਂ ਤਿੰਨ ਚੇਲੇ ਪੈਦਾ ਹੋਏ। ੨. ਉਨ੍ਹਾਂ ਵਿਚੋਂ ਇਕ ਸੰਸਾਰ ਨੂੰ ਪੈਦਾ ਕਰਦਾ ਹੈ, ਇਕ ਭੰਡਾਰੀ ਹੈ ਅਰਥਾਤ ਪਾਲਣਾ ਕਰਦਾ ਹੈ ਅਤੇ ਇਕ ਨੂੰ ਮਾਰਨ ਦਾ ਸੁਭਾਵ ਹੈ। ਭਾਵ-ਬ੍ਰਹਮਾ ਪੈਦਾ ਕਰਦਾ, ਵਿਸ਼ਨੂੰ ਪਾਲਦਾ ਅਤੇ ਸ਼ਿਵਜੀ ਨਾਸ ਕਰਦਾ ਹੈ। ੩. ਪਰ ਜਿਵੇਂ ਉਸ ਵਾਹਿਗੁਰੂ ਨੂੰ ਭਾਉਂਦਾ ਹੈ ਤਿਵੇਂ ਇਨ੍ਹਾਂ ਨੂੰ ਤੋਰਦਾ ਹੈ, ਜਿਵੇਂ ਕਰਤਾਰ ਦਾ ਹੁਕਮ ਹੁੰਦਾ ਹੈ, (ਤਿਵੇਂ ਇਹ ਕਰਦੇ ਹਨ)। ੪. ਉਹ ਕਰਤਾਰ ਤਿੰਨਾਂ ਨੂੰ ਵੇਖਦਾ ਹੈ, ਪਰ ਉਨ੍ਹਾਂ ਨੂੰ ਨਿਰੰਕਾਰ ਨਜ਼ਰ ਨਹੀਂ ਆਉਂਦਾ ਇਹ ਵਡਾ ਅਚਰਜ ਹੈ। ੫. (ਅਰਥ ਹੋ ਚੁਕਾ ਹੈ) ॥੩੦॥

ਉਪਦੇਸ਼—ਕਰਤਾਰ ਦੇ ਹੁਕਮ ਅੰਦਰ ਹੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਹਨ, ਇਹ ਉਸ ਤੇ ਉਲਟ ਹੋ ਕੇ ਕੁਝ ਨਹੀਂ ਕਰ ਸਕਦੇ। ਇਨ੍ਹਾਂ ਦੇ ਸਿਰ ਉਪਰ ਜੋ ਵਾਹਿਗੁਰੂ ਹੈ ਓਹੀ ਸਾਂਝਾ ਨਾਥ ਹੈ।

ਪ੍ਰਸ਼ਨ—ਸਤਿਗੁਰੂ ਜੀ! ਜੋ ਤੁਸਾਂ ਨਾਥਾਂ ਦਾ ਨਾਥ ਕਿਹਾ ਹੈ, ਜਿਸ ਦੀ ਨਥੀ ਹੋਈ ਸਾਰੀ ਦੁਨੀਆਂ ਹੈ, ਉਹ ਰਹਿੰਦਾ ਕਿਥੇ ਹੈ?

ਉੱਤਰ—

**੧. ਆਸਣੁ ਲੋਇ ਲੋਇ ਭੰਡਾਰ ॥ ੨. ਜੋ ਕਿਛੁ ਪਾਇਆ ਸੁ ਏਕਾ ਵਾਰ ॥ ੩. ਕਰਿ ਕਰਿ ਵੇਖੈ ਸਿਰਜਣਹਾਰੁ ॥ ੪. ਨਾਨਕ ਸਚੇ ਕੀ ਸਾਚੀ ਕਾਰ ॥ ੫. ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ**

## ਜੁਗੁ ਜੁਗੁ ਏਕੋ ਵੇਸੁ ॥੩੧॥

ਪਦ ਅਰਥ—ਲੋਇ ਲੋਇ=ਹਰੇਕ ਲੋਕ।

ਅਰਥ—੧. ਹਰੇਕ ਲੋਕ ਉਸ ਦਾ ਆਸਣ ਅਤੇ ਭੰਡਾਰ ਹੈ। ੨. ਜੋ ਕੁਝ ਭੰਡਾਰੇ ਵਿਚ ਪਾਇਆ ਹੈ ਉਹ ਇਕੋ ਵਾਰ ਪਾ ਦਿੱਤਾ ਹੈ। ੩. ਸਿਰਜਨਹਾਰ ਸਭ ਕੁਝ ਬਣਾ ਬਣਾ ਕੇ ਵੇਖਦਾ ਹੈ। ੪. ਸਤਿਗੁਰੂ ਜੀ ਆਖਦੇ ਹਨ ਸਚੇ ਦੀ ਸਾਰੀ ਕਾਰ ਸੱਚੀ ਹੈ। ੫. (ਅਰਥ ਹੋ ਚੁੱਕਾ ਹੈ)॥੩੧॥

ਸਿਧਾਂਤ—ਵਾਹਿਗੁਰੂ ਸਾਰੇ ਲੋਕਾਂ ਵਿਚ ਵਿਆਪਕ ਹੈ, ਸਭ ਜਗ੍ਹਾ ਤੇ ਉਸ ਦਾ ਭੰਡਾਰਾ ਮੌਜੂਦ ਹੈ। ਜਿਸ ਵਿਚੋਂ ਉਹ ਸਭਨਾਂ ਦੀ ਪਾਲਣਾ ਪੋਖਣਾ ਕਰ ਰਿਹਾ ਹੈ, ਉਸ ਦਾ ਭੰਡਾਰਾ ਅਜਿਹਾ ਹੈ ਜੋ ਇਕ ਵੇਰਾਂ ਭਰਿਆ ਜਾ ਚੁਕਾ ਹੈ ਕਦੇ ਖਾਲੀ ਨਹੀਂ ਹੁੰਦਾ, ਉਸ ਭੰਡਾਰੇ ਦਾ ਪਤਾ ਇਉਂ ਦਿਤਾ ਹੈ, 'ਧਰਤੀ ਦੇਗ ਮਿਲੈ ਇਕ ਵੇਰਾਂ ਭਾਗ ਤੇਰਾ ਭੰਡਾਰੀ'।

ਉਪਦੇਸ਼—ਹੇ ਬੰਦੇ! ਕਰਤਾਰ ਨੇ ਤੈਨੂੰ ਧਰਤੀ ਭੰਡਾਰਾ ਬਖਸ਼ਿਆ ਹੈ ਅਤੇ ਤੇਰੀ ਕਿਸਮਤ ਭੰਡਾਰਾ ਵਰਤਾਣ ਵਾਲੀ ਹੈ।

ਪ੍ਰਸ਼ਨ—ਸਤਿਗੁਰੂ ਜੀ! ਉਸ ਨਿਰੰਕਾਰ ਜੀ ਦੇ ਦੇਸ ਵਿਚ ਪੁਜਣ ਦਾ ਰਸਤਾ ਕਿਹੜਾ ਹੈ?

ਉੱਤਰ—

**੧. ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ੨. ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ੩. ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ੪. ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ੫.**

## ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥

ਪਦ ਅਰਥ—ਜਗਦੀਸ=[ਜਗਤ+ਈਸ] ਵਾਹਿਗੁਰੂ। ਗੇੜਾ=ਵਾਰੀ।

ਅਰਥ—੧. ਇਕ ਜੀਭ ਤੋਂ ਲੱਖ ਹੋਵੇ, ਫਿਰ ਲੱਖ ਤੋਂ ਵੀਹ ਲਖ ਹੋ ਜਾਵੇ। ੨. ਹਰੇਕ ਜੀਭ ਨਾਲ ਲੱਖ ਲੱਖ ਵਾਰੀ ਇਕ ਵਾਹਿਗੁਰੂ ਦਾ ਨਾਮ ਜਪੀਏ। ੩. ਪਤੀ ਇਹ ਵਾਹਿਗੁਰੂ ਨੂੰ ਮਿਲਣ ਦਾ ਰਸਤਾ ਹੈ ਇਉਂ ਪਉੜੀਆਂ ਚੜ੍ਹਦਿਆਂ-ਚੜ੍ਹਦਿਆਂ ਇਕ ਹੋ ਜਾਣ, ਇਸ ਤੋਂ ਅਗੇ ਪੰਜਵੀਂ ਅੱਧੀ ਤੁਕ ਦਾ ਅਰਥ—ਤਦ ਨਦਰੀ ਨੂੰ ਪਾਈਦਾ ਹੈ ਅਰਥਾਤ ਮਿਹਰ ਦਾ ਦਾਤਾ ਮਿਲਦਾ ਹੈ। ੪. ਇਨ੍ਹਾਂ ਅਕਾਸ਼ ਦੀਆਂ ਗੱਲਾਂ ਨੂੰ ਸੁਣ ਕੇ ਜਿਨ੍ਹਾਂ ਕੀੜਿਆਂ ਨੂੰ ਰੀਸ ਆਈ ਹੈ। ੫. ਉਨ੍ਹਾਂ ਝੂਠਿਆਂ ਦੀਆਂ ਝੂਠੀਆਂ ਗੱਪਾਂ ਹਨ, ਸਤਿਗੁਰੂ ਜੀ ਆਖਦੇ ਹਨ ॥੩੨॥

ਸਿਧਾਂਤ—ਇਸ ਪਉੜੀ ਵਿਚ 'ਹੋਇ ਇਕੀਸ' ਦਾ ਅਰਥ ਕਈ ਸਜਣ ਕਰਦੇ ਹਨ ਜੋ 'ਇਕ ਦਾ ਰੂਪ ਹੋਈਦਾ ਹੈ' ਜਾਂ ਇਕ ਮਿਕ ਹੋ ਜਾਈਦਾ ਹੈ, ਪਰ ਵਿਚਾਰ ਵਾਲੀ ਗੱਲ ਤਾਂ ਇਹ ਹੈ ਕਿ ਸਤਿਗੁਰੂ ਜੀ ਨੇ ਫੁਰਮਾਇਆ ਹੈ 'ਗੁਰਮਤਿ ਮਿਲਿਐ ਬੀਸ ਇਕੀਸ'।

ਇਥੇ ਵੀ ਵੀਹ ਮਗਰੋਂ ਇਕੀ ਅਤੇ ਜਪ ਵਿਚ ਵੀ 'ਲਖ ਵੀਸ' ਮਗਰੋਂ 'ਇਕੀਸ' ਫਿਰ ਭਾਈ ਸਾਹਿਬ ਜੀ ਦੀ ਬਾਣੀ ਵਿਚ ਕਈ ਜਗ੍ਹਾ ਕਿਹਾ ਹੈ 'ਚੜ੍ਹ ਇਕੀ ਪਤਿ ਪਉੜੀਆ ਦਰਗਹਿ ਪਾਏ ਮਾਣ ਨਿਮਾਣਾ'। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਇਕੀ ਪਉੜੀਆਂ ਚੜ੍ਹ ਕੇ ਦਰਗਾਹੇ ਢੋਈ ਮਿਲਦੀ ਹੈ, ਸਿੱਟਾ ਇਉਂ ਨਿਕਲਦਾ ਹੈ 'ਜਗਤ ਦੀ ਸਾਰੀ ਖੇਡ ਵੀਹਾਂ ਵਿਚ ਹੈ, ਉਨ੍ਹਾਂ ਵੀਹਾਂ ਤੋਂ ਟੱਪ ਕੇ ਬੇਅੰਤ ਤੇ ਬੇ-ਹਿਸਾਬ ਪਦ ਵਿਚ ਪੁਜ ਜਾਈਦਾ ਹੈ, ਜਦ ਜਾਪ ਕਰਦਾ ਜੀਵ ਲੇਖੇ ਤੋਂ ਬਾਹਰ ਹੋ ਗਿਆ ਤਾਂ ਨਿਰੰਕਾਰ ਦੀ ਮਿਹਰ ਹੋ ਜਾਂਦੀ ਹੈ, ਦੁਖ ਤਾਂ ਲੇਖੇ ਵਾਲੇ ਨੂੰ ਹੈ।

ਉਪਦੇਸ਼—ਕਰਤਾਰ ਦਾ ਸਿਮਰਨ ਲੇਖੇ ਵਿਚ ਰਹਿ ਕੇ ਨਾ ਕਰੋ, ਲੇਖੇ ਵਿਚ ਰਿਹਾਂ ਲੇਖਾ ਦੇਣਾ ਪੈਂਦਾ ਹੈ। ਸਿਮਰਨ ਕਰਦੇ-ਕਰਦੇ ਅਲੇਖ

ਹੋ ਜਾਓ ।

੨—ਜੋ ਪੁਰਸ਼ ਇਹ ਕਹਿੰਦੇ ਹਨ ਕਿ ਮੈਂ ਰੋਜ ਇੰਨਾ ਜਪ ਕਰਦਾ ਹਾਂ, ਇੰਨੀ ਬਾਣੀ ਪੜ੍ਹਦਾ ਹਾਂ, ਇੰਨੀਆਂ ਮਾਲਾ ਫੇਰਦਾ ਹਾਂ । ਉਨ੍ਹਾਂ ਕੀੜਿਆਂ ਨੂੰ ਅਕਾਸ਼ ਦੀਆਂ ਗੱਲਾਂ ਸੁਣ ਕੇ ਰੀਸ ਤਾਂ ਆਈ ਹੈ, ਇਹ ਕਰਨਾ ਤੇ ਕਹਿਣਾ ਉਨ੍ਹਾਂ ਦੀਆਂ ਗੱਪਾਂ ਹਨ ।

ਪ੍ਰਸ਼ਨ—ਸਤਿਗੁਰੂ ਜੀ ਅਸੀਂ ਆਪ ਵੀ ਕੁਝ ਕਰ ਸਕਦੇ ਹਾਂ ਕਿ ਸਭ ਕੁਝ ਵਾਹਿਗੁਰੂ ਦੀ ਮਿਹਰ ਨਾਲ ਹੁੰਦਾ ਹੈ ?

ਉੱਤਰ—

## ੧. ਆਖਣਿ ਜੋਰੁ ਚੁਪੈ ਨਹ ਜੋਰੁ ॥ ੨. ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ੩. ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ੪. ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ੫. ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ੬. ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ੭. ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ੮. ਨਾਨਕ ਉਤਮੁ ਨੀਚੁ ਨ ਕੋਇ ॥੩੩॥

ਪਦ ਅਰਥ—ਸੁਰਤੀ=ਵੇਦ । ਸੋਰੁ=ਫੁਰਨੇ ।

ਅਰਥ—੧. ਬੋਲਣ ਦਾ ਜੋਰ ਨਹੀਂ (ਤੁਰਦਾ) ਚੁਪ ਰਹਿਣ ਦਾ ਜੋਰ ਨਹੀਂ ਮੰਨੀਦਾ । ੨. ਮੰਗਣ ਦਾ ਜੋਰ ਨਾ ਕੰਮ ਸੁਆਰਦਾ ਹੈ ਅਤੇ ਦੇਣ ਦਾ ਜੋਰ ਵੀ ਕਿਸੇ ਲੇਖੇ ਨਹੀਂ ਪੈਂਦਾ । ੩. ਨਾ ਮਰਣ ਦਾ ਜੋਰ ਤੇ ਨਾ

ਹੀ ਜੀਵਨ ਦਾ ਜ਼ੋਰ ਕੰਮ ਰਾਸ ਕਰਦਾ ਹੈ । ੪. ਨਾ ਹੀ ਰਾਜ ਮਾਲ ਤੇ ਮਨ ਦੇ ਫੁਰਨਿਆਂ ਦਾ ਜ਼ੋਰ ਤੁਰਦਾ ਹੈ । ੫. ਵੇਦਾਂ ਦਾ ਗਿਆਨ ਵਿਚਾਰਨ ਦਾ ਜ਼ੋਰ ਵੀ ਕਿਸੇ ਲੇਖੇ ਨਹੀਂ । ੬. ਸੰਸਾਰ ਦੇ ਬੰਧਨਾਂ ਤੋਂ ਛੁਟਣ ਦੀ ਜੁਗਤੀ ਵਿਚ ਕੋਈ ਜ਼ੋਰ ਕੰਮ ਨਹੀਂ ਆਉਂਦਾ, ਉਹ ਕਰਤਾਰ ਦੀ ਮਿਹਰ ਤੋਂ ਕੀ ਕੰਮ ਬਣਦਾ ਹੈ । ੭. ਜਿਹੜਾ ਇਹ ਗੱਲ ਨਹੀਂ ਮੰਨਦਾ ਤਾਂ ਭਾਈ ਜਿਸ ਦੇ ਕੋਲ ਜ਼ੋਰ ਹੈ, ਉਹ ਬੇਸ਼ਕ ਕਰਕੇ ਵੇਖ ਲਵੇ । ੮. ਸਤਿਗੁਰੂ ਜੀ ਆਖਦੇ ਹਨ, ਉਥੇ ਤਾਂ ਉੱਤਮ ਤੇ ਨੀਚ ਦੀ ਕੁਝ ਨਹੀਂ ਵਟੀਂਦੀ ॥੩੩॥

ਸਿਧਾਂਤ—ਸੰਸਾਰ ਦੇ ਬੰਧਨਾਂ ਤੋਂ ਛੁਟ ਕੇ ਮੁਕਤ ਹੋਣ ਵਾਸਤੇ ਲੋਕਾਂ ਕਈ ਤਰੀਕੇ ਅਖਤਿਆਰ ਕੀਤੇ ਹੋਏ ਹਨ । ਪਰ ਸਤਿਗੁਰੂ ਜੀ ਉਨ੍ਹਾਂ ਵਿਚੋਂ ਮੁਖ ਮੁਖ ਸਾਧਨਾਂ ਦਾ ਜ਼ਿਕਰ ਕਰਦੇ ਹਨ ।

'ਉੱਚੀ ਉੱਚੀ ਜਾਪ ਜਾਂ ਵਖਿਆਨ ਕਰਨੇ, ਮੋਨ ਧਾਰਨੀ, ਸੰਨਿਆਸੀ ਹੋ ਕੇ ਮੰਗ ਕੇ ਖਾਣਾ, ਦਾਨ ਦੇਣਾ, ਸਿਧ ਹੋ ਕੇ ਉਮਰ ਵਧਾ ਲੈਣੀ, ਕਾਂਸ਼ੀ ਵਿਚ ਕਲਵੱਤ ਹੇਠਾਂ ਆ ਕੇ ਜਾਂ ਗੰਗਾ ਵਿਚ ਡੁਬ ਕੇ ਮਰ ਜਾਣਾ, ਰਾਜਾ ਬਣ ਬੈਠਣਾ, ਮਨ ਦੇ ਖਿਆਲ ਦੁੜਾਨੇ, ਵੇਦਾਂ ਦੇ ਗਿਆਨ ਦੀ ਵਿਚਾਰ ਕਰਨੀ, ਜਾਂ ਉੱਤਮ ਕੁਲ ਵਿਚ ਜਨਮ ਪਾਉਣਾ ਜਾਂ ਨੀਚ ਹੋਣਾ', ਇਤਿਆਦਿਕ ਕਰਮਾਂ ਵਿਚੋਂ ਕੋਈ ਕਰਮ ਵੀ ਮੁਕਤੀ ਦਾਤਾ ਨਹੀਂ, ਛੁਟਕਾਰਾ ਤਾਂ ਕਰਤਾਰ ਜੀ ਦੀ ਮਿਹਰ ਨਾਲ ਮਿਲਣਾ ਹੈ।

ਪ੍ਰਸ਼ਨ—ਸਤਿਗੁਰੂ ਜੀ ! ਜਦ ਮਿਹਰ ਹੁੰਦੀ ਹੈ ਤਾਂ ਮਨ ਸਿਮਰਨ ਵਿਚ ਲਗਦਾ ਹੈ । ਭਲਾ ਜਦ ਮਨ ਸਿਮਰਨ ਦਾ ਰੂਪ ਹੋ ਜਾਏ ਤਾਂ ਉਸ ਨੂੰ ਕੀ ਅਨੰਦ ਪ੍ਰਾਪਤ ਹੁੰਦਾ ਹੈ, ਅਤੇ ਉਸ ਨੂੰ ਕਿਵੇਂ ਪਤਾ ਲਗਦਾ ਹੈ ਜੋ ਮੈਂ ਨਿਰੰਕਾਰ ਦੇ ਦੇਸ ਵੱਲ ਜਾ ਰਿਹਾ ਹਾਂ ?

ਉੱਤਰ—ਹੇ ਸਿੱਖ ! ਜਿਉਂ ਜਿਉਂ ਮਨ ਸਿਮਰਨ ਵਿਚ ਲਗਦਾ ਹੈ, ਤਿਉਂ-ਤਿਉਂ ਉਸ ਦੀ ਦਸ਼ਾ ਪਲਟਦੀ ਜਾਂਦੀ ਹੈ । ਆਤਮਕ ਉਨਤੀ

ਦੇ ਪੰਜ ਦਰਜੇ ਹਨ :—ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚ ਖੰਡ। ਅਗੇ ਉਨ੍ਹਾਂ ਖੰਡਾਂ ਦੇ ਰੂਪ ਪ੍ਰਗਟ ਕਰਦੇ ਹਾਂ :—

**੧. ਰਾਤੀ ਰੁਤੀ ਥਿਤੀ ਵਾਰ ॥ ੨. ਪਵਣ ਪਾਣੀ ਅਗਨੀ ਪਾਤਾਲ ॥ ੩. ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ੪. ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ੫. ਤਿਨ ਕੇ ਨਾਮ ਅਨੇਕ ਅਨੰਤ ॥ ੬. ਕਰਮੀ ਕਰਮੀ ਹੋਇ ਵੀਚਾਰੁ ॥ ੭. ਸਚਾ ਆਪਿ ਸਚਾ ਦਰਬਾਰੁ ॥ ੮. ਤਿਥੈ ਸੋਹਨਿ ਪੰਚ ਪਰਵਾਣੁ ॥ ੯. ਨਦਰੀ ਕਰਮਿ ਪਵੈ ਨੀਸਾਣੁ ॥ ੧੦. ਕਚ ਪਕਾਈ ਓਥੈ ਪਾਇ ॥ ੧੧. ਨਾਨਕ ਗਇਆ ਜਾਪੈ ਜਾਇ ॥੩੪॥**

ਪਦ ਅਰਥ—ਰਾਤੀਂ=ਰਾਤਾਂ, ਰਾਤਾਂ ਕਹਿਣ ਨਾਲ ਦਿਨ ਵਿਚਾਲੇ ਆਪੇ ਹੀ ਆ ਜਾਂਦਾ ਹੈ, ਇਸ ਲਈ ਇਸ ਦਾ ਅਰਥ ਹੈ ਰਾਤ ਦਿਨ। ਰੁਤੀ=ਰੁਤਾਂ, ਮੌਸਮ, ਜੋ ੬ ਕਹੀਆਂ ਜਾਂਦੀਆਂ ਹਨ। ਪਰ ਕਈ ਦੇਸਾਂ ਵਿਚ ਇਕ ਹਦ ਦੋ ਮੌਸਮ ਹੁੰਦੇ ਹਨ। ਥਿਤੀ=ਚੰਦ ਦੇ ਲਹਾਉ ਚੜ੍ਹਾਉ ਦੇ ਭੇਦ ਕਰਕੇ ੧੫ ਥਿਤਾਂ ਹਨ। ਧਰਮਸਾਲ=ਧਰਮ ਦੀ ਜਗ੍ਹਾ। ਜੁਗਤਿ=ਵਿਉਂਤ, ਪ੍ਰਕਾਰ। ਅਨੰਤ=ਬੇਅੰਤ। ਕਰਮੀ=ਕਰਮ ਵਾਲਾ, ਜੀਵ। ਪੰਚ=ਗੁਰਮੁਖ ਪੁਰਸ਼। ਕਰਮਿ=ਬਖਸ਼ਸ਼। ਕਚ ਪਕਾਈ=ਕੱਚਾ

ਪੱਕਾ, ਝੂਠਾ ਸੱਚਾ ।

ਅਰਥ—੧. ਦਿਨ, ਰਾਤ, ਰੁਤਾਂ, ਥਿੱਤਾਂ ਤੇ ਵਾਰ । ੨. ਹਵਾ, ਪਾਣੀ, ਅੱਗ ਤੇ ਪਤਾਲ ਇਹ ਸਭ ਕਰਤਾਰ ਦੀ ਰਚਨਾ । ੩. ਉਸ ਰਚਨਾ ਵਿਚ ਧਰਮ ਦੀ ਜਗ੍ਹਾ ਕਰਤਾਰ ਨੇ ਧਰਤੀ ਬਣਾ ਰੱਖੀ ਹੈ । ੪. ਉਸ ਧਰਤੀ ਵਿਚ ਕਈ ਤਰ੍ਹਾਂ ਦੇ ਜੀਵ ਤੇ ਰੰਗ ਹਨ । ੫. ਉਨ੍ਹਾਂ ਦੇ ਨਾਮ ਅਨੇਕਾਂ ਹਨ ਜਿਨ੍ਹਾਂ ਦਾ ਅੰਤ ਨਹੀਂ । ੬. ਜੀਵਾਂ ਦੇ ਕਰਮਾਂ ਦੀ ਉਥੇ ਵਿਚਾਰ ਹੋਵੇਗੀ । ੭. ਜਿਥੇ ਸੱਚਾ ਆਪਣਾ ਸੱਚਾ ਦਰਬਾਰ ਲਾਈ ਬੈਠਾ ਹੈ । ੮. ਉਥੇ ਪੰਚ ਸੋਭਾ ਪਾਉਂਦੇ ਤੇ ਮਨਜ਼ੂਰ ਹੁੰਦੇ ਹਨ । ੯. ਕ੍ਰਿਪਾਲੂ ਦੀ ਮਿਹਰ ਦਾ ਨਿਸ਼ਾਨ ਮਿਲੇ ਤਾਂ ਪੰਚ ਹੋ ਸਕੀਦਾ ਹੈ । ੧੦. ਉਥੇ ਕੱਚੇ ਪੱਕੇ ਪਰਖੇ ਜਾਂਦੇ ਹਨ । ੧੧. ਸਤਿਗੁਰੂ ਜੀ ਆਖਦੇ ਹਨ ਤੇ ਉਥੇ ਗਿਆਂ ਹੀ ਸੱਚਾ ਝੂਠਾ ਜਾਣਿਆ ਜਾਂਦਾ ਹੈ ॥੩੪॥

ਸਿਧਾਂਤ—ਜਦ ਜਗਾਸੂ ਸਿਮਰਨ ਵਿਚ ਲਗਦਾ ਹੈ ਤਾਂ ਸਭ ਤੋਂ ਪਹਿਲਾਂ ਆਤਮਾ ਧਰਮ ਖੰਡ ਵਿਚ ਜਾਂਦਾ ਹੈ । ਧਰਮ ਦਾ ਅਰਥ ਹੈ 'ਫ਼ਰਜ਼-ਡਿਊਟੀ' । ਅਰਥਾਤ ਸਭ ਤੋਂ ਪਹਿਲਾਂ ਜਗਜਾਸੂ ਨੂੰ ਇਹ ਵਿਚਾਰ ਫੁਰਦੀ ਹੈ ਕਿ ਕਰਤਾਰ ਨੇ ਰਾਤ, ਦਿਨ, ਥਿਤ, ਵਾਰ, ਹਵਾ, ਪਾਣੀ, ਅੱਗ, ਪਤਾਲ, ਧਰਤੀ ਆਦਿਕ ਜੋ ਸਾਜੇ ਹਨ, ਇਨ੍ਹਾਂ ਦੇ ਸਿਰ ਤੇ ਜੋ ਫਰਜ਼ ਧਰਿਆ ਹੈ, ਜੋ ਡਿਊਟੀ ਇਨ੍ਹਾਂ ਦੀ ਲਾਈ ਹੈ, ਇਹ ਆਪਣੇ ਫਰਜ਼ ਪੂਰੀ ਤਰ੍ਹਾਂ ਪਾਲ ਰਹੇ ਹਨ, ਕਦੇ ਇਕ ਸੈਕੰਡ ਦਾ ਵੀ ਹੇਰ ਫੇਰ ਨਹੀਂ ਕਰ ਸਕਦੇ । ਇਵੇਂ ਮੇਰਾ ਵੀ ਕੋਈ ਫਰਜ਼ ਹੈ । ਜਦ ਜੀਵ ਨੂੰ ਆਪਣਾ ਫਰਜ਼ ਸੁੱਝਾ ਤਾਂ ਆਪਣੇ ਰੋਜ਼ ਦੇ ਕੀਤੇ ਜਾਣ ਵਾਲੇ ਕਰਮਾਂ ਵਲ ਨਜ਼ਰ ਦੌੜਦੀ ਹੈ ਤਾਂ ਫਿਰ ਚੇਤਾ ਆਉਂਦਾ ਹੈ ਕਿ ਇਨ੍ਹਾਂ ਕਰਮਾਂ ਦੀ ਵਿਚਾਰ ਹੋਵੇਗੀ, ਲੇਖਾ ਦੇਣਾ ਪਵੇਗਾ । ਜਦ ਲੇਖਾ ਦੇਣ ਦਾ ਖਿਆਲ ਆਇਆ ਤਾਂ ਮਨ ਨੂੰ ਧੂਹ ਪਈ ਤੇ ਹੁਕਮ ਚੇਤੇ ਆਇਆ—'ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰ ॥ ਮਤਿ ਸਰਮਿੰਦਾ ਥੀਵਈ ਸਾਈ ਦੇ ਦਰਬਾਰ ॥'

ਇਸ ਮਹਾਂ ਵਾਕ ਨੇ ਦਰਬਾਰ ਦਾ ਨਜ਼ਾਰਾ ਅੱਖਾਂ ਅਗੇ ਲੈ ਆਂਦਾ। ਤਦ ਤਾਂ ਸਾਫ ਦਿੱਸਣ ਲਗ ਪਿਆ ਜੋ ਸੱਚੇ ਦਰਬਾਰ ਵਿਚ ਸੱਚੇ ਨੂੰ ਢੋਈ ਮਿਲਦੀ ਹੈ, ਝੂਠੇ ਸੱਚੇ ਦੀ ਕਸਵੱਟੀ ਉਥੇ ਹੈ—

*'ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥'*

*[ਆਸਾ ਫਰੀਦ ਜੀ*

ਬਸ! ਇਹ ਧਰਮ ਖੰਡ ਦਾ ਰੂਪ ਹੈ, ਅਤੇ ਵਾਹਿਗੁਰੂ ਵਲ ਜਾ ਰਹੀ ਆਤਮਾ ਦਾ ਇਹ ਪਹਿਲਾ ਦਰਜਾ ਹੈ।

**੧. ਧਰਮ ਖੰਡ ਕਾ ਏਹੋ ਧਰਮੁ॥ ੨. ਗਿਆਨ ਖੰਡ ਕਾ ਆਖਹੁ ਕਰਮੁ॥ ੩. ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ੪. ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ ੫. ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥ ੬. ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ੭. ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ ੮. ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥ ੯. ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ ੧੦. ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥**

ਪਦ ਅਰਥ—ਕਾਨ=ਕ੍ਰਿਸ਼ਨ । ਮਹੇਸ=ਸ਼ਿਵ ਜੀ । ਕਰਮ ਭੂਮੀ=ਕਰਮ ਕਰਨ ਦੀ ਜਗ੍ਹਾ, ਸ਼ੁਭ ਕਰਮਾਂ ਦੇ ਕਰਨ ਦੀ ਥਾਂ । ਮੇਰ=ਸੁਮੇਰ। ਧੂ=ਧਰੂਹ, ਧਰੂਵ। ਉਪਦੇਸ=ਉਪਦੇਸਟਾ, ਧਰੂਵ ਨੂੰ ਉਪਦੇਸ ਕਰਨ ਵਾਲਾ ਨਾਰਦ । ਪਾਤਿ ਨਰਿੰਦ=ਸ਼ਹਿਨਸ਼ਾਹ, ਸੁਲਤਾਨ, ਚਕ੍ਰ ਵਰਤੀ ਰਾਜੇ । ਸੁਰਤੀ=ਵੇਦ ।

ਅਰਥ—੧. ਧਰਮ ਖੰਡ ਦਾ ਏਹੋ ਧਰਮ ਹੈ ਜੋ ਪਿਛੇ ਕਹਿ ਚੁਕੇ ਹਾਂ । ੨. ਹੁਣ ਗਿਆਨ ਖੰਡ ਦਾ ਕਰਮ ਆਖਦੇ ਹਾਂ । ੩. ਕਿੰਨੇ ਹੀ ਪੌਣ ਪਾਣੀ ਤੇ ਅੱਗਾਂ ਹਨ, ਅਤੇ ਕਿੰਨੇ ਹੀ ਕ੍ਰਿਸ਼ਨ ਤੇ ਸ਼ਿਵ ਜੀ ਹਨ। ੪. ਕਿੰਨੇ ਹੀ ਘਾੜਤ ਘੜਨ ਵਾਲੇ ਬ੍ਰਹਮੇ ਹਨ, ਜਿਨ੍ਹਾਂ ਦੇ ਕਿੰਨੇ ਹੀ ਰੂਪਾਂ ਰੰਗਾਂ ਦੇ ਭੇਖ ਹਨ । ੫. ਕਿੰਨੀਆਂ ਕਰਮ ਭੂਮੀਆਂ, ਕਿੰਨੇ ਸੁਮੇਰ ਪਰਬਤ, ਕਿੰਨੇ ਹੀ ਧਰੂਹ ਤੇ ਨਾਰਦ ਹਨ । ੬. ਕਿੰਨੇ ਹੀ ਇੰਦ੍ਰ, ਚੰਦ੍ਰਮਾ ਤੇ ਸੂਰਜ ਹਨ ਕਿੰਨੇ ਹੀ ਮੰਡਲ ਤੇ ਕਿੰਨੇ ਹੀ ਦੇਸ ਹਨ । ੭. ਕਿੰਨੇ ਹੀ ਸਿਧ ਤੇ ਬੁਧ ਅਤੇ ਕਿੰਨੇ ਹੀ ਦੇਵੀਆਂ ਦੇ ਰੂਪ ਹਨ। ੮. ਕਿੰਨੇ ਹੀ ਰਤਨ ਅਤੇ ਸਮੁੰਦ੍ਰ ਹਨ । ੯. ਕਿੰਨੀਆਂ ਖਾਣੀਆਂ ਹਨ, ਕਿੰਨੀਆਂ ਹੀ ਬਾਣੀਆਂ ਹਨ ਅਤੇ ਕਿੰਨੇ ਹੀ ਚਕ੍ਰ ਵਰਤੀ ਰਾਜੇ ਹਨ। ੧੦. ਕਿੰਨੇ ਹੀ ਵੇਦ ਹਨ, ਕਿੰਨੇ ਹੀ ਸੇਵਕ ਹਨ, ਸਤਿਗੁਰੂ ਜੀ ਆਖਦੇ ਹਨ, ਇਥੇ ਵੀ ਬਸ ਨਹੀਂ ॥੩੫॥

ਸਿਧਾਂਤ—ਧਰਮ ਖੰਡ ਵਿਚ ਇਕ ਇਕ ਚੀਜ਼ ਦੀ ਸੂਝ ਪਈ । ਹੁਣ ਬਿਰਤੀ ਨੇ ਹੋਰ ਹੁਲਾਰਾ ਖਾਧਾ, ਚੜ੍ਹਦੀ ਕਲਾ ਵਿਚ ਗਈ । ਅਗੇ ਇਕ ਬ੍ਰਹਮੰਡ ਦਾ ਗਿਆਨ ਹੋਇਆ ਸੀ, ਹੁਣ ਪਤਾ ਲੱਗਾ :—

*"ਰੋਮਿ ਰੋਮਿ ਵਿਚਿ ਰਖਿਓਨਿ ਕਰਿ ਬ੍ਰਹਮੰਡਿ ਕਰੋੜਿ ਸੁਮਾਰਾ॥"*

*[ਭਾਈ ਗੁਰਦਾਸ ਜੀ*

ਜੋ ਕਰਤਾਰ ਦੇ ਇਕ ਇਕ ਰੋਮ ਵਿਚ ਕ੍ਰੋੜਾਂ ਬ੍ਰਹਮੰਡ ਹਨ । ਜਦ ਬ੍ਰਹਮੰਡ ਹੀ ਕ੍ਰੋੜਾਂ ਨਜ਼ਰ ਆਏ ਤਾਂ ਬ੍ਰਹਮੰਡ ਅੰਦਰ ਹੋਣ ਵਾਲੇ ਪਦਾਰਥਾਂ

ਦੀ ਗਿਣਤੀ ਕੌਣ ਕਰ ਸਕਦਾ ਹੈ ? ਇਸ ਲਈ ਹਰੇਕ ਪਦਾਰਥ ਨੂੰ 'ਕਿੰਨੇ' ਸ਼ਬਦ ਨਾਲ ਵਰਨਣ ਕੀਤਾ ਹੈ । ਇਉਂ ਸਮਝ ਸੌਖੀ ਆ ਸਕੇਗੀ :—

*'ਇਕਸਿ ਇਕਸਿ ਬ੍ਰਹਮੰਡਿ ਵਿਚ ਦਸਿ ਦਸਿ ਕਰਿ ਅਵਤਾਰ ਉਤਾਰਾ ॥'* *[ਭਾਈ ਗੁਰਦਾਸ ਜੀ*

ਨਿਰੰਕਾਰ ਜੀ ਨੇ ਇਕ ਇਕ ਬ੍ਰਹਮੰਡ ਵਿਚ ਦਸ ਦਸ ਅਵਤਾਰ ਭੇਜੇ ਹਨ । ਜਦ ਗਿਆਨ ਖੰਡ ਵਿਚ ਪੁਜੇ ਆਤਮਾ ਨੂੰ ਬ੍ਰਹਮੰਡ ਹੀ ਕਰੋੜਾਂ ਨਜ਼ਰ ਆਏ ਤਾਂ ਅਵਤਾਰ ਤਾਂ ਉਸ ਤੋਂ ਵੀ ਦਸ ਗੁਣਾਂ ਨਜ਼ਰ ਆਉਣਗੇ । ਇਕ ਬ੍ਰਹਮੰਡ ਵਿਚ ਇਕੋ ਹੀ ਚੰਦ, ਸੂਰਜ, ਸ਼ਿਵ ਜੀ, ਕ੍ਰਿਸ਼ਨ ਹਨ । ਪਰ ਕ੍ਰੋੜਾਂ ਬ੍ਰਹਮੰਡਾਂ ਵਿਚ ਤਾਂ ਕ੍ਰੋੜਾਂ ਹੀ ਦਿਸਣਗੇ । ਇਕ ਬ੍ਰਹਮੰਡ ਵਿਚ ਚਾਰ ਖਾਣੀਆਂ, ਚਾਰ ਬਾਣੀਆਂ ਤੇ ਚਾਰ ਵੇਦ ਹਨ, ਪਰ ਕ੍ਰੋੜਾਂ ਬ੍ਰਹਮੰਡਾਂ ਵਿਚ ਤਾਂ ਕਈ ਖਾਣੀਆਂ, ਕਈ ਬਾਣੀਆਂ ਤੇ ਕਿੰਨੇ ਹੀ ਵੇਦ ਨਜ਼ਰ ਆਉਣਗੇ । ਇਸ ਲਈ ਕਿਹਾ ਹੈ ਕਿ ਗਿਆਨ ਖੰਡ ਵਿਚ ਗਿਆਂ ਕਿਸੇ ਚੀਜ਼ ਦਾ ਅੰਤ ਹੀ ਨਹੀਂ ਆਉਂਦਾ । ਇਹ ਗਿਆਨ ਖੰਡ ਅਵਸਥਾ ਆਤਮਾ ਦੀ ਉਨਤੀ ਦਾ ਦੂਜਾ ਦਰਜਾ ਹੈ ।

**੧. ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ੨. ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ੩. ਸਰਮ ਖੰਡ ਕੀ ਬਾਣੀ ਰੂਪੁ ॥ ੪. ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ੫. ਤਾ ਕੀਆ ਗਲਾ ਕਥੀਆ ਨਾ ਜਾਹਿ ॥ ੬. ਜੇ ਕੋ ਕਹੈ ਪਿਛੈ ਪਛੁਤਾਇ ॥ ੭. ਤਿਥੈ ਘੜੀਐ**

## ਸੁਰਤਿ ਮਤਿ ਮਨਿ ਬੁਧਿ ॥ ੮. ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਪਦ ਅਰਥ—ਪਰਚੰਡੁ=ਤੇਜ । ਨਾਦ=ਸ਼ਬਦ । ਬਿਨੋਦ=ਤਮਾਸ਼ੇ, ਖੇਡਾਂ। ਕੋਡ=ਕ੍ਰੋੜਾਂ। ਅਨੂਪੁ=ਅਨੋਖੀ। ਸੁਰਤਿ=ਧਿਆਨ। ਮਤਿ=ਸਮਝਨ ਵਾਲੀ ਬਿਰਤੀ । ਮਨ=ਸੰਕਲਪ ਵਿਕਲਪ ਵਾਲੀ ਬਿਰਤੀ । ਬੁਧਿ= ਵਿਚਾਰਨ ਵਾਲੀ ਸ਼ਕਤੀ । ਸੁਧਿ=ਸਮਝ ਗਿਆਤ । ਸੁਰਾ=ਦੇਵਤਿਆਂ।

ਅਰਥ—੧. ਗਿਆਨ ਖੰਡ ਵਿਚ ਗਿਆਨ ਦਾ ਤੇਜ ਹੁੰਦਾ ਹੈ । ੨. ਉਥੇ ਤਾਂ ਸ਼ਬਦ ਤੇ ਤਮਾਸ਼ਿਆਂ ਨਾਲੋਂ ਕ੍ਰੋੜ ਹਿੱਸੇ ਅਨੰਦ ਹੈ। ੩. ਸਰਮ ਖੰਡ ਦੀ ਬਾਣੀ ਰੂਪ ਵਾਲੀ ਹੈ, ਅਰਥਾਤ ਸੋਹਣੀ ਹੈ। ੪. ਉਥੇ ਤਾਂ ਬਾਣੀ ਦੀ ਬਹੁਤ ਅਨੋਖੀ ਘਾੜਤ ਘੜੀ ਜਾਂਦੀ ਹੈ। ੫. ਉਨ੍ਹਾਂ ਦੀਆਂ ਗੱਲਾਂ ਕਹੀਆਂ ਨਹੀਂ ਜਾਂਦੀਆਂ । ੬. ਜੇ ਕੋਈ ਕਹੇਗਾ ਤਾਂ ਮਗਰੋਂ ਪਛਤਾਏਗਾ । ੭. ਉਥੇ ਸੁਰਤ, ਮਤਿ ਮਨ ਤੇ ਬੁਧੀ ਘੜੀ ਜਾਂਦੀ ਹੈ। ੮. ਉਥੇ ਦੇਵਤਿਆਂ ਤੇ ਸਿਧਾਂ ਵਾਲੀ ਸਮਝ ਵੀ ਘੜੀ ਜਾਂਦੀ ਹੈ ॥੩੬॥

ਸਿਧਾਂਤ—ਪਿਛੇ ਦਸਿਆ ਜਾ ਚੁੱਕਾ ਹੈ ਕਿ ਗਿਆਨ ਖੰਡ ਵਿਚ ਗਿਆਨ ਦਾ ਉਜਾਲਾ ਹੋਇਆ ਪਰ ਉਹ ਉਜਾਲਾ ਬਹੁਤ ਤੇਜ ਹੈ। ਬਹੁਤ ਤੇਜ ਵਾਲੀ ਚੀਜ਼ ਹਮੇਸ਼ਾਂ ਡਰਾਉਣੀ ਹੁੰਦੀ ਹੈ ਪਰ ਇਹ ਨਾਲ ਦੱਸ ਦਿਤਾ ਹੈ ਕਿ ਉਹ ਤੇਜ ਦੁਖਦਾਈ ਨਹੀਂ ਸਗੋਂ ਅਨੰਦ ਦਾਤਾ ਹੈ, ਅਨੰਦ ਵੀ ਉਹ ਜਿਸ ਦੇ ਮੁਕਾਬਲੇ ਵਿਚ ਕੋਈ ਅਨੰਦ ਨਹੀਂ। ਦੁਨੀਆਂ ਵਿਚ ਫਸੇ ਜੀਵਾਂ ਨੂੰ ਰਾਗ ਤਮਾਸ਼ਿਆਂ ਦੀ ਹੀ ਸੂਝ ਹੈ, ਇਸ ਲਈ ਗੁਰੂ ਜੀ ਨੇ ਕਿਹਾ ਹੈ ਇਨ੍ਹਾਂ ਨਾਲੋਂ ਓਹ ਕਰੋੜ ਹਿਸੇ ਵਧ ਕੇ ਅਨੰਦ ਹੈ।

ਜਦ ਗਿਆਨ ਖੰਡ ਤੋਂ ਸੁਰਤ ਉੱਚੀ ਚੜ੍ਹਦੀ ਹੈ ਤਾਂ ਸਰਮ ਖੰਡ ਵਿਚ ਪੁਜਦੀ ਹੈ। 'ਸਰਮ' ਦਾ ਅਰਥ ਹੈ 'ਸੰਕੋਚਨਾ' ਸ਼ਰਮਾਕਲ ਪੁਰਸ਼ ਹਰ ਗੱਲ ਤੋਂ ਸੰਕੋਚ ਕਰਦਾ ਹੈ, ਹਰ ਵੇਲੇ ਡਰੂੰ-ਡਰੂੰ ਕਰਦਾ ਰਹਿੰਦਾ

ਹੈ। ਬੋਲਦਾ ਘੱਟ ਹੈ, ਜੇ ਬੋਲਦਾ ਵੀ ਹੈ ਬਹੁਤ ਹੌਲੀ ਮਿਠਾ ਅਤੇ ਵਿਚਾਰ ਦਾ ਭਰਿਆ ਹੋਇਆ। ਇਸੇ ਲਈ ਕਿਹਾ ਹੈ ਸ਼ਰਮ ਖੰਡ ਵਾਲਿਆਂ ਦੀ ਬਾਣੀ ਰੂਪ ਵਾਲੀ ਹੁੰਦੀ ਹੈ, ਹਰ ਵੇਲੇ ਉਨ੍ਹਾਂ ਦੀ ਸੁਰਤ ਇਕ ਦੇ ਧਿਆਨ, ਇਕ ਦੀ ਵੀਚਾਰ, ਇਕ ਦੇ ਖਿਆਲ ਤੇ ਇਕੋ ਦੇ ਚਿੰਤਨ ਵਿਚ ਲਗੀ ਰਹਿੰਦੀ ਹੈ। ਇਹੋ ਹੈ ਸੁਰਤ, ਮਤ, ਮਨ ਤੇ ਬੁਧ ਦਾ ਘੜਨਾ ਅਰਥਾਤ ਸੰਸਾਰ ਨੂੰ ਅਨੁਭਵ ਕਰਨ ਵਾਲੀ ਸੁਰਤ, ਮਤ, ਮਨ ਤੇ 'ਬੁਧਿ ਬਦਲੀ ਸਿਧਿ ਪਾਈ।' ਫਿਰ ਸਮਝ ਆ ਜਾਂਦੀ ਹੈ ਕਿ ਸਿਧ ਤੇ ਦੇਵਤਾ ਹੋਰ ਕੋਈ ਨਹੀਂ ਜੋ ਇਸ ਪਦ ਵਿਚ ਪੁਜੇ ਹਨ, ਓਹੀ ਸਿਧ ਤੇ ਦੇਵਤੇ ਹਨ ਇਹ ਹੈ 'ਦੇਵਤਿਆਂ ਤੇ ਸਿਧਾਂ ਦੀ ਸੁਧ ਦਾ ਘੜੇ ਜਾਣਾ।'

**੧. ਕਰਮ ਖੰਡ ਕੀ ਬਾਣੀ ਜੋਰੁ ॥ ੨. ਤਿਥੈ ਹੋਰੁ ਨ ਕੋਈ ਹੋਰੁ ॥ ੩. ਤਿਥੈ ਜੋਧ ਮਹਾਬਲ ਸੂਰ ॥ ੪. ਤਿਨ ਮਹਿ ਰਾਮੁ ਰਹਿਆ ਭਰਪੂਰ ॥ ੫. ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ੬. ਤਾ ਕੇ ਰੂਪ ਨ ਕਥਨੇ ਜਾਹਿ ॥ ੭. ਨਾ ਓਹਿ ਮਰਹਿ ਨ ਠਾਗੇ ਜਾਹਿ ॥ ੮. ਜਿਨ ਕੈ ਰਾਮੁ ਵਸੈ ਮਨ ਮਾਹਿ ॥ ੯. ਤਿਥੈ ਭਗਤ ਵਸਹਿ ਕੇ ਲੋਅ ॥ ੧੦. ਕਰਹਿ ਅਨੰਦੁ ਸਚਾ ਮਨਿ ਸੋਇ ॥**

ਪਦ ਅਰਥ—ਕਰਮ=ਬਖਸ਼ਸ਼। ਸੀਤੋ=ਸੀਤਾ ਦਾ ਪਤੀ, ਰਾਮਚੰਦਰ। ਜੋਰੁ=ਜੋੜਨਾ, ਰੋਕਣਾ।

ਅਰਥ—੧. ਕਰਮ ਖੰਡ ਦੀ ਬਾਣੀ ਜੋਰ ਵਾਲੀ ਹੈ। ੨. ਉਥੇ ਹੋਰ ਕੋਈ ਹੋੜਨ ਵਾਲਾ ਨਹੀਂ ਹੈ। ੩. ਉਥੇ ਜੋਧੇ, ਮਹਾਂ ਬਲੀ ਤੇ ਸੂਰਮੇ ਜਾਂਦੇ ਹਨ। ੪. ਉਨ੍ਹਾਂ ਵਿਚ ਰਾਮ ਪੂਰਨ ਹੋ ਰਿਹਾ ਹੈ। ੫. ਉਥੇ ਰਾਮ ਚੰਦ ਤੇ ਸੀਤਾ ਵੀ ਮਹਿਮਾ ਵਿਚ ਲਗੇ ਹੋਏ ਹਨ। ੬. ਉਨ੍ਹਾਂ ਦੇ ਰੂਪ ਕਹੇ ਨਹੀਂ ਜਾਂਦੇ। ੭. ਨਾ ਉਹ ਮਰਦੇ ਹਨ, ਨਾ ਠੱਗੇ ਜਾਂਦੇ ਹਨ। ੮. ਜਿਨ੍ਹਾਂ ਦੇ ਮਨ ਵਿਚ ਰਾਮ ਵਸਦਾ ਹੈ। ੯. ਉਥੇ ਕੋਈ ਭਗਤ ਲੋਕ ਹੀ ਜਾ ਕੇ ਵਸਦੇ ਹਨ। ੧੦. ਉਸ ਸੱਚੇ ਨੂੰ ਮਨ ਵਿਚ ਵਸਾ ਕੇ ਭਗਤ ਜਨ ਅਨੰਦ ਕਰਦੇ ਹਨ।

ਸਿਧਾਂਤ—ਪਿਛਲੀ ਪਉੜੀ ਵਿਚ ਸਰਮ ਖੰਡ ਦਾ ਵਰਨਣ ਕੀਤਾ ਹੈ। ਜਦ ਆਤਮਾ ਉਸ ਤੋਂ ਉੱਚੀ ਹੁੰਦੀ ਹੈ ਤਾਂ ਕਰਤਾਰ ਦੀ ਬਖਸ਼ਸ਼ ਪ੍ਰਾਪਤ ਕਰਦੀ ਹੈ। ਰੱਬ ਦਾ ਫ਼ਜ਼ਲ ਹੁੰਦੇ ਹੀ ਬਾਣੀ ਵਿਚ ਜ਼ੋਰ ਆ ਜਾਂਦਾ ਹੈ। ਜੋ ਮੂੰਹੋਂ ਨਿਕਲਦਾ ਹੈ, ਪੂਰਾ ਹੋ ਜਾਂਦਾ ਹੈ। ਉਸ ਪਦ ਤੇ ਪੁਜ ਕੇ ਰੁਕਣ ਨੂੰ ਜਗ੍ਹਾ ਨਹੀਂ। ਧਰਮ ਖੰਡ, ਗਿਆਨ ਖੰਡ, ਸਰਮ ਖੰਡ ਤੋਂ ਆਤਮਾ ਨੂੰ ਡਿਗਣ ਦਾ ਖਤਰਾ ਹੈ, ਪਰ ਕਰਮ ਖੰਡ ਵਿਚ ਉਹ ਭਉ ਮਿਟ ਜਾਂਦਾ ਹੈ। ਇਸੇ ਲਈ ਸਤਿਗੁਰੂ ਜੀ ਨੇ ਕਿਹਾ ਹੈ ਕਿ ਉਥੇ ਹੋਰ ਕੋਈ ਰੋਕਣ ਵਾਲਾ ਨਹੀਂ ਹੈ। ਪਰ ਉਥੇ ਪਹੁੰਚਣਾ ਮਹਾਂ ਸੂਰਬੀਰਾਂ ਦਾ ਕੰਮ ਹੈ।

*ਨਾਨਕ ਸੋ ਸੂਰਾ ਵਰਿਆਮੁ*
*ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥*

*[ਸਲੋਕ ਮ: ੩*

ਹੰਕਾਰ ਨੂੰ ਮਾਰਨ ਵਾਲੇ ਮਹਾਂ ਬਲੀ ਸੂਰਮੇ ਉਥੇ ਪਹੁੰਚਦੇ ਹਨ। ਉਨ੍ਹਾਂ ਦੇ ਮਨ ਵਿਚ ਰਾਮ ਦਾ ਵਾਸਾ ਹੋ ਜਾਂਦਾ ਹੈ। ਉਹ ਹਰ ਛਿਨ, ਹਰ ਸਮੇਂ, ਹਰ ਘੜੀ ਕਰਤਾਰ ਦੇ ਸਿਮਰਨ ਵਿਚ ਬਿਤਾਂਦੇ ਹਨ। ਇਸ ਲਈ ਨਾ ਉਹ ਮਰਦੇ ਹਨ ਅਤੇ ਨਾ ਹੀ ਕੋਈ ਵਿਕਾਰ ਉਨ੍ਹਾਂ ਨੂੰ ਠਗ

ਸਕਦਾ ਹੈ ।

ਹੁਣ ਇਥੇ ਇਕ ਧੋਖਾ ਲਗ ਸਕਦਾ ਸੀ । ਕਿਉਂਕਿ ਆਪ ਨੇ ਕਿਹਾ ਹੈ, ਜੋ ਗੁਰਮੁਖਾਂ ਦੇ ਮਨ ਵਿਚ 'ਰਾਮ' ਵਸਦਾ ਹੈ । ਰਾਮ ਪਦ ਤੋਂ ਟਪਲਾ ਲਗ ਸਕਦਾ ਸੀ । ਕਿਉਂਕਿ 'ਰਾਮ' ਤਰੇਤੇ ਦੇ ਅਵਤਾਰ ਦਾ ਨਾਮ ਹੋਣ ਕਰਕੇ ਗੁਰਸਿਖ ਨੂੰ ਹਿੰਦੂ ਟਪਲਾ ਦੇ ਸਕਦੇ ਸਨ । ਇਸ ਲਈ ਆਪ ਨੇ ਕਿਹਾ 'ਸੀਤੋ ਸੀਤਾ' ਸੀਤਾ ਦਾ ਪਤੀ ਤੇ ਸੀਤਾ ਵੀ ਉਸੇ ਰਾਮ ਦੀ ਮਹਿਮਾ ਵਿਚ ਲਗੇ ਹੋਏ ਹਨ । ਸੀਤਾ ਪਤਿ ਰਾਮ ਚੰਦਰ ਜਿਸ ਰਾਮ ਦੀ ਮਹਿਮਾ ਕਰ ਰਿਹਾ ਹੈ ਓਹੀ ਕਰਮ ਖੰਡ ਦੇ ਵਸਨੀਕਾਂ ਦੇ ਮਨ ਵਿਚ ਵਸਦਾ ਹੈ ।

**੧੧. ਸਚ ਖੰਡਿ ਵਸੈ ਨਿਰੰਕਾਰੁ ॥ ੧੨. ਕਰਿ ਕਰਿ ਵੇਖੈ ਨਦਰਿ ਨਿਹਾਲ ॥ ੧੩. ਤਿਥੈ ਖੰਡ ਮੰਡਲ ਵਰਭੰਡ ॥ ੧੪. ਜੇ ਕੋ ਕਥੈ ਤ ਅੰਤ ਨ ਅੰਤ ॥ ੧੫. ਤਿਥੈ ਲੋਅ ਲੋਅ ਆਕਾਰ ॥ ੧੬. ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ੧੭. ਵੇਖੈ ਵਿਗਸੈ ਕਰਿ ਵੀਚਾਰੁ ॥ ੧੮. ਨਾਨਕ ਕਥਨਾ ਕਰੜਾ ਸਾਰੁ ॥੩੭॥**

ਪਦ ਅਰਥ—ਵਿਗਸੈ=ਅਨੰਦ ਹੁੰਦੇ ਹਨ । ਸਾਰੁ=ਸਰੇਸ਼ਟ, ਬਹੁਤ ਔਖਾ ਜਾਂ ਲੋਹਾ । ਕਰੜਾ=ਸਖਤ । ਲੋਅ=ਲੋਕ । ਆਕਾਰ=ਸ਼ਕਲ, ਵਜੂਦ, ਸਰੀਰ । ਕਰਿ=ਬਨੇ ਬਨਾਉ ।

ਅਰਥ—੧੧. ਸੱਚਖੰਡ ਵਿਚ ਵਾਹਿਗੁਰੂ ਵਸਦਾ ਹੈ। ੧੨. ਜੋ ਬਨੇ ਬਨਾਉ ਨੂੰ ਵੇਖਦਾ ਤੇ ਮਿਹਰ ਦੀ ਨਜ਼ਰ ਨਾਲ ਭਗਤਾਂ ਨੂੰ ਨਿਹਾਲ ਕਰਦਾ ਹੈ। ੧੩. ਜਿੰਨੇ ਕੁ ਉਥੇ, ਖੰਡ, ਮੰਡਲ ਤੇ ਬ੍ਰਹਮੰਡ ਹਨ। ੧੪. ਜੇ ਕੋਈ ਉਨ੍ਹਾਂ ਨੂੰ ਕਹਿਣ ਲੱਗੇ ਤਾਂ ਹਾਰ ਕੇ ਏਹੋ ਕਹੇਗਾ ਅੰਤ ਨਹੀਂ, ਅੰਤ ਨਹੀਂ। ੧੫. ਉਥੋਂ ਦੇ ਲੋਕਾਂ ਲੋਕਾਂ ਦੇ ਆਕਾਰਾਂ ਦਾ ਵੀ ਅੰਤ ਨਹੀਂ। ੧੬. ਜਿਉਂ-ਜਿਉਂ ਉਸ ਦਾ ਹੁਕਮ ਹੁੰਦਾ ਹੈ, ਤਿਉਂ-ਤਿਉਂ ਉਹ ਕਾਰ ਕਰਦੇ ਹਨ। ੧੭. ਨਿਰੰਕਾਰ ਦਾ ਦਰਸ਼ਨ ਵੇਖ ਕੇ ਤੇ ਉਸ ਦੇ ਗੁਣਾਂ ਦੀ ਵਿਚਾਰ ਕਰਕੇ ਭਗਤ ਜਨ ਅਨੰਦ ਹੁੰਦੇ ਹਨ। ੧੮. ਸਤਿਗੁਰੂ ਜੀ ਆਖਦੇ ਹਨ ਉਥੋਂ ਦੇ ਹਾਲ ਦਾ ਕਥਨ ਕਰਨਾ ਵੀ ਲੋਹੇ ਵਰਗਾ ਕਰੜਾ ਹੈ, ਅਰਥਾਤ ਬਹੁਤ ਔਖਾ ਹੈ ॥੩੭॥

ਸਿਧਾਂਤ—ਜਦ ਕਰਮ ਖੰਡ ਤੋਂ ਆਤਮਾ ਚੜ੍ਹਦੀ ਕਲਾ ਵਿਚ ਹੁੰਦੀ ਹੈ ਤਾਂ ਅੱਗੇ ਸਚਖੰਡ ਵਿਚ ਜਾਂਦੀ ਹੈ। ਸਚਖੰਡ ਖੁਦ ਨਿਰੰਕਾਰ ਦਾ ਦੇਸ ਹੈ। ਉਥੇ ਤਾਂ ਨਿਰੰਕਾਰ ਦੀ ਲੂੰ ਲੂੰ ਵਿਚ ਲੱਖਾਂ ਬ੍ਰਹਮੰਡ ਹਨ। ਇਕ ਇਕ ਬ੍ਰਹਮੰਡ ਵਿਚ ਕਈ ਕਈ ਖੰਡ ਤੇ ਮੰਡਲ ਹਨ ਤਾਂ ਉਹਨਾਂ ਦੀ ਗਿਣਤੀ ਕਿਵੇਂ ਹੋਵੇ? ਹਾਰ ਕੇ ਬੇਅੰਤ ਬੇਅੰਤ ਕਿਹਾ, ਸ਼ੁਕਰ ਵਿਚ ਜੀਭ ਰੱਤੀ ਗਈ। ਉਥੋਂ ਦੇ ਵਸਨੀਕ ਸ਼ੁਕਰ ਦੇ ਹੀ ਰੂਪ ਹਨ, ਮਿਹਰ ਦੇ ਪੁਤਲੇ ਹਨ। ਉਹ ਕਰਤਾਰ ਦੇ ਦਰਸ਼ਨ ਕਰ ਕੇ ਹੀ ਅਨੰਦ ਪ੍ਰਸੰਨ ਹੋ ਰਹੇ ਤੇ ਸਦਕੇ ਜਾ ਰਹੇ ਹਨ।

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*

*[ਸਲੋਕ ਕਬੀਰ ਜੀ*

ਪ੍ਰਸ਼ਨ—ਸਤਿਗੁਰੂ ਜੀ! ਆਪ ਨੇ ਫ਼ੁਰਮਾਇਆ ਹੈ ਕਿ ਉਨ੍ਹਾਂ ਦਾ ਕਥਨ ਕਰਨਾ ਵੀ ਲੋਹੇ ਵਰਗਾ ਕਰੜਾ ਹੈ। ਪਰ ਕਰੜਾ ਲੋਹਾ ਵੀ ਭੱਠੀ ਵਿਚ ਪੈ ਕੇ ਨਰਮ ਹੋ ਜਾਂਦਾ ਹੈ, ਫਿਰ ਉਸ ਨੂੰ ਮਨ-ਮਰਜ਼ੀ ਅਨੁਸਾਰ

ਮੋੜ ਗੇੜ ਲਈਦਾ ਹੈ। ਇਵੇਂ ਹੀ ਉਸ ਦਾ ਕਥਨ ਵੀ ਤਾਂ ਹੋ ਸਕਦਾ ਹੋਵੇਗਾ ?

ਉੱਤਰ—

**੧. ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ੨. ਅਹਰਣਿ ਮਤਿ ਵੇਦੁ ਹਥੀਆਰੁ ॥ ੩. ਭਉ ਖਲਾ ਅਗਨਿ ਤਪ ਤਾਉ ॥ ੪. ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ੫. ਘੜੀਐ ਸਬਦੁ ਸਚੀ ਟਕਸਾਲ ॥ ੬. ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ੭. ਨਾਨਕ ਨਦਰੀ ਨਦਰਿ ਨਿਹਾਲ ॥੩੮॥**

ਪਦ ਅਰਥ—ਜਤੁ=ਇੰਦਰੇ ਜਿਤਨੇ। ਪਾਹਾਰਾ=ਸੁਨਿਆਰੇ ਦੀ ਭੱਠੀ ਜਾਂ ਦੁਕਾਨ। ਵੇਦੁ=ਗਿਆਨ। ਹਥੀਆਰੁ=ਹਥੌੜਾ। ਨਦਰਿ ਕਰਮੁ=ਕ੍ਰਿਪਾ ਦੀ ਨਜ਼ਰ। ਨਦਰਿ=ਨਜ਼ਰ ਕਰਨ ਵਾਲਾ।

ਅਰਥ—੧. ਜਤ ਦੀ ਭੱਠੀ ਤੇ ਧੀਰਜ ਸੁਨਿਆਰਾ ਹੋਵੇ। ੨. ਬੁਧੀ ਦੀ ਅਹਿਰਣ ਤੇ ਗਿਆਨ ਦਾ ਹਥੌੜਾ ਹੋਵੇ। ੩. ਡਰ ਦੀ *ਖਲ (ਧੌਂਕਨੀ)

---

** ਸਾਡੇ ਇਕ ਮਿੱਤਰ ਜੀ ਨੇ 'ਖਲਾ' ਪਦ ਉਤੇ ਬਹੁਤ ਸਾਰਾ ਨੋਟ ਚਾੜ੍ਹ ਕੇ ਸਾਬਤ ਕੀਤਾ ਹੈ ਕਿ 'ਖਲਾ' ਨੂੰ ਬਿੰਦੀ ਨਹੀਂ ਇਸ ਲਈ ਇਕ ਵਚਨ ਹੈ। ਪਰ ਉਨ੍ਹਾਂ ਨੂੰ ਵਿਚਾਰਨਾ ਚਾਹੀਦਾ ਹੈ ਕਿ 'ਨਵਾ ਖੰਡਾ, ਜੀਆ' ਆਦਿਕ ਸ਼ਬਦਾਂ ਉਪਰ ਬਿੰਦੀ ਨਹੀਂ, ਅਤੇ ਹਨ ਵੀ ਬਹੁ ਵਚਨ। ਜਪੁ ਵਿਚ ਦੋ ਜਗ੍ਹਾ ਤੋਂ ਬਿਨਾਂ ਬਿੰਦੀ ਹੋਰ ਥੇ ਆਈ ਹੀ ਨਹੀਂ। ਬਹੁਤ ਲਿਖਣ ਦੀ ਲੋੜ ਨਹੀਂ, ਏਨਾਂ ਹੀ ਬਹੁਤ ਹੈ।*

ਤੇ ਤਪ ਦੀ ਅੱਗ ਬਲੇ। ੪. ਪ੍ਰੇਮ ਦਾ ਭਾਂਡਾ ਅਤੇ ਉਸ ਵਿਚ ਅੰਮ੍ਰਿਤ ਪਾਇਆ ਜਾਏ। ੫. ਅਜੇਹੀ ਸੱਚੀ ਟਕਸਾਲ ਵਿਚ ਸ਼ਬਦ ਘੜਿਆ ਜਾਏ ਤਾਂ ਉਸ ਨਾਲ ਕਥਨ ਹੋ ਸਕਦਾ ਹੈ। ੬. ਪਰ ਜਿਨ੍ਹਾਂ ਨੂੰ ਕਰਤਾਰ ਦੀ ਕ੍ਰਿਪਾ ਦੀ ਨਜ਼ਰ ਹੁੰਦੀ ਹੈ ਉਨ੍ਹਾਂ ਪਾਸੋਂ ਇਹ ਕਾਰ ਹੋ ਸਕਦੀ ਹੈ। ੭. ਸਤਿਗੁਰੂ ਜੀ ਆਖਦੇ ਹਨ, ਫਿਰ ਵਾਹਿਗੁਰੂ ਦੀ ਨਜ਼ਰ ਨਾਲ ਨਿਹਾਲ ਹੋ ਜਾਂਦਾ ਹੈ ॥੩੮॥

ਸਿਧਾਂਤ—੧. ਜਗਯਾਸੂ ਲਈ ਸਭ ਤੋਂ ਪਹਿਲਾਂ 'ਜਤੁ' ਗੁਣ ਵਾਲਾ ਹੋਣਾ ਜ਼ਰੂਰੀ ਹੈ। ਜਤ ਦਾ ਅਰਥ ਹੈ ਇੰਦਰੇ ਕਾਬੂ ਰਖਣੇ। ਇਕ ਆਦਮੀ ਇਸਤ੍ਰੀ ਦੇ ਨੇੜੇ ਤਾਂ ਨਹੀਂ ਜਾਂਦਾ, ਵਿਆਹ ਨਹੀਂ ਕਰਾਉਂਦਾ, ਪਰ ਮਨ ਵਿਕਾਰਾਂ ਵਿਚ ਫਿਰਦਾ ਹੈ, ਉਹ ਜਤੀ ਨਹੀਂ ਕਹਾ ਸਕਦਾ, ਅਤੇ ਇਸਤਰੀ ਤੋਂ ਰਹਿਤ ਹੋਣਾ ਗੁਰਸਿਖੀ ਵਿਚ ਮਨ੍ਹਾ ਵੀ ਹੈ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ : 'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।' ਅਰਥਾਤ ਔਰਤ ਇਮਾਨ ਕੋਲ ਹੋਵੇ ਤਾਂ ਡਿੱਗਣ ਦਾ ਡਰ ਨਹੀਂ ਹੁੰਦਾ, ਮਨ ਰੱਜੇ ਹੋਏ ਪੁਰਸ਼ ਵਾਂਗੂੰ ਬੇਪਰਵਾਹ ਫਿਰਦਾ ਹੈ। ਪਰ ਜੇਕਰ ਇਸਤਰੀ ਨਾ ਹੋਵੇ ਤਾਂ ਭੁਖੇ ਪੁਰਸ਼ ਵਾਂਗੂੰ ਹਰ ਵੇਲੇ ਖਾਊਂ ਖਾਊਂ ਕਰਦਾ ਰਹਿੰਦਾ ਹੈ। ਇਸ ਲਈ ਜਗਯਾਸੂ ਲਈ ਸਭ ਤੋਂ ਪਹਿਲੀ ਗੱਲ ਇਹ ਹੈ ਕਿ ਗ੍ਰਹਿਸਤੀ ਹੋ ਕੇ ਨਿਜ ਨਾਰੀ ਦੇ ਪਿਆਰ ਵਿਚ ਹੀ ਪੂਰਨ ਹੋਵੇ।

੨—ਜਗਯਾਸੂ ਦਾ ਦੂਜਾ ਗੁਣ ਹੈ ਧੀਰਜ। ਧੀਰਜੀ ਹੋਣਾ ਬਹੁਤ ਜ਼ਰੂਰੀ ਹੈ। ਗ੍ਰਹਿਸਤ ਵਿਚ ਕਦੇ ਦੁਖ ਤੇ ਕਦੇ ਸੁਖ। ਦੁਖ ਨੂੰ ਵੇਖ ਕੇ ਘਬਰਾਨਾ ਨਹੀਂ, ਤੇ ਸੁਖ ਨੂੰ ਵੇਖ ਕੇ ਫੁਲਣਾ ਨਹੀਂ, ਇਹ ਹਨ ਧੀਰਜੀ ਦੇ ਲੱਛਣ। ਸਗੋਂ ਹਰ ਸਮੇਂ ਤੇ ਹਰ ਹਾਲਤ ਵਿਚ ਧੀਰਜੀ ਕਹਿੰਦਾ ਹੈ :—

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ*
*॥੨॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ*
*ਮਨਾਈ ॥੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ*

*ਅਗਨੀ ਆਪੁ ਜਲਾਈ ॥੪॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥ ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥੭॥ ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥੮॥ ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥੯॥*

*[ਸੂਹੀ ਮਹਲਾ ੪*

੩. ਬੁੱਧੀ ਦੀ ਅਹਿਰਣ—ਸੁਨਿਆਰੇ ਦੀ ਅਹਿਰਣ ਅਚੱਲ ਹੁੰਦੀ ਹੈ, ਉਸ ਉਤੇ ਹਥੌੜੇ ਵੱਜਦੇ ਹਨ, ਗਰਮ ਸਰਦ ਸੋਨਾ ਕੁਟਿਆ ਜਾਂਦਾ ਹੈ, ਪਰ ਉਹ ਕਿਸੇ ਨੂੰ ਚੰਗਾ ਮੰਦਾ ਨਹੀਂ ਸਮਝਦੀ। ਇਵੇਂ ਹੀ ਜਗਯਾਸੂ ਦੀ ਬੁਧ ਅਚੱਲ ਹੋਣੀ ਚਾਹੀਦੀ ਹੈ। ਉਸਤਤਿ ਨਿੰਦਾ ਹੋਵੇ ਤਾਂ ਖਿਆਲ ਨਾ ਕਰੇ ਸਗੋਂ :—

*ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥*

*[ਦੇਵਗੰਧਾਰੀ ਮ: ੪*

ਇਹ ਹੈ ਬੁਧੀ ਦਾ ਅਹਿਰਣ ਹੋਣਾ।

੪. ਗਿਆਨ ਦਾ ਹਥੌੜਾ—ਸੋਨਾ ਘੜਿਆ ਹੀ ਹਥੌੜੇ ਨਾਲ ਜਾਂਦਾ ਹੈ। ਜਗਯਾਸੂ ਨੇ ਮਨ ਨੂੰ ਘੜਨਾ ਹੈ। ਮਨ ਟੱਪਦਾ ਹੈ, ਦੌੜਦਾ ਹੈ। ਇਸ ਨੂੰ ਘੜਨ ਵਾਸਤੇ ਗਿਆਨ ਦਾ ਹਥੌੜਾ ਹੈ। ਜਦੋਂ ਮਨ ਕਿਸੇ ਪਾਸੇ ਜਾਣ ਲੱਗਾ ਤਾਂ ਝਟ ਗਿਆਨ ਦੀ ਸੱਟ ਮਾਰ ਕੇ ਕਿਹਾ :—

*ਘਰਿ ਰਹੁ ਰੇ ਮਨ ਮੁਗਧ ਇਆਨੇ ॥*

*[ਮਾਰੂ ਮਹਲਾ ੧*

੫. ਡਰ ਦੀ ਖੱਲ—'ਭੈ ਤਨਿ ਅਗਨਿ ਭਖੇ ਭੈ ਨਾਲਿ।' ਡਰ ਦੀ

ਫੂਕਨੀ ਜਾਂ ਧੌਂਕਨੀ। ਵਾਹਿਗੁਰੂ ਦਾ ਡਰ ਜਗਯਾਸੂ ਦੇ ਦਿਲ ਵਿਚ ਹੋਣਾ ਜ਼ਰੂਰੀ ਹੈ, ਕਿਉਂਕਿ ਡਰ ਵਾਲਾ ਮਨ ਕਦੇ ਵਿਕਾਰਾਂ ਵਿਚ ਪ੍ਰਵਿਰਤ ਨਹੀਂ ਹੁੰਦਾ।

੬. ਤਪ ਦੀ ਅੱਗ—ਤਪ ਦਾ ਅਰਥ ਹੈ, ਕਸ਼ਟ ਸਹਾਰਨਾ। ਗੁਰਸਿਖੀ ਵਿਚ 'ਤਪਨ ਤਪ ਗੁਰ ਗਿਆਨ'। ਗੁਰੂ ਦੇ ਗਿਆਨ ਦੀ ਪ੍ਰਾਪਤੀ ਦਾ ਸਾਧਨ ਤਪ ਕਰਨਾ ਹੈ। ਉਹ ਸਾਧਨ ਭਾਈ ਗੁਰਦਾਸ ਜੀ ਨੇ ਦਸਿਆ ਹੈ :— 'ਗੁਰਸਿਖੀ ਦਾ ਸਿਖਣਾ ਗੁਰਮੁਖ ਸਾਧ ਸੰਗਤ ਦੀ ਸੇਵਾ।' ਅਰਥਾਤ ਸੇਵਾ ਕਰਨੀ ਹੀ 'ਤਪਾ ਸਿਰ ਤਪ ਸਾਰ' ਹੈ। ਸੇਵਾ ਕਰਦਿਆਂ ਸੇਵਕ ਦਾ ਧਰਮ ਹੈ 'ਸੇਵਾ ਕਰਤ ਹੋਇ ਨਿਹਕਾਮੀ ॥' ਇਸ ਸੇਵਾ ਦਾ ਫਲ ਪ੍ਰਵਾਨ ਤਾਂ ਹੈ 'ਧੰਨੁ ਸੇਵਾ ਸੇਵਕੁ ਪਰਵਾਨੁ ॥"

੭. ਪ੍ਰੇਮ ਦਾ ਭਾਂਡਾ—ਭਗਤੀ ਵਿਚ ਦੋ ਅੰਗ ਮੁਖ ਹਨ। ਸੇਵਾ ਤੇ ਪ੍ਰੇਮ। ਸੇਵਾ ਪ੍ਰੇਮ ਦਾ ਰਾਹ ਦਸਦੀ ਹੈ। ਪ੍ਰੇਮ ਪ੍ਰੀਤਮ ਦੇ ਦਰ ਤੇ ਪੁਚਾ ਦੇਂਦਾ ਹੈ। 'ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥'

ਉਪਦੇਸ਼—ਪ੍ਰਮਾਰਥ ਦੇ ਖੋਜੀ ਤੇ ਵਾਹਿਗੁਰੂ ਦੀ ਸਿੱਕ ਵਾਲੇ ਪੁਰਸ਼ ਵਾਸਤੇ ਜਤ, ਧੀਰਜ, ਅਚੱਲ ਬੁੱਧੀ, ਗਿਆਨ, ਡਰ, ਨਿਸ਼ਕਾਮ ਸੇਵਾ ਅਤੇ ਪ੍ਰੇਮ ਦਾ ਹੋਣਾ ਜ਼ਰੂਰੀ ਹੈ।

**ਸਲੋਕੁ ॥ ੧. ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ੨. ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ੩. ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ੪. ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ੫. ਜਿਨੀ ਨਾਮੁ ਧਿਆਇਆ ਗਏ**

## ਮਸਕਤਿ ਘਾਲਿ ॥ ੬. ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

ਪਦ ਅਰਥ—ਦਿਵਸੁ=ਦਿਨ । ਮਹਤੁ=ਮਹਾਨ, ਵੱਡੀ । ਮਸਕਤਿ= ਮਿਹਨਤ, ਕਮਾਈ ।

ਅਰਥ—੧. ਇਸ ਸਾਰੇ ਜਗਤ ਦਾ ਗੁਰੂ ਪੌਣ ਹੈ, ਪਿਉ ਪਾਣੀ ਹੈ, ਵੱਡੀ ਧਰਤੀ ਮਾਂ ਹੈ । ੨. ਦਿਨ ਤੇ ਰਾਤ ਦੋਵੇਂ ਦਾਈ ਦਾਇਆ ਹਨ, ਇਨ੍ਹਾਂ ਦੀ ਗੋਦ ਵਿਚ ਸਾਰਾ ਜਗਤ ਖੇਡਦਾ ਹੈ । ੩. ਜੀਵਾਂ ਦੀਆਂ ਨੇਕੀਆਂ ਬਦੀਆਂ ਨਿਆਉਂ ਕਰਨ ਵਾਲੇ ਦੇ ਸਾਹਮਣੇ ਵਾਚੀਆਂ ਜਾਣਗੀਆਂ । ੪. ਆਪੋ ਆਪਣੇ ਕਰਮਾਂ ਅਨੁਸਾਰ ਕਈ ਕਰਤਾਰ ਜੀ ਦੇ ਕੋਲ ਜਾ ਬੈਠਣਗੇ ਤੇ ਕਈ ਦੂਰ ਸੁਟੇ ਜਾਣਗੇ । ੫. ਜਿਨ੍ਹਾਂ ਨੇ ਨਾਮ ਜਪਿਆ ਹੈ ਉਹ ਕਮਾਈ ਕਰਕੇ ਗਏ ਹਨ । ੬. ਸਤਿਗੁਰੂ ਜੀ ਆਖਦੇ ਹਨ, ਕਰਤਾਰ ਜੀ ਦੇ ਸਾਹਮਣੇ ਉਨ੍ਹਾਂ ਦੇ ਮੂੰਹ ਉਜਲੇ ਹਨ ਅਤੇ ਹੋਰ ਕਿੰਨੀ ਦੁਨੀਆਂ ਉਨ੍ਹਾਂ ਦੇ ਨਾਲ ਰਲ ਕੇ ਜਮਾਂ ਦੇ ਦੁਖ ਤੋਂ ਛੁਟ ਗਈ ਹੈ ॥੧॥

ਸਿਧਾਂਤ—ਗੁਰੂ ਜ਼ਿੰਦਗੀ ਬਖਸ਼ਦਾ ਹੈ । ਪੌਣ ਵੀ ਜ਼ਿੰਦਗੀ ਦਾਤਾ ਹੈ । ਸਵਾਸ ਇਕ ਮਿੰਟ ਨਾ ਆਵੇ ਤਾਂ ਜੀਵਨ ਦਾ ਅੰਤ ਹੈ । ਇਸ ਲਈ ਪੌਣ ਨੂੰ ਸਾਰੇ ਜਗਤ ਦਾ ਗੁਰੂ ਕਿਹਾ ਹੈ । ਪਾਣੀ ਸਭ ਦਾ ਪਿਉ ਹੈ । ਯਥਾ—

*'ਜਲ ਹੀ ਤੇ ਸਭ ਓਪਤਿ ਹੋਆ, ਪਾਣੀ ਪਿਤਾ ਸਭਸੁ ਕਾ ॥'*

[੧੪੧੯

ਦੁਨੀਆਂ ਦੇ ਸਾਰੇ ਪਦਾਰਥਾਂ ਦੀ ਪੈਦਾਇਸ਼ ਪਾਣੀ ਤੋਂ ਹੈ, ਇਸ ਲਈ ਪਾਣੀ ਸਭ ਦਾ ਪਿਉ ਹੈ । ਜਿਵੇਂ ਮਾਂ ਬੱਚੇ ਦਾ ਗੂੰਹ ਮੂਤ੍ਰ ਹੂੰਝਦੀ, ਮਾਰ-ਕੁਟ, ਗਾਲੀ ਗਲੋਚ ਸਹਾਰਦੀ ਅਤੇ ਵੇਲੇ ਸਿਰ ਬੱਚੇ ਦੇ ਖਾਣ ਦੇ ਫਿਕਰ ਨਾਲ ਖੁਰਾਕ ਦੇਂਦੀ ਹੈ । ਇਵੇਂ ਹੀ ਧਰਤੀ ਉਤੇ ਭਾਵੇਂ—'ਕੋਈ ਹਰਿ

ਮੰਦਰ ਕਰੈ ਕੋ ਕਰੈ ਅਰੂੜੀ।' ਪਰ ਧਰਤੀ ਕਿਸੇ ਨਾਲ ਰਾਗ ਦ੍ਵੈਖ ਨਹੀਂ ਕਰਦੀ ਅਤੇ ਮੌਸਮ ਨਾਲ ਜਗਤ ਦੇ ਖਾਣ ਪਹਿਨਣ ਦੀਆਂ ਵਸਤਾਂ ਨੂੰ ਪੈਦਾ ਕਰਕੇ 'ਦੇਇ ਨ ਪਛੋਤਾਵੈ', ਦੇਂਦੀ ਅਤੇ ਖੁਸ਼ ਹੁੰਦੀ ਹੈ, ਇਸ ਲਈ ਧਰਤੀ ਮਾਂ ਹੈ।

ਦਾਇਆ ਬੱਚੇ ਨੂੰ ਗੋਦੀ ਵਿਚ ਲੈ ਕੇ ਹਸਾਉਂਦਾ ਖਿਡਾਉਂਦਾ ਅਤੇ ਖੁਸ਼ ਕਰਨ ਦਾ ਯਤਨ ਕਰਦਾ ਹੈ, ਇਹ ਕੰਮ ਦਿਨ ਵਿਚ ਹੁੰਦੇ ਹਨ, ਇਸ ਲਈ ਦਿਨ ਦਾਇਆ ਹੈ।

ਦਾਈ ਬੱਚੇ ਨੂੰ ਬੜੇ ਪਿਆਰ ਨਾਲ ਸੁਆਉਂਦੀ ਤੇ ਆਰਾਮ ਦੇਣ ਦੀ ਕੋਸ਼ਿਸ਼ ਕਰਦੀ ਹੈ। ਇਹ ਵਿਹਾਰ ਰਾਤ ਵਿਚ ਸੁਤੇ ਸਿਧ ਹੁੰਦੇ ਹਨ। ਇਸ ਲਈ ਰਾਤ ਸਾਰੇ ਜਗਤ ਦੀ ਦਾਈ ਹੈ। ਇਉਂ ਸਾਰਾ ਜਗਤ ਖੇਡਾਂ ਵਿਚ ਮਸਤ ਹੈ। ਪਰ ਵਿਚਾਰ ਤਾਂ ਇਹ ਹੈ ਕਿ ਜੋ ਨੇਕੀ ਜਾਂ ਬਦੀ ਕੀਤੀ ਜਾਂਦੀ ਜਾਂ ਕੀਤੀ ਗਈ ਹੈ, ਉਸ ਦਾ ਫਲ ਜ਼ਰੂਰ ਪਾਉਣਾ ਹੈ। 'ਖਰੇ ਖਜਾਨੈ ਪਾਈਐ ਖੋਟੇ ਸੁਟੀਅਨਿ ਬਾਹਰਿ ਵਾਰ।' ਨੇਕ ਅਮਲਾਂ ਵਾਲਿਆਂ ਨੂੰ ਦਰਗਾਹ ਵਿਚ ਢੋਈ ਮਿਲੇਗੀ ਅਤੇ ਬੁਰੇ ਕੰਮ ਕਰਨ ਵਾਲਿਆਂ ਨੂੰ ਧੱਕਾ। ਯਥਾ—'ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥' ਕਿਉਂਕਿ—

*ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖ ਸਹੈ ਪਰਾਣੀਆ॥*

*[ਮਾਰੂ ਮਹਲਾ ੫*

ਜਦ ਇਸ ਸਿਧਾਂਤ ਦਾ ਪਤਾ ਲਗਾ ਜਾਏ ਤਾਂ ਦਰਗਾਹ ਵਿਚ ਮਾਨ ਪਾਉਣ ਦਾ ਖਿਆਲ ਫੁਰਦਾ ਹੈ। ਮਾਨ ਪ੍ਰਾਪਤੀ ਦਾ ਸਾਧਨ ਅੰਤਲੀ ਤੁਕ ਵਿਚ ਜ਼ਾਹਰ ਕੀਤਾ ਹੈ ਕਿ 'ਜਿਨ੍ਹਾਂ ਨਾਮ ਜਪਿਆ ਹੈ ਉਹ ਆਪਣੇ ਸੰਗੀਆਂ ਸਣੇ ਮੁਕਤ ਹੋ ਗਏ ਹਨ।'

ਉਪਦੇਸ਼—ਨਾਮ ਜਪੋ, ਨਿਸ਼ਕਾਮ ਸੇਵਾ ਕਰੋ, ਤਦ ਦਰਗਾਹ ਵਿਚ ਇਜ਼ਤ ਪਾਓਗੇ।

# ਜਾਪੁ ਸਾਹਿਬ

ੴ ਸਤਿਗੁਰ ਪ੍ਰਸਾਦਿ ॥

ਵਾਹਿਗੁਰੂ ਇਕ ਹੈ, ਉਸ ਦਾ ਨਾਮ ਸੱਚਾ ਹੈ, ਓਹੀ ਸਭ ਤੋਂ ਵੱਡਾ ਅਤੇ ਕ੍ਰਿਪਾਲੂ ਹੈ ।

## ਜਾਪੁ ॥

ਇਸ ਬਾਣੀ ਦਾ ਨਾਮ ਹੈ । ਜਾਪੁ ਦਾ ਅਰਥ ਹੈ ਸਿਮਰਨ ਕਰਨਾ, ਜਿਨ੍ਹਾਂ ਸ਼ਬਦਾਂ ਜਾਂ ਨਾਮਾਂ ਦਾ ਸਿਮਰਨ ਕੀਤਾ ਜਾਏ, ਉਨ੍ਹਾਂ ਦਾ ਨਾਮ ਹੈ 'ਜਾਪੁ' । ਇਸ ਬਾਣੀ ਵਿਚ ਕਰਤਾਰ ਦੇ ਨਾਮਾਂ ਦਾ ਹੀ ਵਰਨਣ ਹੈ, ਇਸ ਲਈ ਇਸ ਦਾ ਨਾਮ ਹੀ 'ਜਾਪੁ' ਹੈ ।

ਪਹਿਲੇ ਵਸਤੂ ਨਿਰਦੇਸ਼ ਮੰਗਲ ਕਰਕੇ ਅਗੇ ਜਾਪੁ ਬਾਣੀ ਦਾ ਉਚਾਰਨ ਕਰਦੇ ਹਨ ।

ਸ੍ਰੀ ਮੁਖਵਾਕ ਪਾਤਿਸਾਹੀ ੧੦ ॥

ਦਸਵੇਂ ਪਾਤਸ਼ਾਹ ਜੀ ਦੇ ਪਵਿਤ੍ਰ ਮੁਖਾਰਬਿੰਦ ਤੋਂ ਉਚਾਰੇ ਹੋਏ ਇਹ ਬਚਨ ਹਨ ।

ਛਪੈ ਛੰਦ॥ ਤ੍ਵ ਪ੍ਰਸਾਦਿ ॥

ਛੇ ਤੁਕਾਂ ਦਾ ਛੰਦ ਹੋਣ ਕਰਕੇ ਇਸ ਦਾ ਨਾਮ ਹੈ 'ਛਪੈ' ।

ਕਈ ਪੁਰਸ਼ਾਂ ਦੀ ਜ਼ਬਾਨ ਤੇ ਕੋਈ ਨ ਕੋਈ ਸ਼ਬਦ ਚੜ੍ਹ ਜਾਂਦਾ ਹੈ, ਜਿਸ ਨੂੰ 'ਤਕੀਆ ਕਲਾਮ' ਕਿਹਾ ਜਾਂਦਾ ਹੈ । ਜਿਸ ਦਾ ਜੋ ਤਕੀਆ ਕਲਾਮ ਹੋਵੇ ਉਹ ਹਰ ਸਮੇਂ ਉਸ ਨੂੰ ਵਰਤਦਾ ਰਹਿੰਦਾ ਹੈ, ਇਵੇਂ ਹੀ ਦਸਮੇਸ਼ ਪਿਤਾ ਜੀ ਦੀ ਰਸਨਾ ਤੇ ਸਦਾ ਇਹ 'ਤ੍ਵ ਪ੍ਰਸਾਦਿ' ਸ਼ਬਦ ਰਹਿੰਦਾ

ਸੀ । ਇਸ ਦਾ ਅਰਥ ਹੈ 'ਤੇਰੀ ਕ੍ਰਿਪਾ' । ਅਰਥਾਤ ਸਤਿਗੁਰੂ ਜੀ ਹਰ ਸਮੇਂ ਤੇ ਹਰ ਹਾਲਤ ਵਿਚ ਵਾਹਿਗੁਰੂ ਦੀ ਮਿਹਰ ਹੀ ਮੰਨਦੇ ਅਤੇ ਮਿਹਰ ਹੀ ਮੰਗਦੇ ਸਨ ।

**੧. ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ੨. ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥ ੩. ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥ ੪. ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥ ੫. ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥ ੬. ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥**

ਪਦ ਅਰਥ—ਚਕ੍ਰ ਚਿਹਰ=ਚਕ੍ਰ ਆਦਿਕ ਚਿੰਨ, ਅਰਥਾਤ ਸੰਖ ਚਕ੍ਰ ਆਦਿਕ ਨਿਸ਼ਾਨੀ । ਬਰਨ=ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਇਹ ੪ ਵਰਨ । ਜਾਤਿ=ਹਰੇਕ ਵਰਨ ਵਿਚ ਕਈ ਜਾਤਾਂ ਹਨ, ਜਿਹਾ ਕਿ ਬ੍ਰਾਹਮਣ ਵਰਨ ਵਿਚ ਕਾਨ, ਕੁਬਜ ਤੇ ਗੌੜ ਆਦਿ । ਇਵੇਂ ਹੀ ਸਾਰੇ ਵਰਨਾਂ ਵਿਚ ਹਨ । ਰੰਗ=ਕਾਲਾ, ਪੀਲਾ, ਲਾਲ ਆਦਿਕ । ਰੇਖ=ਹਥਾਂ ਪੈਰਾਂ ਵਿਚਲੀਆਂ ਲੀਕਾਂ ਨੂੰ ਰੇਖਾ ਕਿਹਾ ਜਾਂਦਾ ਹੈ, ਜੋਤਸ਼ ਮਤ ਅਨੁਸਾਰ ਅਵਤਾਰੀ ਪੁਰਸ਼ਾਂ ਦੀਆਂ ਰੇਖਾਂ ਵੀ ਆਮ ਪੁਰਸ਼ਾਂ ਦੀਆਂ ਰੇਖਾਂ ਨਾਲੋਂ ਵਖਰੀਆਂ ਹੁੰਦੀਆਂ ਹਨ । ਅਨਭਉ ਪ੍ਰਕਾਸ=ਆਪਣੇ ਆਪ ਪ੍ਰਕਾਸ਼ ।

ਅਮਿਤੋਜਿ=[ਅਮਿਤ+ਓਜ] ਅਥਾਹ ਬਲ, ਅਮਿਣਤ ਜ਼ੋਰ। ਤ੍ਰਿਭਵਣ= ਤਿੰਨੇ ਲੋਕ, ਹਿੰਦੂ ਫਲੌਸਫੀ ਮੁਤਾਬਕ ਸਾਰੀ ਸ੍ਰਿਸ਼ਟੀ, ਜੋ ਸਵਰਗ, ਮਾਤ ਤੇ ਪਤਾਲ ਦੇ ਨਾਮ ਨਾਲ ਪੁਕਾਰੀ ਜਾਂਦੀ ਹੈ। ਮਹੀਪ=ਰਾਜਾ। ਪਾਤਿ= ਬਰਾਦਰੀ, ਭਾਈ ਚਾਰਾ। ਨਰ=ਮਨੁਖ। ਅਸੁਰ=ਦੈਂਤ।

ਅਰਥ—੧. ਜਿਸ ਦਾ ਚਿਹਨ ਚੱਕ੍ਰ ਤੇ ਵਰਨ ਜਾਤ ਅਤੇ ਬਰਾਦਰੀ ਵੀ ਨਹੀਂ ਹੈ। ੨. ਜਿਸ ਦੇ ਰੂਪ ਰੰਗ ਅਤੇ ਰੇਖ ਭੇਖ ਨੂੰ ਵੀ ਕੋਈ ਨਹੀਂ ਕਹਿ ਸਕਦਾ ਜੋ ਕੇਹੋ ਜੇਹਾ ਹੈ। ੩. ਜੋ ਅਚਲ ਸਰੂਪ ਹੈ, ਅਪਨੇ ਆਪ ਪ੍ਰਕਾਸ਼ਵਾਨ ਅਤੇ ਅਮਿਤ ਬਲ ਵਾਲਾ ਕਿਹਾ ਜਾਂਦਾ ਹੈ। ੪. ਕ੍ਰੋੜਾਂ ਇੰਦ੍ਰਾਂ ਦਾ ਇੰਦ੍ਰ, ਪਾਤਸ਼ਾਹਾਂ ਦਾ ਪਾਤਸ਼ਾਹ ਤੂੰ ਹੀ ਗਿਣਿਆ ਜਾਂਦਾ ਹੈਂ। ੫. ਤਿੰਨਾਂ ਲੋਕਾਂ ਦਾ ਰਾਜਾ ਹੈਂ ਦੇਵਤੇ, ਮਨੁਖ, ਦੈਂਤ ਅਤੇ ਜੰਗਲ ਦੇ ਕੱਖ ਵੀ ਤੈਨੂੰ ਇਹ ਨਹੀਂ, ਇਹ ਨਹੀਂ ਅਰਥਾਤ ਬੇਅੰਤ ਬੇਅੰਤ ਕਹਿੰਦੇ ਹਨ। ੬. ਤੇਰੇ ਸਾਰੇ ਨਾਮਾਂ ਨੂੰ ਕੌਣ ਕਹਿ ਸਕਦਾ ਹੈ ? ਅਰਥਾਤ ਕੋਈ ਨਹੀਂ ਆਖ ਸਕਦਾ, ਕੋਈ ਬੁਧਿਵਾਨ ਹੀ ਤੇਰੇ ਕਰਮਾਂ ਤੋਂ ਬਣੇ ਹੋਏ ਨਾਮਾਂ ਨੂੰ ਵਰਨਣ ਕਰ ਸਕਦਾ ਹੈ ॥੧॥

ਸਿਧਾਂਤ—ਇਸ ਛੰਦ ਵਿਚ ਵਾਹਿਗੁਰੂ ਨੂੰ ਹਾਜਰ ਜਾਣ ਕੇ ਉਸ ਦੇ ਗੁਣ ਵਰਨਣ ਕਰਕੇ ਵਸਤੂ ਨਿਰਦੇਸ਼ ਮੰਗਲ ਕੀਤਾ ਹੈ, ਅਤੇ ਅੰਤ ਵਿਚ ਇਹ ਦਸਿਆ ਹੈ ਜੋ ਵਾਹਿਗੁਰੂ ਦਾ ਅੰਤ ਨਹੀਂ ਆ ਸਕਦਾ, ਸਾਰੇ ਉਸੇ ਦੇ ਗੁਣ ਗਾਉਂਦੇ ਹਨ। ਕ੍ਰਿਪਾਲੂ, ਦਿਆਲੂ, ਰਹੀਮ, ਕਰੀਮ ਕਾਦਰ ਆਦਿਕ ਸਾਰੇ ਉਸ ਦੇ ਗੁਣਕ ਨਾਮ ਹਨ, ਪਰ ਇਨ੍ਹਾਂ ਨਾਮਾਂ ਦੀ ਸਮਝ ਅਤੇ ਇਨ੍ਹਾਂ ਦਾ 'ਵਰਨਣ ਕਰਨਾ' ਅਰਥਾਤ 'ਸਿਮਰਨ' ਜਾਂ 'ਜਾਪ' ਵੀ ਹੋਰ ਕੋਈ ਨਹੀਂ ਕਰ ਸਕਦਾ। ਸਗੋਂ ਕੋਈ ਵਿਰਲਾ ਹੀ ਕਰਦਾ ਹੈ, ਜਿਸ ਨੂੰ ਕਰਤਾਰ ਨੇ 'ਸਿਮਰਨ' ਦੀ ਬੁਧ ਬਖਸ਼ੀ ਹੈ।

ਭੁਯੰਗ ਪ੍ਰਯਾਤ ਛੰਦ ॥
ਛੰਦ ਦਾ ਨਾਮ ਹੈ ।

## ੧. ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
## ੨. ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥
## ੩. ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥
## ੪. ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥

ਪਦ ਅਰਥ—ਅਕਾਲ=[ਅ+ਕਾਲ-ਮੌਤ] ਨ ਮਰਨ ਵਾਲਾ । ਨਮਸਤ੍ਵੰ=ਨਮਸਕਾਰ, ਮੱਥਾ ਟੇਕਣਾ । ਅਰੂਪੇ=[ਅ+ਰੂਪ] ਰੂਪ ਰਹਿਤ । ਅਕਾਏ=[ਅ+ਕਾਏ-ਸਰੀਰ] ਸਰੀਰ ਰਹਿਤ । ਅਜਾਏ=[ਅ+ਜਾਏ] ਜਨਮ ਰਹਿਤ ।

ਅਰਥ—੧. ਨਾ ਮਰਨ ਵਾਲੇ ਨੂੰ ਨਮਸਕਾਰ ਹੈ । ਕ੍ਰਿਪਾ ਦੇ ਘਰ ਨੂੰ ਨਮਸਕਾਰ ਹੈ । ੨. ਰੂਪ ਰਹਿਤ ਨੂੰ ਨਮਸਕਾਰ ਹੈ । ਉਪਮਾ ਰਹਿਤ ਨੂੰ ਨਮਸਕਾਰ ਹੈ ॥੨॥ ੩. ਭੇਖ ਰਹਿਤ ਨੂੰ ਨਮਸਕਾਰ ਹੈ । ਲੇਖੇ ਵਿਚ ਨ ਆਉਣ ਵਾਲੇ ਨੂੰ ਨਮਸਕਾਰ ਹੈ । ੪. ਸਰੀਰ ਰਹਿਤ ਨੂੰ ਨਮਸਕਾਰ ਹੈ । ਜਨਮ ਰਹਿਤ ਨੂੰ ਨਮਸਕਾਰ ਹੈ ॥੩॥

## ੫. ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
## ੬. ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥
## ੭. ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥
## ੮. ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥੫॥

ਪਦ ਅਰਥ—ਅਗੰਜੇ=[ਅ+ਗੰਜ] ਨਾਸ ਰਹਿਤ । ਅਭੰਜੇ=ਟੁਟਣ

ਤੋਂ ਰਹਿਤ । ਅਧਰਮੰ=[ਅ+ਧਰਮ-ਡਿਊਟੀ, ਫਰਜ਼] ਕੁਦਰਤੀ ਕਾਨੂੰਨ ਰਹਿਤ ।

ਅਰਥ—੫. ਨਾਸ ਨਾ ਹੋਣ ਵਾਲੇ ਨੂੰ ਨਮਸਕਾਰ ਹੈ, ਨਾ ਟੁੱਟਣ ਵਾਲੇ ਨੂੰ ਨਮਸਕਾਰ ਹੈ । ੬. ਨਾਮ ਰਹਿਤ ਨੂੰ ਨਮਸਕਾਰ ਹੈ । ਮੁਕਾਮ ਰਹਿਤ ਨੂੰ ਨਮਸਕਾਰ ਹੈ ॥੩॥ ੭. ਕਰਮਾਂ ਦੀ ਫਾਹੀ ਤੋਂ ਰਹਿਤ ਨੂੰ ਨਮਸਕਾਰ ਹੈ, ਦੁਨੀਆਂ ਦੇ ਫ਼ਰਜ਼ਾਂ ਤੋਂ ਰਹਿਤ ਨੂੰ ਨਮਸਕਾਰ ਹੈ । ੮. ਨਾਮ ਤੋਂ ਰਹਿਤ ਨੂੰ ਨਮਸਕਾਰ ਹੈ, ਘਰ ਤੋਂ ਰਹਿਤ ਨੂੰ ਨਮਸਕਾਰ ਹੈ ॥੪॥

**੯. ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥**
**੧੦. ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥੬॥**
**੧੧. ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥**
**੧੨. ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥੭॥**

ਪਦ ਅਰਥ—ਅਬਾਹੇ=ਨ ਚਲਾਇਮਾਨ ਹੋਣ ਵਾਲਾ ।

ਅਰਥ—੯. ਨਾ ਜਿੱਤੇ ਜਾਣ ਵਾਲੇ ਨੂੰ ਨਮਸਕਾਰ ਹੈ । ਨਾ ਡਰਨ ਵਾਲੇ ਨੂੰ ਨਮਸਕਾਰ ਹੈ । ੧੦. ਚਲਾਇਮਾਨ ਨਾ ਹੋਣ ਵਾਲੇ ਨੂੰ ਨਮਸਕਾਰ ਹੈ । ਨਾ ਢਹਿਣ ਵਾਲੇ ਨੂੰ ਨਮਸਕਾਰ ਹੈ ॥੬॥ ੧੧. ਕਲੰਕ ਤੋਂ ਰਹਿਤ ਨੂੰ ਨਮਸਕਾਰ ਹੈ । ਮੁੱਢ ਤੋਂ ਰਹਿਤ ਨੂੰ ਨਮਸਕਾਰ ਹੈ । ੧੨. ਨਾ ਕੱਟੇ ਜਾਣ ਵਾਲੇ ਨੂੰ ਨਮਸਕਾਰ ਹੈ । ਅਥਾਹ ਸਰੂਪ ਨੂੰ ਨਮਸਕਾਰ ਹੈ ॥੭॥

**੧੩. ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**
**੧੪. ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੮॥**
**੧੫. ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥**
**੧੬. ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੯॥**

ਪਦ ਅਰਥ—ਉਦਾਰ=ਖੁਲ੍ਹੇ ਦਿਲ ਵਾਲਾ ਸੁਖੀ। ਅਭੂਤੇ=[ਅ+ਭੂਤ-ਤਤ] ਤੱਤਾਂ ਤੋਂ ਰਹਿਤ। ਅਜੂਪੇ=[ਜੂਪ-ਦੁਖ] ਦੁਖ ਤੋਂ ਰਹਿਤ।

ਅਰਥ—੧੩. ਨਾ ਨਾਸ ਹੋਣ ਵਾਲੇ ਨੂੰ ਨਮਸਕਾਰ ਹੈ, ਨਾ ਟੁਟਣ ਵਾਲੇ ਨੂੰ ਨਮਸਕਾਰ ਹੈ। ੧੪. ਸਖੀ ਦਾਤੇ ਨੂੰ ਨਮਸਕਾਰ ਹੈ, ਹੱਦ ਤੋਂ ਪਰ੍ਹੇ ਨੂੰ ਨਮਸਕਾਰ ਹੈ ॥੮॥ ੧੫. ਉਸ ਇਕ ਨੂੰ ਨਮਸਕਾਰ ਹੈ, ਜੋ ਅਨੇਕਾਂ ਰੂਪਾਂ ਵਿਚ ਹੈ, ਉਸ ਨੂੰ ਨਮਸਕਾਰ ਹੈ। ੧੬. ਤੱਤਾਂ ਤੋਂ ਰਹਿਤ ਨੂੰ ਨਮਸਕਾਰ ਹੈ, ਦੁਖਾਂ ਤੋਂ ਰਹਿਤ ਨੂੰ ਨਮਸਕਾਰ ਹੈ ॥੯॥

**੧੭. ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥ ੧੮. ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥੧੦॥ ੧੯. ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥ ੨੦. ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥੧੧॥**

ਪਦ ਅਰਥ—ਨ੍ਰਿਕਾਮੇ=[ਕਾਮੇ-ਕਾਮਨਾ] ਕਾਮਨਾ ਰਹਿਤ। ਨ੍ਰਿਧਾਤੇ=[ਧਾਤ-ਪ੍ਰਕ੍ਰਿਤੀ] ਪ੍ਰਕ੍ਰਿਤੀ ਰਹਿਤ।

ਅਰਥ—੧੭. ਕਰਮਾਂ ਤੋਂ ਰਹਿਤ ਨੂੰ ਨਮਸਕਾਰ ਹੈ। ਭਰਮਾਂ ਤੋਂ ਰਹਿਤ ਨੂੰ ਨਮਸਕਾਰ ਹੈ। ੧੮. ਦੇਸ ਤੋਂ ਰਹਿਤ ਨੂੰ ਨਮਸਕਾਰ ਹੈ। ਭੇਸ ਤੋਂ ਰਹਿਤ ਨੂੰ ਨਮਸਕਾਰ ਹੈ ॥੧੦॥ ੧੯. ਨਾਮ ਤੋਂ ਰਹਿਤ ਨੂੰ ਨਮਸਕਾਰ ਹੈ, ਕਾਮਨਾ ਤੋਂ ਰਹਿਤ ਨੂੰ ਨਮਸਕਾਰ ਹੈ। ੨੦. ਪ੍ਰਕ੍ਰਿਤੀ ਤੋਂ ਰਹਿਤ ਨੂੰ ਨਮਸਕਾਰ ਹੈ। ਨਾਸ ਤੋਂ ਰਹਿਤ ਨੂੰ ਨਮਸਕਾਰ ਹੈ ॥੧੧॥

**੨੧. ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥ ੨੨. ਨਮਸਤੰ ਅਲੋਕੇ ॥ ਨਮਸਤੰ ਅਸੋਕੇ**

**॥੧੨॥ ੨੩. ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥ ੨੪. ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥੧੩॥**

ਪਦ ਅਰਥ—ਨ੍ਰਿਧੂਤੇ=[ਧੂਤ=ਕੰਬਣਾ] ਨਾ ਕੰਬਣ ਵਾਲਾ । ਅਭੂਤੇ=ਭੂਤ-ਜੀਵ-ਪਣੇ ਤੋਂ ਰਹਿਤ । ਅਲੋਕ=[ਲੋਕ-ਜਗ੍ਹਾ] ਦੇਵ ਲੋਕ, ਮਾਤ ਲੋਕ, ਪਤਾਲ ਲੋਕ ਇਹ ਤਿੰਨ ਲੋਕ ਹਨ । ਇਨ੍ਹਾਂ ਨੂੰ ਹੀ ਫਿਰ ਚੌਦਾਂ ਦੀ ਵੰਡ ਵਿਚ ਕਰ ਕੇ ਚੌਦਾਂ ਲੋਕ ਮੰਨੇ ਜਾਂਦੇ ਹਨ, ਪਰ ਵਾਹਿਗੁਰੂ ਦੀ ਕੋਈ ਖਾਸ ਜਗ੍ਹਾ ਨਹੀਂ ਹੈ, ਉਹ ਸਭ ਜਗ੍ਹਾ ਵਿਚ ਪੂਰਨ ਹੈ, ਇਸ ਲਈ ਗੁਰੂ ਜੀ ਨੇ ਉਸ ਦਾ ਨਾਮ ਅਲੋਕ ਕਿਹਾ ਹੈ । ਨ੍ਰਿਤਾਪੇ=[ਤਾਪ-ਦੁਖ] ਅਧਿਆਤਕ, ਅਧਿਭੌਤਿਕ ਤੇ ਅਧਿਦੈਨਕ, ਇਹ ਤਿੰਨ ਤਰ੍ਹਾਂ ਦੇ ਦੁਖ ਤਾਪ ਕਹਾਉਂਦੇ ਹਨ । ਤ੍ਰਿਮਾਨ=[ਤ੍ਰਿ+ਮਾਨ] ਤਿੰਨਾਂ ਕਰਕੇ ਮੰਨੇ ਗਏ, ਪੁਰਾਣਕ ਮਤ ਅਨੁਸਾਰ ਜਗਤ ਦੀ ਖੇਡ ਤਿੰਨਾਂ ਦੇਵਤਿਆਂ ਦੇ ਹੱਥ ਵਿਚ ਹੈ, ਪਰ ਗੁਰਮਤਿ ਵਿਚ ਉਹ ਤਿੰਨੇ ਦੇਵਤੇ ਵੀ ਨਿਰੰਕਾਰ ਦੇ ਬਣਾਏ ਕਹੇ ਜਾਂਦੇ ਹਨ ਅਤੇ ਉਸ ਦੇ ਹੁਕਮ ਵਿਚ ਤੁਰਦੇ ਹਨ ਇਸ ਲਈ ਉਹ ਤਿੰਨਾਂ ਕਰ ਕੇ ਮੰਨਿਆ ਗਿਆ ਕਹਾ ਸਕਦਾ ਹੈ, [ਵਿਚਾਰ ਲਈ 'ਏਕਾ ਮਾਈ' ਪਉੜੀ ਦਾ ਸਿਧਾਂਤ ਦੇਖੋ] । ਨਿਧਾਨੇ=[ਨਿਧ+ਆਨ] ਨਿਧੀਆਂ ਦਾ ਘਰ ।

ਅਰਥ—੨੧. ਨਾ ਕੰਬਣ ਵਾਲੇ ਨੂੰ ਨਮਸਕਾਰ ਹੈ । ਜੀਵ ਸੰਗਿਆ ਤੋਂ ਰਹਿਤ ਨੂੰ ਨਮਸਕਾਰ ਹੈ । ੨੨. ਲੋਕਾਂ ਤੋਂ ਰਹਿਤ ਨੂੰ ਨਮਸਕਾਰ ਹੈ, ਸ਼ੋਕ ਤੋਂ ਰਹਿਤ ਨੂੰ ਨਮਸਕਾਰ ਹੈ ॥੧੨॥ ੨੩. ਤਾਪਾਂ ਤੋਂ ਰਹਿਤ ਨੂੰ ਨਮਸਕਾਰ ਹੈ, ਨਾ ਥਾਪੇ ਜਾਣ ਵਾਲੇ ਨੂੰ ਨਮਸਕਾਰ ਹੈ । ੨੪. ਤਿੰਨਾਂ ਕਰਕੇ ਮੰਨੇ ਹੋਏ ਨੂੰ ਨਮਸਕਾਰ ਹੈ, ਨਿਧੀਆਂ ਦੇ ਘਰ ਨੂੰ ਨਮਸਕਾਰ ਹੈ ॥੧੩॥

**੨੫. ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥ ੨੬. ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥੧੪॥ ੨੭. ਨਮਸਤੰ ਪ੍ਰਭੋਗੇ ॥ ਨਮਸਤੰ ਸੁ ਜੋਗੇ ॥ ੨੮. ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥੧੫॥**

ਪਦ ਅਰਥ—ਅਬਾਹੇ=[ਬਾਹ-ਚੰਚਲਤਾ] ਅਚਲ । ਤ੍ਰਿਬਰਗੇ=[ਤ੍ਰਿ-ਤਿੰਨ+ਵਰਗ] ਤਿੰਨ ਗੁਣਾਂ ਵਾਲਾ । ਪ੍ਰਭੋਗੇ=[ਪ੍ਰ+ਭੋਗਜ] ਖਾਸ ਪਦਾਰਥ, ਰਸਦਾਇਕ ਵਸਤੂ ਦਾ ਨਾਮ ਹੈ 'ਭੋਗ' ਵਾਹਿਗੁਰੂ ਦਾ ਰਸ ਦੁਨੀਆਂ ਦੇ ਰਸਾਂ ਤੋਂ ਨਿਰਾਲਾ ਹੈ, ਇਸ ਕਰਕੇ ਉਸ ਦਾ ਨਾਮ ਹੀ ਪ੍ਰਭੋਗ ਕਿਹਾ ਹੈ । ਅਸਰਗੇ=[ਸਰਗ-ਉਤਪਤੀ] ਉਤਪਤੀ ਤੋਂ ਰਹਿਤ ।

ਅਰਥ—੨੫. ਵਿਚਾਰ ਵਿਚ ਨ ਆਉਣ ਵਾਲੇ ਨੂੰ ਨਮਸਕਾਰ ਹੈ। ਅਚੱਲ ਰੂਪ ਨੂੰ ਨਮਸਕਾਰ ਹੈ । ੨੬. ਤਿੰਨਾਂ ਗੁਣਾਂ ਦੇ ਆਸਰੇ ਰੂਪ ਨੂੰ ਨਮਸਕਾਰ ਹੈ, ਉਤਪਤੀ ਰਹਿਤ ਨੂੰ ਨਮਸਕਾਰ ਹੈ ॥੧੪॥ ੨੭. ਅਜੀਬ ਪਦਾਰਥ ਰੂਪ ਨੂੰ ਨਮਸਕਾਰ ਹੈ, ਸਾਰਿਆਂ ਨਾਲ ਜੁੜੇ ਹੋਏ ਨੂੰ ਨਮਸਕਾਰ ਹੈ । ੨੮. ਰੰਗਾਂ ਤੋਂ ਰਹਿਤ ਨੂੰ ਨਮਸਕਾਰ ਹੈ, ਨਾ ਟੁਟਣ ਵਾਲੇ ਨੂੰ ਨਮਸਕਾਰ ਹੈ ॥੧੫॥

**੨੯. ਨਮਸਤੰ ਅਗੰਮੇ ॥ ਨਮਸਤਸਤੁ ਰੰਮੇ ॥ ੩੦. ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ ॥੧੬॥ ੩੧. ਨਮਸਤੰ ਅਜਾਤੇ ॥ ਨਮਸਤੰ ਅਪਾਤੇ ॥ ੩੨. ਨਮਸਤੰ ਅਮਜਬੇ ॥**

**ਨਮਸਤਸਤੁ ਅਜਬੇ ॥੧੭॥**

ਪਦ ਅਰਥ—ਅਗੰਮ=ਜਿਥੇ ਸਾਡੇ ਮਨ ਬਾਣੀ ਤੇ ਸਰੀਰ ਦੀ ਪਹੁੰਚ ਨਾ ਹੋ ਸਕੇ । ਰੰਮੇ=ਸੁੰਦਰ । ਜਲਾਸਰੇ=[ਜਲ+ਆਸਰੇ] ਜਲ ਦਾ ਸਹਾਰਾ । ਪਾਤ=ਕੌਮ, ਫਿਰਕਾ । ਨਮਸਤਸਤੁ=[ਨਮਸਤ+ਅਸਤ] ਨਮਸਕਾਰ ਹੈ । ਅਜਬੇ=ਅਚਰਜ ।

ਅਰਥ—੨੯. ਸਾਡੀ ਪਹੁੰਚ ਤੋਂ ਪਰੇ ਨੂੰ ਨਮਸਕਾਰ ਹੈ, ਸੁੰਦਰ ਸਰੂਪ ਨੂੰ ਨਮਸਕਾਰ ਹੈ । ੩੦. ਜਲਾਂ ਦੇ ਆਸਰੇ ਰੂਪ ਨੂੰ ਨਮਸਕਾਰ ਹੈ, ਆਸਰੇ ਤੋਂ ਰਹਿਤ ਨੂੰ ਨਮਸਕਾਰ ਹੈ ॥੧੬॥ ੩੧. ਜਾਤ ਤੋਂ ਰਹਿਤ ਨੂੰ ਨਮਸਕਾਰ ਹੈ, ਕੌਮ ਤੋਂ ਰਹਿਤ ਨੂੰ ਨਮਸਕਾਰ ਹੈ । ੩੨. ਮਜਬ ਤੋਂ ਰਹਿਤ ਨੂੰ ਨਮਸਕਾਰ ਹੈ, ਅਚਰਜ ਰੂਪ ਨੂੰ ਨਮਸਕਾਰ ਹੈ ॥੧੭॥

**੩੩. ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥ ੩੪. ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥੧੮॥ ੩੫. ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥ ੩੬. ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੯॥**

ਪਦ ਅਰਥ—ਅਦੇਸੰ=ਦੇਸ ਤੋਂ ਰਹਿਤ । ਧਾਮ=ਘਰ । ਬਾਮ= ਔਰਤ, ਇਸਤਰੀ । ਭੂਪ=ਰਾਜਾ ।

ਅਰਥ—੩੩. ਦੇਸ ਤੋਂ ਰਹਿਤ ਨੂੰ ਨਮਸਕਾਰ ਹੈ, ਭੇਖ ਤੋਂ ਰਹਿਤ ਨੂੰ ਨਮਸਕਾਰ ਹੈ । ੩੪. ਘਰ ਤੋਂ ਰਹਿਤ ਨੂੰ ਨਮਸਕਾਰ ਹੈ, ਇਸਤਰੀ ਤੋਂ ਰਹਿਤ ਨੂੰ ਨਮਸਕਾਰ ਹੈ ॥੧੮॥ ੩੫. ਸਾਰਿਆਂ ਦੀ ਮੌਤ ਨੂੰ ਨਮਸਕਾਰ ਹੈ, ਸਾਰਿਆਂ ਉਤੇ ਦਇਆ ਕਰਨ ਵਾਲੇ ਨੂੰ ਨਮਸਕਾਰ ਹੈ ।

੩੬. ਸਾਰਿਆਂ ਰੂਪਾਂ ਵਾਲੇ ਨੂੰ ਨਮਸਕਾਰ ਹੈ, ਸਾਰਿਆਂ ਦੇ ਰਾਜੇ ਨੂੰ ਨਮਸਕਾਰ ਹੈ ॥੧੯॥

**੩੭. ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥ ੩੮. ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੨੦॥ ੩੯. ਨਮਸਤਸਤੁ ਦੇਵੈ ॥ ਨਮਸਤੰ ਅਭੇਵੈ ॥ ੪੦. ਨਮਸਤੰ ਅਜਨਮੇ ॥ ਨਮਸਤੰ ਸੁ ਬਨਮੇ ॥੨੧॥**

ਪਦ ਅਰਥ—ਦੇਵੈ=ਦਿਵ੍ਯ, ਪ੍ਰਕਾਸ਼ । ਅਜਨਮ=ਜਨਮ ਰਹਿਤ ।

ਅਰਥ—੩੭. ਸਾਰਿਆਂ ਨੂੰ ਖਪਾਨ ਵਾਲੇ ਨੂੰ ਨਮਸਕਾਰ ਹੈ, ਸਾਰਿਆਂ ਨੂੰ ਟਿਕਾਨ ਵਾਲੇ ਨੂੰ ਨਮਸਕਾਰ ਹੈ । ੩੮. ਸਾਰਿਆਂ ਦੇ ਕਾਲ ਨੂੰ ਨਮਸਕਾਰ ਹੈ, ਸਾਰਿਆਂ ਦੇ ਪਾਲਕ ਨੂੰ ਨਮਸਕਾਰ ਹੈ ॥੨੦॥ ੩੯. ਪ੍ਰਕਾਸ਼ਕ ਨੂੰ ਨਮਸਕਾਰ ਹੈ । ਭੇਦ ਰਹਿਤ ਨੂੰ ਨਮਸਕਾਰ ਹੈ । ੪੦. ਜਨਮ ਰਹਿਤ ਨੂੰ ਨਮਸਕਾਰ ਹੈ, ਹੱਛੇ ਬਨੇ ਹੋਏ ਨੂੰ ਨਮਸਕਾਰ ਹੈ ॥੨੧॥

**੪੧. ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥ ੪੨. ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥੨੨॥ ਨਮੋ ਕਾਲ ਕਾਲੇ ॥ ਨਮਸਤਸਤੁ ਦਿਆਲੇ ॥ ੪੪. ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥੨੩॥**

ਪਦ ਅਰਥ—ਗਉਨੇ=[ਗਮਨ+ਜਾਣਾ] ਜਾਣ ਵਾਲੇ । ਭਉਨੇ= ਭੌਣਾ, ਫਿਰਨਾ । ਕਾਲ ਕਾਲੇ=ਮੌਤ ਸਾਰਿਆਂ ਨੂੰ ਮਾਰਦੀ ਹੈ ਪਰ ਕਰਤਾਰ

ਦਾ ਸਿਮਰਨ ਮੌਤ ਨੂੰ ਮਾਰ ਕੇ ਜੀਵਨ ਪਦਵੀ ਬਖਸ਼ਦਾ ਹੈ, ਇਸ ਲਈ ਕਰਤਾਰ ਨੂੰ ਕਾਲ ਦਾ ਵੀ ਕਾਲ ਕਿਹਾ ਹੈ 'ਜੀਵਨ ਪਦਵੀ ਹਰਿ ਕਾ ਨਾਉ ॥' ਅਬਰਨੇ=ਨ ਵਰਨਣ ਕੀਤੇ ਜਾਣ ਵਾਲਾ 'ਬਰਨ ਨ ਸਾਕਉ ਗੁਣ ਅੰਗਾ ॥'

ਅਰਥ—੪੧. ਸਾਰਿਆਂ ਵਿਚ ਗਮਨ ਕਰਨ ਵਾਲੇ ਨੂੰ ਨਮਸਕਾਰ ਹੈ, ਸਭਨਾਂ ਜਗ੍ਹਾ ਵਿਚ ਫਿਰਨ ਵਾਲੇ ਨੂੰ ਨਮਸਕਾਰ ਹੈ । ੪੨. ਸਾਰੇ ਰੰਗਾਂ ਨੂੰ ਨਮਸਕਾਰ ਹੈ, ਸਾਰਿਆਂ ਨੂੰ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ ॥੨੨॥ ੪੩. ਕਾਲ ਦੇ ਕਾਲ ਨੂੰ ਨਮਸਕਾਰ ਹੈ, ਦਿਆਲੂ ਨੂੰ ਨਮਸਕਾਰ ਹੈ । ੪੪. ਨਾ ਵਰਨਣ ਕੀਤੇ ਜਾਣ ਵਾਲੇ ਨੂੰ ਨਮਸਕਾਰ ਹੈ, ਨਾ ਮਰਨ ਵਾਲੇ ਨੂੰ ਨਮਸਕਾਰ ਹੈ ॥੨੩॥

**੪੫. ਨਮਸਤੰ ਜਰਾਰੰ ॥ ਨਮਸਤੰ ਕ੍ਰਿਤਾਰੰ ॥ ੪੬. ਨਮੋ ਸਰਬ ਧੰਧੇ ॥ ਨਮੋ ਸਤ ਅਬੰਧੇ ॥੨੪॥ ੪੭. ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥ ੪੮. ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥੨੫॥**

ਪਦ ਅਰਥ—ਜਰਾਰੰ=ਬਲ ਵਾਲਾ ॥ ਕ੍ਰਿਤਾਰੰ=ਕਰਨ ਵਾਲਾ । ਧੰਧੇ= ਕੰਮ 'ਜਿਨ ਜਗਤ ਉਪਾਇਆ ਧੰਧੇ ਲਾਇਆ ਤਿਸੈ ਵਿਟਹੁ ਕੁਰਬਾਨ ਜੀਉ ।' ਨ੍ਰਿਬਾਕੇ=ਬੇ ਖੌਫ । ਰਹੀਮੇ=ਦਯਾ ਕਰਨ ਵਾਲਾ । ਕਰੀਮੇ=ਬਖਸ਼ਸ਼ ਕਰਨ ਵਾਲਾ ।

ਅਰਥ—੪੫. ਬਲਵਾਨ ਨੂੰ ਨਮਸਕਾਰ ਹੈ । ਕਰਤਾਰ ਨੂੰ ਨਮਸਕਾਰ ਹੈ । ੪੬. ਸਾਰਿਆਂ ਨੂੰ ਕੰਮ ਵਚ ਲਾਉਣ ਵਾਲੇ ਨੂੰ ਨਮਸਕਾਰ ਹੈ, ਸੱਚੇ ਤੇ ਬੰਧਨਾਂ ਤੋਂ ਰਹਿਤ ਨੂੰ ਨਮਸਕਾਰ ਹੈ ॥੨੪॥ ੪੭. ਸਾਕਾਂ ਤੋਂ ਰਹਿਤ

ਨੂੰ ਨਮਸਕਾਰ ਹੈ, ਬੇਖੌਫ ਨੂੰ ਨਮਸਕਾਰ ਹੈ। ੪੮. ਦਿਆਲੂ ਨੂੰ ਨਮਸਕਾਰ ਹੈ, ਬਖਸ਼ਿੰਦ ਨੂੰ ਨਮਸਕਾਰ ਹੈ ॥੨੫॥

**੪੯. ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥ ੫੦. ਨਮਸਤਸਤੁ ਰਾਗੇ ॥ ਨਮਸਤੰ ਸੁਹਾਗੇ ॥੨੬॥ ੫੧. ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥ ੫੨. ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੭॥**

ਪਦ ਅਰਥ—ਮਹੰਤ=ਇਜ਼ਤ ਵਾਲਾ। ਰਾਗੇ=ਪ੍ਰੇਮ ਸਰੂਪ।

ਅਰਥ—੪੯. ਅਨੰਤ ਨੂੰ ਨਮਸਕਾਰ ਹੈ, ਮਹੰਤ ਨੂੰ ਨਮਸਕਾਰ ਹੈ। ੫੦. ਪ੍ਰੇਮ ਸਰੂਪ ਨੂੰ ਨਮਸਕਾਰ ਹੈ। 'ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ।' ਸੁਹਾਗ ਨੂੰ ਨਮਸਕਾਰ ਹੈ। 'ਏਕਾ ਪੁਰਖ ਸਬਾਈ ਨਾਰਿ॥' ਅਰਥਾਤ ਪ੍ਰੇਮ ਪਦ ਵਿਚ ਵਾਹਿਗੁਰੂ ਜਗਤਜਾਸੂ ਦਾ ਪਤੀ ਹੈ। ਇਸ ਲਈ ਉਸ ਦਾ ਨਾਮ ਹੀ ਸੁਹਾਗ ਕਿਹਾ ਹੈ। ੫੧. ਸਾਰਿਆਂ ਨੂੰ ਸੁਕਾਉਣ ਵਾਲੇ ਨੂੰ ਨਮਸਕਾਰ ਹੈ। ਸਭ ਦੀ ਪਾਲਣਾ ਕਰਨ ਵਾਲੇ ਨੂੰ ਨਮਸਕਾਰ ਹੈ। ਸਾਰਿਆਂ ਦੇ ਮਾਰਨ ਵਾਲੇ ਨੂੰ ਨਮਸਕਾਰ ਹੈ ॥੨੭॥

**੫੩. ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥ ੫੪. ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥੨੮॥**

ਅਰਥ—੫੩. ਜੋਗੀਆਂ ਦੇ ਜੋਗੀ ਨੂੰ ਨਮਸਕਾਰ ਹੈ। ਭੋਗੀਆਂ ਦੇ ਭੋਗੀ ਨੂੰ ਨਮਸਕਾਰ ਹੈ। 'ਜੋਗੀ ਅੰਦਰਿ ਜੋਗੀਆ ਤੂੰ ਭੋਗੀ ਅੰਦਰਿ

ਭੋਗੀਆ, ਤੇਰਾ ਅੰਤੁ ਨ ਪਾਇਆ ਸੁਰਗ ਮਛ ਪਇਆਲ ਜੀਉ ॥'

੫੪. ਸਭਨਾਂ ਤੇ ਦਿਆਲੂ ਨੂੰ ਨਮਸਕਾਰ ਹੈ, ਸਾਰਿਆਂ ਦੇ ਪਾਲਕ ਨੂੰ ਨਮਸਕਾਰ ਹੈ ॥੨੮॥

ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥
ਛੰਦ ਦਾ ਨਾਮ ਹੈ, ਤੇਰੀ ਕ੍ਰਿਪਾ

**੧ ਅਰੂਪ ਹੈਂ ॥ ਅਨੂਪ ਹੈਂ ॥ ੨. ਅਜੂ ਹੈਂ ॥ ਅਭੂ ਹੈਂ ॥੨੯॥ ੩. ਅਲੇਖ ਹੈਂ ॥ ਅਭੇਖ ਹੈਂ ॥ ੪. ਅਨਾਮ ਹੈਂ ॥ ਅਕਾਮ ਹੈਂ ॥੩੦॥**

ਅਰਥ—੧. ਰੂਪ ਤੋਂ ਬਿਨਾਂ ਹੈਂ, ਉਪਮਾ ਤੋਂ ਰਹਿਤ ਹੈਂ । ੨. ਅਚੱਲ ਹੈਂ, ਜਨਮ ਤੋਂ ਰਹਿਤ ਹੈਂ ॥੨੯॥ ੩. ਲੇਖੇ ਤੋਂ ਰਹਿਤ ਹੈਂ, ਭੇਖ ਤੋਂ ਰਹਿਤ ਹੈਂ । ੪. ਨਾਮ ਤੋਂ ਰਹਿਤ ਹੈਂ, ਕਾਮਨਾ ਤੋਂ ਰਹਿਤ ਹੈਂ ॥੩੦॥

**੫. ਅਧੇ ਹੈਂ ॥ ਅਭੇ ਹੈਂ ॥ ੬. ਅਜੀਤ ਹੈਂ ॥ ਅਭੀਤ ਹੈਂ ॥੩੧॥ ਤ੍ਰਿਮਾਨ ਹੈਂ ॥ ਨਿਧਾਨ ਹੈਂ ॥ ੮. ਤ੍ਰਿਬਰਗ ਹੈਂ ॥ ਅਸਰਗ ਹੈਂ ॥੩੨॥**

ਪੰਦ ਅਰਥ—ਅਧੇ=[ਅ+ਧੇਯ] ਜਿਸ ਦਾ ਧਿਆਨ ਧਰਿਆ ਜਾਏ, ਉਹ ਵਸਤੂ ਧੇਯ ਕਹੀ ਜਾਂਦੀ ਹੈ ਵਾਹਿਗੁਰੂ ਕਿਸੇ ਦਾ ਧਿਆਨ ਨਹੀਂ ਧਰਦਾ, ਇਸ ਲਈ ਉਸ ਦਾ ਨਾਮ ਅਧੇਯ ਕਿਹਾ ਹੈ । ੨—ਅਧੇ=[ਧੇ-ਪਾਲਣਾ] ਜੋ ਪਾਲਣਾ ਤੋਂ ਰਹਿਤ ਹੋਵੇ ਉਸ ਨੂੰ ਅਧੇਯ ਕਿਹਾ ਜਾ ਸਕਦਾ ਹੈ । ਤ੍ਰਿਮਾਨ=ਤਿੰਨਾਂ ਕਾਲਾਂ—ਭੂਤ, ਭਵਿੱਖਤ ਅਤੇ ਵਰਤਮਾਨ ਵਿਚ ਮੰਨੇ ਜਾਣ ਵਾਲਾ ।

ਅਰਥ—੫: ਧੋਯ ਤੋਂ ਬਿਨਾਂ ਹੈਂ, ਭੇਦ ਤੋਂ ਰਹਿਤ ਹੈਂ। ੬. ਜਿਤਿਆ ਨਹੀਂ ਜਾਂਦਾ ਹੈਂ, ਡਰ ਤੋਂ ਰਹਿਤ ਹੈਂ ॥੩੧॥ ੭. ਤਿੰਨਾਂ ਸਮਿਆਂ ਵਿਚ ਮੰਨਿਆ ਗਿਆ ਹੈਂ, ਨਿਧੀਆਂ ਦਾ ਘਰ ਹੈਂ। ੮. ਤਿੰਨਾਂ ਗੁਣਾਂ ਦਾ ਆਸਰਾ ਹੈਂ, ਉਤਪਤੀ ਤੋਂ ਰਹਿਤ ਹੈਂ ॥੩੨॥

**੯. ਅਨੀਲ ਹੈਂ ॥ ਅਨਾਦਿ ਹੈਂ ॥ ੧੦. ਅਜੇ ਹੈਂ ॥ ਅਜਾਦਿ ਹੈਂ ॥੩੩॥ ੧੧. ਅਜਨਮ ਹੈਂ ॥ ਅਬਰਨ ਹੈਂ ॥ ੧੨. ਅਭੂਤ ਹੈਂ ॥ ਅਭਰਨ ਹੈਂ ॥੩੪॥**

ਪਦ ਅਰਥ—ਅਭਰਨ=ਆਭਰਨ, ਗਹਿਣਾ।

ਅਰਥ—੯. ਗਿਣਤੀ ਤੋਂ ਰਹਿਤ ਹੈਂ, ਮੁਢ ਤੋਂ ਰਹਿਤ ਹੈਂ। ੧੦. ਅਜਿਤ ਹੈਂ, ਸੁਤੰਤਰ ਹੈਂ, ਅਰਥਾਤ ਕਿਸੇ ਦੇ ਅਧੀਨ ਨਹੀਂ ਹੈਂ ॥੩੩॥ ੧੧. ਜਨਮ ਤੋਂ ਰਹਿਤ ਹੈਂ, ਵਰਨਾਂ ਤੋਂ ਬਾਹਰ ਹੈਂ। ੧੨. ਤੱਤਾਂ ਤੋਂ ਰਹਿਤ ਹੈਂ, ਗਹਿਣਾ ਰੂਪ ਹੈਂ ॥੩੪॥

**੧੩. ਅਗੰਜ ਹੈਂ ॥ ਅਭੰਜ ਹੈਂ ॥ ੧੪. ਅਝੂਝ ਹੈਂ ॥ ਅਝੰਝ ਹੈਂ ॥੩੫॥ ੧੫. ਅਮੀਕ ਹੈਂ ॥ ਰਫ਼ੀਕ ਹੈਂ ॥ ੧੬. ਅਧੰਧ ਹੈਂ ॥ ਅਬੰਧ ਹੈਂ ॥੩੬॥**

ਪਦ ਅਰਥ—ਝੂਝ=ਲੜਨਾ। ਝੰਝ=ਝਗੜਾ। ਅਮੀਕ=ਅਥਾਹ, ਡੂੰਘਾ। ਰਫੀਕ=ਦੋਸਤ।

ਅਰਥ—੧੩. ਨਾਸ ਤੋਂ ਰਹਿਤ ਹੈਂ, ਟੁਟਦਾ ਨਹੀਂ ਹੈਂ। ੧੪. ਲੜਦਾ

ਨਹੀਂ ਹੈਂ, ਝਗੜਦਾ ਨਹੀਂ ਹੈਂ ॥੩੫॥ ੧੫. ਮਹਾਨ ਡੂੰਘਾ ਹੈਂ, ਦੋਸਤ ਹੈਂ। ੧੬. ਧੰਧੇ ਤੋਂ ਰਹਿਤ ਹੈਂ, ਬੰਧਨ ਤੋਂ ਰਹਿਤ ਹੈਂ ॥੩੬॥

**੧੭. ਨ੍ਰਿਬੂਝ ਹੈਂ ॥ ਅਸੂਝ ਹੈਂ ॥ ੧੮. ਅਕਾਲ ਹੈਂ ॥ ਅਜਾਲ ਹੈਂ ॥੩੭॥ ੧੯. ਅਲਾਹ ਹੈਂ ॥ ਅਜਾਹ ਹੈਂ ॥ ੨੦. ਅਨੰਤ ਹੈਂ ॥ ਮਹੰਤ ਹੈਂ ॥੩੮॥**

ਅਰਥ—੧੭. ਸਾਡੀ ਸਮਝ ਤੋਂ ਪਰੇ ਹੈਂ, ਸਾਡੀ ਸੋਝੀ ਤੋਂ ਰਹਿਤ ਹੈਂ। ੧੮. ਮੌਤ ਤੋਂ ਰਹਿਤ ਹੈਂ, ਮਾਇਆ ਦੀ ਫਾਹੀ ਤੋਂ ਰਹਿਤ ਹੈਂ ॥੩੭॥ ੧੯. ਸਭ ਦਾ ਰੱਬ ਹੈਂ, ਪ੍ਰਤਾਪਵਾਨ ਹੈਂ ॥ ੨੦. ਬੇਅੰਤ ਹੈਂ, ਸਭ ਤੋਂ ਵੱਡਾ ਹੈਂ ॥੩੮॥

**੨੧. ਅਲੀਕ ਹੈਂ ॥ ਨ੍ਰਿਸ੍ਰੀਕ ਹੈਂ ॥ ੨੨. ਨ੍ਰਿਲੰਭ ਹੈਂ ॥ ਅਸੰਭ ਹੈਂ ॥੩੯॥ ੨੩. ਅਗੰਮ ਹੈਂ ॥ ਅਜੰਮ ਹੈਂ ॥ ੨੪. ਅਭੂਤ ਹੈਂ ॥ ਅਛੂਤ ਹੈਂ ॥੪੦॥**

ਪਦ ਅਰਥ—ਅਲੀਕ=ਪਿਆਰਾ। ਅਲੰਭ=ਆਸਰਾ।

ਅਰਥ—੨੧. ਪਿਆਰਾ ਹੈਂ, ਸ਼ਰੀਕ ਤੋਂ ਬਿਨਾਂ ਹੈਂ। ੨੨. ਆਸਰੇ ਤੋਂ ਰਹਿਤ ਹੈਂ, ਆਪਣੇ ਆਪ ਤੋਂ ਹੋਇਆ ਹੈਂ ॥੩੯॥ ੨੩. ਸਾਡੀ ਪਹੁੰਚ ਤੋਂ ਪਰੇ ਹੈਂ, ਜਨਮ ਤੋਂ ਰਹਿਤ ਹੈਂ। ੨੪. ਬੀਤ ਚੁਕਾ ਨਹੀਂ, ਛੂਤ ਵਾਲਾ ਵੀ ਨਹੀਂ ॥੪੦॥

**੨੫. ਅਲੋਕ ਹੈਂ ॥ ਅਸੋਕ ਹੈਂ ॥ ੨੬. ਅਕਰਮ**

**ਹੈਂ ॥ ਅਭਰਮ ਹੈਂ ॥੪੧॥ ੨੭. ਅਜੀਤ ਹੈਂ ॥ ਅਭੀਤ ਹੈਂ ॥ ੨੮. ਅਬਾਹ ਹੈਂ ॥ ਅਗਾਹ ਹੈਂ ॥੪੨॥**

ਪਦ ਅਰਥ—ਅਲੋਕ=ਅਲੌਕਿਕ, ਅਚਰਜ ।

ਅਰਥ—੨੫. ਅਚਰਜ ਹੈਂ, ਸ਼ੋਕ ਤੋਂ ਰਹਿਤ ਹੈਂ । ੨੬. ਕਰਮਾਂ ਤੋਂ ਰਹਿਤ ਹੈਂ, ਭਰਮਾਂ ਤੋਂ ਰਹਿਤ ਹੈਂ ॥੪੧॥ ੨੭. ਜਿਤਿਆ ਨਹੀਂ ਜਾਂਦਾ ਹੈਂ, ਡਰਦਾ ਭੀ ਨਹੀਂ ਹੈਂ ॥ ੨੮. ਪਕੜਿਆ ਨਹੀਂ ਜਾਂਦਾ ਹੈ, ਬਹੁਤ ਡੂੰਘਾ ਹੈਂ ॥੪੨॥

**੨੯. ਅਮਾਨ ਹੈਂ ॥ ਨਿਧਾਨ ਹੈਂ ॥ ੩੦. ਅਨੇਕ ਹੈਂ ॥ ਫਿਰਿ ਏਕ ਹੈਂ ॥੪੩॥**

ਪਦ ਅਰਥ—ਮਾਨ=ਮਾਪ, ਗਿਣਤੀ । ਨਿਧਾਨ=ਖਜ਼ਾਨਾ ।

ਅਰਥ—੨੯. ਮਿਣਤੀ ਤੋਂ ਰਹਿਤ ਹੈਂ, ਖਜ਼ਾਨਾ ਹੈਂ । ੩੦. ਅਨੇਕਾਂ ਵਿਚ ਵਰਤ ਰਿਹਾ ਹੈਂ, ਫਿਰ ਇਕ ਦਾ ਇਕ ਹੈਂ ॥੪੩॥

ਭੁਯੰਗ ਪ੍ਰਯਾਤ ਛੰਦ ॥

**੧. ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥
੨. ਨਮੋ ਦੇਵ ਦੇਵੇ ॥ ਅਭੇਖੀ ਅਭੇਵੇ ॥੪੪॥
੩. ਨਮੋ ਕਾਲੇ ਕਾਲੇ ॥ ਨਮੋ ਸਰਬ ਪਾਲੇ ॥
੪. ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੪੫॥**

ਅਰਥ—੧. ਸਾਰਿਆਂ ਕਰਕੇ ਮੰਨੇ ਗਏ ਨੂੰ ਨਮਸਕਾਰ ਹੈ, ਸਭ ਸੁਖਾਂ ਦੇ ਖਜ਼ਾਨੇ ਨੂੰ ਨਮਸਕਾਰ ਹੈ। ੨. ਜੋ ਦੇਵਤਿਆਂ ਦਾ ਦੇਵਤਾ, ਭੇਖ ਤੋਂ ਰਹਿਤ ਤੇ ਭੇਦ ਤੋਂ ਰਹਿਤ ਹੈ, ਉਸ ਨੂੰ ਨਮਸਕਾਰ ਹੈ ॥੪੪॥ ੩. ਕਾਲ ਦੇ ਕਾਲ ਨੂੰ ਨਮਸਕਾਰ ਹੈ, ਸਭਨਾਂ ਦੀ ਪਾਲਣਾ ਕਰਨ ਵਾਲੇ ਨੂੰ ਨਮਸਕਾਰ ਹੈ। ੪. ਸਾਰਿਆਂ ਵਿਚ ਗਮਨ ਕਰਨ ਵਾਲੇ ਨੂੰ ਨਮਸਕਾਰ ਹੈ, ਸਾਰਿਆਂ ਵਿਚ ਘਰ ਬਣਾ ਕੇ ਬੈਠੇ ਹੋਏ ਨੂੰ ਨਮਸਕਾਰ ਹੈ ॥੪੫॥

**੫. ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥ ੬. ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥੪੬॥ ੭. ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥ ੮. ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪੭॥**

ਪਦ ਅਰਥ—ਅਨੰਗੀ=ਅੰਗਾਂ ਤੋਂ ਰਹਿਤ। ਪ੍ਰਮਾਥੇ=ਸਭ ਦਾ ਸਿਰਤਾਜ।

ਅਰਥ—੫. ਤੂੰ ਸਰੀਰ ਤੋਂ ਰਹਿਤ ਅਤੇ ਮਾਲਕ ਤੋਂ ਰਹਿਤ ਹੈਂ, ਅਰਥਾਤ ਤੇਰੇ ਉਪਰ ਕੋਈ ਹੁਕਮ ਕਰਨ ਵਾਲਾ ਮਾਲਕ ਨਹੀਂ ਹੈ। ਸਾਥੀ ਤੋਂ ਬਿਨਾਂ ਅਤੇ ਸਭ ਦਾ ਸਿਰਤਾਜ ਹੈ। ੬. ਗਿਆਨ ਦੇ ਗਿਆਨ ਨੂੰ ਨਮਸਕਾਰ ਹੈ, ਮਾਨ ਦੇ ਮਾਨ ਨੂੰ ਨਮਸਕਾਰ ਹੈ ॥੪੬॥ ੭. ਚੰਦ੍ਰਮਾ ਦੇ ਚੰਦ੍ਰਮਾ ਨੂੰ ਨਮਸਕਾਰ ਹੈ, ਸੂਰਜ ਦੇ ਸੂਰਜ ਨੂੰ ਨਮਸਕਾਰ ਹੈ। ਗੀਤਾਂ ਦੇ ਗੀਤ ਨੂੰ ਨਮਸਕਾਰ ਹੈ, ਤਾਨਾਂ ਦੀ ਤਾਨ ਨੂੰ ਨਮਸਕਾਰ ਹੈ ॥੪੭॥

ਸਿਧਾਂਤ—ਸੂਰਜ ਲੋਕਾਂ ਨੂੰ ਚਾਨਣ ਦੇਂਦਾ ਹੈ, ਪਰ ਉਸ ਵਿਚ ਚਾਨਣ ਦਾਤਾ ਨਿਰੰਕਾਰ ਹੈ 'ਤਿਸ ਕੈ ਚਾਨਣ ਸਭ ਮਹਿ ਚਾਨਣੁ ਹੋਇ'। ਇਸ ਕਰਕੇ ਨਿਰੰਕਾਰ ਜੀ ਨੂੰ 'ਭਾਨ ਦੇ ਭਾਨ' ਨਾਮ ਨਾਲ ਯਾਦ ਕੀਤਾ ਹੈ। ਇਵੇਂ ਹੀ ਚੰਦਰਮਾ ਲੋਕਾਂ ਨੂੰ ਠੰਡ ਦੇਂਦਾ ਹੈ ਪਰ ਇਸ ਠੰਡਕ ਦਾ ਦਾਤਾ

ਕਰਤਾਰ ਹੈ । ਚੰਦ੍ਰਮਾ ਨੇ ਕਰਤਾਰ ਤੋਂ ਠੰਡਕ ਲਈ ਹੈ । ਇਸੇ ਕਰਕੇ ਉਸ ਦਾ ਨਾਮ ਚੰਦ੍ਰਮਾ ਦਾ ਚੰਦ੍ਰਮਾ ਕਿਹਾ ਹੈ 'ਗੀਤ-ਤਾਨ' ਜਗਤ ਨੂੰ ਅਨੰਦ ਦੇਣ ਵਾਲੇ ਹਨ, ਪਰ ਉਹ ਅਨੰਦ ਜੋ ਉਨ੍ਹਾਂ ਵਿਚੋਂ ਜਗਤ ਨੂੰ ਪ੍ਰਾਪਤ ਹੁੰਦਾ ਹੈ, ਉਨ੍ਹਾਂ ਨੂੰ ਕਰਤਾਰ ਦੀ ਮਿਹਰ ਤੋਂ ਪ੍ਰਾਪਤ ਹੋਇਆ ਹੈ। ਇਸ ਲਈ ਨਿਰੰਕਾਰ ਜੀ ਨੂੰ ਗੀਤ ਦੇ ਗੀਤ ਤੇ ਤਾਨਾਂ ਦੇ ਤਾਨ ਨਾਮ ਨਾਲ ਅਰਾਧਿਆ ਹੈ ।

**੯. ਨਮੋ ਨ੍ਰਿੱਤ ਨ੍ਰਿੱਤੇ ॥ ਨਮੋ ਨਾਦ ਨਾਦੇ ॥ ੧੦. ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥੪੮॥ ੧੧. ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥ ੧੨. ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥੪੯॥**

ਪਦ ਅਰਥ—ਬਿਭੂਤ=ਐਸ਼ਵਰਜ, ਸਭ ਤਰ੍ਹਾਂ ਦੇ ਪਦਾਰਥ ।

ਅਰਥ—੯. ਨਾਚ ਦੇ ਨਾਚ ਨੂੰ ਨਮਸਕਾਰ ਹੈ, ਸ਼ਬਦ ਦੇ ਸ਼ਬਦ ਨੂੰ ਨਮਸਕਾਰ ਹੈ । ੧੦. ਹੱਥਾਂ ਦੇ ਹੱਥ ਅਰਥਾਤ ਸਰਬ ਸ਼ਕਤੀ ਮਾਨ ਨੂੰ ਨਮਸਕਾਰ ਹੈ, ਚਰਚਾ ਦੀ ਚਰਚਾ ਨੂੰ ਨਮਸਕਾਰ ਹੈ ॥੪੮॥ ੧੧. ਸਰੀਰ ਤੋਂ ਰਹਿਤ ਹੈ, ਨਾਮ ਤੋਂ ਰਹਿਤ ਹੈ, ਸਾਰੇ ਸਰੂਪਾਂ ਵਾਲਾ ਹੈ । ੧੨. ਨਾਸ ਤੋਂ ਰਹਿਤ ਹੈ, ਪੀੜਾਂ ਤੋਂ ਰਹਿਤ ਹੈ, ਸਭ ਤਰ੍ਹਾਂ ਦੇ ਪਦਾਰਥਾਂ ਵਾਲਾ ਹੈ ॥੪੯॥

**੧੩. ਕਲੰਕੰ ਬਿਨਾ ਨੇਕਲੰਕੀ ਸਰੂਪੇ ॥ ੧੪. ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ ॥੫੦॥ ੧੫. ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ ॥**

**੧੬. ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ ॥੫੧॥**

ਅਰਥ—੧੩. ਕਲੰਕ ਤੋਂ ਬਿਨਾਂ ਨਿਹ ਕਲੰਕੀ ਸਰੂਪ ਹੈ। ੧੪. ਰਾਜਿਆਂ ਦੇ ਵਡੇ ਰਾਜੇ ਸੁੰਦਰ ਸਰੂਪ ਨੂੰ ਨਮਸਕਾਰ ਹੈ ॥੫੦॥ ੧੫. ਜੋਗੀਆਂ ਦੇ ਜੋਗੀ, ਪੂਰਨ ਸਿਧ ਨੂੰ ਨਮਸਕਾਰ ਹੈ। ੧੬. ਰਾਜਿਆਂ ਦੇ ਰਾਜੇ, ਸਭ ਤੋਂ ਵੱਡੇ ਨੂੰ ਨਮਸਕਾਰ ਹੈ ॥੫੧॥

**੧੭. ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥ ੧੮. ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥ ੧੯. ਅਭੇਖੀ ਅਭਰਮੀ ਅਭੋਗੀ ਅਭੁਗਤੇ ॥ ੨੦. ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ ॥੫੩॥**

ਪਦ ਅਰਥ—ਅਸਤ੍ਰ=ਉਹ ਹਥਿਆਰ ਜੋ ਦੂਰੋਂ ਹੀ ਮਾਰਿਆ ਜਾਏ, ਅਰਥਾਤ ਗੋਲੀ, ਤੀਰ, ਚਕ੍ਰ ਆਦਿਕ। ਪਾਣ=ਹੱਥ। ਗਜਾਤਾ=ਗਿਆਨੀ। ਲੋਕ=ਜਗਤ। ਭੋਗੀ=ਭੋਗਣ ਵਾਲਾ। ਭੁਗਤੇ=ਭੋਗੇ ਜਾਣ ਵਾਲਾ ਪਦਾਰਥ। ਜੁਗਤ=ਜੁੜਿਆ ਹੋਇਆ। ਮਾਣੇ=ਚਲਾਉਣ ਵਾਲਾ।

ਅਰਥ—੧੭. ਹੱਥ ਵਿਚ ਸ਼ਸਤ੍ਰ ਰੱਖਣ ਵਾਲੇ ਨੂੰ ਨਮਸਕਾਰ ਹੈ, ਅਸਤ੍ਰ ਚਲਾਣ ਵਾਲੇ ਨੂੰ ਨਮਸਕਾਰ ਹੈ। ੧੮. ਵੱਡੇ ਗਿਆਨੀ ਨੂੰ ਨਮਸਕਾਰ ਹੈ, ਜਗਤ ਦੇ ਮਾਤਾ ਪਿਤਾ ਨੂੰ ਨਮਸਕਾਰ ਹੈ ॥੫੨॥ ੧੯. ਭੇਖਾਂ ਤੋਂ ਰਹਿਤ ਤੇ ਭਰਮਾਂ ਤੋਂ ਰਹਿਤ ਹੈ, ਭੋਗਾਂ ਤੋਂ ਰਹਿਤ ਤੇ ਭੁਗਤਾ ਵੀ ਨਹੀਂ ਹੈ। ੨੦. ਜੋਗੀਆਂ ਦੇ ਵੱਡੇ ਜੋਗੀ ਤੇ ਵੱਡੀ ਜੁਗਤ ਵਾਲੇ ਨੂੰ ਨਮਸਕਾਰ ਹੈ ॥੫੩॥

**੨੧. ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ ॥**

**੨੨. ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥੫੪॥**
**੨੩. ਨਮੋ ਰੋਗ ਹਰਤਾ ਨਮੋ ਰਾਗ ਰੂਪੇ ॥**
**੨੪. ਨਮੋ ਸਾਹ ਸਾਹੰ ਨਮੋ ਭੂਪ ਭੂਪੇ ॥੫੫॥**

ਪਦ ਅਰਥ—ਕ੍ਰੂਰ ਕਰਮੇ=ਡਰਾਉਣੇ ਕੰਮਾਂ ਵਾਲਾ, ਜਿਸ ਦਾ ਤੇਜ ਬਹੁਤ ਹੋਵੇ ਉਹ ਵੀ ਡਰਾਉਣਾ ਹੁੰਦਾ ਹੈ, ਜਿਵੇਂ ਬਿਜਲੀ, ਇਵੇਂ ਕਰਤਾਰ ਦੇ ਕੰਮ ਪੂਰਨ ਤੇਜ ਵਾਲੇ ਹਨ । ਪ੍ਰੇਤ=ਮਲੀਨ । ਅਪ੍ਰੇਤ=ਸੁਧ । ਦੇਵੈ= ਦੇਵਤਾ ।

ਅਰਥ—੨੧. ਸਦਾ ਰਹਿਣ ਵਾਲੇ ਨਰਾਇਣ ਤੇ ਡਰਾਉਣੇ ਕੰਮਾਂ ਵਾਲੇ ਨੂੰ ਨਮਸਕਾਰ ਹੈ । ੨੨. ਮਲੀਨ, ਪਵਿਤਰ ਦੇਵਤੇ ਅਤੇ ਧਰਮ ਵਾਲੇ ਨੂੰ ਨਮਸਕਾਰ ਹੈ, ਅਰਥਾਤ ਕਰਤਾਰ ਹੀ ਸਾਜ਼ੇ ਰੂਪ ਹੈ ॥੫੪॥ ੨੩. ਰੋਗਾਂ ਦੇ ਨਾਸ ਕਰਤੇ ਨੂੰ ਨਮਸਕਾਰ ਹੈ, ਰਾਗ ਸਰੂਪ ਨੂੰ ਨਮਸਕਾਰ ਹੈ। ੨੪. ਸ਼ਾਹਾਂ ਦੇ ਸ਼ਾਹ ਨੂੰ ਨਮਸਕਾਰ ਹੈ, ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ ॥੫੫॥

**੨੫. ਨਮੋ ਦਾਨ ਦਾਨੇ ਨਮੋ ਮਾਨ ਮਾਨੇ ॥**
**੨੬. ਨਮੋ ਰੋਗ ਰੋਗੇ ਨਮਸਤੰ ਸਨਾਨੇ ॥੫੬॥**
**੨੭. ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥ ੨੮. ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ ॥੫੭॥**

ਪਦ ਅਰਥ—ਰੋਗ ਰੋਗੇ=ਰੋਗ ਸਰੀਰ ਦਾ ਨਾਸ ਕਰਦੇ ਹਨ, ਕਰਤਾਰ ਦਾ ਸਿਮਰਨ ਰੋਗਾਂ ਦਾ ਨਾਸ ਕਰਦਾ ਹੈ, ਇਸ ਲਈ ਉਸ ਨੂੰ ਰੋਗਾਂ ਦਾ ਰੋਗ ਕਿਹਾ ਹੈ । ਸਨਾਨੇ=ਸੁਧ ਕਰਨ ਵਾਲੇ । ਮੰਤ੍ਰ=ਜੋ ਮੂੰਹ ਵਿਚ ਜਪਿਆ ਜਾਏ । ਜੰਤ੍ਰ=ਜੋ ਕਾਗਜ ਤੇ ਲਿਖ ਕੇ ਦਿਤਾ ਜਾਂਦਾ ਹੈ।

ਤੰਤ੍ਰ=ਦਵਾਈ ਜੋ ਇਕ ਦੋ ਚੀਜ਼ਾਂ ਦੇ ਮਿਲਾਪ ਤੋਂ ਬਣਦੀ ਹੈ ।

ਅਰਥ—੨੫. ਦਾਨਾਂ ਦੇ ਦਾਨ ਨੂੰ ਨਮਸਕਾਰ ਹੈ, ਮਾਨਾਂ ਦੇ ਮਾਨ ਨੂੰ ਨਮਸਕਾਰ ਹੈ । ੨੬. ਰੋਗਾਂ ਦੇ ਰੋਗ ਨੂੰ ਨਮਸਕਾਰ ਹੈ, ਸੁਧ ਕਰਨ ਵਾਲੇ ਨੂੰ ਨਮਸਕਾਰ ਹੈ ॥੫੬॥ ੨੭. ਮੰਤ੍ਰਾਂ ਦੇ ਮੰਤ੍ਰ ਨੂੰ ਨਮਸਕਾਰ ਹੈ। ੨੮. ਇਸ਼ਟਾਂ ਦੇ ਇਸ਼ਟ ਨੂੰ ਨਮਸਕਾਰ ਹੈ, ਤੰਤ੍ਰਾਂ ਦੇ ਤੰਤ੍ਰ ਨੂੰ ਨਮਸਕਾਰ ਹੈ ॥੫੭॥

**੨੯. ਸਦਾ ਸੱਚਦਾਨੰਦ ਸਰਬੰ ਪ੍ਰਣਾਸੀ ॥ ੩੦. ਅਨੂਪੇ ਅਰੂਪੇ ਸਮਸਤੁਲ ਨਿਵਾਸੀ ॥੫੮॥ ੩੧. ਸਦਾ ਸਿਧ ਦਾ ਬੁਧ ਦਾ ਬ੍ਰਿਧ ਕਰਤਾ ॥ ੩੨. ਅਧੋ ਉਰਧ ਅਰਧੰ ਅਘੰ ਓਘ ਹਰਤਾ ॥੫੯॥**

ਪਦ ਅਰਥ—ਸੱਚਿਦਾਨੰਦ=ਸਤ ਚਿਤ ਆਨੰਦ । ਸਿਧ=ਮਨੋ ਕਾਮਨਾ । ਬ੍ਰਿਧ=ਵਾਧਾ । ਅਧੋ=ਹੇਠਾਂ । ਅਰਧ=ਉਤਾਂਹ । ਅਰਧੰ=ਵਿਚਾਲੇ । ਅਘ=ਪਾਪ । ਓਘ=ਸਾਰੇ ।

ਅਰਥ—੨੯. ਸਦਾ ਹੀ ਸਤ ਚਿਤ ਤੇ ਅਨੰਦ ਹੈ, ਸਾਰਿਆਂ ਨੂੰ ਭਲੀ ਪ੍ਰਕਾਰ ਨਾਸ ਕਰਨ ਵਾਲਾ ਹੈ। ੩੦. ਉਪਮਾ ਤੋਂ ਰਹਿਤ ਤੇ ਰੂਪ ਤੋਂ ਰਹਿਤ ਹੈ, ਸਾਰਿਆਂ ਵਿਚ ਵਸਦਾ ਹੈ ॥੫੯॥ ੩੧. ਹਮੇਸ਼ਾਂ ਹੀ ਸਿੱਧੀ ਦਾਤਾ, ਬੁੱਧੀ ਦਾਤਾ ਅਤੇ ਵਾਧਾ ਕਰਨ ਵਾਲਾ ਹੈ । ੩੨. ਹੇਠਾਂ ਉਤਾਂਹ ਤੇ ਵਿਚਾਲੇ ਵਸਦਾ ਅਤੇ ਸਾਰੇ ਪਾਪਾਂ ਨੂੰ ਨਾਸ ਕਰਨ ਵਾਲਾ ਹੈ ॥੫੯॥

**੩੩. ਪਰੰ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ ॥ ੩੪. ਸਦਾ ਸਰਬ ਦਾ ਸਿੱਧ ਦਾਤਾ ਦਿਆਲੰ ॥੬੦॥**

**੩੫. ਅਛੇਦੀ ਅਭੇਦੀ ਅਨਾਮੰ ਅਕਾਮੰ ॥**
**੩੬. ਸਮਸਤੋ ਪਰਾਜੀ ਸਮਸਤਸਤੁ ਧਾਮੰ ॥੬੧॥**

ਪਦ ਅਰਥ—ਪਰਮ=ਵੱਡਾ । ਪ੍ਰੋਛ=ਓਹਲੇ, ਗੁਪਤ । ਉਪਰਾਜ= ਉਪਰ ਬਿਰਾਜਨ ਵਾਲਾ ।

ਅਰਥ—੩੩. ਪਰਮੇਸ਼ਵਰ ਵਡਿਆਂ ਤੋਂ ਵੱਡਾ ਅਤੇ ਗੁਪਤ ਪਾਲਣਾ ਕਰਦਾ ਹੈ । ੩੪. ਹਮੇਸ਼ਾਂ ਹੀ ਸਭਨਾਂ ਸਿਧੀਆਂ ਨੂੰ ਦੇਣ ਵਾਲਾ ਦਿਆਲੂ ਦਾਤਾ ਹੈ ॥੬੦॥ ੩੫. ਕੱਟਣ ਤੇ ਵਿੰਨ੍ਹਣ ਤੋਂ ਰਹਿਤ ਹੈ, ਨਾਮ ਤੇ ਕਾਮ ਤੋਂ ਰਹਿਤ ਹੈ । ੩੬. ਸਾਰਿਆਂ ਦੇ ਉਪਰ ਬਿਰਾਜਦਾ ਹੈ ਅਤੇ ਸਭਨਾਂ ਵਿਚ ਘਰ ਬਣਾ ਕੇ ਬੈਠਾ ਹੈ ॥੬੧॥

ਤੇਰਾ ਜੋਰੁ ॥ ਚਾਚਰੀ ਛੰਦ ॥

ਤੇਰਾ ਆਸਰਾ, ਛੰਦ ਦਾ ਨਾਮ ਹੈ।

**੧. ਜਲੇ ਹੈਂ ॥ ਥਲੇ ਹੈਂ ॥ ੨. ਅਭੀਤ ਹੈਂ ॥ ਅਭੇ ਹੈਂ ॥੬੨॥ ੩. ਪ੍ਰਭੂ ਹੈਂ ॥ ਅਜੂ ਹੈਂ ॥ ੪. ਅਦੇਸ ਹੈਂ ॥ ਅਭੇਸ ਹੈਂ ॥੬੩॥**

ਪਦ ਅਰਥ—ਪ੍ਰਭੂ=ਮਾਲਕ । ਅਜੂ=ਅਚੱਲ ।

ਅਰਥ—੧. ਤੂੰ ਜਲ ਵਿਚ ਹੈਂ, ਥਲ ਵਿਚ ਹੈਂ । ੨. ਡਰ ਤੋਂ ਰਹਿਤ ਹੈਂ, ਭੇਦ ਤੋਂ ਰਹਿਤ ਹੈਂ ॥੬੨॥ ੩. ਮਾਲਕ ਹੈਂ, ਅਚੱਲ ਹੈਂ । ੪. ਦੇਸ ਤੋਂ ਰਹਿਤ ਹੈਂ, ਭੇਸ ਤੋਂ ਰਹਿਤ ਹੈਂ ॥੬੩॥

ਭੁਯੰਗ ਪ੍ਰਯਾਤ ਛੰਦ ॥

**੧. ਅਗਾਧੇ ਅਬਾਧੇ ॥ ਅਨੰਦੀ ਸਰੂਪੇ ॥ ੨.**
**ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥੬੪॥**
**੩. ਨਮਸਤੂੰ ਨ੍ਰਿਨਾਥੇ ॥ ਨਮਸਤੂੰ ਪ੍ਰਮਾਥੇ ॥**
**੪. ਨਮਸਤੂੰ ਅਗੰਜੇ ॥ ਨਮਸਤੂੰ ਅਭੰਜੇ ॥੬੫॥**

ਪਦ ਅਰਥ—ਪ੍ਰਮਾਥੇ=[ਪਰੰ+ਆਥ] ਦੌਲਤ ਤੋਂ ਪਰੇ ।

ਅਰਥ—੧. ਜੋ ਅਥਾਹ ਹੈ, ਨਾਸ ਰਹਿਤ ਤੇ ਅਨੰਦ ਸਰੂਪ ਹੈ। ੨. ਸਭ ਜਗ੍ਹਾ ਮੰਨੇ ਹੋਏ ਤੇ ਸਭਨਾਂ ਪਦਾਰਥਾਂ ਦੇ ਖਜਾਨੇ ਨੂੰ ਨਮਸਕਾਰ ਹੈ ॥੬੪॥ ੩. ਮਾਲਕ ਰਹਿਤ ਨੂੰ ਨਮਸਕਾਰ ਹੈ, ਮਾਇਆ ਤੋਂ ਪਰੇ ਨੂੰ ਨਮਸਕਾਰ ਹੈ । ੪. ਨਾਸ ਰਹਿਤ ਨੂੰ ਨਮਸਕਾਰ ਹੈ, ਨਾ ਟੁੱਟਣ ਵਾਲੇ ਨੂੰ ਨਮਸਕਾਰ ਹੈ ॥੬੫॥

**੫. ਨਮਸਤੂੰ ਅਕਾਲੇ ॥ ਨਮਸਤੂੰ ਅਪਾਲੇ ॥**
**੬. ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥੬੬॥**
**੭. ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥**
**੮. ਨਮੋ ਸ਼ਾਹ ਸ਼ਾਹੇ ॥ ਨਮੋ ਮਾਹ ਮਾਹੇ ॥੬੭॥**

ਪਦ ਅਰਥ—ਅਪਾਲੇ=ਪਾਲਣਾ ਰਹਿਤ, ਸਾਡੀ ਪਾਲਣਾ ਕਰਨ ਵਾਲਾ ਕਰਤਾਰ ਹੈ, ਪਰ ਉਸ ਦੀ ਪਾਲਣਾ ਕਰਨ ਵਾਲਾ ਉਸ ਤੋਂ ਵੱਡਾ ਹੋਰ ਕੋਈ ਨਹੀਂ, ਇਸ ਲਈ ਉਸ ਦਾ ਨਾਮ ਹੀ 'ਅਪਾਲੇ' ਕਿਹਾ ਹੈ।

ਅਰਥ—੫. ਮੌਤ ਤੋਂ ਰਹਿਤ ਨੂੰ ਨਮਸਕਾਰ ਹੈ, ਪਾਲਣਾ ਰਹਿਤ ਨੂੰ ਨਮਸਕਾਰ ਹੈ । ੬. ਸਾਰੇ ਦੇਸਾਂ ਵਿਚ ਵਿਆਪਕ ਨੂੰ ਨਮਸਕਾਰ ਹੈ,

ਸਾਰੇ ਭੇਸਾਂ ਵਿਚ ਬਿਰਾਜਨ ਵਾਲੇ ਨੂੰ ਨਮਸਕਾਰ ਹੈ ॥੯੬॥ ੭. ਸਾਰਿਆਂ ਦੇ ਰਾਜੇ ਨੂੰ ਨਮਸਕਾਰ ਹੈ । ਸਾਰਿਆਂ ਨੂੰ ਬਨਾਉਣ ਵਾਲੇ ਨੂੰ ਨਮਸਕਾਰ ਹੈ । ੮. ਸਾਹ ਦੇ ਸਾਹ ਨੂੰ ਨਮਸਕਾਰ ਹੈ, ਚੰਦ ਦੇ ਚੰਦ ਨੂੰ ਨਮਸਕਾਰ ਹੈ ॥੯੭॥

**੯. ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥**
**੧੦. ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥੯੮॥**
**੧੧. ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥**
**੧੨. ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥੯੯॥**

ਪਦ ਅਰਥ—ਰੋਖ ਰੋਖੇ=ਕ੍ਰੋਧ ਦੇ ਕ੍ਰੋਧ, ਕ੍ਰੋਧ ਤਨ ਨੂੰ ਗਾਲਦਾ ਹੈ, ਵਾਹਿਗੁਰੂ ਦਾ ਸਿਮਰਨ ਕ੍ਰੋਧ ਨੂੰ ਨਾਸ ਕਰਦਾ ਹੈ, ਇਸ ਲਈ ਉਸ ਨੂੰ ਕ੍ਰੋਧ ਦਾ ਕ੍ਰੋਧ ਕਿਹਾ ਹੈ । ਸੋਖ ਸੋਖੇ=ਸ਼ੋਕ ਦੇ ਸ਼ੋਕ ਗਮੀ ਨੂੰ ਗਮੀ ਹੋ ਕੇ ਢੁਕਦਾ ਹੈ, ਇਸ ਲਈ ਗਮੀ ਦਾ ਗਮੀ ਕਿਹਾ ਹੈ । ਭੀਤੰ=ਭਿਤ, ਖੁਰਾਕ ।

ਅਰਥ—੯. ਗੀਤ ਦੇ ਗੀਤ ਨੂੰ ਨਮਸਕਾਰ ਹੈ, ਪ੍ਰੀਤ ਦੀ ਪ੍ਰੀਤ ਨੂੰ ਨਮਸਕਾਰ ਹੈ । ੧੦ ਕ੍ਰੋਧ ਦੇ ਕ੍ਰੋਧ ਨੂੰ ਨਮਸਕਾਰ ਹੈ, ਸ਼ੋਕ ਦੇ ਸ਼ੋਕ ਨੂੰ ਨਮਸਕਾਰ ਹੈ ॥੯੮॥ ੧੧. ਸਾਰੇ ਰੋਗਾਂ ਰੂਪ ਨੂੰ ਨਮਸਕਾਰ ਹੈ, ਸਾਰੇ ਭੋਗਾਂ ਸਰੂਪ ਨੂੰ ਨਮਸਕਾਰ ਹੈ ॥ ੧੨. ਸਾਰੀਆਂ ਜਿਤਾਂ ਰੂਪ ਨੂੰ ਨਮਸਕਾਰ ਹੈ । ਸਭ ਨੂੰ ਖੁਰਾਕ ਦੇਣ ਵਾਲੇ ਨੂੰ ਨਮਸਕਾਰ ਹੈ ॥੯੯॥

**੧੩. ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥ ੧੪. ਨਮੋ ਸਰਬ ਮੰਤ੍ਰੰ ॥ ਨਮੋ ਸਰਬ**

**ਜੰਤ੍ਰੰ ॥੭੦॥ ੧੫. ਨਮੋ ਸਰਬ ਦ੍ਰਿਸੰ ॥ ਨਮੋ ਸਰਬ ਕ੍ਰਿਸੰ ॥ ੧੬. ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥੭੧॥**

ਅਰਥ—੧੩. ਸਭ ਦੇ ਗਿਆਨ ਨੂੰ ਨਮਸਕਾਰ ਹੈ, ਵੱਡੀ ਤਾਕਤ ਨੂੰ ਨਮਸਕਾਰ ਹੈ। ੧੪. ਸਾਰੇ ਮੰਤ੍ਰ ਰੂਪ ਨੂੰ ਨਮਸਕਾਰ ਹੈ, ਸਾਰੇ ਜੰਤ੍ਰ ਸਰੂਪ ਨੂੰ ਨਮਸਕਾਰ ਹੈ ॥੭੦॥ ੧੫. ਸਭ ਨੂੰ ਵੇਖਣ ਵਾਲੇ ਨੂੰ ਨਮਸਕਾਰ ਹੈ, ਸਭ ਨੂੰ ਖਿਚਣ ਵਾਲੇ ਨੂੰ ਨਮਸਕਾਰ ਹੈ। ੧੬. ਸਾਰੇ ਰੰਗਾਂ ਵਾਲੇ ਨੂੰ ਨਮਸਕਾਰ ਹੈ, ਤਿੰਨਾਂ ਗੁਣਾਂ ਵਾਲੀ ਦੁਨੀਆਂ ਨੂੰ ਭੰਨਣ ਵਾਲੇ ਤੇ ਸਰੀਰ ਰਹਿਤ ਨੂੰ ਨਮਸਕਾਰ ਹੈ ॥੭੧॥

**੧੭. ਨਮੋ ਜੀਵ ਜੀਵੰ ॥ ਨਮੋ ਬੀਜ ਬੀਜੇ ॥ ੧੮. ਅਖਿੱਜੇ ਅਭਿੱਜੇ ॥ ਸਮਸਤੰ ਪ੍ਰਸਿੱਜੇ ॥੭੨॥ ੧੯. ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ ॥ ੨੦. ਸਦਾ ਸਰਬ ਦਾ ਰਿਧਿ ਸਿਧੰ ਨਿਵਾਸੀ ॥੭੩॥**

ਅਰਥ—੧੭. ਜੀਵਾਂ ਦੇ ਜੀਵ ਨੂੰ ਨਮਸਕਾਰ ਹੈ, ਬੀਜਾਂ ਦੇ ਬੀਜ ਨੂੰ ਨਮਸਕਾਰ ਹੈ। ੧੮. ਵਾਹਿਗੁਰੂ ਨਾ ਖਿਝਨ ਵਾਲਾ ਹੈ ਨਾ ਭਿਜਨ ਵਾਲਾ ਹੈ ਅਰਥਾਤ ਨਾ ਚਿੜਦਾ ਹੈ ਤੇ ਨਾ ਧੋਖੇ ਵਿਚ ਫਸਦਾ ਹੈ ਅਤੇ ਸਭਨਾਂ ਉਪਰ ਪ੍ਰਸੀਜਨ ਅਰਥਾਤ ਦਇਆ ਕਰਨ ਵਾਲਾ ਹੈ। ੧੯. ਕ੍ਰਿਪਾਲ ਸਰੂਪ ਹੈ, ਬੁਰੇ ਕਰਮਾਂ ਨੂੰ ਨਾਸ ਕਰਨ ਵਾਲਾ ਹੈ। ੨੦. ਹਮੇਸ਼ਾਂ ਹੀ ਸਭ ਕੁਝ ਦੇਂਦਾ ਹੈ, ਕਿਉਂਕਿ ਰਿੱਧਾਂ ਸਿੱਧਾਂ ਉਸੇ ਵਿਚ ਵਸਦੀਆਂ

ਹਨ ॥੭੩॥

ਚਰਪਟ ਛੰਦ ॥ ਤ੍ਵ ਪ੍ਰਸਾਦਿ ॥
ਛੰਦ ਦਾ ਨਾਮ ਹੈ, ਤੇਰੀ ਕ੍ਰਿਪਾ

**੧. ਅੰਮ੍ਰਿੱਤ ਕਰਮੇ ॥ ਅੰਬ੍ਰਿਤ ਧਰਮੇ ॥ ੨. ਅਖੱਲ ਜੋਗੇ ॥ ਅਚੱਲ ਭੋਗੇ ॥੭੪॥ ੩. ਅਚੱਲ ਰਾਜੇ ॥ ਅਟੱਲ ਸਾਜੇ ॥ ੪. ਅਖੱਲ ਧਰਮੰ ॥ ਅਲੱਖ ਕਰਮੰ ॥੭੫॥**

ਪਦ ਅਰਥ—ਧਰਮ=ਫਰਜ਼, ਡਿਊਟੀ । ਅਖੱਲ=ਸੰਪੂਰਨ ।

ਅਰਥ—੧. ਨਾਸ ਤੋਂ ਰਹਿਤ ਕੰਮ ਵਾਲਾ ਹੈ, ਨਾਸ ਤੋਂ ਰਹਿਤ ਧਰਮ ਵਾਲਾ ਹੈ । ੨. ਸਭ ਥਾਂ ਤੇ ਜੁੜਿਆ ਹੈ, ਅਚੱਲ ਭੋਗ ਵਾਲਾ ਹੈ ॥੭੪॥ ੩. ਨਾ ਹਿੱਲਨ ਵਾਲੇ ਰਾਜ ਵਾਲਾ ਹੈ, ਨਾ ਟਲਨ ਵਾਲੇ ਸਾਜ ਵਾਲਾ ਹੈ । ੪. ਅਖਲ ਧਰਮ ਵਾਲਾ ਹੈ, ਅਰਥਾਤ ਉਸ ਦਾ ਸੁਭਾਅ ਕਦੇ ਤਬਦੀਲ ਨਹੀਂ ਹੁੰਦਾ, ਨਾ ਜਾਣੇ ਜਾਣ ਵਾਲੇ ਕੰਮਾਂ ਵਾਲਾ ਹੈ ॥੭੫॥

**੫. ਸਰਬੰ ਦਾਤਾ ॥ ਸਰਬੰ ਗਿਆਤਾ ॥ ੬. ਸਰਬੰ ਭਾਨੇ ॥ ਸਰਬੰ ਮਾਨੇ ॥੭੬॥ ੭. ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥ ੮. ਸਰਬੰ ਭੁਗਤਾ ॥ ਸਰਬੰ ਜੁਗਤਾ ॥੭੭॥**

ਅਰਥ—੫. ਸਭ ਦਾ ਦਾਤਾ ਹੈ, ਸਭ ਨੂੰ ਜਾਣਦਾ ਹੈ । ੬. ਸਭ ਦਾ ਸੂਰਜ ਹੈ, ਸਭ ਦੀ ਮੰਨਦਾ ਹੈ ॥੭੬॥ ੭. ਸਭ ਦੇ ਪ੍ਰਾਨ ਹੈ, ਸਭ ਦਾ ਜ਼ੋਰ ਹੈ । ੮. ਸਭ ਨੂੰ ਭੋਗਦਾ ਹੈ, ਸਭ ਨਾਲ ਜੁੜਿਆ ਹੈ ॥੭੭॥

**੯. ਸਰਬੰ ਦੇਵੰ ॥ ਸਰਬੰ ਭੇਵੰ ॥ ੧੦. ਸਰਬੰ ਕਾਲੇ ॥ ਸਰਬੰ ਪਾਲੇ ॥੭੮॥**

ਅਰਥ—੯. ਸਭ ਦਾ ਦੇਵ ਹੈ, ਸਭ ਦਾ ਭੇਤੀ ਹੈ । ੧੦. ਸਭ ਦੀ ਮੌਤ ਹੈ, ਸਭ ਦਾ ਪਾਲਕ ਹੈ ॥੭੮॥

ਰੂਆਲ ਛੰਦ ॥ ਤ੍ਵ ਪ੍ਰਸਾਦਿ ॥
ਛੰਦ ਦਾ ਨਾਮ ਹੈ । ਤੇਰੀ ਕ੍ਰਿਪਾ

**੧. ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥ ੨. ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥ ੩. ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥ ੪. ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥੭੯॥**

ਪਦ ਅਰਥ—ਅਨਾਦਿ=[ਅਨ+ਆਦਿ] ਮੁਢ ਤੋਂ ਰਹਿਤ । ਪੁਰਖ= ਪੂਰਨ । ਉਦਾਰ=ਖੁਲ੍ਹੇ ਦਿਲ ਵਾਲਾ, ਸਖੀ ਦਾਤਾ। ਘਾਲਕ=ਘੱਲਣ ਵਾਲਾ। ਅਵਧੂਤ=ਅਚੱਲ, ਅਡੋਲ ।

ਅਰਥ—੧. ਸਭ ਦਾ ਮੁਢ ਰੂਪ ਹੈ, ਆਪ ਮੁਢ ਤੋਂ ਰਹਿਤ ਹੈ, ਉਸ ਦਾ ਸਰੂਪ ਜੂਨਾਂ ਤੋਂ ਰਹਿਤ ਪੂਰਨ ਅਤੇ ਅਪਾਰ ਹੈ । ੨. ਸਾਰੇ ਉਸ ਨੂੰ ਮੰਨਦੇ ਹਨ, ਤਿੰਨਾਂ ਲੋਕਾਂ ਵਿਚ ਉਸ ਦਾ ਮਾਨ ਹੈ, ਸਭ ਦਾ ਵੱਡਾ ਤੇ ਭੇਦ ਤੋਂ ਰਹਿਤ ਹੈ, ਸ਼ੁਰੂ ਤੋਂ ਹੀ ਸਖੀ ਦਾਤਾ ਹੈ । ੩. ਸਭ ਦਾ ਪਾਲਕ ਹੈ, ਸਭ ਨੂੰ ਭੇਜਣ ਵਾਲਾ ਹੈ, ਅਤੇ ਫਿਰ ਸਭਨਾਂ ਨੂੰ ਮਾਰਨ ਵਾਲਾ ਹੈ।

੪. ਉਹ ਸੁੰਦਰ ਤੇ ਅਡੋਲ ਰੂਪ ਵਾਲਾ ਜਿਥੇ ਕਿਥੇ ਬਿਰਾਜ ਰਿਹਾ ਹੈ, ਅਰਥਾਤ ਸਭ ਜਗ੍ਹਾ ਵਿਆਪਕ ਹੈ ॥੭੯॥

**੫. ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥ ੬. ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥ ੭. ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥ ੮. ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥**

ਪਦ ਅਰਥ—ਠਾਮ=ਜਗ੍ਹਾ । ਅਸੇਖ=ਅੰਤ ਤੋਂ ਰਹਿਤ । ਦਿਸਾ= ਉਤਰ, ਦੱਖਣ, ਪੂਰਬ, ਪੱਛਮ ਚਾਰੇ ਪਾਸੇ । ਵਿਸਾ=ਚਾਰੇ ਨੁਕਰਾਂ, ਇਸਾਨ, ਨੈਰਤ, ਵਾਯਵੀ ਤੇ ਅਗਨਿ ।

ਅਰਥ—੫. ਜਿਸ ਦਾ ਨਾਮ, ਜਗ੍ਹਾ, ਜਾਤ, ਰੂਪ, ਰੰਗ ਤੇ ਰੇਖ ਨਹੀਂ ਹੈ । ੬. ਜੋ ਪਹਿਲਾ ਮਨੁਖ ਤੇ ਉਦਾਰ ਮੂਰਤ ਤੇ ਜੂਨਾਂ ਤੋਂ ਰਹਿਤ ਹੈ ਅਤੇ ਸਭ ਦਾ ਮੁਢ ਤੇ ਅੰਤ ਤੋਂ ਰਹਿਤ ਹੈ । ੭. ਜਿਸ ਦਾ ਦੇਸ ਅਤੇ ਭੇਸ ਨਹੀਂ ਹੈ ਅਤੇ ਜਿਸ ਨੂੰ ਰੂਪ ਰੇਖ ਦਾ ਰਾਗ ਮੋਹ ਵੀ ਨਹੀਂ ਹੈ । ੮. ਜਿਥੇ ਕਿਥੇ ਚੌਹੀਂ ਪਾਸੀਂ ਤੇ ਚੌਹਾਂ ਕੋਨਿਆਂ ਵਿਚ ਪ੍ਰੇਮ ਰੂਪ ਹੋ ਕੇ ਫੈਲਿਆ ਹੋਇਆ ਹੈ ॥੮੦॥

**੯. ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥ ੧੦. ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ ॥ ੧੧. ਏਕ ਮੂਰਤਿ**

**ਅਨੇਕ ਦਰਸਨ ਕੀਨ ਰੂਪ ਅਨੇਕ ॥ ੧੨. ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥੮੧॥**

ਅਰਥ—੯. ਨਾਮ ਤੇ ਕਾਮਨਾ ਤੋਂ ਬਿਨਾਂ ਵਿਸਦਾ ਹੈ, ਜਿਸ ਦਾ ਕੋਈ ਧਾਮ ਘਰ ਵੀ ਨਹੀਂ ਹੈ। ੧੦. ਸਰਬ ਦਾ ਮਾਨ ਤੇ ਸਭ ਥਾਂ ਮੰਨਿਆ ਜਾਂਦਾ ਹੈ, ਅਤੇ ਹਮੇਸ਼ਾਂ ਉਸੇ ਨੂੰ ਮੰਨਦੇ ਆਏ ਹਨ। ੧੧. ਉਸ ਦੀ ਮੂਰਤ 'ਇਕ' ਹੈ, ਪਰ ਦਰਸ਼ਨ ਅਨੇਕਾਂ ਵਿਖਾਂਦਾ ਹੈ ਕਿਉਂਕਿ ਉਸ ਨੇ ਅਨੇਕਾਂ ਰੂਪ ਧਾਰਨ ਕੀਤੇ ਹਨ। ੧੨. ਜਦ ਖੇਡਾਂ ਖੇਡ ਕੇ, ਖੇਡਾਂ ਤੋਂ ਅਖੇਡ ਹੋ ਗਿਆ, ਅਰਥਾਤ ਖੇਡਾਂ ਮੁਕਾ ਦਿਤੀਆਂ ਤਾਂ ਅੰਤ ਨੂੰ ਫਿਰ 'ਇਕੋ' ਹੈ ॥੮੧॥

ਸਿਧਾਂਤ—ਜਦ ਹਿਸਾਬ ਦਾ ਕੁਝ ਹਿੱਸਾ ਗਹੁ ਕਰਕੇ ਵੇਖੀਏ ਤਾਂ ਉਪਰ ਦੀਆਂ ਦੋਹਾਂ ਤੁਕਾਂ ਦੀ ਝਟ ਸਮਝ ਪੈ ਜਾਏਗੀ। ਹਿਸਾਬ ਦਾ ਸਾਰਾ ਦਾਰੋ ਮਦਾਰ '੧' ਉਪਰ ਹੈ। ਇਹ 'ਏਕਾ' ਅਸਲ ਵਿਚ ਇਕ ਹੈ, ਰੂਪ ਇਸ ਦਾ ਇਕ ਹੈ। ਪਰ ਲੇਖੇ ਦੀ ਖੇਡ ਵਿਚ ਆ ਕੇ ਕਈ ਰੂਪ ਹੋ ਜਾਂਦਾ ਹੈ, ਜਿਵੇਂ, ੧, ੧੧, ੨੧, ੩੧, ੪੧, ੫੧, ੬੧, ੭੧, ੮੧, ੯੧, ੧੦੦, ੧੦੧ ਆਦਿਕ। ਹੁਣ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਜੋ ਇਨ੍ਹਾਂ ਬਾਰਾਂ ਸ਼ਕਲਾਂ ਵਿਚ '੧' ਇਕੋ ਹੈ। ਜਦ ਸਾਰੇ ਅੰਕ ਇਕਾਂਗ ਨਾਲੋਂ ਹਟਾ ਦੇਈਏ ਤਾਂ ਫਿਰ ਏਕਾ ਇਕੋ ਰਹਿ ਜਾਏਗਾ।

ਇਵੇਂ ਹੀ ਨਿਰੰਕਾਰ ਇਕ ਹੈ, ਉਹ ਜਗਤ ਵਿਚ ਅਨੇਕਾਂ ਰੂਪ ਹੋ ਕੇ ਦਰਸ਼ਨ ਵਿਖਾ ਰਿਹਾ ਹੈ। ਪਰ ਜਦ—'ਸਾਂਗ ਉਤਾਰ ਥਮ੍ਹਿਓ ਪਾਸਾਰਾ॥ ਤਬ ਏਕੈ ਏਕੰਕਾਰਾ॥'

**੧੩. ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ**

**ਕਤੇਬ ॥ ੧੪. ਰੂਪ ਰੰਗ ਨ ਜਾਤਿ ਪਾਤਿ ਸੁ ਜਾਨਹੀ ਕਿੰਹ ਜੇਬ ॥ ੧੫. ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ ॥ ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ ਮਾਨਹੀ ਪੁਰ ਤੀਨ ॥੮੨॥**

ਪਦ ਅਰਥ—ਕਿਹ ਜੇਬ=ਕਿਸ ਤਰ੍ਹਾਂ । ਤਾਤ=ਪਿਤਾ । ਚਕ੍ਰ ਬਕ੍ਰ=ਟੇਢਾ ਚੱਕ੍ਰ, ਡਰਾਉਣਾ ਕਾਲ ਚਕ੍ਰ । ਚੱਤ੍ਰ ਚਕ=ਚੌਹੀਂ ਪਾਸੀਂ । ਜਾਤ=ਉਤਪਤੀ ।

ਅਰਥ—੧੩. ਜਿਸ ਦਾ ਬੇਦ ਕਤੇਬਾਂ ਤੇ ਦੇਵਤੇ ਵੀ ਭੇਦ ਨਹੀਂ ਜਾਣਦੇ ਹਨ । ੧੪. ਉਸ ਦਾ ਰੂਪ ਰੰਗ ਨਹੀਂ ਤਾਂ ਜਾਤ ਪਾਤ ਕਿਸ ਤਰ੍ਹਾਂ ਜਾਣੀਏ ? ੧੫. ਜਿਸ ਦੀ ਪਿਉ ਮਾਂ ਤੋਂ ਉਤਪਤੀ ਨਹੀਂ । ਉਹ ਤਾਂ ਜਨਮ ਮਰਨ ਤੋਂ ਰਹਿਤ ਹੈ । ੧੬. ਚੌਹੀਂ ਪਾਸੀਂ ਉਸ ਦਾ ਕਾਲ ਚਕ੍ਰ ਫਿਰਦਾ ਹੈ ਅਤੇ ਤਿੰਨੇ ਲੋਕ ਹੀ ਉਸ ਨੂੰ ਮੰਨਦੇ ਹਨ ॥੮੨॥

**੧੭. ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿੰਹ ਜਾਪ ॥ ੧੮. ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਭੈ ਜਿੰਹ ਥਾਪਿ ॥ ੧੯. ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ ॥ ੨੦. ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥੮੩॥**

ਅਰਥ—੧੭. ਚੌਦਾਂ ਲੋਕਾਂ ਵਿਚ ਜਗਤ ਜਿਸ ਦੇ ਜਾਪ ਨੂੰ ਜਪਦਾ ਹੈ। ੧੮. ਪਹਿਲਾ ਦੇਵਤਾ, ਮੁਢ ਤੋਂ ਰਹਿਤ ਜਿਸਦੀ ਮੂਰਤ ਹੈ ਅਤੇ ਜਿਸ ਨੇ ਸਾਰੀ ਥਾਪਨਾ ਥਾਪੀ ਹੈ। ੧੯. ਉਹ ਸੁੰਦਰ ਸਰੂਪ, ਪਵਿਤ੍ਰ ਮੂਰਤਿ, ਪੂਰਨ ਪੁਰਖ ਤੇ ਅਪਾਰ ਹੈ। ੨੦. ਆਪਣੇ ਆਪ ਤੋਂ ਜਗਤ ਨੂੰ ਰਚਿਆ ਹੈ, ਓਹੀ ਘੜਨ ਤੇ ਭੰਨਣ ਵਾਲਾ ਹੈ ॥੮੩॥

**੨੧. ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ ॥ ੨੨. ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ॥ ੨੩. ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ ॥ ੨੪. ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥੮੪॥**

ਪਦ ਅਰਥ—ਅੰਗ=ਸਰੀਰ, ਇਸਤ੍ਰੀ* । ਰਾਗ=ਮੋਹ । ਕਾਮ=ਬਾਂਛਤ ਵਸਤੂ ।

ਅਰਥ—੨੧. ਕਾਲ ਤੋਂ ਰਹਿਤ ਤੇ ਸ਼ਕਤੀ ਸਮੇਤ ਅਕਾਲ ਪੁਰਖ ਨੂੰ ਨਮਸਕਾਰ ਹੈ। ੨੨. ਉਹ ਧਰਮ ਦਾ ਘਰ, ਭਰਮ ਤੋਂ ਰਹਿਤ, ਸਰੀਰ ਤੋਂ ਰਹਿਤ, ਨਾ ਜਾਣੇ ਜਾਣ ਵਾਲਾ ਅਤੇ ਭੇਸ ਤੋਂ ਵੀ ਰਹਿਤ ਹੈ। ੨੩. ਜਿਸ ਨੂੰ ਔਰਤ ਦਾ ਪਿਆਰ ਨਹੀਂ ਰੰਗਾਂ ਤੇ ਜਾਤ ਪਾਤ ਅਤੇ ਨਾਮ ਵੀ ਜਿਸ ਦਾ ਨਹੀਂ ਹੈ। ੨੪. ਹੰਕਾਰ ਤੋੜਨ ਵਾਲਾ ਦੁਸ਼ਟਾਂ ਨੂੰ ਮਾਰਨ ਵਾਲਾ, ਮੁਕਤੀ ਅਤੇ ਮਨ ਇਛਤ ਫਲ ਦੇਣ ਵਾਲਾ ਹੈ ॥੮੪॥

*ਅਗੋ ਚੰਗੇ ਚਿਤ ਨ ਲਾਏ । ਗੁਰ ਕਾ ਦਿਤਾ ਅੰਗ ਹੰਡਾਏ । [ਰਤਨ ਮਾਲਾ

**੨੫. ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ ॥ ੨੬. ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥ ੨੭. ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ॥ ੨੮. ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਿਤਿਪਾਰ ॥੯੫॥**

ਪਦ ਅਰਥ—ਰੂਪ=ਹੋਂਦ ਹਸਤੀ । ਅਮੀਕ=ਗੰਭੀਰ, ਡੂੰਘਾ । ਅਵਧੂਤ=ਅਚੱਲ । ਅਸੂਤ=ਪ੍ਰਸੂਤ ਨਹੀਂ ਹੋਇਆ, ਜੰਮਿਆ ਨਹੀਂ, ਅਜਨਮਾ । ਅਨਾਤਮ=ਮਨ ਤੋਂ ਪਰੇ ।

ਅਰਥ—੨੫. ਉਸ ਦੀ ਹੋਂਦ ਆਪਣੇ ਆਪ ਤੋਂ ਹੈ ਬਹੁਤ ਡੂੰਘਾ ਤੇ ਉਪਮਾ ਤੋਂ ਰਹਿਤ ਇਕ ਅਚੱਲ ਪੁਰਖ ਹੈ । ੨੬. ਹੰਕਾਰ ਤੋੜਨ ਵਾਲਾ ਸਭਨਾਂ ਨੂੰ ਭੰਨਣ ਵਾਲਾ, ਸਭ ਦਾ ਮੁਢ ਰੂਪ ਅਤੇ ਜਨਮ ਤੋਂ ਰਹਿਤ ਹੈ । ੨੭. ਸ਼ਰੀਰ ਤੋਂ ਰਹਿਤ, ਨਾਸ ਤੋਂ ਰਹਿਤ ਤੇ ਮਨ ਤੋਂ ਪਰੇ ਇਕ ਅਕਾਲ ਪੁਰਖ ਹੈ । ੨੮. ਸਾਰੇ ਕੰਮ ਕਰਨ ਜੋਗਾ, ਸਭ ਦਾ ਨਾਸਕ ਅਤੇ ਸਭਨਾਂ ਨੂੰ ਪਾਲਨ ਵਾਲਾ ਹੈ ॥੯੫॥

**੨੯. ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥ ੩੦. ਸਰਬ ਸਾਸਤ੍ਰ ਨ ਜਾਨਹੀ ਜਿੰਹ ਰੂਪ ਰੰਗੁ ਅਰੁ ਰੇਖ ॥ ੩੧. ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ ॥ ੩੨.**

# ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ ॥੮੬॥

ਪਦ ਅਰਥ—ਗੰਤਾ=ਗਿਆਤਾ । ਨੇਤਿ=ਨਹੀਂ ਅੰਤ, ਬੇਅੰਤ ।

ਅਰਥ—੨੯. ਸਾਰਿਆਂ ਨੂੰ ਜਾਨਣ ਵਾਲਾ, ਸਾਰਿਆਂ ਨੂੰ ਮਾਰਨ ਵਾਲਾ ਅਤੇ ਸਾਰੇ ਭੇਖਾਂ ਤੋਂ ਰਹਿਤ ਹੈ । ੩੦. ਜਿਸ ਦੇ ਰੂਪ, ਰੰਗ ਅਤੇ ਰੇਖ ਨੂੰ ਸਾਰੇ ਸ਼ਾਸਤ੍ਰ ਵੀ ਨਹੀਂ ਜਾਣ ਸਕੇ । ੩੧. ਜਿਸ ਨੂੰ ਵੇਦ, ਪੁਰਾਨ ਹਮੇਸ਼ਾਂ ਹੀ ਵੱਡਾ ਤੇ ਬੇਅੰਤ ਆਖਦੇ ਹਨ । ੩੨. ਕ੍ਰੋੜਾਂ, ਸਿੰਮ੍ਰਤੀਆਂ, ਪੁਰਾਣਾਂ ਤੇ ਸ਼ਾਸਤ੍ਰਾਂ ਨੂੰ ਪੜ੍ਹਨ ਕਰਕੇ ਉਹ ਵਾਹਿਗੁਰੂ ਚੇਤੇ ਨਹੀਂ ਆਉਂਦਾ ॥੮੬॥

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥
ਛੰਦ ਦਾ ਨਾਮ ਹੈ, ਤੇਰੀ ਕ੍ਰਿਪਾ

## ੧. ਗੁਨ ਗਨ ਉਦਾਰ ॥ ਮਹਿਮਾ ਅਪਾਰ ॥
## ੨. ਆਸਨ ਅਭੰਗ ॥ ਉਪਮਾ ਅਨੰਗ ॥੮੭॥
## ੩. ਅਨਭਉ ਪ੍ਰਕਾਸ ॥ ਨਿਸਦਿਨ ਅਨਾਸ ॥
## ੪. ਆਜ਼ਾਨ ਬਾਹੁ ॥ ਸਾਹਾਨ ਸਾਹੁ ॥੮੮॥

ਪਦ ਅਰਥ—ਗਨ=ਸਮੂਹ, ਸਾਰੇ । ਅਨੰਗ=ਅੰਗ ਰਹਿਤ, ਅਪੂਰਨ। ਆਜਾਨ ਬਾਹੁ=ਗੋਡਿਆਂ ਤਕ ਬਾਹਾਂ ਵਾਲਾ, ਭਾਵ ਵਡਾ ਹੁਕਮ।

ਅਰਥ—੧. ਸਾਰੇ ਗੁਣਾਂ ਦਾ ਦਾਤਾ ਹੈ, ਉਸ ਦੀ ਮਹਿਮਾ ਅਪਾਰ ਹੈ । ੨. ਉਸ ਦਾ ਤਖ਼ਤ ਨਾਸ ਨਹੀਂ ਹੁੰਦਾ, ਉਪਮਾ ਵੀ ਅੰਗੋਂ ਹੀਨ ਹੈ, ਅਰਥਾਤ ਉਸ ਦੀ ਉਪਮਾ ਵੀ ਪੂਰੀ ਨਹੀਂ ਹੋ ਸਕਦੀ ॥੮੭॥ ੩.

ਆਪਣੇ ਆਪ ਚਾਨਣ ਰੂਪ ਹੈ, ਉਹ ਰਾਤ ਦਿਨ ਇਕ ਰਸ ਨਾਸ ਤੋਂ ਰਹਿਤ ਹੈ । ੪. ਵੱਡੇ ਹੁਕਮ ਵਾਲਾ ਤੇ ਸ਼ਾਹਾਂ ਦਾ ਸ਼ਾਹ ਹੈ ॥੮੮॥

**੫. ਰਾਜਾਨ ਰਾਜ ॥ ਭਾਨਾਨ ਭਾਨ ॥ ੬. ਦੇਵਾਨ ਦੇਵ ॥ ਉਪਮਾ ਮਹਾਨ ॥੮੯॥ ੭. ਇੰਦ੍ਰਾਨ ਇੰਦ੍ਰ ॥ ਬਾਲਾਨ ਬਾਲ ॥ ੮. ਰੰਕਾਨ ਰੰਕ ॥ ਕਾਲਾਨ ਕਾਲ ॥੯੦॥**

ਪਦ ਅਰਥ—ਬਾਲ=ਉੱਚਾ ।

ਅਰਥ—੫. ਰਾਜਿਆਂ ਦਾ ਰਾਜਾ ਹੈ, ਸੂਰਜਾਂ ਦਾ ਸੂਰਜ ਹੈ । ੬. ਦੇਵਤਿਆਂ ਦਾ ਦੇਵਤਾ ਹੈ, ਉਪਮਾ ਉਸ ਦੀ ਬਹੁਤ ਹੈ ॥੮੯॥ ੭. ਇੰਦ੍ਰਾਂ ਦਾ ਇੰਦ੍ਰ ਹੈ, ਉੱਚਿਆਂ ਤੋਂ ਉੱਚਾ ਹੈ । ੮. ਗਰੀਬਾਂ ਤੋਂ ਗਰੀਬ ਹੈ, ਮੌਤ ਦੀ ਮੌਤ ਹੈ ॥੯੦॥

**੯. ਅਨਭੂਤ ਅੰਗ ॥ ਆਭਾ ਅਭੰਗ ॥ ੧੦. ਗਤਿ ਮਿਤਿ ਅਪਾਰ ॥ ਗੁਨ ਗਨ ਉਦਾਰ ॥੯੧॥ ੧੧. ਮੁਨਿ ਗਨ ਪ੍ਰਨਾਮ ॥ ਨਿਰਭੈ ਨਿਕਾਮ ॥ ੧੨. ਅਤਿ ਦੁਤਿ ਪ੍ਰਚੰਡ ॥ ਮਿਤਿ ਗਤਿ ਅਖੰਡ ॥੯੨॥**

ਪਦ ਅਰਥ—ਅਨਭੂਤ=ਤੱਤਾਂ ਤੋਂ ਰਹਿਤ । ਆਭਾ=ਸੁੰਦਰਤਾ, ਸੋਭਾ। ਨ੍ਰਿਕਾਮ=ਕਾਮਨਾ ਤੋਂ ਰਹਿਤ ।

ਅਰਥ—੯. ਤੱਤਾਂ ਤੋਂ ਰਹਿਤ ਉਸ ਦਾ ਸਰੀਰ ਹੈ, ਨਾਸ ਤੋਂ ਰਹਿਤ ਸੋਭਾ ਹੈ । ੧੦. ਉਸ ਦੀ ਗਤੀ ਤੇ ਮਰਿਆਦਾ ਅਪਾਰ ਹੈ, ਸਾਰੇ ਗੁਣਾਂ

ਵਾਲਾ ਸਖੀ ਹੈ ॥੯੧॥ ੧੧. ਸਾਰੇ ਮੁਨੀ ਉਸਨੂੰ ਨਮਸਕਾਰ ਕਰਦੇ ਹਨ, ਡਰ ਤੋਂ ਰਹਿਤ ਅਤੇ ਕਾਮਨਾ ਤੋਂ ਰਹਿਤ ਹੈ । ੧੨. ਉਸ ਦਾ ਪ੍ਰਕਾਸ਼ ਬਹੁਤ ਤੇਜ਼ ਹੈ, ਮਰਿਆਦਾ ਤੇ ਗਤੀ ਨਾਸ ਤੋਂ ਰਹਿਤ ਹੈ ॥੯੨॥

**੧੩. ਆਲਿਸ੍ਯ ਕਰਮ ॥ ਆਦ੍ਰਿਸ੍ਯ ਧਰਮ ॥ ੧੪. ਸਰਬਾ ਭਰਣਾਢ੍ਯ ॥ ਅਨਡੰਡ ਬਾਢ੍ਯ ॥੯੩॥**

ਪਦ ਅਰਥ—ਆਲਿਸ੍ਯ=ਆਲਸ ਸੰਜੁਗਤ, ਸਹਿਜ ਨਾਲ । ਆਦ੍ਰਿਸ੍ਯ=ਨਾ ਵੇਖਣਾ, ਅਣਡਿੱਠ । ਸਰਬਾ ਭਰਣਾਢ੍ਯ=[ਸਰਬ+ਆਭਰਨ +ਆਢ੍ਯ] ਸਾਰੀ ਸੁੰਦਰਤਾ ਦਾ ਆਸਰਾ । ਬਾਢ੍ਯ=ਵੱਡਾ ।

ਅਰਥ—੧੩. ਉਸ ਦੇ ਸਾਰੇ ਕੰਮ ਸਹਜ ਨਾਲ ਹਨ, ਨਾ ਵੇਖਣਾ ਹੀ ਉਸ ਦਾ ਧਰਮ ਹੈ । ੧੪. ਸਾਰੀਆਂ ਸੁੰਦਰਤਾਈਆਂ ਦਾ ਆਸਰਾ ਹੈ, ਦੰਡ ਤੋਂ ਰਹਿਤ ਅਤੇ ਵੱਡਾ ਹੈ ॥੯੩॥

ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥

**੧. ਗੁਬਿੰਦੇ ॥ ਮੁਕੰਦੇ ॥ ੨ ਉਦਾਰੇ ॥ ਅਪਾਰੇ ॥੯੪॥ ੩. ਹਰੀਅੰ ॥ ਕਰੀਅੰ ॥ ੪. ਨ੍ਰਿਨਾਮੇ ॥ ਅਕਾਮੇ ॥੯੫॥**

ਪਦ ਅਰਥ—ਮੁਕੰਦੇ=ਮੁਕਤੀ ਦਾਤਾ । ਹਰੀਅੰ=ਹਰਨਾ, ਨਾਸ ਕਰਨਾ । ਅਕਾਮ=ਕਾਮਨਾ ਰਹਿਤ ।

ਅਰਥ—੧. ਪ੍ਰਿਥਵੀ ਨੂੰ ਪਾਲਣ ਵਾਲਾ ਹੈ ਮੁਕਤੀ ਦਾਤਾ ਹੈ । ੨. ਦਲੇਰ ਸਖੀ ਹੈ, ਅੰਤ ਤੋਂ ਰਹਿਤ ਹੈ ॥੯੪॥ ੩. ਮਾਰਨ ਵਾਲਾ ਹੈ, ਕਰਨ ਵਾਲਾ ਹੈ । ੪. ਨਾਮ ਤੋਂ ਰਹਿਤ ਹੈ, ਇਛਾ ਤੋਂ ਰਹਿਤ ਹੈ ॥੯੫॥

ਭੁਯੰਗ ਪ੍ਰਯਾਤ ਛੰਦ ॥

**੧. ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥**
**੨ ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥੯੬॥**
**੩. ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥**
**੪. ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥੯੭**

ਅਰਥ—੧. ਚੌਹਾਂ ਕੁੰਟਾਂ ਦੇ ਕਰਨ ਵਾਲਾ ਹੈ, ਚੌਹਾਂ ਕੁੰਟਾਂ ਨੂੰ ਨਾਸ ਕਰਨ ਵਾਲਾ ਹੈ ॥੯੬॥ ੨. ਚੌਹਾਂ ਕੁੰਟਾਂ ਨੂੰ ਦੇਣ ਵਾਲਾ ਹੈ, ਚੌਹਾਂ ਕੁੰਟਾਂ ਦੀ ਜਾਨਣ ਵਾਲਾ ਹੈ। ੩. ਚੌਹਾਂ ਕੁੰਟਾਂ ਵਿਚ ਵਰਤਨ ਵਾਲਾ ਹੈ, ਚੌਹਾਂ ਕੁੰਟਾਂ ਨੂੰ ਭਰਨ ਵਾਲਾ ਹੈ। ੪. ਚੌਹਾਂ ਕੁੰਟਾਂ ਦਾ ਪਾਲਕ ਹੈ, ਚੌਹਾਂ ਕੁੰਟਾਂ ਦੀ ਮੌਤ ਹੈ ॥੯੭॥

**੫. ਚੱਤ੍ਰ ਚੱਕ੍ਰ ਪਾਸੇ ॥ ਚੱਤ੍ਰ ਚੱਕ੍ਰ ਵਾਸੇ ॥**
**੬. ਚੱਤ੍ਰ ਚੱਕ੍ਰ ਮਾਨਯੈ ॥ ਚੱਤ੍ਰ ਚੱਕ੍ਰ ਦਾਨਯੈ ॥੯੮॥**

ਅਰਥ—੫. ਚੌਹਾਂ ਚੱਕਾਂ ਦੇ ਕੋਲ ਹੈ, ਚੌਹਾਂ ਚੱਕਾਂ ਵਿਚ ਵਸਦਾ ਹੈ। ੬. ਚੌਹਾਂ ਚੱਕਾਂ ਵਿਚ ਮੰਨਿਆ ਜਾਂਦਾ ਹੈ, ਚੌਹਾਂ ਚੱਕਾਂ ਨੂੰ ਦੇਣ ਵਾਲਾ ਹੈ ॥੯੮॥

ਚਾਚਰੀ ਛੰਦ ॥

**੧. ਨ ਸੱਤ੍ਰੈ ॥ ਨ ਮਿੱਤ੍ਰੈ ॥ ਨ ਭਰਮੰ ॥ ਨ ਭਿੱਤ੍ਰੈ ॥੯੯॥ ੨. ਨ ਕਰਮੰ ॥ ਨ ਕਾਏ ॥ ਅਜਨਮੰ ॥ ਅਜਾਏ ॥੧੦੦॥ ੩. ਨ ਚਿੱਤ੍ਰੈ ॥**

**ਨ ਮਿੱਤ੍ਰੈ ॥ ਪਰੇ ਹੈਂ ॥ ਪਵਿੱਤ੍ਰੈ ॥੧੦੧॥ ੪. ਪ੍ਰਿਥੀਸੈ ॥ ਅਦੀਸੈ ॥ ਅਦ੍ਰਿਸੈ ॥ ਅਕ੍ਰਿਸੈ ॥੧੦੨॥**

ਪਦ ਅਰਥ—ਭਿੱਤ੍ਰੈ=ਭੈ, ਡਰ। ਅਜਾਏ=ਪੈਦਾ ਹੋਣਾ, ਪੈਦਾਇਸ਼। ਚਿੱਤ੍ਰੈ=ਤਸਵੀਰ। ਪ੍ਰਿਥੀਸੈ=ਪ੍ਰਿਥਵੀ ਦਾ ਮਾਲਕ। ਅਦੀਸੈ=ਦਿਸਦਾ ਨਹੀਂ। ਅਦ੍ਰਿਸੈ=ਅਦ੍ਰਿਸ਼ਟ। ਅਕ੍ਰਿਸੈ=ਕਮਜ਼ੋਰ ਨਹੀਂ।

ਅਰਥ—੧. ਨਾ ਉਸ ਦਾ ਦੁਸ਼ਮਨ ਹੈ, ਨਾ ਦੋਸਤ ਹੈ, ਨਾ ਭਰਮ ਹੈ, ਨਾ ਡਰ ਹੈ ॥੯੯॥ ੨. ਨਾ ਉਸ ਦਾ ਕਰਮ ਹੈ, ਨਾ ਸਰੀਰ ਹੈ, ਨਾ ਜਨਮ ਹੈ, ਨਾ ਪੈਦਾਇਸ਼ ਹੈ ॥੧੦੦॥ ੩. ਨਾ ਉਸ ਦੀ ਤਸਵੀਰ ਹੈ, ਨਾ ਮਿਤ੍ਰ ਹੈ, ਸਭ ਤੋਂ ਪਰੇ ਅਤੇ ਪਵਿਤ੍ਰ ਹੈ ॥੧੦੧॥ ੪. ਪ੍ਰਿਥਵੀ ਦਾ ਮਾਲਕ ਹੈ, ਦਿਸਦਾ ਨਹੀਂ, ਕਿਉਂਕਿ ਵੇਖੇ ਜਾਣ ਵਾਲੀ ਵਸਤੂ ਨਹੀਂ ਅਤੇ ਨਾ ਹੀ ਕਮਜ਼ੋਰ ਹੈ ॥੧੦੨॥

ਭਗਵਤੀ ਛੰਦ ॥ ਤ੍ਵ ਪ੍ਰਸਾਦਿ ਕਥਤੇ ॥
ਛੰਦ ਦਾ ਨਾਮ, ਤੇਰੀ ਕ੍ਰਿਪਾ

**੧. ਕਿ ਆਛਿੱਜ ਦੇਸੈ ॥ ਕਿ ਆਭਿੱਜ ਭੇਸੈ ॥ ੨. ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥੧੦੩॥ ੩. ਕਿ ਆਭਿਜ ਲੋਕੈ ॥ ਕਿ ਆਦਿਤ ਸੋਕੈ ॥ ੪. ਕਿ ਅਵਧੂਤ ਬਰਨੈ ॥ ਕਿ ਬਿਭੂਤ ਕਰਨੈ ॥੧੦੪॥**

ਪਦ ਅਰਥ—ਆਭਿੱਜ=ਨਾ ਭਿਜਨਾ। ਆਦਿੱਤ=ਸੂਰਜ।

ਅਰਥ—੧. ਉਸ ਦਾ ਦੇਸ ਨਾਸ ਤੋਂ ਰਹਿਤ ਹੈ, ਉਹ ਕਿਸੇ ਭੇਸ ਵਿਚ ਭਿਜਦਾ ਵੀ ਨਹੀਂ। ੨. ਉਸ ਦਾ ਕਰਮ ਨਾਸ ਨਹੀਂ ਹੁੰਦਾ, ਉਹ ਭਰਮਾਂ ਨਾਲ ਭਿੱਜਦਾ ਵੀ ਨਹੀਂ ॥੧੦੩॥ ੩. ਉਹ ਜਗਤ ਤੋਂ ਅਲੇਪ ਹੈ, ਉਹ ਸੂਰਜ ਨੂੰ ਸੁਕਾਉਣ ਵਾਲਾ ਹੈ। ੪. ਅਚੱਲ ਰੰਗ ਵਾਲਾ ਹੈ, ਧਨ ਦੌਲਤ ਦਾ ਕਰਤਾ ਹੈ ॥੧੦੪॥

**੫. ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ ਧੁਜਾ ਹੈਂ ॥ ੬. ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥੧੦੫॥ ੭. ਕਿ ਜਗਤੰ ਕ੍ਰਿਤੀ ਹੈਂ ॥ ਕਿ ਛਤ੍ਰੰ ਛਤ੍ਰੀ ਹੈਂ ॥ ੮. ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥੧੦੬॥**

ਪਦ ਅਰਥ—ਪ੍ਰਭਾ=ਸੋਭਾ। ਧੁਜਾ=ਝੰਡਾ, ਨਿਸ਼ਾਨ। ਬ੍ਰਹਮੰ=ਬਿਆਪਕ। ਅਨਭਉ=ਗਿਆਨ। ਅਭਰਨੈ=ਗਹਿਣਾ।

ਅਰਥ—੫. ਰਾਜਿਆਂ ਦੀ ਸੋਭਾ ਹੈ, ਧਰਮ ਦਾ ਝੰਡਾ ਹੈ। ੬. ਸ਼ੋਕ ਤੋਂ ਰਹਿਤ ਹੀ ਉਸ ਦਾ ਰੂਪ ਹੈ, ਸਭ ਦਾ ਗਹਿਣਾ ਹੈ ॥੧੦੫॥ ੭. ਜਗਤ ਦਾ ਕਰਤਾ ਹੈ, ਸੂਰਮਿਆਂ ਦਾ ਸੂਰਮਾ ਹੈ। ੮. ਵਿਆਪਕ ਸਰੂਪ ਹੈ, ਉਪਮਾ ਤੋਂ ਰਹਿਤ ਗਿਆਨ ਰੂਪ ਹੈ ॥੧੦੬॥

**੯. ਕਿ ਆਦਿ ਅਦੇਵ ਹੈਂ ॥ ਕਿ ਆਪਿ ਅਭੇਵ ਹੈਂ ॥ ੧੦. ਕਿ ਚਿੱਤ੍ਰੰ ਬਿਹੀਨੈ ॥ ਕਿ ਏਕੈ ਅਧੀਨੈ ॥੧੦੭॥ ੧੧. ਕਿ ਰੋਜ਼ੀ ਰਜ਼ਾਕੈ ॥ ਰਹੀਮੈ ਰਿਹਾਕੈ ॥ ੧੨. ਕਿ ਪਾਕ ਬਿਐਬ ਹੈਂ ॥**

**ਕਿ ਗੈਬੁਲ ਗੈਬ ਹੈਂ ॥੧੦੮॥**

ਪਦ ਅਰਥ—ਅਦੇਵ=ਦੇਵਤੇ ਰਹਿਤ, ਮਾਲਕ ਤੋਂ ਰਹਿਤ, ਕਰਤਾਰ ਤੋਂ ਵੱਡਾ ਹੋਰ ਕੋਈ ਨਹੀਂ, ਜਿਸਦੀ ਉਹ ਪੂਜਾ ਕਰੇ, ਇਸ ਲਈ ਉਸ ਦਾ ਨਾਮ ਅਦੇਵ ਹੈ। ਰੋਜੀ=ਰਿਜ਼ਕ, ਜੀਵਾਂ ਦੀ ਖੁਰਾਕ। ਰਜਾਕੈ=ਬਖਸ਼ਨ ਵਾਲਾ, ਦੇਣ ਵਾਲਾ। ਰਿਹਾਕੈ=ਰਿਹਾ ਕਰਨ ਵਾਲਾ, ਮੁਕਤ ਕਰਨ ਵਾਲਾ। ਪਾਕ=ਪਵਿੱਤ੍ਰ। ਬਿਐਬ=ਨਿਰਦੋਸ਼। ਗੈਬੁਲ=ਗੁਪਤ।

ਅਰਥ—੯. ਸਭ ਦਾ ਮੁਢ ਤੇ ਅਦੇਵ ਹੈ। ਆਪਣੇ ਭੇਦਾਂ ਤੋਂ ਰਹਿਤ ਹੈ। ੧੦. ਮੂਰਤੀ ਤੋਂ ਵੀ ਰਹਿਤ ਹੈ, ਇਕ ਆਪਣੇ ਹੀ ਅਧੀਨ ਹੈ ॥੧੦੭॥ ੧੧. ਰੋਜ਼ੀ ਬਖਸ਼ਨ ਵਾਲਾ ਹੈ, ਕ੍ਰਿਪਾਲੂ ਤੇ ਰਿਹਾਈ ਦੇਣ ਵਾਲਾ ਹੈ। ੨. ਪਵਿਤ੍ਰ ਤੇ ਨਿਰਦੋਸ਼ ਹੈਂ, ਗੁਪਤ ਹੈਂ ॥੧੦੮॥

**੧੩. ਕਿ ਅਫਵੁਲ ਗੁਨਾਹ ਹੈਂ ॥ ਕਿ ਸ਼ਾਹਾਨ ਸ਼ਾਹ ਹੈਂ ॥ ੧੪. ਕਿ ਕਾਰਨ ਕੁਨਿੰਦ ਹੈਂ ॥ ਕਿ ਰੋਜ਼ੀ ਦਿਹੰਦ ਹੈਂ ॥੧੦੯॥ ੧੫. ਕਿ ਰਾਜ਼ਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥ ੧੬. ਕਿ ਸਰਬੰ ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥੧੧੦॥**

ਪਦ ਅਰਥ—ਕੁਨਿੰਦ=ਕਰਨ ਵਾਲਾ। ਦਿਹੰਦ=ਦੇਣ ਵਾਲਾ। ਅਫਵੁਲ=ਬਖਸ਼ਨ ਵਾਲਾ।

ਅਰਥ—੧੩. ਗੁਨਾਹ ਬਖਸ਼ਨ ਵਾਲਾ ਹੈਂ, ਪਾਤਸ਼ਾਹਾਂ ਦਾ ਪਾਤਸ਼ਾਹ ਹੈਂ। ੧੪. ਕਾਰਨਾਂ ਦੇ ਕਰਨ ਵਾਲਾ ਹੈਂ, ਰੋਜ਼ੀ ਦੇਣ ਵਾਲਾ ਹੈਂ ॥੧੦੯॥ ੧੫. ਰਿਜ਼ਕ ਦੇਣ ਵਾਲਾ ਦਿਆਲੂ ਹੈਂ, ਕਿਰਪਾ ਕਰਨ

ਵਾਲਾ ਕਿਰਪਾਲੂ ਹੈਂ । ੧੬. ਸਾਰੀਆਂ ਕਲਾਂ ਵਾਲਾ ਹੈਂ, ਸਭ ਨੂੰ ਦਲਨ ਵਾਲਾ ਹੈਂ ॥੧੧੦॥

**੧੭. ਕਿ ਸਰਬੱਤ੍ਰ ਮਾਨਿਯੈ ॥ ਕਿ ਸਰਬੱਤ੍ਰ ਦਾਨਿਯੈ ॥ ੧੮. ਕਿ ਸਰਬੱਤ੍ਰ ਗਉਨੈ ॥ ਕਿ ਸਰਬੱਤ੍ਰ ਭਉਨੈ ॥੧੧੧॥ ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥ ੨੦. ਕਿ ਸਰਬੱਤ੍ਰ ਰਾਜੈ ॥ ਕਿ ਸਰਬੱਤ੍ਰ ਸਾਜੈ ॥੧੧੨॥**

ਅਰਥ—੧੭. ਸਾਰੇ ਤੈਨੂੰ ਮੰਨਦੇ ਹਨ, ਸਭਨਾਂ ਦਾ ਤੂੰ ਦਾਤਾ ਹੈਂ। ੧੮. ਸਾਰਿਆਂ ਵਿਚ ਤੂੰ ਗਮਨ ਕਰਦਾ ਹੈਂ, ਤੂੰ ਸਭ ਜਗ੍ਹਾ ਭੌਂਦਾ ਹੈਂ ॥੧੧੧॥ ੧੯. ਸਾਰੇ ਦੇਸ਼ਾਂ ਵਿਚ ਹੈਂ, ਸਾਰੇ ਭੇਸਾਂ ਵਿਚ ਹੈਂ । ੨੦. ਸਭਨਾਂ ਦਾ ਰਾਜਾ ਹੈਂ, ਸਭਨਾਂ ਨੂੰ ਸਾਜਣ ਵਾਲਾ ਹੈਂ ॥੧੧੨॥

**੨੧. ਕਿ ਸਰਬੱਤ੍ਰ ਦੀਨੈ ॥ ਕਿ ਸਰਬੱਤ੍ਰ ਲੀਨੈ ॥ ੨੨. ਕਿ ਸਰਬੱਤ੍ਰ ਜਾਹੋ ॥ ਕਿ ਸਰਬੱਤ੍ਰ ਭਾਹੋ ॥੧੧੩॥ ੨੩. ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥ ੨੪. ਕਿ ਸਰਬੱਤ੍ਰ ਕਾਲੈ ॥ ਕਿ ਸਰਬੱਤ੍ਰ ਪਾਲੈ ॥੧੧੪॥**

ਪਦ ਅਰਥ—ਦੀਨ=ਧਰਮ । ਲੀਨ=ਵਿਆਪਕ । ਜਾਹੋ=ਜਲਾਲ, ਪ੍ਰਤਾਪ । ਭਾਹੋ=ਪ੍ਰਕਾਸ਼ ।

ਅਰਥ—੨੧. ਸਭ ਦਾ ਧਰਮ ਤੇ ਸਭਨਾਂ ਵਿਚ ਵਿਆਪਕ ਹੈ । ੨੨. ਸਭਨਾਂ ਵਿਚ ਉਸ ਦਾ ਜਲਾਲ ਹੈ, ਸਭਨਾਂ ਵਿਚ ਪ੍ਰਕਾਸ਼ ਹੈ ॥੧੧੩॥

੨੩. ਸਾਰੇ ਦੇਸਾਂ ਵਿਚ ਹੈ, ਸਾਰੇ ਭੇਸਾਂ ਵਿਚ ਹੈ। ੨੪. ਸਭਨਾਂ ਨੂੰ ਮਾਰਦਾ ਹੈ, ਸਭਨਾਂ ਨੂੰ ਪਾਲਦਾ ਹੈ ॥੧੧੪॥

**੨੫. ਕਿ ਸਰਬੱਤ੍ਰ ਹੰਤਾ ॥ ਕਿ ਸਰਬੱਤ੍ਰ ਗੰਤਾ ॥ ੨੬. ਕਿ ਸਰਬੱਤ੍ਰ ਭੇਖੀ ॥ ਕਿ ਸਰਬੱਤ੍ਰ ਪੇਖੀ ॥੧੧੫॥ ੨੭. ਕਿ ਸਰਬੱਤ੍ਰ ਕਾਜੈ ॥ ਕਿ ਸਰਬੱਤ੍ਰ ਰਾਜੈ ॥ ੨੮. ਕਿ ਸਰਬੱਤ੍ਰ ਸੋਖੈ ॥ ਕਿ ਸਰਬੱਤ੍ਰ ਪੋਖੈ ॥੧੧੬॥**

ਅਰਥ—੨੫. ਸਭਨਾਂ ਨੂੰ ਮਾਰਦਾ ਹੈ, ਸਭਨਾਂ ਨੂੰ ਜਾਣਦਾ ਹੈ। ੨੬. ਸਾਰੇ ਭੇਖਾਂ ਵਾਲਾ ਹੈ, ਸਭਨਾਂ ਨੂੰ ਵੇਖਣ ਵਾਲਾ ਹੈ ॥੧੧੫॥ ੨੭. ਸਾਰਿਆਂ ਦਾ ਕੰਮ ਹੈ, ਸਭਨਾਂ ਦਾ ਰਾਜਾ ਹੈ। ੨੮. ਸਭਨਾਂ ਨੂੰ ਸੁਕਾਨ ਵਾਲਾ ਹੈ, ਸਭਨਾਂ ਨੂੰ ਭਰਨ ਵਾਲਾ ਹੈ ॥੧੧੬॥

**੨੯. ਕਿ ਸਰਬੱਤ੍ਰ ਤ੍ਰਾਣੈ ॥ ਕਿ ਸਰਬੱਤ੍ਰ ਪ੍ਰਾਣੈ ॥ ੩੦. ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥੧੧੭॥ ੩੧. ਕਿ ਸਰਬੱਤ੍ਰ ਮਾਨਿਯੈਂ ॥ ਸਦੈਵੰ ਪ੍ਰਧਾਨਿਯੈਂ ॥ ੩੨. ਕਿ ਸਰਬੱਤ੍ਰ ਜਾਪਿਯੈ ॥ ਕਿ ਸਰਬੱਤ੍ਰ ਥਾਪਿਯੈ ॥੧੧੮॥**

ਪਦ ਅਰਥ—ਪ੍ਰਧਾਨ=ਮੁਖੀ, ਵੱਡਾ। ਥਾਪਿਯੈ=ਕਾਇਮ ਹੈ।

ਅਰਥ—੨੯. ਸਭਨਾਂ ਦਾ ਜੋਰ ਹੈ, ਸਾਰਿਆਂ ਦਾ ਪ੍ਰਾਣ ਹੈ। ੩੦. ਸਾਰੇ ਦੇਸਾਂ ਵਿਚ ਹੈ, ਸਾਰੇ ਭੇਸਾਂ ਵਿਚ ਹੈ ॥੧੧੭॥ ੩੧. ਸਭਨਾਂ ਵਿਚ

ਮੰਨਿਆ ਜਾਂਦਾ ਹੈ, ਹਮੇਸ਼ਾਂ ਹੀ ਵੱਡਾ ਹੈ। ੩੨. ਸਾਰੇ ਜਪਦੇ ਹਨ, ਸਭ ਜਗ੍ਹਾ ਤੇ ਕਾਇਮ ਹੈ ॥੧੧੮॥

**੩੩. ਕਿ ਸਰਬੱਤ੍ਰ ਭਾਨੈ ॥ ਕਿ ਸਰਬੱਤ੍ਰ ਮਾਨੈ ॥ ੩੪. ਕਿ ਸਰਬੱਤ੍ਰ ਇੰਦ੍ਰੈ ॥ ਕਿ ਸਰਬੱਤ੍ਰ ਚੰਦ੍ਰੈ ॥੧੧੯॥ ੩੫. ਕਿ ਸਰਬੰ ਕਲੀਮੈ ॥ ਕਿ ਪਰਮੰ ਫ਼ਹੀਮੈ ॥ ੩੬. ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥੧੨੦॥**

ਪਦ ਅਰਥ—ਭਾਨ=ਮਲੂਮ ਹੋਣਾ। ਇੰਦ੍ਰ=ਰਾਜਾ। ਚੰਦ੍ਰ=ਪਿਆਰਾ। ਕਲੀਮੈ=ਬੋਲਣਾ। ਫਹੀਮੈ=ਸਮਝ। ਆਕਲ=ਦਾਨਾ। ਅਲਾਮੈ=ਆਲਮ, ਵਿਦਵਾਨ। ਕਲਾਮ=ਬਾਣੀ, ਬੋਲੀ।

ਅਰਥ—੩੩. ਸਭ ਜਗ੍ਹਾ ਮਲੂਮ ਹੁੰਦਾ ਹੈ, ਸਭਨਾਂ ਵਿਚ ਮਾਨ ਪਾਉਂਦਾ ਹੈ। ੩੪. ਸਭ ਦਾ ਰਾਜਾ ਹੈ, ਸਭਨਾਂ ਦਾ ਪਿਆਰਾ ਹੈ ॥੧੧੯॥ ੩੫. ਸਭਨਾਂ ਬੋਲੀਆਂ ਵਾਲਾ ਅਤੇ ਵੱਡੀ ਸਮਝ ਵਾਲਾ ਹੈ। ੩੬. ਅਕਲ ਵਾਲਾ ਵਿਦਵਾਨ ਹੈ ਅਤੇ ਬੋਲੀਆਂ ਦਾ ਮਾਲਕ ਹੈ ॥੧੨੦॥

**੩੭. ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥ ੩੮. ਹਮੇਸੁਲ ਸਲਾਮੈਂ ॥ ਸਲੀਖਤ ਮੁਦਾਮੈਂ ॥੧੨੧॥ ੩੯. ਗ਼ਨੀਮੁਲ ਸ਼ਿਕਸਤੈ ਗ਼ਰੀਬੁਲ ਪਰਸਤੈ ॥ ੪੦. ਬਿਲੰਦੁਲ ਮਕਾਨੈਂ ॥ ਜ਼ਮੀਨੁਲ ਜ਼ਮਾਨੈਂ ॥੧੨੨॥**

ਪਦ ਅਰਥ—ਵਜੂ=ਸਰੂਪ । ਰੁਜੂ=ਧਿਆਨ ਕਰਨਾ । ਸਲਾਮੈ=ਸਲਾਮਤ, ਕਾਇਮ । ਸਲੀਖਤ=ਔਲਾਦ ਵਾਲਾ । ਗਨੀਮੁਲ=ਲੁਟੇਰੇ । ਸ਼ਿਕਸਤੈ=ਸ਼ਿਕਸਤ ਦੇਣੀ, ਹਰਾ ਦੇਣਾ । ਪਰਸਤੈ=ਸਰਪਰਸਤੀ ਕਰਨੀ, ਪਾਲਣਾ ਕਰਨੀ । ਬਿਲੰਦੁਲ=ਬਹੁਤ ਉੱਚੀ । ਜ਼ਮੀਨੁਲ=ਧਰਤੀ । ਜ਼ਮਾਨੈਂ=ਆਕਾਸ਼ ।

ਅਰਥ—੩੭. ਸੁੰਦਰ ਰੂਪ ਵਾਲਾ ਹੈ, ਸਾਰਿਆਂ ਵਲ ਗਹੁ ਕਰਦਾ ਹੈ । ੩੮. ਸਦਾ ਹੀ ਕਾਇਮ ਹੈ, ਹਮੇਸ਼ਾਂ ਹੀ ਔਲਾਦ ਵਾਲਾ ਹੈ ॥੧੨੧॥ ੩੯. ਲੁਟੇਰਿਆਂ ਜ਼ਾਲਮਾਂ ਨੂੰ ਹਰਾ ਦੇਣ ਵਾਲਾ ਹੈ, ਗਰੀਬਾਂ ਨੂੰ ਪਾਲਣ ਵਾਲਾ ਹੈ । ੪੦. ਉਚੇ ਮਕਾਨ ਵਾਲਾ ਹੈ, ਧਰਤੀ ਤੇ ਆਸਮਾਨ ਵਿਚ ਹੈ ॥੧੨੨॥

**੪੧. ਤਮੀਜ਼ੁਲ ਤਮਾਮੈਂ ॥ ਰੁਜੂਅਲ ਨਿਧਾਨੈ ॥ ੪੨. ਹਰੀਫੁਲ ਅਜੀਮੈਂ ॥ ਰਜ਼ਾਇਕ ਯਕੀਨੈਂ ॥੧੨੩॥ ੪੩. ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥ ੪੪. ਅਜ਼ੀਜ਼ੁਲ ਨਿਵਾਜ਼ ਹੈਂ ॥ ਗ਼ਨੀਮੁਲ ਖ਼ਿਰਾਜ ਹੈਂ ॥੧੨੪॥**

ਪਦ ਅਰਥ—ਤਮੀਜੁਲ=ਤਮੀਜ਼, ਪਛਾਣ ਕਰਨ ਵਾਲਾ । ਹਰੀਫ=ਤੇਜ਼ ਸੁਭਾਵ ਵਾਲਾ । ਅਜੀਮੈਂ=ਵੱਡਾ । ਰਜਾਇਕ=ਰਿਜ਼ਕ ਦੇਣ ਵਾਲਾ । ਅਜੀਜੁਲ=ਗਰੀਬਾਂ, ਪਿਆਰਿਆਂ । ਖਿਰਾਜ=ਖਾਰਜ ਕਰਨਾ, ਕੱਢਣਾ ।

ਅਰਥ—੪੧. ਸਾਰਿਆਂ ਦੀ ਪਛਾਣ ਕਰਨ ਵਾਲਾ ਹੈ, ਗਹੁ ਕਰਨ ਦਾ ਤਾਂ ਸਮੁੰਦਰ ਹੈ । ੪੨. ਵੱਡੇ ਤੇਜ ਸੁਭਾਵ ਵਾਲਾ ਹੈ, ਨਿਸਚੇ ਹੀ ਰੋਜ਼ੀ ਦਾਤਾ ਹੈ ॥੧੨੩॥ ੪੩. ਅਨੇਕਾਂ ਲਹਿਰਾਂ ਵਾਲਾ ਹੈ, ਭੇਦ ਤੋਂ ਰਹਿਤ ਹੈ, ਨਾਸ ਤੋਂ ਰਹਿਤ ਹੈ । ੪੪. ਪਿਆਰੇ ਭਗਤਾਂ ਨੂੰ ਵਡਿਆਉਣ

ਵਾਲਾ ਹੈ, ਜ਼ਾਲਮਾਂ ਨੂੰ ਤਬਾਹ ਕਰਨ ਵਾਲਾ ਹੈ ॥੧੨੪॥

**੪੫. ਨਿਰੁਕਤ ਸਰੂਪ ਹੈਂ ॥ ਤ੍ਰਿਮੁਕਤਿ ਬਿਭੂਤ ਹੈਂ ॥ ੪੬. ਪ੍ਰਭੁਗਤਿ ਪ੍ਰਭਾ ਹੈਂ ॥ ਸੁ ਜੁਗਤਿ ਸੁਧਾ ਹੈਂ ॥੧੨੫॥ ੪੭. ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥ ੪੮. ਸਮਸਤੋ ਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥੧੨੬॥**

ਪਦ ਅਰਥ—ਨਿਰੁਕਤ=ਕਹਿਣ ਤੋਂ ਰਹਿਤ । ਤ੍ਰਿਮੁਕਤਿ=ਤਿੰਨ ਤਾਪਾਂ ਤੋਂ ਮੁਕਤਿ ॥ ਪ੍ਰ+ਭੁਗਤਿ=ਖੁਰਾਕ ਤੋਂ ਪਰੇ । ਸਮਸਤ+ਓਪ=ਸਭ ਦੇ ਉਪਰ । ਰਾਜ=ਬਿਰਾਜਨਾ ।

ਅਰਥ—੪੫. ਨਾ ਕਹੇ ਜਾਣ ਵਾਲੇ ਸਰੂਪ ਵਾਲਾ ਹੈ, ਤਿੰਨਾਂ ਤਾਪਾਂ ਤੋਂ ਰਹਿਤ ਅਤੇ ਦੌਲਤਵੰਦ । ੪੬. ਖੁਰਾਕ ਤੋਂ ਪਰੇ ਸੋਭਾ ਵਾਲਾ ਹੈ, ਚੰਗੀ ਜੁਗਤੀ ਵਾਲਾ ਅੰਮ੍ਰਿਤ ਰੂਪ ਹੈ ॥੧੨੫॥ ੪੭. ਹਮੇਸ਼ਾਂ ਹੀ ਸਰੂਪਵਾਨ ਹੈ, ਭੇਦ ਤੋਂ ਰਹਿਤ ਤੇ ਉਪਮਾ ਤੋਂ ਪਰੇ ਹੈ । ੪੮. ਸਭਨਾਂ ਦੇ ਉਪਰ ਬਿਰਾਜਦਾ ਹੈ, ਹਮੇਸ਼ਾਂ ਸਭਨਾਂ ਨੂੰ ਬਣਾ ਰਿਹਾ ਹੈ ॥੧੨੬॥

**੪੯. ਸਮਸਤੁਲ ਸਲਾਮ ਹੈਂ ॥ ਸਦੈਵਲ ਅਕਾਮ ਹੈਂ ॥ ੫੦. ਨ੍ਰਿਬਾਧ ਸਰੂਪ ਹੈਂ ॥ ਅਗਾਧ ਹੈਂ ਅਨੂੰਪ ਹੈਂ ॥੧੨੭॥ ੫੧. ਓਅੰ ਆਦਿ ਰੂਪੇ ॥ ਅਨਾਦਿ ਸਰੂਪੈ ॥ ੫੨. ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ**

**॥੧੨੮॥**

ਪਦ ਅਰਥ—ਓਅੰ=ਰਖਿਆ ਕਰਨ ਵਾਲਾ ।

ਅਰਥ—੪੯. ਹਮੇਸ਼ਾਂ ਹੀ ਸਲਾਮਤ ਹੈ । ਸਦਾ ਹੀ ਕਾਮਨਾ ਤੋਂ ਰਹਿਤ ਹੈ । ੫੦. ਨਾਸ ਤੋਂ ਰਹਿਤ ਰੂਪ ਵਾਲਾ ਹੈ, ਅਥਾਹ ਤੇ ਉਪਮਾ ਤੋਂ ਪਰੇ ਹੈ ॥੧੨੭॥ ੫੧. ਰਖਿਆ ਕਰਨ ਵਾਲਾ ਤੇ ਸਾਰੇ ਰੂਪਾਂ ਦਾ ਮੁਢ ਹੈ ਉਸ ਦੇ ਆਪਣੇ ਰੂਪ ਦਾ ਮੁੱਢ ਨਹੀਂ ਹੈ । ੫੨. ਸਰੀਰ ਅਤੇ ਨਾਮ ਤੋਂ ਰਹਿਤ ਹੈ, ਤਿੰਨਾਂ ਤਾਪਾਂ ਦਾ ਨਾਸਕ ਅਤੇ ਤਿੰਨਾਂ ਲੋਕਾਂ ਦੀ ਕਾਮਨਾ ਪੂਰੀ ਕਰਦਾ ਹੈ ॥੧੨੮॥

**੫੩. ਤ੍ਰਿਬਰਗੰ ਤ੍ਰਿਬਾਧੇ ॥ ਅਗੰਜੇ ਅਗਾਧੇ ॥ ੫੪. ਸੁਭੰ ਸਰਬ ਭਾਗੇ ॥ ਸੁ ਸਰਬਾ ਅਨੁਰਾਗੇ ॥੧੨੯॥ ੫੫. ਤ੍ਰਿਭੁਗਤ ਸਰੂਪ ਹੈਂ ॥ ਅਛਿੱਜ ਹੈਂ ਅਛੂਤ ਹੈਂ ॥ ੫੬. ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥੧੩੦॥**

ਅਰਥ—੫੩. ਤਿੰਨਾਂ ਗੁਣਾਂ ਤੇ ਤਿੰਨਾਂ ਕਾਲਾਂ ਨੂੰ ਨਾਸ ਕਰਨ ਵਾਲਾ ਹੈ, ਉਹ ਖੁਦ ਆਪ ਨਾਸ ਨ ਹੋਣ ਵਾਲਾ ਡੂੰਘਾ ਹੈ । ੫੪. ਚੰਗਾ ਹੈ ਸਭ ਦੀ ਕਿਸਮਤ ਹੈ ਅਤੇ ਸਭਨਾਂ ਨਾਲ ਪ੍ਰੇਮ ਕਰਦਾ ਹੈ ॥੧੨੯॥ ੫੫. ਤਿੰਨੇ ਲੋਕ ਉਸ ਦੇ ਸਰੂਪ ਨੂੰ ਭੋਗਦੇ ਹਨ ਅਰਥਾਤ ਤਿੰਨੇ ਲੋਕ ਉਸ ਦੇ ਸਰੂਪ ਦਾ ਧਿਆਨ ਧਰਦੇ ਹਨ, ਉਸ ਦਾ ਸਰੂਪ ਨਾ ਨਾਸ ਹੁੰਦਾ ਤੇ ਨਾ ਭਿਟਦਾ ਹੈ । ੫੬. ਸਾਰੇ ਨਰਕਾਂ ਦਾ ਨਾਸ਼ਕ ਹੈ ਅਤੇ ਪ੍ਰਿਥਵੀ ਉਪਰ ਹੀ ਵੱਸਦਾ ਹੈ ॥੧੩੦॥

**੫੭. ਨਿਰੁਕਤਿ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥**

**੫੮. ਬਿਭੁਗਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੧॥ ੫੯. ਨਿਰੁਕਤਿ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥ ੬੦. ਅਨਉਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੨॥**

ਅਰਥ—੫੭. ਨਾ ਕਹੀ ਜਾਣ ਵਾਲੀ ਸਭਾ ਵਾਲਾ ਹੈ, ਨਿਤ ਹੈ, ਨਿਤ ਹੈ । ੫੮. 'ਨਾ ਭੋਗੇ ਜਾਣਾ ਹੀ' ਉਸ ਦਾ ਸਰੂਪ ਹੈ, ਉਪਮਾ ਤੋਂ ਰਹਿਤ ਚੰਗੀ ਜੁਗਤੀ ਵਾਲਾ ਹੈ ॥੧੩੧॥ ੫੯. ਹਮੇਸ਼ਾਂ ਹੀ ਕਹਿਣ ਤੋਂ ਰਹਿਤ ਹੈ, ਨਾ ਭੋਗੇ ਜਾਣ ਵਾਲੀ ਸੋਭਾ ਵਾਲਾ ਹੈ । ੬੦. 'ਕਥਨੀ ਤੋਂ ਰਹਿਤ' ਹੀ ਉਸ ਦਾ ਸਰੂਪ ਹੈ, ਉਪਮਾ ਤੋਂ ਰਹਿਤ ਭਲੀ ਤਰ੍ਹਾਂ ਜਗਤ ਨਾਲ ਜੁੜਿਆ ਹੈ ॥੧੩੨॥

ਚਾਚਰੀ ਛੰਦ ॥

**੧. ਅਭੰਗ ਹੈਂ ॥ ਅਨੰਗ ਹੈਂ ॥ ੨. ਅਭੇਖ ਹੈਂ ॥ ਅਲੇਖ ਹੈਂ ॥੧੩੩॥ ੩. ਅਭਰਮ ਹੈਂ ॥ ਅਕਰਮ ਹੈਂ ॥ ੪. ਅਨਾਦਿ ਹੈਂ ॥ ਜੁਗਾਦਿ ਹੈਂ ॥੧੩੪॥**

ਅਰਥ—੧. ਨਾਸ ਤੋਂ ਰਹਿਤ ਹੈਂ, ਸਰੀਰ ਤੋਂ ਰਹਿਤ ਹੈ । ੨. ਭੇਖ ਤੋਂ ਰਹਿਤ ਹੈ, ਲੇਖੇ ਤੋਂ ਬਾਹਰ ਹੈ ॥੧੩੩॥ ੩. ਭਰਮ ਤੋਂ ਰਹਿਤ ਹੈ, ਕਰਮ ਤੋਂ ਰਹਿਤ ਹੈ । ੪. ਮੁਢ ਤੋਂ ਰਹਿਤ ਹੈ, ਦੋਹਾਂ ਦਾ ਮੁਢ ਹੈ, ਅਰਥਾਤ ਇਸਤਰੀ ਪੁਰਸ਼ ਜਾਂ ਜੀਵ ਪ੍ਰਕ੍ਰਿਤੀ ਦਾ ਕਾਰਨ ਹੈਂ ॥੧੩੪॥

**੫. ਅਜੈ ਹੈਂ ॥ ਅਬੈ ਹੈਂ ॥ ੬. ਅਭੂਤ ਹੈਂ ॥ ਅਧੂਤ ਹੈਂ ॥੧੩੫॥ ੭. ਅਨਾਸ ਹੈਂ ॥ ਉਦਾਸ ਹੈਂ ॥ ੮. ਅਧੰਧ ਹੈਂ ॥ ਅਬੰਧ ਹੈਂ ॥੧੩੬॥**

ਅਰਥ—੫. ਜਿਤਿਆ ਨਹੀਂ ਜਾਂਦਾ ਹੈ, ਪਾੜਿਆ ਨਹੀਂ ਜਾਂਦਾ ਹੈ। ੬. ਤੱਤਾਂ ਤੋਂ ਰਹਿਤ ਹੈ, ਕੰਬਦਾ ਨਹੀਂ ਹੈ ॥੧੩੫॥ ੭. ਨਾਸ ਨਹੀਂ ਹੁੰਦਾ ਹੈ, ਸੰਸਾਰਕ ਰਸਮਾਂ ਤੋਂ ਉਦਾਸ ਹੈ। ੮. ਧੰਧਿਆਂ ਤੋਂ ਰਹਿਤ ਹੈ, ਬੰਧਨਾਂ ਤੋਂ ਪਰੇ ਹੈ ॥੧੩੬॥

**੯. ਅਭਗਤ ਹੈਂ ॥ ਬਿਰਕਤ ਹੈਂ ॥ ੧੦. ਅਨਾਸ ਹੈਂ ॥ ਪ੍ਰਕਾਸ ਹੈਂ ॥੧੩੭॥ ੧੧. ਨਿਚਿੰਤ ਹੈਂ ॥ ਸੁਨਿੰਤ ਹੈਂ ॥ ੧੨. ਅਲਿੱਖ ਹੈਂ ॥ ਅਦਿੱਖ ਹੈਂ ॥੧੩੮॥**

ਅਰਥ—੯. ਤੂੰ ਕਿਸੇ ਦੀ ਭਗਤੀ ਨਹੀਂ ਕਰਦਾ ਹੈਂ, ਸੰਸਾਰ ਦੇ ਮੋਹ ਤੋਂ ਪਰੇ ਹੈਂ। ੧੦. ਨਾਸ ਨਹੀਂ ਹੁੰਦਾ ਹੈਂ। ਪ੍ਰਕਾਸ਼ ਰੂਪ ਹੈਂ ॥੧੩੭॥ ੧੧. ਚਿੰਤਾ ਤੋਂ ਰਹਿਤ ਹੈਂ, ਹਮੇਸ਼ਾਂ ਰਹਿਣ ਵਾਲਾ ਹੈਂ। ੧੨. ਲੇਖੇ ਵਿਚ ਨਹੀਂ ਹੈਂ, ਦਿਸਦਾ ਨਹੀਂ ਹੈਂ ॥੧੩੮॥

**੧੩. ਅਲੇਖ ਹੈਂ ॥ ਅਭੇਖ ਹੈਂ ॥ ੧੪. ਅਢਾਹ ਹੈਂ ॥ ਅਗਾਹ ਹੈਂ ॥੧੩੯॥ ੧੫. ਅਸੰਭ ਹੈਂ ॥ ਅਗੰਭ ਹੈਂ ॥ ੧੬. ਅਨੀਲ ਹੈਂ ॥ ਅਨਾਦਿ ਹੈਂ ॥੧੪੦॥**

ਪਦ ਅਰਥ—ਗਾਹ=ਗਾਹੁਣਾ, ਵਿਚਾਰਨਾ । ਅਗੰਭ=ਅਚੱਲ ।

ਅਰਥ—੧੩. ਹਿਸਾਬ ਤੋਂ ਪਰੇ ਹੈ, ਭੇਖਾਂ ਤੋਂ ਬਾਹਰ ਹੈ । ੧੪. ਢਹਿੰਦਾ ਨਹੀਂ ਹੈ, ਵਿਚਾਰ ਤੋਂ ਪਰੇ ਹੈ ॥੧੩੯॥ ੧੫. ਆਪਣੇ ਆਪ ਤੋਂ ਹੈ, ਅਚੱਲ ਹੈ । ੧੬. ਗਿਣਤੀ ਤੋਂ ਰਹਿਤ ਹੈ, ਮੁਢ ਤੋਂ ਬਿਨਾਂ ਹੈ ॥੧੪੦॥

**੧੭. ਅਨਿੱਤ ਹੈਂ ॥ ਸੁ ਨਿੱਤ ਹੈਂ ॥ ੧੮. ਅਜਾਤ ਹੈਂ ॥ ਅਜਾਦ ਹੈਂ ॥੧੪੧॥**

ਪਦ ਅਰਥ—ਅਨਿਤ=ਅਦਭੁਤ ।

ਅਰਥ—੧੭. ਅਚਰਜ ਰੂਪ ਹੈ, ਹਮੇਸ਼ਾਂ ਹੈ । ੧੮. ਜਾਤਾਂ ਤੋਂ ਬਾਹਰ ਹੈ, ਸੁਤੰਤਰ ਹੈ ॥੧੪੧॥

ਚਰਪਟ ਛੰਦ ॥ ਤ੍ਵ ਪ੍ਰਸਾਦਿ ॥

**੧. ਸਰਬੰ ਹੰਤਾ ॥ ਸਰਬੰ ਗੰਤਾ ॥ ੨. ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥ ੩. ਸਰਬੰ ਹਰਤਾ ॥ ਸਰਬੰ ਕਰਤਾ ॥ ੪. ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੧੪੩॥**

ਪਦ ਅਰਥ—ਗੰਤਾ=ਗਾਤ, ਸਰੀਰ । ਖਿਆਤਾ=ਪ੍ਰਸਿਧ ।

ਅਰਥ—੧. ਸਭ ਨੂੰ ਮਾਰਦਾ ਹੈ, ਸਾਰੇ ਸਰੀਰਾਂ ਵਿਚ ਹੈ । ੨. ਸਾਰਿਆਂ ਵਿਚ ਪ੍ਰਸਿਧ ਹੈ, ਸਭਨਾਂ ਨੂੰ ਜਾਣਦਾ ਹੈ ॥੧੪੨॥ ੩. ਸਭਨਾਂ ਨੂੰ ਮਾਰਨ ਵਾਲਾ ਹੈ, ਸਭਨਾਂ ਨੂੰ ਬਣਾਉਣ ਵਾਲਾ ਹੈ । ੪. ਸਾਰਿਆਂ ਦੀ ਜਿੰਦ ਹੈ, ਸਾਰਿਆਂ ਦਾ ਜ਼ੋਰ ਹੈ ॥੧੪੩॥

**੫. ਸ਼ਰਬੰ ਕਰਮੰ ॥ ਸਰਬੰ ਧਰਮੰ ॥ ੬. ਸਰਬੰ ਜੁਗਤਾਂ ॥ ਸਰਬੰ ਮੁਕਤਾ ॥੧੪੪॥**

ਅਰਥ—੫. ਸਾਰਿਆਂ ਦਾ ਕੰਮ ਹੈ, ਸਾਰਿਆਂ ਦਾ ਧਰਮ ਹੈ । ੬. ਸਭਨਾਂ ਨਾਲ ਜੁੜਿਆ ਹੈ, ਸਭਨਾਂ ਤੋਂ ਅਲੱਗ ਹੈ ॥੧੪੪॥

ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥

**੧. ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥ ੨. ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥ ੩. ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥ ੪. ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੧੪੬॥**

ਅਰਥ—੧. ਨਰਕਾਂ ਨੂੰ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ, ਜੋ ਹਮੇਸ਼ਾਂ ਹੀ ਪ੍ਰਕਾਸ਼ ਰੂਪ ਹੈ । ੨. ਸਰੀਰ ਤੋਂ ਰਹਿਤ ਹੀ ਉਸ ਦਾ ਸਰੂਪ ਹੈ, ਨਾਸ ਨਾ ਹੋਣ ਵਾਲੀ ਉਸ ਦੀ ਦੌਲਤ ਹੈ ॥੧੪੫॥ ੩. ਦੁਖ ਦਾਤਿਆਂ ਨੂੰ ਦੁਖ ਦੇਣ ਵਾਲਾ ਹੈ, ਹਮੇਸ਼ਾਂ ਹੀ ਸਭਨਾਂ ਦੇ ਨਾਲ ਵਸਦਾ ਹੈ । ੪. ਅਪਾਰ ਰੂਪ ਵਾਲਾ ਹੈ ਅਤੇ ਮਾਇਆ ਦੇ ਬੰਧਨਾਂ ਤੋਂ ਰਹਿਤ ਹੈ ॥੧੪੬॥

**੫. ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥ ੬. ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥੧੪੭॥ ੭. ਨ ਪੋਤ੍ਰੈ ਨ ਪੁਤ੍ਰੈ ॥ ਨ ਸੱਤ੍ਰੈ ਨ ਮਿਤ੍ਰੈ ॥ ੮. ਨ ਤਾਤੈ ਨ ਮਾਤੈ ॥ ਨ ਜਾਤੈ**

## ਨ ਪਾਤੈ ॥੧੪੮॥

ਅਰਥ—੮. ਅੰਗਾਂ ਅਤੇ ਨਾਮ ਤੋਂ ਰਹਿਤ ਹੈ, ਤਿੰਨਾਂ ਤਾਪਾਂ ਦਾ ਨਾਸਕ ਤੇ ਤਿੰਨਾਂ ਲੋਕਾਂ ਦੀ ਕਾਮਨਾ ਪੂਰਨ ਕਰਨ ਵਾਲਾ ਹੈ। ੬. ਨਾਸ ਤੋਂ ਰਹਿਤ ਸਰੂਪ ਵਾਲਾ ਅਤੇ ਸਾਰੇ ਅੰਗਾਂ ਕਰਕੇ ਉਪਮਾ ਤੋਂ ਪਰੇ ਹੈ ॥੧੪੭॥ ੭. ਨਾ ਉਸ ਦਾ ਪੋਤ੍ਰਾ ਹੈ, ਨਾ ਪੁਤ੍ਰ ਹੈ, ਨਾ ਕੋਈ ਦੁਸ਼ਮਣ ਹੈ, ਨਾ ਦੋਸਤ ਹੈ। ਨਾ ਪਿਉ ਹੈ, ਨਾ ਮਾਂ ਹੈ, ਨਾ ਜ਼ਾਤ ਹੈ, ਨ ਬਿਰਾਦਰੀ ਹੈ ॥੧੪੮॥

## ੯. ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥ ੧੦. ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੧੪੯॥

ਅਰਥ—੯. ਨਾ ਕੋਈ ਉਸ ਦਾ ਸਾਕ ਹੈ, ਨਾ ਸ਼ਰੀਕ ਹੈ, ਇਹ ਹਿਸਾਬ ਹੀ ਡੂੰਘਾ ਹੈ। ੧੦. ਹਮੇਸ਼ਾ ਹੀ ਸ਼ੋਭਾ ਵਾਲਾ ਹੈ, ਨਾ ਜਿਤੇ ਜਾਣ ਵਾਲਾ ਜਨਮ ਤੋਂ ਰਹਿਤ ਹੈ ॥੧੪੯॥

ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥

## ੧. ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥ ੨. ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥ ੩. ਕਿ ਸਾਹਿਬ ਦਿਮਾ.ਗ ਹੈਂ ॥ ਕਿ ਹੁਸਨਲ ਚਰਾ.ਗ ਹੈਂ ॥ ੪. ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ

**ਹੈਂ ॥੧੫੧॥**

ਅਰਥ—੧. ਪ੍ਰਗਟ ਪਸਾਰੇ ਵਾਲਾ ਹੈ, ਨੇੜੇ ਤੋਂ ਨੇੜੇ ਹੈ। ੨. ਹਮੇਸ਼ਾ ਹੀ ਕਾਇਮ ਹੈ, ਸਭ ਕੁਝ ਬੋਲਣ ਵਾਲਾ ਹੈ ॥੧੫੦॥ ੩. ਅਕਲ ਦਾ ਸਮੁੰਦਰ ਹੈ, ਸੁੰਦਰਤਾਈ ਦਾ ਦੀਵਾ ਹੈ। ੪. ਵਡਾ ਬਖਸ਼ਿੰਦ ਹੈ ਅਤੇ ਰੋਜ਼ੀ ਦਾਤਾ ਦਿਆਲੂ ਹੈ ॥੧੫੧॥

**੫. ਕਿ ਰੋਜ਼ੀ ਦਿਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥ ੬. ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੨॥ ੭. ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ਼ ਹੈਂ ॥ ੮. ਹਰੀਫ਼ੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥੧੫੩॥**

ਪਦ ਅਰਥ—ਜਮਾਲ=ਸੁੰਦਰ। ਹਰੀਫ਼ੁਲ=ਧਰਮ ਵਿਰੋਧੀ। ਸ਼ਿਕੰਨ= ਤੋੜਨਾ। ਹਿਰਾਸ=ਡਰ। ਫਿਕੰਨ=ਪਰੇ ਸੁਟਣਾ।

ਅਰਥ—੫. ਰੋਜ਼ੀ ਦੇਣ ਵਾਲਾ ਹੈ, ਰਿਜ਼ਕ ਤੇ ਰਿਹਾਈ ਦਾ ਦਾਤਾ ਹੈ। ੭. ਵਡਾ ਬਖਸ਼ਿੰਦ ਹੈ, ਸੁੰਦਰਤਾ ਦੀ ਸੁੰਦਰਤਾ ਹੈ ॥੧੫੨॥ ੭. ਜ਼ਾਲਮਾਂ ਨੂੰ ਕੱਢ ਦੇਣ ਵਾਲਾ ਹੈ, ਗਰੀਬਾਂ ਨੂੰ ਵਡਿਆਈ ਦੇਣ ਵਾਲਾ ਹੈ। ੮. ਧਰਮ ਵਿਰੋਧੀਆਂ ਨੂੰ ਤੋੜਦਾ ਹੈ, ਡਰ ਨੂੰ ਦੂਰ ਕਰਦਾ ਹੈ ॥੧੫੩॥

**੯. ਕਲੰਕੰ ਪ੍ਰਣਾਸ ਹੈਂ ॥ ਸਮਸਤੁਲ ਨਿਵਾਸ ਹੈਂ ॥੧੦. ਅਗੰਜੁਲ ਗਨੀਮ ਹੈਂ ॥ ਰਜਾਇਕ ਰਹੀਮ ਹੈਂ ॥੧੫੪॥ ੧੧. ਸਮਸਤੁਲ ਜੁਬਾਂ**

**ਹੈਂ ॥ ਕਿ ਸਾਹਿਬ ਕਿਰਾਂ ਹੈਂ ॥ ੧੨. ਕਿ ਨਰਕੰ ਪ੍ਰਣਾਸ ਹੈਂ ॥ ਬਹਿਸਤੁਲ ਨਿਵਾਸ ਹੈਂ ॥੧੫੫॥**

ਪਦ ਅਰਥ—ਅਗੰਜੁਲ=ਨਾ ਨਾਸ । ਗਨੀਮ=ਵੈਰੀ । ਜ਼ੁਬਾ=ਜ਼ੁਬਾਨ । ਕਿਰਾ=ਜ਼ਬਰ, ਸਖਤ ।

ਅਰਥ—੯. ਕਲੰਕ ਨੂੰ ਨਾਸ ਕਰਦਾ ਹੈ, ਸਭਨਾਂ ਵਿਚ ਵਸਦਾ ਹੈ। ੧੦. ਵੈਰੀ ਉਸ ਨੂੰ ਨਾਸ ਨਹੀਂ ਕਰ ਸਕਦੇ, ਰਿਜ਼ਕ ਦਾਤਾ ਦਿਆਲੂ ਹੈ ॥੧੫੪॥ ੧੧. ਸਾਰਿਆਂ ਦੀ ਜੀਭ ਹੈ, ਸਖਤੀ ਦਾ ਮਾਲਕ ਹੈ । ੧੨. ਨਰਕਾਂ ਦਾ ਨਾਸਕ ਹੈ, ਬਹਿਸਤ ਵਿਚ ਵੱਸਣ ਵਾਲਾ ਹੈ ॥੧੫੫॥

**੧੩. ਕਿ ਸਰਬੁਲ ਗਵੰਨ ਹੈਂ ॥ ਹਮੇਸੁਲ ਰਵੰਨ ਹੈਂ ॥ ੧੪. ਤਮਾਮੁਲ ਤਮੀਜ ਹੈਂ ॥ ਸਮਸਤੁਲ ਅਜੀਜ ਹੈਂ ॥੧੫੬॥ ੧੫. ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸ ਹੈਂ ॥ ੧੬. ਅਦੇਸੁਲ ਅਲੇਖ ਹੈਂ ॥ ਹਮੇਸੁਲ ਅਭੇਖ ਹੈਂ ॥੧੫੭॥**

ਅਰਥ—੧੩. ਸਭ ਜਗ੍ਹਾ ਜਾਣ ਵਾਲਾ ਹੈ ਹਮੇਸ਼ਾ ਹੀ ਸਭਨਾਂ ਵਿਚ ਰਵਿਆ ਰਹਿੰਦਾ ਹੈ । ੧੪. ਸਾਰਿਆਂ ਦੀ ਤਮੀਜ਼ ਕਰਦਾ ਹੈ, ਸਭਨਾਂ ਦਾ ਪਿਆਰਾ ਹੈ ॥੧੫੬॥ ੧੫. ਵੱਡਿਆਂ ਤੋਂ ਵੱਡਾ ਈਸ਼ਵਰ ਹੈ, ਸਾਰਿਆਂ ਤੋਂ ਅਣਡਿੱਠ ਹੈ । ੧੬. ਦੇਸ਼ਾਂ ਤੇ ਲੇਖੇ ਤੋਂ ਰਹਿਤ ਹੈ, ਹਮੇਸ਼ਾਂ ਹੀ ਭੇਖਾਂ ਤੋਂ ਬਾਹਰ ਹੈ ॥੧੫੭॥

**੧੭. ਜ਼ਿਮੀਨੁਲ ਜ਼ਮਾ ਹੈਂ ॥ ਅਮੀਕੁਲ ਇਮਾ ਹੈਂ ॥ ੧੮. ਕਰੀਮੁਲ ਕਮਾਲ ਹੈਂ ॥ ਕਿ ਜੁਰਅਤਿ ਜਮਾਲ ਹੈਂ ॥੧੫੮॥ ੧੯. ਕਿ ਅਚਲੰ ਪ੍ਰਕਾਸ ਹੈਂ ॥ ਕਿ ਅਮਿਤੋ ਸੁਬਾਸ ਹੈਂ ॥ ੨੦. ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤ ਹੈਂ ॥੧੫੯॥**

ਪਦ ਅਰਥ—ਜਮਾ=ਆਕਾਸ਼ । ਅਮੀਕ=ਡੂੰਘਾ । ਇਮਾ=ਰਮਜ਼ । ਜੁਰਅਤਿ=ਦਲੇਰੀ । ਜਮਾਲ=ਸੁੰਦਰ । ਅਮਿਤੋ=ਬੇਸ਼ੁਮਾਰ ।

ਅਰਥ—੧੭. ਜ਼ਮੀਨ ਤੇ ਆਕਾਸ਼ ਵਿਚ ਪੂਰਨ ਹੈਂ, ਡੂੰਘੀ ਰਮਜ਼ ਵਾਲਾ ਹੈਂ । ੧੮. ਪੂਰਾ ਪੂਰਾ ਬਖਸ਼ਿੰਦ ਹੈਂ, ਸੁੰਦਰ ਤੇ ਦਲੇਰੀ ਵਾਲਾ ਹੈਂ ॥੧੫੮॥ ੧੯. ਅਟੱਲ ਚਾਨਣ ਵਾਲਾ ਹੈਂ, ਅਮਿੱਤ ਵਾਸ਼ਨਾ ਵਾਲਾ ਹੈਂ । ੨੦. ਅਚਰਜ ਰੂਪ ਵਾਲਾ ਹੈਂ, ਅਮਿੱਤ ਦੌਲਤ ਵਾਲਾ ਹੈਂ ॥੧੫੯॥

**੨੧. ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥ ੨੨. ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥੧੬੦॥**

ਪਦ ਅਰਥ—ਆਤਮ=ਮਨ । ਪ੍ਰਭਾ=ਚਾਨਣ ।

ਅਰਥ—੨੧. ਅਮਿੱਤੋ ਪਸਾਰੇ ਵਾਲਾ ਹੈਂ, ਮਨ ਦਾ ਚਾਨਣ ਹੈਂ । ੨੨. ਅਟੱਲ ਤੇ ਅੰਗਾਂ ਤੋਂ ਬਿਨਾਂ ਹੈਂ, ਨਾ ਤੋਲੇ ਜਾਣ ਵਾਲਾ ਹੈਂ ॥੧੬੦॥

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥

**੧. ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥ ੨. ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧੬੧॥ ੩. ਅਨਗਨ ਪ੍ਰਨਾਮ ॥ ਮੁਨਿ ਮਨਿ ਸਲਾਮ ॥ ੪. ਹਰਿ ਨਰ ਅਖੰਡ ॥ ਬਰ ਨਰ ਅਮੰਡ ॥੧੬੨॥**

ਪਦ ਅਰਥ—ਮੁਦਾਮ=ਹਮੇਸ਼ਾਂ ਰਹਿਣਾ । ਅਰਿ=ਦੁਸ਼ਮਨ । ਬਰ= ਵੱਡੇ । ਹਰਿ=ਹਰੇ ਕਰਨਾ । ਮੰਡ=ਬਨਾਉਣਾ ।

ਅਰਥ—੨੧. ਜਿਸ ਨੂੰ ਮੁਨੀ ਮਨ ਕਰਕੇ ਨਮਸ਼ਕਾਰ ਕਰਦੇ ਹਨ, ਜਿਸ ਵਿਚ ਸਾਰੇ ਗੁਣ ਹਮੇਸ਼ਾਂ ਰਹਿੰਦੇ ਹਨ । ੨੨. ਵੱਡੇ ਵੈਰੀਆਂ ਤੋਂ ਵੀ ਜੋ ਨਾਸ ਨਹੀਂ ਹੁੰਦਾ, ਜੋ ਮਨੁੱਖਾਂ ਨੂੰ ਹਰੇ ਕਰਨ ਵਾਲਾ ਤੇ ਨਾਸ ਤੋਂ ਰਹਿਤ ਹੈ ॥੧੬੧॥ ੨੩. ਉਸ ਨੂੰ ਅਨਗਿਣਤ ਵਾਰੀ ਨਮਸ਼ਕਾਰ ਹੈ, ਜਿਸ ਨੂੰ ਮੁਨੀ ਮਨ ਕਰਕੇ ਮੱਥਾ ਟੇਕਦੇ ਹਨ । ੨੪. ਜੋ ਮਨੁਖਾਂ ਨੂੰ ਹਰੇ ਕਰਨ ਵਾਲਾ ਤੇ ਨਾਸ ਤੋਂ ਰਹਿਤ ਹੈ, ਉਹ ਸਰੇਸ਼ਟ ਪੁਰਸ਼ ਕਿਸੇ ਦਾ ਬਨਾਇਆ ਹੋਇਆ ਨਹੀਂ ਹੈ ॥੧੬੨॥

**੫. ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥ ੬. ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥੧੬੩॥ ੭. ਅਨਛਿੱਜ ਅੰਗ ॥ ਆਸਨ ਅਭੰਗ ॥ ੮. ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੧੬੪॥**

ਅਰਥ—੫. ਅਪਨੇ ਆਪ ਪ੍ਰਕਾਸ਼ ਵਾਲਾ ਨਾਸ ਤੋਂ ਰਹਿਤ ਹੈ। ਮੁਨੀਆਂ ਦੇ ਮਨ ਵਿਚ ਪ੍ਰਕਾਸ਼ ਕਰ ਰਿਹਾ ਹੈ। ੬. ਉਹ ਸਾਰੇ ਗੁਣਾਂ ਵਾਲੇ ਨੂੰ ਨਮਸ਼ਕਾਰ ਹੈ। ਜੋ ਜਲਾਂ ਥਲਾਂ ਵਿਚ ਹਮੇਸ਼ਾਂ ਵਸਦਾ ਹੈ ॥੧੬੩॥ ੭. ਜਿਸ ਦਾ ਸਰੀਰ ਨਾਸ ਤੋਂ ਰਹਿਤ ਹੈ, ਅਤੇ ਟਿਕਾਣਾ ਡਿੱਗਨ ਵਾਲਾ ਨਹੀਂ ਹੈ। ੮. ਉਪਮਾ ਜਿਸ ਦੀ ਬਹੁਤ ਹੈ, ਅਤੇ ਮਰਿਆਦਾ ਦੀ ਗਤੀ ਉੱਤਮ ਹੈ ॥੧੬੪॥

**੯. ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥ ੧੦. ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥੧੬੫॥ ੧੧. ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥ ੧੨. ਆਜਾਨ ਬਾਹੁ ॥ ਏਕੈ ਸਦਾਹੁ ॥੧੬੬॥**

ਪਦ ਅਰਥ—ਭੰਡ=ਭੰਡਨਾ, ਨਿੰਦੇ ਜਾਣਾ। ਧ੍ਰਿਤ=ਧੀਰਜ। ਧੁਰਾਸ= ਧੁਰਾ ਹੈ।

ਅਰਥ—੯. ਪਾਣੀ ਤੇ ਮਿੱਟੀ ਆਦਿਕਾਂ ਤੋਂ ਬਣਿਆ ਨਹੀਂ, ਦਿਸਾ-ਬਦਿਸਾ ਵਿਚ ਭੰਡਿਆ ਨਹੀਂ ਗਿਆ। ੧੦. ਜਲਾਂ ਥਲਾਂ ਵਿਚ ਵੱਡਾ ਹੈ, ਤਰਫਾਂ ਅਤੇ ਕੋਨਿਆਂ ਵਿਚ ਵੀ ਓਹੀ ਬਿਅੰਤ ਹੈ ॥੧੬੫॥ ੧੧. ਅਪਨੇ ਆਪ ਹੋਣ ਵਾਲਾ ਤੇ ਨਾਸ ਤੋਂ ਰਹਿਤ ਹੈ, ਧੀਰਜ ਵਾਲਾ ਧਰਤੀ ਆਦਿਕਾਂ ਦਾ ਧੁਰਾ ਹੈ। ੧੨. ਜ਼ਬਰਦਸਤ ਹੁਕਮ ਵਾਲਾ ਹਮੇਸ਼ਾਂ ਓਹੀ ਇਕੋ ਹੈ ॥੧੬੬॥

**੧੩. ਓਅੰਕਾਰ ਆਦਿ ॥ ਕਥਨੀ ਅਨਾਦਿ ॥ ੧੪. ਖਲ ਖੰਡ ਖ਼ਿਆਲ ॥ ਗੁਰ ਬਰ ਅਕਾਲ**

**॥੧੬੭॥ ੧੫. ਘਰ ਘਰਿ ਪ੍ਨਾਮ ॥ ਚਿਤ ਚਰਨ ਨਾਮ ॥ ੧੬. ਅਨਛਿੱਜ ਗਾਤ ॥ ਆਜਿਜ ਨ ਬਾਤ ॥੧੬੮॥**

ਅਰਥ—੧੩. ਸਾਰਿਆਂ ਦਾ ਮੁਢ ਤੇ ਰੱਖਯਾ ਕਰਨ ਵਾਲਾ ਹੈ, ਮੁਢ ਤੋਂ ਰਹਿਤ ਉਸ ਦੀ ਕਥਾ ਹੈ । ੧੪. ਉਸ ਦਾ ਖਿਆਲ ਹੀ ਮੂਰਖਤਾ ਨੂੰ ਨਾਸ ਕਰਦਾ ਹੈ, ਬਹੁਤ ਵੱਡਾ ਅਤੇ ਮੌਤ ਤੋਂ ਰਹਿਤ ਹੈ ॥੧੬੭॥ ੧੫. ਘਰ ਘਰ ਵਿਚੋਂ ਉਸੇ ਨੂੰ ਨਮਸਕਾਰ ਹੁੰਦੀ ਹੈ ॥ ਉਸ ਦੇ ਨਾਮ ਤੇ ਚਰਣਾਂ ਨੂੰ ਭਗਤ ਚਿਤ ਵਿਚ ਰਖਦੇ ਹਨ । ੧੬. ਉਸ ਦਾ ਸਰੀਰ ਨਾਸ ਤੋਂ ਰਹਿਤ ਹੈ, ਉਹ ਕਿਸੇ ਗੱਲੇ ਵੀ ਆਜਜ਼ (ਮੁਹਤਾਜ) ਨਹੀਂ ਹੈ ॥੧੬੮॥

**੧੭. ਅਨਝੰਝ ਗਾਤ ॥ ਅਨਰੰਜ ਬਾਤ ॥ ੧੮. ਅਨਟੁਟ ਭੰਡਾਰ ॥ ਅਨਠਟ ਅਪਾਰ ॥੧੬੯॥ ੧੯. ਆਡੀਠ ਧਰਮ ॥ ਅਤਿ ਢੀਠ ਕਰਮ ॥ ੨੦. ਅਣਬ੍ਰਣ ਅਨੰਤ ॥ ਦਾਤਾ ਮਹੰਤ ॥੧੭੦॥**

ਪਦ ਅਰਥ—ਗਾਤ=ਸਰੀਰ । ਅਨਠਟ=ਨਾ ਥਾਪੇ ਜਾਣਾ । ਅਤਿ ਢੀਠ=ਅਮੇਟ । ਬ੍ਰਣ=ਪੜਦਾ ।

ਅਰਥ—੧੭. ਝਗੜਿਆਂ ਤੋਂ ਰਹਿਤ ਉਸ ਦਾ ਸਰੀਰ ਹੈ, ਗੁੱਸੇ ਤੋਂ ਬਿਨਾਂ ਉਸ ਦੀ ਗੱਲ ਹੈ । ੧੮. ਨਾ ਟੁੱਟਣ ਵਾਲਾ ਉਸ ਦਾ ਭੰਡਾਰ ਹੈ, ਉਹ ਅਪਾਰ ਕਿਸੇ ਦਾ ਥਾਪਿਆ ਹੋਇਆ ਨਹੀਂ ਹੈ ॥੧੬੯॥

੧੯. ਵੇਖ ਕੇ ਅਣਡਿੱਠ ਕਰਨਾ ਹੀ ਉਸ ਦਾ ਸੁਭਾਵ ਹੈ, ਵੱਡੇ ਅਮੇਟ ਉਸ ਦੇ ਕਰਮ ਹਨ । ੨੦. ਬੇਅੰਤ ਵਾਹਿਗੁਰੂ ਪੜਦੇ ਤੋਂ ਰਹਿਤ ਹੈ, ਦਾਤਾ ਹੈ ਅਤੇ ਸਿਰਤਾਜ ਹੈ ॥੧੭੦॥

ਹਰਿਬੋਲਮਨਾ ਛੰਦ ॥ ਤ੍ਵ ਪ੍ਰਸਾਦਿ ॥

**੧. ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥ ੨. ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥੧੭੧॥ ੩. ਜਗਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥ ੪. ਕਲਿ ਕਾਰਣ ਹੈਂ ॥ ਸਰਬ ਉਬਾਰਣ ਹੈਂ ॥੧੭੨॥**

ਪਦ ਅਰਥ—ਕਰੁਣਾਲਯ=(ਕਰੁਣ+ਆਲਯ) ਕ੍ਰਿਪਾ ਦਾ ਘਰ । ਖਲ=ਮੂਰਖ, ਪਾਪੀ ।

ਅਰਥ—੧. ਕ੍ਰਿਪਾ ਦਾ ਘਰ ਹੈਂ, ਦੁਸ਼ਮਣਾਂ ਨੂੰ ਮਾਰਨ ਵਾਲਾ ਹੈਂ। ੨. ਪਾਪੀਆਂ ਨੂੰ ਮਾਰਨ ਵਾਲਾ ਹੈਂ, ਧਰਤੀ ਆਦਿਕਾਂ ਨੂੰ ਬਨਾਉਣ ਵਾਲਾ ਹੈਂ ॥੧੭੧॥ ੩. ਜਗਤ ਦਾ ਮਾਲਕ ਹੈਂ, ਵੱਡਾ ਈਸ਼ਵਰ ਹੈਂ ॥ ੪. ਜਾਤੀ ਕਰਨ ਵਾਲਾ ਹੈਂ, ਸਭ ਨੂੰ ਬਚਾਉਣ ਵਾਲਾ ਹੈਂ ॥੧੭੨॥

**੫. ਧ੍ਰਿਤ ਕੇ ਧ੍ਰਣ ਹੈਂ ॥ ਜਗ ਕੇ ਕ੍ਰਣ ਹੈਂ ॥ ੬. ਮਨ ਮਾਨਿਯ ਹੈਂ ॥ ਜਗ ਜਾਨਿਯ ਹੈਂ ॥੧੭੩॥ ੭. ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥ ੮. ਸਰਬ ਪਾਸਿਯ ਹੈਂ ॥ ਸਰਬ ਨਾਸਿਯ ਹੈਂ ॥੧੭੪॥**

ਅਰਥ—੫. ਧੀਰਜ ਨੂੰ ਧਰਨ ਵਾਲਾ ਹੈਂ, ਜਗਤ ਨੂੰ ਬਨਾਉਣ ਵਾਲਾ ਹੈਂ। ੬. ਮਨ ਦੇ ਮੰਨਣ ਯੋਗ ਹੈਂ, ਜਗਤ ਵਿਚ ਜਾਨਣੇ ਯੋਗ ਹੈਂ ॥੧੭੩॥ ੭. ਸਾਰਿਆਂ ਨੂੰ ਭਰਦਾ ਹੈਂ ਸਾਰਿਆਂ ਨੂੰ ਬਨਾਉਂਦਾ ਹੈਂ। ੮. ਸਾਰਿਆਂ ਦੇ ਕੋਲ ਹੈਂ, ਅੰਤ ਵਿਚ ਸਭਨਾਂ ਨੂੰ ਨਾਸ ਵੀ ਤੂੰ ਹੀ ਕਰਦਾ ਹੈਂ ॥੧੭੪॥

**੯. ਕਰੁਣਾਕਰ ਹੈਂ ॥ ਬਿਸ੍ਵੰਭਰ ਹੈਂ ॥ ੧੦. ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥੧੭੫॥ ੧੧. ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥ ੧੨. ਪਰ ਤੇ ਪਰ ਹੈਂ ॥ ਕਰੁਣਾਕਰ ਹੈਂ ॥੧੭੬॥**

ਪਦ ਅਰਥ—ਕਰੁਣਾਕਰ=(ਕਰੁਣ+ਆਕਾਰ) ਕ੍ਰਿਪਾ ਦੀ ਖਾਨ। ਬਿਸਵ=ਸੰਸਾਰ।

ਅਰਥ—੯. ਕ੍ਰਿਪਾ ਦੀ ਖਾਨ ਹੈਂ, ਜਗਤ ਨੂੰ ਭਰਨ ਵਾਲਾ ਹੈਂ। ੧੦. ਸਾਰਿਆਂ ਦਾ ਈਸ਼ਵਰ ਹੈਂ, ਜਗਤ ਦਾ ਮਾਲਕ ਹੈਂ ॥੧੭੫॥ ੧੧. ਬ੍ਰਹਮੰਡਾਂ ਵਾਲਾ ਹੈਂ, ਦੁਸ਼ਟਾਂ ਨੂੰ ਮਾਰਨ ਵਾਲਾ ਹੈਂ। ੧੨. ਪਰੇ ਤੋਂ ਪਰੇ ਹੈਂ, ਕ੍ਰਿਪਾ ਦੀ ਖਾਨ ਹੈਂ ॥੧੭੬॥

**੧੩. ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥ ੧੪. ਅਕ੍ਰਿਤਾ ਕ੍ਰਿਤ ਹੈਂ ॥ ਅੰਮ੍ਰਿਤਾ ਮ੍ਰਿਤ ਹੈਂ ॥੧੭੭॥ ੧੫. ਅਮ੍ਰਿਤਾ ਮ੍ਰਿਤ ਹੈਂ ॥ ਕਰਣਾ ਕ੍ਰਿਤ ਹੈਂ ॥ ੧੬. ਅਕ੍ਰਿਤਾ ਕ੍ਰਿਤ ਹੈਂ ॥ ਧਰਣੀ ਧ੍ਰਿਤ ਹੈਂ ॥੧੭੮॥**

ਅਰਥ—੧੩. ਜਾਪ ਤੋਂ ਅਜਾਪ ਹੈਂ, ਥਾਪਨਾ ਤੋਂ ਅਥਾਪ ਹੈਂ। ੧੪. ਨਾ ਕੀਤੇ ਜਾਣ ਵਾਲੀ ਤੇਰੀ ਬਨਾਵਟ ਹੈ, ਅੰਮ੍ਰਿਤ ਦਾ ਵੀ ਅੰਮ੍ਰਿਤ ਹੈਂ ॥੧੭੭॥ ਤੂੰ ਆਪ ਨਾ ਮਰਨ ਵਾਲਾ ਅਤੇ ਜਗਤ ਨੂੰ ਮਾਰਨ ਵਾਲਾ ਹੈਂ, ਕ੍ਰਿਪਾ ਕਰਨ ਵਾਲਾ ਹੈਂ। ੧੬. ਨਾ ਕੀਤੇ ਜਾਣ ਵਾਲਾ ਤੇਰਾ ਕਰਮ ਹੈ, ਧਰਤੀ ਨੂੰ ਧਾਰਨ ਵਾਲਾ ਹੈਂ ॥੧੭੮॥

## ੧੭. ਅਮ੍ਰਿਤੇਸੂਰ ਹੈਂ ॥ ਪਰਮੇਸੂਰ ਹੈਂ ॥ ੧੮. ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥੧੭੯॥ ੧੯. ਅਜਬਾ ਕ੍ਰਿਤ ਹੈਂ ॥ ਅਮ੍ਰਿਤਾ ਅਮ੍ਰਿਤ ਹੈਂ ॥ ੨੦. ਨਰ ਨਾਇਕ ਹੈਂ ॥ ਖਲ ਘਾਇਕ ਹੈਂ ॥੧੮੦॥

ਅਰਥ—੧੭. ਅੰਮ੍ਰਿਤ ਦਾ ਮਾਲਕ ਹੈਂ, ਸਭ ਤੋਂ ਵੱਡਾ ਈਸ਼ਵਰ ਹੈਂ। ੧੮. ਨਾ ਕੀਤੇ ਜਾਣ ਵਾਲੇ ਤੇਰੇ ਕੰਮ ਹਨ, ਨਾ ਮਰਨ ਵਾਲਾ ਤੇ ਸਾਰਿਆਂ ਦੀ ਮੌਤ ਹੈਂ ॥੧੭੯॥ ੧੯. ਅਚਰਜ ਕੰਮਾਂ ਵਾਲਾ ਹੈਂ, ਅੰਮ੍ਰਿਤ ਦਾ ਵੀ ਅੰਮ੍ਰਿਤ ਹੈਂ। ੨੦. ਮਨੁਖਾਂ ਦਾ ਪੇਸ਼ਵਾ ਹੈਂ, ਦੁਸ਼ਟਾਂ ਨੂੰ ਮਾਰਨ ਵਾਲਾ ਹੈਂ ॥੧੮੦॥

## ੨੧. ਬਿਸ੍ਵੰਭਰ ਹੈਂ ॥ ਕਰੁਣਾਲਯ ਹੈਂ ॥ ੨੨. ਨ੍ਰਿਪ ਨਾਇਕ ਹੈਂ ॥ ਸਰਬ ਪਾਇਕ ਹੈਂ ॥੧੮੧॥ ੨੩. ਭਵ ਭੰਜਨ ਹੈਂ ॥ ਅਰਿ ਗੰਜਨ ਹੈਂ ॥ ੨੪. ਰਿਪੁ ਤਾਪਨ ਹੈਂ ॥ ਜਪੁ ਜਾਪਨ ਹੈਂ ॥੧੮੨॥

ਪਦ ਅਰਥ—ਪਾਇਕ=ਦਾਸ । ਰਿਪੁ=ਦੁਸ਼ਮਨ । ਭਵ=ਚੁਰਾਸੀ ।

ਅਰਥ—੨੧. ਜਗਤ ਨੂੰ ਭਰਨ ਵਾਲਾ ਹੈਂ । ਕ੍ਰਿਪਾ ਦਾ ਘਰ ਹੈਂ। ੨੨. ਰਾਜਿਆਂ ਦਾ ਮਾਲਕ ਹੈਂ । ਸਾਰੇ ਤੇਰੇ ਦਾਸ ਹਨ ॥੧੯੧॥ ੨੩. ਚੁਰਾਸੀ ਕੱਟਣ ਵਾਲਾ ਹੈਂ । ਦੁਸ਼ਟਾਂ ਨੂੰ ਮਾਰਨ ਵਾਲਾ ਹੈਂ । ੨੪. ਦੁਸ਼ਮਨਾਂ ਨੂੰ ਦੁਖ ਦੇਂਦਾ ਹੈਂ । ਆਪਣਾ ਜਾਪ ਆਪ ਹੀ ਜਪਵਾਂਦਾ ਹੈਂ ॥੧੯੨॥

**੨੫. ਅਕਲੰ ਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥ ੨੬. ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥੧੯੩॥ ੨੭. ਪਰਮਾਤਮ ਹੈਂ ॥ ਸਰਬਾਤਮ ਹੈਂ ॥ ੨੮. ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥੧੯੪॥**

ਪਦ ਅਰਥ—ਅਕਲੰ ਕ੍ਰਿਤ=ਅਕਲ ਦੇ ਕਰਨ ਵਾਲਾ । ਹਰਤਾ= (ਜਗਤ ਦੇ) ਨਾਸਕ ।

ਅਰਥ— ੨੫. ਅਕਲ ਦੇ ਕਰਨ ਵਾਲਾ ਹੈਂ । ਸਾਰਿਆਂ ਨੂੰ ਕਰਨ ਵਾਲਾ ਹੈਂ । ੨੬. ਜਗਤ ਦੇ ਕਾਰਨਾਂ ਦਾ ਕਾਰਨ ਹੈਂ । ਜਗਤ ਦੇ ਨਾਸਕਾਂ ਦਾ ਨਾਸਕ ਹੈਂ । ਭਾਵ ਇਹ ਹੈ ਕਿ ਪੰਜ ਤੱਤ ਆਦਿਕ ਜੋ ਜਗਤ ਦਾ ਕਾਰਨ ਹਨ, ਇਹ ਉਸੇ ਦੇ ਬਣਾਏ ਹੋਏ ਹਨ, ਅਤੇ ਜਗਤ ਦੇ ਨਾਸ ਕਰਨ ਵਾਲੇ ਰੋਗਾਦਿਕ ਜਿੰਨੇ ਵਸੀਲੇ ਤੇ ਮੌਤ ਹੈ, ਇਹਨਾਂ ਸਭਨਾਂ ਦਾ ਨਾਸ ਕਰਨ ਵਾਲਾ ਨਿਰੰਕਾਰ ਹੈਂ । ਇਸੇ ਲਈ ਤਾਂ ਆਪ ਜੀ ਨੇ ਫੁਰਮਾਇਆ ਹੈ : ਨਮੋ ਰੋਗ ਰੋਗੇ ॥ ਨਮੋ ਕਾਲ ਕਾਲੇ ॥੧੯੩॥ ੨੭. ਵੱਡਾ ਅਤਮਾ ਹੈਂ । ਸਾਰਿਆਂ ਦਾ ਆਤਮਾ ਹੈਂ । ੨੮. ਆਪਣੇ ਆਪ ਦੇ ਵਸ ਵਿਚ ਹੈਂ । ਜਸ ਦਾ ਵੀ ਜਸ ਹੈਂ ॥੧੯੪॥

ਭੁਜੰਗ ਪ੍ਰਯਾਤ ਛੰਦ ॥

**੧. ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥ ੨. ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥ ੩. ਨਮੋ ਅੰਧਕਾਰੇ ਨਮੋ ਤੇਜ ਤੇਜੇ ॥ ੪. ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥੧੮੫॥**

ਅਰਥ—੧. ਸੂਰਜ ਦੇ ਸੂਰਜ ਨੂੰ ਨਮਸਕਾਰ ਹੈ। ਚੰਦ੍ਰਮਾ ਦੇ ਚੰਦ੍ਰਮਾ ਨੂੰ ਬੰਦਨਾ ਹੈ। ੨. ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ। ਇੰਦ੍ਰਾਂ ਦੇ ਇੰਦ੍ਰ ਨੂੰ ਨਮਸਕਾਰ ਹੈ। ੩. ਵੱਡੇ ਹਨੇਰੇ ਰੂਪ ਨੂੰ ਨਮਸਕਾਰ ਹੈ। ਪ੍ਰਚੰਡ ਪ੍ਰਕਾਸ਼ ਰੂਪ ਨੂੰ ਨਮਸਕਾਰ ਹੈ। ੪. ਝੁੰਡਾਂ ਦੇ ਝੁੰਡ ਨੂੰ ਨਮਸਕਾਰ ਹੈ, ਬੀਜਾਂ ਦੇ ਬੀਜ ਨੂੰ ਨਮਸਕਾਰ ਹੈ ॥੧੮੫॥

**੫. ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥ ੬. ਨਮੋ ਪਰਮ ਤੱਤੰ ਅਤੱਤੰ ਸਰੂਪੇ ॥ ੭. ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥ ੮. ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥੧੮੬॥**

ਅਰਥ—੫. ਰਜੋ ਤਮੋ ਤੇ ਸਤੋ ਰੂਪ ਨੂੰ ਨਮਸਕਾਰ ਹੈ। ੬. ਤੱਤਾਂ ਤੋਂ ਰਹਿਤ ਅਤੇ ਪਰਮ ਤੱਤ੍ਵ ਸਰੂਪ ਨੂੰ ਨਮਸਕਾਰ ਹੈ। ੭. ਜੋਗ ਦੇ ਜੋਗ ਨੂੰ ਨਮਸਕਾਰ ਹੈ। ਗਿਆਨ ਦੇ ਗਿਆਨ ਨੂੰ ਨਮਸਕਾਰ ਹੈ। ੮. ਮੰਤ੍ਰਾਂ ਦੇ ਮੰਤ੍ਰ ਨੂੰ ਨਮਸਕਾਰ ਹੈ। ਧਿਆਨ ਦੇ ਧਿਆਨ ਨੂੰ ਨਮਸਕਾਰ ਹੈ ॥੧੮੬॥

**੯. ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥**

**੧੦. ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥ ੧੧. ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥ ੧੨. ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥੧੮੭॥**

ਪਦ ਅਰਥ—ਭੋਜ=ਖੁਰਾਕ । ਪਾਨ=ਪਾਣੀ । ਕਲਹ=ਲੜਾਈ । ਬਿਭੂਤ=ਪਦਾਰਥ ।

ਅਰਥ—੯. ਜੁਧ ਦੇ ਜੁਧ ਨੂੰ ਨਮਸਕਾਰ ਹੈ, ਗਿਆਨ ਦੇ ਗਿਆਨ ਨੂੰ ਨਮਸਕਾਰ ਹੈ । ੧੦. ਖੁਰਾਕ ਦੀ ਖੁਰਾਕ ਨੂੰ ਨਮਸਕਾਰ ਹੈ, ਪਾਣੀਆਂ ਦੇ ਪਾਣੀ ਨੂੰ ਨਮਸਕਾਰ ਹੈ । ੧੧. ਲੜਾਈ ਕਰਨ ਵਾਲੇ ਨੂੰ ਨਮਸਕਾਰ ਹੈ, (ਲੜਾਈ ਹਟਾਉਣ ਵਾਲੇ) ਸ਼ਾਂਤ ਸਰੂਪ ਨੂੰ ਨਮਸਕਾਰ ਹੈ । ੧੨. ਇੰਦ੍ਰੀਆਂ ਦੇ ਇੰਦ੍ਰੇ ਨੂੰ ਨਮਸਕਾਰ ਹੈ, ਨਾ ਮੁਢ ਵਾਲੇ ਪਦਾਰਥ ਨੂੰ ਨਮਸਕਾਰ ਹੈ ॥੧੮੭॥

**੧੩. ਕਲੰਕਾਰ ਰੂਪੇ ਅਲੰਕਾਰ ਅਲੰਕੇ ॥ ੧੪. ਨਮੋ ਆਸ ਆਸੇ ਨਮੋ ਬਾਂਕ ਬੰਕੇ ॥ ੧੫. ਅਭੰਗੀ ਸਰੂਪੇ ਅਨੰਗੀ ਅਨਾਮੇ ॥ ੧੬. ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੧੮੮॥**

ਪਦ ਅਰਥ—ਕਲੰ=ਤਾਕਤ । ਅਲੰਕਾਰ=ਗਹਿਣਾ । ਅਲੰਕੇ= ਗਹਿਣੇ । ਆਸ=ਮੂੰਹ ।

ਅਰਥ—੧੩. ਆਪਣੇ ਰੂਪ ਤੋਂ ਹੀ ਤਾਕਤ ਪੈਦਾ ਕਰਨ ਵਾਲੇ ਨੂੰ ਨਮਸਕਾਰ ਹੈ, ਗਹਿਣਿਆਂ ਦੇ ਗਹਿਣੇ ਨੂੰ ਨਮਸਕਾਰ ਹੈ । ੧੪. ਮੂੰਹਾਂ ਦੇ ਮੂੰਹ ਨੂੰ ਨਮਸਕਾਰ ਹੈ, ਸੋਹਣਿਆਂ ਤੋਂ ਸੋਹਣੇ ਨੂੰ ਨਮਸਕਾਰ ਹੈ । ੧੫. ਨਾਸ ਨਾ ਹੋਣ ਵਾਲੇ ਸਰੂਪ ਤੇ ਸਰੀਰ ਅਤੇ ਨਾਮ ਤੋਂ ਰਹਿਤ ਨੂੰ ਨਮਸਕਾਰ

ਹੈ । ੧੬. ਤਿੰਨਾਂ ਪਾਪਾਂ ਦੇ ਨਾਸਕ, ਤਿੰਨਾਂ ਕਾਲਾਂ ਵਿਚ ਮੰਨੇ ਜਾਣ ਵਾਲੇ ਅੰਗਾਂ ਤੇ ਕਾਮਨਾ ਤੋਂ ਰਹਿਤ ਨੂੰ ਨਮਸਕਾਰ ਹੈ ॥੧੮੮॥

ਏਕ ਅਛਰੀ ਛੰਦ ॥

**੧. ਅਜੈ ॥ ਅਲੈ ॥ ਅਭੈ ॥ ਅਬੈ ॥੧੮੯॥ ੨. ਅਭੂ ॥ ਅਜੂ ॥ ਅਨਾਸ ॥ ਅਕਾਸ ॥੧੯੦॥ ੩. ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥੧੯੧॥ ੪. ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥੧੯੨॥**

ਅਰਥ—੧. ਜਿਤਿਆ ਨਹੀਂ ਜਾਂਦਾ, ਨਾਸ ਨਹੀਂ ਹੁੰਦਾ, ਡਰਦਾ ਨਹੀਂ, ਵਿਕਾਰਾਂ ਤੋਂ ਰਹਿਤ ਹੈ ॥੧੮੯॥ ੨. ਜੰਮਿਆ ਨਹੀਂ ਹੈ, ਜੂਨਾਂ ਤੋਂ ਰਹਿਤ ਹੈ, ਨਾਸ ਨਹੀਂ ਹੋਵੇਗਾ, ਅਕਾਸ਼ ਵਾਂਗੂੰ ਸਭਨਾਂ ਵਿਚ ਵਿਆਪਕ ਹੈ ॥੧੯੦॥ ੩. ਦੁਖਾਂ ਤੋਂ ਰਹਿਤ ਹੈ, ਟੁਟਦਾ ਨਹੀਂ ਹੈ, ਸਮਝ ਤੋਂ ਪਰੇ ਅਤੇ ਕਾਲ ਦੀ ਖੁਰਾਕ ਵੀ ਨਹੀਂ ਹੁੰਦਾ ॥੧੯੧॥ ੪. ਕਾਲ ਤੋਂ ਰਹਿਤ ਹੈ, ਦਿਆਲੂ ਹੈ, ਲੇਖੇ ਤੋਂ ਪਰੇ ਹੈ, ਭੇਖਾਂ ਤੋਂ ਬਾਹਰ ਹੈ ॥੧੯੨॥

**੫. ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥੧੯੩॥ ੬. ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥੧੯੪॥ ੭. ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥੧੯੫॥ ੮. ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥੧੯੬॥**

ਅਰਥ—੫. ਨਾਮ ਤੋਂ ਰਹਿਤ ਹੈ, ਇੱਛਾ ਤੋਂ ਬਿਨਾਂ ਹੈ, ਵਿਚਾਰ ਤੋਂ ਪਰੇ ਹੈ, ਢਹਿੰਦਾ ਨਹੀਂ ਹੈ ॥੧੯੩॥ ੬. ਉਸ ਦਾ ਮਾਲਕ ਨਹੀਂ ਹੈ, ਸਭ ਦਾ ਸਿਰਤਾਜ ਹੈ, ਜੂਨਾਂ ਤੋਂ ਰਹਿਤ ਹੈ। ਚੁਪ ਤੋਂ ਬਿਨਾਂ ਹੈ ॥੧੯੪॥ ੭. ਉਸ ਨੂੰ ਮੋਹ ਨਹੀਂ ਹੈ, ਉਸ ਦਾ ਰੰਗ ਨਹੀਂ ਹੈ, ਰੂਪ ਨਹੀਂ ਹੈ ਅਤੇ ਰੇਖ ਵੀ ਨਹੀਂ ਹੈ ॥੧੯੫॥ ੮. ਕਰਮਾਂ ਤੋਂ ਬਿਨਾਂ ਹੈ, ਭਰਮਾਂ ਤੋਂ ਬਾਹਰ ਹੈ, ਨਾਸ ਨਹੀਂ ਹੁੰਦਾ, ਲੇਖੇ ਤੋਂ ਪਰੇ ਹੈ ॥੧੯੬॥

ਭੁਜੰਗ ਪ੍ਰਯਾਤ ਛੰਦ॥

**੧. ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥**
**੨. ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥**
**੩. ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥ ੪. ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥੧੯੭॥**

ਅਰਥ—੧. ਉਸ ਨੂੰ ਨਮਸਕਾਰ ਹੈ, ਜਿਸ ਦਾ ਨਾਮ ਵੱਡਾ ਹੈ, ਉਸ ਨੂੰ ਨਮਸਕਾਰ ਹੈ, ਜੋ ਸਭਨਾਂ ਨੂੰ ਨਾਸ ਕਰਦਾ ਹੈ। ੨. ਅਤੇ ਜੋ ਆਪ ਨਾਸ ਤੋਂ ਰਹਿਤ, ਨਾਮ ਤੋਂ ਰਹਿਤ ਅਤੇ ਸਭਨਾਂ ਵਿਚ ਵਸਦਾ ਹੈ। ੩. ਧਨ-ਦੌਲਤ ਦੀ ਇਛਾ ਤੋਂ ਰਹਿਤ ਅਤੇ ਸਾਰੇ ਸਰੂਪਾਂ ਵਾਲਾ ਹੈ। ੪. ਬੁਰੇ ਕਰਮਾਂ ਦਾ ਨਾਸਕ ਅਤੇ ਸ੍ਰੇਸ਼ਟ ਧਰਮ ਹੀ ਜਿਸ ਦੀ ਦੌਲਤ ਹੈ ॥੧੯੭॥

**੫. ਸਦਾ ਸੱਚਿਦਾਨੰਦ ਸੱਤ੍ਰੂੰ ਪ੍ਰਣਾਸੀ ॥**
**੬. ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥**
**੭. ਅਜਾਇਬ ਬਿਭੂਤੇ ਗਜਾਇਬ ਗਨੀਮੇ ॥**

**੮. ਹਰੀਅੰ ਕਰੀਅੰ ਕਰੀਮੁਲ ਰਹੀਮੇ ॥੧੯੮॥**

ਪਦ ਅਰਥ—ਸਤ੍ਰ=ਦੁਸ਼ਮਣਾਂ। ਕਰੀਮੁਲ=ਬਖਸ਼ਸ਼। ਕੁਨਿੰਦਾ=ਕਰਨ ਵਾਲਾ। ਗਜਾਇਬ=ਕਹਿਰ ਕਰਨ ਵਾਲਾ। ਗਨੀਮ=ਦੁਸ਼ਟ।

ਅਰਥ—੫. ਹਮੇਸ਼ਾਂ ਹੀ ਸਤ-ਚਿਤ-ਆਨੰਦ ਰੂਪ ਅਤੇ ਵੈਰੀਆਂ ਦਾ ਨਾਸਕ ਹੈ। ੬. ਬਖਸ਼ਸ਼ ਕਰਨ ਵਾਲਾ ਅਤੇ ਸਭਨਾਂ ਵਿਚ ਵਸਦਾ ਹੈ। ੭. ਅਚਰਜ ਪਦਾਰਥਾਂ ਵਾਲਾ ਅਤੇ ਦੁਸ਼ਟਾਂ ਉਤੇ ਕਹਿਰ ਕਰਦਾ ਹੈ। ੮. ਮਾਰਨ ਵਾਲਾ ਹੈ, ਬਨਾਉਣ ਵਾਲਾ ਹੈ, ਬਖਸ਼ਿੰਦ ਹੈ ਤੇ ਕ੍ਰਿਪਾਲੂ ਹੈ ॥੧੯੮॥

**੯. ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥**
**੧੦. ਸੁਯੰਭਵ ਸੁਭੰ ਸਰਬ ਦਾ ਸਰਬ ਜੁਗਤੇ ॥**
**੧੧. ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥**
**੧੨. ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥**

ਪਦ ਅਰਥ—ਚਤੁਰ ਚਕ੍ਰ=ਚੌਹੀਂ ਪਾਸੀਂ। ਸੁਭੰ=ਉੱਤਮ। ਦੁਕਾਲੰ=ਬੁਰਾ ਸਮਾਂ, ਬਿਪਤਾ।

ਅਰਥ—੯. ਚੌਹੀਂ ਪਾਸੀਂ ਵਰਤ ਰਿਹਾ ਹੈ, ਚੌਹਾਂ ਚੱਕਾਂ ਨੂੰ ਭੋਗ ਰਿਹਾ ਹੈ। ੧੦. ਆਪਣੇ ਆਪ ਉੱਤਮ ਹੈ, ਸਾਰੇ ਸਮਿਆਂ ਵਿਚ ਸਭਨਾਂ ਨਾਲ ਜੁੜਿਆ ਰਹਿੰਦਾ ਹੈ। ੧੧. ਬਿਪਤਾ ਨੂੰ ਨਾਸ ਕਰਦਾ ਹੈ, ਦਿਆਲੂ ਸਰੂਪ ਹੈ। ੧੨. ਹਮੇਸ਼ਾਂ ਅੰਗ ਸੰਗ ਹੈ ਅਤੇ ਨਾ ਨਾਸ ਹੋਣ ਵਾਲੇ ਪਦਾਰਥਾਂ ਦਾ ਮਾਲਕ ਹੈ ॥੧੯੯॥

# ਤ੍ਵਪ੍ਰਸਾਦਿ ਸ੍ਵਯੇ

ੴ ਸਤਿਗੁਰ ਪ੍ਰਸਾਦਿ॥

## ਸ੍ਰੀ ਮੁਖਵਾਕ ਪਾਤਿਸਾਹੀ ੧੦॥

ਤ੍ਵ ਪ੍ਰਸਾਦਿ ॥ ਸ੍ਵਯੇ ॥

**੧. ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ॥ ੨. ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥ ੩. ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥ ੪. ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥**

ਪਦ ਅਰਥ—ਸ੍ਰਾਵਗ=ਸਰੇਵੜੇ, ਜੈਨੀ। ਸੁਧ=ਸੋਧੀ, ਕਰਮ ਕਾਂਡੀ। ਸਿਧਾਨ=ਸਿਧ, ਸਿਧੀਆਂ ਵਾਲੇ। ਸੁਰਾਰਦਨ=[ਸੁਰ+ਅਰਦਨ] ਦੇਵਤਿਆਂ ਦਾ ਖੰਡਨ ਕਰਨ ਵਾਲੇ, ਮੁਸਲਮਾਨ ਆਦਿ। ਸੁਧ=ਦੇਵਤੇ। ਸੁਧਾਦਿਕ= ਸੁਧ ਆਦਿਕ । ਭਾਇ=ਸ਼ਰਧਾ । ਰਤੀ=ਪ੍ਰੀਤੀ ।

ਅਰਥ—੧. ਸਰੇਵੜੇ, ਸੋਧੀ ਤੇ ਸਾਰੇ ਸਿੱਧਾਂ ਤੇ ਜੋਗੀਆਂ ਜਤੀਆਂ

ਦੇ ਘਰ ਫਿਰ ਵੇਖੇ ਹਨ। ੨. ਸੂਰਮੇਂ, ਮੁਸਲਮਾਨ, ਦੇਵਤੇ ਅਤੇ ਦੇਵਤਿਆਂ ਦੇ ਪੂਜਕ ਅਤੇ ਹੋਰ ਅਨੇਕਾਂ ਮਤਾਂ ਦੇ ਸਾਰੇ ਸੰਤ। ੩. ਗੱਲ ਕੀ ਦੇਸ ਦੇ ਸਾਰੇ ਮੱਤਾਂ ਨੂੰ ਵੇਖ ਚੁਕਾ ਹਾਂ ਪਰ ਕੋਈ ਵੀ ਵਾਹਿਗੁਰੂ ਦੇ ਦਰ ਤੇ ਪੁਚਾਨ ਵਾਲਾ ਨਹੀਂ ਦਿਸਿਆ। ੪. ਸ੍ਰੀ ਵਾਹਿਗੁਰੂ ਜੀ ਦੀ ਸ਼ਰਧਾ ਤੇ ਪ੍ਰੀਤ ਤੋਂ ਹੀਨੇ ਉਸ ਦੀ ਕ੍ਰਿਪਾ ਤੋਂ ਬਿਨਾਂ ਇਕ ਰੱਤੀ ਦੇ ਵੀ ਨਹੀਂ ਹਨ ॥੧॥

**੧. ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ॥ ੨. ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ॥ ੩. ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ॥ ੪. ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਂਇ ਪਧਾਰੇ ॥੨॥**

ਪਦ ਅਰਥ—ਮਤੰਗ=ਹਾਥੀ। ਉਤੰਗ=ਉੱਚੇ ਕੱਦਾਂ ਵਾਲੇ। ਤੁਰੰਗ= ਘੋੜੇ। ਕੁਰੰਗ=ਹਰਨ। ਭਾਰੀ ਭੁਜਾਨ=ਬਹੁਤ ਬਲ ਵਾਲੇ।

ਅਰਥ—੧. ਮਸਤ ਹਾਥੀ ਸੋਨੇ ਨਾਲ ਜੜੇ ਹੋਏ, ਬਹੁਤ ਸੋਹਣੇ ਤੇ ਉੱਚੇ ਕੱਦਾਂ ਵਾਲੇ ਅਤੇ ਚੰਗੇ ਰੰਗਾਂ ਨਾਲ ਸਵਾਰੇ ਹੋਣ। ੨. ਕ੍ਰੋੜਾਂ ਹੀ ਘੋੜੇ ਹਰਨਾਂ ਵਾਂਗੂੰ ਕੁੱਦਨ ਅਤੇ ਦੌੜਨ ਵਿਚ ਹਵਾ ਨੂੰ ਵੀ ਪਿਛੇ ਛਡ ਜਾਣ। ੩. ਬਹੁਤ ਬਲ ਵਾਲੇ ਰਾਜੇ ਚੰਗੀ ਤਰ੍ਹਾਂ ਪੈਰਾਂ ਉਤੇ ਸਿਰ ਨਿਵਾਉਣ ਅਤੇ ਉਹ ਵੀ ਏਨੇ ਹੋਣ, ਜਿਨ੍ਹਾਂ ਦੀ ਵਿਚਾਰ ਹੀ ਨਹੀਂ ਹੋ

ਸਕਦੀ । ੪. ਏਡੇ ਵੱਡੇ ਰਾਜੇ ਹੋਏ, ਤਾਂ ਵੀ ਕੀ ਹੋਇਆ ? ਅੰਤ ਨੂੰ ਤਾਂ ਨੰਗੇ ਪੈਰੀਂ ਹੀ ਤੁਰ ਗਏ ॥੨॥

**੧. ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥ ੨. ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯਰਾਜ ਹਜਾਰੇ ॥ ੩. ਭੂਤ ਭਵਿੱਖ ਭਵਾਨ ਕੇ ਭੂਪਤ ਕਉਨੁ ਗਨੈ ਨਹੀਂ ਜਾਤ ਬਿਚਾਰੇ ॥ ੪. ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥**

ਪਦ ਅਰਥ—ਗੁੰਜਤ=ਝੂਲਨਾ । ਗੂੜ=ਦੁਰਲਭ । ਹਯਰਾਜ=ਰਾਜ ਘੋੜੇ, ਕੋਤਲ ਘੋੜੇ । ਹਿੰਸਤ=ਹਿਣਕਦੇ । ਗਜਾਨ=ਹਾਥੀ ।

ਅਰਥ—੧. ਸਾਰੇ ਦੇਸਾਂ ਦਿਸਾਂਤ੍ਰਾਂ ਨੂੰ ਜਿੱਤ ਕੇ ਢੋਲ ਮ੍ਰਿਦੰਗ ਧੌਂਸੇ ਵਜਾਉਂਦੇ ਮੁੜੇ । ੨. ਘਰ ਅੱਗੇ ਦੁਰਲੱਭ ਤੇ ਸੁੰਦਰ ਹਾਥੀ ਝੂਲਦੇ ਹਨ ਅਤੇ ਹਜ਼ਾਰਾਂ ਹੀ ਕੋਤਲ ਘੋੜੇ ਹਿਣਕਦੇ ਹਨ । ੩. ਤਿੰਨਾਂ ਸਮਿਆਂ ਵਿਚ ਹੋ ਚੁਕੇ ਤੇ ਹੋਣ ਵਾਲੇ ਇਸ ਤਰ੍ਹਾਂ ਦੇ ਰਾਜਿਆਂ ਨੂੰ ਕੌਣ ਗਿਣੇ ? ਉਹ ਤਾਂ ਵਿਚਾਰੇ ਹੀ ਨਹੀਂ ਜਾਂਦੇ । ੪. ਪਰ ਸੋਭਾ ਦੇ ਮਾਲਕ ਸ੍ਰੀ ਵਾਹਿਗੁਰੂ ਜੀ ਨੂੰ ਜਪੇ ਤੋਂ ਬਿਨਾਂ ਅਖੀਰ ਨੂੰ ਜਮਾਂ ਦੇ ਘਰ ਨੂੰ ਚਲੇ ਗਏ ॥੩॥

**੧. ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ ॥ ੨. ਬੇਦ ਪੁਰਾਨ**

**ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੈ ॥ ੩. ਪਉਨ ਅਹਾਰ ਜਤੀ ਜਤਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੈ ॥ ੪. ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ ॥੪॥**

ਪਦ ਅਰਥ—ਦਮ=ਇੰਦਰੇ ਰੋਕਨੇ । ਜਮਾਨ=ਜ਼ਮਾਨਾ, ਸਮਾਂ । ਪੇਖੈ= ਵੇਖ ਲੈਣਾ, ਗਿਆਤਾ ਹੋਣਾ ।

ਅਰਥ—੧. ਤੀਰਥਾਂ ਵਿਚ ਨ੍ਹਾਉਣਾ, ਦਇਆ ਤੇ ਦਮ ਕਰਨਾ, ਦਾਨ ਦੇਣਾ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਬਹੁਤੇ ਸੰਜਮ ਤੇ ਨੇਮ ਕਰਨੇ। ੨. ਵੇਦ, ਪੁਰਾਨ, ਕੁਰਾਨ ਆਦਿਕ ਕਿਤਾਬਾਂ ਅਤੇ ਧਰਤੀ ਉਤਲੇ ਜ਼ਮਾਨੇ ਵਿਚਲੇ ਸਾਰੇ ਪਦਾਰਥਾਂ ਦਾ ਗਿਆਨ ਹੋ ਜਾਣਾ । ੩. ਪੌਣ ਅਹਾਰੀ ਹੋਣਾ ਜਤੀ ਹੋ ਕੇ ਜਤ ਧਾਰ ਲੈਣਾ ਅਤੇ ਹੋਰ ਸਾਰੇ ਵਿਚਾਰ ਕੇ ਵੇਖੀਏ ਤਾਂ ਏਹੋ ਜੇਹੇ ਜੋ ਹਜ਼ਾਰਾਂ ਕਰਮ ਹਨ, ਉਹ ਸਾਰੇ ਕਰ ਲਏ, ਪਰ । ੪. ਜਗਤ ਦੇ ਰਾਜੇ ਸ੍ਰੀ ਵਾਹਿਗੁਰੂ ਜੀ ਨੂੰ ਜਪੇ ਤੋਂ ਬਿਨਾਂ ਅਤੇ ਉਸ ਦੀ ਪ੍ਰੀਤ ਤੋਂ ਬਿਨਾਂ ਪਿਛੇ ਦੱਸੇ ਕਰਮਾਂ ਵਿਚੋਂ ਇਕ ਵੀ ਲੇਖੇ ਵਿਚ ਨਹੀਂ ਪੈਂਦਾ ॥੪॥

**੧. ਸੁੱਧ ਸਿਪਾਹ ਦੁਰੰਤ ਦੁਬਾਹ ਸੁ ਸਾਜ ਸਨਾਹ ਦੁਰਜਾਨ ਦਲੈਂਗੇ ॥ ੨. ਭਾਰੀ ਗੁਮਾਨ ਭਰੇ ਮਨ ਮੈਂ ਕਰ ਪਰਬਤ ਪੰਖ ਹਲੇ ਨ ਹਲੈਂਗੇ ॥ ੩. ਤੋਰਿ ਅਰੀਨ ਮਰੋਰਿ ਮਵਾਸਨ**

ਮਾਤੇ ਮਤੰਗਨਿ ਮਾਨ ਮਲੈਂਗੇ ॥ ੪. ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗਿ ਜਹਾਨ ਨਿਦਾਨ ਚਲੈਂਗੇ ॥੫॥

ਪਦ ਅਰਥ—ਸੁੱਧ=ਸਚੇ । ਦੁਰੰਤ=ਮੁਸ਼ਕਲ ਜਿਤੇ ਜਾਣ ਵਾਲੇ । ਦੁਬਾਹ=ਦੋਹਾਂ ਬਾਹਾਂ ਨਾਲ ਲੜਨ ਵਾਲੇ । ਅਰੀਨ=ਦੁਸ਼ਮਨ । ਮਵਾਸਨ= ਆਕੀ । ਮਤੰਗਨ=ਹਾਥੀਆਂ ।

ਅਰਥ—੧. ਮੁਸ਼ਕਲ ਨਾਲ ਜਿਤੇ ਜਾਣ ਵਾਲੇ ਦੁਬਾਹੀਏ ਸੱਚੇ ਸੂਰਮੇ, ਸੰਜੋਅ ਪਹਿਨ ਕੇ ਸ਼ਸਤਰਾਂ ਨਾਲ ਸਜ ਕੇ ਖੋਟੇ ਪੁਰਸ਼ਾਂ ਨੂੰ ਦਲ ਸੁੱਟਣ ਵਾਲੇ । ੨. ਜਿਨ੍ਹਾਂ ਦੇ ਮਨ ਵਿਚ ਵੱਡਾ ਗੁਮਾਨ ਭਰਿਆ ਹੋਵੇ ਤੇ ਮੂੰਹੋਂ ਇਹ ਆਖਦੇ ਹੋਣ ਕਿ ਪਰਬਤ ਤਾਂ ਖੰਭ ਲਾ ਕੇ ਉਡ ਜਾਣ ਪਰ ਅਸੀਂ ਰਣ ਵਿਚੋਂ ਨਹੀਂ ਹਿਲਾਂਗੇ । ੩. ਵੈਰੀਆਂ ਨੂੰ ਤੋੜ ਦਿਆਂਗੇ, ਆਕੀਆਂ ਦੀ ਗਿੱਚੀ ਮਰੋੜ ਦਿਆਂਗੇ ਅਤੇ ਮਸਤ ਹਾਥੀਆਂ ਦੇ ਮਾਨ ਨੂੰ ਵੀ ਲੁਟ ਸੁਟਾਂਗੇ । ੪. ਸੋਭਾ ਦੇ ਮਾਲਕ ਸ੍ਰੀ ਵਾਹਿਗੁਰੂ ਜੀ ਦੀ ਕ੍ਰਿਪਾ ਤੋਂ ਬਿਨਾਂ ਐਡੇ ਬਹਾਦਰ ਵੀ ਜਹਾਨ ਨੂੰ ਛੱਡ ਕੇ ਅੰਤ ਨੂੰ ਚਲੇ ਜਾਣਗੇ ॥੫॥

੧. ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥ ੨. ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ ॥ ੩. ਗਾੜ੍ਹੇ ਗੜ੍ਹਾਨ ਕੋ ਤੋੜਨਹਾਰ ਸੁ ਬਾਤਨ ਹੀਂ ਚਕ ਚਾਰ ਲਵੱਯਾ ॥ ੪.

**ਸਾਹਿਬੁ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਏਕ ਦਿਵੱਯਾ ॥੬॥**

ਪਦ ਅਰਥ—ਬਰਿਆਰ=ਬਲਵਾਨ । ਅਬਿਚਾਰਹਿ=ਵਿਚਾਰ ਤੋਂ ਬਿਨਾਂ, ਬਹੁਤ ਛੇਤੀ । ਸਾਰ=ਲੋਹਾ, ਸ਼ਸਤਰ । ਮਲਿੰਦ=ਮਲ ਸੁਟਨਾ । ਗਜਾਨ=ਹਾਥੀਆਂ । ਗੜ੍ਹਾਨ=ਕਿਲ੍ਹੇ । ਨਾਇਕ=ਮਾਲਕ । ਦਿਵੱਯਾ=ਦਾਤਾ ।

ਅਰਥ—੧. ਬੇਅੰਤ ਸੂਰਮੇ ਜੋ ਵੱਡੇ ਹੀ ਬਲਵਾਨ ਤੇ ਬਿਨਾਂ ਕਿਸੇ ਸੋਚ ਵਿਚਾਰ ਦੇ ਸ਼ਸਤ੍ਰਾਂ ਦੀ ਮਾਰ ਖਾਂਦੇ ਹਨ । ੨. ਦੇਸਾਂ ਨੂੰ ਫਤਹਿ ਕਰ ਕੇ ਆਕੀਆਂ ਨੂੰ ਫ਼ਨਾਹ ਕਰਦੇ ਅਤੇ ਮਸਤ ਹਾਥੀਆਂ ਦੇ ਮਾਨ ਮਲ ਸੁਟਦੇ ਹਨ । ੩. ਮਜ਼ਬੂਤ ਕਿਲ੍ਹਿਆਂ ਨੂੰ ਤੋੜਨ ਵਾਲੇ ਅਤੇ ਗੱਲਾਂ ਨਾਲ ਹੀ ਚੌਂਹ ਚੱਕਾਂ ਨੂੰ ਜਿਤ ਲੈਂਦੇ ਹਨ । ੪. ਸ਼ੋਭਾ ਵਾਲਾ ਸਾਹਿਬ ਸਾਰਿਆਂ ਦੇ ਸਿਰ ਮਾਲਕ ਹੈ, ਇਸ ਤਰ੍ਹਾਂ ਦੇ ਅਨੇਕਾਂ ਸੂਰਮੇ ਉਸ ਤੋਂ ਮੰਗਦੇ ਹਨ, ਅਤੇ ਉਹ ਇਕੋ ਹੀ ਸਭ ਕੁਝ ਦੇਂਦਾ ਹੈ ॥੬॥

**੧. ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿਖ ਭਵਾਨ ਜਪੈਂਗੇ ॥ ੨. ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ ॥ ੩. ਪੁੰਨ ਪ੍ਰਤਾਪਨ ਬਾਢ ਜੈਤ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ ॥ ੪. ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰ ਸਭੈ ਅਵਲੋਕ ਚਪੈਂਗੇ ॥੭॥**

ਪਦ ਅਰਥ—ਦਾਨਵ=ਦੈਂਤ । ਫਨਿੰਦ=ਸੇਸ ਨਾਗ । ਨਿਸਾਚਰ=ਰਾਤ

ਨੂੰ ਫਿਰਨ ਵਾਲੇ, ਭੂਤ ਪ੍ਰੇਤ ਜਾਂ ਚੋਰ ਡਾਕੂ। ਪੁੰਜ=ਟੋਲੇ, ਝੁੰਡ। ਅਵਿਲੋਕ=ਵੇਖ ਕੇ। ਚਪੈਂਗੇ=ਸ਼ਰਮਿੰਦੇ ਹੋਣਗੇ। ਪੁੰਨ=ਚੰਗੇ ਕੰਮ।

ਅਰਥ—੧. ਦੈਂਤ ਦੇਵਤੇ ਸ਼ੇਸ਼ ਨਾਗ ਤੇ ਭੂਤ ਪ੍ਰੇਤ ਆਦਿਕ ਸਾਰੇ ਹੀ ਪਿਛੇ ਵਾਹਿਗੁਰੂ ਨੂੰ ਜਪਦੇ ਸਨ, ਹੁਣ ਜਪਦੇ ਹਨ ਅਤੇ ਅੱਗੇ ਨੂੰ ਜਪਣਗੇ। ੨. ਜਲ ਥਲ ਵਿਚ ਜਿੰਨੇ ਵੀ ਜੀਵ ਹਨ ਪਲ ਦੀ ਪਲ ਵਿਚ ਉਨ੍ਹਾਂ ਸਭਨਾਂ ਦੀ ਥਾਪਨਾ ਵਾਹਿਗੁਰੂ ਥਾਪ ਦੇਂਦਾ ਹੈ। ੩. ਚੰਗੇ ਕੰਮ ਕਰਨ ਵਾਲਿਆਂ ਦਾ ਪ੍ਰਤਾਪ ਵਧੇਗਾ, ਚਾਰੇ ਪਾਸੇ ਜਿੱਤ ਦਾ ਡੰਕਾ ਵਜੇਗਾ ਅਤੇ ਪਾਪ ਕਰਨ ਵਾਲਿਆਂ ਦੇ ਝੁੰਡਾਂ ਦੇ ਝੁੰਡ ਨਾਸ ਹੋ ਜਾਣਗੇ। ੪. ਜਗਤ ਵਿਚ ਸਾਰੇ ਸੰਤ ਖੁਸ਼ ਫਿਰਨਗੇ ਅਤੇ ਦੁਸ਼ਮਨ ਉਹਨਾਂ ਦੇ ਪ੍ਰਤਾਪ ਨੂੰ ਵੇਖ ਕੇ ਸਾਰੇ ਹੀ ਸ਼ਰਮਿੰਦੇ ਹੋਣਗੇ ॥੭॥

ਸਿਧਾਂਤ—ਇਸ ਸਵੱਯੇ ਵਿਚ ਸਤਿਗੁਰੂ ਜੀ ਨੇ ਪ੍ਰਗਟ ਕੀਤਾ ਹੈ ਕਿ ਔਰੰਗਜ਼ੇਬ ਆਦਿਕ ਧਰਮ ਦੇ ਵਿਰੋਧੀ ਨਾਸ ਹੋ ਜਾਣਗੇ ਅਤੇ 'ਸੰਤ' ਸਿਖ ਨਾਮ ਦੇ ਪਿਆਰੇ, ਨੇਕੀ ਦੇ ਪੁੰਜ, ਉਪਕਾਰੀ ਜੀਊੜੇ ਜਗਤ ਵਿਚ ਖੁਸ਼ ਰਹਿਣਗੇ, ਉਨ੍ਹਾਂ ਦਾ ਪ੍ਰਤਾਪ ਚਮਕੇਗਾ। ਉਨ੍ਹਾਂ ਦੇ ਪ੍ਰਤਾਪ ਨੂੰ ਵੇਖ ਕੇ ਧਰਮ ਦੇ ਵਿਰੋਧੀ ਆਪ ਹੀ ਸ਼ਰਮਿੰਦੇ ਹੋਣਗੇ।

ਇਸ ਸਵੱਯੇ ਵਿਚ 'ਸੰਤ' ਪਦ ਸਤਿਗੁਰੂ ਜੀ ਨੇ 'ਗੁਰ-ਸਿਖਾਂ-ਖਾਲਸੇ' ਲਈ ਵਰਤਿਆ ਹੈ ਅਤੇ ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ :

*ਸੰਤ ਭਗਤ ਗੁਰ ਸਿਖ ਹੈਂ ਜਗ ਤਾਰਨ ਆਏ ॥* [ਵਾਰ ੪੧

## ੧. ਮਾਨਵ ਇੰਦ੍ਰ ਗਜਿੰਦ੍ਰ ਨਰਾਧਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ॥ ੨. ਕੋਟਿ ਇਸਨਾਨ ਗਜ਼ਾਦਿਕ ਦਾਨ ਅਨੇਕ ਸੁਅੰਬਰ

**ਸਾਜ ਬਰੈਂਗੇ ॥ ੩. ਬ੍ਰਹਮ ਮਹੇਸਰ ਬਿਸਨ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ ॥ ੪. ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥੯॥**

ਪਦ ਅਰਥ—ਮਾਨਵ=ਮਨੁੱਖ। ਗਜਿੰਦ੍ਰ=ਰਾਜ ਹਾਥੀ। ਨਰਾਧਪ= ਰਾਜੇ। ਸੁਅੰਬਰ=ਆਪਣਾ ਆਪ ਵਾਰਨਾ। ਸਚੀਪਤਿ=(ਸਚੀ ਇਕ ਇਸਤਰੀ ਦਾ ਨਾਮ ਹੈ, ਉਸ ਦਾ ਪਤੀ) ਇੰਦਰ।

ਅਰਥ—੧. ਮਨੁੱਖ, ਇੰਦਰ, ਰਾਜ ਹਾਥੀਆਂ ਦੇ ਮਾਲਕ ਰਾਜੇ ਜੋ ਵੀ ਤਿੰਨਾਂ ਲੋਕਾਂ ਦਾ ਰਾਜ ਕਰਨਗੇ। ੨. ਕ੍ਰੋੜਾਂ ਤੀਰਥਾਂ ਦਾ ਇਸ਼ਨਾਨ ਕਰ ਕੇ ਹਾਥੀ ਆਦਿਕਾਂ ਦਾ ਦਾਨ ਕਰਨ ਅਤੇ ਅਨੇਕਾਂ ਵਾਰੀ ਸ੍ਵਯੰਬਰਾਂ ਦੇ ਸਾਜ ਵਿਚ ਵਰੇ ਜਾਣ। ੩. ਬ੍ਰਹਮਾ ਸ਼ਿਵ ਜੀ ਤੇ ਇੰਦ੍ਰ ਇਤਿਆਦਿਕ ਸਾਰੇ ਹੀ ਨਾਮ ਤੋਂ ਬਿਨਾਂ ਵਿਕਾਰਾਂ ਵਿਚ ਫਸੇ ਹੋਣ ਕਰਕੇ ਅੰਤ ਨੂੰ ਜਮਾਂ ਦੀ ਫਾਹੀ ਵਿਚ ਜਾ ਪੈਣਗੇ। ੪. ਜਿਹੜੇ ਪੁਰਸ਼ 'ਸ੍ਰੀ ਪਤਿ' ਵਾਹਿਗੁਰੂ ਜੀ ਦੇ ਚਰਨੀਂ ਪਏ ਹਨ, ਉਹ ਪੁਰਸ਼ ਫਿਰ ਕਦੇ ਦੇਹ ਨਹੀਂ ਧਾਰਨਗੇ, ਅਰਥਾਤ ਜਨਮ ਜਾਲ ਤੋਂ ਛੁਟ ਕੇ ਮੁਕਤ ਹੋ ਜਾਣਗੇ ॥੯॥

**੧. ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥ ੨. ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ ॥ ੩. ਬਾਸ ਕੀਓ**

ਬਿਖਿਆਨ ਸੋਂ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ ॥ ੪. ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥

ਪਦ ਅਰਥ—ਲੋਚਨ=ਅੱਖਾਂ । ਬਕ=ਬਗਲਾ । ਬਿਖਿਆਨ=ਸਿੰਙਾਂ ਵਾਲੇ । ਸੋ=ਵਾਂਗੂੰ । ਬੈਸ=ਉਮਰ ।

ਅਰਥ—੧. ਕੀ ਹੋਇਆ ਜੇ ਦੋਵੇਂ ਅੱਖਾਂ ਮੀਟ ਕੇ ਬਗਲੇ ਵਾਂਗੂੰ ਧਿਆਨ ਲਗਾ ਲਿਆ ? ੨ ਨ੍ਹਾਉਣ ਵਾਸਤੇ ਸੱਤਾਂ ਸਮੁੰਦਰਾਂ ਤਕ ਖਰਾਬ ਹੁੰਦਾ ਫਿਰਿਆ, ਲੋਕ, ਗਵਾ ਕੇ ਪ੍ਰਲੋਕ ਵੀ ਗਵਾ ਲਿਆ । ੩. ਸਿੰਙਾਂ ਵਾਲੇ ਪਸ਼ੂਆਂ ਵਾਂਗੂੰ ਜੰਗਲਾਂ ਵਿਚ ਬੈਠ ਕੇ ਵਾਸਾ ਕੀਤਾ ਤਾਂ ਕੀ ਹੋਇਆ ? ਇਉਂ ਹੀ ਉਮਰ ਗਵਾ ਲਈ । ੪. ਸੱਚ ਕਹਿੰਦਾ ਹਾਂ, ਸਾਰੇ ਜਣੇ ਸੁਣ ਲਵੋ, ਜਿਸ ਨੇ ਪ੍ਰੇਮ ਕੀਤਾ ਹੈ ਉਸ ਨੇ ਪ੍ਰਭੂ ਪਾਇਆ ਹੈ ॥੯॥

੧. ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥ ੨. ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥ ੩. ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥ ੪. ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥

ਪਦ ਅਰਥ—ਪਾਹਨ=ਪੱਥਰ (ਸਾਲਗਰਾਮ) । ਲਿੰਗ=ਸ਼ਿਵਲਿੰਗ । ਅਵਾਚੀ=ਦੱਖਣ । ਦਿਸਾ=ਪਾਸਾ । ਪਛਾਹ=ਲਹਿੰਦਾ । ਮ੍ਰਿਤਾਨ=ਮੁਰਦਿਆਂ (ਕਬਰਾਂ) । ਕੂਰ ਕ੍ਰਿਆ=ਝੂਠੇ ਕੰਮ ।

ਅਰਥ—੧. ਕਿਸੇ ਨੇ ਪੱਥਰਾਂ ਨੂੰ ਪੂਜਣਾ ਹੀ ਸਿਰ ਤੇ ਚੁਕ ਲਿਆ ਹੈ, ਅਤੇ ਕਿਸੇ ਨੇ ਸ਼ਿਵਲਿੰਗ ਨੂੰ ਗਲ ਵਿਚ ਲਮਕਾ ਲਿਆ ਹੈ । ੨. ਕਿਸੇ ਨੇ ਰੱਬ ਨੂੰ ਦੱਖਣ ਵਾਲੇ ਪਾਸੇ ਵਲ ਮੰਨ ਲਿਆ ਹੈ, ਅਤੇ ਕੋਈ ਲਹਿੰਦੇ ਵਲ ਸਿਰ ਨਿਵਾਉਂਦਾ (ਸਜਦਾ ਕਰਦਾ) ਹੈ । ੩. ਕੋਈ ਪਸ਼ੂ ਤਾਂ ਬੁਤਾਂ ਨੂੰ ਪੂਜਦਾ ਹੈ ਕੋਈ ਕਬਰਾਂ ਨੂੰ ਪੂਜਣ ਭੱਜਾ ਜਾਂਦਾ ਹੈ । ੪. ਸਾਰਾ ਜਗਤ ਝੂਠੇ ਕੰਮਾਂ ਵਿਚ ਲੱਗਾ ਹੋਇਆ ਹੈ, ਸ੍ਰੀ ਕਰਤਾਰ ਜੀ ਦਾ ਭੇਦ ਕਿਸੇ ਨੇ ਵੀ ਨਹੀਂ ਪਾਇਆ ॥੧੦॥

# ਚੌਪਈ ਸਾਹਿਬ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

## ਪਾਤਿਸਾਹੀ ੧੦ ॥

ਕਬਿਯੋ ਬਾਚ ਬੇਨਤੀ॥ ਚੌਪਈ ॥

**੧. ਹਮਰੀ ਕਰੋ ਹਾਥ ਦੈ ਰੱਛਾ ॥ ੨. ਪੂਰਨ ਹੋਇ ਚਿਤ ਕੀ ਇੱਛਾ ॥ ੩. ਤਵ ਚਰਨਨ ਮਨ ਰਹੈ ਹਮਾਰਾ ॥ ੪. ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥**

ਪਦ ਅਰਥ—ਪ੍ਰਤਿਪਾਰਾ=ਪਾਲਨਾ ।

ਅਰਥ—੧. ਆਪਨਾ ਹੱਥ ਦੇ ਕੇ ਸਾਡੀ ਰਖਿਆ ਕਰੋ । ੨. ਸਾਡੇ ਚਿਤ ਦੀ ਇੱਛਾ ਪੂਰੀ ਹੋ ਜਾਵੇ । ੩. ਤੁਹਾਡੇ ਚਰਨਾਂ ਨਾਲ ਸਾਡਾ ਮਨ ਲੱਗਾ ਰਹੇ, ਇਹੋ ਸਾਡੀ ਇੱਛਾ ਹੈ । ੪. ਆਪਣਾ ਦਾਸ ਜਾਣ ਕੇ ਸਾਡੀ ਪਾਲਨਾ ਕਰੋ ॥੧॥

**੧. ਹਮਰੇ ਦੁਸਟ ਸਭੈ ਤੁਮ ਘਾਵਹੁ ॥ ੨. ਆਪੁ ਹਾਥ ਦੈ ਮੋਹਿ ਬਚਾਵਹੁ ॥ ੩. ਸੁਖੀ ਬਸੈ ਮੋਰੋ ਪਰਿਵਾਰਾ ॥ ੪. ਸੇਵਕ ਸਿੱਖ ਸਭੈ**

## ਕਰਤਾਰਾ ॥੨॥

ਅਰਥ—੧. ਸਾਡੇ ਸਾਰੇ ਦੁਸ਼ਮਨਾਂ ਨੂੰ ਤੁਸੀਂ ਮਾਰੋ । ੨. ਆਪਣਾ ਹੱਥ ਦੇ ਕੇ ਮੈਨੂੰ ਬਚਾਓ । ੩. ਮੇਰਾ ਸਾਰਾ ਪ੍ਰਵਾਰ ਸੁਖੀ ਵੱਸੇ । ੪. ਹੇ ਕਰਤਾਰ ! ਸਾਰੇ ਸਿੱਖ ਸੇਵਕ ਹੀ ਮੇਰਾ ਪ੍ਰਵਾਰ ਹਨ ॥੨॥

## ੧. ਮੋ ਰੱਛਾ ਨਿਜ ਕਰ ਦੈ ਕਰਿਯੈ ॥ ੨. ਸਭ ਬੈਰਨ ਕੋ ਆਜ ਸੰਘਰਿਯੈ ॥ ੩. ਪੂਰਨ ਹੋਇ ਹਮਾਰੀ ਆਸਾ ॥ ੪. ਤੋਰ ਭਜਨ ਕੀ ਰਹੈ ਪਿਆਸਾ ॥੩॥

ਅਰਥ—੧. ਆਪਣਾ ਹੱਥ ਦੇ ਕੇ ਮੇਰੀ ਰਖਿਆ ਕਰੋ । ੨. ਕਾਮ ਆਦਿਕ ਸਾਰੇ ਵੈਰੀਆਂ ਨੂੰ ਅਜੋ ਹੀ ਮਾਰ ਦਿਓ । ੩. ਮੇਰੀ ਆਸਾ ਪੂਰੀ ਹੋਵੇ । ੪. ਤੁਹਾਡੇ ਭਜਨ ਦੀ ਹੀ ਹਮੇਸ਼ਾਂ ਤਰੇਹ ਲੱਗੀ ਰਹੇ ॥੩॥

## ੧. ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥ ੨. ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥ ੩. ਸੇਵਕ ਸਿੱਖ ਹਮਾਰੇ ਤਾਰੀਅਹਿ ॥ ੪. ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥

ਅਰਥ—੧. ਤੁਹਾਨੂੰ ਛੱਡ ਕੇ ਕਿਸੇ ਹੋਰ ਨੂੰ ਨਹੀਂ ਜਪਾਂਗਾ । ੨. ਜੋ ਵਰ ਚਾਹਾਂਗਾ, ਉਹ ਤੁਹਾਥੋਂ ਹੀ ਪਾਵਾਂਗਾ । ੩. ਸਾਡੇ ਸਿਖਾਂ ਤੇ ਸੇਵਕਾਂ ਨੂੰ ਤਾਰੋ । ੪. ਸਾਡੇ ਦੁਸ਼ਮਨਾਂ ਨੂੰ ਚੁਣ ਚੁਣ ਕੇ ਮਾਰੋ ॥੪॥

## ੧. ਆਪ ਹਾਥ ਦੈ ਮੁਝੈ ਉਬਰਿਯੈ ॥ ੨. ਮਰਨ

**ਕਾਲ ਕਾ ਤ੍ਰਾਸ ਨਿਵਰਿਯੈ ॥ ੩. ਹੂਜੋ ਸਦਾ ਹਮਾਰੇ ਪੱਛਾ ॥ ੪. ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥**

ਪਦ ਅਰਥ—ਤ੍ਰਾਸ=ਡਰ । ਅਸਿਧੁਜ=[ਅਸਿ-ਤਲਵਾਰ+ਧੁਜ-ਝੰਡਾ] ਜਿਸ ਦੇ ਹਥ ਵਿਚ ਝੰਡਾ ਤੇ ਤਲਵਾਰ ਹੈ ਉਸ ਦਾ ਨਾਮ ਅਸਿਧੁਜ ਹੈ । ਅਰਥਾਤ ਨਿਰੰਕਾਰ ਦੇ ਹੱਥ ਵਿਚ ਮੌਤ ਦਾ ਝੰਡਾ ਹੈ, ਇਸ ਲਈ ਉਸ ਦਾ ਨਾਮ ਹੀ ਅਸਿਧੁਜ ਕਿਹਾ ਹੈ ।

ਅਰਥ—੧. ਅਪਨਾ ਹੱਥ ਦੇ ਕੇ ਮੈਨੂੰ ਬਚਾਓ । ੨. ਮਰਨ ਵੇਲੇ ਦਾ ਡਰ ਦੂਰ ਕਰੋ । ੩. ਹਮੇਸ਼ਾਂ ਸਾਡੇ ਪੱਖ ਵਿਚ ਹੋਵੋ । ੪. ਹੇ ਅਸਿਧੁਜ ਜੀ ! ਸਾਡੀ ਰਖਿਆ ਕਰੋ ॥੫॥

**੧. ਰਾਖਿ ਲੇਹੁ ਮੁਹਿ ਰਾਖਨਹਾਰੇ ॥ ੨. ਸਾਹਿਬ ਸੰਤ ਸਹਾਇ ਪਿਯਾਰੇ ॥ ੩. ਦੀਨ ਬੰਧੁ ਦੁਸਟਨ ਕੇ ਹੰਤਾ ॥ ੪. ਤੁਮ ਹੋ ਪੁਰੀ ਚਤੁਰ ਦਸ ਕੰਤਾ ॥੬॥**

ਪਦ ਅਰਥ—ਚਤੁਰ ਦਸ=ਚੌਦਾਂ । ਕੰਤਾ=ਮਾਲਕ, ਸੁਆਮੀ ।

ਅਰਥ—੧. ਹੇ ਰੱਖਨ ਵਾਲੇ ! ਮੈਨੂੰ ਰੱਖ ਲੈ । ੨. ਹੇ ਸੰਤਾਂ ਦੇ ਸਹਾਈ ਤੇ ਪਿਆਰੇ ਮਾਲਕ । ੩. ਹੇ ਦੀਨਾਂ ਦੇ ਸੰਬੰਧੀ ਤੇ ਦੁਸ਼ਟਾਂ ਨੂੰ ਮਾਰਨ ਵਾਲੇ । ੪. ਤੂੰ ਹੀ ਚੌਦਾਂ ਲੋਕਾਂ ਦਾ ਮਾਲਕ ਹੈਂ ॥੬॥

**੧. ਕਾਲ ਪਾਇ ਬ੍ਰਹਮਾ ਬਪੁ ਧਰਾ ॥ ੨. ਕਾਲ ਪਾਇ ਸਿਵ ਜੂ ਅਵਤਰਾ ॥ ੩. ਕਾਲ ਪਾਇ**

**ਕਰ ਬਿਸਨੁ ਪ੍ਰਕਾਸਾ ॥ ੪. ਸਕਲ ਕਾਲ ਕਾ ਕੀਆ ਤਮਾਸਾ ॥੭॥**

ਪਦ ਅਰਥ—ਕਾਲ=ਮੌਤ, ਮਾਰਨਾ, ਵਾਹਿਗੁਰੂ ਸਾਰਿਆਂ ਦੀ ਮੌਤ ਹੈ, ਇਸ ਕਰਕੇ ਨਿਰੰਕਾਰ ਦਾ ਨਾਮ ਹੀ ਕਾਲ ਹੈ (ਅੰਤ ਕਰਤ ਸਭ ਜਗ ਕੋ ਕਾਲਾ ॥ ਨਾਮ ਕਾਲ ਤਾਤੇ ਜਗ ਡਾਲਾ ॥) । ਬਪੁ=ਸਰੀਰ। ਅਵਤਰਾ=ਪੈਦਾ ਹੋਇਆ ।

ਅਰਥ—੧. ਅਕਾਲ ਦਾ ਹੁਕਮ ਪਾ ਕੇ ਬ੍ਰਹਮਾ ਨੇ ਸਰੀਰ ਧਾਰਿਆ ਹੈ । ੨. ਅਕਾਲ ਦਾ ਹੁਕਮ ਪਾ ਕੇ ਸ਼ਿਵ ਜੀ ਪੈਦਾ ਹੋਇਆ ਹੈ । ੩. ਅਕਾਲ ਦਾ ਹੁਕਮ ਪਾ ਕੇ ਵਿਸ਼ਨੂੰ ਪ੍ਰਗਟਿਆ ਹੈ । ੪. ਇਹ ਸਾਰਾ ਜਗਤ ਹੀ ਅਕਾਲ ਦਾ ਤਮਾਸ਼ਾ ਬਣਾਇਆ ਹੋਇਆ ਹੈ ॥੭॥

**੧. ਜਵਨ ਕਾਲ ਜੋਗੀ ਸਿਵ ਕੀਓ ॥ ੨. ਬੇਦ ਰਾਜ ਬ੍ਰਹਮਾ ਜੂ ਥੀਓ ॥ ੩. ਜਵਨ ਕਾਲ ਸਭ ਲੋਕ ਸਵਾਰਾ ॥ ੪. ਨਮਸਕਾਰ ਹੈ ਤਾਹਿ ਹਮਾਰਾ ॥੮॥**

ਅਰਥ—੧. ਜਿਸ ਅਕਾਲ ਨੇ ਸ਼ਿਵ ਜੀ ਨੂੰ ਜੋਗੀ ਬਨਾਇਆ ਹੈ। ੨. ਜਿਸ ਅਕਾਲ ਨੇ ਬ੍ਰਹਮਾ ਤੋਂ ਵੇਦਾਂ ਦਾ ਪ੍ਰਕਾਸ਼ ਕਰਾਇਆ ਹੈ। ੩. ਜਿਸ ਅਕਾਲ ਨੇ ਸਾਰੇ ਜਗਤ ਨੂੰ ਸਵਾਰਿਆ ਹੈ । ੪. ਉਸ ਨੂੰ ਸਾਡੀ ਨਮਸਕਾਰ ਹੈ ॥੮॥

**੧. ਜਵਨ ਕਾਲ ਸਭ ਜਗਤ ਬਨਾਯੋ ॥ ੨. ਦੇਵ ਦੈਤ ਜੱਛਨ ਉਪਜਾਯੋ ॥ ੩. ਆਦਿ**

**ਅੰਤਿ ਏਕੈ ਅਵਤਾਰਾ॥ ੪. ਸੋਈ ਗੁਰੂ ਸਮਝਿਯਹੁ ਹਮਾਰਾ॥੯॥**

ਅਰਥ—੧. ਜਿਸ ਕਰਤਾਰ ਨੇ ਸਾਰਾ ਜਗਤ ਬਨਾਇਆ ਹੈ। ੨. ਦੇਵਤੇ, ਦੈਂਤ ਅਤੇ ਜੱਛਾਂ ਨੂੰ ਪੈਦਾ ਕੀਤਾ ਹੈ। ੩. ਜੋ ਸ਼ੁਰੂ ਤੋਂ ਅਖੀਰ ਤਕ ਇਕੋ ਜਿਹਾ ਰਹਿਣ ਵਾਲਾ ਹੈ। ੪. ਉਸੇ ਨੂੰ ਸਾਡਾ ਗੁਰੂ ਸਮਝੋ ॥੯॥

**੧. ਨਮਸਕਾਰ ਤਿਸ ਹੀ ਕੋ ਹਮਾਰੀ॥ ੨. ਸਕਲ ਪ੍ਰਜਾ ਜਿਨ ਆਪ ਸਵਾਰੀ॥ ੩. ਸਿਵਕਨ ਕੋ ਸਿਵਗੁਨ ਸੁਖ ਦੀਓ॥ ੪. ਸੱਤ੍ਰੁਨ ਕੋ ਪਲ ਮੋ ਬਧ ਕੀਓ॥੧੦॥**

ਪਦ ਅਰਥ—ਸਿਵਕਨ=ਸੇਵਕਾਂ। ਸਵਗੁਨ=ਸੌ ਹਿਸੇ, ਸੌ ਗੁਣਾਂ। ਬਧ=ਮਾਰਨਾ, ਨਾਸ ਕਰਨਾ।

ਅਰਥ—੧. ਸਾਡੀ ਨਮਸਕਾਰ ਉਸੇ ਨੂੰ ਹੈ। ੨. ਜਿਸ ਨੇ ਆਪੇ ਹੀ ਸਾਰੀ ਪਰਜਾ ਬਣਾਈ ਹੈ। ੩. ਸੇਵਕਾਂ ਨੂੰ ਸੌ ਗੁਣਾਂ ਉਸ ਨੇ ਸੁਖ ਦਿਤਾ ਹੈ। ੪. ਦੁਸ਼ਮਨਾਂ ਨੂੰ ਪਲਾਂ ਵਿਚ ਨਾਸ ਕੀਤਾ ਹੈ ॥੧੦॥

**੧. ਘਟ ਘਟ ਕੇ ਅੰਤਰ ਕੀ ਜਾਨਤ॥ ੨. ਭਲੇ ਬੁਰੇ ਕੀ ਪੀਰ ਪਛਾਨਤ॥ ੩. ਚੀਟੀ ਤੇ ਕੁੰਚਰ ਅਸਥੂਲਾ॥ ੪. ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ॥੧੧॥**

ਪਦ ਅਰਥ—ਕੁੰਚਰ=ਹਾਥੀ । ਅਸਥੂਲਾ=ਵੱਡਾ । ਫੂਲਾ=ਅਨੰਦ ।

ਅਰਥ—੧. ਹਰ ਇਕ ਦੇ ਅੰਦਰ ਦੀ ਜਾਣਦਾ ਹੈ । ੨. ਭਲੇ ਬੁਰੇ ਦੀ ਪੀੜਾ ਨੂੰ ਪਛਾਣਦਾ ਹੈ । ੩. ਨਿੱਕੀ ਕੀੜੀ ਤੋਂ ਲੈ ਕੇ ਵੱਡੇ ਹਾਥੀ ਤੱਕ । ੪. ਸਭਨਾਂ ਉਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਅਨੰਦ ਰਹਿੰਦਾ ਹੈ ॥੧੧॥

## ੧. ਸੰਤਨ ਦੁਖ ਪਾਏ ਤੇ ਦੁਖੀ ॥ ੨. ਸੁਖ ਪਾਏ ਸਾਧੁਨ ਕੇ ਸੁਖੀ ॥ ੩. ਏਕ ਏਕ ਕੀ ਪੀਰ ਪਛਾਨੈਂ ॥ ੪. ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥

ਪਦ ਅਰਥ—ਘਟ=ਹਿਰਦਾ, ਦਿਲ । ਪਟ=ਪਰਦਾ, ਭੇਦ ।

ਅਰਥ—੧. ਸੰਤਾਂ ਨੂੰ ਦੁਖ ਮਿਲੇ ਤਾਂ ਉਹ ਦੁਖੀ ਹੁੰਦਾ ਹੈ । ੨, ਸੰਤਾਂ ਦੇ ਸੁਖ ਪਾਉਣ ਨਾਲ ਸੁਖੀ ਹੁੰਦਾ ਹੈ । ੩. ਇਕ ਇਕ ਦੀ ਪੀੜ ਨੂੰ ਪਛਾਣਦਾ ਹੈ । ੪. ਸਭਨਾਂ ਦੇ ਦਿਲਾਂ ਦੇ ਗੁੱਝੇ ਭੇਦਾਂ ਨੂੰ ਜਾਣਦਾ ਹੈ ॥੧੨॥

## ੧. ਜਬ ਉਦਕਰਖ ਕਰਾ ਕਰਤਾਰਾ ॥ ੨. ਪ੍ਰਜਾ ਧਰਤ ਤਬ ਦੇਹ ਅਪਾਰਾ ॥ ੩. ਜਬ ਆਕਰਖ ਕਰਤ ਹੋ ਕਬਹੂੰ ॥ ੪. ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥

ਪਦ ਅਰਥ—ਉਦਕਰਖ=ਫੈਲਾਨਾ, ਤਾਕਤ ਦਾ ਪ੍ਰਗਟ ਕਰਨਾ, ਜੌਹਰ ਵਿਖਾਉਣਾ । ਆਕਰਖ=ਖਿਚ ਲੈਣਾ, ਸ਼ਕਤੀ ਦਾ ਸੰਕੋਚ ਕਰ ਲੈਣਾ, ਜੌਹਰ ਗੁਪਤ ਕਰਨੇ ।

ਅਰਥ—੧. ਹੇ ਕਰਤਾਰ ! ਜਦ ਤੁਸੀਂ ਆਪਣੀ ਤਾਕਤ ਫੈਲਾਈ। ੨. ਤਦੋਂ ਦੁਨੀਆਂ ਨੇ ਅਪਾਰ ਹੀ ਦੇਹਾਂ ਧਾਰ ਲਈਆਂ। ੩. ਫਿਰ ਜਦ ਕਦੇ ਆਪਣੀ ਤਾਕਤ ਸਮੇਟ ਲਵੋਗੇ ਤਾਂ ੪. ਸਭ ਦੇਹਧਾਰੀ ਤੁਹਾਡੇ ਵਿਚ ਮਿਲ ਜਾਣਗੇ ॥੧੩॥

**੧. ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ੨. ਆਪੁ ਆਪਨੀ ਬੂਝ ਉਚਾਰੈ ॥ ੩. ਤੁਮ ਸਭ ਹੀ ਤੇ ਰਹਤ ਨਿਰਾਲਮ ॥ ੪. ਜਾਨਤ ਬੇਦ ਭੇਦ ਅਰ ਆਲਮ ॥੧੪॥**

ਪਦ ਅਰਥ—ਬਦਨ=ਸਰੀਰ। ਬੂਝ=ਸਮਝ। ਨਿਰਾਲਮ=ਅਲੱਗ। ਆਲਮ=ਵਿਦਵਾਨ, ਗਿਆਨੀ।

ਅਰਥ—੧. ਸਾਰੀ ਸ੍ਰਿਸ਼ਟੀ ਨੇ ਜਿੰਨੇ ਸਰੀਰ ਧਾਰੇ ਹੋਏ ਹਨ। ੨. ਉਹ ਸਾਰੇ ਹੀ ਆਪੋ ਆਪਣੀ ਸਮਝ ਅਨੁਸਾਰ ਤੇਰਾ ਜਸ ਉਚਾਰਦੇ ਹਨ। ੩. ਪਰ ਤੁਸੀਂ ਸਭਨਾਂ ਤੋਂ ਅਲੱਗ ਰਹਿੰਦੇ ਹੋ। ੪. ਇਸ ਗੱਲ ਨੂੰ ਵੇਦਾਂ ਦੇ ਭੇਤੀ ਤੇ ਆਲਮ ਲੋਕ ਜਾਣਦੇ ਹਨ ॥੧੪॥

**੧. ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥ ੨. ਆਦਿ ਅਨੀਲ ਅਨਾਦਿ ਅਸੰਭ ॥ ੩. ਤਾ ਕਾ ਮੂੜ੍ਹ ਉਚਾਰਤ ਭੇਦਾ ॥ ੪. ਜਾ ਕੋ ਭੇਵ ਨ ਪਾਵਤ ਬੇਦਾ ॥੧੫॥**

ਪਦ ਅਰਥ—ਨਿਰਲੰਭ=ਆਸਰੇ ਤੋਂ ਬਿਨਾਂ। ਅਨੀਲ=ਕਲੰਕ ਰਹਿਤ।

ਅਰਥ—੧. ਵਾਹਿਗੁਰੂ, ਅਕਾਰ, ਵਿਕਾਰ ਅਤੇ ਆਸਰੇ ਤੋਂ ਵੀ ਰਹਿਤ ਹੈ। ੨. ਸਾਰਿਆਂ ਦਾ ਮੁੱਢ ਹੈ, ਕਲੰਕ ਤੋਂ ਬਿਨਾਂ ਮੁੱਢ ਤੋਂ ਰਹਿਤ ਅਤੇ ਜਨਮ ਤੋਂ ਬਾਹਰ ਹੈ। ੩. ਮੂਰਖ ਬੰਦਾ ਉਸ ਦਾ ਭੇਤ ਦਸਦਾ ਹੈ। ੪. ਜਿਸ ਦਾ ਭੇਤ ਵੇਦ ਵੀ ਨਹੀਂ ਪਾ ਸਕੇ ॥੧੫॥

**੧. ਤਾ ਕੋ ਕਰਿ ਪਾਹਨ ਅਨੁਮਾਨਤ ॥ ੨. ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥ ੩. ਮਹਾਦੇਵ ਕੋ ਕਹਤ ਸਦਾ ਸਿਵ ॥ ੪. ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥**

ਪਦ ਅਰਥ—ਪਾਹਨ=ਪੱਥਰ । ਅਨੁਮਾਨਤ=ਅਨੁਮਾਨ ਦੁਆਰਾ ਸਿੱਧ ਕਰ ਕੇ ਮੰਨ ਲੈਣਾ, ਵਿਚਾਰ ਲੈਣਾ । ਸਦਾ ਸ਼ਿਵ=ਵਾਹਿਗੁਰੂ ਪ੍ਰਮਾਤਮਾ ।

ਅਰਥ—੧. ਉਸ ਨੂੰ ਪੱਥਰ ਕਰਕੇ ਮੰਨੀ ਬੈਠੇ ਹਨ । ੨. ਮਹਾਂ ਮੂਰਖ ਬੰਦੇ ਕਰਤਾਰ ਦਾ ਕੁਝ ਵੀ ਭੇਤ ਨਹੀਂ ਜਾਣਦੇ । ੩. ਸ਼ਿਵ ਜੀ ਨੂੰ ਹੀ ਵਾਹਿਗੁਰੂ ਕਹਿੰਦੇ ਹਨ । ੪. ਆਕਾਰ ਰਹਿਤ ਦਾ ਭੇਦ ਜਾਣਦੇ ਹੀ ਨਹੀਂ ॥੧੬॥

**੧. ਆਪੁ ਆਪਨੀ ਬੁਧਿ ਹੈ ਜੇਤੀ ॥ ੨. ਬਰਨਤ ਭਿੰਨ ਭਿੰਨ ਤੁਹਿ ਤੇਤੀ ॥ ੩. ਤੁਮਰਾ ਲਖਾ ਨ ਜਾਇ ਪਸਾਰਾ ॥ ੪. ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥**

ਪਦ ਅਰਥ—ਲਖਾ=ਜਾਨਿਆ । ਸਜਾ=ਬਣਾਇਆ ।

ਅਰਥ—੧. ਲੋਕਾਂ ਦੀ ਜਿੰਨੀ ਕੁ ਆਪੋ ਆਪਣੀ ਬੁੱਧੀ ਹੈ। ੨. ਓਨੀ ਵਿਚਾਰ ਮੁਤਾਬਿਕ ਸਾਰੇ ਤੈਨੂੰ ਵੱਖੋ ਵੱਖ ਤਰ੍ਹਾਂ ਹੀ ਵਰਨਣ ਕਰਦੇ ਹਨ। ੩. ਤੁਹਾਡੇ ਕੀਤੇ ਪਸਾਰੇ ਦਾ ਮੁੱਢ ਜਾਣਿਆ ਨਹੀਂ ਜਾਂਦਾ। ੪. ਕਿ ਪਹਿਲੇ ਜਗਤ ਕਿਸ ਤਰ੍ਹਾਂ ਬਣਾਇਆ ਸੀ ॥੧੭॥

**੧. ਏਕੈ ਰੂਪ ਅਨੂਪ ਸਰੂਪਾ॥ ੨. ਰੰਕ ਭਯੋ ਰਾਵ ਕਹੀ ਭੂਪਾ॥ ੩. ਅੰਡਜ ਜੇਰਜ ਸੇਤਜ ਕੀਨੀ॥ ੪. ਉਤਭੁਜ ਖਾਨਿ ਬਹੁਰ ਰਚਿ ਦੀਨੀ॥੧੮॥**

ਅਰਥ—੧. ਉਪਮਾ ਤੋਂ ਪਰੇ, ਸੁੰਦਰ ਰੂਪ ਵਾਲਾ 'ਇਕ' ਰੂਪ ਹੈ। ੨. ਓਹੀ ਕਿਤੇ ਕੰਗਾਲਾ, ਕਿਤੇ ਰਾਉ, ਅਤੇ ਕਿਤੇ ਰਾਜਾ ਬਣੀ ਬੈਠਾ ਹੈ। ੩. ਅੰਡਰ, ਜੇਰਜ ਅਤੇ ਸ੍ਵੇਤਜ ਬਣਾ ਕੇ ੪. ਫਿਰ ਉਤਭੁਜ ਖਾਨੀ ਵੀ ਉਸੇ ਨੇ ਬਣਾ ਦਿਤੀ ਹੈ ॥੧੮॥

**੧. ਕਹੂੰ ਫੂਲ ਰਾਜਾ ਹੈ ਬੈਠਾ॥ ੨. ਕਹੂੰ ਸਿਮਟਿ ਭਿਯੋ ਸੰਕਰ ਇਕੈਠਾ॥ ੩. ਸਗਰੀ ਸ੍ਰਿਸਟਿ ਦਿਖਾਇ ਅਚੰਭਵ॥ ੪. ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥**

ਪਦ ਅਰਥ—ਸੰਕਰ=ਕਲਯਾਨ ਸਰੂਪ, ਵਾਹਿਗੁਰੂ।

ਅਰਥ—੧. ਕਿਤੇ ਖੁਸ਼ੀ ਨਾਲ ਰਾਜਾ ਹੋਈ ਬੈਠਾ ਹੈ। ੨. ਕਲਿਆਣ ਰੂਪ ਕਿਤੇ ਸਭ ਕੁਝ ਸਮੇਟ ਕੇ ਇਕ ਰੂਪ ਹੋਈ ਬੈਠਾ ਹੈ। ੩. ਸਾਰੀ ਦੁਨੀਆਂ ਅਸਚਰਜ ਹੀ ਨਜ਼ਾਰੇ ਵਿਖਾ ਰਹੀ ਹੈ। ੪. ਦੁਨੀਆਂ ਦੇ ਮੁਢ

ਸਰੂਪ ਦਾ ਹੋਣਾ ਜੁਗਾਂ ਤੋਂ ਵੀ ਪਹਿਲੇ ਆਪਣੇ ਆਪ ਤੋਂ ਹੈ ॥੧੯॥

**੧. ਅਬ ਰੱਛਾ ਮੇਰੀ ਤੁਮ ਕਰੋ ॥ ੨. ਸਿੱਖ ਉਬਾਰਿ ਅਸਿੱਖ ਸੰਘਰੋ ॥ ੩. ਦੁਸ਼ਟ ਜਿਤੇ ਉਠਵਤ ਉਤਪਾਤਾ ॥ ੪. ਸਕਲ ਮਲੇਛ ਕਰੋ ਰਣ ਘਾਤਾ ॥੨੦॥**

ਅਰਥ—੧. ਹੁਣ ਮੇਰੀ ਰਖਿਆ ਤੁਸੀਂ ਕਰੋ । ੨. ਗੁਰਮੁਖਾਂ ਨੂੰ ਬਚਾਓ ਤੇ ਮਨਮੁਖਾਂ ਨੂੰ ਮਾਰੋ । ੩. ਜਗਤ ਵਿਚ ਫਤੂਰ ਖੜੇ ਕਰਨ ਵਾਲੇ ਜਿੰਨੇ ਦੁਸ਼ਟ ਹਨ । ੪. ਉਹਨਾਂ ਸਾਰੇ ਮਲੇਛਾਂ ਦਾ ਜੰਗ ਵਿਚ ਨਾਸ ਕਰੋ ॥੨੦॥

**੧. ਜੇ ਅਸਿਧੁਜ ਤਵ ਸਰਨੀ ਪਰੇ ॥ ੨. ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ॥ ੩. ਪੁਰਖ ਜਵਨ ਪਗ ਪਰੇ ਤਿਹਾਰੇ ॥ ੪. ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥**

ਪਦ ਅਰਥ—ਦੁਸ਼ਟ=ਦੋਖੀ, ਦੁਸ਼ਮਨ, ਨਿੰਦਕ ।

ਅਰਥ—੧. ਹੇ ਕਰਤਾਰ! ਜਿਹੜੇ ਪੁਰਸ਼ ਤੁਹਾਡੀ ਸ਼ਰਣੀ ਪਏ ਹਨ। ੨. ਉਹਨਾਂ ਦੇ ਦੋਖੀ ਦੁਖੀ ਹੋ ਕੇ ਮਰੇ ਹਨ। ੩. ਜਿਹੜੇ ਪੁਰਖ ਤੁਹਾਡੇ ਪੈਰੀਂ ਪਏ ਹਨ। ੪. ਉਹਨਾਂ ਦੇ ਸਾਰੇ ਦੁਖ ਤੁਸਾਂ ਦੂਰ ਕਰ ਦਿਤੇ ਹਨ ॥੨੧॥

**੧. ਜੋ ਕਲਿ ਕੋ ਇਕ ਬਾਰ ਧਿਐਹੈ ॥ ੨. ਤਾ ਕੇ ਕਾਲ ਨਿਕਟਿ ਨਹਿ ਐਹੈ ॥ ੩. ਰੱਛਾ ਹੋਇ**

**ਤਾਹਿ ਸਭ ਕਾਲਾ ॥ ੪. ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥**

ਪਦ ਅਰਥ—ਕਲਿ=ਸ਼ਾਂਤ। ਕਾਲਾ=ਸਮੇਂ। ਅਰਿਸਟ=ਦੁਖ, ਕਲੇਸ਼।

ਅਰਥ—੧. ਜੋ ਪੁਰਸ਼ ਸ਼ਾਂਤ ਸਰੂਪ ਨੂੰ ਇਕ ਵਾਰ ਵੀ ਯਾਦ ਕਰਨਗੇ। ੨. ਉਨ੍ਹਾਂ ਦੇ ਨੇੜੇ ਕਾਲ ਨਹੀਂ ਆਵੇਗਾ। ੩. ਸਾਰਿਆਂ ਸਮਿਆਂ ਵਿਚ ਉਹਨਾਂ ਦੀ ਰਖਿਆ ਹੋਵੇਗੀ। ੪. ਉਹਨਾਂ ਦੇ ਦੋਖੀ ਤੇ ਦੁਖ ਤੁਰੰਤ ਹੀ ਟਲ ਜਾਣਗੇ ॥੨੨॥

**੧. ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥ ੨. ਤਾ ਕੇ ਤਾਪ ਤਨਕ ਮੋ ਹਰਿਹੋ ॥ ੩. ਰਿੱਧਿ ਸਿੱਧਿ ਘਰ ਮੋ ਸਭ ਹੋਈ ॥ ੪. ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੨੩॥**

ਪਦ ਅਰਥ—ਛਾਹਿ=ਪਰਛਾਵਾਂ।

ਅਰਥ—੧. ਹੇ ਕਰਤਾਰ! ਜਿਸ ਪੁਰਸ਼ ਨੂੰ ਤੁਸੀਂ ਮਿਹਰ ਦੀ ਨਿਗਾਹ ਨਾਲ ਵੇਖਦੇ ਹੋ। ੨. ਉਸ ਦੇ ਦੁਖ ਪਲ ਵਿਚ ਨਾਸ ਕਰ ਦੇਂਦੇ ਹੋ। ੩. ਉਸ ਦੇ ਘਰ ਵਿਚ ਸਭ ਸਿੱਧਾਂ ਰਿੱਧਾਂ ਹਾਜ਼ਰ ਹੋ ਜਾਂਦੀਆਂ ਹਨ। ੪. ਕੋਈ ਦੁਸ਼ਟ ਪੁਰਸ਼ ਉਸ ਦੇ ਪਰਛਾਵੇਂ ਨੂੰ ਵੀ ਛੋਹ ਨਹੀਂ ਸਕਦਾ ॥੨੩॥

**੧. ਏਕ ਬਾਰ ਜਿਨ ਤੁਮੈ ਸੰਭਾਰਾ ॥ ੨. ਕਾਲ ਫਾਸ ਤੇ ਤਾਹਿ ਉਬਾਰਾ ॥ ੩. ਜਿਨ ਨਰ ਨਾਮ ਤਿਹਾਰੋ ਕਹਾ ॥ ੪. ਦਾਰਿਦ ਦੁਸਟ ਦੋਖ ਤੇ**

**ਰਹਾ ॥੨੪॥**

ਪਦ ਅਰਥ—ਦਾਰਿਦ=ਕੰਗਾਲੀ ।

ਅਰਥ—੧. ਹੇ ਕਰਤਾਰ ! ਜਿਸ ਨੇ ਤੈਨੂੰ ਇਕ ਵਾਰ ਵੀ ਯਾਦ ਕੀਤਾ ਹੈ । ੨. ਤੁਸਾਂ ਉਸ ਨੂੰ ਕਾਲ ਦੀ ਫਾਹੀ ਤੋਂ ਬਚਾ ਲਿਆ ਹੈ । ੩. ਜਿਸ ਪੁਰਸ਼ ਨੇ ਤੁਹਾਡਾ ਨਾਮ ਜਪਿਆ ਹੈ । ੪. ਉਹ ਗਰੀਬੀ, ਦੁਸ਼ਟਾਂ ਤੇ ਦੋਖਾਂ ਤੋਂ ਬਚ ਰਿਹਾ ਹੈ ॥੨੪॥

**੧. ਖੜਗ ਕੇਤ ਮੈ ਸਰਣਿ ਤਿਹਾਰੀ ॥ ੨. ਆਪ ਹਾਥ ਦੈ ਲੇਹੁ ਉਬਾਰੀ ॥ ੩. ਸਰਬ ਠੌਰ ਮੋ ਹੋਹੁ ਸਹਾਈ ॥ ੪. ਦੁਸਟ ਦੋਖ ਤੇ ਲੇਹੁ ਬਚਾਈ ॥੨੫॥**

ਅਰਥ—੧. ਹੇ ਖੜਗ ਕੇਤ ! ਮੈਂ ਤੁਹਾਡੀ ਸ਼ਰਨੀ ਹਾਂ । ੨. ਆਪਣਾ ਹੱਥ ਦੇ ਕੇ ਮੈਨੂੰ ਬਚਾ ਲਵੋ । ੩. ਸਭ ਜਗ੍ਹਾ ਤੇ ਮੇਰੇ ਸਹਾਈ ਹੋਵੋ । ੪. ਦੋਖ ਦੁਸ਼ਟਾਂ ਤੋਂ ਮੈਨੂੰ ਬਚਾ ਲਵੋ ॥੨੫॥

# ਅਨੰਦੁ ਸਾਹਿਬ

## ਰਾਮਕਲੀ ਮਹਲਾ ੩ ਅਨੰਦੁ*

ੴ ਸਤਿਗੁਰ ਪ੍ਰਸਾਦਿ ॥

**੧. ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ ੨. ਸਤਿਗੁਰੁ ਤ ਪਾਇਆ**

---

*ਇਹ ਅਨੰਦ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪੋਤੇ ਜੀ ਦੇ ਜਨਮ ਸਮੇਂ ਉਚਾਰੀ ਸੀ । ਇਸ ਕਰਕੇ ਉਸ ਦਾ ਨਾਮ ਹੀ ਅਨੰਦ ਰਖਿਆ ਗਿਆ । ਗੁਰਸਿਖਾਂ ਵਿਚ ਇਹ ਬਾਣੀ ਹਰੇਕ ਕਾਰਜ ਦੀ ਪੂਰਨਤਾ ਉਪਰ ਪੜ੍ਹੀ ਜਾਂਦੀ ਹੈ । ਅਰਥਾਤ ਸ਼ਾਦੀ ਜਾਂ ਗ਼ਮੀ ਦਾ ਕੋਈ ਵੀ ਕੰਮ ਪੂਰਾ ਹੋਵੇ, ਉਸ ਵੇਲੇ ਅਨੰਦ ਪੜ੍ਹਿਆ ਜਾਂਦਾ ਹੈ, ਜਿਥੋਂ ਜ਼ਾਹਰ ਕੀਤਾ ਜਾਂਦਾ ਹੈ ਕਿ ਜੋ ਵੀ ਕੰਮ ਚਾਹੇ ਉਹ ਚੰਗਾ ਹੈ ਜਾਂ ਮੰਦਾ, ਕਰਤਾਰ ਦੇ ਭਾਣੇ ਵਿਚ ਹੋਇਆ ਹੈ, ਇਸ ਲਈ ਅਸੀਂ ਅਨੰਦ ਹਾਂ ।

ਇਸ ਬਾਣੀ ਦੀਆਂ ੪੦ ਪਉੜੀਆਂ ਹਨ, ਜਿਨ੍ਹਾਂ ਵਿਚੋਂ ੩੮ ਤੀਸਰੇ ਸਤਿਗੁਰੂ ਜੀ ਦੀਆਂ, ੩੯ਵੀਂ ਚੌਥੇ ਸਤਿਗੁਰੂ ਜੀ ਅਤੇ ੪੦ਵੀਂ ਪੰਜਵੇਂ ਪਾਤਸ਼ਾਹ ਜੀ ਨੇ ਉਚਾਰਨ ਕਰਕੇ ਬਾਣੀ ਸੰਪੂਰਨ ਕੀਤੀ ਹੈ ।

ਗੋਇੰਦਵਾਲ ਜੀ ਵਿਚ ਬਾਬੇ ਅਨੰਦ ਜੀ ਦਾ ਚੁਬਾਰਾ ਹੁਣ ਤਕ ਵਿਦਜਮਾਨ ਹੈ । ਭੱਲੇ ਸਾਹਿਬਜ਼ਾਦੇ ਖੁਸ਼ੀ ਦਾ ਹਰ ਇਕ ਕਾਰਜ ਉਥੇ ਹੀ ਪੂਰਨ ਕਰਦੇ ਹਨ । ਉਸ ਵੇਲੇ ਨਾਇਣਾਂ ਢੋਲਕੀ ਨਾਲ ਅਨੰਦ ਦਾ ਹੀ ਪਾਠ ਕਰਦੀਆਂ ਹਨ । ਹੋਰ ਕੋਈ ਗੀਤ ਜਾਂ ਗਣੇਸ਼ ਵਗੈਰਾ ਪੂਜਨ ਨਹੀਂ ਕੀਤਾ ਜਾਂਦਾ ।

**ਸਹਜ ਸੇਤੀ ਮਨਿ ਵਜੀਆ ਵਾਧਾਈਆ ॥ ੩. ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥ ੪. ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ੫. ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

ਪਦ ਅਰਥ—ਸਹਜ ਸੇਤੀ=ਸਹਿਜ ਸੁਭਾ ਨਾਲ, ਸੁਤੇ ਸਿਧ, ਆਪਣੇ ਆਪ । ਵਜੀਆਂ=ਪ੍ਰਗਟ ਹੋਈਆਂ । ਰਤਨ=ਰਾਗਾਂ ਦੇ ਪੁੱਤਰ । ਪਰੀਆਂ= ਰਾਗਣੀਆਂ । ਕੇਰਾ=ਦਾ ।

ਅਰਥ—੧. ਹੇ ਮੇਰੀ ਮਾਂ ! ਮੈਂ ਸਤਿਗੁਰੂ ਪਾਇਆ ਹੈ, ਇਸ ਲਈ ਮੇਰਾ ਮਨ ਅਨੰਦ ਹੋਇਆ ਹੈ । ੨. ਸਤਿਗੁਰੂ ਨੂੰ ਤਾਂ ਸੁਤੇ ਸਿਧ ਪਾ ਲਿਆ ਹੈ ਇਸ ਕਰਕੇ ਮਨ ਵਿਚ ਖ਼ੁਸ਼ੀਆਂ ਪ੍ਰਗਟ ਹੋਈਆਂ ਹਨ । ੩. ਰਾਗ, ਰਾਗਾਂ ਦੇ ਪੁੱਤਰ ਤੇ ਰਾਗਣੀਆਂ ਇਹ ਸਾਰਾ ਪਰਿਵਾਰ ਇਕੱਠਾ ਹੋ ਕੇ ਸ਼ਬਦ ਗਾਵਣ ਆਇਆ ਹੈ । ੪. ਹਰੀ ਦਾ ਸ਼ਬਦ ਗਾਓ, ਜਿਨ੍ਹਾਂ ਨੇ ਹਰੀ ਨੂੰ ਮਨ ਵਿਚ ਵਸਾਇਆ ਹੈ । ੫. ਸਤਿਗੁਰੂ ਜੀ ਆਖਦੇ ਹਨ, ਉਹਨਾਂ ਨੂੰ ਆਨੰਦ ਹੋਇਆ ਹੈ, ਅੱਜ ਮੈਂ ਵੀ ਸਤਿਗੁਰੂ ਨੂੰ ਪਾਇਆ ਹੈ ॥੧॥

**੧. ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ੨. ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥ ੩. ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥ ੪.**

**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥ ੫. ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

ਪਦ ਅਰਥ—ਵਿਸਾਰਨਾ=ਭੁਲ ਜਾਣਾ । ਅੰਗੀਕਾਰ=ਕਬੂਲ ਕਰਨਾ। ਦੂਖ=ਦੋਖ ।

ਅਰਥ—੧. ਹੇ ਮੇਰਿਆ ਮਨਾ ! ਤੂੰ ਸਦਾ ਹਰੀ ਦੇ ਨਾਮ ਨਾਲ ਲੱਗਾ ਰਹੁ । ੨. ਮੇਰੇ ਮਨ ! ਤੂੰ ਹਰੀ ਨਾਮ ਨਾਲ ਲੱਗਾ ਰਹਿ, ਉਹ ਤੇਰੇ ਸਾਰੇ ਦੋਖਾਂ ਨੂੰ ਭੁਲ ਜਾਣ ਵਾਲਾ ਹੈ । ੩. ਉਹ ਤੇਰਾ ਨਾਮ ਜਪਿਆ ਕਬੂਲ ਕਰੇਗਾ ਅਤੇ ਤੇਰੇ ਸਾਰੇ ਕੰਮਾਂ ਨੂੰ ਸਵਾਰੇਗਾ । ੪. ਜੋ ਸੁਆਮੀ ਸਾਰੀਆਂ ਗੱਲਾਂ ਵਿਚ ਸਮਰੱਥ ਹੈ, ਉਸ ਨੂੰ ਮਨੋਂ ਕਿਉਂ ਭੁਲਾਉਂਦਾ ਹੈਂ ? ੫. ਸਤਿਗੁਰੂ ਜੀ ਆਖਦੇ ਹਨ, ਹੇ ਮੇਰੇ ਮਨ ! ਤੂੰ ਹਮੇਸ਼ਾਂ ਹੀ ਹਰਿ ਨਾਮ ਨਾਲ ਲੱਗਾ ਰਹਿ ॥੨॥

**੧. ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥ ੨. ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥ ੩. ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥ ੪. ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ ੫. ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

ਅਰਥ—੧. ਹੇ ਸੱਚੇ ਸਾਹਿਬ ! ਤੇਰੇ ਘਰ ਵਿਚ ਕੀ ਨਹੀਂ ਹੈ ? ੨. ਤੇਰੇ ਘਰ ਵਿਚ ਤਾਂ ਸਭ ਕੁਝ ਹੈ, ਪਰ ਜਿਸ ਨੂੰ ਤੂੰ ਦੇਂਦਾ ਹੈਂ, ਉਹ ਹੀ ਪਾਉਂਦਾ ਹੈ । ੩. ਫਿਰ ਉਹ ਹਮੇਸ਼ਾਂ ਤੇਰੀ ਸਿਫਤ ਸਾਲਾਹ ਕਰਦਾ, ਅਤੇ ਨਾਮ ਨੂੰ ਮਨ ਵਿਚ ਵਸਾਉਂਦਾ ਹੈ । ੪. ਜਿਨ੍ਹਾਂ ਦੇ ਮਨ ਵਿਚ ਤੇਰਾ ਨਾਮ ਵਸਿਆ ਹੈ, ਉਨ੍ਹਾਂ ਨੂੰ ਹਮੇਸ਼ਾਂ ਹੀ ਸ਼ਾਦਿਆਨੇ ਹਨ । ੫. ਸਤਿਗੁਰੂ ਜੀ ਆਖਦੇ ਹਨ, ਹੇ ਸੱਚੇ ਸਾਹਿਬ ! ਤੇਰੇ ਘਰ ਵਿਚ ਕੀ ਨਹੀਂ ਹੈ ? ਅਰਥਾਤ ਸਭ ਕੁਝ ਹੈ ॥੩॥

**੧. ਸਾਚਾ ਨਾਮੁ ਮੇਰਾ ਆਧਾਰੋ ॥ ੨. ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥ ੩. ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥ ੪. ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥ ੫. ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥ ੬. ਸਾਚਾ ਨਾਮੁ ਮੇਰਾ ਆਧਾਰੋ ॥੪॥**

ਪਦ ਅਰਥ—ਸਬਦਿ=ਬ੍ਰਹਮ, ਨਿਰੰਕਾਰ ।

ਅਰਥ—੧. ਸਤਿਨਾਮੁ ਮੇਰਾ ਆਸਰਾ ਹੈ । ੨. ਸਤਿਨਾਮੁ ਮੇਰਾ ਅਜਿਹਾ ਆਸਰਾ ਹੈ, ਜਿਸ ਨੇ ਸਾਰੀਆਂ ਭੁਖਾਂ ਗਵਾ ਦਿਤੀਆਂ ਹਨ । ੩. ਜਿਸ ਨੇ ਸਭਨਾਂ ਦੀਆਂ ਇਛਾ ਪੂਰੀਆਂ ਕੀਤੀਆਂ ਹਨ, ਉਹ ਵਾਹਿਗੁਰੂ ਮਨ ਵਿਚ ਆ ਵਸਿਆ ਹੈ ਇਸ ਸੁਖ ਨੂੰ ਪਾ ਕੇ ਮਨ ਨੇ ਸ਼ਾਂਤੀ ਹਾਸਲ

ਕਰ ਲਈ ਹੈ । ੪. ਜਿਸ ਗੁਰੂ ਦੀਆਂ ਇਹ ਵਡਿਆਈਆਂ ਹਨ ਮੈਂ ਸਦਾ ਹੀ ਉਸ ਉਤੋਂ ਆਪਣਾ ਆਪ ਕੁਰਬਾਨ ਕਰਦਾ ਹਾਂ । ੫. ਸਤਿਗੁਰੂ ਜੀ ਆਖਦੇ ਹਨ, ਹੇ ਸੰਤੋ ! ਸੁਣੋ, ਨਿਰੰਕਾਰ ਨਾਲ ਪਿਆਰ ਰੱਖੋ । ੬. ਉਸ ਦਾ ਸੱਚਾ ਨਾਮ ਹੀ ਮੇਰਾ ਆਸਰਾ ਹੈ ॥੪॥

**੧. ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ੨. ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ੩. ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ ੪. ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥ ੫. ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

ਪਦ ਅਰਥ—ਪੰਚ ਸਬਦ=ਸ੍ਰੇਸ਼ਟ ਸ਼ਬਦ, ਅਨਹਦ ਸ਼ਬਦ । ਸ਼ਬਦ ਆਹਤ ਤੇ ਅਨਾਹਤ ਭੇਦ ਕਰਕੇ ਦੋ ਤਰ੍ਹਾਂ ਦਾ ਹੁੰਦਾ ਹੈ, ਹਤ ਦਾ ਅਰਥ ਹੈ, ਮਾਰਨਾ ਅਰਥਾਤ ਜੋ ਕਿਸੇ ਰਗੜ, ਸੱਟ ਆਦਿਕਾਂ ਤੋਂ ਆਵਾਜ਼ ਪੈਦਾ ਹੋਵੇ, ਉਹ ਆਹਤ ਕਹਾ ਸਕਦੀ ਹੈ । ਉਹ ਆਵਾਜ਼ ਦੁਨੀਆਂ ਵਿਚ ਪੰਜਾਂ ਹਿਸਿਆਂ ਵਿਚ ਵੰਡੀ ਗਈ ਹੈ—'ਤਤ ਤੰਤੀ ਵਿਤ ਚਰਮਕਾ ਘਨ ਕਾਂਸੀ ਕੋ ਜਾਨ । ਨਾਦ ਸਬਦ ਘਟ ਕੋ ਕਹੈ, ਸੁਭਰ ਸਾਸ ਪਹਿਚਾਨ ।' ਅਰਥਾਤ ਤਾਰ ਤੋਂ, ਫੂਕ ਤੋਂ, ਚਮੜੇ ਤੋਂ, ਪੋਲ਼ ਤੋਂ, ਕੈਂਹ ਤੋਂ ਆਵਾਜ਼ ਹੋਣੀ, ਇਹ ਸਬਦ ਦੁਨਿਆਵੀ ਹਨ ਪਰ ਗੁਰਸਿਖਾਂ ਤੇ ਗੁਰਬਾਣੀ ਵਿਚ ਪੰਚ ਸਬਦ ਦਾ ਅਰਥ ਹੈ ਅਨਾਹਦ ਸ਼ਬਦ । ਇਸੇ ਲਈ ਪਉੜੀ ਦੇ ਅੰਤ ਵਿਚ 'ਅਨਾਹਦ ਵਾਜੇ' ਕਿਹਾ ਹੈ । ਇਹ ਅਨਾਹਦ ਸ਼ਬਦ ਕੰਨਾਂ ਦਾ ਵਿਸ਼ਾ

ਨਹੀਂ । ਜਦੋਂ ਸਾਂਈਂ ਵਿਚ ਸੁਰਤ ਲੀਣ ਹੋਣ ਲਗਦੀ ਹੈ ਉਸ ਵੇਲੇ ਦੇ ਸ਼ਬਦ ਅਭਿਆਸ ਦੇ ਸਿਰੇ ਚੜ੍ਹਨ ਦੇ ਸਮੇਂ ਦਾ ਰੰਗ ਹੈ, ਇਹ ਸ਼ਬਦ ਅਪਨੇ ਸਰੂਪ ਦੇ ਇਕ ਲਹਿਰਾਉ ਦਾ ਰਸ ਹੈ ਇਹ ਦ੍ਰਿਸ਼ਟਮਾਨ ਇੰਦ੍ਰੀਆਂ ਦੇ ਵਿਸ਼ੇ ਦਾ ਕੋਈ ਚਮਤਕਾਰਾ ਨਹੀਂ ਹੈ ਬਹੁਤ ਲੋਕ ਸਰੀਰ ਵਿਚ ਲਹੂ ਦੇ ਗੇੜ ਅਤੇ ਅੰਗਾਂ ਦੀ ਥਰਾਟ ਦੀ ਮੱਧਰ ਘੂੰ ਘੂੰ ਨੂੰ ਜੋ ਕੰਨ ਬੰਦ ਕੀਤਿਆਂ ਜਾਂ ਇਕਾਂਤ ਬੈਠਿਆਂ ਸੁਣਾਈ ਦੇਂਦੀ ਹੈ ਅਨਾਹਤ ਸ਼ਬਦ ਆਖਦੇ ਹਨ । ਉਹ ਸ਼ਬਦ ਅਨਾਹਤ ਨਹੀਂ ਆਹਤ ਹੈ । ਜੋ ਦੋ ਚੀਜ਼ਾਂ ਦੇ ਮਿਲਾਪ ਤੇ ਵਿਛੋੜੇ ਤੋਂ ਪੈਦਾ ਹੁੰਦਾ ਹੈ, ਅਨਾਹਦ ਸ਼ਬਦ ਦੂਈ ਤੋਂ ਪਰੇ ਹੈ । ਕਲਾ=ਤਾਕਤ, ਸ਼ਕਤੀ । ਕੰਟਕ=ਦੁਖਦਾਈ, ਵੈਰੀ । ਪੰਚ ਦੂਤ= ਕਾਮਾਦਿਕ ਪੰਜ ਦੁਸ਼ਮਨ । ਘਰਿ=ਹਿਰਦੇ ਵਿਚ ।

ਅਰਥ—੧. ਉਸ ਚੰਗੇ ਭਾਗਾਂ ਵਾਲੇ ਹਿਰਦੇ ਵਿਚ ਪੰਚ ਸ਼ਬਦ ਵੱਜੇ ਹਨ । ੨. ਉਸ ਸੁਭਾਗੇ ਘਰ ਵਿਚ ਸ਼ਬਦ ਵੱਜੇ ਹਨ, ਜਿਸ ਘਰ ਵਿਚ ਅਪਨੀ ਸ਼ਕਤੀ ਰੱਖੀ ਹੈ । ੩. ਹੇ ਵਾਹਿਗੁਰੂ ! ਤੁਸਾਂ ਪੰਜੇ ਦੂਤ ਉਨ੍ਹਾਂ ਦੇ ਵਸ ਕਰ ਦਿਤੇ ਹਨ ਅਤੇ ਦੁਖਦਾਈ ਕਾਲ ਨੂੰ ਵੀ ਮਾਰ ਦਿਤਾ ਹੈ। ੪. ਤੁਸਾਂ ਜਿਸ ਨੂੰ ਮੁੱਢ ਤੋਂ ਹੀ ਕ੍ਰਿਪਾ ਕੀਤੀ ਹੈ, ਓਹੀ ਹਰਿ ਨਾਮ ਜਪਨ ਦੇ ਕੰਮ ਵਿਚ ਲਗੇ ਹਨ । ੫. ਸਤਿਗੁਰੂ ਜੀ ਆਖਦੇ ਹਨ, ਉਸ ਘਰ ਵਿਚ ਸੁਖ ਹੋਇਆ ਹੈ, ਜਿਥੇ ਅਨਾਹਦ ਸ਼ਬਦ ਵੱਜੇ ਹਨ ॥੫॥

**੧. ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥ ੨. ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥ ੩. ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥ ੪. ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ**

**ਸਵਾਰੀਆ ॥ ੫. ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥**

ਪਦ ਅਰਥ—ਲਿਵੈ=ਪ੍ਰੀਤ, ਪ੍ਰੇਮ । ਨਿਮਾਣੀ=ਮਾਣ ਤੋਂ ਹੀਣੀ । ਬਨਵਾਰੀਆ=ਜਗਤ ਦੇ ਮਾਲਕ ।

ਅਰਥ—੧. ਇਹ ਦੇਹ ਸੱਚੀ ਪ੍ਰੀਤ ਤੋਂ ਬਿਨਾਂ ਨਿਮਾਣੀ ਹੈ । ੨. ਦੇਹ ਪ੍ਰੇਮ ਤੋਂ ਬਿਨਾਂ ਨਿਮਾਣੀ ਹੈ, ਵਿਚਾਰੀ ਕੀ ਕਰੇ ? ੩. ਹੇ ਜਗਤ ਦੇ ਮਾਲਕ ! ਤੈਥੋਂ ਬਿਨਾਂ ਹੋਰ ਕੋਈ ਸਮਰੱਥ ਨਹੀਂ, ਇਸ ਉਤੇ ਕ੍ਰਿਪਾ ਕਰ । ੪. ਤੈਥੋਂ ਬਿਨਾਂ ਇਸ ਨੂੰ ਹੋਰ ਕੋਈ ਟਿਕਾਣਾ ਨਹੀਂ, ਸ਼ਬਦ ਵਿਚ ਲਾ ਕੇ ਸਵਾਰ ਲੈ । ੫. ਸਤਿਗੁਰੂ ਜੀ ਆਖਦੇ ਹਨ, ਪ੍ਰੀਤ ਤੋਂ ਬਿਨਾਂ ਵਿਚਾਰੀ ਕੀ ਕਰੇ ॥੬॥

**੧. ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥ ੨. ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥ ੩. ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥ ੪. ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥ ੫. ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥**

ਪਦ ਅਰਥ—ਕਿਲਵਿਖ=ਮਹਾਂ ਪਾਪ । ਅੰਜਨ=ਸੁਰਮਾ । ਸਾਰਿਆ=

ਪਾਇਆ ।

ਅਰਥ—੧. ਸਭ ਕੋਈ ਅਨੰਦ ਅਨੰਦ ਕਹਿੰਦਾ ਹੈ, ਪਰ ਅਨੰਦ ਗੁਰੂ ਤੋਂ ਜਾਣਿਆ ਜਾਂਦਾ ਹੈ । ੨. ਸਦਾ ਹੀ ਅਨੰਦ ਗੁਰੂ ਪਾਸੋਂ ਜਾਣਿਆ ਜਾਂਦਾ ਹੈ, ਜੋ ਉਨ੍ਹਾਂ ਦੀ ਸ਼ਰਨ ਜਾਂਦਾ ਹੈ, ਗੁਰੂ ਉਨ੍ਹਾਂ ਪਿਆਰਿਆਂ ਉਤੇ ਕ੍ਰਿਪਾ ਕਰਦਾ ਹੈ । ੩. ਕ੍ਰਿਪਾ ਕਰਕੇ ਮਹਾਂ ਪਾਪ ਕੱਟ ਦੇਂਦਾ ਹੈ ਅਤੇ ਸੁਰਤ ਦੀਆਂ ਅੱਖਾਂ ਵਿਚ ਗਿਆਨ ਸੁਰਮਾ ਪਾਉਂਦਾ ਹੈ । ੪. ਜਿਨ੍ਹਾਂ ਦਾ ਮੋਹ ਹਿਰਦੇ ਅੰਦਰੋਂ ਟੁਟ ਗਿਆ ਹੈ ਉਨ੍ਹਾਂ ਦਾ ਕੰਮ ਸੱਚੇ ਵਾਹਿਗੁਰੂ ਨੇ ਸਵਾਰਿਆ ਹੈ । ੫. ਸਤਿਗੁਰੂ ਜੀ ਆਖਦੇ ਹਨ, 'ਇਹ ਅਨੰਦ ਹੈ' ਜੋ ਅਨੰਦ ਗੁਰੂ ਤੋਂ ਜਾਣਿਆ ਜਾਂਦਾ ਹੈ ॥੭॥

**੧. ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥ ੨. ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥ ੩. ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥ ੪. ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥ ੫. ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥**

ਅਰਥ—੧. ਹੇ ਬਾਬਾ ! ਜਿਸ ਨੂੰ ਤੂੰ ਦੇਂਦਾ ਹੈਂ ਓਹੀ ਪੁਰਸ਼ ਪਾਉਂਦਾ ਹੈ । ੨. ਪਾਉਂਦਾ ਤਾਂ ਓਹੀ ਪੁਰਸ਼ ਹੈ, ਜਿਸ ਨੂੰ ਤੂੰ ਦੇਂਦਾ ਹੈਂ, ਹੋਰ ਵਿਚਾਰੇ ਕੀ ਕਰਨ ? ੩. ਇਕ ਭਰਮ ਵਿਚ ਭੁਲ ਕੇ ਦਸੋ ਦਿਸ਼ਾ ਵਿਚ ਫਿਰਦੇ

ਹਨ ਅਤੇ ਇਕਨਾ ਨੂੰ ਤੂੰ ਨਾਮ ਵਿਚ ਲਾ ਕੇ ਸਵਾਰ ਲਿਆ ਹੈ । ੪. ਗੁਰਾਂ ਦੀ ਕ੍ਰਿਪਾ ਨਾਲ ਉਹਨਾਂ ਦਾ ਮਨ ਸ਼ੁਧ ਹੋ ਗਿਆ ਹੈ, ਜਿਨ੍ਹਾਂ ਨੂੰ ਤੇਰਾ ਭਾਣਾਂ ਚੰਗਾ ਲੱਗਾ ਹੈ । ੫. ਸਤਿਗੁਰੂ ਜੀ ਆਖਦੇ ਹਨ, ਹੇ ਪਿਆਰੇ ! ਜਿਸ ਨੂੰ ਤੂੰ ਦੇਂਦਾ ਹੈਂ, ਓਹੀ ਪਾਉਂਦਾ ਹੈ ॥੮॥

**੧. ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥ ੨. ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥ ੩. ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ ੪. ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥ ੫. ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥**

ਪਦ ਅਰਥ—ਅਕਥ=ਜੋ ਕਹਿਣ ਵਿਚ ਨਾ ਆ ਸਕੇ । ਕੇਰੀ=ਦੀ। ਦੁਆਰੈ=ਰਸਤੇ ।

ਅਰਥ—੧. ਹੇ ਪਿਆਰੇ ਸੰਤੋ ! ਆਓ, ਅਕੱਥ ਦੀ ਕਹਾਣੀ ਕਰੀਏ। ੨. ਅਕੱਥ ਦੀ ਉਹ ਕਥਾ ਕਰੀਏ, ਕਿ ਉਸ ਨੂੰ ਕਿਸ ਰਸਤੇ ਪਾਈਦਾ ਹੈ ? ੩. ਤਨ, ਮਨ ਤੇ ਧਨ ਸਭ ਕੁਝ ਭੇਟਾ ਦੇ ਕੇ ਗੁਰੂ ਜੀ ਦਾ ਹੁਕਮ ਮੰਨੀਏ, ਤਾਂ ਅਕੱਥ ਨੂੰ ਪਾਈਦਾ ਹੈ । ੪. ਗੁਰੂ ਜੀ ਦਾ ਹੁਕਮ ਮੰਨੋ ਅਤੇ ਸੱਚੀ ਬਾਣੀ ਗਾਓ । ੫. ਸਤਿਗੁਰੂ ਜੀ ਆਖਦੇ ਹਨ ਹੇ ਸੰਤੋ ! ਸੁਣੋ, ਇਉਂ ਉਸ ਵਾਹਿਗੁਰੂ ਦੀ ਕਥਾ ਕਰੋ ॥੯॥

**੧. ਏ ਮਨ ਚੰਚਲਾ ਚਤੁਰਾਈ ਕਿਨੈ ਨ**

**ਪਾਇਆ ॥ ੨. ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥ ੩. ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥ ੪. ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥ ੫. ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥ ੬. ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥**

ਪਦ ਅਰਥ—ਠਗਉਲੀ=ਠੱਗ ਲੈਣ ਵਾਲੀ ਮਾਇਆ ।

ਅਰਥ—੧. ਹੇ ਚੰਚਲ ਮਨਾ! ਚਲਾਕੀ ਨਾਲ ਕਰਤਾਰ ਨੂੰ ਕਿਸੇ ਵੀ ਨਹੀਂ ਪਾਇਆ । ੨. ਹੇ ਮੇਰਿਆ ਮਨਾ! ਤੂੰ ਸੁਣ, ਚਲਾਕੀ ਨਾਲ ਕਿਸੇ ਵੀ ਨਹੀਂ ਪਾਇਆ । ੩. ਇਹ ਮਾਇਆ ਮੋਹ ਲੈਣ ਵਾਲੀ ਹੈ, ਜਿਸ ਨੇ ਇਸ ਜੀਵ ਨੂੰ ਭਰਮ ਵਿਚ ਭੁਲਾ ਦਿਤਾ ਹੈ । ੪. ਮੋਹ ਲੈਣ ਵਾਲੀ ਮਾਇਆ ਤਾਂ ਉਸੇ ਨੇ ਬਣਾਈ ਹੈ, ਜਿਸ ਨੇ ਜੀਵ ਵਿਚ ਠਗੇ ਜਾਣ ਦੀ ਵਾਦੀ ਪਾਈ ਹੈ । ੫. ਉਸ ਉਤੋਂ ਮੈਂ ਆਪਣਾ ਆਪ ਕੁਰਬਾਨ ਕੀਤਾ ਹੈ ਜਿਸ ਨੇ ਜੀਵ ਦੇ ਮਨ ਵਿਚ ਮੋਹ ਮਿੱਠਾ ਲਾਇਆ ਹੈ । ੬. ਸਤਿਗੁਰੂ ਜੀ ਆਖਦੇ ਹਨ, ਹੇ ਚੰਚਲ ਮਨ! ਚਤੁਰਾਈ ਨਾਲ ਕਰਤਾਰ ਨੂੰ ਕਿਸੇ ਵੀ ਨਹੀਂ ਪਾਇਆ ਹੈ ॥੧੦॥

**੧. ਏ ਮਨ ਪਿਆਰਿਆ ਤੂ ਸਦਾ ਸਚੁ**

ਸਮਾਲੇ ॥ ੨. ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥ ੩. ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥ ੪. ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ ੫. ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥ ੬. ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥

ਅਰਥ—੧. ਹੇ ਪਿਆਰਿਆ ਮਨਾ! ਤੂੰ ਸਦਾ ਸੱਚਾ ਨਾਮ ਯਾਦ ਕਰ । ੨. ਤੂੰ ਜਿਹੜਾ ਇਹ ਕੁਟੰਬ ਵੇਖਦਾ ਹੈਂ, ਇਸ ਨੇ ਤੇਰੇ ਨਾਲ ਨਹੀਂ ਜਾਣਾ । ੩. ਜੋ ਤੇਰੇ ਨਾਲ ਹੀ ਨਹੀਂ ਜਾਣਾ ਉਸ ਨਾਲ ਤੂੰ ਚਿਤ ਕਿਉਂ ਲਾਇਆ ਹੈ ? ੪. ਅਜਿਹਾ ਕੰਮ ਮੂਲੋਂ ਹੀ ਨਾ ਕਰ, ਜਿਸ ਕਰ ਕੇ ਅੰਤ ਨੂੰ ਪਛਤਾਣਾ ਪਵੇ । ੫. ਤੂੰ ਸਤਿਗੁਰਾਂ ਦਾ ਉਪਦੇਸ਼ ਸੁਣ, ਜੋ ਤੇਰੇ ਨਾਲ ਸਾਥੀ ਹੋਵੇਗਾ। ੬. ਸਤਿਗੁਰੂ ਜੀ ਆਖਦੇ ਹਨ, ਹੇ ਪਿਆਰੇ ਮਨ! ਤੂੰ ਹਮੇਸ਼ਾਂ ਹੀ ਸੱਚੇ ਨਾਮ ਨੂੰ ਚੇਤੇ ਕਰ ॥੧੧॥

੧. ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥ ੨. ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥ ੩. ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥ ੪. ਆਖਹਿ ਤ ਵੇਖਹਿ ਸਭੁ ਤੂਹੈ ਜਿਨਿ

**ਜਗਤੁ ਉਪਾਇਆ ॥ ੫. ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥**

ਪਦ ਅਰਥ—ਅਗਮ=ਮਨ ਦੀ ਪਹੁੰਚ ਤੋਂ ਪਰੇ । ਅਗੋਚਰ= ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ।

ਅਰਥ—੧. ਹੇ ਅਗਮ ਤੇ ਅਗੋਚਰ ਵਾਹਿਗੁਰੂ ! ਸਾਥੋਂ ਤੇਰਾ ਅੰਤ ਨਹੀਂ ਪਾਇਆ ਜਾਂਦਾ । ੨. ਤੇਰਾ ਅੰਤ ਅਜ ਤਕ ਕਿਸੇ ਵੀ ਨਹੀਂ ਪਾਇਆ, ਆਪਣਾ ਆਪ ਤੂੰਹੀਓਂ ਜਾਣਦਾ ਹੈਂ । ੩. ਇਹ ਸਾਰੇ ਜੀਆ ਜੰਤ ਤੇਰੀ ਖੇਡ ਹਨ, ਤੇਰਾ ਅੰਤ ਕੋਈ ਕੀ ਕਹਿਕੇ ਸੁਣਾਵੇ ? ੪. ਆਖਣ ਤੇ ਵੇਖਣ ਵਾਲੇ ਤਾਂ ਸਭ ਕੁਝ ਤੁਸੀਂ ਜਿਨ੍ਹਾਂ ਨੇ ਜਗਤ ਨੂੰ ਪੈਦਾ ਕੀਤਾ ਹੈ । ੫. ਸਤਿਗੁਰੂ ਜੀ ਆਖਦੇ ਹਨ, ਤੂੰ ਸਦਾ ਹੀ ਪਹੁੰਚ ਤੋਂ ਪਰੇ ਹੈਂ, ਤੇਰਾ ਅੰਤ ਨਹੀਂ ਪਾਇਆ ਜਾਂਦਾ ॥੧੨॥

**੧. ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ੨. ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥ ੩. ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥ ੪. ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥ ੫. ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ**

॥੧੩॥

ਪਦ ਅਰਥ—ਸੁਰ=ਦੇਵਤੇ। ਜਨ=ਭਗਤ। ਤੁਠਾ=ਖੁਸ਼ ਹੋਇਆ।

ਅਰਥ—੧. ਦੇਵਤੇ, ਮਨੁੱਖ, ਮੁਨੀ ਤੇ ਭਗਤ ਜਿਸ ਆਤਮ ਰਸ ਅੰਮ੍ਰਿਤ ਨੂੰ ਢੂੰਢਦੇ ਹਨ, ਮੈਂ ਉਹ ਅੰਮ੍ਰਿਤ ਗੁਰਾਂ ਪਾਸੋਂ ਪਾਇਆ ਹੈ। ੨. ਗੁਰਾਂ ਨੇ ਕ੍ਰਿਪਾ ਕੀਤੀ ਤਾਂ ਸੱਚਾ ਨਾਮ ਮਨ ਵਿਚ ਵਸਾਇਆ, ਇਉਂ ਅੰਮ੍ਰਿਤ ਪਾਇਆ ਹੈ। ੩. ਮੈਂ ਸਮਝ ਲਿਆ ਹੈ, ਜੋ ਹੇ ਵਾਹਿਗੁਰੂ! ਇਹ ਜੀਅ ਜੰਤ ਸਾਰੇ ਤੂੰ ਹੀ ਪੈਦਾ ਕੀਤੇ ਹਨ, ਇਹਨਾਂ ਵਿਚੋਂ ਇਕਨਾ ਗੁਰਮੁਖਾਂ ਨੇ ਤੈਨੂੰ ਵੇਖਿਆ ਹੈ ਅਤੇ ਜਗਿਆਸੂ ਦਰਸ਼ਨ ਦੀ ਲਾਲਸਾ ਨਾਲ ਤੇਰੀ ਸ਼ਰਨ ਵਿਚ ਆਇਆ ਹੈ। ੪. ਜਿਨ੍ਹਾਂ ਜਗਿਆਸੂਆਂ ਨੂੰ ਸਤਿਗੁਰੂ ਦਾ ਭਾਣਾ ਚੰਗਾ ਲੱਗਾ ਹੈ ਉਹਨਾਂ ਦਾ ਲਬ, ਲੋਭ ਤੇ ਹੰਕਾਰ ਚੁਕ ਗਿਆ ਹੈ। ੫. ਸਤਿਗੁਰੂ ਜੀ ਆਖਦੇ ਹਨ, ਜਿਨ੍ਹਾਂ ਉਤੇ ਤੂੰ ਆਪ ਖੁਸ਼ ਹੋਇਆਂ ਹੈਂ, ਉਹਨਾਂ ਨੇ ਗੁਰਾਂ ਪਾਸੋਂ ਅੰਮ੍ਰਿਤ ਪਾਇਆ ਹੈ ॥੧੩॥

**੧. ਭਗਤਾ ਕੀ ਚਾਲ ਨਿਰਾਲੀ ॥ ੨. ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥ ੩. ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ੪. ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥ ੫. ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥ ੬. ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ**

॥੧੪॥

ਪਦ ਅਰਥ—ਬਿਖਮ ਮਾਰਗ=ਔਖਾ ਰਸਤਾ। ਖੰਨਿਅਹੁ=ਤਲਵਾਰ ਨਾਲੋਂ। ਆਪ=ਅਪਨੱਤ, ਹੰਕਾਰ। ਵਾਸਨਾ=ਇੱਛਾ।

ਅਰਥ—੧. ਭਗਤਾਂ ਦੀ ਜਗਤ ਨਾਲੋਂ ਚਾਲ ਹੀ ਵੱਖਰੀ ਹੈ। ੨. ਭਗਤਾਂ ਦੀ ਚਾਲ ਇਉਂ ਵਖਰੀ ਹੈ, ਕਿ ਉਹ ਔਖੇ ਰਸਤੇ ਤੁਰਦੇ ਹਨ। ੩. ਲਬ, ਲੋਭ, ਹੰਕਾਰ ਤੇ ਤ੍ਰਿਸ਼ਨਾ ਛੱਡ ਦਿਤੀ ਹੈ, ਅਤੇ ਬਹੁਤਾ ਬੋਲਦੇ ਵੀ ਨਹੀਂ ਹਨ। ੪. ਤਲਵਾਰ ਤੋਂ ਤੇਜ਼ ਤੇ ਵਾਲ ਤੋਂ ਬਰੀਕ ਭਗਤੀ ਦਾ ਰਸਤਾ ਹੈ। ਇਸ ਰਸਤੇ ਉਤੇ ਜਾਂਦੇ ਹਨ। ੫. ਗੁਰਾਂ ਦੀ ਕ੍ਰਿਪਾ ਨਾਲ ਜਿਨ੍ਹਾਂ ਹੰਕਾਰ ਛੱਡ ਦਿਤਾ ਹੈ, ਉਨ੍ਹਾਂ ਦੀ ਵਾਸ਼ਨਾ ਹਰੀ ਵਿਚ ਸਮਾ ਗਈ ਹੈ। ੬. ਸਤਿਗੁਰੂ ਜੀ ਆਖਦੇ ਹਨ, ਭਗਤਾਂ ਦੀ ਚਾਲ ਤਾਂ ਜੁਗ ਜੁਗ ਤੋਂ ਵਖਰੀ ਰਹੀ ਹੈ ॥੧੪॥

**੧. ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ ॥ ੨. ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥ ੩. ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥ ੪. ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥ ੫. ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥**

ਅਰਥ—੧. ਮਾਲਕਾ ! ਜਿਵੇਂ ਤੂੰ ਤੋਰਦਾ ਹੈਂ, ਤਿਵੇਂ ਅਸੀਂ ਤੁਰਦੇ ਹਾਂ, ਹੋਰ ਤੇਰੇ ਗੁਣ ਕੀ ਜਾਣ [ਸਕਦੇ ਹਾਂ ?] । ੨. ਜਿਵੇਂ ਤੂੰ ਤੋਰਦਾ ਹੈਂ ਅਸੀਂ ਤੁਰਦੇ ਹਾਂ ਪਰ ਇਹ ਗੱਲ ਉਹ ਜਾਣਦੇ ਹਨ ਜਿਨ੍ਹਾਂ ਨੂੰ ਤੂੰ ਰਾਹੇ ਪਾਉਂਦਾ ਹੈਂ । ੩. ਕ੍ਰਿਪਾ ਕਰ ਕੇ ਜਿਨ੍ਹਾਂ ਨੂੰ ਨਾਮ ਜਪਣ ਵਿਚ ਲਾਉਂਦਾ ਹੈਂ, ਉਹ ਸਦਾ ਹੀ ਹਰਿ ਹਰਿ ਨਾਮ ਜਪਦਾ ਹੈ । ੪. ਜਿਸ ਨੂੰ ਤੂੰ ਆਪਣੀ ਕਥਾ ਗੁਰਾਂ ਦੇ ਰਾਹੀਂ ਸੁਣਾਉਂਦਾ ਹੈਂ ਓਹੀ (ਆਤਮ) ਸੁਖ ਪਾਉਂਦਾ ਹੈ । ੫. ਸਤਿਗੁਰੂ ਜੀ ਆਖਦੇ ਹਨ ਹੇ ਸੱਚੇ ਮਾਲਕਾ ! ਜਿਵੇਂ ਚਾਹੁੰਦਾ ਹੈਂ ਤਿਵੇਂ ਤੋਰਦਾ ਹੈਂ ॥੧੫॥

**੧. ਏਹੁ ਸੋਹਿਲਾ ਸਬਦੁ ਸੁਹਾਵਾ ॥ ੨. ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥ ੩. ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥ ੪. ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥ ੫. ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥**

ਪਦ ਅਰਥ—ਸਬਦੁ=ਉਪਦੇਸ਼ ਤੇ ਵਾਹਿਗੁਰੂ । ਸੋਹਿਲਾ=ਜਸ ।

ਅਰਥ—੧. ਇਹ ਗੁਰਾਂ ਦਾ ਉਪਦੇਸ਼ ਵਾਹਿਗੁਰੂ ਦਾ ਸੋਹਣਾ ਜਸ ਹੈ । ੨. ਉਪਦੇਸ਼ ਸਦਾ ਹੀ ਸੋਹਣਾ ਜਸ ਹੈ, ਜੋ ਸਤਿਗੁਰੂ ਨੇ ਸੁਣਾਇਆ ਹੈ । ੩. ਇਹ ਜਸ ਉਹਨਾਂ ਦੇ ਮਨ ਵਿਚ ਵਸਿਆ ਹੈ ਜਿਨ੍ਹਾਂ ਨੂੰ ਧੁਰੋਂ ਹੀ ਲਿਖਿਆ ਆਇਆ ਹੈ । ੪. ਇਕ ਬਹੁਤੀਆਂ ਗੱਲਾਂ ਕਰਨ ਵਾਲੇ ਫਿਰਦੇ ਹਨ, ਪਰ ਗੱਲਾਂ ਕਰਨ ਵਾਲਿਆਂ ਵਿਚੋਂ ਕਿਸੇ ਵੀ ਰੱਬ ਨੂੰ ਨਹੀਂ

ਪਾਇਆ । ੫. ਸਤਿਗੁਰੂ ਜੀ ਆਖਦੇ ਹਨ, ਉਪਦੇਸ਼ ਹੀ ਜਸ ਹੈ, ਜੋ ਸਤਿਗੁਰੂ ਜੀ ਨੇ ਸੁਣਾਇਆ ਹੈ ॥੧੬॥

**੧. ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥ ੨. ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥ ੩. ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥ ੪. ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥ ੫. ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥**

ਅਰਥ—੧. ਜਿਨ੍ਹਾਂ ਪੁਰਸ਼ਾਂ ਨੇ ਹਰਿ ਹਰਿ ਨਾਮ ਜਪਿਆ ਹੈ, ਉਹ ਪਵਿਤ੍ਰ ਹੋਏ ਹਨ । ੨. ਪਰ ਜਿਨ੍ਹਾਂ ਨੇ ਗੁਰਾਂ ਦੇ ਰਾਹੀਂ ਹੋ ਕੇ ਹਰਿ ਨਾਮ ਜਪਿਆ ਹੈ, ਉਹ ਪਵਿਤ੍ਰ ਹੋਏ ਹਨ । ੩. ਉਹਨਾਂ ਦਾ ਮਾਂ ਪਿਉ ਪਰਵਾਰ ਸਣੇ ਪਵਿਤ੍ਰ ਹੈ ਅਤੇ ਜਿਨ੍ਹਾਂ ਨਾਲ ਉਹਨਾਂ ਦੀ ਸੰਗਤ ਹੈ ਉਹ ਸਾਰੇ ਵੀ ਪਵਿਤ੍ਰ ਹਨ । ੪. ਨਾਮ ਜਪਣ ਵਾਲੇ ਪਵਿਤ੍ਰ, ਸੁਣਨ ਵਾਲੇ ਪਵਿਤ੍ਰ ਅਤੇ ਜਿਨ੍ਹਾਂ ਨੇ ਮਨ ਵਿਚ ਵਸਾਇਆ ਹੈ ਉਹ ਵੀ ਪਵਿਤਰ ਹਨ । ੪. ਸਤਿਗੁਰੂ ਜੀ ਆਖਦੇ ਹਨ, ਉਹ ਪਵਿਤਰ ਹਨ, ਜਿਨ੍ਹਾਂ ਨੇ ਗੁਰਾਂ ਦੇ ਰਾਹੀਂ ਹਰਿ ਹਰਿ ਨਾਮ ਜਪਿਆ ਹੈ ॥੧੭॥

**੧. ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥ ੨. ਨਹ ਜਾਇ ਸਹਸਾ**

**ਕਿਤੈ ਸੰਜਮਿ ਰਹੇ ਕਰਮ ਕਮਾਏ ॥ ੩. ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥ ੪. ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥ ੫. ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥**

ਪਦ ਅਰਥ—ਸਹਜੁ=ਗਿਆਨ । ਸੰਜਮਿ=ਸਾਧਨ । ਸਹਸਾ=ਸੰਸਾ ।

ਅਰਥ—੧. ਕਰਮਾਂ ਦੇ ਕਰਨ ਨਾਲ ਗਿਆਨ ਪੈਦਾ ਨਹੀਂ ਹੁੰਦਾ ਅਤੇ ਗਿਆਨ ਤੋਂ ਬਿਨਾਂ ਭਰਮ ਨਹੀਂ ਮਿਟਦਾ । ੨. ਹੋਰ ਕਿਸੇ ਸਾਧਨ ਕੀਤਿਆਂ ਭਰਮ ਨਹੀਂ ਜਾਂਦਾ, ਕਈ ਪੁਰਸ਼ ਕਰਮ ਕਮਾਉਂਦੇ ਰਹਿ ਗਏ ਹਨ । ੩. ਭਰਮਾਂ ਨਾਲ ਜੀਵ ਮੈਲਾ ਹੈ, ਕਿਸ ਕਰਮ ਨਾਲ ਧੋਤਾ ਜਾਏਗਾ ? ੪. ਗੁਰ ਸ਼ਬਦ ਨਾਲ ਲੱਗੋ ਅਤੇ ਹਰਿ ਨਾਮ ਨਾਲ ਚਿਤ ਲਾਈ ਰਖੋ, ਤਦ ਮਨ ਧੋ ਸਕੋਗੇ । ੫. ਸਤਿਗੁਰੂ ਜੀ ਆਖਦੇ ਹਨ, ਗੁਰਾਂ ਦੀ ਕ੍ਰਿਪਾ ਨਾਲ ਗਿਆਨ ਪੈਦਾ ਹੋਵੇ ਤਾਂ ਇਹ ਸੰਸਾ ਜ਼ਰੂਰ ਮਿਟ ਜਾਏਗਾ ॥੧੮॥

**੧. ਜੀਅਹੁ ਮੈਲੇ ਬਾਹਰਹੁ ਨਿਰਮਲ ॥ ੨. ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥ ੩. ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**

**੪. ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥ ੫. ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥**

ਪਦ ਅਰਥ—ਬੇਤਾਲਿਆ=ਬੇ ਸੁਰਿਆਂ ।

ਅਰਥ—੧. ਜੋ ਮਨ ਦੇ ਮੈਲੇ ਤੇ ਬਾਹਰੋਂ ਉਜਲੇ ਹਨ, ਉਨ੍ਹਾਂ ਦੀ ਗੱਲ ਹੀ ਨਾ ਕਰੋ । ੨. ਕਿਉਂਕਿ ਜੋ ਬਾਹਰੋਂ ਤਾਂ ਉਜਲੇ ਤੇ ਮਨ ਦੇ ਮੈਲੇ ਹਨ, ਉਨ੍ਹਾਂ ਨੇ ਆਪਣਾ ਮਨੁਖਾ ਜਨਮ ਜੂਏ ਵਿਚ ਹਾਰ ਦਿਤਾ ਹੈ। ੩. ਇਹ ਤ੍ਰਿਸ਼ਨਾ ਰੂਪ ਵੱਡਾ ਰੋਗ ਉਨ੍ਹਾਂ ਨੂੰ ਲੱਗਾ ਹੈ, ਇਸ ਕਰਕੇ ਉਨ੍ਹਾਂ ਨੇ ਮਨੋਂ ਮਰਨਾ ਭੁਲਾ ਦਿਤਾ ਹੈ । ੪. ਜਗਤ ਵਿਚ ਜੋ ਉੱਤਮ ਚੀਜ਼ ਨਾਮ ਹੈ, ਉਹ ਤਾਂ ਸੁਣਦੇ ਨਹੀਂ ਅਤੇ ਵੇਦਾਂ* ਵਿਚ ਬੇਸੁਰਿਆਂ ਵਾਂਗ ਫਿਰਦੇ ਹਨ । ੫. ਸਤਿਗੁਰੂ ਜੀ ਆਖਦੇ ਹਨ, ਜਿਨ੍ਹਾਂ ਸਚ ਛਡ ਦਿਤਾ ਤੇ ਝੂਠ ਵਿਚ ਲੱਗੇ ਹਨ ਉਨ੍ਹਾਂ ਨੇ ਆਪਣਾ ਮਨੁਖਾ ਜਨਮ ਜੂਏ ਵਿਚ ਹਾਰ ਦਿੱਤਾ ਹੈ ॥੧੯॥

**੧. ਜੀਅਹੁ ਨਿਰਮਲ ਬਾਹਰਹੁ ਨਿਰਮਲ ॥ ੨. ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥ ੩. ਕੂੜ ਕੀ**

---

**ਗਿਆਨੀ ਬਬੇਕਾ ਸਿੰਘ ਜੀ ਇਉਂ ਅਰਥ ਕੀਤਾ ਕਰਦੇ ਸਨ— ਨਾਮ ਵੇਦਾਂ ਮਹਿ ਬੇਕੀਮਤਾ ਹੈ, ਉਸ ਨੂੰ ਤਾਂ ਸੁਣਦਾ ਨਹੀਂ, ਅਤੇ ਭੂਤਨਿਆਂ ਵਾਂਗੂੰ (ਟੱਕਰਾਂ ਮਾਰਦਾ) ਫਿਰਦਾ ਹੈ ।*

**ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥ ੪. ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥ ੫. ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥**

ਅਰਥ—੧. ਜੋ ਮਨੋਂ ਵੀ ਸਾਫ ਤੇ ਬਾਹਰੋਂ ਵੀ ਉਜਲੇ ਹਨ। ੨. ਬਾਹਰੋਂ ਉਜਲੇ ਤੇ ਮਨੋਂ ਸਾਫ ਹਨ, ਉਨ੍ਹਾਂ ਸਤਿਗੁਰੂ ਤੋਂ ਸਿਖਿਆ ਲੈ ਕੇ ਭਗਤੀ ਕੀਤੀ ਹੈ। ੩. ਉਨ੍ਹਾਂ ਨੂੰ ਝੂਠ ਦੀ ਸੋਅ ਨਹੀਂ ਪੁਜਦੀ, ਕਿਉਂਕਿ ਉਨ੍ਹਾਂ ਦੀ ਵਾਸ਼ਨਾ ਸਚ ਵਿਚ ਸਮਾ ਗਈ ਹੈ। ੪. ਜਿਨ੍ਹਾਂ ਨੇ ਇਉਂ ਅਮੋਲਕ ਜਨਮ ਰੂਪ ਰਤਨ ਖੱਟਿਆ ਹੈ, ਉਹ ਚੰਗੇ ਸੁਦਾਗਰ ਹਨ। ੫. ਸਤਿਗੁਰੂ ਜੀ ਆਖਦੇ ਹਨ, ਜਿਨ੍ਹਾਂ ਦਾ ਮਨ ਨਿਰਮਲ ਹੈ, ਉਹ ਹਮੇਸ਼ਾਂ ਹੀ ਗੁਰੂ ਜੀ ਦੇ ਨਾਲ ਰਹਿੰਦੇ ਹਨ ॥੨੦॥

**੧. ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥ ੨. ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥ ੩. ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥ ੪. ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥ ੫. ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥**

ਪਦ ਅਰਥ—ਅੰਤਰ ਆਤਮੈ=ਅੰਦਰ ਵਸਣੇ ਵਾਲੇ ਸਰੂਪ ਨੂੰ।

ਪਰਣੈ=ਆਸਰੇ ।

ਅਰਥ—੧. ਜੇ ਕੋਈ ਸਿਖ ਗੁਰੂ ਜੀ ਦੇ ਸਨਮੁਖ ਹੋਣਾ ਚਾਹੁੰਦਾ ਹੈ। ੨. ਤਾਂ ਕੋਈ ਸਿੱਖ ਗੁਰੂ ਜੀ ਦੇ ਸਨਮੁਖ ਹੋਵੇਗਾ ਜਦ ਜੀਅ ਕਰਕੇ ਗੁਰੂ ਜੀ ਦੇ ਨਾਲ ਰਹੇ । ੩. ਗੁਰੂ ਜੀ ਦੇ ਚਰਨਾਂ ਦਾ ਹਿਰਦੇ ਵਿਚ ਸਿਮਰਨ ਕਰੇ ਅਤੇ ਅੰਦਰ ਵੱਸਣ ਵਾਲੇ ਸਰੂਪ ਨੂੰ ਚੇਤੇ ਕਰੇ। ੪. ਆਪਾ ਛੱਡ ਕੇ ਹਮੇਸ਼ਾਂ ਗੁਰੂ ਜੀ ਦੇ ਹੀ ਆਸਰੇ ਹੋ ਕੇ ਹੋਰ ਅਤੇ ਗੁਰੂ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਮੰਨੇ। ੫. ਸਤਿਗੁਰੂ ਜੀ ਆਖਦੇ ਹਨ, ਹੇ ਸੰਤੋ ! ਸੁਣੋ, ਉਹ ਸਿਖ ਸਤਿਗੁਰੂ ਜੀ ਦੇ ਸਨਮੁਖ ਹੋਵੇਗਾ ॥੨੧॥

**੧. ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥ ੨. ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥ ੩. ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥ ੪. ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥ ੫. ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥**

ਪਦ ਅਰਥ—ਬਿਬੇਕੀਆ=ਵਿਚਾਰਵਾਨਾਂ ।

ਅਰਥ—੧. ਜੇ ਕੋਈ ਗੁਰੂ ਤੋਂ ਬੇ-ਮੁਖ ਹੋ ਜਾਵੇ ਤਾਂ ਉਹ ਸਤਿਗੁਰੂ ਜੀ ਦੀ ਸ਼ਰਨ ਆਏ ਤੋਂ ਬਿਨਾਂ ਮੁਕਤ ਨਹੀਂ ਪਾਏਗਾ। ੨. ਕੋਈ ਵੀ ਗੁਰੂ ਤੋਂ ਬਿਨਾਂ ਹੋਰ ਕਿਤੋਂ ਮੁਕਤ ਨਹੀਂ ਪਾਏਗਾ, ਬੇਸ਼ਕ ਵਿਚਾਰਵਾਨਾਂ

ਨੂੰ ਜਾ ਕੇ ਪੁਛੋ। ੩. ਅਨੇਕਾਂ ਜੂਨਾਂ ਵਿਚ ਭੌਂਦਾ ਤਾਂ ਜਰੂਰ ਆਵੇਗਾ, ਪਰ ਸਤਿਗੁਰੂ ਤੋਂ ਬਿਨਾਂ ਮੁਕਤੀ ਨਹੀਂ ਪਾਏਗਾ। ੪. ਜਦ ਮੁੜ ਕੇ ਗੁਰਾਂ ਦੀ ਚਰਨੀਂ ਲੱਗੇ ਅਤੇ ਗੁਰੂ ਜੀ ਉਪਦੇਸ਼ ਸੁਣਾ ਦੇਣ ਤਦ ਮੁਕਤੀ ਪਾਏਗਾ। ੫. ਸਤਿਗੁਰੂ ਜੀ ਆਖਦੇ ਹਨ ਚੰਗੀ ਤਰ੍ਹਾਂ ਵਿਚਾਰ ਕੇ ਵੇਖ ਲਵੋ, ਸਤਿਗੁਰੂ ਜੀ ਦੇ ਉਪਦੇਸ਼ ਤੋਂ ਬਿਨਾਂ ਕੋਈ ਵੀ ਮੁਕਤੀ ਨਹੀਂ ਪਾਏਗਾ ॥੨੨॥

**੧. ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ੨. ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ੩. ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ੪. ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥ ੫. ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥**

ਪਦ ਅਰਥ—ਕਰਮੁ=ਕ੍ਰਿਪਾ, ਮਿਹਰ। ਰੰਗਿ=ਪ੍ਰੇਮ। ਸਾਰਿਗਪਾਣੀ= ਵਾਹਿਗੁਰੂ। ਕੇਰੀ=ਦੀ। ਸਿਰ=ਸਿਰਤਾਜ, ਸ਼੍ਰੋਮਣੀ।

ਅਰਥ—੧. ਸਤਿਗੁਰੂ ਜੀ ਦੇ ਪਿਆਰਿਓ ਸਿਖੋ! ਆਓ ਅਤੇ ਸੱਚੀ ਬਾਣੀ ਗਾਵੋ। ੨. ਬਾਣੀ ਤਾਂ ਗੁਰੂ ਜੀ ਦੀ ਗਾਵੋ, ਜੋ ਸਭਨਾਂ ਬਾਣੀਆਂ ਦੀ ਸਿਰਤਾਜ ਬਾਣੀ ਹੈ। ੩. ਜਿਨ੍ਹਾਂ ਨੂੰ ਵਾਹਿਗੁਰੂ ਦੀ ਮਿਹਰ ਦੀ ਨਜ਼ਰ ਪ੍ਰਾਪਤ ਹੁੰਦੀ ਹੈ, ਉਨ੍ਹਾਂ ਦੇ ਹਿਰਦੇ ਵਿਚ ਇਹ ਬਾਣੀ ਸਮਾਉਂਦੀ ਹੈ।

੪. ਅੰਮ੍ਰਿਤ ਛਕੋ, ਹਮੇਸ਼ਾਂ ਕਰਤਾਰ ਦੇ ਪ੍ਰੇਮ ਵਿਚ ਰੱਤੇ ਰਹੋ ਅਤੇ ਵਾਹਿਗੁਰੂ ਨੂੰ ਜਪੋ। ੫. ਸਤਿਗੁਰੂ ਜੀ ਆਖਦੇ ਹਨ, ਸਿਖੋ! ਹਮੇਸ਼ਾਂ ਹੀ ਇਹ ਸੱਚੀ ਬਾਣੀ ਗਾਵੋ ॥੨੩॥

**੧. ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ੨. ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ੩. ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ੪. ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ੫. ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ੬. ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥**

ਪਦ ਅਰਥ—ਹਿਰਿ=ਠਗ। ਰਵਾਣੀ=ਵਿਅਰਥ।

ਅਰਥ—੧. ਸਤਿਗੁਰੂ ਜੀ ਦੀ ਬਾਣੀ ਤੋਂ ਬਿਨਾਂ ਹੋਰ ਸਾਰੀ ਬਾਣੀ ਕੱਚੀ ਹੈ। ੨. ਸਤਿਗੁਰੂ ਜੀ ਦੀ ਬਾਣੀ ਤੋਂ ਬਿਨਾਂ ਤਾਂ ਹੋਰ ਸਾਰੀ ਬਾਣੀ ਕੱਚੀ ਹੈ। ੩. ਕਹਿਣ ਵਾਲੇ ਕੱਚੇ ਹਨ, ਸੁਨਣ ਵਾਲੇ ਕੱਚੇ ਹਨ, ਕੱਚਿਆਂ ਨੇ ਆਖੀ ਅਤੇ ਕੱਚਿਆਂ ਨੇ ਹੀ ਉਸ ਦਾ ਵਖਿਆਨ ਕੀਤਾ ਹੈ। ੪. ਜ਼ਬਾਨ ਨਾਲ ਤਾਂ ਹਮੇਸ਼ਾਂ ਹੀ ਹਰਿ ਹਰਿ ਕਰਦੇ ਹਨ ਪਰ ਆਪਣਾ ਕਿਹਾ ਹੋਇਆ ਵੀ ਕੁਝ ਸੱਚਾ ਨਹੀਂ ਜਾਣਦੇ। ੫. ਮਾਇਆ ਨੇ ਜਿਨ੍ਹਾਂ ਦਾ ਚਿਤ ਠਗ ਲਿਆ ਹੈ, ਉਹ ਹਮੇਸ਼ਾਂ ਹੀ ਵਿਅਰਥ ਪਏ ਬੋਲਦੇ ਹਨ। ੬. ਸਤਿਗੁਰੂ ਜੀ ਆਖਦੇ ਹਨ, ਸਤਿਗੁਰੂ ਜੀ ਤੋਂ ਬਿਨਾਂ ਹੋਰ ਸਾਰੀ ਬਾਣੀ

ਕੱਚੀ ਹੈ ॥੨੪॥

**੧. ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥ ੨. ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥ ੩. ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ ੪. ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥ ੫. ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥**

ਪਦ ਅਰਥ—ਸਮਾਉ=ਫਲ । ਭਾਉ=ਪ੍ਰੇਮ । ਰਤਨ=ਅਮੋਲਕ ।

ਅਰਥ—੧. ਗੁਰੂ ਦਾ ਸ਼ਬਦ ਅਮੋਲਕ ਹੈ, ਜਿਸ ਵਿਚ ਹੀਰੇ ਜੜੇ ਹੋਏ ਹਨ । ੨. ਉਸ ਅਮੋਲਕ ਸ਼ਬਦ ਵਿਚ ਜਿਸ ਦਾ ਮਨ ਲੱਗਾ ਹੈ, ਉਸ ਨੂੰ ਇਹ ਫਲ ਪ੍ਰਾਪਤ ਹੋਇਆ ਹੈ । ੩. ਕਿ ਵਾਹਿਗੁਰੂ ਨਾਲ ਉਸ ਦਾ ਮਨ ਮਿਲ ਗਿਆ, ਸੱਚੇ ਨਾਲ ਉਸ ਨੇ ਪ੍ਰੇਮ ਲਾਇਆ । ੪. ਉਹ ਆਪੇ ਹੀ ਅਮੋਲਕ ਹੀਰਾ ਹੈ, ਪਰ ਜਿਸ ਨੂੰ ਆਪੇ ਹੀ ਸਮਝ ਦੇਂਦਾ ਹੈ ਓਹੀ ਸਮਝਦਾ ਹੈ । ੫. ਸਤਿਗੁਰੂ ਜੀ ਆਖਦੇ ਹਨ, ਗੁਰਾਂ ਦਾ ਸ਼ਬਦ ਅਮੋਲਕ ਹੈ, ਜਿਸ ਵਿਚ ਹੀਰੇ ਜੜੇ ਹੋਏ ਹਨ ॥੨੫॥

**੧. ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥ ੨. ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥**

**੩. ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥ ੪. ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥ ੫. ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥**

ਪਦ ਅਰਥ—ਸਿਵ=ਚੇਤਨ, ਪੁਰਖ । ਸਕਤਿ=ਜੜ੍ਹ, ਪ੍ਰਕ੍ਰਿਤੀ ।

ਅਰਥ—੧. ਕਰਤਾਰ ਨੇ ਆਪੇ ਹੀ ਜੜ੍ਹ ਚੇਤਨ ਦੇ ਮੇਲ ਤੋਂ ਜਗਤ ਪੈਦਾ ਕਰਕੇ ਆਪਣੇ ਹੁਕਮ ਵਿਚ ਤੋਰਿਆ ਹੈ । ੨. ਹੁਕਮ ਵਿਚ ਤੋਰ ਕੇ ਆਪੇ ਹੀ ਵੇਖਦਾ ਹੈ, ਪਰ ਕਿਸੇ ਗੁਰਮੁਖ ਨੂੰ ਇਹ ਸਮਝ ਆਈ ਹੈ। ੩. ਜੋ ਗੁਰ ਸ਼ਬਦ ਮਨ ਵਿਚ ਵਸਾਏਗਾ, ਉਹ ਜੜ੍ਹ ਚੇਤਨਾ ਦੇ ਬੰਧਨ ਨੂੰ ਤੋੜ ਕੇ ਮੁਕਤ ਹੋਵੇਗਾ । ੪. ਜਿਸ ਨੂੰ ਆਪੇ ਹੀ ਗੁਰਾਂ ਦੇ ਸਨਮੁਖ ਕਰਦਾ ਹੈ ਓਹੀ ਹੁੰਦਾ ਹੈ ਅਤੇ ਓਹੀ ਇਕ ਨਾਲ ਪ੍ਰੀਤ ਲਾਉਂਦਾ ਹੈ । ੫. ਸਤਿਗੁਰੂ ਜੀ ਆਖਦੇ ਹਨ ਆਪੇ ਹੀ ਜਗਤ ਨੂੰ ਕਰਦਾ ਤੇ ਆਪੇ ਹੀ ਆਪਣੇ ਹੁਕਮ ਵਿਚ ਸਮਝਾਉਂਦਾ ਹੈ ॥੨੬॥

**੧. ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥ ੨. ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥ ੩. ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ ੪. ਗੁਰ ਕਿਰਪਾ ਤੇ ਸੇ ਜਨ**

**ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥ ੫. ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥**

ਪਦ ਅਰਥ—ਤਤੈ=ਅਸਲੀਅਤ, ਤਤ। ਸਾਰ=ਖਬਰ। ਰੈਣਿ=ਉਮਰਾ ਰਾਤ।

ਅਰਥ—੧. ਸਿੰਮ੍ਰਿਤੀਆਂ ਤੇ ਸ਼ਾਸਤ੍ਰ ਪੁੰਨ ਪਾਪ ਦਾ ਵਿਚਾਰ ਕਰਦੇ ਹਨ, ਪਰ ਅਸਲੀਅਤ ਦੀ ਉਨ੍ਹਾਂ ਖਬਰ ਹੀ ਨਹੀਂ ਜਾਣੀ। ੨. ਗੁਰੂ ਜੀ ਤੋਂ ਬਿਨਾਂ ਤੱਤ ਦੀ ਕਿਸੇ ਨੇ ਭੀ ਖਬਰ ਨਹੀਂ ਜਾਣੀ ਅਤੇ ਨਾ ਕੋਈ ਅੱਗੇ ਨੂੰ ਤੱਤ ਦੀ ਸਾਰ ਜਾਣੇਗਾ। ੩. ਤਿੰਨਾਂ ਗੁਣਾਂ ਦੇ ਭਰਮ ਵਿਚ ਸੰਸਾਰ ਸੁੱਤਾ ਪਿਆ ਹੈ ਅਤੇ ਸੁੱਤਿਆਂ ਪਿਆਂ ਹੀ ਰਾਤ ਬੀਤ ਗਈ ਹੈ। ੪. ਗੁਰਾਂ ਦੀ ਕ੍ਰਿਪਾ ਨਾਲ ਉਹ ਪੁਰਸ਼ ਜਾਗੇ ਹਨ ਜਿਨ੍ਹਾਂ ਦੇ ਮਨ ਵਿਚ ਹਰਿ ਨਾਮ ਵਸਿਆ ਹੈ ਅਤੇ ਓਹੀ ਅੰਮ੍ਰਿਤ ਬਾਣੀ ਬੋਲਦੇ ਹਨ ਅਰਥਾਤ ਗੁਰਬਾਣੀ ਪੜ੍ਹਦੇ ਹਨ। ੫. ਸਤਿਗੁਰੂ ਜੀ ਆਖਦੇ ਹਨ, ਤੱਤ ਵਸਤੂ ਨੂੰ ਵੀ ਉਹ ਪੁਰਸ਼ ਪਾਏਗਾ, ਜਿਸ ਦੀ ਹਰਿ ਨਾਮ ਜਪਨ ਵਿਚ ਰਾਤ ਦਿਨ ਲਿਵ ਲੱਗੇਗੀ ਅਤੇ ਉਸ ਦੀ ਉਮਰਾ ਰਾਤ ਜਾਗਦਿਆਂ ਬੀਤੇਗੀ, ਅਰਥਾਤ ਉਸ ਨੂੰ ਅਵਿਦਯਾ ਰੂਪ ਨੀਂਦ ਨਹੀਂ ਆਵੇਗੀ ॥੨੭॥

**੧. ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥ ੨. ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ**

**ਆਹਾਰੁ ਪਹੁਚਾਵਏ ॥ ੩. ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥ ੪. ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥ ੫. ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥**

ਪਦ ਅਰਥ—ਉਦਰ=ਪੇਟ । ਆਹਾਰੁ=ਖੁਰਾਕ । ਪੋਹਿ=ਛੋਹ ।

ਅਰਥ—੧. ਜੋ ਮਾਂ ਦੇ ਪੇਟ ਵਿਚ ਪਾਲਣਾ ਕਰਦਾ ਹੈ, ਉਸ ਨੂੰ ਕਿਉਂ ਮਨਹੁ ਵਿਸਾਰਦਾ ਹੈਂ ? ੨. ਏਡੇ ਵੱਡੇ ਦਾਤੇ ਨੂੰ ਮਨੋਂ ਕਿਉਂ ਭੁਲਾਉਂਦਾ ਹੈਂ ? ਜਿਹੜਾ ਪੇਟ ਦੀ ਅੱਗ ਵਿਚ ਵੀ ਖੁਰਾਕ ਪੁਚਾਉਂਦਾ ਹੈ ? ੩. ਪੇਟ ਦੇ ਦੁਖਾਂ ਵਿਚੋਂ ਉਸ ਨੂੰ ਕੋਈ ਪੋਹ ਨਹੀਂ ਸਕਦਾ ਜਿਸ ਨੂੰ ਵਾਹਿਗੁਰੂ ਆਪਣੀ ਪ੍ਰੀਤ ਆਪੇ ਲਾਉਂਦਾ ਹੈ । ੪. ਆਪਣੀ ਪ੍ਰੀਤ ਆਪੇ ਲਾਉਂਦਾ ਹੈ । ਇਹ ਸਮਝ ਕੇ ਗੁਰਮੁਖ ਹਮੇਸ਼ਾ ਹੀ ਉਸ ਨੂੰ ਯਾਦ ਕਰਦੇ ਹਨ । ੫. ਸਤਿਗੁਰੂ ਜੀ ਆਖਦੇ ਹਨ, ਏਡੇ ਵੱਡੇ ਦਾਤੇ ਨੂੰ ਮਨੋਂ ਕਿਉਂ ਵਿਸਾਰਦਾ ਹੈਂ ? ॥੨੮॥

**੧. ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥ ੨. ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ ੩. ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥ ੪. ਲਿਵ ਛੁੜਕੀ ਲਗੀ ਤ੍ਰਿਸਨਾ**

**ਮਾਇਆ ਅਮਰੁ ਵਰਤਾਇਆ ॥ ੫. ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ੬. ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥**

ਪਦ ਅਰਥ—ਅਮਰ=ਹੁਕਮ ।

ਅਰਥ—੧. ਜੇਹੀ ਪੇਟ ਵਿਚ ਅੱਗ ਹੈ, ਤੇਹੀ ਬਾਹਰ ਮਾਇਆ ਹੈ। ੨. ਮਾਇਆ ਤੇ ਪੇਟ ਦੀ ਅੱਗ ਸਭ ਤਰ੍ਹਾਂ ਇਕੋ ਜੇਹੀ ਹੈ, ਇਹ ਕਰਤੇ ਨੇ ਖੇਡ ਬਣਾਈ ਹੋਈ ਹੈ । ੩. ਜਦ ਉਸ ਦਾ ਹੁਕਮ ਹੋਇਆ ਤਾਂ ਲੜਕਾ ਜੰਮਿਆ ਪਰਿਵਾਰ ਨੂੰ ਲੜਕੇ ਦਾ ਜੰਮਣਾ ਚੰਗਾ ਲੱਗਾ । ੪. ਮਾਂ ਦੇ ਪੇਟ ਵਿਚ ਰਹਿੰਦਿਆਂ ਜੋ ਲਿਵ ਨਿਰੰਕਾਰ ਦੀ ਯਾਦ ਵਿਚ ਲੱਗੀ ਹੋਈ ਸੀ ਉਹ ਲਿਵ ਛੁਟ ਗਈ, ਤ੍ਰਿਸ਼ਨਾ ਲਗ ਗਈ, ਕਿਉਂਕਿ ਮਾਇਆ ਨੇ ਆਪਣਾ ਹੁਕਮ ਜੋ ਉਸ ਉਤੇ ਵਰਤਾ ਦਿਤਾ । ੫. ਜਿਸ ਕਰਕੇ ਹਰੀ ਭੁਲ ਜਾਏ, ਮੋਹ ਪੈਦਾ ਹੋਵੇ ਅਤੇ ਦੂਈ ਦਾ ਪ੍ਰੇਮ ਲਗ ਜਾਏ ਏਹੋ ਮਾਇਆ ਦਾ ਹੁਕਮ ਹੈ । ੬. ਸਤਿਗੁਰੂ ਜੀ ਆਖਦੇ ਹਨ ਗੁਰਾਂ ਦੀ ਕ੍ਰਿਪਾ ਨਾਲ ਜਿਨ੍ਹਾਂ ਦੀ ਲਿਵ ਸਿਮਰਨ ਵਿਚ ਲੱਗੀ ਹੈ, ਉਨ੍ਹਾਂ ਨੇ ਮਾਇਆ ਦੇ ਵਿਚੇ ਹੀ ਨਿਰੰਕਾਰ ਨੂੰ ਪਾਇਆ ਹੈ ॥੨੯॥

**੧. ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥ ੨. ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥**

**੩. ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥ ੪. ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥ ੫. ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥**

ਪਦ ਅਰਥ—ਵਿਟਹੁ=ਪਾਸੋਂ । ਵਿਲਲਾਇ=ਰੋਣਾ ।

ਅਰਥ—੧. ਵਾਹਿਗੁਰੂ ਆਪ ਮੁਲ ਤੋਂ ਪਰੇ ਹੈ, ਉਸ ਦਾ ਮੁਲ ਨਹੀਂ ਪਾਇਆ ਜਾਂਦਾ । ੨. ਕਿਸੇ ਪਾਸੋਂ ਵੀ ਉਸ ਦਾ ਮੁੱਲ ਨਹੀਂ ਪਾਇਆ ਜਾਂਦਾ, ਕਈ ਲੋਕ ਰੋ ਰਹੇ ਹਨ । ੩. ਜੇ ਅਜਿਹਾ ਸਤਿਗੁਰੂ ਮਿਲ ਪਵੇ, ਉਸ ਨੂੰ ਸਿਰ ਭੇਟਾ ਦੇ ਦੇਈਏ ਅਤੇ ਮਨ ਵਿਚੋਂ ਹੰਕਾਰ ਮਿਟ ਜਾਏ । ਤਦ ੪. ਇਹ ਜੀਉ ਜ਼ਿਸ ਦਾ ਪੈਦਾ ਕੀਤਾ ਹੋਇਆ ਹੈ, ਉਸ ਨਾਲ ਮਿਲ ਰਹੇਗਾ ਅਤੇ ਵਾਹਿਗੁਰੂ ਮਨ ਵਿਚ ਆ ਵੱਸੇਗਾ । ੫. ਵਾਹਿਗੁਰੂ ਆਪ ਅਮੋਲਕ ਹੈ, ਪਰ ਹੇ ਨਾਨਕਾ! ਉਨ੍ਹਾਂ ਦੇ ਭਾਗਾਂ ਵਿਚ ਹੈ, ਜਿਨ੍ਹਾਂ ਦੇ ਪੱਲੇ ਹਰਿ ਨਾਮ ਪਿਆ ਹੈ, ਅਰਥਾਤ ਜੋ ਮਨ ਵਿਚ ਵਾਹਿਗੁਰੂ ਨਾਮ ਦਾ ਅਭਿਆਸ ਕਰਦੇ ਹਨ, ਉਹ ਉਸ ਨੂੰ ਮਿਲਣਗੇ ॥੩੦॥

**੧. ਹਰਿ ਰਾਸਿ ਮੇਰੀ ਮਨੁ ਵਣਜਾਰਾ ॥ ੨. ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥ ੩. ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥ ੪. ਏਹੁ**

ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥ ੫. ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥

ਅਰਥ—੧. ਵਾਹਿਗੁਰੂ ਮੇਰੀ ਪੂੰਜੀ ਹੈ ਅਤੇ ਮੇਰਾ ਮਨ ਵਪਾਰੀ ਹੈ। ੨. ਵਾਹਿਗੁਰੂ ਮੇਰੀ ਪੂੰਜੀ ਹੈ ਅਤੇ ਮੇਰਾ ਮਨ ਵਪਾਰੀ ਹੈ, ਪਰ ਇਹ ਪੂੰਜੀ ਸਤਿਗੁਰਾਂ ਪਾਸੋਂ ਜਾਣੀ ਹੈ। ੩. ਹੇ ਸਿਖੋ! ਤੁਸੀਂ ਹਮੇਸ਼ਾਂ ਵਾਹਿਗੁਰੂ ਵਾਹਿਗੁਰੂ ਜਪੋ ਅਤੇ ਰੋਜ਼ ਹੀ ਲਾਹਾ ਖੱਟੋ। ੪. ਪਰ ਇਹ ਨਾਮ ਧਨ ਉਨ੍ਹਾਂ ਨੂੰ ਮਿਲਿਆ ਹੈ ਜਿਨ੍ਹਾਂ ਨੂੰ ਵਾਹਿਗੁਰੂ ਆਪੇ ਚੰਗਾ ਲੱਗਾ ਹੈ। ੫. ਸਤਿਗੁਰੂ ਜੀ ਆਖਦੇ ਹਨ ਵਾਹਿਗੁਰੂ ਮੇਰੀ ਪੂੰਜੀ ਹੈ ਅਤੇ ਮੇਰਾ ਮਨ ਵਪਾਰੀ ਹੋਇਆ ਹੈ ॥੩੧॥

੧. ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥ ੨. ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥ ੩. ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥ ੪. ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ੫. ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ

# ਆਇ ॥੩੨॥

ਅਰਥ—੧. ਹੇ ਮੇਰੀ ਜੀਭਾ ! ਤੂੰ ਹੋਰਨਾਂ ਸਵਾਦਾਂ ਵਿਚ ਲਗ ਰਹੀ ਹੈਂ, ਇਉਂ ਤੇਰੀ ਤ੍ਰੇਹ ਨਹੀਂ ਜਾਣੀ। ੨. ਹੋਰ ਕਿਸੇ ਤਰ੍ਹਾਂ ਵੀ ਤੇਰੀ ਪਿਆਸ ਨਹੀਂ ਜਾਣੀ, ਜਿੰਨਾ ਚਿਰ ਤੂੰ ਹਰੀ ਨਾਮ ਰਸ ਨੂੰ ਆਪਣੇ ਪੱਲੇ ਨਹੀਂ ਪਾ ਲੈਂਦੀ। ੩. ਇਸ ਲਈ ਹਰਿ ਨਾਮ ਰਸ ਨੂੰ ਪੱਲੇ ਪਾ ਕੇ ਹਰਿ ਨਾਮ ਰਸ ਪੀਉ, ਫਿਰ ਤੈਨੂੰ ਆ ਕੇ ਤ੍ਰੇਹ ਨਹੀਂ ਲਗੇਗੀ। ੪. ਇਹ ਰਸ ਵਾਹਿਗੁਰੂ ਦੀ ਕ੍ਰਿਪਾ ਨਾਲ ਪਾਈਦਾ ਹੈ ਅਤੇ ਜਿਸ ਨੂੰ ਸਤਿਗੁਰੂ ਆ ਮਿਲੇ ਉਸੇ ਉਤੇ ਕ੍ਰਿਪਾ ਹੁੰਦੀ ਹੈ। ੫. ਸਤਿਗੁਰੂ ਜੀ ਆਖਦੇ ਹਨ, ਜਦੋਂ ਹਰੀ ਮਨ ਵਿਚ ਆ ਵੱਸੇ ਓਦੋਂ ਹੋਰ ਸਾਰੇ ਹੀ ਦੂਜੇ ਸਵਾਦ ਭੁਲ ਜਾਂਦੇ ਹਨ ॥੩੨॥

**੧. ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥ ੨. ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥ ੩. ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥ ੪. ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥ ੫. ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ**

॥੩੩॥

ਅਰਥ—੧. ਹੇ ਮੇਰਿਆ ਸਰੀਰਾ ! ਹਰੀ ਨੇ ਤੇਰੇ ਵਿਚ ਅਪਨੀ ਜੋਤ ਰੱਖੀ ਤਾਂ ਤੂੰ ਜਗਤ ਵਿਚ ਆਇਆ। ੨. ਤੇਰੇ ਵਿਚ ਹਰੀ ਨੇ ਅਪਨੀ ਜੋਤ ਰੱਖੀ, ਤਾਂ ਤੂੰ ਜਗਤ ਵਿਚ ਆਇਆ। ੩. ਇਸ ਲਈ ਹਰੀ ਆਪੇ ਹੀ ਮਾਂ ਅਤੇ ਆਪੇ ਹੀ ਪਿਉ ਹੈ ਜਿਸਨੇ ਸਰੀਰ ਵਿਚ ਰਹਿਣ ਵਾਲੇ ਜੀਵ ਨੂੰ ਪੈਦਾ ਕਰ ਕੇ ਇਹ ਜਗਤ ਵਿਖਾਇਆ ਹੈ। ੪. ਗੁਰਾਂ ਦੀ ਕ੍ਰਿਪਾ ਨਾਲ ਇਹ ਭੇਦ ਸਮਝਿਆ ਤਾਂ ਮਨ ਹੈਰਾਨ ਹੋਇਆ ਕਿਉਂ ਉਸ ਨੂੰ ਇਕ ਅਚਰਜ ਤਮਾਸ਼ਾ ਹੀ ਨਜ਼ਰ ਆਇਆ। ੫. ਸਤਿਗੁਰੂ ਜੀ ਆਖਦੇ ਹਨ ਵਾਹਿਗੁਰੂ ਨੇ ਜੋਤ ਨੂੰ ਹੀ ਸ੍ਰਿਸ਼ਟੀ ਦਾ ਮੁਢ ਬਣਾਇਆ ਹੈ ਅਤੇ ਓਹੀ ਜੋਤ ਤੇਰੇ ਵਿਚ ਰੱਖੀ ਤਾਂ ਤੂੰ ਜਗਤ ਵਿਚ ਆਇਆ ਹੈਂ ॥੩੩॥

**੧. ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥ ੨. ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥ ੩. ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥ ੪. ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥ ੫. ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥ ੬. ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥**

ਪਦ ਅਰਥ—ਆਗਮ=ਆਉਣਾ । ਗ੍ਰਿਹ=ਘਰ । ਪਿਰ=ਪਤੀ ।

ਅਰਥ—੧. ਪ੍ਰਭ ਜੀ ਦਾ ਆਉਣਾ ਸੁਣਿਆ ਤਾਂ ਮਨ ਨੂੰ ਚਾਉ ਹੋਇਆ । ੨. ਹੇ ਸਖੀਓ ! ਹਰੀ ਜੀ ਦਾ ਜਸ ਗਾਓ ਮੇਰਾ ਘਰ ਹੀ ਉਸ ਦਾ ਮੰਦਰ ਬਣਿਆ ਹੈ, ਅਰਥਾਤ ਮੇਰੇ ਹਿਰਦੇ ਵਿਚ ਹੀ ਉਸ ਦੇ ਰਹਿਣ ਦਾ ਸਥਾਨ ਸੋਭ ਰਿਹਾ ਹੈ । ੩. ਹੇ ਸਖੀਓ ! ਹਮੇਸ਼ਾਂ ਹੀ ਹਰੀ ਜੀ ਦਾ ਜਸ ਗਾਓ, ਤਦ ਤੁਹਾਨੂੰ ਸੋਗ ਤੇ ਦੁਖ ਨਹੀਂ ਲੱਗੇਗਾ । ੪. ਭਾਗਾਂ ਵਾਲੇ ਦਿਨ ਵਿਚ ਗੁਰੂ ਜੀ ਦੀ ਚਰਨੀਂ ਲੱਗੇ ਹਾਂ, ਜੋ ਅਪਨਾ ਪਤੀ ਜਾਣ ਲਿਆ ਹੈ । ੫. ਅਨਹਦ ਬਾਣੀ ਦਾ ਪਤਾ ਗੁਰਬਾਣੀ ਤੋਂ ਲੱਗਾ ਹੈ, ਹੁਣ ਹਰਿ ਨਾਮ ਦਾ ਸਿਮਰਨ ਕਰ ਕੇ ਹਰੀ ਦਾ ਰਸ ਭੋਗ ਰਿਹਾ ਹਾਂ । ੬. ਸਤਿਗੁਰੂ ਜੀ ਆਖਦੇ ਹਨ, ਜੋ ਕਾਰਣ ਦੇ ਕਰਣ ਜੋਗ ਹੈ ਉਹ ਪ੍ਰਭੂ ਆਪ ਆ ਕੇ ਮਿਲਿਆ ਹੈ ॥੩੪॥

**੧. ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥ ੨. ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥ ੩. ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥ ੪. ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥ ੫. ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥**

ਅਰਥ—੧. ਹੇ ਮੇਰਿਆ ਸਰੀਰਾ! ਇਸ ਜਗਤ ਵਿਚ ਆ ਕੇ ਤੂੰ ਕੀ ਕੰਮ ਕੀਤਾ ਹੈ ? ੨. ਹੇ ਸਰੀਰਾ! ਜਦ ਦਾ ਤੂੰ ਜਗਤ ਵਿਚ ਆਇਆ ਹੈਂ ਤਦ ਦਾ ਤੂੰ ਕੀ ਕੰਮ ਕੀਤਾ ਹੈ ? ੩. ਜਿਸ ਹਰੀ ਨੇ ਤੇਰਾ ਬਨਾਉ ਬਨਾਇਆ ਹੈ, ਉਸ ਹਰੀ ਨੂੰ ਤੂੰ ਮਨ ਵਿਚ ਹੀ ਨਹੀਂ ਵਸਾਇਆ। ੪. ਗੁਰਾਂ ਦੀ ਕ੍ਰਿਪਾ ਨਾਲ ਹਰੀ ਮਨ ਵਿਚ ਵਸਿਆ ਹੈ, ਪਰ ਇਹ ਪਿਛਲਾ ਲਿਖਿਆ ਪਾਇਆ ਹੈ। ੫. ਸਤਿਗੁਰੂ ਜੀ ਆਖਦੇ ਹਨ, ਇਹ ਸਰੀਰ ਉਨ੍ਹਾਂ ਦਾ ਪਰਵਾਣ ਹੋਇਆ ਹੈ ਜਿਨ੍ਹਾਂ ਨੇ ਸਤਿਗੁਰੂ ਨਾਲ ਚਿਤ ਲਾਇਆ ਹੈ ॥੩੫॥

**੧. ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ੨. ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥ ੩. ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ ੪. ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥ ੫. ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥**

ਪਦ ਅਰਥ—ਜੋਤਿ=ਵੇਖਣ ਦੀ ਤਾਕਤ। ਨਿਹਾਲਿਆ=ਵੇਖਿਆ।

ਵਿਸ=ਸਾਰਾ । ਦਿਬ ਦ੍ਰਿਸਟਿ=ਗਿਆਨ ਭਰੀ ਨਜ਼ਰ, ਸਾਰਿਆਂ ਵਿਚ ਨਿਰੰਕਾਰ ਨੂੰ ਵੇਖਣਾ ਦਿਬ ਦ੍ਰਿਸਟਿ ਹੈ ।

ਅਰਥ—੧. ਹੇ ਮੇਰੇ ਨੈਣੋ ! ਵਾਹਿਗੁਰੂ ਨੇ ਤੁਹਾਡੇ ਵਿਚ ਜੋਤ ਰੱਖੀ ਹੈ, ਇਸ ਲਈ ਤੁਸੀਂ ਹਰੀ ਤੋਂ ਬਿਨਾਂ ਹੋਰ ਕੋਈ ਚੀਜ਼ ਨਾ ਵੇਖੋ। ੨. ਵਾਹਿਗੁਰੂ ਤੋਂ ਬਿਨਾਂ ਤੁਸੀਂ ਹੋਰ ਕੋਈ ਪਦਾਰਥ ਨਾ ਵੇਖੋ, ਹਰ ਵੇਲੇ ਨਜ਼ਰ ਨਾਲ ਹਰੀ ਨੂੰ ਹੀ ਵੇਖਿਆ ਕਰੋ । ੩. ਇਹ ਸਾਰਾ ਸੰਸਾਰ ਜੋ ਤੁਸੀਂ ਵੇਖਦੇ ਹੋ, ਇਹ ਹਰੀ ਦਾ ਰੂਪ ਹੈ, ਹੁਣ ਸਾਨੂੰ ਹਰੀ ਦਾ ਰੂਪ ਹੀ ਨਜ਼ਰ ਆਇਆ ਹੈ । ੪. ਗੁਰੂ ਜੀ ਦੀ ਕ੍ਰਿਪਾ ਨਾਲ ਵੇਖਿਆ ਤਾਂ ਸਮਝਿਆ ਕਿ ਵਾਹਿਗੁਰੂ ਇਕ ਹੈ ਅਤੇ ਉਸ ਤੁੋਂ ਬਿਨਾਂ ਦੂਜਾ ਹੋਰ ਕੋਈ ਨਹੀਂ । ੫. ਸਤਿਗੁਰੂ ਜੀ ਆਖਦੇ ਹਨ, ਇਹ ਨੈਣ ਤਾਂ ਅੰਨ੍ਹੇ ਸਨ, ਪਰ ਸਤਿਗੁਰੂ ਜੀ ਨੂੰ ਮਿਲਣ ਕਰਕੇ ਇਨ੍ਹਾਂ ਦੀ ਗਿਆਨ ਭਰੀ ਨਜ਼ਰ ਹੋ ਗਈ ਹੈ ॥੩੬॥

**੧. ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥ ੨. ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥ ੩. ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥ ੪. ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥ ੫. ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥**

ਪਦ ਅਰਥ—ਪਠਾਏ=ਭੇਜੇ ਗਏ । ਵਿਡਾਣੀ=ਅਚਰਜ । ਗਤਿ=ਹਾਲਤ,

ਦਸ਼ਾ। ਅੰਮ੍ਰਿਤ=ਅਮਰ ਕਰਨ ਵਾਲਾ।

ਅਰਥ—੧. ਹੇ ਮੇਰਿਓ ਕੰਨੋ! ਸੱਚੇ ਨੂੰ ਸੁਣਨ ਵਾਸਤੇ ਤੁਸੀਂ ਭੇਜੇ ਗਏ ਹੋ। ੨. ਸੱਚੇ ਨੂੰ ਸੁਣਨ ਵਾਸਤੇ ਭੇਜੇ ਗਏ ਹੋ, ਸਰੀਰ ਨਾਲ ਲਾਏ ਗਏ ਹੋ, ਇਸ ਲਈ ਤੁਸੀਂ ਸੱਚੀ ਬਾਣੀ ਸੁਣੋ। ੩. ਜਿਸ ਬਾਣੀ ਦੇ ਸੁਣਦਿਆਂ ਮਨ ਤੇ ਤਨ ਹਰਾ ਹੋ ਗਿਆ ਹੈ, ਅਤੇ ਜੀਭ ਅਨੰਦ ਵਿਚ ਸਮਾ ਗਈ ਹੈ। ੪. ਨਾ ਜਾਣੇ ਜਾਣ ਵਾਲਾ ਸਦਾ ਅਸਚਰਜ ਰੂਪ ਹੈ ਉਸ ਦੀ ਗਤੀ ਕਹੀ ਨਹੀਂ ਜਾਂਦੀ। ੫. ਸਤਿਗੁਰੂ ਜੀ ਆਖਦੇ ਹਨ, ਅਮਰ ਕਰਨ ਵਾਲੇ ਨਾਮ ਨੂੰ ਸੁਣੋ ਅਤੇ ਪਵਿਤ੍ਰ ਹੋਵੋ, ਤੁਸੀਂ ਸਚ ਨੂੰ ਸੁਣਨ ਵਾਸਤੇ ਹੀ ਭੇਜੇ ਗਏ ਹੋ ॥੩੭॥

**੧. ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥ ੨. ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥ ੩. ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥ ੪. ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥ ੫. ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥**

ਪਦ ਅਰਥ—ਗੁਫਾ=ਕੰਦਰਾ, ਭਾਵ ਸਰੀਰ । ਪਵਣੁ=ਹਵਾ, ਭਾਵ ਸਵਾਸ । ਨਉ ਦੁਆਰੇ=ਨੌ ਦਰਵਾਜ਼ੇ ਭਾਵ, ੨ ਕੰਨ, ੨ ਅੱਖਾਂ, ੨ ਨਾਸਾਂ, ਮੂੰਹ, ਗੁਦਾ ਤੇ ਸਿਸਨ ।

ਅਰਥ—੧. ਵਾਹਿਗੁਰੂ ਨੇ ਜੀਵ ਨੂੰ ਸਰੀਰ ਵਿਚ ਰੱਖ ਕੇ ਸਵਾਸਾਂ ਦਾ ਵਾਜਾ ਵਜਾਇਆ ਹੈ । ੨. ਸਵਾਸਾਂ ਦਾ ਵਾਜਾ ਵਜਾਇਆ ਹੈ, ਨੌ ਦਰਵਾਜ਼ੇ ਪ੍ਰਗਟ ਕੀਤੇ ਹਨ ਅਤੇ ਦਸਵਾਂ ਲੁਕਾ ਕੇ ਰਖਿਆ ਹੈ। ੩. ਇਕਨਾਂ ਨੂੰ ਗੁਰੂ ਦੀ ਰਾਹੀਂ [ਆਪਣੀ] ਸ਼ਰਧਾ ਵਿਚ ਲਾ ਕੇ ਦਸਵਾਂ ਦਰਵਾਜ਼ਾ ਵਿਖਾ ਦਿਤਾ ਹੈ । ੪. ਉਥੇ ਬਿਅੰਤ ਰੂਪ ਵਾਹਿਗੁਰੂ ਦਾ ਨਾਮ ਹੀ ਨੌ ਨਿਧਾਂ ਹਨ, ਉਸ ਦਾ ਅੰਤ ਨਹੀਂ ਪਾਇਆ ਜਾਂਦਾ । ੫. ਸਤਿਗੁਰੂ ਜੀ ਆਖਦੇ ਹਨ, ਪਿਆਰੇ ਵਾਹਿਗੁਰੂ ਨੇ ਜੀਵ ਨੂੰ ਸਰੀਰ ਵਿਚ ਰਖ ਕੇ ਸਵਾਸਾਂ ਦਾ ਵਾਜਾ ਵਜਾਇਆ ਹੈ ॥੩੮॥

**੧. ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ੨. ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥ ੩. ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥ ੪. ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥ ੫. ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥**

ਪਦ ਅਰਥ—ਸਚੈ ਘਰਿ=ਸਤਿਸੰਗਿ । ਸੋਹਿਲਾ=ਜਸ ਦਾ ਗੀਤ ।

ਅਰਥ—੧. ਇਹ ਸੱਚਾ ਗੀਤ ਸਤਿਸੰਗ ਵਿਚ ਗਾਵੋ । ੨. ਉਥੇ ਸਤਿਸੰਗ ਵਿਚ ਜਾ ਕੇ ਇਹ ਗੀਤ ਗਾਵੋ, ਜਿਥੇ ਸਦਾ ਹੀ ਸੱਚੇ ਨੂੰ ਧਿਆਇਆ ਜਾਂਦਾ ਹੈ । ੩. ਹੇ ਵਾਹਿਗੁਰੂ ! ਜਦ ਤੈਨੂੰ ਭਾਉਂਦਾ ਹੈ ਤਾਂ ਜੀਵ ਸਚ ਨਾਮ ਜਪਦਾ ਹੈ, ਪਰ ਜਿਨ੍ਹਾਂ ਗੁਰਮੁਖਾਂ ਨੂੰ ਸਮਝ ਆਈ ਹੈ ਉਹ ਇਹ ਜਾਣਦੇ ਹਨ । ੪. ਇਹ ਸਚ ਹੀ ਸਭਨਾਂ ਦਾ ਮਾਲਕ ਹੈ, ਪਰ ਜਿਸ ਨੂੰ ਬਖਸ਼ੇਗਾ ਉਹੀ ਪੁਰਸ਼ ਪਾਏਗਾ । ੫. ਸਤਿਗੁਰੂ ਜੀ ਆਖਦੇ ਹਨ, ਸਤਿਸੰਗ ਵਿਚ ਜਾ ਕੇ ਇਹ ਸੱਚਾ ਗੀਤ ਗਾਵੋ ॥੩੯॥

**੧. ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ੨. ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ ੩. ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ੪. ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ ੫. ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ੬. ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥**

ਪਦ ਅਰਥ—ਸਰਸੇ=ਅਨੰਦ ।

ਅਰਥ—੧. ਹੇ ਵੱਡੇ ਭਾਗਾਂ ਵਾਲਿਓ ! ਅਨੰਦ ਸੁਣੋ, ਤੁਹਾਡੇ ਸਾਰੇ ਮਨੋਰਥ ਪੂਰੇ (ਹੋ ਜਾਣਗੇ, ਕਿਉਂਕਿ) । ੨. (ਜਿਨ੍ਹਾਂ ਨੇ) ਪਾਰਬ੍ਰਹਮ ਪ੍ਰਭੂ ਨੂੰ ਪਾਇਆ ਹੈ, ਉਹਨਾਂ ਦੇ ਸਾਰੇ ਝੋਰੇ ਉਤਰ ਗਏ ਹਨ । ੩. ਜਿਨ੍ਹਾਂ ਨੇ ਸੱਚੀ ਬਾਣੀ ਸੁਣੀ ਹੈ, ਉਨ੍ਹਾਂ ਦੇ ਦੂਖ ਰੋਗ ਤੇ ਸੰਤਾਪ ਲਥ ਗਏ ਹਨ ।

੪. ਉਹ ਸੰਤ ਸੱਜਣ ਅਨੰਦ ਹੋਏ ਹਨ, ਜਿਨ੍ਹਾਂ ਨੇ ਇਹ ਵਾਰਤਾ ਗੁਰਾਂ ਪਾਸੋਂ ਜਾਣੀ ਹੈ। ੫. ਸੁਣਨ ਵਾਲੇ ਵੀ ਪਵਿਤ੍ਰ ਤੇ ਕਹਿਣ ਵਾਲੇ ਵੀ ਪਵਿਤ੍ਰ ਹੋਏ ਹਨ, ਕਿਉਂਕਿ ਦੋਹਾਂ ਦੇ ਮਨ ਵਿਚ ਸਤਿਗੁਰੂ (ਦਾ ਉਪਦੇਸ਼) ਪੂਰਨ ਹੋ ਰਿਹਾ ਹੈ। ੬. ਸਤਿਗੁਰੂ ਜੀ ਬੇਨਤੀ ਕਰਦੇ ਹਨ, (ਕਿ ਜਦ ਤੋਂ) ਗੁਰੂ (ਜੀ ਦੀ) ਚਰਨੀਂ ਲਗੇ (ਹਾਂ, ਤਦ ਤੋਂ ਹੀ) ਅਨਾਹਦ ਵਾਜੇ ਵੱਜੇ ਹਨ ॥੪੦॥੧॥

# ਰਹਰਾਸਿ ਸਾਹਿਬ

## ੴ ਸਤਿਗੁਰ ਪ੍ਰਸਾਦਿ ॥

ਕੇਵਲ ਇਕ ਵਾਹਿਗੁਰੂ, ਸਤਿਗੁਰੂ ਜੀ ਦੀ ਕ੍ਰਿਪਾ ਨਾਲ ਮਿਲਦਾ ਹੈ ।

ਸਲੋਕੁ ਮਃ ੧ ॥

੧. ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ ੨. ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ ੩. ਬਲਿਹਾਰੀ ਕੁਦਰਤਿ ਵਸਿਆ ॥ ੪. ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥ ੫. ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥ ੬. ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥ ੭. ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

ਅਰਥ—੧. ਦੁਖ (ਪ੍ਰਭੂ ਪ੍ਰਾਪਤੀ ਦਾ) ਦਾਰੂ ਹੈ ਤੇ ਸੁਖ ਰੋਗ ਬਣਿਆ ਹੋਇਆ ਹੈ, ਕਿਉਂਕਿ ਜਦੋਂ ਸੁਖ ਹੁੰਦਾ ਹੈ ਤਦੋਂ ਵਾਹਿਗੁਰੂ ਨੂੰ ਮਿਲਣ ਦੀ ਇਛਾ ਹੀ ਨਹੀਂ ਹੁੰਦੀ। ੨. ਹੇ ਕ੍ਰਿਪਾ ਰੂਪ! ਤੂੰ ਸਭ ਦਾ ਕਰਤਾ ਹੈਂ, ਮੈਂ ਕੁਝ ਕਰਨਾ ਨਹੀਂ ਜਾਣਦਾ। ਜੇ ਮੈਂ ਕੁਝ ਕਰਾਂ, ਤਾਂ ਕੁਝ ਨਹੀਂ ਹੁੰਦਾ ॥੧॥ ੩. ਮੈਂ ਵਾਰੇ ਜਾਵਾਂ ਤੂੰ ਕੁਦਰਤ ਦੇ ਵਿਚ ਵਸਿਆ ਹੋਇਆ ਹੈਂ। ੪. ਤੇਰਾ ਅੰਤ ਨਹੀਂ ਜਾਣਿਆ ਜਾਂਦਾ। ੫. ਦੁਨੀਆਂ ਵਿਚ ਤੇਰੀ ਜੋਤ ਹੈ ਅਤੇ ਜੋਤ ਵਿਚ ਦੁਨੀਆਂ ਹੈ, ਕਲਪਨਾ ਤੋਂ ਰਹਿਤ ਸ਼ਕਤੀ ਰੂਪ ਹੋ ਕੇ ਤੂੰ ਸਭਨਾਂ ਵਿਚ ਪੂਰਤ ਹੋ ਰਿਹਾ ਹੈਂ। ੬. ਤੂੰ ਸਚਾ ਮਾਲਕ ਹੈਂ ਤੇਰੀ ਉਪਮਾ ਬਹੁਤ ਸੁੰਦਰ ਹੈ। ੭. ਜਿਸ ਨੇ ਉਪਮਾ ਕੀਤੀ ਹੈ ਉਹ ਮੁਕਤ ਹੋ ਗਿਆ ਹੈ। ਕਰਤੇ ਪੁਰਖ ਦੀਆਂ ਗੱਲਾਂ ਕਹੁ ਜੋ ਕੁਝ ਕਰਨਾ ਹੈ, ਉਹ ਹੀ ਕਰ ਰਿਹਾ ਹੈ ॥੨॥

ਸੋਦਰੁ ਪਦ ਤੋਂ ਸ਼ਬਦ ਅਰੰਭ ਹੁੰਦਾ ਹੈ ਇਸ ਕਰਕੇ
ਇਸ ਦਾ ਸਿਰਲੇਖ ਭੀ ਸੋਦਰੁ ਹੈ।

## ਸੋ ਦਰੁ ਰਾਗੁ ਆਸਾ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

**੧. ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ੨. ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ ੩. ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ੪. ਗਾਵਨਿ ਤੁਧਨੋ**

ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ੫. ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ ੬. ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ੭. ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ੮. ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ ੯. ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ ੧੦. ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥ ੧੧. ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ ੧੨. ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ੧੩. ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥

੧੪. ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥ ੧੫. ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ੧੬. ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥ ੧੭. ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ੧੮. ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ੧੯. ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ੨੦. ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥ ੨੧. ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥ ੨੨. ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥

ਅਰਥ—੧. ਤੇਰਾ ਉਹ ਦਰਵਾਜ਼ਾ ਕੈਸਾ ਹੈ ਉਹ ਘਰ ਕੈਸਾ ਹੈ ? ਜਿਥੇ ਬੈਠ ਕੇ ਸਾਰਿਆਂ ਦੀ ਸੰਭਾਲ ਕਰਦਾ ਹੈਂ ? ੨. ਤੇਰੇ ਬੂਹੇ ਉਤੇ ਅਨੇਕਾਂ ਵਾਜੇ ਤੇ ਅਨਗਿਣਤ ਨਾਦ ਹਨ । ਤੇਰੇ ਦਰ ਉਤੇ ਕਿੰਨੇ ਹੀ

ਵਾਜੇ ਵਜਾਵਣ ਵਾਲੇ ਹਨ । ੩. ਕਿੰਨੇ ਹੀ ਰਾਗ ਤੇਰੇ ਬੂਹੇ ਉਤੇ ਰਾਗਣੀਆਂ ਸਮੇਤ ਕਹੇ ਜਾਂਦੇ ਹਨ । ੪. ਕਿੰਨੇ ਹੀ ਤੇਰੇ ਜਸ ਨੂੰ ਗਾਵਣ ਵਾਲੇ ਹਨ । ਹਵਾ, ਪ੍ਰਾਣੀ ਤੇ ਅੱਗ ਤੈਨੂੰ ਗਾਉਂਦੇ ਹਨ । ਦੁਆਰੇ ਉਤੇ ਖੜੋਤਾ ਧਰਮਰਾਜ ਵੀ ਗਾਉਂਦਾ ਹੈ । ੫. ਤੈਨੂੰ ਗਾਉਂਦੇ ਹਨ ਚਿੱਤ੍ਰ-ਗੁਪਤ, ਜੋ ਜੀਵਾਂ ਦੇ ਕਰਮਾਂ ਨੂੰ ਲਿਖਣਾ ਜਾਣਦੇ ਹਨ । ਜਿਨ੍ਹਾਂ ਦੇ ਲਿਖੇ ਲੇਖੇ ਨੂੰ ਧਰਮਰਾਜ ਬੀਚਾਰਦਾ ਹੈ । ੬. ਸ਼ਿਵਜੀ, ਬ੍ਰਹਮਾ ਤੇ ਦੇਵੀ ਤੈਨੂੰ ਗਾਉਂਦੇ ਹਨ । ਜੋ ਤੇਰੇ ਸਵਾਰੇ ਹੋਏ ਸਦਾ ਸੋਹਣੇ ਲਗਦੇ ਹਨ । ੭. ਇੰਦ੍ਰਾਸਣ ਤਖਤ ਉਤੇ ਬੈਠੇ ਹੋਏ ਇੰਦ੍ਰ ਨਾਲੇ ਦੇਵਤਿਆਂ ਦੇ ਦਲ (ਝੁੰਡ) ਗਾਉਂਦੇ ਹਨ । ੮. ਸਿੱਧ ਪੁਰਸ਼ ਸਮਾਧੀਆਂ ਅੰਦਰ ਤੈਨੂੰ ਗਾਉਂਦੇ ਹਨ। ਵਿਚਾਰ ਵਾਲੇ ਸਾਧ ਵੀ ਤੈਨੂੰ ਗਾਉਂਦੇ ਹਨ । ੯. ਜਤੀ ਸਤੀ ਤੇ ਸੰਤੋਖੀ ਤੈਨੂੰ ਗਾਉਂਦੇ ਹਨ ਅਤੇ ਵੱਡੇ ਜੋਸ਼ੀਲੇ ਜੋਧੇ ਤੈਨੂੰ ਗਾਉਂਦੇ ਹਨ । ੧੦. ਤੈਨੂੰ ਗਾਉਂਦੇ ਹਨ ਪੜ੍ਹਨ ਵਾਲੇ ਪੰਡਿਤ ਤੇ ਰਿਖੀਸੁਰ, ਜੁਗ ਜੁਗ ਦੇ ਵੇਦਾਂ ਸਮੇਤ ਤੈਨੂੰ ਗਾਉਂਦੇ ਹਨ । ੧੧. ਤੈਨੂੰ ਗਾਉਂਦੀਆਂ ਹਨ ਮਨ ਨੂੰ ਮੋਹਨ ਵਾਲੀਆਂ ਸੁੰਦਰ ਇਸਤਰੀਆਂ ਜੋ ਸਵਰਗ ਲੋਕ, ਮਾਤ ਲੋਕ ਤੇ ਪਤਾਲ ਦੀਆਂ ਹਨ । ੧੨. ਤੇਰੇ ਪੈਦਾ ਕੀਤੇ ਹੋਏ ਰਤਨ ਤੈਨੂੰ ਗਾਉਂਦੇ ਹਨ । ਨਾਲੇ ਅਠਾਹਠ ਤੀਰਥ ਗਾਉਂਦੇ ਹਨ । ੧੩. ਜੋਧੇ ਮਹਾਂਬਲੀ ਤੇ ਸੂਰਮੇ ਤੈਨੂੰ ਗਾਉਂਦੇ ਹਨ ਚਾਰੇ ਖਾਣੀਆਂ ਦੇ ਜੀਵ ਤੈਨੂੰ ਗਾਉਂਦੇ ਹਨ। ੧੪. ਖੰਡ ਮੰਡਲ ਤੇ ਬ੍ਰਹਮੰਡ ਤੈਨੂੰ ਗਾਉਂਦੇ ਹਨ । ਜੋ ਤੁਸਾਂ ਨੇ ਬਣਾ ਬਣਾ ਕੇ ਟਿਕਾ ਕੇ ਰਖੇ ਹੋਏ ਹਨ । ੧੫. ਓਹੀ ਤੈਨੂੰ ਗਾਉਂਦੇ ਹਨ ਜੋ ਤੈਨੂੰ ਭਾਉਂਦੇ ਹਨ । ਤੇਰੇ ਪ੍ਰੇਮ ਵਿਚ ਰਤੇ ਹੋਏ ਰਸੀਲੇ ਭਗਤ ਵੀ ਗਾਉਂਦੇ ਹਨ । ੧੬. ਹੋਰ ਕਿੰਨੇ ਹੀ ਤੈਨੂੰ ਗਾਉਂਦੇ ਹਨ ਉਹ ਮੈਨੂੰ ਚੇਤੇ ਹੀ ਨਹੀਂ ਆਉਂਦੇ, 'ਨਾਨਕ' (ਉਹਨਾਂ ਦੀ) ਵੀਚਾਰ ਕਿਵੇਂ ਕਰ ਸਕਦਾ ਹੈ । ੧੭. ਓਹੀ ਸਾਹਿਬ ਹੈ, ਓਹੀ ਸਦਾ ਸੱਚ ਹੈ (ਆਪ) ਸੱਚਾ ਹੈ (ਉਸ ਦੀ) ਵਡਿਆਈ ਸੱਚੀ ਹੈ । ੧੮. (ਹੁਣ) ਵੀ ਹੈ, ਅਗੇ ਨੂੰ ਹੋਵੇਗਾ, ਨਾ ਜਾਂਦਾ

ਹੈ ਨਾ ਜਾਏਗਾ ਜਿਸ ਨੇ (ਇਹ) ਰਚਨਾ ਰਚਾਈ ਹੈ। ੧੯. ਰੰਗਾਂ-ਰੰਗਾਂ ਤੇ ਭਾਂਤਾਂ-ਭਾਂਤਾਂ ਦੀਆਂ ਜਿਨਸਾਂ ਕਰ ਕੇ ਜਿਸ ਨੇ ਮਾਇਆ (ਦਵਾਰੇ ਇਹ ਸ੍ਰਿਸ਼ਟੀ) ਪੈਦਾ ਕੀਤੀ ਹੈ। ੨੦. ਆਪਣੇ ਕੀਤੇ ਹੋਏ ਸੰਸਾਰ ਨੂੰ ਕਰ-ਕਰ ਕੇ ਵੇਖਦਾ ਹੈ। ਜਿਵੇਂ ਉਸ ਦੀ ਮਰਜ਼ੀ ਹੁੰਦੀ ਹੈ, ਤਿਵੇਂ ਕਰਦਾ ਹੈ। ੨੧. ਜੋ ਉਸ ਨੂੰ ਭਾਉਂਦਾ ਹੈ, ਉਹੀ ਕਰਦਾ ਤੇ ਕਰੇਗਾ। ਮੁੜ ਕੇ ਉਸ ਉਤੇ ਹੁਕਮ ਨਹੀਂ ਕੀਤਾ ਜਾਂਦਾ। ੨੨. ਉਹ ਸਾਹਿਬ ਪਾਤਸ਼ਾਹਾਂ ਦਾ ਪਾਤਸ਼ਾਹ ਹੈ, (ਸਾਨੂੰ ਉਸ ਦੀ) ਰਜ਼ਾ (ਆਗਿਆ) ਵਿਚ ਰਹਿਣਾ ਚਾਹੀਦਾ ਹੈ ॥੧॥

ਆਸਾ ਮਹਲਾ ੧ ॥

## ੧. ਸੁਣਿ ਵਡਾ ਆਖੈ ਸਭੁ ਕੋਇ ॥ ੨. ਕੇਵਡੁ ਵਡਾ ਡੀਠਾ ਹੋਇ ॥ ੩. ਕੀਮਤਿ ਪਾਇ ਨ ਕਹਿਆ ਜਾਇ ॥ ੪. ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ੫. ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ੬. ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥

ਪਦ ਅਰਥ—ਗਹਿਰ=ਗਹਿਰਾ, ਡੂੰਘਾ। ਗੰਭੀਰ=ਵਡੇ ਜਿਗਰੇ ਵਾਲਾ। ਗਹੀਰ=ਸਮੁੰਦਰ। ਚੀਰਾ=ਪਾੜ ਪੇਟਾ।

ਅਰਥ—੧. ਹੇ ਵਾਹਿਗੁਰੂ! ਤੈਨੂੰ ਸਭ ਕੋਈ ਸੁਣ ਸੁਣ ਕੇ ਹੀ ਵੱਡਾ ਆਖਦਾ ਹੈ। ੨. ਕਿਡਾ ਕੁ ਵੱਡਾ ਹੈ; ਇਹ ਕੋਈ ਨਹੀਂ ਦਸਦਾ, ਪਰ

ਕਿਸੇ ਡਿਠਾ ਹੋਵੇ ਤਾਂ ਪਤਾ ਦੱਸੇ । ੩. ਮੁੱਲ ਪਾਣ ਵਾਲਿਆਂ ਪਾਸੋਂ ਵੀ ਤੇਰਾ ਅੰਤ ਨਹੀਂ ਕਿਹਾ ਜਾਂਦਾ । ੪. ਤੇਰਾ ਨਾਮ ਜਪਣ ਵਾਲੇ ਤਾਂ ਤੇਰੇ ਵਿਚ ਸਮਾ ਰਹੇ ਹਨ, ਇਸ ਲਈ ਉਹ ਵੀ ਨਹੀਂ ਕਹਿ ਸਕਦੇ ॥੧॥ ੫. ਹੇ ਮੇਰੇ ਗਹਿਰ ਗੰਭੀਰ ਤੇ ਗੁਣਾਂ ਦੇ ਸਮੁੰਦਰ ਸਾਹਿਬ਼ ਜੀ ! ੬. ਇਹ ਗੱਲ ਕੋਈ ਨਹੀਂ ਜਾਣਦਾ, ਜੋ ਤੇਰਾ ਕਿਡਾ ਵੱਡਾ ਪਾੜ ਹੈ ।

੭. ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ੮. ਸਭ ਕੀਮਤਿ ਮਿਲਿ ਕੀਮਤਿ ਪਾਈ ॥ ੯. ਗਿਆਨੀ ਧਿਆਨੀ ਗੁਰ ਗੁਰਹਾਈ ॥ ੧੦. ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ੧੧. ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ੧੨. ਸਿਧਾ ਪੁਰਖਾ ਕੀਆ ਵਡਿਆਈਆ ॥ ੧੩. ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ੧੪. ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ੧੫. ਆਖਣ ਵਾਲਾ ਕਿਆ ਵੇਚਾਰਾ ॥ ੧੬. ਸਿਫਤੀ ਭਰੇ ਤੇਰੇ ਭੰਡਾਰਾ ॥ ੧੭. ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ੧੮. ਨਾਨਕ ਸਚੁ ਸਵਾਰਣਹਾਰਾ ॥੪॥੨॥

ਪਦ ਅਰਥ—ਸੁਰਤਿ=ਸ੍ਰੁਤਿ, ਵੇਦ। ਸੁਰਤੀ=ਵੇਦ ਪਾਠੀ। ਕੀਮਤਿ=ਹਿਸਾਬੀ, ਗਿਣਤੀ ਕਰਨ ਵਾਲੇ, ਜੋਤਸ਼ੀ। ਗੁਰ=ਸ਼ਾਸਤ੍ਰਾਂ ਦੇ ਕਰਤੇ, ਅਚਾਰਜ। ਗੁਰਹਾਈ=ਅਚਾਰਜਾਂ ਦੇ ਉਪਦੇਸ਼ਟਾ ਗੁਰੂ, ਅਚਾਰਜਾਂ ਤੋਂ ਵਡੇ। ਸਿਧੀ=ਸਿਧਾਂ, ਵਸਤਾਂ। ਕਰਮਿ=ਬਖਸ਼ਸ਼, ਮਿਹਰ। ਠਾਕਿ=ਰੋਕੀਆਂ, ਡੱਕੇ ਜਾਣਾ, ਰੁਕ ਜਾਣਾ। ਸਿਫਤੀ=ਸਿਫਤਾਂ ਵਾਲਾ। ਚਾਰਾ=ਜ਼ੋਰ, ਉਜ਼ਰ।

ਅਰਥ—੭. ਸਾਰੇ ਵੇਦ ਪਾਠੀਆਂ ਮਿਲ ਕੇ ਵੇਦਾਂ ਦੀ ਕਮਾਈ ਕੀਤੀ। ੮. ਸਾਰੇ ਜੋਤਸ਼ੀਆਂ ਨੇ ਮਿਲ ਕੇ ਹਿਸਾਬ ਵੀ ਕੱਢੇ। ੯. ਗਿਆਨੀਆਂ, ਧਿਆਨੀਆਂ, ਅਚਾਰਜਾਂ ਅਤੇ ਅਚਾਰਜਾਂ ਦੇ ਗੁਰੂਆਂ ਨੇ ਵੀ ਆਪਣਾ ਵਾਹ ਲਾਇਆ ਪਰ ੧੦. ਕਿਸੇ ਕੋਲੋਂ ਵੀ ਤੇਰੀ ਤਿਲ ਜਿੰਨੀ ਵਡਿਆਈ ਨਹੀਂ ਆਖੀ ਗਈ ॥੨॥ ੧੧. ਸਾਰੇ ਜਪ, ਸਾਰੇ ਤਪ ਅਤੇ ਸਾਰੀਆਂ ਨੇਕੀਆਂ। ੧੨. ਅਤੇ ਸਿਧ ਪੁਰਸ਼ਾਂ ਦੀਆਂ ਵਡਿਆਈਆਂ। ੧੩. ਇਹ ਵੀ ਚੀਜ਼ਾਂ ਤੈਥੋਂ ਬਿਨਾਂ ਹੋਰ ਕਿਸੇ ਪਾਸੋਂ ਨਹੀਂ ਮਿਲਦੀਆਂ। ੧੪. ਤੇਰੀ ਮਿਹਰ ਨਾਲ ਮਿਲਦੀਆਂ ਹਨ, ਨਹੀਂ ਤਾਂ ਰੁਕੀਆਂ ਰਹਿੰਦੀਆਂ ਹਨ। ੧੫. ਮੈਂ ਤੇਰਾ ਜਸ ਆਖਣ ਵਾਲਾ ਕੌਣ ਵਿਚਾਰਾ ਹਾਂ? ੧੬. ਹੇ ਸਿਫਤੀ! ਤੇਰੇ ਭੰਡਾਰੇ ਤਾਂ ਸਾਰੇ ਪਦਾਰਥਾਂ ਦੇ ਭਰੇ ਹੋਏ ਹਨ। ੧੭. ਜਿਸ ਨੂੰ ਤੂੰ ਦੇਂਦਾ ਹੈਂ ਉਸ ਨਾਲ ਕਿਸੇ ਦਾ ਕੀ ਜ਼ੋਰ ਹੈ? ੧੮. ਸਤਿਗੁਰੂ ਜੀ ਆਖਦੇ ਹਨ ਹੇ ਸੱਚ! ਤੂੰ ਹੀ ਸਵਾਰਨ ਵਾਲਾ ਹੈਂ ॥੪॥੨॥

ਆਸਾ ਮਹਲਾ ੧ ॥

**੧. ਆਖਾ ਜੀਵਾ ਵਿਸਰੈ ਮਰਿ ਜਾਉ ॥ ੨. ਆਖਣਿ ਅਉਖਾ ਸਾਚਾ ਨਾਉ ॥ ੩. ਸਾਚੇ ਨਾਮ ਕੀ ਲਾਗੈ ਭੂਖ ॥ ੪. ਉਤੁ ਭੂਖੈ ਖਾਇ**

ਚਲੀਅਹਿ ਦੂਖ ॥੧॥ ੫. ਸੋ ਕਿਉ ਵਿਸਰੈ ਮੇਰੀ ਮਾਇ ॥ ੬. ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ੭. ਸਾਚੇ ਨਾਮ ਕੀ ਤਿਲੁ ਵਡਿਆਈ ॥ ੮. ਆਖਿ ਥਕੇ ਕੀਮਤਿ ਨਹੀ ਪਾਈ ॥ ੯. ਜੇ ਸਭਿ ਮਿਲਿ ਕੈ ਆਖਣ ਪਾਹਿ ॥ ੧੦. ਵਡਾ ਨ ਹੋਵੈ ਘਾਟਿ ਨ ਜਾਇ ॥੨॥ ੧੧. ਨਾ ਓਹੁ ਮਰੈ ਨ ਹੋਵੈ ਸੋਗੁ ॥ ੧੨. ਦੇਦਾ ਰਹੈ ਨ ਚੂਕੈ ਭੋਗੁ ॥ ੧੩. ਗੁਣੁ ਏਹੋ ਹੋਰੁ ਨਾਹੀ ਕੋਇ ॥ ੧੪. ਨਾ ਕੋ ਹੋਆ ਨਾ ਕੋ ਹੋਇ ॥੩॥ ੧੫. ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ੧੬. ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ੧੭. ਖਸਮੁ ਵਿਸਾਰਹਿ ਤੇ ਕਮਜਾਤਿ ॥ ੧੮. ਨਾਨਕ ਨਾਵੈ ਬਾਝੁ ਸਨਾਤਿ ॥੪॥੩॥

ਪਦ ਅਰਥ—ਉਤ=ਉਸ । ਨਾਇ=ਨਾਮ । ਕਮਜਾਤਿ=ਨੀਵੀਂ ਜਾਤ, ਨੀਚ ਜਾਤ । ਸਨਾਤ=ਮਹਾਂ ਨੀਚ । ਭੋਗ=ਪਦਾਰਥ ।

ਅਰਥ—੧. ਨਾਮ ਜਪਦਾ ਹਾਂ, ਤਾਂ ਜੀਊਂਦਾ ਹਾਂ, ਜੇ ਨਾਮ ਵਿਸਰ

ਜਾਏ ਤਾਂ ਮਰ ਜਾਵਾਂਗਾ । ੨. ਪਰ ਸੱਚਾ ਨਾਮ ਆਖਣਾ ਬਹੁਤ ਔਖਾ ਹੈ । ੩. ਮੈਨੂੰ ਸੱਚੇ ਨਾਮ ਦੀ ਭੁੱਖ ਲਗਦੀ ਹੈ । ੪. ਉਸ ਨਾਮ ਦੀ ਭੁੱਖ ਨੇ ਸਾਰੇ ਦੁੱਖਾਂ ਨੂੰ ਖਾ ਲਿਆ ਹੈ ॥੧॥ ੫. ਹੇ ਮੇਰੀ ਮਾਂ ! ਉਸ ਦਾ ਨਾਮ ਮੈਂ ਕਿਉਂ ਵਿਸਾਰਾਂ ? ੬. ਸੱਚੇ ਸਾਹਿਬ ਦਾ ਨਾਮ ਵੀ ਸੱਚਾ ਹੈ । ੭. ਉਸ ਸੱਚੇ ਦੇ ਨਾਮ ਦੀ ਤਿਲ ਜਿੰਨੀ ਵਡਿਆਈ ਨੂੰ । ੮. ਸਾਰੇ ਆਖ ਥਕੇ ਹਨ ਪਰ ਅੰਤ ਨਹੀਂ ਪਾ ਸਕੇ । ੯. ਜੇਕਰ ਸਾਰੇ ਲੋਕ ਇਕੱਠੇ ਹੋ ਕੇ ਵੀ ਆਖਣ ਲਗ ਪੈਣ ਤਾਂ, ੧੦. ਵੱਡਾ ਨਹੀਂ ਹੋਵੇਗਾ ਅਤੇ ਜੇ ਨਾ ਆਖਣ ਤਾਂ ਘੱਟ ਵੀ ਨਹੀਂ ਜਾਵੇਗਾ ॥੨॥ ੧੧. ਨਾ ਉਹ ਮਰੇਗਾ, ਨਾ ਉਸ ਦੇ ਪਿਆਰਿਆਂ ਨੂੰ ਸੋਗ ਹੋਵੇਗਾ । ੧੨. ਉਹ ਹਮੇਸ਼ਾਂ ਦੇਂਦਾ ਰਹਿੰਦਾ ਹੈ ਉਸ ਦੇ ਪਦਾਰਥ ਮੁਕਦੇ ਨਹੀਂ ਹਨ । ੧੩. ਉਸ ਦਾ ਵੱਡਾ ਗੁਣ ਇਹੋ [ਹੈ ਜੋ ਉਸ ਵਰਗਾ] ਹੋਰ ਕੋਈ ਨਹੀਂ । ੧੪. ਨਾ ਕੋਈ ਉਸ ਜਿਹਾ ਪਿਛੇ ਹੋਇਆ ਹੈ ਨਾ [ਅਗੇ ਨੂੰ] ਹੋਵੇਗਾ ॥੩॥ ੧੫. ਹੇ ਵਾਹਿਗੁਰੂ ! ਜੇਡਾ ਵੱਡਾ ਤੂੰ ਆਪ ਹੈਂ ਓਡੀ ਵਡੀ ਹੀ ਤੇਰੀ ਦਾਤ ਹੈ। ੧੬ ਹੇ ਬੰਦੇ ! ਜਿਸ ਨੇ ਦਿਨ ਬਣਾ ਕੇ (ਸਾਡੇ ਆਰਾਮ ਲਈ) ਰਾਤ ਵੀ ਬਣਾ ਦਿਤੀ ਹੈ। ੧੭. ਜੋ ਉਸ ਮਾਲਕ ਨੂੰ ਵਿਸਾਰਦੇ ਹਨ ਉਹ ਕਮਜਾਤ ਹਨ । ੧੮. ਸਤਿਗੁਰੂ ਜੀ ਆਖਦੇ ਹਨ ਨਾਮ ਤੋਂ ਹੀਣੇ ਹੀ ਨੀਚ ਹਨ ॥੪॥੩॥

ਰਾਗੁ ਗੂਜਰੀ ਮਹਲਾ ੪ ॥

## ੧. ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥ ੨. ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ

ਨਾਮੁ ਪਰਗਾਸਿ ॥੧॥ ੩. ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ ੪. ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥ ੫. ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ ੬. ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥ ੭. ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ੮. ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ ੯. ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ੧੦. ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥

ਪਦ ਅਰਥ—ਕੀਰੇ=ਕੀੜੇ । ਕਿਰਮ=ਨਿਕੇ ਕੀੜੇ । ਸਖਾਈ=ਸਖਾ, ਪਿਆਰਾ, ਸਾਥੀ । ਰਹਰਾਸਿ=ਅਰਦਾਸ, ਬੇਨਤੀ । ਜੀਵਾਸ=ਜੀਵਨ ਦੀ

ਆਸਾ । ਲਿਖਾਸ=ਲੇਖ ਹੈ । ਜਨ=ਦਾਸ ।

ਅਰਥ—੧. ਹੇ ਹਰੀ ਦੇ ਜਨ ਸਤਿਗੁਰ ਸਤਿ ਪੁਰਖ ਗੁਰੂ ਜੀ ਮੈਂ ਆਪ ਜੀ ਦੇ ਕੋਲ ਬੇਨਤੀ ਕਰਦਾ ਹਾਂ, ਅਰਥਾਤ ਸ੍ਰੀ ਗੁਰੂ ਰਾਮ ਦਾਸ ਜੀ ਤੀਜੇ ਸਤਿਗੁਰੂ ਜੀ ਅਗੇ ਅਰਜ਼ ਕਰਦੇ ਹਨ । ੨. ਅਸੀਂ ਕੀੜੇ ਤੇ ਕਿਰਮ ਹਾਂ, ਪਰ ਸਤਿਗੁਰੂ ਜੀ ! ਤੁਸਾਡੀ ਸ਼ਰਣ ਆਏ ਹਾਂ, ਇਸ ਲਈ ਦਇਆ ਕਰ ਕੇ ਸਾਡੇ ਮਨ ਵਿਚ ਨਾਮ ਦਾ ਚਾਨਣ ਕਰੋ ॥੧॥ ੩. ਹੇ ਮੇਰੇ ਗੁਰਦੇਵ ਮਿੱਤਰ ਜੀ ! ਮੈਨੂੰ ਰਾਮ ਦੇ ਨਾਮ ਦਾ ਚਾਨਣ ਬਖਸ਼ੋ । ੪. ਹੇ ਗੁਰੋ ! ਆਪ ਦੀ ਸਿਖਿਆ ਦੁਆਰਾ ਨਾਮ ਮੇਰੇ ਪ੍ਰਾਣਾਂ ਦਾ ਸਾਥੀ ਹੋਵੇਗਾ ਮੈਨੂੰ ਹਰੀ ਦਾ ਜਸ ਬਖਸ਼ੋ, ਇਹ ਮੇਰੀ ਬੇਨਤੀ ਹੈ । ੫. ਉਹਨਾਂ ਹਰਿ ਜਨਾਂ ਦੇ ਵਡਿਆਂ ਤੋਂ ਵਡੇ ਭਾਗ ਹਨ, ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦੇ ਹਰਿ ਨਾਮ ਦੀ ਸ਼ਰਧਾ ਤੇ ਹਰਿ ਨਾਮ ਦੀ ਤ੍ਰੇਹ ਹੈ । ੬. ਮੈਨੂੰ ਹਰਿ ਹਰਿ ਨਾਮ ਮਿਲੇ ਤਾਂ ਰੱਜਾਂਗਾ, ਗੁਰਾਂ ਦੀ ਸੰਗਤਿ ਵਿਚ ਮਿਲਿਆਂ ਇਹ ਗੁਣ ਪ੍ਰਗਟ ਹੋਏ ਹਨ ॥੨॥ ੭. ਜਿਨ੍ਹਾਂ ਪੁਰਸ਼ਾਂ ਨੇ ਹਰੀ ਜੀ ਦੇ ਹਰਿ ਹਰਿ ਨਾਮ ਦਾ ਰਸ ਨਹੀਂ ਚਖਿਆ, ਉਹ ਭਾਗਾਂ ਤੋਂ ਹੀਣੇ ਜਮਾਂ ਦੇ ਕੋਲ ਜਾਣਗੇ । ੮. ਜੋ ਪੁਰਸ਼ ਸਤਿਗੁਰੂ ਜੀ ਦੀ ਸ਼ਰਣੀ ਤੇ ਸਤਿ ਸੰਗਤ ਵਿਚ ਨਹੀਂ ਆਏ, ਉਹਨਾਂ ਦਾ ਜੀਉਣਾ ਵੀ ਧ੍ਰਿਗ ਤੇ ਜੀਵਨ ਦੀ ਆਸ਼ਾ ਵੀ ਧ੍ਰਿਗ ਹੈ ॥੩॥ ੯. ਜਿਨ੍ਹਾਂ ਪੁਰਸ਼ਾਂ ਨੇ ਹਰਿ ਜਨਾਂ ਤੇ ਸਤਿਗੁਰੂ ਜੀ ਦੀ ਸੰਗਤ ਪਾਈ ਹੈ, ਉਹਨਾਂ ਦੇ ਮੱਥੇ ਉਤੇ ਮੁੱਢ ਤੋਂ ਹੀ ਲੇਖ ਲਿਖਿਆ ਸੀ । ੧੦. ਸਾਧ ਸੰਗਤਿ ਧੰਨ ਹੈ, ਧੰਨ ਹੈ, ਜਿਸ ਨਾਲ ਮਿਲ ਕੇ ਹਰਿ ਨਾਮ ਦਾ ਰਸ ਪਾਇਆ ਹੈ, ਸਤਿਗੁਰੂ ਜੀ ਆਖਦੇ ਹਨ ਅਤੇ ਦਾਸ ਦੇ ਮਨ ਵਿਚ ਨਾਮ ਦਾ ਚਾਨਣ ਹੋ ਗਿਆ ਹੈ ॥੪॥੪॥

ਰਾਗੁ ਗੂਜਰੀ ਮਹਲਾ ੫ ॥

## ੧. ਕਾਹੇ ਰੇ ਮਨ ਚਿਤਵਹਿ ਉਦਮੁ ਜਾ

ਆਹਰਿ ਹਰਿ ਜੀਉ ਪਰਿਆ ॥ ੨. ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥ ੩. ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ੪. ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥ ੫. ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥ ੬. ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥ ੭. ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ ੮. ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥ ੯. ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥ ੧੦. ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥

ਪਦ ਅਰਥ—ਸੈਲ=ਪਹਾੜ । ਜਨਨਿ=ਮਾਤਾ । ਸੁਤ=ਪੁੱਤਰ । ਬਨਤਾ=ਇਸਤਰੀ । ਸੰਬਾਹੇ=ਪੁਚਾਉਂਦਾ । ਊਡੇ=ਕੂੰਜਾਂ । ਕਰ ਤਲ=ਹੱਥ ਦੀ ਤਲੀ, ਹਥੇਲੀ । ਮਾਧਉ=ਮਾਇਆ ਦਾ ਆਸਰਾ, ਵਾਹਿਗੁਰੂ ।

ਅਰਥ—੧. ਹੇ ਮਨ! ਪੇਟ ਦੀ ਖਾਤਰ ਕਿਉਂ ਉੱਦਮ ਸੋਚਦਾ ਹੈਂ ? ਜਦ ਤੇਰੇ ਆਹਰ ਵਿਚ ਹਰੀ ਆਪ ਲੱਗਾ ਹੋਇਆ ਹੈ ਤਾਂ ਤੈਨੂੰ ਕੀ ਫਿਕਰ ਹੈ ? ੨. ਵੇਖ ਪਹਾੜ ਦੇ ਪੱਥਰਾਂ ਵਿਚ ਜੋ ਜੀਵ ਉਸ ਨੇ ਪੈਦਾ ਕੀਤੇ ਹੋਏ ਹਨ, ਉਨ੍ਹਾਂ ਦੀ ਖੁਰਾਕ ਉਨ੍ਹਾਂ ਦੇ ਅੱਗੇ ਰੱਖੀ ਹੋਈ ਹੈ ॥੧॥ ੩. ਹੇ ਮੇਰੇ ਮਨ! ਜੋ ਵਾਹਿਗੁਰੂ ਜੀ ਦੀ ਸਤਿ ਸੰਗਤਿ ਵਿਚ ਮਿਲਿਆ ਹੈ, ਉਹ ਤਰ ਗਿਆ ਹੈ । ੪. ਅਰਥਾਤ ਉਸ ਨੇ ਗੁਰੂ ਜੀ ਦੀ ਕ੍ਰਿਪਾ ਨਾਲ ਮੁਕਤੀ ਨੂੰ ਪਾਇਆ ਹੈ ਅਤੇ ਉਸ ਦਾ ਸੁੱਕਾ ਕਾਠ ਹਰਾ ਹੋ ਗਿਆ ਹੈ ਅਰਥਾਤ ਮੁਰਦਾ ਰੂਹ ਜਿੰਦਾ ਹੋ ਗਈ ਹੈ । ੫. ਮਾਂ ਪਿਉ ਸੰਬੰਧੀ ਪੁਤ੍ਰ ਤੇ ਇਸਤਰੀ ਇਨ੍ਹਾਂ ਵਿਚੋਂ ਕੋਈ ਵੀ ਕਿਸੇ ਦਾ ਆਸਰਾ ਨਹੀਂ ਹੁੰਦਾ । ੬. ਵਾਹਿਗੁਰੂ ਬੰਦੇ ਬੰਦੇ ਨੂੰ ਰਿਜ਼ਕ ਪੁਚਾਉਂਦਾ ਹੈ, ਹੇ ਮਨ! ਤੂੰ ਕਿਉਂ ਡਰਦਾ ਹੈਂ ? ੭. ਕੂੰਜ ਸੈਂਕੜੇ ਕੋਹਾਂ ਉਡ ਕੇ ਆਉਂਦੀ ਹੈ ਅਤੇ ਉਸ ਨੇ ਬੱਚਿਆਂ ਨੂੰ ਪਿਛੇ ਛਡਿਆ ਹੁੰਦਾ ਹੈ । ੮. ਉਨ੍ਹਾਂ ਨੂੰ ਕੌਣ ਖਿਡਾਉਂਦਾ ਤੇ ਕੌਣ ਚੁਗਾਉਂਦਾ ਹੈ ? ਹੇ ਭਾਈ! ਕਦੇ ਮਨ ਵਿਚ ਇਸ ਗੱਲ ਦਾ ਵਿਚਾਰ ਕੀਤਾ ਜੇ ? ॥੩॥ ੯. ਸਾਰੀਆਂ ਨਿਧੀਆਂ ਅਤੇ ਅਠਾਰਾਂ ਸਿਧੀਆਂ ਵਾਹਿਗੁਰੂ ਨੇ ਆਪਣੀ ਹਥੇਲੀ ਉਤੇ ਰਖੀਆਂ ਹੋਈਆਂ ਹਨ, ਜੋ ਉਸ ਨੂੰ ਅਰਾਧੇਗਾ, ਉਸ ਨੂੰ ਝਟ ਹੀ ਮਿਲ ਜਾਣਗੀਆਂ । ੧੦. ਹੇ ਵਾਹਿਗੁਰੂ! ਤੇਰੇ ਉਤੋਂ ਦਾਸ ਨਾਨਕ ਤਾਂ ਬਲਿਹਾਰ ਬਲਿਹਾਰ ਅਤੇ ਸਦਾ ਹੀ ਕੁਰਬਾਨ ਜਾਂਦਾ ਹੈ, ਮੈਨੂੰ ਤੇਰੇ ਉਰਾਰ ਪਾਰ ਦਾ ਅੰਤ ਨਹੀਂ ਆਉਂਦਾ ॥੪॥੫॥

ਰਾਗੁ ਆਸਾ ਮਹਲਾ ੪ ਸੋ ਪੁਰਖੁ

ੴ ਸਤਿਗੁਰ ਪ੍ਰਸਾਦਿ ॥

੧. ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥ ੨. ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥ ੩. ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥ ੪. ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥ ੫. ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥

ਅਰਥ—੧. ਉਹ ਪੁਰਖ ਮਾਇਆ ਤੋਂ ਰਹਿਤ ਹੈ, ਹਰੀ ਪੁਰਖ ਕਲੰਕ ਤੋਂ ਬਿਨਾਂ ਹੈ, ਹਰੀ ਪਹੁੰਚ ਤੋਂ ਪਰੇ ਅਤੇ ਬੜੀ ਮੁਸ਼ਕਲ ਨਾਲ ਮਿਲਦਾ ਹੈ । ੨. ਹੇ ਸੱਚੇ ਸਿਰਜਨਹਾਰ ਹਰੀ ਜੀ! ਸਾਰੇ ਤੈਨੂੰ ਹੀ ਧਿਆਉਂਦੇ ਹਨ, ਸਾਰੇ ਤੈਨੂੰ ਹੀ ਧਿਆਉਂਦੇ ਹਨ । ੩. ਹੇ ਵਾਹਿਗੁਰੂ ਜੀ! ਸਾਰੇ ਜੀਵ ਤੇਰੇ ਹਨ, ਅਤੇ ਤੂੰ ਜੀਵਾਂ ਦਾ ਰੋਜ਼ੀ ਦਾਤਾ ਹੈਂ । ੪. ਹੇ ਸੰਤੋ ਜੀ! ਉਸ ਹਰੀ ਨੂੰ ਧਿਆਵੋ ਜੋ ਸਾਰੇ ਕਸੂਰਾਂ ਨੂੰ ਭੁਲ ਜਾਣ ਵਾਲਾ ਹੈ । ੫. ਉਹ ਵਾਹਿਗੁਰੂ ਆਪੇ ਹੀ ਮਾਲਕ ਤੇ ਆਪੇ ਹੀ ਦਾਸ ਹੈ । ਸਤਿਗੁਰੂ ਜੀ ਆਖਦੇ ਹਨ ਇਹ ਵਿਚਾਰਾ ਜੀਵ ਕੀ ਕਰ ਸਕਦਾ ਹੈ ॥੧॥

**੧. ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥ ੨. ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥ ੩. ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥ ੪. ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥ ੫. ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥**

ਅਰਥ—੧. ਹੇ ਹਰੀ ਜੀ! ਤੂੰ ਇਕੋ ਹੀ ਸਾਰੇ ਪੁਰਖਾਂ ਦੇ ਦਿਲ ਅੰਦਰ ਇਕ ਰਸ ਸਮਾਇਆ ਹੋਇਆ ਹੈਂ। ੨. ਹੇ ਵਾਹਿਗੁਰੂ ਜੀ! ਜਗਤ ਵਿਚ ਇਕ ਦਾਤੇ ਹਨ, ਇਕ ਮੰਗਤੇ ਹਨ, ਇਹ ਸਾਰੇ ਤੇਰੇ ਹੀ ਅਚਰਜ ਤਮਾਸ਼ੇ ਹਨ। ੩. ਹੇ ਹਰੀ ਜੀ! ਤੂੰ ਆਪ ਹੀ ਦੇਣ ਵਾਲਾ ਹੈਂ ਅਤੇ ਆਪ ਹੀ ਭੋਗਣ ਵਾਲਾ ਹੈਂ, ਮੈਂ ਤੈਥੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦਾ। ੪. ਹੇ ਪਾਰਬ੍ਰਹਮ! ਤੂੰ ਬੇਅੰਤ ਹੈਂ, ਬੇਅੰਤ ਹੈਂ, ਤੇਰੇ ਕਿਹੜੇ ਕਿਹੜੇ ਗੁਣ ਕਹਿ ਕੇ ਸੁਣਾਵਾਂ? ੫. ਹੇ ਵਾਹਿਗੁਰੂ ਜੀ! ਜੋ ਤੈਨੂੰ ਯਾਦ ਕਰਦੇ ਹਨ, ਜੋ ਤੇਰਾ ਸਿਮਰਨ ਕਰਦੇ ਹਨ, ਦਾਸ ਨਾਨਕ ਤਾਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹੈ ॥੨॥

**੧. ਹਰਿ ਧਿਆਵਹਿ ਹਰਿ ਧਿਆਵਹਿ ਤੁਧੁ**

**ਜੀ ਸੇ ਜਨ ਜੁਗ ਮਹਿ ਸੁਖਵਾਸੀ ॥ ੨. ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥ ੩. ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥ ੪. ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥ ੫. ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥**

ਅਰਥ—੧. ਹੇ ਹਰ ਇਕ ਦੇ ਧਿਆਣੇ ਜੋਗ ਹਰੀ ਜੀ! ਜੋ ਤੈਨੂੰ ਧਿਆਉਂਦੇ ਹਨ, ਉਹ ਪੁਰਸ਼ ਇਸ ਕਲਜੁਗ ਵਿਚ ਸੁਖੀ ਵਸਦੇ ਹਨ। ੨. ਉਹ ਮੁਕਤ ਰੂਪ ਹਨ, ਉਹ ਮੁਕਤ ਹੋਏ ਹਨ, ਜਿਨ੍ਹਾਂ ਨੇ ਹਰੀ ਜੀ ਨੂੰ ਧਿਆਇਆ ਹੈ, ਕਿਉਂਕਿ ਉਨ੍ਹਾਂ ਦੇ ਗਲੋਂ ਜਮਾਂ ਦੀ ਫਾਹੀ ਟੁਟ ਗਈ ਹੈ। ੩. ਜਿਨ੍ਹਾਂ ਨੇ ਨਿਰਭਉ (ਹਾਂ ਜੀ) ਜਿਨ੍ਹਾਂ ਨੇ ਨਿਰਭਉ ਹਰੀ ਜੀ ਨੂੰ ਧਿਆਇਆ ਹੈ, ਉਨ੍ਹਾਂ ਦਾ ਸਭ ਡਰ ਦੂਰ ਹੋ ਜਾਵੇਗਾ। ੪. ਜਿਨ੍ਹਾਂ ਨੇ ਸੇਵਿਆ ਹੈ ਹਾਂ ਜੀ ਜਿਨ੍ਹਾਂ ਨੇ ਮੇਰੇ ਹਰੀ ਜੀ ਨੂੰ ਯਾਦ ਕੀਤਾ ਹੈ, ਉਹ ਹਰ ਤਰ੍ਹਾਂ ਕਰਕੇ ਹਰੀ ਦੇ ਰੂਪ ਵਿਚ ਸਮਾ ਜਾਣਗੇ। ੫. ਉਹ ਧੰਨ ਹਨ, ਉਹ ਧੰਨ ਹਨ, ਜਿਨ੍ਹਾਂ ਨੇ ਹਰੀ ਜੀ ਨੂੰ ਧਿਆਇਆ ਹੈ, ਦਾਸ ਨਾਨਕ ਤਾਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ ॥੩॥

੧. ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥ ੨. ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥ ੩. ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥ ੪. ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥ ੫. ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥

ਪਦ ਅਰਥ—ਖਟ ਕਰਮ=ਛੇ ਕਰਮ (ਜਪ, ਹੋਮ, ਸੰਧਜਾ, ਸਨਾਨ, ਦੇਵ ਪੂਜਾ, ਅਤਿਥਿ ਸੇਵਾ) ।

ਅਰਥ—੧. ਹੇ ਬਿਅੰਤਾ, ਤੇਰੀ (ਪ੍ਰਾਪਤੀ ਦਾ ਸਾਧਨ) ਤੇਰੀ ਭਗਤੀ ਹੈ, ਉਸ ਭਗਤੀ ਦੇ ਤੇਰੇ ਬਿਅੰਤ ਭੰਡਾਰੇ ਭਰੇ ਹੋਏ ਹਨ । ੨. ਹੇ ਅਨੰਤ ਹਰੀ ਜੀ, ਤੇਰੇ ਅਨੇਕਾਂ ਹੀ ਭਗਤ ਹਨ, ਉਹ ਭਗਤ ਜਨ ਤੇਰੇ ਦਰਸ਼ਨ ਵਾਸਤੇ ਤੈਨੂੰ ਅਨੇਕ ਤਰ੍ਹਾਂ ਨਾਲ ਸਲਾਹੁੰਦੇ ਹਨ । ੩. ਹੇ ਹਰੀ ਜੀ, ਤੇਰੀ ਅਨੇਕ ਤਰ੍ਹਾਂ ਦੀ ਪੂਜਾ ਹੈ, ਉਸ ਪੂਜਾ ਨੂੰ ਅਨੇਕਾਂ ਹੀ ਕਰਦੇ ਹਨ, ਅਤੇ ਬਿਅੰਤ ਹੀ ਤਪ ਕਰਦੇ ਤੇ ਜਾਪ ਜਪਦੇ ਹਨ । ੪. ਤੇਰੇ ਦਰਸ਼ਨ ਦੀ ਸਿਕ ਵਾਲੇ ਅਨੇਕਾਂ ਹੀ ਤੇਰੇ ਪਿਆਰੇ ਅਨੇਕਾਂ ਸ਼ਾਸਤ੍ਰਾਂ ਸਿਮ੍ਰਤੀਆਂ ਨੂੰ

ਪੜ੍ਹਦੇ ਹਨ ਅਤੇ ਬਹੁਤੇ ਛੇ ਕਰਮਾਂ ਦੇ ਕਰਨ ਵਾਲੇ ਹੋ ਕੇ ਉਨ੍ਹਾਂ ਦੀ ਕਿਰਿਆ ਕਰਦੇ ਹਨ । ੫. ਸਤਿਗੁਰੂ ਜੀ ਆਖਦੇ ਹਨ, ਉਹ ਭਗਤ ਚੰਗੇ ਹਨ, ਉਹ ਭਗਤ ਜਨ ਭਲੇ ਹਨ, ਜੋ ਮੇਰੇ ਹਰੀ ਭਗਵੰਤ ਜੀ ਨੂੰ ਭਾਉਂਦੇ ਹਨ ॥੪॥

**੧. ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥ ੨. ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥ ੩. ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥ ੪. ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥ ੫. ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥**

ਪਦ ਅਰਥ—ਅਪਰੰਪਰ=ਉਰੇ ਪਰੇ, ਉਰਾਰ ਪਾਰ । ਸਿਰਜਿ=ਬਨਾਈ ਸਾਜੀ ਹੋਈ । ਗੋਈ=ਨਾਸ ਕਰਨਾ । ਜਾਣੋਈ=ਜਾਨਣ ਵਾਲਾ ।

ਅਰਥ—੧. ਹੇ ਆਦਿ ਪੁਰਖ ! ਤੂੰ ਉਰਾਰ ਪਾਰ ਦਾ ਕਰਨ ਵਾਲਾ ਹੈਂ, ਤੇਰੇ ਜੇਡਾ ਵੱਡਾ ਹੋਰ ਕੋਈ ਨਹੀਂ । ੨. ਤੂੰ ਜੁਗਾਂ ਜੁਗਾਂ ਵਿਚ ਇਕੋ ਹੈਂ, ਤੂੰ ਸਦਾ ਸਦਾ ਇਕੋ ਹੈਂ, ਤੂੰ ਆਪੇ ਕਰਤਾ ਅਤੇ ਅਚੱਲ ਹੈਂ । ੩. ਤੈਨੂੰ ਆਪ ਜੋ ਭਾਂਵਦਾ ਹੈ ਓਹੀ ਇਸ ਸੰਸਾਰ ਵਿਚ ਵਰਤਦਾ ਹੈ, ਤੂੰ

ਆਪ ਜੋ ਕਰਦਾ ਹੈਂ, ਓਹੀ ਕੁਝ ਹੁੰਦਾ ਹੈ । ੪. ਜੀ, ਤੁਸਾਂ ਆਪੇ ਹੀ ਸਾਰੀ ਦੁਨੀਆਂ ਪੈਦਾ ਕੀਤੀ ਹੈ ਅਤੇ ਫਿਰ ਤੁਸਾਂ ਆਪੇ ਹੀ ਸਾਰੀ ਸਾਜਨਾ ਨੂੰ ਨਾਸ ਕਰਨਾ ਹੈ । ੫. ਦਾਸ ਨਾਨਕ ਤਾਂ ਉਸ ਕਰਤੇ ਜੀ ਦੇ ਗੁਣ ਗਾਉਂਦਾ ਹੈ ਜੋ ਸਭ ਕਿਸੇ ਦੀ ਜਾਨਣ ਵਾਲਾ ਹੈ ॥੫॥੧॥

ਆਸਾ ਮਹਲਾ ੪ ॥

**੧. ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥ ੨. ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥ ੩. ਸਭ ਤੇਰੀ ਤੂੰ ਸਭਨੀ ਧਿਆਇਆ ॥ ੪. ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥ ੫. ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥**

ਪਦ ਅਰਥ—ਮੈਡਾ=ਮੇਰਾ । ਥੀਸੀ=ਹੋਵੇਗਾ ।

ਅਰਥ—੧. ਹੇ ਸੱਚੇ ਕਰਤਾਰ, ਤੂੰ ਮੇਰਾ ਮਾਲਕ ਹੈਂ । ੨. ਜੋ ਤੈਨੂੰ ਭਾਵੇਗਾ, ਓਹੀ ਹੋਵੇਗਾ, ਜੋ ਤੂੰ ਦੇਵੇਂਗਾ, ਮੈਂ ਓਹੀ ਲਵਾਂਗਾ । ੩. ਸਾਰੀ ਦੁਨੀਆਂ ਤੇਰੀ ਹੈ, ਅਤੇ ਸਭਨਾਂ ਨੇ ਤੈਨੂੰ ਹੀ ਧਿਆਇਆ ਹੈ । ੪. ਜਿਸ ਨੂੰ ਆਪਣੀ ਮਿਹਰ ਕਰਦਾ ਹੈਂ, ਉਸੇ ਨੇ ਨਾਮ ਰਤਨ ਪਾਇਆ ਹੈ । ੫.

ਗੁਰਮੁਖਾਂ ਨੇ ਨਾਮ ਰਤਨ ਲੱਭਾ, ਮਨਮੁਖਾਂ ਨੇ ਗਵਾ ਦਿੱਤਾ ਹੈ । ੬. ਤੁਸਾਂ ਆਪਣੇ ਨਾਲੋਂ ਮਨਮੁਖਾਂ ਨੂੰ ਦੂਰ ਕਰ ਦਿੱਤਾ ਹੈ ਅਤੇ ਗੁਰਮੁਖਾਂ ਨੂੰ ਤੁਸਾਂ ਆਪਣੇ ਨਾਲ ਮਿਲਾ ਲਿਆ ਹੈ ॥੧॥

**੭. ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ੮. ਤੁਝ ਬਿਨੁ ਦੂਜਾ ਕੋਈ ਨਾਹਿ ॥ ੯. ਜੀਅ ਜੰਤ ਸਭਿ ਤੇਰਾ ਖੇਲੁ ॥ ੧੦. ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥**

ਅਰਥ—੭. ਤੂੰ ਦਰਿਆਉ ਵਾਂਗੂੰ ਹੈਂ, ਸਭ ਕੁਝ ਤੇਰੇ ਵਿਚ ਹੈ । ੮. ਤੈਥੋਂ ਬਿਨਾਂ ਹੋਰ ਕੋਈ ਦੂਜਾ ਕੁਝ ਨਹੀਂ ਕਰ ਸਕਦਾ । ੯. ਇਹ ਸਾਰੇ ਜੀਅ-ਜੰਤ ਤੇਰੀ ਖੇਡ ਹਨ । ੧੦. 'ਵਿਜੋਗ' ਮਿਲਿਆਂ ਨੂੰ ਵਿਛੋੜਦਾ ਹੈ ਅਤੇ 'ਸੰਜੋਗ' ਮੇਲ ਕਰਾਂਦਾ ਹੈਂ ॥੨॥

**੧੧. ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ੧੨. ਹਰਿ ਗੁਣ ਸਦ ਹੀ ਆਖਿ ਵਖਾਣੈ ॥ ੧੩. ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ੧੪. ਸਹਜੇ ਹੀ ਹਰਿ ਨਾਮਿ ਸਮਾਇਆ ॥੩॥**

ਅਰਥ—੧੧. ਜਿਸ ਨੂੰ ਤੂੰ ਇਹ ਗੱਲ ਜਣਾਉਂਦਾ ਹੈਂ, ਓਹੀ ਪੁਰਸ਼ ਜਾਣਦਾ ਹੈ । ੧੨. ਹੇ ਹਰੀ ! ਫਿਰ ਉਹ ਸਦਾ ਹੀ ਤੇਰੇ ਗੁਣ ਕਹਿ ਕੇ ਸੁਣਾਉਂਦਾ ਹੈ । ੧੩. ਜਿਸ ਨੇ ਹਰੀ ਨੂੰ ਸੇਵਿਆ ਹੈ, ਉਸ ਨੇ ਸੁਖ ਪਾਇਆ ਹੈ । ੧੪. ਸੁਭਾਵਕ ਹੀ ਉਹ ਹਰੀ ਨਾਮ ਵਿਚ ਸਮਾ ਗਿਆ ਹੈ ॥੩॥

**੧੫. ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ੧੬. ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ ੧੭. ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ੧੮. ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥**

ਪਦ ਅਰਥ—ਸੋਇ=ਖਬਰ ।

ਅਰਥ—੧੫. ਤੂੰ ਆਪ ਕਰਨ ਵਾਲਾ ਹੈਂ ਅਤੇ ਸਭ ਤੇਰਾ ਕੀਤਾ ਹੁੰਦਾ ਹੈ । ੧੬. ਤੈਥੋਂ ਬਿਨਾਂ ਹੋਰ ਕੋਈ ਦੂਜਾ ਕੁਝ ਨਹੀਂ ਕਰ ਸਕਦਾ। ੧੭. ਤੂੰ ਬਨਾਂਦਾ ਹੈਂ, ਬਨਾਈ ਨੂੰ ਵੇਖਦਾ ਤੇ ਉਨ੍ਹਾਂ ਦੀ ਹਾਲਤ ਨੂੰ ਜਾਣਦਾ ਹੈਂ । ੧੮. ਸਤਿਗੁਰੂ ਜੀ ਆਖਦੇ ਹਨ ਦਾਸਾਂ ਦੇ ਮਨ ਵਿਚ ਗੁਰਾਂ ਦੁਆਰੇ ਪ੍ਰਗਟ ਹੁੰਦਾ ਹੈ ॥੪॥੨॥

ਆਸਾ ਮਹਲਾ ੧ ॥

**੧. ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ ੨. ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥ ੩. ਮਨ ਏਕੁ ਨ ਚੇਤਸਿ ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ ੪. ਨਾ ਹਉ ਜਤੀ ਸਤੀ ਨਹੀ**

# ਪੜਿਆ ਮੂਰਖ ਮੁਗਧਾ ਜਨਮੁ ਭਇਆ ॥ ੫. ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥

ਪਦ ਅਰਥ—ਸਰਵਰੜੈ=ਤਲਾਉ । ਪੰਕ=ਚਿਕੜ । ਮਨ=ਮੈਂ, ਮੇਰਾ । ਪ੍ਰਣਵਤਿ=ਬੇਨਤੀ ਪੂਰਬਕ ਕਹਿਣਾ ।

ਅਰਥ—੧. ਉਸ ਸੰਸਾਰ ਤਲਾਉ ਵਿਚ ਸਾਡਾ ਵਾਸਾ ਹੋਇਆ ਹੈ, ਜਿਸ ਵਿਚ ਪਦਾਰਥਾਂ ਦਾ ਪਾਣੀ ਤੇ ਤ੍ਰਿਸ਼ਨਾ ਦੀ ਅੱਗ ਉਸ ਕਰਤਾਰ ਨੇ ਬਣਾਈ ਹੈ । ੨. ਜੋ ਮੋਹ ਚਿੱਕੜ ਵਿਚ ਫਸੇ ਹਨ, ਉਨ੍ਹਾਂ ਦਾ ਪੈਰ ਨਹੀਂ ਤੁਰਦਾ, ਸਾਡੇ ਵੇਖਦਿਆਂ ਉਹ ਡੁੱਬੀ ਜਾ ਰਹੇ ਹਨ ॥੧॥ ੩. ਹੇ ਮੇਰੇ ਮੂਰਖ ਮਨਾ! ਤੂੰ ਇਕ ਨੂੰ ਕਿਉਂ ਨਹੀਂ ਚੇਤੇ ਕਰਦਾ ? ੪. ਹਰੀ ਨੂੰ ਵਿਸਾਰਨੇ ਕਰਕੇ ਤੇਰੇ ਗੁਣ ਗਲ ਜਾਣਗੇ । ੫. ਨਾ ਮੈਂ ਜਤੀ ਹਾਂ, ਨਾ ਸਤੀ ਹਾਂ, ਅਤੇ ਨਾ ਹੀ ਕੁਝ ਪੜ੍ਹਿਆ ਹਾਂ, ਮੈਂ ਮੂਰਖ ਹਾਂ, ਮੂਰਖਾਂ ਦੀ ਸੰਗਤ ਵਿਚ ਹੀ ਜਨਮ ਬੀਤ ਗਿਆ ਹੈ । ੬. ਸਤਿਗੁਰੂ ਜੀ ਆਖਦੇ ਹਨ, ਪਰ ਉਨ੍ਹਾਂ ਦੀ ਸ਼ਰਨੀ ਪਿਆ ਹਾਂ ਜਿਨ੍ਹਾਂ ਨੂੰ ਤੂੰ ਭੁਲਿਆ ਨਹੀਂ ॥੨॥੩॥

ਆਸਾ ਮਹਲਾ ੫ ॥

# ੧. ਭਈ ਪਰਾਪਤਿ ਮਾਨੁਖ ਦੇਹੁਰੀਆ ॥ ੨. ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ੩. ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ੪. ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥

**੫. ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ੬. ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ ੭. ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ੮. ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ ੯. ਕਹੁ ਨਾਨਕ ਹਮ ਨੀਚ ਕਰੰਮਾ ॥ ੧੦. ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**

ਪਦ ਅਰਥ—ਦੇਹੁਰੀਆ=ਦੇਹੀ । ਸਰੰਜਾਮ=(ਸੰਸਾਰ ਅੰਜਾਮ) ਬੰਦੋਬਸਤ, ਉਪਾਅ । ਸਰਮਾ=ਲਾਜ ।

ਅਰਥ—੧. ਜੋ ਮਾਨੁਖ ਦੇਹੀ ਪ੍ਰਾਪਤ ਹੋਈ ਹੈ । ੨. ਇਹ ਗੋਬਿੰਦ ਨੂੰ ਮਿਲਣ ਦੀ ਵਾਰੀ ਹੈ । ੩. ਹੇ ਬੰਦੇ! ਜੋ ਹੋਰ ਕੰਮ ਹਨ ਇਹ ਤੇਰੇ ਕਿਸੇ ਵੀ ਕੰਮ ਨਹੀਂ । ੪. ਸਾਧ ਸੰਗਤ ਵਿਚ ਮਿਲ ਕੇ ਇਕ ਨਾਮ ਦਾ ਸਿਮਰਨ ਕਰ (ਇਹੋ ਤੇਰੇ ਕੰਮ ਆਵੇਗਾ) ॥੧॥ ੫. ਸੰਸਾਰ ਸਮੁੰਦਰ ਤੋਂ ਤਰਨ ਦੇ ਬੰਦੋਬਸਤ ਵਿਚ ਲਗ ਜਾ । ੬. ਮਾਇਆ ਦੇ ਪ੍ਰੇਮ ਵਿਚ ਤਾਂ ਜਨਮ ਐਵੇਂ ਹੀ ਚਲਾ ਜਾਵੇਗਾ । ੭. ਇਸ ਲਈ ਬੇਨਤੀ ਕਰ, ਮੈਂ ਜਪ ਤਪ ਸੰਜਮ ਤੇ ਕੋਈ ਧਰਮ ਵੀ ਨਹੀਂ ਕੀਤਾ । ੮. ਹੇ ਹਰੀ ਰਾਜੇ! ਮੈਂ ਸੰਤਾਂ ਦੀ ਸੇਵਾ ਕਰਨ ਦਾ ਵਲ ਵੀ ਨਹੀਂ ਜਾਣਿਆ । ੯. ਸਤਿਗੁਰੂ ਜੀ ਆਖਦੇ ਹਨ ਅਤੇ ਇਉਂ ਕਹੁ, ਜੋ ਮੈਂ ਨੀਚ ਕੰਮ ਕਰਨ ਵਾਲਾ ਹਾਂ। ੧੦. ਪਰ ਸ਼ਰਣੀ ਪਏ ਦੀ ਲਾਜ ਰੱਖੋ ॥੨॥੪॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪਾਤਸਾਹੀ ੧੦ ॥ ਚੌਪਈ॥

੧. ਪੁਨਿ ਰਾਛਸ ਕਾ ਕਾਟਾ ਸੀਸਾ॥
੨. ਸ੍ਰੀ ਅਸਿਕੇਤ ਜਗਤ ਕੇ ਈਸਾ॥
੩. ਪੁਹਪਨ ਬ੍ਰਿਸਟਿ ਗਗਨ ਤੇਂ ਭਈ॥
੪. ਸਭਹਿਨ ਆਨਿ ਬਧਾਈ ਦਈ ॥੧॥
੫. ਧੰਨਜ ਧੰਨਜ ਲੋਗਨ ਕੇ ਰਾਜਾ॥
੬. ਦੁਸਟਨ ਦਾਹ ਗਰੀਬ ਨਿਵਾਜਾ॥
੭. ਅਖਲ ਭਵਨ ਕੇ ਸਿਰਜਨਹਾਰੇ॥
੮. ਦਾਸ ਜਾਨਿ ਮੁਹਿ ਲੇਹੁ ਉਬਾਰੇ ॥੨॥

ਅਰਥ—੧. ਫੇਰ ਰਾਖਸ਼ ਦਾ ਸਿਰ ਕੱਟ ਦਿੱਤਾ। ੨. ਜਗਤ ਦੇ ਸਵਾਮੀ ਸ੍ਰੀ ਅਸਿਕੇਤੁ ਜੀ ਨੇ। ੩. ਅਕਾਸ਼ ਤੋਂ ਫੁੱਲਾਂ ਦੀ ਵਰਖਾ ਹੋਈ। ੪. ਸਾਰੇ (ਦੇਵਤਿਆਂ ਨੇ) ਆ ਕੇ ਵਧਾਈ ਦਿਤੀ ॥੧॥ ੫. ਹੇ ਸਾਰੇ ਲੋਕਾਂ ਦੇ ਰਾਜੇ! ਤੁਸੀਂ ਧੰਨ ਹੋ। ੬. ਹੇ ਦੁਸ਼ਟਾਂ ਨੂੰ ਸਾੜਨ ਵਾਲੇ ਤੇ ਗਰੀਬਾਂ ਨੂੰ ਵਡਿਆਣ ਵਾਲੇ। ੭. ਹੇ ਸਾਰੇ ਲੋਕਾਂ ਦੇ ਪੈਦਾ ਕਰਨ ਵਾਲੇ! ੮. ਆਪਣਾ ਦਾਸ ਜਾਣ ਕੇ, ਮੈਨੂੰ ਬਚਾ ਲਵੋ ॥੨॥

ਕਬਿਯੋ ਬਾਚ ਬੇਨਤੀ॥ ਚੌਪਈ॥

੧. ਹਮਰੀ ਕਰੋ ਹਾਥ ਦੈ ਰੱਛਾ॥ ੨. ਪੂਰਨ

**ਹੋਇ ਚਿਤ ਕੀ ਇੱਛਾ ॥ ੩. ਤਵ ਚਰਨਨ ਮਨ ਰਹੈ ਹਮਾਰਾ ॥ ੪. ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥**

ਪਦ ਅਰਥ—ਪ੍ਰਤਿਪਾਰਾ=ਪਾਲਨਾ ।

ਅਰਥ—੧. ਆਪਨਾ ਹੱਥ ਦੇ ਕੇ ਸਾਡੀ ਰਖਿਆ ਕਰੋ । ੨. ਸਾਡੇ ਚਿਤ ਦੀ ਇੱਛਾ ਪੂਰੀ ਹੋ ਜਾਵੇ । ੩. ਤੁਹਾਡੇ ਚਰਨਾਂ ਨਾਲ ਸਾਡਾ ਮਨ ਲੱਗਾ ਰਹੇ, ਇਹੋ ਸਾਡੀ ਇੱਛਾ ਹੈ । ੪. ਆਪਣਾ ਦਾਸ ਜਾਣ ਕੇ ਸਾਡੀ ਪਾਲਨਾ ਕਰੋ ॥੧॥

**੧. ਹਮਰੇ ਦੁਸਟ ਸਭੈ ਤੁਮ ਘਾਵਹੁ ॥ ੨. ਆਪੁ ਹਾਥ ਦੈ ਮੋਹਿ ਬਚਾਵਹੁ ॥ ੩. ਸੁਖੀ ਬਸੈ ਮੋਰੋ ਪਰਿਵਾਰਾ ॥ ੪. ਸੇਵਕ ਸਿੱਖ ਸਭੈ ਕਰਤਾਰਾ ॥੨॥**

ਅਰਥ—੧. ਸਾਡੇ ਸਾਰੇ ਦੁਸ਼ਮਨਾਂ ਨੂੰ ਤੁਸੀਂ ਮਾਰੋ । ੨. ਆਪਣਾ ਹੱਥ ਦੇ ਕੇ ਮੈਨੂੰ ਬਚਾਓ । ੩. ਮੇਰਾ ਸਾਰਾ ਪਰਿਵਾਰ ਸੁਖੀ ਵੱਸੇ । ੪. ਹੇ ਕਰਤਾਰ ! ਸਾਰੇ ਸਿਖ ਸੇਵਕ ਹੀ ਮੇਰਾ ਪਰਿਵਾਰ ਹਨ ॥੨॥

**੧. ਮੋ ਰੱਛਾ ਨਿਜ ਕਰ ਦੈ ਕਰਿਯੈ ॥ ੨. ਸਭ ਬੈਰਨ ਕੋ ਆਜ ਸੰਘਰਿਯੈ ॥ ੩. ਪੂਰਨ ਹੋਇ ਹਮਾਰੀ ਆਸਾ ॥ ੪. ਤੋਰ ਭਜਨ ਕੀ ਰਹੈ ਪਿਆਸਾ ॥੩॥**

ਅਰਥ—੧. ਆਪਣਾ ਹੱਥ ਦੇ ਕੇ ਮੇਰੀ ਰਖਿਆ ਕਰੋ। ੨. ਕਾਮ ਆਦਿਕ ਸਾਰੇ ਵੈਰੀਆਂ ਨੂੰ ਅਜੋ ਹੀ ਮਾਰ ਦਿਓ। ੩. ਮੇਰੀ ਆਸਾ ਪੂਰੀ ਹੋਵੇ। ੪. ਤੁਹਾਡੇ ਭਜਨ ਦੀ ਹੀ ਹਮੇਸ਼ਾਂ ਤ੍ਰੇਹ ਲੱਗੀ ਰਹੇ ॥੩॥

**੧. ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥ ੨. ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥ ੩. ਸੇਵਕ ਸਿੱਖ ਹਮਾਰੇ ਤਾਰੀਅਹਿ ॥ ੪. ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥**

ਅਰਥ—੧. ਤੁਹਾਨੂੰ ਛੱਡ ਕੇ ਕਿਸੇ ਹੋਰ ਨੂੰ ਨਹੀਂ ਜਪਾਂਗਾ। ੨. ਜੋ ਵਰ ਚਾਹਾਂਗਾ, ਉਹ ਤੁਹਾਥੋਂ ਹੀ ਪਾਵਾਂਗਾ। ੩. ਸਾਡੇ ਸਿਖਾਂ ਤੇ ਸੇਵਕਾਂ ਨੂੰ ਤਾਰੋ। ੪. ਸਾਡੇ ਦੁਸ਼ਮਨਾਂ ਨੂੰ ਚੁਣ ਚੁਣ ਕੇ ਮਾਰੋ ॥੪॥

**੧. ਆਪ ਹਾਥ ਦੈ ਮੁਝੈ ਉਬਰਿਯੈ ॥ ੨. ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥ ੩. ਹੂਜੋ ਸਦਾ ਹਮਾਰੇ ਪੱਛਾ ॥ ੪. ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥**

ਪਦ ਅਰਥ—ਤ੍ਰਾਸ=ਡਰ। ਅਸਿਧੁਜ=[ਅਸਿ-ਤਲਵਾਰ+ਧੁਜ-ਝੰਡਾ] ਜਿਸ ਦੇ ਹੱਥ ਵਿਚ ਝੰਡਾ ਤੇ ਤਲਵਾਰ ਹੈ ਉਸ ਦਾ ਨਾਮ ਅਸਿਧੁਜ ਹੈ, ਅਰਥਾਤ ਨਿਰੰਕਾਰ ਦੇ ਹਥ ਵਿਚ ਮੌਤ ਦਾ ਝੰਡਾ ਹੈ, ਇਸ ਲਈ ਉਸ ਦਾ ਨਾਮ ਹੀ ਅਸਿਧੁਜ ਕਿਹਾ ਹੈ।

ਅਰਥ—੧. ਅਪਨਾ ਹੱਥ ਦੇ ਕੇ ਮੈਨੂੰ ਬਚਾਓ। ੨. ਮਰਨ ਵੇਲੇ ਦਾ ਡਰ ਦੂਰ ਕਰੋ। ੩. ਹਮੇਸ਼ਾਂ ਸਾਡੇ ਪੱਖ ਵਿਚ ਹੋਵੋ। ੪. ਹੇ ਅਸਿਧੁਜ

ਜੀ! ਸਾਡੀ ਰਖਿਆ ਕਰੋ ॥੫॥

**੧. ਰਾਖਿ ਲੇਹੁ ਮੁਹਿ ਰਾਖਨਹਾਰੇ ॥ ੨. ਸਾਹਿਬ ਸੰਤ ਸਹਾਇ ਪਿਯਾਰੇ ॥ ੩. ਦੀਨ ਬੰਧੁ ਦੁਸਟਨ ਕੇ ਹੰਤਾ ॥ ੪. ਤੁਮ ਹੋ ਪੁਰੀ ਚਤੁਰਦਸ ਕੰਤਾ ॥੬॥**

ਪਦ ਅਰਥ—ਚਤਰ ਦਸ=ਚੌਦਾਂ। ਕੰਤਾ=ਮਾਲਕ, ਸਵਾਮੀ।

ਅਰਥ—੧. ਹੇ ਰੱਖਨ ਵਾਲੇ! ਮੈਨੂੰ ਰੱਖ ਲੈ। ੨. ਹੇ ਸੰਤਾਂ ਦੇ ਸਹਾਈ ਤੇ ਪਿਆਰੇ ਮਾਲਕ। ੩. ਹੇ ਦੀਨਾਂ ਦੇ ਸੰਬੰਧੀ ਤੇ ਦੁਸ਼ਟਾਂ ਨੂੰ ਮਾਰਨ ਵਾਲੇ। ੪. ਤੂੰ ਹੀ ਚੌਦਾਂ ਲੋਕਾਂ ਦਾ ਮਾਲਕ ਹੈਂ ॥੬॥

**੧. ਕਾਲ ਪਾਇ ਬ੍ਰਹਮਾ ਬਪੁ ਧਰਾ ॥ ੨. ਕਾਲ ਪਾਇ ਸਿਵ ਜੂ ਅਵਤਰਾ ॥ ੩. ਕਾਲ ਪਾਇ ਕਰਿ ਬਿਸਨੁ ਪ੍ਰਕਾਸਾ ॥ ੪. ਸਕਲ ਕਾਲ ਕਾ ਕੀਆ ਤਮਾਸਾ ॥੭॥**

ਪਦ ਅਰਥ—ਕਾਲ=ਮੌਤ, ਮਾਰਨਾ, ਵਾਹਿਗੁਰੂ ਸਾਰਿਆਂ ਦੀ ਮੌਤ ਹੈ, ਇਸ ਕਰਕੇ ਨਿਰੰਕਾਰ ਦਾ ਨਾਮ ਹੀ ਕਾਲ ਹੈ (ਅੰਤ ਕਰਤ ਸਭ ਜਗ ਕੋ ਕਾਲਾ ॥ ਨਾਮ ਕਾਲ ਤਾਤੇ ਜਗ ਡਾਲਾ ॥)। ਬਪੁ=ਸਰੀਰ। ਅਵਤਰਾ=ਪੈਦਾ ਹੋਇਆ।

ਅਰਥ—੧. ਅਕਾਲ ਦਾ ਹੁਕਮ ਪਾ ਕੇ ਬ੍ਰਹਮਾ ਨੇ ਸਰੀਰ ਧਾਰਿਆ ਹੈ। ੨. ਅਕਾਲ ਦਾ ਹੁਕਮ ਪਾ ਕੇ ਸ਼ਿਵ ਜੀ ਪੈਦਾ ਹੋਇਆ ਹੈ। ੩. ਅਕਾਲ ਦਾ ਹੁਕਮ ਪਾ ਕੇ ਵਿਸ਼ਨੂੰ ਪ੍ਰਗਟਿਆ ਹੈ। ੪. ਇਹ ਸਾਰਾ ਜਗਤ

ਹੀ ਅਕਾਲ ਦਾ ਤਮਾਸ਼ਾ ਬਨਾਇਆ ਹੋਇਆ ਹੈ ॥੭॥

**੧. ਜਵਨ ਕਾਲ ਜੋਗੀ ਸਿਵ ਕੀਓ ॥ ੨. ਬੇਦ ਰਾਜ ਬ੍ਰਹਮਾ ਜੂ ਥੀਓ ॥ ੩. ਜਵਨ ਕਾਲ ਸਭ ਲੋਕ ਸਵਾਰਾ ॥ ੪. ਨਮਸਕਾਰ ਹੈ ਤਾਹਿ ਹਮਾਰਾ ॥੮॥**

ਅਰਥ—੧. ਜਿਸ ਅਕਾਲ ਨੇ ਸ਼ਿਵ ਨੂੰ ਜੋਗੀ ਬਨਾਇਆ ਹੈ । ੨. ਜਿਸ ਅਕਾਲ ਨੇ ਬ੍ਰਹਮਾ ਤੋਂ ਵੇਦਾਂ ਦਾ ਪ੍ਰਕਾਸ਼ ਕਰਾਇਆ ਹੈ । ੩. ਜਿਸ ਅਕਾਲ ਨੇ ਸਾਰੇ ਜਗਤ ਨੂੰ ਸਵਾਰਿਆ ਹੈ । ੪. ਉਸ ਨੂੰ ਸਾਡੀ ਨਮਸਕਾਰ ਹੈ ॥੮॥

**੧. ਜਵਨ ਕਾਲ ਸਭ ਜਗਤ ਬਨਾਯੋ ॥ ੨. ਦੇਵ ਦੈਤ ਜੱਛਨ ਉਪਜਾਯੋ ॥ ੩. ਆਦਿ ਅੰਤਿ ਏਕੈ ਅਵਤਾਰਾ ॥ ੪. ਸੋਈ ਗੁਰੂ ਸਮਝਿਯਹੁ ਹਮਾਰਾ ॥੯॥**

ਅਰਥ—੧. ਜਿਸ ਕਰਤਾਰ ਨੇ ਸਾਰਾ ਜਗਤ ਬਨਾਇਆ ਹੈ । ੨. ਦੇਵਤੇ, ਦੈਂਤ ਅਤੇ ਜੱਛਾਂ ਨੂੰ ਪੈਦਾ ਕੀਤਾ ਹੈ । ੩. ਜੋ ਸ਼ੁਰੂ ਤੋਂ ਅਖੀਰ ਤਕ ਇਕੋ ਜਿਹਾ ਰਹਿਣ ਵਾਲਾ ਹੈ । ੪. ਉਸੇ ਨੂੰ ਸਾਡਾ ਗੁਰੂ ਸਮਝੋ ॥੯॥

**੧. ਨਮਸਕਾਰ ਤਿਸ ਹੀ ਕੋ ਹਮਾਰੀ ॥ ੨. ਸਕਲ ਪ੍ਰਜਾ ਜਿਨ ਆਪ ਸਵਾਰੀ ॥ ੩. ਸਿਵਕਨ ਕੋ ਸਿਵਗੁਨ ਸੁਖ ਦੀਓ ॥ ੪. ਸੱਤ੍ਰੁਨ ਕੋ ਪਲ**

## ਮੋ ਬਧ ਕੀਓ ॥੧੦॥

ਪਦ ਅਰਥ—ਸਿਵਕਨ=ਸੇਵਕਾਂ । ਸਵਗੁਨ=ਸੌ ਹਿਸੇ, ਸੌ ਗੁਣਾਂ। ਬਧ=ਮਾਰਨਾ, ਨਾਸ ਕਰਨਾ ।

ਅਰਥ—੧. ਸਾਡੀ ਨਮਸਕਾਰ ਉਸੇ ਨੂੰ ਹੈ । ੨. ਜਿਸ ਨੇ ਆਪੇ ਹੀ ਸਾਰੀ ਪਰਜਾ ਬਨਾਈ ਹੈ । ੩. ਸੇਵਕਾਂ ਨੂੰ ਸੌ ਗੁਣਾਂ ਉਸ ਨੇ ਸੁਖ ਦਿਤਾ ਹੈ । ੪. ਦੁਸ਼ਮਨਾਂ ਨੂੰ ਪਲਾਂ ਵਿਚ ਨਾਸ਼ ਕੀਤਾ ਹੈ ॥੧੦॥

## ੧. ਘਟ ਘਟ ਕੇ ਅੰਤਰ ਕੀ ਜਾਨਤ ॥ ੨. ਭਲੇ ਬੁਰੇ ਕੀ ਪੀਰ ਪਛਾਨਤ ॥ ੩. ਚੀਟੀ ਤੇ ਕੁੰਚਰ ਅਸਥੂਲਾ ॥ ੪. ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥

ਪਦ ਅਰਥ—ਕੁੰਚਰ=ਹਾਥੀ । ਅਸਥੂਲਾ=ਵੱਡਾ । ਫੂਲਾ=ਅਨੰਦ ।

ਅਰਥ—੧. ਹਰ ਇਕ ਦੇ ਅੰਦਰ ਦੀ ਜਾਣਦਾ ਹੈ । ੨. ਭਲੇ ਬੁਰੇ ਦੀ ਪੀੜਾ ਨੂੰ ਪਛਾਣਦਾ ਹੈ । ੩. ਨਿੱਕੀ ਕੀੜੀ ਤੋਂ ਲੈ ਕੇ ਵੱਡੇ ਹਾਥੀ ਤਕ । ੪. ਸਭਨਾਂ ਉਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਅਨੰਦ ਰਹਿੰਦਾ ਹੈ ॥੧੧॥

## ੧. ਸੰਤਨ ਦੁਖ ਪਾਏ ਤੇ ਦੁਖੀ ॥ ੨. ਸੁਖ ਪਾਏ ਸਾਧੁਨ ਕੇ ਸੁਖੀ ॥ ੩. ਏਕ ਏਕ ਕੀ ਪੀਰ ਪਛਾਨੈਂ ॥ ੪. ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥

ਪਦ ਅਰਥ—ਘਟ=ਹਿਰਦਾ, ਦਿਲ । ਪਟ=ਪਰਦਾ, ਭੇਦ ।

ਅਰਥ—੧. ਸੰਤਾਂ ਨੂੰ ਦੁਖ ਮਿਲੇ ਤਾਂ ਉਹ ਦੁਖੀ ਹੁੰਦਾ ਹੈ । ੨.

ਸੰਤਾਂ ਦੇ ਸੁਖ ਪਾਉਣ ਨਾਲ ਸੁਖੀ ਹੁੰਦਾ ਹੈ । ੩. ਇਕ ਇਕ ਦੀ ਪੀੜ ਨੂੰ ਪਛਾਣਦਾ ਹੈ । ੪. ਸਭਨਾਂ ਦੇ ਦਿਲਾਂ ਦੇ ਗੁੱਝੇ ਭੇਦਾਂ ਨੂੰ ਜਾਣਦਾ ਹੈ ॥੧੨॥

**੧. ਜਬ ਉਦਕਰਖ ਕਰਾ ਕਰਤਾਰਾ ॥ ੨. ਪ੍ਰਜਾ ਧਰਤ ਤਬ ਦੇਹ ਅਪਾਰਾ ॥ ੩. ਜਬ ਆਕਰਖ ਕਰਤ ਹੋ ਕਬਹੂੰ ॥ ੪. ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥**

ਪਦ ਅਰਥ—ਉਦਕਰਖ=ਫੈਲਾਨਾ, ਤਾਕਤ ਦਾ ਪ੍ਰਗਟ ਕਰਨਾ, ਜੌਹਰ ਵਿਖਾਉਣਾ । ਆਕਰਖ=ਖਿਚ ਲੈਣਾ, ਸ਼ਕਤੀ ਦਾ ਸੰਕੋਚ ਕਰ ਲੈਣਾ, ਜੌਹਰ ਗੁਪਤ ਕਰਨੇ ।

ਅਰਥ—੧. ਹੇ ਕਰਤਾਰ ! ਜਦ ਤੁਸੀਂ ਆਪਣੀ ਤਾਕਤ ਫੈਲਾਈ। ੨. ਤਦੋਂ ਦੁਨੀਆਂ ਨੇ ਅਪਾਰ ਹੀ ਦੇਹਾਂ ਧਾਰ ਲਈਆਂ । ੩. ਫਿਰ ਜਦ ਕਦੇ ਆਪਣੀ ਤਾਕਤ ਸਮੇਟ ਲਵੋਂਗੇ ਤਾਂ ੪. ਸਭ ਦੇਹਧਾਰੀ ਤੁਹਾਡੇ ਵਿਚ ਮਿਲ ਜਾਣਗੇ ॥੧੩

**੧. ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ੨. ਆਪੁ ਆਪਨੀ ਬੂਝ ਉਚਾਰੈ ॥ ੩. ਤੁਮ ਸਭ ਹੀ ਤੇ ਰਹਤ ਨਿਰਾਲਮ ॥ ੪. ਜਾਨਤ ਬੇਦ ਭੇਦ ਅਰ ਆਲਮ ॥੧੪॥**

ਪਦ ਅਰਥ—ਬਦਨ=ਸਰੀਰ । ਬੂਝ=ਸਮਝ । ਨਿਰਾਲਮ=ਅਲੱਗ । ਆਲਮ=ਵਿਦਵਾਨ, ਗਿਆਨੀ ।

ਅਰਥ—੧. ਸਾਰੀ ਸ੍ਰਿਸ਼ਟੀ ਨੇ ਜਿੰਨੇ ਸਰੀਰ ਧਾਰੇ ਹੋਏ ਹਨ। ੨. ਉਹ ਸਾਰੇ ਹੀ ਆਪੋ ਆਪਣੀ ਸਮਝ ਅਨੁਸਾਰ ਤੇਰਾ ਜਸ ਉਚਾਰਦੇ ਹਨ। ੩. ਪਰ ਤੁਸੀਂ ਸਭਨਾਂ ਤੋਂ ਅਲੱਗ ਰਹਿੰਦੇ ਹੋ। ੪. ਇਸ ਗੱਲ ਨੂੰ ਵੇਦਾਂ ਦੇ ਭੇਤੀ ਤੇ ਆਲਮ ਲੋਕ ਜਾਣਦੇ ਹਨ ॥੧੪॥

**੧. ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥ ੨. ਆਦਿ ਅਨੀਲ ਅਨਾਦਿ ਅਸੰਭ ॥ ੩. ਤਾ ਕਾ ਮੂੜ੍ਹ ਉਚਾਰਤ ਭੇਦਾ ॥ ੪. ਜਾ ਕੋ ਭੇਵ ਨ ਪਾਵਤ ਬੇਦਾ ॥੧੫॥**

ਪਦ ਅਰਥ—ਨਿਰਲੰਭ=ਆਸਰੇ ਤੋਂ ਬਿਨਾਂ। ਅਨੀਲ=ਕਲੰਕ ਰਹਿਤ।

ਅਰਥ—੧. ਵਾਹਿਗੁਰੂ, ਅਕਾਰ, ਵਿਕਾਰ ਅਤੇ ਆਸਰੇ ਤੋਂ ਵੀ ਰਹਿਤ ਹੈ। ੨. ਸਾਰਿਆਂ ਦਾ ਮੁੱਢ ਹੈ, ਕਲੰਕ ਤੋਂ ਬਿਨਾਂ ਮੁੱਢ ਤੋਂ ਰਹਿਤ ਅਤੇ ਜਨਮ ਤੋਂ ਬਾਹਰ ਹੈ। ੩. ਮੂਰਖ ਬੰਦਾ ਉਸ ਦਾ ਭੇਦ ਦਸਦਾ ਹੈ। ੪. ਜਿਸ ਦਾ ਭੇਦ ਵੇਦ ਵੀ ਨਹੀਂ ਪਾ ਸਕੇ ॥੧੫॥

**੧. ਤਾ ਕੋ ਕਰਿ ਪਾਹਨ ਅਨੁਮਾਨਤ ॥ ੨. ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥ ੩. ਮਹਾਦੇਵ ਕੋ ਕਹਤ ਸਦਾ ਸਿਵ ॥ ੪. ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥**

ਪਦ ਅਰਥ—ਪਾਹਨ=ਪੱਥਰ। ਅਨੁਮਾਨਤ=ਅਨੁਮਾਨ ਦੁਆਰਾ ਸਿੱਧ ਕਰ ਕੇ ਮੰਨ ਲੈਣਾ, ਵਿਚਾਰ ਲੈਣਾ। ਸਦਾ ਸ਼ਿਵ=ਵਾਹਿਗੁਰੂ,

ਪ੍ਰਮਾਤਮਾ ।

ਅਰਥ—੧. ਉਸ ਨੂੰ ਪੱਥਰ ਕਰਕੇ ਮੰਨੀ ਬੈਠੇ ਹਨ । ੨ ਮਹਾਂ ਮੂਰਖ ਬੰਦੇ ਕਰਤਾਰ ਦਾ ਕੁਝ ਵੀ ਭੇਤ ਨਹੀਂ ਜਾਣਦੇ । ੩. ਸ਼ਿਵ ਜੀ ਨੂੰ ਹੀ ਵਾਹਿਗੁਰੂ ਕਹਿੰਦੇ ਹਨ । ੪. ਆਕਾਰ ਰਹਿਤ ਦਾ ਭੇਤ ਜਾਣਦੇ ਹੀ ਨਹੀਂ ॥੧੬॥

**੧. ਆਪੁ ਆਪਨੀ ਬੁਧਿ ਹੈ ਜੇਤੀ ॥ ੨. ਬਰਨਤ ਭਿੰਨ ਭਿੰਨ ਤੁਹਿ ਤੇਤੀ ॥ ੩. ਤੁਮਰਾ ਲਖਾ ਨ ਜਾਇ ਪਸਾਰਾ ॥ ੪. ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥**

ਪਦ ਅਰਥ—ਲਖਾ=ਜਾਣਿਆ । ਸਜਾ=ਬਣਾਇਆ ।

ਅਰਥ—੧. ਲੋਕਾਂ ਦੀ ਜਿੰਨੀ ਕੁ ਆਪੋ ਆਪਣੀ ਬੁੱਧੀ ਹੈ । ੨. ਓਨੀ ਵਿਚਾਰ ਮੁਤਾਬਕ ਸਾਰੇ ਤੈਨੂੰ ਵੱਖੋ ਵੱਖ ਤਰ੍ਹਾਂ ਹੀ ਵਰਨਣ ਕਰਦੇ ਹਨ । ੩. ਤੁਹਾਡੇ ਕੀਤੇ ਪਸਾਰੇ ਦਾ ਮੁੱਢ ਜਾਣਿਆ ਨਹੀਂ ਜਾਂਦਾ । ੪. ਕਿ ਪਹਿਲੇ ਜਗਤ ਕਿਸ ਤਰ੍ਹਾਂ ਬਣਾਇਆ ਸੀ ॥੧੭॥

**੧. ਏਕੈ ਰੂਪ ਅਨੂਪ ਸਰੂਪਾ ॥ ੨. ਰੰਕ ਭਯੋ ਰਾਵ ਕਹੀ ਭੂਪਾ ॥ ੩. ਅੰਡਜ ਜੇਰਜ ਸੇਤਜ ਕੀਨੀ ॥ ੪. ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥**

ਅਰਥ—੧. ਉਪਮਾ ਤੋਂ ਪਰੇ, ਸੁੰਦਰ ਰੂਪ ਵਾਲਾ 'ਇਕ' ਰੂਪ ਹੈ। ੨. ਓਹੀ ਕਿਤੇ ਕੰਗਲਾ, ਕਿਤੇ ਰਾਉ, ਅਤੇ ਕਿਤੇ ਰਾਜਾ ਬਣੀ ਬੈਠਾ

ਹੈ । ੩. ਅੰਡਜ, ਜੇਰਜ ਅਤੇ ਸੇਤਜ ਬਣਾ ਕੇ, ੪. ਫਿਰ ਉਤਭੁਜ ਖਾਨੀ ਵੀ ਉਸੇ ਨੇ ਬਣਾ ਦਿਤੀ ਹੈ ॥੧੮॥

**੧. ਕਹੂੰ ਫੂਲ ਰਾਜਾ ਹ੍ਵੈ ਬੈਠਾ ॥ ੨. ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥ ੩. ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥ ੪. ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥**

ਪਦ ਅਰਥ—ਸੰਕਰ=ਕਲਯਾਨ ਸਰੂਪ, ਵਾਹਿਗੁਰੂ ।

ਅਰਥ—੧. ਕਿਤੇ ਖੁਸ਼ੀ ਨਾਲ ਰਾਜਾ ਹੋਈ ਬੈਠਾ ਹੈ । ੨. ਕਲਿਆਣ ਰੂਪ ਕਿਤੇ ਸਭ ਕੁਝ ਸਮੇਟ ਕੇ ਇਕ ਰੂਪ ਹੋਈ ਬੈਠਾ ਹੈ । ੩. ਸਾਰੀ ਦੁਨੀਆਂ ਅਸਚਰਜ ਹੀ ਨਜ਼ਾਰੇ ਵਿਖਾ ਰਹੀ ਹੈ । ੪. ਦੁਨੀਆਂ ਦੇ ਮੁਢ ਸਰੂਪ ਦਾ ਹੋਣਾ ਜੁਗਾਂ ਤੋਂ ਵੀ ਪਹਿਲੇ ਆਪਣੇ ਆਪ ਤੋਂ ਹੈ ॥੧੯॥

**੧. ਅਬ ਰੱਛਾ ਮੇਰੀ ਤੁਮ ਕਰੋ ॥ ੨. ਸਿੱਖ ਉਬਾਰਿ ਅਸਿੱਖ ਸੰਘਰੋ ॥ ੩. ਦੁਸ਼ਟ ਜਿਤੇ ਉਠਵਤ ਉਤਪਾਤਾ ॥ ੪. ਸਕਲ ਮਲੇਛ ਕਰੋ ਰਣ ਘਾਤਾ ॥੨੦॥**

ਅਰਥ—੧. ਹੁਣ ਮੇਰੀ ਰਖਿਆ ਤੁਸੀਂ ਕਰੋ । ੨. ਗੁਰਮੁਖਾਂ ਨੂੰ ਬਚਾਓ ਅਤੇ ਮਨਮੁਖਾਂ ਨੂੰ ਮਾਰੋ । ੩. ਜਗਤ ਵਿਚ ਫਤੂਰ ਖੜੇ ਕਰਨ ਵਾਲੇ ਜਿੰਨੇ ਦੁਸ਼ਟ ਹਨ । ੪. ਉਹਨਾਂ ਸਾਰੇ ਮਲੇਛਾਂ ਦਾ ਜੰਗ ਵਿਚ ਨਾਸ ਕਰੋ ॥੨੦॥

**੧. ਜੇ ਅਸਿਧੁਜ ਤਵ ਸਰਨੀ ਪਰੇ ॥ ੨.**

**ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ॥ ੩. ਪੁਰਖ ਜਵਨ ਪਗ ਪਰੇ ਤਿਹਾਰੇ ॥ ੪. ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥**

ਪਦ ਅਰਥ—ਦੁਸਟ=ਦੋਖੀ, ਦੁਸ਼ਮਨ, ਨਿੰਦਕ ।

ਅਰਥ—੧. ਹੇ ਕਰਤਾਰ! ਜਿਹੜੇ ਪੁਰਸ਼ ਤੁਹਾਡੀ ਸ਼ਰਣੀ ਪਏ ਹਨ। ੨. ਉਹਨਾਂ ਦੇ ਦੋਖੀ ਦੁਖੀ ਹੋ ਕੇ ਮਰੇ ਹਨ । ੩. ਜਿਹੜੇ ਪੁਰਖ ਤੁਹਾਡੇ ਪੈਰੀਂ ਪਏ । ੪. ਉਹਨਾਂ ਦੇ ਸਾਰੇ ਦੁਖ ਤੁਸਾਂ ਦੂਰ ਕਰ ਦਿਤੇ ਹਨ ॥੨੧॥

**੧. ਜੋ ਕਲਿ ਕੋ ਇਕ ਬਾਰ ਧਿਐਹੈ ॥ ੨. ਤਾ ਕੇ ਕਾਲ ਨਿਕਟਿ ਨਹਿ ਐਹੈ ॥ ੩. ਰੱਛਾ ਹੋਇ ਤਾਹਿ ਸਭ ਕਾਲਾ ॥ ੪. ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥**

ਪਦ ਅਰਥ—ਕਲਿ=ਸ਼ਾਂਤ । ਕਾਲਾ=ਸਮੇਂ । ਅਰਿਸਟ=ਦੁਖ, ਕਲੇਸ਼ ।

ਅਰਥ—੧. ਜੋ ਪੁਰਸ਼ ਸ਼ਾਂਤ ਸਰੂਪ ਨੂੰ ਇਕ ਵਾਰ ਹੀ ਯਾਦ ਕਰਨਗੇ। ੨. ਉਨ੍ਹਾਂ ਦੇ ਨੇੜੇ ਕਾਲ ਨਹੀਂ ਆਵੇਗਾ । ੩. ਸਾਰਿਆਂ ਸਮਿਆਂ ਵਿਚ ਉਹਨਾਂ ਦੀ ਰਖਿਆ ਹੋਵੇਗੀ । ੪. ਉਹਨਾਂ ਦੇ ਦੋਖੀ ਤੇ ਦੁਖ ਤੁਰੰਤ ਹੀ ਟਲ ਜਾਣਗੇ ॥੨੨॥

**੧. ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥ ੨. ਤਾ ਕੇ ਤਾਪ ਤਨਕ ਮੋ ਹਰਿਹੋ ॥ ੩. ਰਿੱਧਿ**

**ਸਿੱਧਿ ਘਰ ਮੋ ਸਭ ਹੋਈ ॥ ੪. ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੨੩॥**

ਪਦ ਅਰਥ—ਛਾਹਿ=ਪਰਛਾਵਾਂ ।

ਅਰਥ—੧. ਹੇ ਕਰਤਾਰ ! ਜਿਸ ਪੁਰਸ਼ ਨੂੰ ਤੁਸੀਂ ਮਿਹਰ ਦੀ ਨਿਗਾਹ ਨਾਲ ਵੇਖਦੇ ਹੋ । ੨. ਉਸ ਦੇ ਦੁਖ ਪਲ ਵਿਚ ਨਾਸ ਕਰ ਦੇਂਦੇ ਹੋ । ੩. ਉਸ ਦੇ ਘਰ ਵਿਚ ਸਭ ਸਿੱਧਾਂ ਰਿੱਧਾਂ ਹਾਜ਼ਰ ਹੋ ਜਾਂਦੀਆਂ ਹਨ । ੪. ਕੋਈ ਦੁਸ਼ਟ ਪੁਰਸ਼ ਉਸ ਦੇ ਪਰਛਾਵੇਂ ਨੂੰ ਵੀ ਛੋਹ ਨਹੀਂ ਸਕਦਾ ॥੨੩॥

**੧. ਏਕ ਬਾਰ ਜਿਨ ਤੁਮੈ ਸੰਭਾਰਾ ॥ ੨. ਕਾਲ ਫਾਸ ਤੇ ਤਾਹਿ ਉਬਾਰਾ ॥ ੩. ਜਿਨ ਨਰ ਨਾਮ ਤਿਹਾਰੋ ਕਹਾ ॥ ੪. ਦਾਰਿਦ ਦੁਸਟ ਦੋਖ ਤੇ ਰਹਾ ॥੨੪॥**

ਪਦ ਅਰਥ—ਦਾਰਿਦ=ਕੰਗਾਲੀ ।

ਅਰਥ—੧. ਹੇ ਕਰਤਾਰ ! ਜਿਸ ਨੇ ਤੈਨੂੰ ਇਕ ਵਾਰ ਵੀ ਯਾਦ ਕੀਤਾ ਹੈ । ੨. ਤੁਸਾਂ ਉਸ ਨੂੰ ਕਾਲ ਦੀ ਫਾਹੀ ਤੋਂ ਬਚਾ ਲਿਆ ਹੈ । ੩. ਜਿਸ ਪੁਰਸ਼ ਨੇ ਤੁਹਾਡਾ ਨਾਮ ਜਪਿਆ ਹੈ । ੪. ਉਹ ਗਰੀਬੀ, ਦੁਸ਼ਟਾਂ ਤੇ ਦੋਖਾਂ ਤੋਂ ਬਚ ਰਿਹਾ ਹੈ ॥੨੪॥

**੧. ਖੜਗ ਕੇਤ ਮੈ ਸਰਣਿ ਤਿਹਾਰੀ ॥ ੨. ਆਪ ਹਾਥ ਦੈ ਲੇਹੁ ਉਬਾਰੀ ॥ ੩. ਸਰਬ ਠੌਰ ਮੋ ਹੋਹੁ ਸਹਾਈ ॥ ੪. ਦੁਸਟ ਦੋਖ ਤੇ ਲੇਹੁ**

**ਬਚਾਈ ॥੨੫॥**

ਅਰਥ—੧. ਹੇ ਖੜਗ ਕੇਤ ! ਮੈਂ ਤੁਹਾਡੀ ਸ਼ਰਨੀਂ ਹਾਂ। ੨. ਆਪਣਾ ਹੱਥ ਦੇ ਕੇ ਮੈਨੂੰ ਬਚਾ ਲਵੋ। ੩. ਸਭ ਜਗ੍ਹਾ ਤੇ ਮੇਰੇ ਸਹਾਈ ਹੋਵੋ। ੪. ਦੋਖ ਦੁਸ਼ਟਾਂ ਤੋਂ ਮੈਨੂੰ ਬਚਾ ਲਵੋ ॥੨੫॥

**੧. ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥ ੨. ਗ੍ਰੰਥ ਕਰਾ ਪੂਰਨ ਸੁਭ ਰਾਤਾ ॥ ੩. ਕਿਲਬਿਖ ਸਕਲ ਦੇਹ ਕੋ ਹਰਤਾ ॥ ੪. ਦੁਸਟ ਦੋਖਿਯਨ ਕੋ ਛੈ ਹਰਤਾ ॥੨੬॥**

ਅਰਥ—੧. ਜਗਤ ਦੇ ਮਾਤਾ ਪਿਤਾ ਨੇ ਸਾਡੇ ਤੇ ਕ੍ਰਿਪਾ ਕੀਤੀ ਹੈ। ੨. ਤਾਂ ਹੀ ਸ਼ੁਭ ਰੀਤੀ ਨਾਲ ਗ੍ਰੰਥ ਪੂਰਾ ਕੀਤਾ ਹੈ। ੩. ਜੋ ਦੇਹ ਦੇ ਸਾਰੇ ਪਾਪ ਕਿਲਵਿਖ ਨਾਸ ਕਰਦਾ ਹੈ ॥ ੪. ਤੇ ਦੁਸ਼ਟਾਂ ਦੋਖੀਆਂ ਨੂੰ ਵੀ ਨਾਸ ਕਰਨ ਵਾਲਾ ਹੈ ॥੨੬॥

**੧. ਸ੍ਰੀ ਅਸਿਧੁਜ ਜਬ ਭਏ ਦਿਆਲਾ ॥ ੨. ਪੂਰਨ ਕਰਾ ਗ੍ਰੰਥ ਤਤਕਾਲਾ ॥ ੩. ਮਨ ਬਾਂਛਤ ਫਲ ਪਾਵੈ ਸੋਈ ॥ ੪. ਦੂਖ ਨ ਤਿਸੈ ਬਿਆਪਤ ਕੋਈ ॥੨੭॥**

ਅਰਥ—੧. ਉਹ ਸ੍ਰੀ ਖੜਗਧਾਰੀ ਜੀ ਜਦੋਂ ਦਿਆਲ ਹੋਏ। ੨. ਉਸੇ ਵੇਲੇ ਮੈਂ ਇਹ ਗ੍ਰੰਥ ਪੂਰਾ ਕਰ ਲਿਆ ਹੈ। ੩. ਉਹ ਮਨ ਚਾਹੁੰਦੇ ਫਲ ਪਾ ਲਵੇਗਾ ਅਤੇ ੪. ਉਸ ਨੂੰ ਕੋਈ ਦੁਖ ਵੀ ਨਹੀਂ ਵਿਆਪੇਗਾ (ਜਿਹੜਾ ਇਸ ਗ੍ਰੰਥ ਨੂੰ ਪੜ੍ਹੇ ਜਾਂ ਸੁਣੇਗਾ) ॥੨੭॥

## ਅੜਿੱਲ ॥

'ਅੜਿੱਲ' ਛੰਦ ਦਾ ਨਾਮ ਹੈ ।

**੧. ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥ ੨. ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥ ੩. ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥ ੪. ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ ॥੨੮॥**

ਅਰਥ—੧. ਜੋ ਗੁੰਗਾ ਸੁਣੇਗਾ, ਉਹ ਬੋਲਣ ਦੀ ਤਾਕਤ ਪਾ ਲਵੇਗਾ । ੨. ਜਿਹੜਾ ਮੂਰਖ ਚਿੱਤ ਲਾ ਕੇ ਸੁਣੇਗਾ, ਉਸ ਨੂੰ ਚਤੁਰਤਾ ਵਾਲੀ ਬੁੱਧੀ ਆ ਜਾਵੇਗੀ । ੩. ਦੁਖ, ਪੀੜ ਤੇ ਡਰ ਉਸ ਪੁਰਸ਼ ਦੇ ਨੇੜੇ ਨਹੀਂ ਰਹੇਗਾ । ੪. ਹੇ ਭਾਈ ! ਜੋ ਕੋਈ ਇਕ ਵਾਰੀ ਵੀ ਇਸ ਚੌਪਈ ਨੂੰ ਪੜ੍ਹੇਗਾ ॥੨੮॥

ਚੌਪਈ ॥

**੧. ਸੰਬਤ ਸੱਤ੍ਰਹ ਸਹਸ ਭਣਿੱਜੈ ॥ ੨. ਅਰਧ ਸਹਸ ਫੁਨਿ ਤੀਨਿ ਕਹਿੱਜੈ ॥ ੩. ਭਾਦ੍ਰਵ ਸੁਦੀ ਅਸਟਮੀ ਰਵਿਵਾਰਾ ॥ ੪. ਤੀਰ ਸਤਦ੍ਰਵ ਗ੍ਰੰਥ ਸੁਧਾਰਾ ॥੨੯॥**

ਅਰਥ—੧. ਬਿਕ੍ਰਮੀ ਸੰਮਤ ਸਤਾਰਾਂ ਸੌ ਕਿਹਾ ਜਾਂਦਾ ਹੈ । ੨. ਅੱਧੇ ਸੌ ਤੋਂ ਉਤੇ ਤਿੰਨ ਕਹੇ ਜਾਂਦੇ ਹਨ । (ਅਰਥਾਤ ੧੭੫੩ ਸੰਮਤ ਹੈ) ।

੩. ਭਾਦਰੋਂ ਦੇ ਸੁਦੀ ਪਖ ਦੀ ਅਠਵੀਂ ਤਿੱਥ ਤੇ ਐਤਵਾਰ ਹੈ। ੪. ਸਤਲੁਜ ਨਦੀ ਦੇ ਕੰਢੇ ਉਤੇ ਗ੍ਰੰਥ ਪੂਰਾ ਕੀਤਾ ਹੈ ॥੨੯॥

**ਇਤਿ ਸ੍ਰੀ ਚਰਿਤ੍ਰੋ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰਿ ਸੌ ਪਾਂਚ ਚਰਿੱਤ੍ਰ ਸਮਾਪਤ ਮਸਤੁ ਸੁਭ ਮਸਤੁ ॥੧॥ ਅਫਜੂੰ ॥**

ਸਮਾਪਤ ਹੈ ਇਸਤਰੀਆਂ ਦੇ ਚਰਿਤਰਾਂ ਦਾ ਸੋਹਣਾ ਪ੍ਰਸੰਗ। ਵਜ਼ੀਰ ਤੇ ਬਾਦਸ਼ਾਹ ਦੇ ਚਰਚੇ ਦਾ ਚਾਰ ਸੌ ਪੰਜਵਾਂ (੪੦੫) ਚਰਿਤ੍ਰ ਪੂਰਾ ਹੋਇਆ ਹੈ। ਸ਼ੁਭ ਹੋਵੇ ॥੧॥ ਚਲੰਤ ॥

*ਦੋਹਰਾ ॥

**੧. ਦਾਸ ਜਾਨ ਕਰਿ ਦਾਸ ਪਰਿ ਕੀਜੈ ਕ੍ਰਿਪਾ ਅਪਾਰ ॥ ੨. ਆਪ ਹਾਥ ਦੈ ਰਾਖੁ ਮੁਹਿ ਮਨ ਕ੍ਰਮ ਬਚਨ ਬਿਚਾਰ ॥੧॥**

ਅਰਥ—੧. ਦਾਸ ਜਾਣ ਕੇ, ਦਾਸ ਉਤੇ ਅਪਾਰ ਕ੍ਰਿਪਾ ਕਰੋ। ੨. ਆਪਣਾ ਹੱਥ ਦੇ ਕੇ ਤੇ ਮਨ ਬਾਣੀ ਤੇ ਸਰੀਰ ਦੇ ਵੀਚਾਰ ਦੁਆਰਾ ਮੇਰੀ ਰਖਿਆ ਕਰੋ ॥੧॥

ਚੌਪਈ ॥

**੧. ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥ ੨. ਕਿਸਨ ਬਿਸਨ ਕਬਹੂੰ ਨਹ ਧਿਆਊਂ ॥**

* ਇਹ ਪਾਠ ਕ੍ਰਿਸ਼ਨ ਅਵਤਾਰ ਦੇ ਅੰਕ ੪੩੨ ਤੋਂ ਚਲਦਾ ਹੈ।

੩. ਕਾਨ ਸੁਨੇ ਪਹਿਚਾਨ ਨ ਤਿਨ ਸੋ ॥ ੪. ਲਿਵ ਲਾਗੀ ਮੋਰੀ ਪਗ ਇਨ ਸੋ ॥੨॥

ਅਰਥ—੧. ਮੈਂ ਪਹਿਲਾਂ ਗਣੇਸ਼ ਨੂੰ ਨਹੀਂ ਮਨਾਉਂਦਾ ਹਾਂ । ੨. ਨਾ ਹੀ,ਕਦੇ ਕ੍ਰਿਸ਼ਨ-ਬਿਸ਼ਨ ਨੂੰ ਧਿਆਉਂਦਾ ਹਾਂ । ੩. ਕੰਨੀ ਸੁਣੇ ਹਨ, ਉਨ੍ਹਾਂ ਨਾਲ ਮੇਰੀ ਜਾਣ ਪਛਾਣ ਨਹੀਂ ਹੈ । ੪. ਮੇਰੀ ਲਿਵ ਆਪ ਦੇ ਚਰਨਾਂ ਨਾਲ ਲਗੀ ਹੋਈ ਹੈ ॥੨॥

੧. ਮਹਾ ਕਾਲ ਰਖਵਾਰ ਹਮਾਰੋ ॥ ੨. ਮਹਾ ਲੋਹ ਮੈ ਕਿੰਕਰ ਥਾਰੋ ॥ ੩. ਅਪਨਾ ਜਾਨ ਕਰੋ ਰਖਵਾਂਰ ॥ ੪. ਬਾਹ ਗਹੇ ਕੀ ਲਾਜ ਬਿਚਾਰ ॥੩॥

ਅਰਥ—੧. ਮਹਾਂ ਕਾਲ ਸਾਡਾ ਰਾਖਾ ਹੈ । ੨. ਹੇ ਮਹਾਂ ਲੋਹ ! ਮੈਂ ਆਪ ਦਾ ਦਾਸ ਹਾਂ । ੩. ਆਪਣਾ ਜਾਣ ਕੇ ਮੇਰੀ ਰਖਿਆ ਕਰੋ । ੪. ਤੁਸੀਂ ਬਾਂਹ ਫੜੇ ਦੀ ਲਾਜ ਵਿਚਾਰੋ ॥੩॥

੧. ਅਪਨਾ ਜਾਨ ਮੁਝੈ ਪ੍ਰਿਤਪਰੀਐ ॥ ੨. ਚੁਨ ਚੁਨ ਸਤ੍ਰ ਹਮਾਰੇ ਮਰੀਐ ॥ ੩. ਦੇਗ ਤੇਗ ਜਗ ਮੈ ਦੋਊ ਚਲੈ ॥ ੪. ਰਾਖ ਆਪ ਮੁਹਿ ਅਉਰ ਨ ਦਲੈ ॥੪॥

ਅਰਥ—੧. ਆਪਣਾ ਦਾਸ ਜਾਣ ਕੇ ਮੇਰੀ ਪਾਲਣਾ ਕਰੋ । ੨. ਮੇਰੇ ਵੈਰੀਆਂ ਨੂੰ ਚੁਣ ਚੁਣ ਕੇ ਮਾਰ ਦਿਓ । ੩. ਲੰਗਰ ਤੇ ਤਲਵਾਰ

ਜਗਤ ਵਿਚ ਦੋਵੇਂ ਚਲਣ। ੪. ਮੈਨੂੰ ਆਪ ਰਖ ਲਵੋ, ਹੋਰ ਕੋਈ ਦਬਾ ਨਾ ਸਕੇ ॥੪॥

**੧. ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ॥ ੨. ਤੁਮ ਸਾਹਿਬ ਮੈ ਦਾਸ ਤਿਹਾਰਾ ॥ ੩. ਜਾਨ ਆਪਨਾ ਮੁਝੈ ਨਿਵਾਜ ॥ ੪. ਆਪ ਕਰੋ ਹਮਰੇ ਸਭ ਕਾਜ ॥੫॥**

ਅਰਥ—੧. ਤੁਸੀਂ ਮੇਰੀ ਸਦਾ ਹੀ ਪਾਲਣਾ ਕਰੋ। ੨. ਤੁਸੀਂ ਮਾਲਕ ਹੋ, ਮੈਂ ਤੁਹਾਡਾ ਦਾਸ ਹਾਂ। ੩. ਆਪਣਾ ਜਾਣ ਕੇ ਮੈਨੂੰ ਮਾਨ ਬਖਸ਼ੋ। ੪. ਆਪ ਮੇਰੇ ਸਾਰੇ ਕੰਮ ਪੂਰੇ ਕਰੋ ॥੫॥

**੧. ਤੁਮ ਹੋ ਸਭ ਰਾਜਨ ਕੇ ਰਾਜਾ ॥ ੨. ਆਪੇ ਆਪੁ ਗਰੀਬ ਨਿਵਾਜਾ ॥ ੩. ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ॥ ੪. ਹਾਰ ਪਰਾ ਮੈ ਆਨ ਦੁਆਰ ਤੁਹਿ ॥੬॥**

ਅਰਥ—੧. ਤੁਸੀਂ ਸਾਰੇ ਰਾਜਿਆਂ ਦੇ ਰਾਜੇ ਹੋ। ੨. ਆਪਣੇ ਗਰੀਬ ਦਾਸਾਂ ਨੂੰ ਆਪ ਵਡਿਆਉਂਦੇ ਹੋ। ੩. ਆਪਣਾ ਦਾਸ ਜਾਣ ਕੇ ਮੇਰੇ ਉਤੇ ਕ੍ਰਿਪਾ ਕਰੋ। ੪. ਮੈਂ ਹਾਰ ਕੇ ਤੁਹਾਡੇ ਬੂਹੇ ਤੇ ਆ ਪਿਆ ਹਾਂ ॥੬॥

**੧. ਅਪਨਾ ਜਾਨ ਕਰੋ ਪ੍ਰਤਿਪਾਰਾ ॥ ੨. ਤੁਮ ਸਾਹਿਬੁ ਮੈ ਕਿੰਕਰ ਥਾਰਾ ॥ ੩. ਦਾਸ ਜਾਨ ਦੈ ਹਾਥ ਉਬਾਰੋ ॥ ੪. ਹਮਰੇ ਸਭ**

# ਬੈਰੀਅਨ ਸੰਘਾਰੋ ॥੭॥

ਅਰਥ—੧. ਆਪਣਾ ਜਾਣ ਕੇ ਮੇਰੀ ਪ੍ਰਤਿਪਾਲ ਕਰੋ। ੨. ਤੁਸੀਂ ਮਾਲਕ ਹੋ, ਮੈਂ ਤੁਹਾਡਾ ਦਾਸ ਹਾਂ। ੩. ਦਾਸ ਜਾਣ ਕੇ ਆਪਣਾ ਹੱਥ ਦੇ ਕੇ ਬਚਾ ਲਵੋ। ੪. ਸਾਡੇ ਸਾਰੇ ਵੈਰੀਆਂ ਨੂੰ ਮਾਰ ਦੇਵੋ ॥੭॥

# ੧. ਪ੍ਰਥਮ ਧਰੋ ਭਗਵਤ ਕੋ ਧਯਾਨਾ ॥ ੨. ਬਹੁਰ ਕਰੋ ਕਬਿਤਾ ਬਿਧਿ ਨਾਨਾ ॥ ੩. ਕਿਸਨ ਜਥਾ ਮਤ ਚਰਿਤ੍ਰ ਉਚਾਰੋ ॥ ੪. ਚੂਕ ਹੋਇ ਕਬਿ ਲੇਹੁ ਸੁਧਾਰੋ ॥੮॥

ਅਰਥ—੧. ਪਹਿਲਾਂ (ਸ੍ਰੀ ਮਦ) ਭਾਗਵਤ ਦਾ ਖਿਆਲ ਕਰਦਾ ਹਾਂ, ੨. ਫਿਰ ਅਨੇਕ ਤਰ੍ਹਾਂ ਦੀ ਕਵਿਤਾ ਬਨਾਂਦਾ ਹਾਂ। ੩. ਬੁਧੀ ਦੇ ਅਨੁਸਾਰ ਕ੍ਰਿਸ਼ਨ ਲੀਲ੍ਹਾ ਕਰਦਾ ਹਾਂ। ੪. ਭੁਲ ਹੋਵੇ ਤਾਂ ਕਵਿ ਜਨੋ! ਸੋਧ ਲੈਣਾ ॥੮॥

## ਕਬਿ ਬਾਚ ॥ *ਦੋਹਰਾ ॥

ਕਵੀ ਕਥਨ।

# ੧. ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੌ ਜਗ ਮਾਹਿ ॥ ੨. ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ ॥੧॥

ਅਰਥ—੧. ਜੋ ਕੁਝ ਪ੍ਰਭੂ ਨੇ ਮੈਨੂੰ ਕਿਹਾ ਹੈ, ਉਹ ਮੈਂ ਸੰਸਾਰ ਵਿਚ

*'ਬਚਿੱਤ੍ਰ ਨਾਟਕ', ਅਧਿ: ੬ ਅੰਕ ੫੯ ਤੋਂ ਸ਼ੁਰੂ।

ਕਹਿੰਦਾ ਹਾਂ। ੨. ਜਿਹੜੇ ਉਸ ਪ੍ਰਭੂ ਨੂੰ ਧਿਆਉਂਦੇ ਹਨ ਉਹ ਅੰਤ ਸਮੇਂ ਸੁਰਗ ਨੂੰ ਜਾਣਗੇ ॥੧॥

ਦੋਹਰਾ ॥

**੧. ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥ ੨. ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੨॥**

ਅਰਥ—੧. ਹਰੀ ਤੇ ਹਰੀ ਦੇ ਦਾਸ, ਦੋਵੇਂ ਇਕੋ ਰੂਪ ਹਨ, ਦੂਜੇ-ਪਣ ਦੀ ਕੁਝ ਵਿਚਾਰ ਨਹੀਂ ਹੈ। ੨. ਜਿਵੇਂ ਪਾਣੀ ਵਿਚੋਂ ਬੁਲਬੁਲੇ ਪੈਦਾ ਹੋ ਕੇ ਫਿਰ ਪਾਣੀ ਦੇ ਵਿਚ ਹੀ ਅਭੇਦ ਹੋ ਜਾਂਦੇ ਹਨ ॥੨॥

[1]ਦੋਹਰਾ ॥

**੧. ਜਬ ਆਇਸੁ ਪ੍ਰਭ ਕੋ ਭਯੋ ਜਨਮੁ ਧਰਾ ਜਗ ਆਇ ॥ ੨. ਅਬ ਮੈ ਕਥਾ ਸੰਛੇਪਤੇ ਸਭਹੂੰ ਕਹਤ ਸੁਨਾਇ ॥੩॥**

ਅਰਥ—੧. ਜਦੋਂ ਪ੍ਰਭੂ ਦੀ ਆਗਿਆ ਹੋਈ, ਤਦੋਂ ਮੈਂ ਜਗਤ ਵਿਚ ਆ ਕੇ ਜਨਮ ਧਾਰਿਆ ਹੈ। ੨. ਹੁਣ ਮੈਂ ਉਹ ਸਾਰੀ ਕਥਾ ਸੰਖੇਪ ਨਾਲ ਕਹਿ ਕੇ ਸਾਰਿਆਂ ਨੂੰ ਸੁਣਾਉਂਦਾ ਹਾਂ ॥੩॥

**ਕਬਿ ਬਾਚ ॥ [2]ਦੋਹਰਾ ॥**

**੧. ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ**

੧. 'ਬਚਿੱਤ੍ਰ ਨਾਟਕ' ਅਧਿ: ੬, ਅੰਕ ੬੪। ੨. 'ਬਚਿੱਤ੍ਰ ਨਾਟਕ' ਅਧਿ: ੬, ਅੰਕ ੩੦।

**ਸਿਰ ਨਿਯਾਇ ॥ ੨. ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥੧॥**

ਅਰਥ—੧. ਮੈਂ ਹੱਥ ਜੋੜ ਕੇ ਖੜਾ ਹੋ ਗਿਆ ਅਤੇ ਸਿਰ ਨਿਵਾ ਕੇ ਬੇਨਤੀ ਕੀਤੀ। ੨. ਜਗਤ ਵਿਚ ਪੰਥ ਤਦ ਚਲੇਗਾ ਜਦ ਤੁਸੀਂ ਸਹਾਇਤਾ ਕਰੋਗੇ ॥੧॥

[1]ਦੋਹਰਾ ॥

**੧. ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ ॥ ੨. ਅੰਤ ਲਹੈਂਗੇ ਮੁਕਤ ਫਲੁ ਪਾਵਹਿਗੇ ਭਗਵੰਤ ॥੧॥**

ਅਰਥ—੧. ਜਿਹੜੇ ਜਿਹੜੇ ਤੁਹਾਡੇ ਧਿਆਨ ਨੂੰ ਹਰ ਰੋਜ਼ ਸਵੇਰੇ ਉਠ ਕੇ ਸੰਤ ਜਨ ਧਿਆਉਣਗੇ। ੨. ਉਹ ਅੰਤ ਸਮੇਂ ਮੁਕਤ ਫਲ ਲੈਣਗੇ ਤੇ ਭਗਵੰਤ ਨੂੰ ਪਾਉਣਗੇ ॥੧॥

[2]ਦੋਹਰਾ ॥

**੧. ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥ ੨. ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥੧॥**

ਅਰਥ—੧. ਅਕਾਲ ਪੁਰਖ ਦੀ ਦੇਹ ਵਿਚ ਕਰੋੜਾਂ ਹੀ ਵਿਸ਼ਨੂੰ ਤੇ

---

*੧. 'ਬਚਿੱਤ੍ਰ ਨਾਟਕ' ਅਧਿ: ੮, ਅੰਕ ੨੬੨। ੨. ਇਸ ਤੋਂ ਅਗਲਾ ਪਾਠ ਰਾਮਾਵਤਾਰ ਦੇ ਅੰਤ ਵਿਚ ਹੈ।*

ਸ਼ਿਵ ਜੀ ਹਨ । ੨. ਕਰੋੜਾਂ ਇੰਦ੍ਰ ਹਨ, ਕਿੰਨੇ ਹੀ ਬ੍ਰਹਮਾ ਹਨ ਅਤੇ ਸੂਰਜ, ਚੰਦ੍ਰਮਾ ਤੇ ਕਰੋੜਾਂ ਵਰਣ ਦੇਵਤੇ ਹਨ ॥੧॥

[1]ਦੋਹਰਾ ॥

**੧. ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ ॥ ੨. ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ ॥੧॥**

ਅਰਥ—੧. ਰਾਮ ਦੀ ਕਥਾ ਜੁਗ ਜੁਗ ਵਿਚ ਅਟੱਲ ਹੈ, ਸਭ ਕੋਈ ਅਨੇਕ ਤਰ੍ਹਾਂ ਨਾਲ ਕਹਿੰਦਾ ਹੈ । ੨. ਸ੍ਰੀ ਰਾਮ ਚੰਦ੍ਰ ਜੀ ਨੇ ਸਾਰੀ ਅਯੁਧਆ ਨਗਰੀ ਦੇ ਸਮੇਤ ਸੁਰਗਵਾਸ ਕੀਤਾ ਸੀ ॥੧॥

ਚੌਪਈ ॥

**੧. ਜੋ ਇਹ ਕਥਾ ਸੁਨੈ ਅਰੁ ਗਾਵੈ ॥ ੨. ਦੂਖ ਪਾਪ ਤਿਹ ਨਿਕਟ ਨ ਆਵੈ ॥ ੩. ਬਿਸਨ ਭਗਤ ਕੀਏ ਫਲ ਹੋਈ ॥ ੪. ਆਧਿ ਬਯਾਧਿ ਛ੍ਵੈ ਸਕੈ ਨ ਕੋਈ ॥੧॥**

ਅਰਥ—੧. ਜੋ ਕੋਈ ਇਹ ਕਥਾ ਸੁਣੇ ਜਾਂ ਪੜ੍ਹੇਗਾ । ੨. ਦੁਖ ਤੇ ਪਾਪ ਉਸ ਦੇ ਨੇੜੇ ਨਹੀਂ ਆਵੇਗਾ । ੩. ਉਸ ਨੂੰ ਵਿਸ਼ਨ ਭਗਤੀ ਕੀਤੀ ਦਾ ਫਲ ਮਿਲੇਗਾ । ੨. ਕੋਈ ਆਧੀ ਬਿਆਧੀ ਛੋਹ ਵੀ ਨਹੀਂ ਸਕੇਗੀ ॥੧॥

---

੧. ਰਾਮਾਵਤਾਰ ਅੰਕ ੮੫੮ ਤੋਂ ।

੧. ਸੰਮਤ ਸੱਤ੍ਰਹ ਸਹਸ ਪਚਾਵਨ ॥ ੨. ਹਾੜ ਵਦੀ ਪ੍ਰਿਥਮ ਸੁਖ ਦਾਵਨ ॥ ੩. ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ ॥ ੪. ਭੂਲ ਪਰੀ ਲਹੁ ਲੇਹੁ ਸੁਧਾਰਾ ॥੨॥

ਅਰਥ—੧. ਸੰਮਤ ਸਤਾਰਾਂ ਸੌ ਪਚਵੰਜਾ ਹੈ ੧੭੫੫ । ੨. ਹਾੜ ਵਦੀ ਏਕਮ ਸੁਖ ਦੇਣ ਵਾਲੀ । ੩. ਤੇਰੀ ਕ੍ਰਿਪਾ ਨਾਲ ਗ੍ਰੰਥ ਬਣਾਇਆ ਹੈ । ੪. ਭੁਲ ਪੈ ਗਈ ਹੋਵੇ ਤਾਂ ਸੋਧ ਲੈਣਾ ॥੨॥

ਦੋਹਰਾ ॥

੧. ਨੇਤ੍ਰ ਤੁੰਗ ਕੇ ਚਰਨ ਤਰ ਸਤੁਦ੍ਰਵ ਤੀਰ ਤਰੰਗ ॥ ੨. ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ ॥੩॥

ਅਰਥ—੧. ਨੈਣਾਂ ਦੇਵੀ ਦੇ ਪਹਾੜ ਦੇ ਪੈਰਾਂ ਹੇਠਾਂ ਸਤਲੁਜ ਨਦੀ ਦੇ ਕੰਢੇ ਉਤੇ (ਅਨੰਦਪੁਰ) ਵਿਚ, ੨. ਸ੍ਰੀ ਭਾਗਵਤ ਵਿਚੋਂ ਪੂਰਾ ਕੀਤਾ ਹੈ, ਸ੍ਰੀ ਰਾਮ ਚੰਦਰ ਜੀ ਦੀ ਕਥਾ ਦਾ ਪ੍ਰਸੰਗ ॥੩॥

ਦੋਹਰਾ ॥

੧. ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਦ ॥ ੨. ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ ॥੪॥

ਅਰਥ—੧. ਸਾਧ, ਅਸਾਧ, ਬਾਦ, ਸੁਬਾਦ ਤੇ ਬਿਬਾਦ (ਆਦਿਕ)

ਨੂੰ ਜਾਣਿਆ ਨਹੀਂ ਹੈ। ੨. ਸਾਰਾ ਗ੍ਰੰਥ ਪੂਰਾ ਕੀਤਾ ਹੈ। ਭਗਵੰਤ ਦੀ ਕ੍ਰਿਪਾ ਦਾ ਪ੍ਰਸਾਦ (ਫਲ) ਹੈ ॥੪॥

**ਸ੍ਵੈਯਾ ॥ ੧. ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥ ੨. ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥ ੩. ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥ ੪. ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥੧॥**

ਅਰਥ—੧. ਜਦ ਤੋਂ ਤੁਹਾਡੇ ਚਰਣ ਫੜੇ ਹਨ, ਤਦ ਤੋਂ ਹੋਰ ਕਿਸੇ ਨੂੰ ਅੱਖ ਹੇਠਾਂ ਲਿਆਂਦਾ ਨਹੀਂ ਹੈ। ੨. ਰਾਮ, ਰਹੀਮ, ਪੁਰਾਣ ਤੇ ਕੁਰਾਨ [ਆਦਿਕ] ਅਨੇਕਾਂ ਮੱਤ ਕਹੇ ਜਾਂਦੇ ਹਨ, ਪਰ ਅਸਾਂ ਇਕ ਵੀ ਮੰਨਿਆ ਨਹੀਂ ਹੈ। ੩. ਸਿੰਮ੍ਰਿਤੀਆਂ, ਸ਼ਾਸਤ੍ਰ ਤੇ ਸਾਰੇ ਵੇਦ ਬਹੁਤੇ ਭੇਦ ਕਹਿੰਦੇ ਹਨ, ਪਰ ਅਸਾਂ ਇਕ ਵੀ ਜਾਣਿਆ ਨਹੀਂ ਹੈ। ੪. ਹੇ ਸ੍ਰੀ ਖੜਗ ਧਾਰੀ! ਤੇਰੀ ਕ੍ਰਿਪਾ ਕਰਕੇ [ਬਣਿਆ ਹੈ] ਮੈਂ ਨਹੀਂ ਕਿਹਾ, ਸਭ ਤੁਸਾਂ ਹੀ ਕਥਨ ਕੀਤਾ ਹੈ ॥੧॥

ਦੋਹਰਾ ॥

**੧. ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥ ੨. ਬਾਂਹਿ ਗਹੇ ਕੀ ਲਾਜ**

## ਅਸ ਗੋਬਿੰਦ ਦਾਸ ਤੁਹਾਰ ॥੨॥

ਅਰਥ—੧. ਸਾਰੇ ਦੇਵੀ-ਦੇਵਤਿਆਂ ਦੇ ਦੁਆਰਿਆਂ ਨੂੰ ਛੱਡ ਕੇ, ਤੁਹਾਡੇ ਦਰਬਾਰ ਦੇ ਬੂਹੇ ਨੂੰ ਫੜ ਰਖਿਆ ਹੈ। ੨. ਤੁਹਾਨੂੰ ਬਾਂਹ ਫੜੇ ਦੀ ਲਾਜ [ਅਸ] ਹੈ, ਗੋਬਿੰਦ [ਸਿੰਘ] ਤੁਹਾਡਾ ਦਾਸ ਹੈ ॥੨॥

# ਰਾਮਕਲੀ ਮਹਲਾ ੩ ਅਨੰਦੁ

ੴ ਸਤਿਗੁਰ ਪ੍ਰਸਾਦਿ ॥

**੧. ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ ੨. ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ ੩. ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥ ੪. ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ੫. ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

ਅਰਥ—੧. ਹੇ ਮੇਰੀ ਮਾਂ! ਮੈਂ ਸਤਿਗੁਰੂ ਪਾਇਆ ਹੈ, ਇਸ ਲਈ ਮੇਰਾ ਮਨ ਅਨੰਦ ਹੋਇਆ ਹੈ। ੨. ਸਤਿਗੁਰੂ ਨੂੰ ਤਾਂ ਸੁਤੇ ਸਿਧ ਪਾ ਲਿਆ ਹੈ ਇਸ ਕਰਕੇ ਮਨ ਵਿਚ ਖੁਸ਼ੀਆਂ ਪ੍ਰਗਟ ਹੋਈਆਂ ਹਨ। ੩. ਰਾਗ, ਰਾਗਾਂ ਦੇ ਪੁੱਤਰ ਤੇ ਰਾਗਣੀਆਂ ਇਹ ਸਾਰਾ ਪਰਿਵਾਰ ਇਕੱਠਾ

ਹੋ ਕੇ ਸ਼ਬਦ ਗਾਵਣ ਆਇਆ ਹੈ । ੪. ਹਰੀ ਦਾ ਸ਼ਬਦ ਗਾਓ, ਜਿਨ੍ਹਾਂ ਨੇ ਹਰੀ ਨੂੰ ਮਨ ਵਿਚ ਵਸਾਇਆ ਹੈ । ੫. ਸਤਿਗੁਰੂ ਜੀ ਆਖਦੇ ਹਨ, ਉਹਨਾਂ ਨੂੰ ਆਨੰਦ ਹੋਇਆ ਹੈ, ਅੱਜ ਮੈਂ ਵੀ ਸਤਿਗੁਰੂ ਨੂੰ ਪਾਇਆ ਹੈ ॥੧॥

**੧. ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ੨. ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥ ੩. ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥ ੪. ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥ ੫. ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

ਅਰਥ—੧. ਹੇ ਮੇਰਿਆ ਮਨਾ ! ਤੂੰ ਸਦਾ ਹਰੀ ਦੇ ਨਾਮ ਨਾਲ ਲੱਗਾ ਰਹੁ । ੨. ਮੇਰੇ ਮਨ ! ਤੂੰ ਹਰੀ ਨਾਮ ਨਾਲ ਲੱਗਾ ਰਹੁ, ਉਹ ਤੇਰੇ ਸਾਰੇ ਦੋਖਾਂ ਨੂੰ ਭੁਲ ਜਾਣਾ ਵਾਲਾ ਹੈ । ੩. ਉਹ ਤੇਰਾ ਨਾਮ ਜਪਿਆ ਕਬੂਲ ਕਰੇਗਾ ਅਤੇ ਤੇਰੇ ਸਾਰੇ ਕੰਮਾਂ ਨੂੰ ਸਵਾਰੇਗਾ । ੪. ਜੋ ਸੁਆਮੀ ਸਾਰੀਆਂ ਗੱਲਾਂ ਵਿਚ ਸਮਰੱਥ ਹੈ, ਉਸ ਨੂੰ ਮਨੋਂ ਕਿਉਂ ਭੁਲਾਉਂਦਾ ਹੈਂ ? ੫. ਸਤਿਗੁਰੂ-ਜੀ ਆਖਦੇ ਹਨ, ਹੇ ਮੇਰੇ ਮਨ ! ਤੂੰ ਹਮੇਸ਼ਾਂ ਹੀ ਹਰਿ ਨਾਮ ਨਾਲ ਲੱਗਾ ਰਹੁ ॥੨॥

**੧. ਸਾਚੇ ਸਾਹਿਬਾ ਕਿਆ ਨਾਹੀ ਘਰਿ**

ਤੇਰੈ ॥ ੨. ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥ ੩. ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥ ੪. ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ ੫. ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥

ਅਰਥ—੧. ਹੇ ਸੱਚੇ ਸਾਹਿਬ ! ਤੇਰੇ ਘਰ ਵਿਚ ਕੀ ਨਹੀਂ ਹੈ ? ੨. ਤੇਰੇ ਘਰ ਵਿਚ ਤਾਂ ਸਭ ਕੁਝ ਹੈ, ਪਰ ਜਿਸ ਨੂੰ ਤੂੰ ਦੇਂਦਾ ਹੈਂ, ਉਹ ਹੀ ਪਾਉਂਦਾ ਹੈ । ੩. ਫਿਰ ਉਹ ਹਮੇਸ਼ਾਂ ਤੇਰੀ ਸਿਫਤ ਸਾਲਾਹ ਕਰਦਾ, ਅਤੇ ਨਾਮ ਨੂੰ ਮਨ ਵਿਚ ਵਸਾਉਂਦਾ ਹੈ । ੪. ਜਿਨ੍ਹਾਂ ਦੇ ਮਨ ਵਿਚ ਤੇਰਾ ਨਾਮ ਵਸਿਆ ਹੈ, ਉਨ੍ਹਾਂ ਨੂੰ ਹਮੇਸ਼ਾਂ ਹੀ ਸ਼ਾਦਿਆਨੇ ਹਨ । ੫. ਸਤਿਗੁਰੂ ਜੀ ਆਖਦੇ ਹਨ, ਹੇ ਸੱਚੇ ਸਾਹਿਬ ! ਤੇਰੇ ਘਰ ਵਿਚ ਕੀ ਨਹੀਂ ਹੈ ? ਅਰਥਾਤ ਸਭ ਕੁਝ ਹੈ ॥੩॥

੧. ਸਾਚਾ ਨਾਮੁ ਮੇਰਾ ਆਧਾਰੋ ॥ ੨. ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥ ੩. ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥ ੪. ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ

**ਦੀਆ ਏਹਿ ਵਡਿਆਈਆ ॥ ੫. ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥ ੬. ਸਾਚਾ ਨਾਮੁ ਮੇਰਾ ਆਧਾਰੋ ॥੪॥**

ਪਦ ਅਰਥ—ਸਬਦਿ=ਬ੍ਰਹਮ, ਨਿਰੰਕਾਰ।

ਅਰਥ—੧. ਸਤਿਨਾਮੁ ਮੇਰਾ ਆਸਰਾ ਹੈ। ੨. ਸਤਿਨਾਮੁ ਮੇਰਾ ਅਜਿਹਾ ਆਸਰਾ ਹੈ, ਜਿਸ ਨੇ ਸਾਰੀਆਂ ਭੁਖਾਂ ਗਵਾ ਦਿਤੀਆਂ ਹਨ। ੩. ਜਿਸ ਨੇ ਸਭਨਾਂ ਦੀਆਂ ਇਛਾ ਪੂਰੀਆਂ ਕੀਤੀਆਂ ਹਨ, ਉਹ ਵਾਹਿਗੁਰੂ ਮਨ ਵਿਚ ਆ ਵਸਿਆ ਹੈ ਇਸ ਸੁਖ ਨੂੰ ਪਾ ਕੇ ਮਨ ਨੇ ਸ਼ਾਂਤੀ ਹਾਸਲ ਕਰ ਲਈ ਹੈ। ੪. ਜਿਸ ਗੁਰੂ ਦੀਆਂ ਇਹ ਵਡਿਆਈਆਂ ਹਨ ਮੈਂ ਸਦਾ ਹੀ ਉਸ ਉਤੋਂ ਆਪਣਾ ਆਪ ਕੁਰਬਾਨ ਕਰਦਾ ਹਾਂ। ੫. ਸਤਿਗੁਰੂ ਜੀ ਆਖਦੇ ਹਨ, ਹੇ ਸੰਤੋ! ਸੁਣੋ, ਨਿਰੰਕਾਰ ਨਾਲ ਪਿਆਰ ਰੱਖੋ। ੬. ਉਸ ਦਾ ਸੱਚਾ ਨਾਮ ਹੀ ਮੇਰਾ ਆਸਰਾ ਹੈ ॥੪॥

**੧. ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ੨. ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ੩. ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ ੪. ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥ ੫. ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

ਪਦ ਅਰਥ—ਪੰਚ ਸਬਦ=ਸ੍ਰੇਸ਼ਟ ਸ਼ਬਦ, ਅਨਹਦ ਸ਼ਬਦ। ਸ਼ਬਦ ਆਹਤ ਤੇ ਅੰਨਾਹਤ ਭੇਦ ਕਰਕੇ ਦੋ ਤਰ੍ਹਾਂ ਦਾ ਹੁੰਦਾ ਹੈ, ਹਤ ਦਾ ਅਰਥ ਹੈ, ਮਾਰਨਾ ਅਰਥਾਤ ਜੋ ਕਿਸੇ ਰਗੜ, ਸੱਟ ਆਦਿਕਾਂ ਤੋਂ ਆਵਾਜ਼ ਪੈਦਾ ਹੋਵੇ, ਉਹ ਆਹਤ ਕਹਾ ਸਕਦੀ ਹੈ। ਉਹ ਆਵਾਜ਼ ਦੁਨੀਆਂ ਵਿਚ ਪੰਜਾਂ ਹਿਸਿਆਂ ਵਿਚ ਵੰਡੀ ਗਈ ਹੈ—'ਤਤ ਤੰਤੀ ਵਿਤ ਚਰਮਕਾ ਘਨ ਕਾਂਸੀ ਕੋ ਜਾਨ। ਨਾਦ ਸਬਦ ਘਟ ਕੋ ਕਹੈ, ਸੁਭਰ ਸਾਸ ਪਹਿਚਾਨ।' ਅਰਥਾਤ ਤਾਰ ਤੋਂ, ਫੂਕ ਤੋਂ, ਚਮੜੇ ਤੋਂ, ਪੋਲ ਤੋਂ, ਕੈਂਹ ਤੋਂ ਆਵਾਜ਼ ਹੋਣੀ, ਇਹ ਸਬਦ ਦੁਨਿਆਵੀ ਹਨ ਪਰ ਗੁਰਸਿਖਾਂ ਤੇ ਗੁਰਬਾਣੀ ਵਿਚ ਪੰਚ ਸਬਦ ਦਾ ਅਰਥ ਹੈ ਅਨਾਹਦ ਸ਼ਬਦ। ਇਸੇ ਲਈ ਪਉੜੀ ਦੇ ਅੰਤ ਵਿਚ 'ਅਨਾਹਦ ਵਾਜੇ' ਕਿਹਾ ਹੈ। ਇਹ ਅਨਾਹਦ ਸ਼ਬਦ ਕੰਨਾਂ ਦਾ ਵਿਸ਼ਾ ਨਹੀਂ। ਜਦੋਂ ਸਾਂਈਂ ਵਿਚ ਸੁਰਤ ਲੀਣ ਹੋਣ ਲਗਦੀ ਹੈ ਉਸ ਵੇਲੇ ਦੇ ਸ਼ਬਦ ਅਭਿਆਸ ਦੇ ਸਿਰੇ ਚੜ੍ਹਨ ਦੇ ਸਮੇਂ ਦਾ ਰੰਗ ਹੈ, ਇਹ ਸ਼ਬਦ ਅਪਨੇ ਸਰੂਪ ਦੇ ਇਕ ਲਹਿਰਾਉ ਦਾ ਰਸ ਹੈ ਇਹ ਦ੍ਰਿਸ਼ਟਮਾਨ ਇੰਦ੍ਰੀਆਂ ਦੇ ਵਿਸ਼ੇ ਦਾ ਕੋਈ ਚਮਤਕਾਰਾ ਨਹੀਂ ਹੈ ਬਹੁਤ ਲੋਕ ਸਰੀਰ ਵਿਚ ਲਹੂ ਦੇ ਗੇੜ ਅਤੇ ਅੰਗਾਂ ਦੀ ਥਰਾਟ ਦੀ ਮੱਧਮ ਘੂੰ ਘੂੰ ਨੂੰ ਜੋ ਕੰਨ ਬੰਦ ਕੀਤਿਆਂ ਜਾਂ ਇਕਾਂਤ ਬੈਠਿਆਂ ਸੁਣਾਈ ਦੇਂਦੀ ਹੈ ਅਨਾਹਤ ਸ਼ਬਦ ਆਖਦੇ ਹਨ। ਉਹ ਸ਼ਬਦ ਅਨਾਹਤ ਨਹੀਂ ਆਹਤ ਹੈ। ਜੋ ਦੋ ਚੀਜ਼ਾਂ ਦੇ ਮਿਲਾਪ ਤੇ ਵਿਛੋੜੇ ਤੋਂ ਪੈਦਾ ਹੁੰਦਾ ਹੈ, ਅਨਾਹਦ ਸ਼ਬਦ ਦੂਈ ਤੋਂ ਪਰੇ ਹੈ। ਕਲਾ=ਤਾਕਤ, ਸ਼ਕਤੀ। ਕੰਟਕ=ਦੁਖਦਾਈ, ਵੈਰੀ। ਪੰਚ ਦੂਤ= ਕਾਮਾਦਿਕ ਪੰਜ ਦੁਸ਼ਮਨ। ਘਰਿ=ਹਿਰਦੇ ਵਿਚ।

ਅਰਥ—੧. ਉਸ ਚੰਗੇ ਭਾਗਾਂ ਵਾਲੇ ਹਿਰਦੇ ਵਿਚ ਪੰਚ ਸ਼ਬਦ ਵੱਜੇ ਹਨ। ੨. ਉਸ ਸੁਭਾਗੇ ਘਰ ਵਿਚ ਸ਼ਬਦ ਵੱਜੇ ਹਨ, ਜਿਸ ਘਰ ਵਿਚ ਅਪਨੀ ਸ਼ਕਤੀ ਰੱਖੀ ਹੈ। ੩. ਹੇ ਵਾਹਿਗੁਰੂ! ਤੁਸਾਂ ਪੰਜੇ ਦੂਤ ਉਨ੍ਹਾਂ ਦੇ ਵਸ ਕਰ ਦਿਤੇ ਹਨ ਅਤੇ ਦੁਖਦਾਈ ਕਾਲ ਨੂੰ ਵੀ ਮਾਰ ਦਿਤਾ ਹੈ।

੪. ਤੁਸਾਂ ਜਿਸ ਨੂੰ ਮੁੱਢ ਤੋਂ ਹੀ ਕ੍ਰਿਪਾ ਕੀਤੀ ਹੈ, ਓਹੀ ਹਰਿ ਨਾਮ ਜਪਨ ਦੇ ਕੰਮ ਵਿਚ ਲਗੇ ਹਨ । ੫. ਸਤਿਗੁਰੂ ਜੀ ਆਖਦੇ ਹਨ, ਉਸ ਘਰ ਵਿਚ ਸੁਖ ਹੋਇਆ ਹੈ, ਜਿਥੇ ਅਨਾਹਦ ਸ਼ਬਦ ਵੱਜੇ ਹਨ ॥੫॥

**੧. ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ੨. ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ ੩. ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ੪. ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ ੫. ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ੬. ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥**

ਪਦ ਅਰਥ—ਸਰਸੇ=ਅਨੰਦ ।

ਅਰਥ—੧. ਹੇ ਵੱਡੇ ਭਾਗਾਂ ਵਾਲਿਓ ! ਅਨੰਦ ਸੁਣੋ, ਤੁਹਾਡੇ ਸਾਰੇ ਮਨੋਰਥ ਪੂਰੇ (ਹੋ ਜਾਣਗੇ, ਕਿਉਂਕਿ) । ੨. (ਜਿਨ੍ਹਾਂ ਨੇ) ਪਾਰਬ੍ਰਹਮ ਪ੍ਰਭੂ ਨੂੰ ਪਾਇਆ ਹੈ, ਉਹਨਾਂ ਦੇ ਸਾਰੇ ਝੋਰੇ ਉਤਰ ਗਏ ਹਨ । ੩. ਜਿਨ੍ਹਾਂ ਨੇ ਸੱਚੀ ਬਾਣੀ ਸੁਣੀ ਹੈ, ਉਨ੍ਹਾਂ ਦੇ ਦੁਖ ਰੋਗ ਤੇ ਸੰਤਾਪ ਲਥ ਗਏ ਹਨ। ੪. ਉਹ ਸੰਤ ਸੱਜਣ ਅਨੰਦ ਹੋਏ ਹਨ, ਜਿਨ੍ਹਾਂ ਨੇ ਇਹ ਵਾਰਤਾ ਗੁਰਾਂ ਪਾਸੋਂ ਜਾਣੀ ਹੈ । ੫. ਸੁਣਨ ਵਾਲੇ ਵੀ ਪਵਿਤ੍ਰ ਤੇ ਕਹਿਣ ਵਾਲੇ ਵੀ ਪਵਿਤ੍ਰ ਹੋਏ ਹਨ, ਕਿਉਂਕਿ ਦੋਹਾਂ ਦੇ ਮਨ ਵਿਚ ਸਤਿਗੁਰੂ (ਦਾ ਉਪਦੇਸ਼) ਪੂਰਨ ਹੋ ਰਿਹਾ ਹੈ । ੬. ਸਤਿਗੁਰੂ ਜੀ ਬੇਨਤੀ ਕਰਦੇ ਹਨ, (ਕਿ ਜਦ

ਤੋਂ) ਗੁਰੂ (ਜੀ ਦੀ) ਚਰਨੀਂ ਲਗੇ (ਹਾਂ, ਤਦ ਤੋਂ ਹੀ) ਅਨਾਹਦ ਵਾਜੇ ਵੱਜੇ ਹਨ ॥੪੦॥੧॥

ਮੁੰਦਾਵਣੀ ਮਹਲਾ ੫॥

**੧. ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥ ੨. ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥ ੩. ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ ੪. ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥ ੫. ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥**

ਪਦ ਅਰਥ—ਥਾਲ=ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਭੁੰਚੈ=ਭੁੰਚਨਾ, ਰਸ ਲੈਣਾ। ਤਮ=ਹਨੇਰਾ, ਅਗਿਆਨ।

ਅਰਥ—੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਿੰਨ ਚੀਜ਼ਾਂ ਪਈਆਂ ਹਨ, ਸਤ, ਸੰਤੋਖ ਤੇ ਵਿਚਾਰ! ੨. ਵਾਹਿਗੁਰੂ ਜੀ ਦਾ ਨਾਮ ਅੰਮ੍ਰਿਤ ਵੀ ਪਇਆ ਹੈ, ਜਿਸ ਦਾ ਸਭਨਾਂ ਨੂੰ ਆਸਰਾ ਹੈ। ੩. ਜਿਹੜਾ ਕੋਈ ਇਸ ਨੂੰ ਖਾਏਗਾ ਅਤੇ ਜੋ ਕੋਈ ਖਾ ਕੇ ਰਸ ਲਏਗਾ, ਉਸ ਦਾ ਉਧਾਰ ਹੋਏਗਾ। ੪. ਇਹ ਚੀਜ਼ ਛੱਡੀ ਜਾਣ ਵਾਲੀ ਨਹੀਂ, ਹਮੇਸ਼ਾਂ ਹੀ ਹਿਰਦੇ ਵਿਚ ਕਾਇਮ ਰੱਖੋ। ੫. ਗੁਰੂ ਗ੍ਰੰਥ ਜੀ ਦੀ ਚਰਨੀਂ ਲਗ ਕੇ ਹਨੇਰੇ ਰੂਪ ਸੰਸਾਰ ਤੋਂ ਤਰ ਜਾਈਦਾ ਹੈ, ਸਤਿਗੁਰੂ ਜੀ ਆਖਦੇ ਹਨ, ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸਰੇ ਹੋ ਰਹੀਏ ਤਾਂ ਸਭਨਾਂ ਵਿਚ ਵਾਹਿਗੁਰੂ ਵਿਆਪਕ ਜਾਣ ਲਈਦਾ ਹੈ ॥੧॥

ਸਲੋਕ ਮਹਲਾ ੫ ॥

**੧. ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ੨. ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥ ੩. ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥ ੪. ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥**

ਅਰਥ—੧. ਮੈਂ ਤੇਰਾ ਕੀਤਾ ਉਪਕਾਰ ਨਹੀਂ ਜਾਤਾ, ਤੂੰ ਮੈਨੂੰ ਲਾਇਕ ਕੀਤਾ ਹੈ। ੨. ਮੈਂ ਗੁਣਾਂ ਤੋਂ ਹੀਣੇ ਵਿਚ ਕੋਈ ਗੁਣ ਨਹੀਂ ਹੈ, ਤੈਨੂੰ ਆਪੇ ਹੀ ਤਰਸ ਪਿਆ ਹੈ। ੩. ਜਦ ਤੈਨੂੰ ਤਰਸ ਪਿਆ ਤਾਂ ਤੇਰੀ ਮੇਰੇ ਉਤੇ ਅਪਾਰ ਕ੍ਰਿਪਾ ਹੋਈ, ਜਿਸ ਕਰਕੇ ਮੈਨੂੰ ਸਤਿਗੁਰੂ ਸੱਜਣ ਮਿਲ ਪਿਆ। ੪. ਸਤਿਗੁਰੂ ਜੀ ਆਖਦੇ ਹਨ, ਹੁਣ ਮੈਨੂੰ ਤੇਰਾ ਨਾਮ ਮਿਲੇ ਤਾਂ ਜੀਵਾਂਗਾ ਤੇ ਮੇਰਾ ਤਨ ਮਨ ਹਰਾ ਹੋ ਜਾਏਗਾ ॥੨॥

ਪਉੜੀ ॥

**੧. ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ॥ ੨. ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥ ੩. ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥ ੪. ਭਉਜਲੁ ਬਿਖਮੁ ਅਸਗਾਹੁ ਗੁਰ**

## ਸਬਦੀ ਪਾਰਿ ਪਾਹਿ ॥ ੫. ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ ॥ ੬. ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ੭. ਸਭਸੈ ਨੋ ਕਿਰਪਾਲੁ ਸਮ੍ਾਲੇ ਸਾਹਿ ਸਾਹਿ ॥ ੮. ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ ॥੯॥

ਅਰਥ—੧. ਉਥੇ ਤੂੰ ਸਮਰਥ ਹੈਂ, ਜਿਥੇ ਹੋਰ ਕੋਈ ਨਹੀਂ ਹੈ। ੨. ਪੇਟ ਦੀ ਅੱਗ ਵਿਚ ਤੇਰੀ ਰਖਿਆ ਨਾਲ ਜੀਂਦਾ ਹੈ। ੩. ਤੇਰੇ ਨਾਮ ਨੂੰ ਸੁਣਦਿਆਂ ਹੀ ਜਮ ਦੇ ਦੂਤ ਛੱਡ ਕੇ ਚਲੇ ਜਾਂਦੇ ਹਨ। ੪. ਇਹ ਜੋ ਅਗਾਹ ਤੇ ਕਠਿਨ ਸੰਸਾਰ ਸਮੁੰਦਰ ਹੈ, ਗੁਰੂ ਦੇ ਸ਼ਬਦ ਵਾਲਾ ਜੀਵ ਇਸ ਤੋਂ ਪਾਰ ਲੰਘਦਾ ਹੈ। ੫. ਜਿਨ੍ਹਾਂ ਨੂੰ ਨਾਮ ਦੀ ਪਿਆਸ ਲੱਗੀ ਹੈ, ਓਹੀ ਨਾਮ ਅੰਮ੍ਰਿਤ ਨੂੰ ਛਕਦੇ ਹਨ। ੬. ਕਲਿਜੁਗ ਵਿਚ ਏਹੋ ਪੁੰਨ ਕਰਮ ਹੈ, ਜੋ ਗੋਬਿੰਦ ਦੇ ਗੁਣਾਂ ਦਾ ਗਾਉਣਾ ਹੈ। ੭. ਕ੍ਰਿਪਾਲੂ ਵਾਹਿਗੁਰੂ ਸਭ ਕਿਸੇ ਨੂੰ ਸ੍ਵਾਸ ਸ੍ਵਾਸ ਸੰਭਾਲਦਾ ਹੈ। ੮. ਕੋਈ ਵੀ ਖਾਲੀ ਨਹੀਂ ਜਾਂਦਾ, ਜੋ ਤੁਹਾਡੀ ਸ਼ਰਣ ਵਿਚ ਆਉਂਦਾ ਹੈ ॥੯॥

ਸਲੋਕੁ ਮ: ੫ ॥

## ੧. ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ ੨. ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ ੩. ਸਤਿਗੁਰ ਸੇਤੀ ਰਤਿਆ ਦਰਗਹ ਪਾਈਐ

**ਠਾਉ ॥ ੪. ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥ ੫. ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥**

ਅਰਥ—੧. ਹਿਰਦੇ ਵਿਚ ਵਾਹਿਗੁਰੂ ਨਾਮ ਸਿਮਰਨਾ ਕਰੋ, ਜੀਭ ਨਾਲ ਵਾਹਿਗੁਰੂ ਨਾਮ ਜਪਣਾ ਕਰੋ । ੨. ਅੱਖਾਂ ਨਾਲ ਸਤਿਗੁਰੂ ਦਾ ਦਰਸ਼ਨ ਕਰੋ, ਕੰਨਾਂ ਨਾਲ ਵਾਹਿਗੁਰੂ ਨੂੰ ਸੁਣਨਾ ਕਰੋ । ੩. ਇਸ ਤਰ੍ਹਾਂ ਸਤਿਗੁਰੂ ਨਾਲ ਰੰਗੇ ਜਾਈਏ, ਤਾਂ ਦਰਗਾਹ ਵਿਚ ਜਗ੍ਹਾ ਪਾਈਦੀ ਹੈ। ੪. ਗੁਰੂ ਜੀ ਕਹਿੰਦੇ ਹਨ, ਜਿਸ ਨੂੰ ਕ੍ਰਿਪਾ ਕਰਦਾ ਹੈ, ਉਸ ਨੂੰ ਇਹ ਵਸਤਾਂ ਦੇਂਦਾ ਹੈ । ੫. ਜਗਤ ਵਿਚ ਉਹ ਪੁਰਸ਼ ਉੱਤਮ ਕਹੇ ਜਾਂਦੇ ਹਨ, ਅਜਿਹੇ ਪੁਰਸ਼ ਕੋਈ ਕੋਈ ਵਿਰਲੇ ਹਨ ॥੧॥

ਮ: ੫ ॥

**੧. ਰਖੇ ਰਖਣਹਾਰਿ ਆਪਿ ਉਬਾਰਿਅਨੁ ॥ ੨. ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥ ੩. ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥ ੪. ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥ ੫. ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥ ੬. ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥ ੭. ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ**

## ਜਾਹਿ ॥੨॥

ਅਰਥ—੧. ਰੱਖਣ ਵਾਲੇ ਨੇ ਰਖਿਆ ਕਰਕੇ, ਆਪੇ ਬਚਾ ਲਿਆ ਹੈ। ੨. ਗੁਰੂ ਦੇ ਚਰਨੀ ਪਾ ਕੇ ਸਾਡਾ ਕੰਮ ਸਵਾਰ ਦਿਤਾ ਹੈ। ੩. ਪ੍ਰਭੂ ਆਪ ਦਿਆਲ ਹੋਇਆ ਹੈ ਤਾਂ ਹੀ ਇਸ ਨੂੰ ਮਨ ਤੋਂ ਭੁਲਾਇਆ ਨਹੀਂ ਹੈ। ੪. ਸੰਤ ਜਨਾਂ ਦੇ ਨਾਲ ਮਿਲਾ ਕੇ ਸੰਸਾਰ ਸਮੁੰਦਰ ਤੋਂ ਤਾਰ ਲਿਆ ਹੈ। ੫. ਸਾਕਤਾਂ ਨਿੰਦਕਾਂ ਤੇ ਦੁਸ਼ਟਾਂ ਨੂੰ ਇਕ ਖਿਨ ਵਿਚ ਨਾਸ ਕਰ ਦਿਤਾ ਹੈ। ੬. ਉਸ ਮਾਲਕ ਦੀ ਓਟ 'ਨਾਨਕ' ਨੇ ਮਨ ਦੇ ਵਿਚ ਰਖੀ ਹੋਈ ਹੈ। ੭. ਜਿਸ ਨੂੰ ਸਿਮਰਦਿਆਂ ਸੁਖ ਹੁੰਦਾ ਹੈ, ਅਤੇ ਸਾਰੇ ਦੁਖ ਮਿਟ ਜਾਂਦੇ ਹਨ ॥੨॥

# ਕੀਰਤਨ ਸੋਹਿਲਾ

ਅਰਥ—[ਵਾਹਿਗੁਰੂ ਦੇ] ਗੁਣਾਨੁਵਾਦ ਦਾ ਗੀਤ ।

## ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ ॥

ੴ ਸਤਿਗੁਰ ਪ੍ਰਸਾਦਿ ॥

**੧. ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ੨. ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥ ੩. ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ੪. ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ ੫. ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ੬. ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ੭. ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ੮. ਦੇਹੁ ਸਜਣ**

**ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ ੯. ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥ ੧੦. ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥**

ਪਦ ਅਰਥ—ਸੰਬਤ=ਵਰ੍ਹੇ । ਪਾਹੁਚਾ=ਵਿਆਹ ਦੇ ਸੱਦੇ ਦੀ ਗੰਢ, ਭਾਜੀ ।

ਅਰਥ—੧. ਜਿਸ ਸੰਗਤ ਰੂਪ ਘਰ ਵਿਚ ਕਰਤੇ ਪੁਰਖ ਦਾ ਕੀਰਤਨ ਆਖੀਦਾ ਹੈ, ਅਤੇ ਕਰਤੇ ਦਾ ਵਿਚਾਰ ਹੁੰਦਾ ਹੈ । ੨. ਹੇ ਭਾਈ! ਉਸ ਘਰ ਵਿਚ ਜਾ ਕੇ ਵਾਹਿਗੁਰੂ ਦਾ ਜਸ ਗਾਓ ਅਤੇ ਪੈਦਾ ਕਰਨ ਵਾਲੇ ਵਾਹਿਗੁਰੂ ਨੂੰ ਸਿਮਰੋ ॥੧॥ ੩. ਹੇ ਭਾਈਓ! ਤੁਸੀਂ ਮੇਰੇ ਨਿਰਭਉ ਵਾਹਿਗੁਰੂ ਦਾ ਜਸ ਗਾਵੋ । ੪. ਮੈਂ ਵਾਰੀ ਜਾਵਾਂ ਜਿਸ ਜਸ ਦੇ ਕੀਤਿਆਂ ਸਦਾ ਹੀ ਸੁਖ ਹੁੰਦਾ ਹੈ ॥੧॥ ਰਹਾਉ ॥ ੫. ਹੇ ਜੀਵੋ, ਸਦਾ ਸਦਾ ਹੀ ਵਾਹਿਗੁਰੂ ਨੂੰ ਯਾਦ ਕਰੋ, ਤਦ ਤੁਹਾਨੂੰ ਪਦਾਰਥ ਦੇਣ ਵਾਲਾ ਵਾਹਿਗੁਰੂ ਕ੍ਰਿਪਾ ਦੀ ਨਜ਼ਰ ਕਰਕੇ ਦੇਖੇਗਾ । ੬. ਹੇ ਜੀਵ! ਜਦ ਤੇਰੇ ਪਾਸੋਂ ਉਸਦੇ ਦਿਤੇ ਨਾਮ ਦੀ ਕੀਮਤ ਨਹੀਂ ਪੈਂਦੀ, ਤਾਂ ਉਸ ਦਾਤੇ ਦੀ ਕੀ ਗਿਣਤੀ ਆਉਣੀ ਹੈ ? ॥੨॥ ੭. ਵਰ੍ਹਿਆਂ ਰੂਪ ਸਾਹਾ ਲਿਖਿਆ ਹੋਇਆ ਹੈ, ਭਾਵ ਮਰਨ ਦੀ ਤਰੀਕ ਸਾਹਾ ਲਿਖਿਆ ਹੈ, ਤਾਂ ਤੇ ਸਤਿਸੰਗ ਵਿਚ ਮਿਲ ਕੇ ਪਰੇਮ ਰੂਪ ਤੇਲ ਨੂੰ ਪਾਓ । ੮. ਅਤੇ ਆਖੋ, ਹੇ ਸੰਤਾਂ ਰੂਪ ਸਜਣੋ, ਭਗਤੀ ਕਰਨ ਰੂਪ ਅਸੀਸਾਂ ਮੈਨੂੰ ਦੇਵੋ, ਜਿਸ ਕਰਕੇ ਮੇਰਾ ਸਾਹਿਬ ਦੇ ਨਾਲ ਮੇਲ ਹੋਵੇ ॥੩॥ ੯. ਜੋ ਸਦਾ ਹੀ ਸੱਦੇ ਪੈਂਦੇ ਭਾਵ ਪੁਰਸ਼ ਮਰਦੇ ਹਨ, ਇਹੋ ਹੀ ਘਰ ਘਰ ਵਿਚ ਗੰਢਾਂ ਫਿਰਦੀਆਂ ਹਨ । ੧੦. ਤਾਂ ਤੇ ਸੱਦਣ ਵਾਲੇ ਵਾਹਿਗੁਰੂ ਨੂੰ ਯਾਦ ਕਰੀਏ, ਕਿਉਂਕਿ ਸਤਿਗੁਰੂ

ਜੀ ਆਖਦੇ ਹਨ, ਸਾਡੇ ਉਤੇ ਵੀ ਉਹ ਮਰਨ ਦੇ ਦਿਨ ਆਉਣਗੇ ॥੪॥੧॥

ਰਾਗੁ ਆਸਾ ਮਹਲਾ ੧ ॥

**੧. ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ੨. ਗੁਰੁ ਗੁਰੁ ਏਕੋ ਵੇਸ ਅਨੇਕ ॥੧॥ ੩. ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ੪. ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥ ੫. *ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ੬. ਸੂਰਜੁ ਏਕੋ ਰੁਤਿ ਅਨੇਕ ॥ ੭. ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥**

ਪਦ ਅਰਥ—ਘਰ=ਸ਼ਾਸਤਰ । ਘਰੁ=ਹਿਰਦਾ ।

ਅਰਥ—੧. ਛੇ ਸ਼ਾਸਤ੍ਰ ਹਨ ਤੇ ਉਨ੍ਹਾਂ ਦੇ ਬਨਾਉਣ ਵਾਲੇ ਛੇ ਗੁਰੂ (ਅਚਾਰਜ) ਹਨ ਅਤੇ ਉਨ੍ਹਾਂ ਦੇ ਵੱਖੋ ਵੱਖ ਛੇ ਉਪਦੇਸ਼ ਹਨ । ੨. ਉਨ੍ਹਾਂ ਛੇਆਂ ਅਚਾਰਜਾਂ ਦੇ ਇਕ ਗੁਰੂ ਵਾਹਿਗੁਰੂ ਦੇ ਅਨੇਕਾਂ ਹੀ ਵੇਸ ਹਨ ॥੧॥ ੩. ਹੇ ਭਾਈ ! ਜਿਸ ਸ਼ਾਸਤ੍ਰ ਵਿਚ ਕਰਤੇ ਪੁਰਖ ਦਾ ਜਸ ਹੋਵੇ। ੪. ਉਸ ਸ਼ਾਸਤ੍ਰ ਦੇ ਸਿਧਾਂਤ ਨੂੰ ਤੂੰ ਆਪਣੇ ਹਿਰਦੇ ਵਿਚ ਰੱਖ, ਤਦ

*੧੫ ਵਾਰੀ ਅੱਖ ਝਮਕਨਾ ਵਿਸਾ । ੧੫ ਵਿਸਿਆਂ ਦਾ ਚਸਾ । ੩੦ ਚਸਿਆਂ ਦਾ ਪਲ । ੬੦ ਪਲਾਂ ਦੀ ਘੜੀ । ਸਾਢੀਆਂ ੭ ਘੜੀਆਂ ਦਾ ਪਹਿਰ । ੪ ਪਹਿਰ ਦਾ ਦਿਨ ਹੁੰਦਾ ਹੈ ।

ਤੇਰੀ ਵਡਿਆਈ ਹੋਵੇਗੀ ॥੧॥ ਰਹਾਉ ॥ ੫. ਜਿਵੇਂ ਵਿਸਿਆਂ ਤੋਂ ਚਸੇ, ਤੇ ਚਸਿਆਂ ਤੋਂ ਪਲ, ਪਲਾਂ ਤੋਂ ਘੜੀਆਂ, ਤੇ ਘੜੀਆਂ ਤੋਂ ਪਹਿਰ ਅਤੇ ਪਹਿਰਾਂ ਤੋਂ ਥਿਤਾਂ, ਵਾਰ ਤੇ ਮਹੀਨਾ ਹੁੰਦਾ ਹੈ। ੬. ਪਰ ਇਹਨਾਂ ਅਨੇਕਾਂ ਰੁਤਾਂ ਵਿਚ ਸੂਰਜ ਇਕ ਹੀ ਰਹਿੰਦਾ ਹੈ। ੭. ਸਤਿਗੁਰੂ ਜੀ ਆਖਦੇ ਹਨ, ਇਸੇ ਤਰ੍ਹਾਂ ਕਰਤੇ ਦੇ ਪੈਦਾ ਕੀਤੇ ਹੋਏ ਕਿੰਨੇ ਹੀ ਵੇਸ ਹਨ ਅਤੇ ਸਾਰਿਆਂ ਵੇਸਾਂ ਵਿਚ ਕਰਤਾ ਪੁਰਖ ਇਕ ਹੈ ॥੨॥੨॥

ਰਾਗੁ ਧਨਾਸਰੀ ਮਹਲਾ ੧ ॥

੧. ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ੨. ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ ੩. ਕੈਸੀ ਆਰਤੀ ਹੋਇ ॥ ੪. ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ ੫. ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥ ੬. ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਪਦ ਅਰਥ—ਮੈ=ਰੂਪ । ਮੰਡਲ=ਸਾਰੇ । ਜਨਕ=ਜੜੇ ਹੋਏ । ਲੋ= ਵਾਸਨਾ । ਜੋਤੀ=ਪ੍ਰਕਾਸ਼ ਰੂਪ । ਗੰਧ=ਨਾਸਾਂ ।

ਅਰਥ—੧. ਅਕਾਸ਼ ਰੂਪ ਥਾਲ ਵਿਚ ਸੂਰਜ ਤੇ ਚੰਦ ਦੋ ਦੀਵੇ ਬਣੇ ਹੋਏ ਹਨ ਅਤੇ ਸਾਰੇ ਤਾਰੇ ਮੋਤੀ ਜੜੇ ਹੋਏ ਹਨ । ੨. ਮਲਿਆਗਰ (ਚੰਦਨ ਦੀ) ਸੁਗੰਧੀ ਰੂਪ ਹੈ, ਤੇ ਪੌਣ ਚੌਰ ਕਰਦੀ ਹੈ, ਅਤੇ ਪ੍ਰਕਾਸ਼ ਰੂਪ ਵਾਹਿਗੁਰੂ ਉਤੇ ਸਾਰੀ ਬਨਸਪਤੀ ਫੁੱਲ ਚੜ੍ਹੇ ਹੋਏ ਹਨ ॥੧॥ ੩. ਇਸ ਤੋਂ ਬਿਨਾਂ ਹੋਰ ਕਿਸ ਤਰ੍ਹਾਂ ਦੀ ਆਰਤੀ ਹੋਵੇ ? ੪. ਹੇ ਭੈ ਨਾਸਕ ! ਇਸ ਤਰ੍ਹਾਂ ਦੀ ਤੇਰੀ ਆਰਤੀ ਕੁਦਰਤ ਕਰ ਰਹੀ ਹੈ ਅਤੇ ਅਨਾਹਤ ਸ਼ਬਦ ਰੂਪ ਭੇਰੀ ਵਜਦੀ ਹੈ ॥੧॥ ਰਹਾਉ ॥ ੫. ਸਰਗੁਣ ਸਰੂਪ ਵਿਚ ਤੇਰੇ ਹਜ਼ਾਰਾਂ ਨੈਨ ਹਨ ਤੇ ਨਿਰਗੁਣ ਸਰੂਪ ਵਿਚ ਤੈਨੂੰ ਇਕ ਵੀ ਨੈਨ ਨਹੀਂ ਹੈ । ਸਰਗੁਣ ਸਰੂਪ ਦੀਆਂ ਤੇਰੀਆਂ ਹਜ਼ਾਰਾਂ ਮੂਰਤਾਂ ਹਨ ਅਤੇ ਨਿਰਗੁਣ ਰੂਪ ਦੀ ਤੇਰੀ ਇਕ ਵੀ ਮੂਰਤਿ ਨਹੀਂ ਹੈ । ੬. ਸਰਗੁਣ ਮੂਰਤੀ ਦੇ ਤੇਰੇ ਹਜ਼ਾਰਾਂ ਹੀ ਪਵਿਤਰ ਪੈਰ ਹਨ ਅਤੇ ਨਿਰਗੁਣ ਦਾ ਇਕ ਪੈਰ ਵੀ ਨਹੀਂ ਹੈ ਅਤੇ ਨਿਰਗੁਣ ਸਰੂਪ ਵਿਚ ਤੂੰ ਨੱਕ ਤੋਂ ਬਿਨਾਂ ਹੈ, ਸਰਗੁਣ ਰੂਪ ਵਿਚ ਤੇਰੇ ਹਜ਼ਾਰਾਂ ਹੀ ਨੱਕ ਹਨ, ਇਸੇ ਤਰ੍ਹਾਂ ਦਾ ਤੇਰਾ ਚਰਿਤ੍ਰ ਦੇਖ ਕੇ ਮੇਰੀ ਬੁੱਧੀ ਮੋਹੀ ਗਈ ਹੈ ॥੨॥

**੭. ਸਭ ਮਹਿ ਜੋਤਿ ਜੋਤਿ ਹੈ ਸੋਇ ॥ ੮. ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ੯. ਗੁਰ ਸਾਖੀ ਜੋਤਿ ਪਰਗਟੁ ਹੋਇ ॥ ੧੦. ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ ੧੧. ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ**

**ਅਨਦਿਨੁ ਮੋਹਿ ਆਹੀ ਪਿਆਸਾ ॥ ੧੨. ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥**

ਪਦ ਅਰਥ—ਸੋਇ=ਸੋਭਦੀ । ਮਕਰੰਦ=ਰਸ । ਸਾਰਿੰਗ=ਪਪੀਹਾ। ਜਾ ਤੇ=ਜਿਸ ਕਰ ਕੇ ।

ਅਰਥ—੭. ਹੇ ਭਾਈ ! ਸਾਰਿਆਂ ਵਿਚ ਜੋਤੀ ਦੀ ਜੋਤਿ ਸੋਭਦੀ ਹੈ । ੮. ਤਿਸ ਜੋਤੀ ਦੇ ਚਾਨਣੇ ਕਰ ਕੇ ਹੀ ਸਭਨਾਂ ਵਿਚ ਚਾਨਣਾ ਹੁੰਦਾ ਹੈ । ੯. ਗੁਰਾਂ ਦੀ ਸਿਖਿਆ ਨਾਲ ਉਹ ਜੋਤੀ ਪ੍ਰਗਟ ਹੁੰਦੀ ਹੈ । ੧੦. ਜੋ ਪੁਰਸ਼ ਤਿਸ ਵਾਹਿਗੁਰੂ ਨੂੰ ਭਾਉਂਦਾ ਹੈ ਉਸ ਦੀ ਆਰਤੀ ਮਨਜ਼ੂਰ ਹੁੰਦੀ ਹੈ ॥੩॥ ੧੧. ਹਰੀ ਦੇ ਚਰਨ ਕਵਲਾਂ ਦੇ ਅਨੰਦ ਰੂਪ ਰਸ ਲਈ ਮੇਰਾ ਮਨ ਲੋਭਦਾ ਹੈ ਅਤੇ ਦਿਨ ਰਾਤ ਹੀ ਮੈਨੂੰ ਦਰਸ਼ਨ ਦੀ ਪਿਆਸ ਰਹਿੰਦੀ ਹੈ । ੧੨. ਸਤਿਗੁਰੂ ਜੀ ਆਖਦੇ ਹਨ ਹੇ ਵਾਹਿਗੁਰੂ ! ਮੈਂ ਪਪੀਹੇ ਨੂੰ ਕ੍ਰਿਪਾ ਰੂਪ ਜਲ ਦੇਹੁ, ਜਿਸ ਕਰਕੇ ਮੇਰੇ ਮਨ ਦਾ ਤੇਰੇ ਨਾਮ ਵਿਚ ਵਾਸਾ ਹੋਵੇ ॥੪॥੩॥

ਰਾਗੁ ਗਉੜੀ ਪੂਰਬੀ ਮਹਲਾ ੪ ॥

**੧. ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥ ੨. ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥ ੩. ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ੪. ਕਰਿ ਡੰਡਉਤ ਪੁਨੁ ਵਡਾ**

**ਹੇ ॥੧॥ ਰਹਾਉ ॥ ੫. ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ ੬. ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥ ੭. ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥ ੮. ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥ ੯. ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ ੧੦. ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥**

ਪਦ ਅਰਥ—ਮੰਡਲ=ਦਾਇਰਾ, ਘੇਰਾ । ਮੰਡਾ=ਲਗ ਗਿਆ । ਕਰਿ ਅੰਜੁਲੀ=ਹੱਥ ਜੋੜਨਾ ।

ਅਰਥ—੧. ਸਰੀਰ ਰੂਪ ਨਗਰ ਕਾਮ ਕ੍ਰੋਧ ਆਦਿਕ ਬਹੁਤੇ ਔਗੁਣਾਂ ਨਾਲ ਭਰਿਆ ਹੋਇਆ ਹੈ, ਅਤੇ ਸਤਿ ਸੰਗ ਵਿਚ ਮਿਲਣ ਰੂਪ ਖੰਡਾ ਲੈ ਕੇ ਇਹਨਾਂ ਔਗੁਣਾਂ ਦਾ ਨਾਸ ਕਰੀਦਾ ਹੈ । ੨. ਜਿਸ ਨੇ ਪਿਛਲੇ ਜਨਮ ਦੀ ਲਿਖਤ ਲਿਖੇ ਅਨੁਸਾਰ ਗੁਰੂ ਨੂੰ ਪਾਇਆ ਹੈ, ਉਸ ਦਾ ਮਨ ਹਰੀ ਦੀ ਪ੍ਰੀਤ ਦੇ ਦਾਇਰੇ ਵਿਚ ਲਗ ਗਿਆ ਹੈ ॥੧॥ ੩. ਸਾਧੂਆਂ ਅੱਗੇ ਹੱਥ ਜੋੜਨ ਦਾ ਪੁੰਨ ਵੱਡਾ ਹੈ । ੪. ਅਤੇ ਸੰਤਾਂ ਨੂੰ ਡੰਡੌਤ ਕਰਨ

ਦਾ ਵੀ ਵਡਾ ਪੁੰਨ ਹੈ ॥੧॥ ਰਹਾਉ ॥ ੫. ਸਾਕਤਾਂ ਨੇ ਹਰਿ ਨਾਮ ਰਸ ਦਾ ਸਵਾਦ ਨਹੀਂ ਜਾਣਿਆ, ਕਿਉਂਕਿ ਉਹਨਾਂ ਦੇ ਤਾਲੂਏ ਅੰਦਰ ਹਉਮੈ ਰੂਪ ਕੰਡਾ ਹੈ। ੬. ਜਿਉਂ-ਜਿਉਂ ਗੁਰਮੁਖ ਸਤਿਸੰਗ ਵੱਲ ਚਲਦੇ ਹਨ, ਤਿਉਂ-ਤਿਉਂ ਸਾਕਤਾਂ ਨੂੰ ਹਉਮੈਂ ਰੂਪ ਕੰਡਾ ਚੁਭਦਾ ਹੈ ਤੇ ਦੁਖ ਪਾਉਂਦੇ ਹਨ ਅਤੇ ਅੰਤ ਨੂੰ ਸਿਰ ਤੇ ਜਮਕਾਲ ਦਾ ਡੰਡਾ ਸਹਾਰਦੇ ਹਨ ॥੨॥ ੭. ਹਰੀ ਦੇ ਦਾਸ ਹਰੀ ਦੇ ਹਰਿ ਨਾਮ ਵਿਚ ਸਮਾਏ ਹਨ, ਇਸ ਲਈ ਉਹਨਾਂ ਨੇ ਜਨਮ ਮਰਨ ਦੇ ਦੁਖ ਤੇ ਜਮਾਂ ਦੇ ਡਰ ਨੂੰ ਨਾਸ ਕੀਤਾ ਹੈ। ੮. ਅਤੇ ਨਾਸ ਤੋਂ ਰਹਿਤ, ਪਰਮੇਸ਼ਰ ਪੁਰਖ ਨੂੰ ਗੁਰਮੁਖਾਂ ਨੇ ਪਾਇਆ ਹੈ, ਇਸ ਲਈ ਉਹਨਾਂ ਦੀ ਖੰਡਾਂ ਬ੍ਰਹਮੰਡਾਂ ਵਿਚ ਬਹੁਤੀ ਸੋਭਾ ਹੁੰਦੀ ਹੈ ॥੩॥ ੯. ਬੇਨਤੀ ਕਰਦੇ ਹਨ, ਹੇ ਪ੍ਰਭੂ ! ਮੈਂ ਗਰੀਬਾਂ ਤੋਂ ਗਰੀਬ ਤੇਰਾ ਦਾਸ ਹਾਂ, ਤਾਂਤੇ ਹੇ ਵਡਿਆਂ ਤੋਂ ਵਡੇ ਹਰੀ ! ਮੈਨੂੰ ਰੱਖ ਲੈ, ਰੱਖ ਲੈ। ੧੦. ਸਤਿਗੁਰੂ ਜੀ ਆਖਦੇ ਹਨ ਤੇਰੇ ਨਾਮ ਦਾ ਆਸਰਾ ਹੀ ਦਾਸ ਦੀ ਓਟ ਹੈ ਇਸ ਲਈ ਮੈਂ ਹਰਿ ਨਾਮ ਜਪਣ ਵਿਚ ਹੀ ਸੁਖ ਮੰਨਿਆ ਹੈ ॥੪॥੪॥

ਰਾਗੁ ਗਉੜੀ ਪੂਰਬੀ ਮਹਲਾ ੫ ॥

**੧. ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ ੨. ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥ ੩. ਅਉਧ ਘਟੈ ਦਿਨਸੁ ਰੈਣਾਰੇ ॥ ੪. ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥ ੫. ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ**

**ਗਿਆਨੀ ॥ ੬. ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥ ੭. ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ ੮. ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥ ੯. ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ ੧੦. ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥**

ਪਦ ਅਰਥ—ਮਹਲ=ਸਰੂਪ ।

ਅੰਰਥ—੧. ਬੇਨਤੀ ਕਰਦਾ ਹਾਂ, ਹੇ ਮੇਰੇ ਮਿਤਰੋ ! ਸੁਣੋ ਇਹ ਮਨੁਖਾ ਜਨਮ ਸੰਤਾਂ ਦੀ ਸੇਵਾ ਕਰਨ ਦਾ ਵੇਲਾ ਹੈ । ੨. ਤੁਸੀਂ ਇਥੋਂ ਹਰਿ ਨਾਮ ਦਾ ਲਾਭ ਖੱਟ ਕੇ ਚੱਲੋ ਤਾਂ ਅੱਗੇ ਸੁਖ ਦਾ ਵਸਣਾ ਹੋਵੇਗਾ ॥੧॥ ੩. ਦਿਨ ਰਾਤ ਕਰ ਕੇ ਉਮਰਾ ਘਟਦੀ ਹੈ । ੪. ਹੇ ਪਿਆਰੇ ! ਗੁਰਾਂ ਨੂੰ ਮਿਲ ਕੇ ਮੁਕਤੀ ਰੂਪ ਕਾਰਜ ਨੂੰ ਸਵਾਰ ਲੈ ॥੧॥ ਰਹਾਉ ॥ ੫. ਇਸ ਸੰਸਾਰ ਦੇ ਵਿਕਾਰਾਂ ਤੇ ਸੰਸਿਆਂ ਵਿਚੋਂ ਬ੍ਰਹਮ ਗਿਆਨੀ ਤਰਿਆ ਹੈ। ੬. ਪਰ ਜਿਸ ਨੂੰ ਵਾਹਿਗੁਰੂ ਅਵਿਦਿਆ ਰੂਪ ਨੀਂਦ ਤੋਂ ਜਗਾ ਕੇ ਨਾਮ ਰਸ ਪਿਆਉਂਦਾ ਹੈ, ਉਸੇ ਨੇ ਅਕਥ ਵਾਹਿਗੁਰੂ ਦੀ ਕਥਾ ਜਾਣੀ ਹੈ ॥੨॥ ੭. ਹੇ ਭਾਈਓ ! ਜਿਸ ਕੰਮ ਨੂੰ ਆਏ ਹੋ, ਓਹੀ ਸੌਦਾ ਖਰੀਦੋ, ਹਰਿ ਨਾਮ ਗੁਰਾਂ ਦੇ ਉਪਦੇਸ਼ ਕਰ ਕੇ ਮਨ ਵਿਚ ਵਸਦਾ ਹੈ। ੮. ਤਦ ਹਿਰਦੇ ਰੂਪ ਘਰ ਦੇ ਅੰਦਰੋਂ ਸਹਿਜੇ ਹੀ ਆਪਣੇ ਸਰੂਪ ਦੇ ਸੁਖ

ਨੂੰ ਪਾਵੋਗੇ, ਤੇ ਫਿਰ ਚੁਰਾਸੀ ਦਾ ਫੇਰਾ ਪ੍ਰਾਪਤ ਨਹੀਂ ਹੋਵੇਗਾ ॥੩॥ ੯. ਤਾਂ ਤੇ ਬੇਨਤੀ ਕਰੋ ਹੇ ਅੰਦਰ ਦੀ ਜਾਨਣ ਵਾਲੇ ਕਰਮ ਫਲ ਪ੍ਰਦਾਤੇ ਪੁਰਖ ! ਮਨ ਦੀ ਸ਼ਰਧਾ ਪੂਰੀ ਕਰੋ । ੧੦. ਸਤਿਗੁਰੂ ਜੀ ਆਖਦੇ ਹਨ, ਦਾਸ ਇਹ ਸੁਖ ਦੇਣ ਵਾਲਾ ਦਾਨ ਮੰਗਦਾ ਹੈ, ਮੈਨੂੰ ਸੰਤਾਂ ਦੀ ਚਰਨ ਧੂੜੀ ਕਰੋ ॥੪॥੫॥

# ਬਾਰਹਮਾਹਾ ਮਾਂਝ

ਬਾਰਹਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

੧. ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥ ੨. ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥ ੩. ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥ ੪. ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥ ੫. ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥ ੬. ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥ ੭. ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥ ੮. ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥ ੯. ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ

**ਨਾਮੁ ॥ ੧੦ ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥੧॥**

ਅਰਥ—੧. ਮਾੜੇ ਕੰਮ ਨੂੰ ਕਰ ਕੇ ਅਸੀਂ ਆਪ ਤੋਂ ਵਿਛੜ ਗਏ ਹਾਂ, ਹੇ ਰਾਮ ! ਹੁਣ ਕ੍ਰਿਪਾ ਕਰ ਕੇ ਆਪਣੇ ਨਾਲ ਮੇਲ ਲਓ । ੨. ਅਸੀਂ ਚਾਰ ਕੁੰਟ ਦਸਾਂ ਪਾਸਿਆਂ ਵਲ ਭੌਂਦੇ ਹੋਏ ਥਕ ਕੇ ਆਪ ਦੀ ਸ਼ਰਨ ਆਏ ਹਾਂ । ੩. ਜੀਕਣ ਗਾਂ ਦੁਧ ਤੋਂ ਬਿਨਾਂ ਕਿਸੇ-ਕੰਮ ਨਹੀਂ ਆਉਂਦੀ । ੪. ਜੀਕਣ ਪਾਣੀ ਬਿਨਾਂ ਟਾਹਣੀ ਕੁਮਲਾ ਜਾਂਦੀ ਹੈ । ਉਹ ਟਾਹਣੀ ਅਗਾਂਹ ਨਹੀਂ ਵਧ ਸਕਦੀ । ੫. ਹੇ ਸਜਣ, ਜੇ ਹਰੀ ਪਤੀ ਨੂੰ ਨਾ ਮਿਲੀਏ ਤਾਂ ਕਿਥੇ ਆਰਾਮ ਪਾਵਾਂਗੇ । ੬. ਜਿਸ ਘਰ ਵਿਚ ਹਰੀ ਪਤੀ ਨਹੀਂ ਆਉਂਦਾ, ਉਹ ਨਗਰ ਤੇ ਪਿੰਡ ਸੜ ਗਏ । ੭. ਸਾਰੇ ਸ਼ਿੰਗਾਰ ਤੰਬੋਲ ਰਸਦਾਈ ਮੇਵੇ, ਦੇਹੀ ਦੇ ਸਮੇਤ ਹੀ ਕੱਚੇ ਨਿਸਫਲ ਹਨ । ੮. ਮਾਲਕ ਪਤੀ ਤੋਂ ਬਿਨਾਂ ਓਸ ਦੇ ਮਿਤ੍ਰ ਸਜਣ ਸਭ ਜਮ ਹਨ । ੯. ਮੇਰੀ ਪ੍ਰਾਰਥਨਾ ਹੈ ਕਿ ਕ੍ਰਿਪਾ ਕਰਕੇ ਨਾਮ ਬਖਸ਼ੋ । ੧੦. ਉਸ ਮਾਲਕ ਦੇ ਨਾਲ ਮੇਲ ਦਿਓ ਜਿਸ ਦਾ ਘਰ ਟਿਕਿਆ ਰਹਿਣ ਵਾਲਾ ਹੈ ।

**੧. ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ੨. ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ ੩. ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥ ੪. ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ ੫. ਜਲਿ ਥਲਿ ਮਹੀਅਲਿ ਪੂਰਿਆ**

**ਰਵਿਆ ਵਿਚਿ ਵਣਾ॥ ੬. ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ੭. ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥ ੮. ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ੯. ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥**

ਅਰਥ—੧. ਚੇਤਰ ਦੁਆਰਾ ਆਖਦੇ ਹਨ, ਗੋਬਿੰਦ ਨੂੰ ਅਰਾਧੀਏ ਤਾਂ ਬਹੁਤਾ ਅਨੰਦ ਪ੍ਰਾਪਤ ਹੋਵੇਗਾ। ੨. ਸੰਤ ਜਨਾਂ ਨਾਲ ਮਿਲ ਕੇ ਜੀਭ ਨਾਲ ਨਾਮ ਦਾ ਉਚਾਰਨਾ ਪਾਈਦਾ ਹੈ। ੩. ਜਿਨ੍ਹਾਂ ਨੇ ਆਪਣਾ ਪ੍ਰਭੂ ਪਾਇਆ ਹੈ, ਆਇਆ ਤਿਸੇ ਦਾ ਸੁਫਲ ਗਿਣੀਦਾ ਹੈ। ੪. ਜੋ ਇਕ ਖਿਨ ਵੀ ਤਿਸ ਦੇ ਨਾਮ ਤੋਂ ਬਿਨਾਂ ਜੀਊਣਾ ਹੈ, ਇੰਨੇ ਵਿਚ ਹੀ ਜਨਮ ਵਿਅਰਥ 'ਜਣਾ' ਜਾਂਦਾ ਹੈ। ੫. ਉਹ ਜਲਾਂ, ਥਲਾਂ "ਮਹੀ+ਅਲਿ" ਪ੍ਰਿਥਵੀ, ਅਕਾਸ਼ ਵਿਚ ਪੂਰਨ ਹੈ ਅਤੇ ਬਨਾਂ, ਤ੍ਰਿਣਾਂ ਵਿਚ ਵੀ ਰਵਿਆ ਹੋਇਆ ਹੈ। ੬. ਉਹ ਪ੍ਰਭੂ ਚੇਤੇ ਨਾ ਆਵੇ ਤਾਂ ਗਿਣਿਆ ਨਹੀਂ ਜਾਂਦਾ ਜੋ ਕਿੰਨਾ ਕੁ ਦੁਖ ਪ੍ਰਾਪਤ ਹੋਵੇਗਾ। ੭. ਜਿਨ੍ਹਾਂ ਨੇ ਉਸ ਪ੍ਰਭੂ ਦਾ ਨਾਮ 'ਰਾਵਿਆ' ਉਚਾਰਿਆ ਹੈ, ਤਿਨ੍ਹਾਂ ਨੇ 'ਭਾਗ' ਸੁਹਾਗ-ਅਨੰਦ ਨੂੰ ਮਾਣਿਆ ਹੈ। ੮. ਸਤਿਗੁਰੂ ਜੀ ਆਖਦੇ ਹਨ ਹਰੀ ਦੇ ਦਰਸ਼ਨ ਨੂੰ ਮਨ ਚਾਹੁੰਦਾ ਹੈ, ਕਿਉਂਕਿ ਦਰਸ਼ਨ ਦੀ ਮਨ ਵਿਚ ਪਿਆਸ ਹੈ। ੯. ਚੇਤ ਦੁਆਰਾ ਆਖਦੇ ਹਨ ਜੋ ਕੋਈ ਉਸ ਪ੍ਰਭੂ ਨੂੰ ਮਿਲਾਵੇਗਾ ਮੈਂ ਤਿਸ ਦੇ ਚਰਨੀਂ ਲਗਦਾ ਹਾਂ ॥੨॥

**੧. ਵੈਸਾਖਿ ਧੀਰਨਿ ਕਿਉ ਵਾਢੀਆ**

ਜਿਨਾ ਪ੍ਰੇਮ ਬਿਛੋਹੁ ॥ ੨. ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ ੩. ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ੪. ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ੫. ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ੬. ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ੭. ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ੮. ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ੯. ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

ਅਰਥ—੧. ਵੈਸਾਖ ਦੁਆਰਾ ਆਖਦੇ ਹਨ, ਜਿਨ੍ਹਾਂ ਨੂੰ ਪ੍ਰੇਮ ਦਾ ਵਿਛੋੜਾਂ ਹੈ, ਉਹ ਵਾਢੀਆ=ਵਿਛੁੜੀਆਂ ਹੋਈਆਂ ਧੀਰਜ ਕਿਸ ਤਰ੍ਹਾਂ ਕਰਨਗੀਆਂ। ੨. ਜੋ ਹਰੀ ਸਜਣ ਪੁਰਖ ਦੇ ਨਾਮ ਨੂੰ ਵਿਸਾਰ ਕੇ ਮਾਇਆ ਦੇ ਦਗਿਆਂ ਵਿਚ ਲਗੀ ਹੈ ਉਹ ਪ੍ਰੇਮ ਤੋਂ ਵਿਛੁੜੀ ਹੋਈ ਹੈ। ੩. ਕਿਉਂਕਿ ਪੁਤਰ, ਕਲਤ੍ਰ=ਇਸਤਰੀ, ਧਨ ਆਦਿਕ ਸੰਗੀ ਨਹੀਂ ਹਨ, ਇਕ ਉਹ ਨਾਸ ਤੋਂ ਰਹਿਤ ਹਰੀ ਹੀ ਸੰਗੀ ਹੋਵੇਗਾ। ੪. ਸਾਰੀ ਦੁਨੀਆਂ ਐਵੇਂ ਹੀ ਮੋਹ ਦੇ ਧੰਧਿਆਂ ਵਿਚ ਫਸ ਫਸ ਕੇ ਮੋਈ ਹੈ। ੫. ਜੋ ਇਕ ਹਰੀ ਦੇ ਨਾਮ ਤੋਂ ਬਿਨਾਂ ਹਨ, ਉਹਨਾਂ ਦੀ ਇਜ਼ਤ ਅੱਗੇ ਖੋਹ ਲਈ ਜਾਂਦੀ

ਹੈ । ੬. ਦਯੁ=ਪ੍ਰੇਰਕ ਨੂੰ ਵਿਸਾਰ ਕੇ ਵਿਗੁਚਣਾ=ਖਰਾਬ ਹੋਣਾ ਹੁੰਦਾ ਹੈ, ਕਿਉਂਕਿ ਪ੍ਰਭੂ ਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ । ੭. ਜੋ ਪ੍ਰਭੂ ਪ੍ਰੀਤਮ ਦੀ ਚਰਣੀ ਲਗੇ ਹਨ, ਤਿਨ੍ਹਾਂ ਦੀ ਸੋਭਾ ਨਿਰਮਲ ਹੈ । ੮. ਸਤਿਗੁਰੂ ਜੀ ਆਖਦੇ ਹਨ, ਹੇ ਭਾਈ ! ਤੁਸੀਂ ਪ੍ਰਭੂ ਅਗੇ ਬੇਨਤੀ ਕਰੋ, ਤਦ ਤੁਸੀਂ ਪ੍ਰਭੂ ਨੂੰ ਮਿਲੋਗੇ ਤੇ ਪ੍ਰਭੂ ਤੁਹਾਨੂੰ ਪ੍ਰਾਪਤ ਹੋਵੇਗਾ । ੯. ਵੈਸਾਖ ਦੁਆਰਾ ਆਖਦੇ ਹਨ, ਸੁਹਾਵਾ=ਅਨੰਦ ਤਦ ਲਗੈ=ਬਣਦਾ ਹੈ ਜਦ ਉਹ ਹਰੀ ਸੰਤਾਂ ਨਾਲ ਮਿਲਾਵੇ ॥੩॥

**੧. ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ ੨. ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ ੩. ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ ੪. ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ ੫. ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ ੬. ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ ੭. ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ ੮. ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ ੯. ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ**

# ਮਥੰਨਿ ॥੪॥

ਅਰਥ—੧. ਜੇਠ ਦੁਆਰਾ ਆਖਦੇ ਹਨ, ਉਸ ਹਰੀ ਨਾਲ ਜੁੜਨਾ ਲੋੜੀਦਾ ਹੈ, ਜਿਸ ਦੇ ਅਗੇ ਸਾਰੇ ਨੀਉਂਦੇ ਹਨ। ੨. ਹਰੀ ਸੱਜਣ ਦੇ ਦਾਵਣਿ=ਪਲੇ ਲਗਿਆਂ ਫਿਰ ਉਹ ਕਿਸੇ ਨੂੰ ਵੀ ਬੰਨ੍ਹ ਕੇ ਨਹੀਂ ਦੇਂਦਾ ਹੈ ਭਾਵ ਫਿਰ ਕਿਸੇ ਜੂਨ ਵਿਚ ਨਹੀਂ ਭੇਜਦਾ ਹੈ। ੩. ਜੋ ਮਾਣਕ ਮੋਤੀ ਰੂਪ ਪ੍ਰਭੂ ਦਾ ਨਾਮ ਹੈ। ਉਸ ਨੂੰ ਸੰਨ੍ਹ ਨਹੀਂ ਲਗਦੀ। ੪. ਜਿੰਨੇ ਮਨ ਨੂੰ ਭਾਉਂਦੇ ਹਨ, ਇਹ ਸਾਰੇ ਰੰਗ ਨਾਰਾਇਣ ਦੇ ਪੈਦਾ ਕੀਤੇ ਹੋਏ ਹਨ। ੫. ਹਰੀ ਜੋ ਕੁਝ ਕਰਿਆ ਚਾਹੁੰਦਾ ਹੈ ਉਹ ਹੁਕਮ ਕਰਦਾ ਹੈ, ਅਤੇ ਜੀਵ ਉਸੇ ਦੇ ਹੁਕਮ ਵਿਚ ਕਰਮ ਕਰਦੇ ਹਨ। ੬. ਜੋ ਪੁਰਸ਼ ਪ੍ਰਭੂ ਨੇ ਆਪਣੇ ਦਾਸ ਕੀਤੇ ਹਨ ਉਹੀ ਜਗਤ ਵਿਚ ਧੰਨ-ਧੰਨ ਕਹੀਦੇ ਹਨ। ੭. ਜੇਕਰ ਆਪਣਾ ਲਿਆ ਵਾਹਿਗੁਰੂ ਮਿਲਦਾ ਹੋਵੇ ਤਾਂ ਵਿਛੜੇ ਹੋਏ ਕਿਉਂ ਰੋਵਣ ਭਾਵ ਕਦੇ ਨਾ ਰੋਵਣ। ੮. ਸਤਿਗੁਰੂ ਜੀ ਆਖਦੇ ਹਨ, ਸਾਧ ਸੰਗ ਪ੍ਰਾਪਤ ਹੋਵੇ ਤਾਂ ਉਸ ਦਾ ਅਨੰਦ ਮਾਣੀਦਾ ਹੈ। ੯. ਜੇਠ ਦੁਆਰਾ ਆਖਦੇ ਹਨ ਹਰੀ ਧਣੀ=ਮਾਲਕ ਦਾ ਤਿਸਨੂੰ ਰੰਗੀਲਾ=ਅਨੰਦ ਪ੍ਰਾਪਤ ਹੋਇਆ ਹੈ ਜਿਸ ਦੇ ਮੱਥੇ ਤੇ ਉੱਤਮ ਭਾਗ ਹਨ ॥੪॥

**੧. ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ੨. ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ ੩. ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ ੪. ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ ੫. ਰੈਣਿ ਵਿਹਾਣੀ ਪਛੁਤਾਣੀ**

# ਉਠਿ ਚਲੀ ਗਈ ਨਿਰਾਸ ॥ ੬. ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥ ੭. ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥ ੮. ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥ ੯. ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥

ਅਰਥ—ਹਾੜ ਦੁਆਰਾ ਆਖਦੇ ਹਨ ਤਪੰਦਾ=ਦੁਖ ਤਿਸ ਨੂੰ ਲਗਦਾ ਹੈ, ਜਿਸ ਦੇ ਪਾਸ ਹਰੀ ਰੂਪ ਪਤੀ ਨਹੀਂ ਹੈ। ੨. ਕਿਉਂਕਿ ਉਹ ਜਗਤ ਦੇ ਜੀਵਨ ਰੂਪ ਪ੍ਰਭੂ ਪੁਰਖ ਨੂੰ ਛੱਡ ਕੇ ਮਨੁਖ ਦੀ ਆਸਾ ਕਰਦੀ ਹੈ। ੩. ਦ੍ਵੈਤ ਭਾਵ ਕਰ ਕੇ ਖਰਾਬ ਹੁੰਦੀ ਹੈ, ਕਿਉਂਕਿ ਉਸ ਦੇ ਗਲ ਵਿਚ ਜਮਾਂ ਦੀ ਫਾਹੀ ਪਈ ਹੋਈ ਹੈ। ਜਿਵੇਂ-ਜੇਹਾ ਕੋਈ ਬੀਜਦਾ ਹੈ, ਉਹ ਹੀ ਵੱਢੀਦਾ ਹੈ। ਇਵੇਂ ਹੀ ਜੋ ਮੱਥੇ ਤੇ ਲਿਖਿਆ ਹੈ, ਉਸ ਦਾ ਫਲ ਜ਼ਰੂਰ ਪਾਈਦਾ ਹੈ। ੫. ਜਦ ਉਮਰਾ ਰੂਪ ਰਾਤ ਬੀਤ ਗਈ, ਤਾਂ ਉਹ ਮਨਮੁਖ ਇਸਤਰੀ ਪਛਤਾਈ ਅਤੇ ਨਿਰਾਸ ਹੋ ਕੇ ਉਠ ਕੇ ਜਮਲੋਕ ਨੂੰ ਚਲੀ ਗਈ ਹੈ। ੬. ਜਿਸ ਨੂੰ ਸੰਤ ਮਿਲਿਆ ਹੈ, ਉਹ ਦਰਗਾਹ ਵਿਚ ਖਲਾਸ=ਮੁਕਤ ਹੁੰਦਾ ਹੈ। ੭. ਹੇ ਪ੍ਰਭੂ! ਜਿਸ ਨੂੰ ਤੂੰ ਆਪਣੀ ਕ੍ਰਿਪਾ ਕਰਦਾ ਹੈਂ, ਤਿਸ ਨੂੰ ਤੇਰੇ ਦਰਸ਼ਨ ਦੀ ਪਿਆਸ ਹੁੰਦੀ ਹੈ। ੮. ਸਤਿਗੁਰੂ ਜੀ ਆਖਦੇ ਹਨ, ਮੇਰੀ ਏਹੀ ਬੇਨਤੀ ਹੈ, ਕਿ ਤੈਥੋਂ ਬਿਨਾਂ ਹੋਰ ਕੋਈ ਰਾਖਾ ਨਹੀਂ ਹੈ। ੯. ਹਾੜ ਦੁਆਰਾ ਆਖਦੇ ਹਨ, ਤਿਸ ਨੂੰ ਸੁਖ ਲਗਦਾ ਹੈ, ਜਿਸ ਦੇ ਮਨ ਵਿਚ ਹਰੀ ਦੇ ਚਰਨਾਂ ਦਾ ਵਾਸਾ ਹੈ ॥੫॥

੧. ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ ੨. ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥ ੩. ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ ੪. ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ ੫. ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ ੬. ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ ੭. ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥ ੮. ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥ ੯. ਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

ਅਰਥ—੧. ਸਾਵਣ ਦੁਆਰਾ ਆਖਦੇ ਹਨ, ਜਿਸ ਦਾ ਹਰੀ ਦੇ ਚਰਨ ਕਮਲਾਂ ਨਾਲ ਪਿਆਰ ਹੈ, ਉਹ ਜੀਵ ਇਸਤਰੀ ਸਰਸੀ=ਅਨੰਦ ਹੋਈ ਹੈ । ੨. ਉਸ ਦਾ ਮਨ ਤਨ ਸਚੇ ਪ੍ਰੇਮ ਵਿਚ ਰੰਗਿਆ ਗਿਆ ਹੈ ਅਤੇ ਿਕ ਨਾਮ ਹੀ ਉਸ ਦਾ ਆਸਰਾ ਹੈ । ੩. ਝੂਠਿਆਂ ਵਿਸ਼ਿਆਂ ਦੇ ਸਭੇ ਰੰਗ ਉਸ ਨੂੰ ਸਵਾਹ ਰੂਪ ਦਿਸਦੇ ਹਨ । ੪. ਜੋ ਸੋਭਾ ਵਾਲੀ ਹਰਿ

ਨਾਮ ਦੀ ਬੂੰਦ ਵਰਸਦੀ ਹੈ ਉਸ ਨੂੰ ਸਾਧ ਸੰਗਤਿ ਵਿਚ ਮਿਲ ਕੇ ਉਹ ਪੀਣ ਵਾਲਾ ਹੈ। ੫. ਸਮਰਥਾ ਵਾਲੇ ਅਪਾਰ ਪੁਰਖ ਪ੍ਰਭੂ ਦੇ ਪ੍ਰੇਮ ਨਾਲ ਉਸ ਦਾ ਵਣ (ਸਰੀਰ) ਤੇ ਤ੍ਰਿਣ (ਇੰਦ੍ਰੇ) ਅਨੰਦ ਹੋਏ ਹਨ। ੬. ਹਰੀ ਨੂੰ ਮਿਲਣ ਲਈ ਮਨ ਚਾਹੁੰਦਾ ਹੈ, ਪਰ ਗੁਰਾਂ ਦੀ ਕ੍ਰਿਪਾ ਮਿਲਾਵਣ ਵਾਲੀ ਹੈ। ੭. ਹੇ ਸਖੀਏ! ਜਿਸ ਨੇ ਪ੍ਰਭੂ ਨੂੰ ਪਾਇਆ ਹੈ, ਮੈਂ ਤਿਸ ਦੇ ਉਪਰੋਂ ਸਦਾ ਬਲਿਹਾਰ ਜਾਂਦਾ ਹਾਂ। ੮. ਸਤਿਗੁਰੂ ਜੀ ਆਖਦੇ ਹਨ ਹੇ ਹਰੀ ਜੀ! ਕ੍ਰਿਪਾ ਕਰੋ ਅਤੇ ਜਨਮ ਸਵਾਰਨ ਵਾਲਾ ਗੁਰਾਂ ਦਾ ਉਪਦੇਸ਼ ਮਿਲਾਓ। ੯. ਸਾਵਣ ਦੁਆਰਾ ਆਖਦੇ ਹਨ ਤਿਨ੍ਹਾਂ ਸੁਹਾਗਣੀਆਂ ਨੂੰ ਅਨੰਦ ਪ੍ਰਾਪਤ ਹੋਇਆ ਹੈ ਜਿਨ੍ਹਾਂ ਦੇ ਹਿਰਦੇ ਵਿਚ ਰਾਮ ਨਾਮ ਦਾ ਹਾਰ ਹੈ ॥੬॥

**੧. ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥ ੨. ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ ੩. ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥ ੪. ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥ ੫: ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥ ੬. ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ ੭. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ੮. ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥ ੯.**

**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥**

ਅਰਥ—੧. ਭਾਦਰੋਂ ਦੁਆਰਾ ਆਖਦੇ ਹਨ, ਜਿਨ੍ਹਾਂ ਦਾ ਦੂਜੇ ਪਦਾਰਥਾਂ ਵਿਚ ਹੇਤੁ=ਪਿਆਰ ਲਗਾ ਹੈ, ਉਹ ਭਰਮ ਵਿਚ ਭੁਲੀਆਂ ਹੋਈਆਂ ਹਨ। ੨. ਭਾਵੇਂ ਉਹਨਾਂ ਨੇ ਸਰੀਰ ਉਤੇ ਲੱਖਾਂ ਹੀ ਸ਼ਿੰਗਾਰਾਂ ਨੂੰ ਬਣਾਇਆ ਹੈ, ਪਰ ਉਹ ਸ਼ਿੰਗਾਰ ਉਹਨਾਂ ਦੇ ਕਿਸੇ ਵੀ ਕੰਮ ਨਹੀਂ ਹੈ। ੩. ਜਿਸ ਵੇਲੇ ਦੇਹ ਨਾਸ ਹੋਵੇਗੀ ਉਸ ਵੇਲੇ ਸਾਰੇ ਦੇਹ ਨੂੰ ਪ੍ਰੇਤ-ਪ੍ਰੇਤ ਕਹਿਣਗੇ। ੪. ਜਦ ਜਮਦੂਤਾਂ ਨੇ ਫੜ ਕੇ ਅਗੇ ਤੋਰਿਆ ਤਾਂ ਉਹਨਾਂ ਨੇ ਕਿਸੇ ਨੂੰ ਵੀ ਭੇਤ ਨਹੀਂ ਦੇਣਾ (ਜੋ ਅਸੀਂ ਇਸ ਨੂੰ ਲੈ ਚਲੇ ਹਾਂ)। ੫. ਜਿਨ੍ਹਾਂ ਨਾਲ ਜੀਵ ਦਾ ਪਿਆਰ ਲਗਾ ਹੋਇਆ ਹੈ, ਉਹ ਵੀ ਉਸੇ ਖਿਨ ਵਿਚ ਛਡ ਕੇ ਇਕ ਪਾਸੇ ਖਲੋ ਜਾਂਦੇ ਹਨ। ੬. ਉਸ ਵੇਲੇ ਜਮਦੂਤਾਂ ਨੂੰ ਦੇਖ ਕੇ ਜੀਵ ਹੱਥ ਮਲੇਗਾ ਤੇ ਇਸ ਦਾ ਸਰੀਰ ਕਪੈ=ਕੰਬੇਗਾ ਅਤੇ ਰੰਗ ਵੀ ਡਰ ਦੇ ਨਾਲ ਕਾਲੇ ਤੋਂ ਚਿੱਟਾ ਹੋ ਜਾਵੇਗਾ। ੭. ਕਰਮਾਂ ਦਾ ਖੇਤ ਜਿਹਾ ਬੀਜਿਆ ਹੋਵੇਗਾ ਉਹ ਵੱਢੇਗਾ ਭਾਵ ਮੰਦੇ ਕਰਮਾਂ ਦਾ ਫਲ ਦੁਖ ਤੇ ਚੰਗੇ ਕਰਮਾਂ ਦਾ ਫਲ ਸੁਖ ਉਸ ਵੇਲੇ ਪਾਵੇਗਾ। ੮. ਸਤਿਗੁਰੂ ਜੀ ਆਖਦੇ ਹਨ, ਹੇ ਪ੍ਰਭੂ! ਮੈਂ ਤੇਰੀ ਸ਼ਰਣ ਆਇਆ ਹਾਂ, ਤਾਂਤੇ ਹੇ ਪ੍ਰਭੂ! ਤੂੰ ਆਪਣੇ ਚਰਨਾਂ ਰੂਪ ਜਹਾਜ਼ ਮੈਨੂੰ ਦੇਹੁ। ੯. ਭਾਦਰੋਂ ਦੁਆਰਾ ਆਖਦੇ ਹਨ ਉਹ ਪੁਰਸ਼ ਨਰਕਾਂ ਵਿਚ ਨਹੀਂ ਪਾਈਦਾ ਹੈ, ਜਿਸ ਨੂੰ ਗੁਰੂ ਪ੍ਰੇਮ ਦੇ ਕੇ ਰੱਖਣ ਵਾਲਾ ਹੈ ॥੭॥

**੧. ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥ ੨. ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥**

੩. ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ ੪. ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥ ੫. ਜਿੰਨ੍ੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥ ੬. ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥ ੭. ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥ ੮. ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥ ੯. ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥

ਅਰਥ—੧. ਅਸੂ ਦੁਆਰਾ ਆਖਦੇ ਹਨ, ਮਨ ਵਿਚ ਪ੍ਰੇਮ ਦਾ ਉਤਸ਼ਾਹ ਆਇਆ ਹੈ, ਤਾਂਤੇ ਹਰੀ ਨੂੰ ਕਿਸ ਤਰ੍ਹਾਂ ਮਿਲੀਏ ? ੨. ਮਨ ਤਨ ਵਿਚ ਦਰਸ਼ਨ ਦੀ ਪਿਆਸ ਬਹੁਤੀ ਹੈ, ਤਾਂਤੇ ਹੇ ਮਾਇ=ਭਾਈ ! ਆਣ ਕੇ ਕੋਈ ਮਿਲਾਵੇ । ੩. ਪ੍ਰੇਮ ਦੇ ਰਸਤੇ ਦੇ ਸਹਾਈ ਸੰਤ ਹਨ, ਇਸ ਲਈ ਮੈਂ ਤਿਨ੍ਹਾਂ ਦੇ ਚਰਨੀਂ ਲਗਦੀ ਹਾਂ । ੪. ਪ੍ਰਭੂ ਤੋਂ ਬਿਨਾਂ ਕਿਸ ਤਰ੍ਹਾਂ ਸੁਖ ਪਾਈਦਾ ਹੈ, ਭਾਵ ਕਿਸੇ ਤਰ੍ਹਾਂ ਸੁਖ ਨਹੀਂ ਪਾਈਦਾ ਹੈ, ਕਿਉਂਕਿ ਸੁਖ ਵਾਲੀ ਹੋਰ ਕੋਈ ਦੂਜੀ ਜਗ੍ਹਾ ਨਹੀਂ ਹੈ । ੫. ਜਿਨ੍ਹਾਂ ਨੇ ਪ੍ਰੇਮ ਦਾ ਰਸ=ਸਵਾਦ ਚਖਿਆ ਹੈ ਉਹ ਤ੍ਰਿਪਤੀ ਪਾ ਕੇ ਰੱਜ ਰਹੇ ਹਨ । ੬. ਆਪਿ=ਹੰਕਾਰ ਛਡ ਕੇ ਬੇਨਤੀ ਕਰਦੀ ਹਾਂ, ਕਿ ਹੇ ਪ੍ਰਭੂ ! ਲੜ ਲਾਇ ਲਵੋ । ੭. ਹਰੀ

ਕੰਤ! ਜੋ ਤੂੰ ਆਪਣੇ ਨਾਲ ਮਿਲਾਈਆਂ ਹਨ, ਉਹ ਤੈਥੋਂ ਵਿਛੜ ਕੇ ਹੋਰ ਕਿਧਰੇ ਨਹੀਂ ਜਾਂਦੀਆਂ ਹਨ।.੮. ਸਤਿਗੁਰੂ ਜੀ ਆਖਦੇ ਹਨ, ਪ੍ਰਭੂ ਤੋਂ ਬਿਨਾਂ ਹੋਰ ਕੋਈ ਸੁਖ ਦੇਣ ਵਾਲਾ ਦੂਜਾ ਨਹੀਂ ਹੈ, ਤਾਂਤੇ ਹੇ ਭਾਈਓ! ਹਰੀ ਦੀ ਸਰਣੀ ਆਵੋ। ੯. ਅਸੂ ਦੁਆਰਾ ਉਪਦੇਸ਼ ਦੇਂਦੇ ਹਨ ਕਿ ਜਿਨ੍ਹਾਂ ਉਤੇ ਹਰੀ ਰਾਜੇ ਦੀ ਮਇਆ=ਕ੍ਰਿਪਾ ਹੋਈ ਹੈ ਉਹ ਸੁਖੀ ਹੋ ਕੇ ਵਸਦੀਆਂ ਹਨ ॥੮॥

੧. ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥ ੨. ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ੩. ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ ੪. ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥ ੫. ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥ ੬. ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥ ੭. ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥ ੮. ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥ ੯. ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥

ਅਰਥ—ਕੱਤਕ ਦੁਆਰਾ ਆਖਦੇ ਹਨ, ਕਰਮਾਂ ਦੇ ਕਮਾਉਣੇ ਅਨੁਸਾਰ ਹੀ ਦੁਖ ਸੁਖ ਮਿਲਦਾ ਹੈ, ਤਾਂਤੇ ਕਿਸੇ ਨੂੰ ਦੋਸ਼ ਦੇਣਾ ਯੋਗ ਨਹੀਂ ਹੈ। ੨. ਪਰਪਰਮੇਸਰ ਤੋਂ ਭੁਲਿਆਂ ਹੋਇਆਂ ਨੂੰ ਹੀ ਸਾਰੇ ਰੋਗ ਲਗਦੇ ਹਨ। ੩. ਜੋ ਰਾਮ ਤੋਂ ਬੇਮੁਖ ਹੋਏ ਹਨ, ਉਨ੍ਹਾਂ ਨੂੰ ਜਨਮ ਵਿਜੋਗ=ਮਰਨ ਦੇ ਦੁਖ ਵਿਚ ਲਗਾਣਗੇ। ੪. ਜਿੰਨੇ ਮਾਇਆ ਦੇ ਭੋਗ ਸਨ, ਉਹ ਸਾਰੇ ਹੀ ਉਹਨਾਂ ਲਈ ਇਕ ਖਿਨ ਵਿਚ ਹੀ ਕੌੜੇ ਹੋ ਗਏ ਹਨ। ੫. ਉਸ ਵੇਲੇ ਦੀ ਵਿਚੁ=ਵਿਚੋਂ ਲਗੀ ਕੋਈ ਵੀ ਨਹੀਂ ਕਰ ਸਕਦਾ ਤਾਂਤੇ ਕਿਸ ਕੋਲ ਰੋਜ਼ ਦਾ ਰੋਜ਼ ਰੋਵੀਏ (ਭਾਵ ਪੁਕਾਰ ਕਰੀਏ)। ੬. ਆਪਣਾ ਕੀਤਾ ਕੁਝ ਨਹੀਂ ਹੁੰਦਾ ਜੋ ਧੁਰ ਤੋਂ ਹੀ ਕਰਮਾਂ ਦਾ ਸੰਜੋਗ ਲਿਖਿਆ ਹੁੰਦਾ ਹੈ, ਉਹੀ ਹੁੰਦਾ ਹੈ। ੭. ਵਡੇ ਭਾਗਾਂ ਕਰ ਕੇ ਮੇਰਾ ਮਨ ਪ੍ਰਭੂ ਨੂੰ ਮਿਲੇ ਤਾਂ ਇਸ ਦੇ ਸਾਰੇ ਹੀ ਵਿਛੋੜੇ ਉਤਰ ਜਾਣਗੇ। ੮. ਸਤਿਗੁਰੂ ਜੀ ਆਖਦੇ ਹਨ, ਹੇ ਪ੍ਰਭੂ ਮੇਰੇ ਸਾਹਿਬ! ਮੋਹ ਰੂਪ ਫਾਹੀ—'ਬੰਦੀ' ਮੋਚ=ਕਟ ਕੇ ਦਾਸ ਨੂੰ ਜਨਮ ਮਰਨ ਤੋਂ ਰਖ ਲੈ। ੯. ਕੱਤਕ ਦੁਆਰਾ ਆਖਦੇ ਹਨ ਕਿ ਸਾਧ ਸੰਗ ਪ੍ਰਾਪਤ ਹੋਵੇ ਤਾਂ ਸਾਰੀਆਂ ਸੋਚਾਂ ਨਾਸ ਹੁੰਦੀਆਂ ਹਨ ॥੯॥

**੧. ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥ ੨. ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥ ੩. ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥ ੪. ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ ੫. ਤਿਨ**

**ਦੂਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ ੬. ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥ ੭. ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥ ੮. ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥ ੯. ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥**

ਅਰਥ—੧. ਮਘਰ ਮਹੀਨੇ ਦੁਆਰਾ ਆਖਦੇ ਹਨ, ਜੋ ਜੀਵ ਇਸਤ੍ਰੀਆਂ ਹਰੀ ਪਤੀ ਦੇ ਨਾਲ ਬੈਠੀਆਂ ਹੋਈਆਂ ਹਨ, ਉਹ ਸੋਭਾ ਵਾਲੀਆਂ ਹਨ। ੨. ਜਿਹੜੀਆਂ ਸਾਹਿਬ ਨੂੰ ਮਿਲੀਆਂ ਹਨ, ਤਿਨ੍ਹਾਂ ਦੀ ਸੋਭਾ ਕੀਹ ਗਿਣੀਏ ? ਭਾਵ ਬੇਅੰਤ ਸੋਭਾ ਹੈ। ੩. ਜੋ ਸਾਧ ਸੰਗ ਦੀਆਂ ਸਹੇਲੀਆਂ ਹਨ, ਉਹਨਾਂ ਦਾ ਤਨ ਮਨ ਰਾਮ ਨਾਮ ਨਾਲ ਮੌਲਿਆ ਭਾਵ ਅਨੰਦਂ ਹੋਇਆ ਹੈ। ੪. ਜੋ ਸਾਧ ਜਨਾਂ ਤੋਂ ਬਾਹਰੀਆਂ ਹਨ, ਉਹ ਇਕੱਲੀਆਂ ਰਹਿੰਦੀਆਂ ਹਨ। ੫. ਅਤੇ ਤਿਨ੍ਹਾਂ ਦੇ ਦੁਖ ਕਦੇ ਵੀ ਨਹੀਂ ਉਤਰਦਾ ਹੈ ਕਿਉਂਕਿ ਉਹ ਜਮ ਦੇ ਵਸੁ ਪਈਆਂ ਹੋਈਆਂ ਹਨ। ੬. ਜਿਨ੍ਹਾਂ ਨੇ ਆਪਣਾ ਪ੍ਰਭੂ ਰਾਵਿਆ ਹੈ ਉਹ ਸਦਾ ਹੀ ਸਤਿਸੰਗ ਵਿਚ ਖਲੋਤੀਆਂ ਦਿਸਦੀਆਂ ਹਨ। ੭. ਤਿਨ੍ਹਾਂ ਦੇ ਕੰਠ ਵਿਚ ਹਰੀ ਪ੍ਰਾਪਤੀ ਲਈ ਰਤਨ=ਵੈਰਾਗ, ਜਵੇਹਰ=ਸ੍ਰਵਣ, ਮੰਨਨ, ਨਿਧਯਾਸਨ ਅਤੇ ਲਾਲ= ਪ੍ਰੇਮ ਜੜ੍ਹਿਆ ਹੋਇਆ ਹੈ। ੮. ਸਤਿਗੁਰੂ ਜੀ ਆਖਦੇ ਹਨ ਅਸੀਂ ਤਿਨ੍ਹਾਂ

ਦੀ ਚਰਨ ਧੂੜ ਬਾਛੈ=ਮੰਗਦੇ ਹਾਂ, ਜੋ ਪ੍ਰਭੂ ਦੇ ਦਰ ਦੀ ਸਰਣੀ ਪਈਆਂ ਹਨ । ੯. ਮੱਘਰ ਦੁਆਰਾ ਆਖਦੇ ਹਨ, ਜਿਨ੍ਹਾਂ ਨੇ ਪ੍ਰਭੂ ਦਾ ਅਰਾਧਨਾ ਕੀਤਾ ਹੈ, ਉਹ ਫਿਰ ਜੰਮਦੀਆਂ ਮਰਦੀਆਂ ਨਹੀਂ ਹਨ ॥੧੦॥

੧. ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥ ੨. ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ ੩. ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ ੪. ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥ ੫. ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥ ੬. ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥ ੭. ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥ ੮. ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥ ੯. ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥

ਅਰਥ—੧. ਪੋਹ ਦੁਆਰਾ ਆਖਦੇ ਹਨ, ਉਨ੍ਹਾਂ ਨੂੰ ਜੜ੍ਹਤਾ ਰੂਪ ਤੁਖਾਰ=ਬਰਫ ਨਹੀਂ ਵਿਆਪਦੀ ਹੈ, ਜਿਨ੍ਹਾਂ ਦੇ ਗਲ ਹਰੀ ਨਾਹ=ਪਤੀ ਮਿਲਿਆ ਹੈ । ੨. ਉਹਨਾਂ ਦਾ ਮਨ ਪਤੀ ਦੇ ਚਰਨ ਅਰਬਿੰਦ=ਕਵਲਾਂ

ਨਾਲ ਵਿੰਨ੍ਹਿਆ ਗਿਆ ਹੈ, ਅਤੇ ਦਰਸ਼ਨ ਦਾ ਉਤਸ਼ਾਹ ਲੱਗਾ ਹੋਇਆ ਹੈ। ੩. ਉਸ ਨੇ ਗੋ+ਪਾਲ=ਪ੍ਰਿਥਵੀ ਪਾਲਕ ਗੋਬਿੰਦ ਰਾਜੇ ਦੀ ਓਟ ਲੈ ਕੇ ਸੁਆਮੀ ਦੀ ਸੇਵਾ ਕਰਨ ਰੂਪ ਲਾਭ ਲਿਆ ਹੈ। ੪. ਇਸ ਲਈ ਉਸ ਨੂੰ ਬਿਖਿਆ=ਮਾਇਆ ਨਹੀਂ ਪੋਹ ਸਕਦੀ ਅਤੇ ਉਹ ਸਾਧੂਆਂ ਨਾਲ ਮਿਲ ਕੇ ਗੋਬਿੰਦ ਦੇ ਗੁਣ ਗਾਉਂਦੀ ਹੈ। ੫. ਜਿਥੋਂ ਪੈਦਾ ਹੋਈ ਸੀ ਤਿਸੇ ਦੇ ਨਾਮ ਵਿਚ ਸਚੀ ਪ੍ਰੀਤ ਕਰ ਕੇ ਮਿਲੀ ਹੋਈ ਹੈ, ਇਸ ਲਈ ਉਸ ਨੂੰ ਸਮਾਹੁ=ਅਨੰਦ ਪ੍ਰਾਪਤ ਹੋਇਆ ਹੈ। ੬. ਜਿਸੁ ਨੂੰ ਪਾਰਬ੍ਰਹਮ ਨੇ ਹੱਥ ਤੋਂ ਫੜ ਲਿਆ ਹੈ, ਉਹ ਪਾਰਬ੍ਰਹਮ ਨਾਲੋਂ ਫਿਰ ਨਹੀਂ ਵਿਛੜੀ ਹੈ। ੭. ਅਗਾਹੁ=ਥਾਹ ਤੋਂ ਰਹਿਤ, ਅਗਮ=ਪਹੁੰਚ ਤੋਂ ਪਰੇ, ਹਰੀ ਸੱਜਣ ਤੋਂ ਲੱਖਾਂ ਵਾਰੀ ਬਲਿਹਾਰ ਜਾਂਦੀ ਹਾਂ। ੮. ਸਤਿਗੁਰੂ ਜੀ ਆਖਦੇ ਹਨ, ਜੋ ਸਾਧ ਸੰਗ ਰੂਪ ਵਾਹਿਗੁਰੂ ਦੇ ਦਰ ਤੇ ਪਈ ਹੈ ਉਸ ਦੀ ਸ਼ਰਮ ਨਾਰਾਇਣ ਨੂੰ ਪਈ ਹੈ ਭਾਵ ਵਾਹਿਗੁਰੂ ਉਸ ਦੇ ਸਾਰੇ ਕੰਮ ਸੁਆਰਦਾ ਹੈ। ੯. ਪੋਹ ਦੁਆਰਾ ਆਖਦੇ ਹਨ, ਜਿਸ ਦੇ ਔਗੁਣ ਵੇਪਰਵਾਹ ਵਾਹਿਗੁਰੂ ਨੇ ਬਖਸ਼ੇ ਹਨ, ਉਸ ਨੂੰ ਸਭ ਤਰ੍ਹਾਂ ਕਰ ਕੇ ਸੁਖ ਹੀ ਸੋਭਦਾ ਹੈ ॥੧੧॥

**੧. ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ੨. ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ ੩. ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ੪. ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ ੫. ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ੬. ਅਠਸਠਿ**

# ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ੭. ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ੮. ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ੯. ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

ਅਰਥ—੧. ਮਾਘ ਦੁਆਰਾ ਆਖਦੇ ਹਨ, ਜੋ ਸਾਧੂਆਂ ਦੀ ਚਰਨ ਧੂੜੀ ਦਾ ਇਸ਼ਨਾਨ ਕਰਨਾ ਹੈ, ਏਹੀ ਮਾਘੀ ਦਾ ਮਜਨ=ਇਸ਼ਨਾਨ ਹੈ। ੨. ਤਾਂਤੇ ਇਹ ਇਸ਼ਨਾਨ ਕਰ ਕੇ ਹਰੀ ਦਾ ਨਾਮ ਧਿਆਵੋ ਤੇ ਸੁਣੋ ਅਤੇ ਹਰਿ ਨਾਮ ਦਾ ਹੀ ਸਾਰਿਆਂ ਨੂੰ ਦਾਨ ਕਰੋ। ੩. ਇਸ ਤਰ੍ਹਾਂ ਕੀਤਿਆਂ ਜਨਮਾਂ ਜਨਮਾਂ ਦੇ ਸੰਚਤ ਕਰਮਾਂ ਰੂਪ ਮੈਲ ਉਤਰ ਜਾਵੇਗੀ, ਅਤੇ ਮਨ ਤੇਂ ਹੰਕਾਰ ਚਲਾ ਜਾਵੇਗਾ। ੪. ਫਿਰ ਕਾਮ ਕ੍ਰੋਧ ਤੇ ਮੋਹ ਨਹੀਂ ਰਹੇਗਾ, ਅਤੇ ਲੋਭ ਰੂਪ ਕੁੱਤਾ ਵੀ ਨਾਸ ਹੋਵੇਗਾ। ੫. ਸਚੇ ਰਸਤੇ ਉਤੇ ਚਲਦਿਆਂ ਹੋਇਆਂ ਸਾਰਾ ਜਹਾਨ ਉਸਤਤੀ ਕਰਦਾ ਹੈ। ੬. ਅਠਾਹਠ ਤੀਰਥਾਂ ਦਾ ਇਸ਼ਨਾਨ ਤੇ ਸਾਰੇ ਪੁੰਨਾਂ ਵਿਚੋਂ ਜੀਅ ਦਾਨ ਦੇਣ ਦੀ ਦਇਆ ਹੀ ਪਰਵਾਣ ਹੈ (ਭਾਵ—ਜੀਵ ਨੂੰ ਮੁਰਦੇ ਤੋਂ ਜ਼ਿੰਦਾ ਕਰਨ ਦੀ ਦਇਆ, ਯਥਾ—'ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਣ ਮਿਲਾਏ' ਅਰਥਾਤ ਭਗਤੀ ਦਾਨ ਦੇਣਾ ਹੀ ਪਰਵਾਨ ਹੈ)। ੭. ਜਿਨ੍ਹਾਂ ਨੂੰ ਵਾਹਿਗੁਰੂ ਭਗਤੀ ਦਾ ਦਾਨ ਦਇਆ ਕਰ ਕੇ ਦੇਂਦਾ ਹੈ ਓਹੀ ਸੁਜਾਨ ਪੁਰਖ ਹਨ। ੮. ਸਤਿਗੁਰੂ ਜੀ ਆਖਦੇ ਹਨ, ਜਿਨ੍ਹਾਂ ਨੂੰ ਆਪਣਾ ਪ੍ਰਭੂ ਮਿਲਿਆ ਹੈ, ਮੈਂ ਤਿਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ। ੯. ਮਾਘ ਦੁਆਰਾ ਆਖਦੇ ਹਨ,

ਜਿਨ੍ਹਾਂ ਉਤੇ ਪੂਰਾ ਗੁਰੂ ਮਿਹਰਵਾਨ ਹੋਇਆ ਹੈ ਉਹ ਸਚੇ ਕਾਂਢੀਅਹਿ= ਕਹੀਦੇ ਹਨ ॥੧੨॥

੧. ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ ੨. ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ ੩. ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥ ੪. ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ ੫. ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ ੬. ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥ ੭. ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥ ੮. ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥ ੯. ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

ਅਰਥ—੧. ਫਲਗੁਣਿ=ਫੱਗਣ ਦੁਆਰਾ ਆਖਦੇ ਹਨ, ਜਿਨ੍ਹਾਂ ਨੂੰ

ਹਰੀ ਸੱਜਣ ਆਇ ਪ੍ਰਗਟਿਆ ਹੈ, ਉਹਨਾਂ ਨੂੰ ਅਨੰਦ ਉਪਾਰਜਨਾ=ਪੈਦਾ ਹੋਇਆ ਹੈ। ੨. ਰਾਮ ਦੇ ਮਿਲਾਉਣ ਵਿਚ ਸੰਤ ਹੀ ਸਹਾਈ ਹਨ ਅਤੇ ਉਨ੍ਹਾਂ ਨੇ ਕਿਰਪਾ ਕਰ ਕੇ ਹਰੀ ਨਾਲ ਮਿਲਾਇ ਦਿਤਾ ਹੈ। ੩. ਸਾਰੇ ਸੁਖਾਂ ਨੂੰ ਪਾ ਕੇ ਅੰਤਹਕਰਣ ਰੂਪ ਸੇਜਾ ਸੋਭਾ ਵਾਲੀ ਹੋਈ ਹੈ ਅਤੇ ਹੁਣ ਦੁਖਾਂ ਦੀ ਕੋਈ ਜਗ੍ਹਾ ਨਹੀਂ ਰਹੀ ਹੈ। ੪. ਉਸ ਵਡਭਾਗਣੀ ਨੇ ਹਰੀ ਰਾਜੇ ਪਤੀ ਨੂੰ ਪਾਇਆ ਹੈ, ਤੇ ਇਛਾ ਪੂਰੀ ਹੋਈ ਹੈ। ੫. ਸੰਤ ਸਖੀਆਂ ਉਸ ਨਾਲ ਮਿਲ ਕੇ ਜਸ ਗਾਉਂਦੀਆਂ ਤੇ ਗੋਬਿੰਦ ਦੇ ਜਸ ਰੂਪ ਗੀਤਾਂ ਨੂੰ ਅਲਾਉਂਦੀਆਂ ਹਨ। ੬. ਜਿਸ ਹਰੀ ਜੇਹਾ ਹੋਰ ਕੋਈ ਨਹੀਂ ਦਿਸਦਾ ਤੇ ਨਾ ਹੀ ਕੋਈ ਦੂਜਾ ਉਸ ਹਰੀ ਦੇ ਲਵੈ=ਬਰਾਬਰ ਲਾਇਆ ਜਾਂਦਾ ਹੈ। ੭. ਉਸ ਨੇ ਹਲਤ ਪਲਤ=ਲੋਕ ਪ੍ਰਲੋਕ ਨੂੰ ਸਵਾਰਿਆ ਹੈ, ਅਤੇ ਸ੍ਵਰੂਪ ਰੂਪੀ ਅਚੱਲ ਜਗ੍ਹਾ ਦਿਤੀ ਹੈ। ੮. ਸੰਸਾਰ ਸਮੁੰਦਰ ਤੋਂ ਰੱਖ ਲਿਆ ਹੈ ਇਸ ਲਈ ਫਿਰ ਜਨਮ ਮਰਨ ਵਿਚ ਨਹੀਂ ਜਾਂਦਾ ਹੈ। ੯. ਸਤਿਗੁਰੂ ਜੀ ਆਖਦੇ ਹਨ, ਸਾਡੀ ਜਿਹਬਾ ਇਕ ਹੈ ਤੇ ਵਾਹਿਗੁਰੂ ਦੇ ਗੁਣ ਅਨੇਕਾਂ ਹਨ, ਇਸ ਲਈ ਸਾਰੇ ਨਹੀਂ ਕਹੇ ਜਾਂਦੇ, ਪਰ ਕਿਹਾ ਜਾਂਦਾ ਹੈ ਕਿ ਜੋ ਉਸ ਦੀ ਚਰਨੀਂ ਪਏ ਹਨ, ਸੋ ਤਰੇ ਹਨ। ੧੦. ਫੱਗਣ ਦੁਆਰਾ ਆਖਦੇ ਹਨ, ਜਿਸ ਨੂੰ ਤਿਲ ਜਿੰਨਾ ਵੀ ਤਮ੍ਹਾਂ ਨਹੀਂ ਹੈ, ਤਿਸੇ ਨੂੰ ਸਦਾ ਹੀ ਸਲਾਹੋ ॥੧੩॥

**੧. ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥ ੨. ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥ ੩. ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ ੪. ਪ੍ਰੇਮ ਭਗਤਿ ਤਿਨ ਪਾਈਆ**

## ਬਿਖਿਆ ਨਾਹਿ ਜਰੇ ॥ ੫. ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ ੬. ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥ ੭. ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ ੮. ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥

ਅਰਥ—੧. ਜਿਨ੍ਹਾਂ ਜਿਨ੍ਹਾਂ ਨੇ ਉਸ ਦਾ ਨਾਮ ਧਿਆਇਆ ਹੈ ਤਿਨ੍ਹਾਂ ਦੇ ਕੰਮ ਪੂਰੇ ਸਰੇ=ਹੋਏ ਹਨ । ੨. ਜਿਨ੍ਹਾਂ ਨੇ ਹਰੀ ਰੂਪ ਪੂਰਾ ਗੁਰੂ ਅਰਾਧਿਆ ਹੈ, ਉਹ ਦਰਗਾਹ ਵਿਚ ਸਚੇ ਹੋ ਕੇ ਖਲੋਤੇ ਹਨ । ੩. ਅਤੇ ਸਾਰਿਆਂ ਸੁਖਾਂ ਦੇ ਸਮੁੰਦਰ ਹਰੀ ਦੇ ਚਰਨਾਂ ਨੂੰ ਪਾਉਣ ਵਾਲੇ ਕਠਿਨ ਸੰਸਾਰ ਸਮੁੰਦਰ ਤੋਂ ਤਰੇ ਹਨ । ੪. ਤਿਨ੍ਹਾਂ ਨੇ ਪ੍ਰੇਮਾ ਭਗਤੀ ਨੂੰ ਪਾਇਆ ਹੈ, ਇਸ ਲਈ ਉਹ ਫਿਰ ਵਿਸ਼ਿਆਂ ਰੂਪ ਅੱਗ ਵਿਚ ਨਹੀਂ ਸੜੇ ਹਨ। ੫. ਝੂਠ ਚਲਾ ਗਿਆ ਤੇ ਖੋਟੀ ਮਤ ਨਸ ਗਈ ਹੈ ਅਤੇ ਸਚ ਨਾਮ ਰੂਪ ਅੰਮ੍ਰਿਤ ਨਾਲ ਉਹਨਾਂ ਦੇ ਅੰਤਹ ਕਰਨ ਰੂਪ ਤਲਾਉ ਪੂਰਨ=ਲਬਾਲਬ ਭਰੇ ਗਏ ਹਨ। ੬. ਕਿਉਂਕਿ ਉਹ ਇਕ ਪਾਰਬ੍ਰਹਮ ਨੂੰ ਮਨ ਅੰਦਰ ਧਰ ਕੇ ਪ੍ਰਭੂ ਨੂੰ ਸੇਂਵਦੇ ਹਨ। ੭. ਉਸ ਲਈ ਸਭ ਮਹੀਨੇ, ਦਿਨ ਤੇ ਮਹੂਰਤ= ਦੋ ਘੜੀਆਂ ਭਲੇ ਹਨ, ਜਿਸ ਨੂੰ ਵਾਹਿਗੁਰੂ ਕਿਰਪਾ ਦੀ ਨਜ਼ਰ ਕਰਦਾ ਹੈ। ੮. ਸਤਿਗੁਰੂ ਜੀ ਆਖਦੇ ਹਨ, ਹੇ ਹਰੀ ! [ਮੈਂ] ਦਰਸ਼ਨ ਦਾ ਦਾਨ ਮੰਗਦਾ ਹਾਂ, ਕਿਰਪਾ ਕਰੋ, ਤੇ ਦਰਸ਼ਨ ਦੇਵੋ ॥੧੪॥੧॥

ੴ ਸਤਿਗੁਰ ਪ੍ਰਸਾਦਿ ॥

# ਸ਼ਬਦ ਹਜ਼ਾਰੇ

ਇਹ ਸੱਤ ਸ਼ਬਦ ਹਨ, ਭਾਵੇਂ ਇਹਨਾਂ ਦਾ ਸਿਰਲੇਖ 'ਸ਼ਬਦ ਹਜ਼ਾਰੇ' ਨਹੀਂ ਹੈ, ਪਰ ਆਮ ਕਰ ਕੇ ਇਹ ਸ਼ਬਦ ਇਸੇ ਨਾਮ ਨਾਲ ਪ੍ਰਸਿੱਧ ਹਨ। ਇਹਨਾਂ ਸੱਤਾਂ ਸ਼ਬਦਾਂ ਦੇ ਪਾਠ ਕਰਨ ਦਾ ਉਤਨਾ ਫਲ ਹੈ, ਜਿੰਨਾ ਸੱਤ ਹਜ਼ਾਰ ਸ਼ਬਦ ਪੜ੍ਹਨ ਦਾ ਫਲ ਮਿਲਦਾ ਹੈ ।

ਮਾਝ ਮਹਲਾ ੫ ਚਉਪਦੇ ਘਰੁ ੧ ॥

ਪਹਿਲਾ ਸ਼ਬਦ ਮਾਝ ਰਾਗ ਦਾ ਹੈ, ਜੋ ਪੰਜਵੇਂ ਗੁਰੂ ਜੀ ਨੇ ਲਾਹੌਰ ਤੋਂ ਪਿਤਾ ਗੁਰੂ ਜੀ ਦੇ ਚਰਨਾਂ ਵਿਚ ਪੱਤ੍ਰਕਾ ਰੂਪ ਵਿਚ ਲਿਖਿਆ ਸੀ। ਇਸ ਦੇ ਤਿੰਨ ਪਾਦ ਤਿੰਨ ਪੱਤ੍ਰਕਾ ਰੂਪ ਹੋ ਕੇ ਸਤਿਗੁਰੂ ਜੀ ਦੇ ਕੋਲ ਪੁਜੇ ਤੇ ਚੌਥਾ ਚਰਣ ਸਤਿਗੁਰੂ ਜੀ ਦੇ ਮਿਲਾਪ ਸਮੇਂ ਉਚਾਰਣ ਕਰ ਕੇ ਸ਼ਬਦ ਪੂਰਾ ਕੀਤਾ। ਇਸੇ ਕਸਵਟੀ ਦੀ ਪਰਖ ਉਤੇ ਪਰਖੇ ਜਾ ਕੇ ਹੀ ਸ੍ਰੀ ਗੁਰੂ ਅਰਜਨ ਜੀ ਨੇ ਗੁਰ ਪਦਵੀ ਪ੍ਰਾਪਤ ਕੀਤੀ ਸੀ ।

**੧. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ੨. ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ ੩. ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥ ੪. ਹਉ ਘੋਲੀ**

**ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥**

ਅਰਥ—੧. ਸ੍ਰੀ ਗੁਰੂ ਦੇ ਦਰਸ਼ਨ ਨੂੰ ਮੇਰਾ ਮਨ ਲੋਚਦਾ ਹੈ। ੨. ਪਪੀਹੇ ਵਾਂਗੂੰ ਬਿਲਪ=ਵਿਰਲਾਪ ਕਰਦਾ ਹੈ। ੩. ਤ੍ਰੇਹ ਲਹਿੰਦੀ ਨਹੀਂ ਤੇ ਮਨ ਨੂੰ ਸ਼ਾਂਤੀ ਨਹੀਂ ਆਉਂਦੀ। ਪਿਆਰੇ ਗੁਰੂ ਜੀ ਦਰਸ਼ਨ ਤੋਂ ਬਿਨਾਂ ਦੁਖੀ ਹਾਂ ॥੧॥ ੪. ਮੈਂ ਸਦਕੇ ਜਾਵਾਂ, ਪਿਆਰੇ ਸੰਤ—ਗੁਰੂ ਜੀ ਦੇ ਦਰਸ਼ਨ ਉਤੋਂ ਜ਼ਿੰਦਗੀ ਘੋਲ ਘੁਮਾਉਂਦਾ ਹਾਂ।

**੧. ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ੨. ਚਿਰੁ ਹੋਆ ਦੇਖੇ ਸਾਰਿੰਗਪਾਣੀ ॥ ੩. ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥ ੪. ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥**

ਅਰਥ—੧. ਜੀਉ! ਤੁਹਾਡਾ ਮੁਖੜਾ ਸੋਹਣਾ ਹੈ, ਜਿਸ ਵਿਚੋਂ ਨਿਕਲੀ ਬਾਣੀ ਦੀ ਅਵਾਜ਼ ਠੰਢ ਪਾਉਣ ਵਾਲੀ ਹੈ। ੨. ਮੈਂ ਪਪੀਹੇ ਨੂੰ ਦਰਸ਼ਨ ਰੂਪ ਪਾਣੀ ਵੇਖੇ ਨੂੰ ਚਿਰ ਹੋਇਆ ਹੈ। ੩ ਉਹ ਦੇਸ ਧੰਨ ਹੈ ਜਿਥੇ ਤੂੰ ਵਸ ਰਿਹਾ ਹੈਂ। ਹੇ ਪ੍ਰਮਾਤਮਾ ਦੇ ਮਿੱਤਰ! ਹੇ ਮੇਰੇ ਸਜਣ ਜੀਉ! ੪. ਮੈਂ ਘੋਲੀ ਜਾਵਾਂ ਮੁਰਾਰੀ ਦੇ ਮਿੱਤਰ ਗੁਰੂ ਸੱਜਣ ਤੋਂ, ਮੈਂ ਵਾਰੀ-ਘੋਲੀ ਜਾਵਾਂ ॥੨॥

**੧. ਇਕ ਘੜੀ ਨ ਮਿਲਤੇ ਤਾ ਕਲਿਜੁਗੁ**

ਹੋਤਾ ॥ ੨. ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ ੩. ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥ ੪. ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥

ਅਰਥ—੧. ਤੁਸੀਂ ਇਕ ਘੜੀ ਭਰ ਨਹੀਂ ਮਿਲਦੇ ਸੀ, ਤਾਂ ਮੇਰੇ ਵਾਸਤੇ ਕਲਿਜੁਗ ਹੋ ਜਾਂਦਾ ਸੀ। ੨. ਹੇ ਭਗਵੰਤ ਪਿਆਰੇ ! ਹੁਣ ਤੁਹਾਨੂੰ ਕਦੋਂ ਮਿਲਾਂਗਾ ? ੩. ਮੈਨੂੰ ਰਾਤ ਨਹੀਂ ਗੁਜ਼ਰਦੀ ਤੇ ਨਾ ਨੀਂਦ ਆਉਂਦੀ ਹੈ। ਹੇ ਗੁਰੂ ਜੀ ! ਤੁਹਾਡੇ ਦਰਬਾਰ ਦੇ ਵੇਖੇ ਤੋਂ ਬਿਨਾਂ ਇਹ ਹਾਲ ਹੈ। ੪. ਮੈਂ ਵਾਰੇ ਜਾਂਦਾ ਹਾਂ ਮੈਂ ਘੋਲ ਘੁਮਾਈ ਹੁੰਦਾ ਹਾਂ, ਗੁਰੂ ਜੀ ਦੇ ਉਸ ਸੱਚੇ ਦਰਬਾਰ ਉਤੋਂ।

੧. ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ੨. ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ੩. ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥ ੪. ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥

ਅਰਥ—੧. ਭਾਗ ਉਦੇ ਹੋਇਆ ਤਾਂ ਸੰਤ ਨੇ ਗੁਰੂ ਨਾਲ ਮਿਲਾ ਦਿਤਾ। ੨. ਅਬਿਨਾਸ਼ੀ ਪ੍ਰਭੂ ਨੂੰ ਘਰ ਦੇ ਵਿਚ ਹੀ ਪਾ ਲਿਆ ਹੈ। ੩.

ਸੇਵਾ ਕਰਾਂਗਾ ਪਲ-ਛਿੰਨ ਵੀ ਵੱਖਰਾ ਨਹੀਂ ਹੋਵਾਂਗਾ, ਦਾਸ ਆਪ ਜੀ ਦੇ ਦਾਸ ਜਨਾਂ ਤੋਂ ॥੪॥ ੪. ਮੈਂ ਵਾਰੀ ਘੋਲੀ ਜਾਂਦਾ ਹਾਂ ਜੀ। ਆਪ ਜੀ ਦੇ ਦਾਸ ਜਨਾਂ ਤੋਂ ਸਦਕੇ ਜਾਂਦਾ ਹਾਂ ॥੧॥

ਧਨਾਸਰੀ ਮਹਲਾ ੧ ਘਰੁ ੧ ਚਉਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

੧. ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ ੨. ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥ ੩. ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥ ੪. ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥ ੫. ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥ ੬. ਦਇਆਲ ਤੇਰੈ ਨਾਮਿ ਤਰਾ ॥ ੭. ਸਦ ਕੁਰਬਾਣੈ ਜਾਉ ॥੧॥ ਰਹਾਉ ॥ ੮. ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥ ੯. ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥ ੧੦. ਤੁਧੁ ਬਾਝੁ ਪਿਆਰੇ

## ਕੇਵ ਰਹਾ ॥ ੧੧. ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥ ੧੨. ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥ ੧੩. ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥ ੧੪. ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥ ੧੫. ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥

ਅਰਥ—੧. ਮੇਰਾ ਆਪਣਾ ਜੀਉ ਡਰਦਾ ਹੈ। ਕਿਹਦੇ ਅੱਗੇ ਪੁਕਾਰ ਕਰਾਂ? ੨. ਦੁਖ ਦੂਰ ਕਰਨ ਵਾਲੇ ਨੂੰ ਸਿਮਰਿਆ ਹੈ। ਜੋ ਸਦਾ ਹੀ ਸਦਾ ਦਾਤਾਂ ਦੇਂਦਾ ਹੈ ॥੧॥ ੩. ਮੇਰਾ ਸਾਹਿਬ ਸਦਾ ਹੀ ਨਵਾਂ ਹੈ। ਜੋ ਸਦਾ ਹੀ ਸਦਾ ਦਾਤਾ ਹੈ ॥੧॥ ਰਹਾਉ ॥ ੪. ਦਿਨ ਰਾਤ ਸਾਹਿਬ ਨੂੰ ਸਿਮਰਨਾ ਚਾਹੀਦਾ ਹੈ ਅੰਤ ਦੇ ਵੇਲੇ ਉਹ ਜਮਾਂ ਤੋਂ ਛਡਾਏਗਾ। ੫. ਹੇ ਮੇਰੀ ਪਿਆਰੀ ਆਤਮਾ! ਨਾਮ ਨੂੰ ਸੁਣ, ਸੁਣ ਤੇਰਾ ਪਾਰ ਉਤਾਰਾ ਹੋ ਜਾਏਗਾ ॥੨॥ ੬. ਹੇ ਦਿਆਲ! ਤੇਰੇ ਨਾਮ ਦੇ ਉਪਰੋਂ ਮੈਂ ਸਦਾ ਹੀ ਕੁਰਬਾਨ ਜਾਂਦਾ ਹਾਂ। ੮. ਸਭਨਾਂ ਵਿਚ ਉਹ ਇਕੋ ਸਚਾ ਹੈ। ਕੋਈ ਦੂਜਾ ਉਸ ਵਰਗਾ ਨਹੀਂ ਹੈ। ੯. ਉਸ ਦੀ ਸੇਵਾ ਉਹ ਕਰੇਗਾ, ਜਿਸ ਤੇ ਉਹ ਕ੍ਰਿਪਾ ਦ੍ਰਿਸ਼ਟੀ ਕਰੇਗਾ ॥੩॥ ੧੦. ਹੇ ਪਿਆਰੇ! ਤੈਥੋਂ ਬਿਨਾਂ ਮੈਂ ਕਿਵੇਂ ਰਹਿ ਸਕਦਾ ਹਾਂ? ੧੧. ਮੈਨੂੰ ਉਹ ਵਡਿਆਈ ਬਖਸ਼ ਦੇਹ, ਜਿਸ ਕਰ ਕੇ ਤੇਰੇ ਨਾਮ ਸਿਮਰਨ ਵਿਚ ਲਗਾ ਰਹਾਂ। ੧੨. ਹੋਰ ਕੋਈ ਤੇਰੇ ਵਰਗਾ

ਨਹੀਂ ਹੈ। ਹੇ ਪਿਆਰੇ! ਜਿਸ ਦੇ ਅੱਗੇ ਜਾ ਕੇ ਮੈਂ ਆਪਣਾ ਦੁਖ ਆਖਾਂ। ੧੩. ਮੈਂ ਆਪਣੇ ਮਾਲਕ ਨੂੰ ਸਿਮਰਦਾ ਹਾਂ। ਹੋਰ ਕੁਝ ਮੰਗਦਾ ਨਹੀਂ ਹਾਂ। ੧੪. 'ਨਾਨਕ' ਉਸ ਦਾ ਦਾਸ ਹੈ, ਅਤੇ ਛਿਨ ਛਿਨ ਵਿਚ ਉਸ ਤੋਂ ਟੁਕੜੇ ਟੁਕੜੇ ਹੁੰਦਾ ਹੈ ॥੪॥ ੧੫. ਹੇ ਸਾਹਿਬ! ਤੇਰੇ ਨਾਮ ਜਪਣ ਵਾਲਿਆਂ ਉਤੋਂ ਮੈਂ ਛਿਨ ਛਿਨ ਵਿਚ ਟੁਕੜੇ ਟੁਕੜੇ ਹੁੰਦਾ ਹਾਂ।

ਤਿਲੰਗ ਮਹਲਾ ੧ ਘਰੁ ੩

ੴ ਸਤਿਗੁਰ ਪ੍ਰਸਾਦਿ ॥

੧. ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ ੨. ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥ ੩. ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ੪. ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ ੫. ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥ ੬. ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ੭. ਰੰਙਣ ਵਾਲਾ ਜੇ ਰੰਙੈ ਸਾਹਿਬੁ

**ਐਸਾ ਰੰਗੁ ਨ ਡੀਠ ॥੨॥ ੮. ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ੯. ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥ ੧੦. ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ੧੧. ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥**

ਅਰਥ—੧. ਹੇ ਪਿਆਰੇ ! ਇਸ ਤਨ ਨੂੰ ਮਾਇਆ ਦੀ ਪਾਹ ਲੱਗੀ ਹੋਈ ਹੈ ਅਤੇ ਲੋਭ ਲਾਲਚ ਵਿਚ ਰੰਗ ਲਿਆ ਹੈ । ੨. ਮੇਰੇ ਪਿਆਰੇ ਪਤੀ ਨੂੰ ਸਰੀਰ ਚੋਲਾ ਭਾਉਂਦਾ ਨਹੀਂ । ਮੈਂ ਇਸਤ੍ਰੀ ਪਤੀ ਦੀ ਸੇਜ ਉਤੇ ਉਵੇਂ ਕਿਵੇਂ ਜਾਵਾਂਗੀ ॥੧॥ ੩. ਹੇ ਮਿਹਰਵਾਨ ! ਮੈਂ ਤੇਰੇ ਤੋਂ ਸਦਕੇ ਜਾਵਾਂ । ਮੈਂ ਤੇਰੇ ਤੋਂ ਕੁਰਬਾਨ ਜਾਂਦਾ ਹਾਂ । ੪. ਮੈਂ ਉਹਨਾਂ ਦੇ ਉਪਰੋਂ ਕੁਰਬਾਨ ਜਾਵਾਂ ਜੋ ਤੇਰਾ ਨਾਮ ਲੈਂਦੇ ਹਨ । ੫. ਜੋ ਤੇਰਾ ਨਾਮ ਲੈਂਦੇ ਹਨ, ਉਨ੍ਹਾਂ ਦੇ ਉਪਰੋਂ ਮੈਂ ਸਦਾ ਹੀ ਕੁਰਬਾਨ ਜਾਵਾਂ । ੬. ਹੇ ਪਿਆਰੇ ! ਜੇ ਮਨੁੱਖ ਦੇਹ ਰੰਗਣ ਵਾਲੀ ਮੱਟੀ ਹੋ ਜਾਵੇ ਤੇ ਇਸ ਵਿਚ ਨਾਮ ਰੂਪ ਮਜੀਠ ਪਾਈ ਜਾਵੇ । ੭. ਜੇ ਮਾਲਕ ਰੰਗਣ ਵਾਲਾ ਹੋ ਕੇ ਬੁਧੀ ਨੂੰ ਰੰਗੇ ਤਾਂ ਅਜਿਹਾ ਰੰਗ ਚੜ੍ਹੇ ਜੋ ਕਦੀ ਕਿਸੇ ਡਿੱਠਾ ਨਹੀਂ ॥੨॥ ੮. ਹੇ ਪਿਆਰੇ ! ਜਿਨ੍ਹਾਂ ਦੇ ਚੋਲੇ ਇਸ ਰੰਗ ਦੇ ਰੰਗੇ ਹੋਏ ਹਨ, ਪਤੀ ਉਹਨਾਂ ਦੇ ਕੋਲ ਰਹਿੰਦਾ ਹੈ । ੯. ਜੇ ਉਹਨਾਂ ਦੀ ਚਰਨ ਧੂੜੀ ਜੀਵ ਨੂੰ ਮਿਲ ਜਾਵੇ ਤਾਂ ਇਸ ਦਾ ਭਲਾ ਹੋ ਜਾਵੇਗਾ, ਤਾਂ ਤੇ ਮਨ ਦੀ ਅਰਦਾਸ ਉਹਨਾਂ ਦੇ ਚਰਨਾਂ ਵਿਚ ਕਹੁ । ੧੦. ਆਪੇ ਬਣਾਉਂਦਾ ਹੈ, ਆਪੇ ਹੀ ਕ੍ਰਿਪਾ ਦ੍ਰਿਸ਼ਟੀ ਕਰਦਾ

ਹੈ । ੧੧. ਜੇ ਜੀਵ ਇਸਤਰੀ (ਵਾਹਿਗੁਰੂ) ਪਤੀ ਦੇ ਮਨ ਨੂੰ ਭਾਉਂਦੀ ਹੈ, ਤਾਂ ਆਪੇ ਹੀ ਉਹ ਗਲੇ ਲਗਾ ਲੈਂਦੇ ਹਨ ॥੪॥੧॥੩॥

ਤਿਲੰਗ ਮ: ੧ ॥

੧. ਇਆਨੜੀਏ ਮਾਨੜਾ ਕਾਇ ਕਰੇਹਿ ॥ ੨. ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ ੩. ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ ੪. ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ ੫. ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥ ੬. ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ੭. ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ੮. ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ ੯. ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ੧੦. ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥ ੧੧. ਜਾਇ ਪੁਛਹੁ

ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ੧੨. ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ੧੩. ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ੧੪. ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ੧੫. ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥ ੧੬. ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ ੧੭. ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ ੧੮. ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ ੧੯. ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ ੨੦. ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥

ਅਰਥ—੧. ਹੇ ਇਆਣੀਏ! ਮਾਨ ਕਿਉਂ ਕਰਦੀ ਹੈਂ ? ੨. ਤੇਰੇ ਆਪਣੇ ਘਰ ਦੇ ਅੰਦਰ ਹਰੀ ਪਤੀ ਹੈ। ਉਸ ਦਾ ਅਨੰਦ ਕਿਉਂ ਨਹੀਂ ਮਾਣਦੀ ? ੩. ਹੇ ਕਮਲੀਏ ਇਸਤਰੀਏ! ਤੇਰਾ ਪਤੀ ਪ੍ਰਮੇਸ਼ਰ ਤੇਰੇ ਕੋਲ ਹੈ ਤੂੰ ਬਾਹਰ ਕੀ ਲੱਭਦੀ ਹੈਂ ? ੪. (ਬੁੱਧੀ ਰੂਪ) ਅੱਖਾਂ ਵਿਚ 'ਡਰ' ਰੂਪ ਸੁਰਮੇ ਦੀਆਂ ਸਲਾਈਆਂ ਪਾ ਲੈ, ਅਤੇ ਪ੍ਰੇਮ ਦਾ ਸ਼ਿੰਗਾਰ ਕਰ ਲੈ। ੫. ਤਾਂ ਪਤੀ ਨਾਲ ਜੁੜ ਕੇ ਸੁਹਾਗਣੀ ਜਾਣੀ ਜਾਏਂਗੀ, ਜਦ ਕਿ ਪਤੀ ਤੇਰੇ ਨਾਲ ਪਿਆਰ ਕਰੇਗਾ ॥੧॥ ੬. ਇਆਣੀ-ਬਾਲੜੀ ਆਪਣੇ ਆਪ ਕੀ ਕਰੇ। ਜਦ ਕਿ ਇਸਤਰੀ ਪਤੀ ਨੂੰ ਭਾਉਂਦੀ ਹੀ ਨਾ ਹੋਵੇ। ੭. ਭਾਵੇਂ ਕਿੰਨੇ ਹੀ ਕੀਰਨੇ ਤੇ ਵਿਰਲਾਪ ਕਰੇ। ਪਰ ਇਸਤਰੀ ਆਤਮਾ ਪਤੀ ਵਾਹਿਗੁਰੂ ਨੂੰ ਨਹੀਂ ਪਾਵੇਗੀ। ੮. ਭਾਗਾਂ ਤੋਂ ਬਿਨਾਂ ਕੁਝ ਨਹੀਂ ਪਾਇਆ ਜਾਂਦਾ। ਭਾਵੇਂ ਕੋਈ ਕਿੰਨਾ ਵੀ ਬਹੁਤਾ ਭੱਜਦਾ ਫਿਰੇ। ੯. ਜੋ ਲੋਭ ਲਾਲਚ ਤੇ ਹੰਕਾਰ ਦੀ ਮੱਤੀ ਹੋਈ ਹੈ ਅਤੇ ਮਾਇਆ ਦੇ ਮੋਹ ਵਿਚ ਡੁੱਬੀ ਹੋਈ ਹੈ। ੧੦. ਇਨ੍ਹਾਂ ਗੱਲਾਂ ਕਰਕੇ ਪਤੀ ਪਾਇਆ ਨਹੀਂ ਜਾਂਦਾ। ਕਿਉਂਕਿ ਇਸਤਰੀ ਆਤਮਾ ਬੇ-ਸਮਝ ਹੋ ਰਹੀ ਹੈ ॥੨॥ ੧੧. ਜਾ ਕੇ ਉਹਨਾਂ ਸੁਹਾਗਣੀਆਂ ਪਾਸੋਂ ਪੁਛੋ, ਕਿ ਤੁਸਾਂ ਕਿਨ੍ਹਾਂ ਗੱਲਾਂ ਕਰਕੇ ਪਤੀ ਨੂੰ ਪਾਇਆ ਹੈ ? ੧੨. ਜੋ ਕੁਝ ਪਤੀ ਕਰੇ, ਉਸ ਨੂੰ ਭਲਾ ਕਰ ਕੇ ਮੰਨੀਏ, ਚਤੁਰਾਈ ਤੇ ਹਕੂਮਤ ਛੱਡ ਦਈਏ ਤਾਂ ਪਤੀ ਮਿਲਦਾ ਹੈ। ੧੩. ਜਿਸ ਦੇ ਪ੍ਰੇਮ ਕਰਕੇ ਹਰ ਇਕ ਪਦਾਰਥ ਪਾਈਦਾ ਹੈ। ਉਸ ਦੇ ਚਰਨਾਂ ਨਾਲ ਚਿਤ ਲਾ ਦੇਣਾ ਚਾਹੀਦਾ ਹੈ। ੧੪. ਜੋ ਪਤੀ ਆਖੇ ਤਨ ਮਨ ਦੇ ਕੇ ਕਰਨਾ ਚਾਹੀਦਾ ਹੈ। ਅਜਿਹਾ ਚੰਦਨ ਲਾਈਏ। ੧੫. ਉਹ ਸੁਹਾਗਵੰਤੀਆਂ ਇਉਂ ਕਹਿੰਦੀਆਂ ਹਨ—ਹੇ ਭੈਣੇ! ਇਹਨਾਂ ਗੱਲਾਂ ਕਰਨ ਕਰਕੇ ਪਤੀ ਪਾਈਦਾ ਹੈ। ੧੬. ਆਪਾ-ਭਾਵ ਛੱਡ ਦੇਈਏ ਤਾਂ ਪਤੀ ਨੂੰ ਪਾ ਲਈਦਾ ਹੈ। ਹੋਰ ਕੋਈ ਚਤੁਰਾਈ ਕਾਹਦੀ ਹੈ ? ੧੭. ਪਤੀ ਵਾਹਿਗੁਰੂ ਕਿਰਪਾ ਦੀ ਨਜ਼ਰ ਭਰ ਕੇ ਵੇਖੇ ਤਾਂ ਉਹ ਦਿਨ ਲੇਖੇ ਵਿਚ ਕਬੂਲ ਪੈਂਦਾ ਹੈ। ਇਉਂ ਜਾਣੋਂ

ਇਸਤਰੀ ਨੇ ਨੌਂ ਨਿਧਾਂ ਪਾ ਲਈਆਂ ਹਨ । ੧੮. ਜੋ ਆਪਣੇ ਪਤੀ ਨੂੰ ਪਿਆਰੀ ਹੈ, ਉਹ ਸੁਹਾਗਣੀ ਹੈ ਅਤੇ ਓਹੀ ਪਟਰਾਣੀ ਹੈ । ੧੯. ਜੋ ਅਜਿਹੇ ਰੰਗ 'ਚ ਰੱਤੀ ਹੋਈ, ਸ਼ਾਂਤ ਦੀ ਮਸਤੀ ਵਾਲੀ ਹੈ ਅਤੇ ਦਿਨ ਰਾਤ ਪ੍ਰੇਮ ਵਿਚ ਸਮਾਈ ਰਹਿੰਦੀ ਹੈ । ੨੦ ਓਹੀ ਸੁੰਦਰੀ ਸੋਹਣੇ ਰੂਪ ਤੇ ਸੋਹਣੀਆਂ ਅੱਖਾਂ ਵਾਲੀ ਹੈ । ਓਹੀ ਸਿਆਣੀ ਕਹੀ ਜਾਂਦੀ ਹੈ ॥੪॥੨॥੪॥

ਸੂਹੀ ਮਹਲਾ ੧ ॥

੧. ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥ ੨. ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥ ੩. ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ ੪. ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥ ੫. ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥ ੬. ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥ ੭. ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥ ੮. ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥ ੯.

**ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥ ੧੦. ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥**

ਅਰਥ—੧. ਤੱਕੜੀ ਕਿਹੜੀ ਹੈ ? ਵੱਟਾ ਕਿਹੜਾ ਹੈ ? ਤੇਰਾ ਵਿਚਾਰ ਕਰਨ ਲਈ ਪਾਰਖੂ ਕਿਹੜਾ ਸੱਦਾਂ ? ੨. ਗੁਰੂ ਕੌਣ ਹੈ ? ਕਿਸ ਦੇ ਕੋਲੋਂ ਸਿਖਿਆ ਲਵਾਂ ? ਅਤੇ ਕਿਸ ਦੇ ਕੋਲੋਂ ਮੁੱਲ ਕਰਾਵਾਂ ? ॥੧॥ ੩. ਹੇ ਮੇਰੇ ਵਾਹਿਗੁਰੂ ਲਾਲ ਜੀ ! ਤੇਰਾ ਅੰਤ ਨਹੀਂ ਜਾਣਦਾ । ੪. ਤੂੰ ਜਲ, ਥਲ ਧਰਤ ਤੇ ਅਕਾਸ਼ ਵਿਚ ਪੂਰਨ ਰੂਪ ਹੋ ਕੇ ਲੀਨ ਹੋ ਰਿਹਾ ਹੈਂ ਅਤੇ ਤੂੰ ਆਪ ਹੀ ਸਾਰਿਆਂ ਵਿਚ ਸਮਾ ਰਿਹਾ ਹੈਂ । ੫. ਮਨ ਨੂੰ ਤੱਕੜੀ ਤੇ ਚਿੱਤ ਨੂੰ ਵੱਟਾ ਬਣਾ ਲਵਾਂ ਅਤੇ ਤੇਰੀ ਸੇਵਾ ਦਾ ਕਮਾਉਣਾ ਹੀ ਸਰਾਫ ਹੈ । ੬. ਹਿਰਦੇ ਦੇ ਅੰਦਰ ਹੀ ਉਸ ਪਤੀ ਨੂੰ ਜਾਣ ਲਵਾਂ । ਇਸ ਬਿਧੀ ਕਰਕੇ ਚਿੱਤ ਨੂੰ ਠਹਿਰਾ ਲਵਾਂ ॥੨॥ ੭. ਆਪੇ ਕੰਡਾ, ਵੱਟਾ ਤੇ ਤੱਕੜੀ ਹੈ ਅਤੇ ਆਪੇ ਹੀ ਤੋਲਣ ਵਾਲਾ ਹੈ । ੮. ਆਪੇ ਵੇਖਦਾ ਹੈ ਆਪੇ ਸਮਝਦਾ ਹੈ ਅਤੇ ਆਪੇ ਹੀ ਵਪਾਰੀ ਹੈ ॥੩॥ ੯. ਨੀਚ ਜਾਤ ਦਾ ਅੰਨ੍ਹਾ ਪਰਦੇਸੀ ਮਨ, ਖਿਨ ਵਿਚ ਆਉਂਦਾ ਤੇ ਤਿਲ ਵਿਚ ਚਲਾ ਜਾਂਦਾ ਹੈ । ੧੦. ਜੋ ਉਸ ਦੀ ਸੰਗਤ ਵਿਚ ਰਹਿੰਦਾ ਹੈ । ਉਹ ਮੂਰਖ ਤੈਨੂੰ ਕਿਸ ਤਰ੍ਹਾਂ ਪਾਵੇਗਾ ॥੪॥੨॥੪॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

**੧. ਤੂ ਸੁਲਤਾਨੁ ਕਹਾ ਹਉ ਮੀਆ ਤੇਰੀ**

ਕਵਨ ਵਡਾਈ ॥ ੨. ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ੩. ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ੪. ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ੫. ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥ ੬. ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥ ੭. ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥ ੮. ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ੯. ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥ ੧੦. ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥

ਅਰਥ—੧. ਤੂੰ ਸ਼ਹਿਨਸ਼ਾਹ ਹੈਂ ਅਤੇ ਮੈਂ ਤੈਨੂੰ ਮੀਆਂ ਕਹਿੰਦਾ ਹਾਂ। ਇਹ ਤੇਰੀ ਕਿਹੜੀ ਵਡਿਆਈ ਹੈ ? ੨. ਹੇ ਸੁਆਮੀ ! ਜੋ ਤੂੰ ਦੇਂਦਾ ਹੈਂ ਮੈਂ ਉਹੀ ਕਹਿੰਦਾ ਹਾਂ, ਮੈਂ ਮੂਰਖ ਪਾਸੋਂ ਤਾਂ ਕੁਝ ਕਿਹਾ ਹੀ ਨਹੀਂ ਜਾਂਦਾ। ੩. ਮੈਨੂੰ ਸਮਝ ਦੇਹ ਜੋ ਤੇਰੇ ਗੁਣਾਂ ਨੂੰ ਗਾਉਂਦਾ ਰਹਾਂ। ੪. ਹੇ ਰਜਾਈ ! ਜਿਸ ਤਰ੍ਹਾਂ ਮੈਂ ਸੱਚ ਵਿਚ ਟਿਕਿਆ ਰਹਾਂ। ੫. ਜੋ ਕੁਝ ਹੋਇਆ ਹੈ ਸਭ

ਤੇਰੇ ਤੋਂ ਹੀ ਹੋਇਆ ਹਾਂ। ਸਭ ਨਾਲ ਤੇਰੀ ਜਾਣ ਪਛਾਣ ਹੈ। ੬. ਹੇ ਮੇਰੇ ਮਾਲਕਾ! ਮੈਂ ਤੇਰਾ ਅੰਤ ਨਹੀਂ ਜਾਣਦਾ। ਮੈਂ ਅੰਨ੍ਹੇ ਦੀ ਕੇਹੀ ਚਤੁਰਾਈ ਹੈ ॥੨॥ ੭. ਮੈਂ ਕੀ ਕਹਾਂ? ਕਥਨ ਵਾਲਿਆਂ ਨੇ ਕਥ ਕੇ ਵੇਖਿਆ ਹੈ। ਮੈਂ ਗੁੰਗੇ ਤੋਂ ਕਥਨ ਹੀ ਨਹੀਂ ਕੀਤਾ ਜਾਂਦਾ। ੮. ਜੋ ਤੈਨੂੰ ਭਾਉਂਦਾ ਹੈ, ਮੈਂ ਓਹੀ ਆਖਦਾ ਹਾਂ। ਉਹ ਵੀ ਤੇਰੀ ਵਡਿਆਈ ਤਿਲ ਜਿੰਨੀ ਹੈ ॥੩॥ ੯. ਕਾਮਾਦਿ ਬਹੁਤੇ ਕੁਤਿਆਂ ਵਿਚ ਮੈਂ ਓਪਰਾ ਕੁੱਤਾ ਹਾਂ ਅਤੇ ਇਸ ਤਨ ਦੇ ਵਾਸਤੇ ਹੀ ਭੌਂਕਦਾ ਹਾਂ। ੧੦. ਜੇ 'ਨਾਨਕ' ਤੇਰੀ ਭਗਤੀ ਤੋਂ ਹੀਣਾ ਹੋ ਜਾਏਗਾ ਤਾਂ ਵੀ ਖਸਮ ਦਾ ਨਾਮ ਤਾਂ ਮਿਟ ਨਹੀਂ ਜਾਣਾ ॥੪॥੧॥

ਬਿਲਾਵਲੁ ਮਹਲਾ ੧ ॥

**੧. ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ੨. ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥ ੩. ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ੪. ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥ ੫. ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥ ੬. ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਹਾਰੀ**

**॥੨॥ ੭. ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥ ੮. ਤੁਝ ਬਿਨੁ ਅਵਰੁ ਨ ਜਾਨਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥ ੯. ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥ ੧੦. ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥**

ਅਰਥ—੧. ਮੇਰਾ ਮਨ ਮੰਦਰ ਹੈ, ਤੇ ਸਰੀਰ ਹੀ ਫਕੀਰੀ ਭੇਸ ਹੈ। ਮੈਂ ਹਿਰਦੇ ਅੰਦਰਲੇ ਤੀਰਥ ਵਿਚ ਨਹਾਉਂਦਾ ਹਾਂ। ੨. ਇਕ ਗੁਰੂ ਸ਼ਬਦ ਮੇਰੇ ਪ੍ਰਾਣਾਂ ਵਿਚ ਵਸਦਾ ਹੈ, ਇਸ ਲਈ ਮੈਂ ਮੁੜ ਕੇ ਜਨਮ ਵਿਚ ਨਹੀਂ ਆਵਾਂਗਾ। ੩. ਦਿਆਲੂ ਪ੍ਰਭੂ ਨਾਲ ਮੇਰਾ ਮਨ ਮਿਲ ਰਿਹਾ ਹੈ, ਹੇ ਮੇਰੀ ਮਾਤਾ ਜੀ ! ੪. ਪਰਾਈ ਪੀੜ ਨੂੰ ਕੌਣ ਜਾਣਦਾ ਹੈ ? ੫. ਸਾਨੂੰ ਵੀ ਪਰਾਈ ਚਿੰਤਾ ਨਹੀਂ ਹੈ। ੬. ਹੇ ਅਗਮ ਅਗੋਚਰ ਅਲਖ ਤੇ ਅਪਾਰ ਪ੍ਰਭੂ ! ਤੁਸੀਂ ਸਾਡੀ ਚਿੰਤਾ ਕਰਦੇ ਹੋ। ੭. ਤੁਸੀਂ ਜਲ, ਥਲ, ਧਰਤੀ ਤੇ ਅਕਾਸ਼ ਵਿਚ ਪੂਰਨ ਰੂਪ ਹੋ ਕੇ ਅਭੇਦ ਹੋ ਰਹੇ ਹੋ ਅਤੇ ਹਰ ਹਿਰਦੇ ਵਿਚ ਤੁਹਾਡੀ ਜੋਤ ਪ੍ਰਕਾਸ਼ ਰਹੀ ਹੈ। ੮. ਸਿਖਿਆ ਮਤਿ ਤੇ ਬੁੱਧੀ ਆਦਿ ਸਾਰੀ ਤੁਹਾਡੀ ਵਸਤੂ ਹੈ। ਮੰਦਰ=ਸਰੀਰ ਤੇ ਆਸਰੇ ਵੀ ਸਭ ਤੇਰੇ ਹਨ। ੯. ਮੈਂ ਤੈਥੋਂ ਬਿਨਾਂ ਹੋਰ ਕੁਝ ਨਹੀਂ ਜਾਣਦਾ। ਹੇ ਮੇਰੇ ਸਾਹਿਬ ! ਮੈਂ ਸਦਾ ਤੇਰੇ ਹੀ ਗੁਣ ਗਾਉਂਦਾ ਹਾਂ। ੧੦. ਸਾਰੇ ਜੀਵ ਜੰਤੂ ਤੁਹਾਡੀ ਸ਼ਰਨ ਵਿਚ ਹਨ, ਅਤੇ ਸਭ ਦੀ ਚਿੰਤਾ ਤੁਹਾਡੇ ਹੀ ਕੋਲ ਹੈ। ੧੧. ਜੋ ਤੁਹਾਨੂੰ ਭਾਉਂਦਾ ਹੈ, ਓਹੀ ਚੰਗਾ ਲਗਦਾ ਹੈ, ਦਾਸ 'ਨਾਨਕ' ਦੀ ਇਕ ਇਹੋ ਬੇਨਤੀ ਹੈ ॥੪॥੨॥

੧ੳ ਸਤਿਗੁਰ ਪ੍ਰਸਾਦਿ ॥

# ਸ੍ਰੀ ਸੁਖਮਨੀ ਸਾਹਿਬ ਸਟੀਕ ਦੀ

# ਭੂਮਿਕਾ

ਇਕ ਸਮੇਂ ਦੀ ਵਾਰਤਾ ਹੈ ਕਿ ਜਗਤ ਦੇ ਉਧਾਰਨਹਾਰ, ਸੋਢੀ ਕੁਲ ਦੇ ਭੂਸ਼ਣ—

*'ਭਨਿ ਮਥੁਰਾ ਕਛੁ ਭੇਦੁ ਨਹੀ*
*ਗੁਰੁ ਅਰਜੁਨੁ ਪਰਤਖ੍ਯ ਹਰਿ ॥* (ਪੰਨਾ ੧੪੦੯)

ਪ੍ਰਤੱਖ ਹਰੀ ਪਾਰਬ੍ਰਹਮ ਦਾ ਸਰੂਪ ਜਿਨ੍ਹਾਂ ਨੇ ਕੇਵਲ ਸੰਸਾਰ ਵਿਚ ਪਰਉਪਕਾਰ ਵਾਸਤੇ ਹੀ ਸਰੀਰ ਧਾਰਨ ਕੀਤਾ। ਸੋ ਇਹੋ ਜਿਹੇ ਗੁਣਾਂ ਵਾਲੇ ਪੰਚਮ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਬਿਰਾਜਮਾਨ ਸਨ ਤੇ ਜਗਤ ਦੇ ਉਧਾਰਨ ਦੇ ਕੰਮ ਵਿਚ ਨਿਮਗਨ ਹੋਇ ਹੋਇ ਸਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਗੁਰਦੁਆਰਾ ਰਾਮਸਰ ਸਰੋਵਰ ਦੇ ਕਿਨਾਰੇ ਬੈਠ ਕੇ ਭਾਈ ਗੁਰਦਾਸ ਜੀ ਦੇ ਪਾਸੋਂ ਲਿਖਵਾ ਰਹੇ ਸਨ।

ਇਕ ਦਿਨ ਮਨ ਵਿਚ ਸੰਕਲਪ ਆਇਆ ਕਿ ਜਗਤ ਦੇ ਜੀਵਾਂ ਪਾਸੋਂ ਇਸ ਕਲਜੁਗ ਵਿਚ ਹਰ ਵਕਤ ਭਜਨ-ਸਿਮਰਨ ਨਹੀਂ ਹੋ ਸਕਦਾ ਤੇ ਐਸੀ ਕੋਈ ਬਾਣੀ ਰਚੀਏ, ਜਿਸ ਬਾਣੀ ਦੇ ਪੜ੍ਹਨ-ਸੁਣਨ ਨਾਲ ਹਰ-ਇਕ ਪ੍ਰਾਣੀ ਦਾ ਜਨਮ-ਮਰਨ ਮਿਟ ਜਾਵੇ ਤੇ ਪਰਮ ਪਦਵੀ ਮਿਲੇ ਅਤੇ ਮਨ ਨੂੰ ਵੀ ਸੁਖ ਮਿਲੇ। ਇਸ ਤਰ੍ਹਾਂ ਵਿਚਾਰ ਕਰਦਿਆਂ ਕਰਦਿਆਂ ਰਾਤ ਬਤੀਤ ਹੋਈ, ਸਵੇਰੇ ਉਠੇ ਇਸ਼ਨਾਨ ਕਰ ਕੇ ਰਾਮਸਰ ਸਰੋਵਰ ਦੇ ਕਿਨਾਰੇ

ਬੇਰੀ ਹੇਠ ਬੈਠ ਗਏ ।

ਇਤਨੇ ਨੂੰ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਵੀ ਆ ਕੇ ਮੱਥਾ ਟੇਕਿਆ ਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ—'ਗਰੀਬ ਨਿਵਾਜ਼ ਜੀ ! ਸਨਾਤਨ ਮਤ ਵਾਲੇ ਹਿੰਦੂ ਲੋਕ ਗੀਤਾ ਦਾ ਇਕ ਪਾਠ ਕਰਨ ਵਿਚ ਜੀਵ ਦੀ ਕਲਿਆਣ ਮੰਨਦੇ ਹਨ । ਆਪ ਜੀ ਵੀ ਕੋਈ ਐਸੀ ਸੌਖੀ ਬਾਣੀ ਰਚੋ, ਜਿਸ ਬਾਣੀ ਦੇ ਪੜ੍ਹਨ ਸੁਣਨ ਨਾਲ ਜੀਵ ਦੀ ਕਲਿਆਣ ਵੀ ਹੋਵੇ ਤੇ ਰਾਤ ਦਿਨ ਦੇ ੨੪ ਹਜ਼ਾਰ ਸਵਾਸ ਵੀ ਸਫਲ ਹੋ ਜਾਣ ।'

ਆਪਣੇ ਸੇਵਕਾਂ ਦੀ ਇਹ ਬੇਨਤੀ ਪਰਵਾਨ ਕਰ ਕੇ ਇਹ ਸਾਰੀ 'ਸੁਖਮਨੀ ਸਾਹਿਬ' ਬਾਣੀ ਸਤਿਗੁਰਾਂ ਨੇ ਉਥੇ ਹੀ ਉਚਾਰਨ ਕੀਤੀ ਅਤੇ ਹੁਕਮ ਕੀਤਾ—ਜੋ ਵੀ ਗੁਰਸਿਖ ਮਾਈ ਭਾਈ, ਪ੍ਰਾਣੀ ਮਾਤਰ ਇਸ ਸੁਖਮਨੀ ਸਾਹਿਬ ਦਾ ਸ਼ਰਧਾ ਭਾਵਨਾ ਨਾਲ ਪਾਠ ਕਰੇਗਾ । ਉਸ ਦੀ ਕਲਿਆਣ ਹੋਵੇਗੀ ਅਤੇ ਰਾਤ ਦਿਨ ਦੇ ਚੌਵੀ ਹਜ਼ਾਰ (੨੪੦੦੦) ਸਵਾਸ ਵੀ ਸਫਲ ਹੋ ਜਾਣਗੇ ।

# ਸੁਖਮਨੀ ਸਾਹਿਬ

## ਗਉੜੀ ਸੁਖਮਨੀ ਮ: ੫ ॥

ਸਲੋਕੁ ॥

ੴ ਸਤਿਗੁਰ ਪ੍ਰਸਾਦਿ ॥

**ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥ ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥੧॥**

ਪਦ ਅਰਥ—ਆਦਿ ਗੁਰ=ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ। ਜੁਗਾਦਿ (ਜੁਗ+ਆਦਿ) ਦੋਂਹ ਗੁਰੂਆਂ ਦੇ ਆਦਿ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ । ਏ=ਤਾਈਂ ਨੂੰ । ਨਮਹ=ਨਮਸ਼ਕਾਰ ਹੈ ।

ਅਰਥ—ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਮਸ਼ਕਾਰ ਹੈ । ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਮਸ਼ਕਾਰ ਹੈ । ਸ੍ਰੀ ਸਤਿਗੁਰੂ (ਅਮਰਦਾਸ) ਜੀ ਨੂੰ ਨਮਸ਼ਕਾਰ ਹੈ । ਸ੍ਰੀ ਗੁਰਦੇਵ (ਸ੍ਰੀ ਗੁਰੂ ਰਾਮਦਾਸ ਜੀ) ਨੂੰ ਨਮਸ਼ਕਾਰ ਹੈ ॥੧॥

ਭਾਵ—ਗ੍ਰੰਥ ਦੇ ਆਦਿ ਵਿਚ ਪੰਜਵੇਂ ਗੁਰੂ ਜੀ ਚੌਹਾਂ ਸਤਿਗੁਰਾਂ ਨੂੰ ਨਮਸ਼ਕਾਰ ਕਰਨ ਰੂਪ ਮੰਗਲਾ ਚਰਨ ਆਖਦੇ ਹਨ ।

ਅਸਟਪਦੀ ॥

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥**

**ਕਲਿ ਕਲੇਸ ਤਨ ਮਾਹਿ ਮਿਟਾਵਉ ॥ ਸਿਮਰਉ ਜਾਸੁ ਬਿਸੁੰਭਰ ਏਕੈ ॥ ਨਾਮੁ ਜਪਤ ਅਗਨਤ ਅਨੇਕੈ ॥ ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ ਕੀਨੇ ਰਾਮ ਨਾਮ ਇਕ ਆਖ੍ਯਰ ॥ ਕਿਨਕਾ ਏਕ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ ਗਨੀ ਨ ਆਵੈ ॥ ਕਾਂਖੀ ਏਕੈ ਦਰਸ ਤੁਹਾਰੋ ॥ ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥**

ਪਦ ਅਰਥ—ਕਲਿ=ਕਲਪਨਾ । ਕਲੇਸ=ਦੁਖ । ਬਿਸੁੰਭਰ=ਪ੍ਰਿਥਵੀ ਪਾਲਕ । ਸੁਧਾਖ੍ਯਰ=ਅੱਖਰ, ਅੱਖਰ ਸੋਧਿਆ ਹੈ । ਕਾਂਖੀ=ਇੱਛਾ ਸਿਕ ।

ਅਰਥ—(ਹੇ ਭਾਈ ! ਕਰਤਾਰ ਨੂੰ ਸਿਮਰੋ, ਸਿਮਰ ਸਿਮਰ ਕੇ ਹੀ ਸੁਖ਼ ਪਾਓਗੇ । ਕਿਉਂਕਿ ਸਿਮਰਨ ਨਾਲ ਤੁਹਾਡੇ ਸਰੀਰ ਵਿਚੋਂ ਕਲਪਨਾ ਆਦਿਕ ਦੁਖ ਮਿਟ ਜਾਣਗੇ । ਉਸ ਇਕ ਨੂੰ ਸਿਮਰੋ, ਜਿਸ ਪ੍ਰਿਥਵੀ ਦੇ ਪਾਲਕ ਦੇ ਨਾਮ ਨੂੰ ਬੇਅੰਤ ਤੋਂ ਬੇਅੰਤ ਪੁਰਸ਼ ਜਪਦੇ ਹਨ । ਬੇਦਾਂ ਪੁਰਾਣਾਂ ਤੇ ਸਿੰਮ੍ਰਿਤੀਆਂ ਨੂੰ ਅੱਖਰ ਅੱਖਰ ਕਰਕੇ ਸੋਧਿਆ ਹੈ । ਅਖੀਰ ਨੂੰ ਇਕ ਰਾਮ ਦਾ ਨਾਮ ਹੀ ਸਾਥੀ ਕੀਤਾ ਹੈ । ਇਕ ਕਿਨਕਾ ਭਰ ਵੀ ਨਾਮ ਜਿਸ ਦੇ ਮਨ ਵਿਚ ਵਸਦਾ ਹੈ । ਉਸ ਦੀ ਮਹਿਮਾ ਗਿਣੀ ਨਹੀਂ ਜਾਂਦੀ । ਜਿਨ੍ਹਾਂ ਦੇ ਮਨ ਵਿਚ ਇਕ ਤੁਹਾਡੇ ਦਰਸ਼ਨ ਦੀ ਸਿਕ ਹੈ । ਮੈਂ ਨਾਨਕ ਨੂੰ ਵੀ ਉਹਨਾਂ ਨਾਲ ਮੇਲ ਕੇ ਤਾਰ ਲਵੋ ॥੧॥

ਭਾਵ—"ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥" ਇਸੇ ਵਾਕ ਅਨੁਸਾਰ ਫੁਰਮਾਇਆ ਹੈ ਕਿ ਇਕ ਕਰਤਾਰ ਦਾ ਨਾਮ ਜਪੋ ।

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**

ਅਰਥ—ਇਸ ਬਾਣੀ ਦਾ ਨਾਮ ਸੁਖਮਨੀ ਹੈ, ਇਸ ਵਿਚ ਸੁਖ ਦੇਣ ਵਾਲਾ ਪ੍ਰਭੂ ਦਾ ਅੰਮ੍ਰਿਤ ਨਾਮ ਹੈ । [ਜੋ ਪ੍ਰਭੂ] ਭਗਤ ਜਨਾਂ ਦੇ ਮਨ ਵਿਚ ਵਸਦਾ ਹੈ ।

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥ ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥ ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥ ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥**

ਪਦ ਅਰਥ—ਪਰਹਰੈ=ਹਟ ਜਾਂਦਾ ਹੈ । ਬਿਘਨ=ਦੁੱਖ । ਸੰਤਾਪੈ=ਦੁਖਾਉਣਾ ।

ਅਰਥ—ਪ੍ਰਭੂ ਦੇ ਸਿਮਰਨ ਨਾਲ ਮਾਂ ਦੇ ਗਰਭ ਵਿਚ ਨਹੀਂ ਵਸਦਾ। ਪ੍ਰਭੂ ਦਾ ਸਿਮਰਨ ਕਰਨ ਵਾਲੇ ਦਾ, ਜਮ ਦਾ ਦੁਖ ਨਾਸ ਹੋ ਜਾਂਦਾ ਹੈ। ਪ੍ਰਭੂ ਦੇ ਸਿਮਰਨ ਕਰਨ ਵਾਲੇ ਦਾ ਕਾਲ ਮਿਟ ਜਾਂਦਾ ਹੈ । ਪ੍ਰਭੂ ਦਾ

ਸਿਮਰਨ ਕਰਨ ਵਾਲੇ ਦੇ ਦੁਸ਼ਮਨ ਹਟ ਜਾਂਦੇ ਹਨ। ਪ੍ਰਭੂ ਦਾ ਸਿਮਰਨ ਕਰਨ ਕਰਕੇ ਕੁਝ ਵੀ ਵਿਘਨ ਨਹੀਂ ਪੈਂਦਾ। ਪ੍ਰਭੂ ਦਾ ਸਿਮਰਨ (ਕਰਨ ਵਾਲਾ) ਰਾਤ ਦਿਨ ਸੁਚੇਤ ਰਹਿੰਦਾ ਹੈ। ਪ੍ਰਭੂ ਦੇ ਸਿਮਰਨ ਵਾਲੇ ਨੂੰ ਕੋਈ ਡਰ ਨਹੀਂ ਸਤਾਉਂਦਾ। ਸਾਧਾਂ ਦੇ ਸੰਗ ਵਿਚੋਂ ਪ੍ਰਭੂ ਦਾ ਸਿਮਰਨ ਮਿਲਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਹਰੀ ਨਾਲ ਪ੍ਰੇਮ ਕੀਤਿਆਂ ਸਾਰੇ ਖ਼ਜ਼ਾਨੇ ਮਿਲ ਜਾਂਦੇ ਹਨ ॥੨॥

ਭਾਵ—ਸਿਮਰਨ ਦਾ ਮਹਾਤਮ ਪ੍ਰਗਟ ਕਰਦੇ ਹੋਏ ਉਪਦੇਸ਼ ਦੇਂਦੇ ਹਨ ਕਿ ਜਗਿਆਸੂਓ! ਪ੍ਰਭੂ ਦਾ ਸਿਮਰਨ ਕਰੋ। ਸਾਰੇ ਕਾਰਜ ਰਾਸ ਹੋ ਜਾਣਗੇ।

**ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥ ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥ ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥ ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ ਲਾਗਉ ਪਾਏ ॥੩॥**

ਪਦ ਅਰਥ—ਦੂਜਾ=ਦਵੈਤ, ਦੂਈ। ਤਤੁ=ਯਥਾਰਥ।

ਅਰਥ—ਪ੍ਰਭੂ ਦਾ ਸਿਮਰਨ ਕੀਤਿਆਂ ਰਿਧੀਆਂ ਸਿਧੀਆਂ ਤੇ ਨੌ

ਨਿਧੀਆਂ ਮਿਲ ਜਾਂਦੀਆਂ ਹਨ। ਪ੍ਰਭੂ ਦਾ ਨਾਮ ਸਿਮਰਿਆਂ ਹੀ ਗਿਆਨ, ਧਿਆਨ ਵਾਲੀ ਯਥਾਰਥ ਬੁੱਧੀ ਪ੍ਰਾਪਤ ਹੋ ਜਾਂਦੀ ਹੈ। ਪ੍ਰਭੂ ਦਾ ਨਾਮ ਸਿਮਰਿਆਂ ਹੀ ਜਪ ਤਪ ਤੇ ਪੂਜਾ ਆਦਿਕ ਕਰਮ ਹੋ ਜਾਂਦੇ ਹਨ। ਪ੍ਰਭੂ ਦਾ ਸਿਮਰਨ ਕੀਤਿਆਂ ਦਵੈਤ ਨਾਸ ਹੋ ਜਾਂਦੀ ਹੈ। ਪ੍ਰਭੂ ਦਾ ਸਿਮਰਨ ਕੀਤਿਆਂ ਸਾਰੇ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲ ਜਾਂਦਾ ਹੈ। ਪ੍ਰਭੂ ਦਾ ਸਿਮਰਨ ਕਰਨ ਵਾਲਾ ਦਰਗਾਹ ਵਿਚ ਮਾਨ ਪਾਉਂਦਾ ਹੈ। ਪ੍ਰਭੂ ਦਾ ਸਿਮਰਨ ਕਰਨ ਵਾਲਾ ਜਾਣਦਾ ਹੈ ਕਿ ਜੋ ਹੁੰਦਾ ਹੈ, ਉਹ ਚੰਗਾ ਹੈ। ਇਸੇ ਲਈ ਪ੍ਰਭੂ ਨੂੰ ਸਿਮਰਨ ਵਾਲਾ ਸ਼ੁਭ ਗੁਣਾਂ ਰੂਪ ਸਰੇਸ਼ਟ ਫਲਾਂ ਨਾਲ ਫਲ ਜਾਂਦਾ ਹੈ। ਸਿਮਰਨ ਉਹ ਕਰਦਾ ਹੈ, ਜਿਸ ਤੋਂ ਵਾਹਿਗੁਰੂ ਆਪ ਸਿਮਰਨ ਕਰਾਉਂਦਾ ਹੈ। ਜੋ ਸਿਮਰਨ ਕਰਦਾ ਹੈ, ਗੁਰੂ ਨਾਨਕ ਉਸ ਦੇ ਚਰਨੀਂ ਲਗਦਾ ਹੈ।

ਭਾਵ—ਸਿਮਰਨ ਦਾ ਪ੍ਰਤਾਪ ਵਰਨਣ ਕੀਤਾ ਹੈ, ਕਿ ਵਾਹਿਗੁਰੂ ਨਾ ਨਾਮ ਜਪਿਆਂ ਇਹ ਕੁਝ ਜੀਵ ਨੂੰ ਮਿਲ ਸਕਦਾ ਹੈ। ਹੇ ਜੀਵੋ! ਤੁਸੀਂ ਵੀ ਕਰਤਾਰ ਦਾ ਨਾਮ ਚੇਤੇ ਕਰੋ।

**ਪ੍ਰਭ ਕਾ ਸਿਮਰਨੁ ਸਭ ਤੇ ਊਚਾ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ॥ ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥ ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥ ਪ੍ਰਭ ਕੈ ਸਿਮਰਨਿ ਪੂਰਨ ਆਸਾ॥ ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ ਪ੍ਰਭ ਜੀ ਬਸਹਿ ਸਾਧ**

**ਕੀ ਰਸਨਾ ॥ ਨਾਨਕ ਜਨ ਕਾ ਦਾਸਨਿ ਦਸਨਾ ॥੪॥**

ਪਦ ਅਰਥ—ਮੂਚ=ਬਹੁਤੇ । ਤ੍ਰਾਸਾ=ਡਰ । ਦਸਨਾ=ਕਿਹਾ ਜਾਂਦਾ ਹੈ ।

ਅਰਥ—ਪ੍ਰਭੂ ਦਾ ਸਿਮਰਨ ਕਰਨ ਵਾਲਾ ਹੀ ਸਾਰਿਆਂ ਤੋਂ ਵੱਡਾ ਹੈ । ਪ੍ਰਭੂ ਦਾ ਸਿਮਰਨ ਕਰ ਕੇ ਬਹੁਤੇ ਜੀਵ ਤਰ ਗਏ ਹਨ । ਪ੍ਰਭੂ ਦਾ ਸਿਮਰਨ ਕੀਤਿਆਂ ਤ੍ਰਿਸ਼ਨਾ ਮਿਟ ਜਾਂਦੀ ਹੈ । ਪ੍ਰਭੂ ਦਾ ਸਿਮਰਨ ਕਰਨ ਵਾਲੇ ਨੂੰ ਸਭ ਕੁਝ ਸੁਝ ਪੈਂਦਾ ਹੈ । ਪ੍ਰਭੂ ਦਾ ਸਿਮਰਨ ਕਰਨ ਵਾਲੇ ਨੂੰ ਜਮਾਂ ਦਾ ਡਰ ਨਹੀਂ ਹੁੰਦਾ । ਪ੍ਰਭੂ ਦਾ ਸਿਮਰਨ ਕਰਨ ਵਾਲੇ ਦੀ ਆਸਾ ਪੂਰੀ ਹੋ ਜਾਂਦੀ ਹੈ । ਪ੍ਰਭੂ ਦਾ ਸਿਮਰਨ ਕੀਤਿਆਂ ਮਨ ਦੀ ਮੈਲ ਕੱਟੀ ਜਾਂਦੀ ਹੈ ਅਤੇ ਅਮਰ ਕਰਨ ਵਾਲਾ ਨਾਮ ਹਿਰਦੇ ਵਿਚ ਆ ਸਮਾਉਂਦਾ ਹੈ । ਪ੍ਰਭੂ ਜੀ ਸੰਤਾਂ ਦੀ ਰਸਨਾ ਉਤੇ ਵਸਦੇ ਹਨ । ਜੋ ਨਾਮ ਜਪਦੇ ਹਨ, ਉਹਨਾਂ ਜਨਾਂ ਦਾ (ਗੁਰੂ) ਨਾਨਕ ਤਾਂ ਦਾਸ ਕਹਾਉਂਦਾ ਹੈ ॥੪॥

ਭਾਵ—'ਸਿਮਰਨ' ਦਾ ਪ੍ਰਤਾਪ ਪ੍ਰਗਟ ਕਰ ਕੇ ਅੰਤ ਵਿਚ ਦਸਿਆ ਹੈ, ਜੋ ਸਿਮਰਨ ਕਰਨ ਵਾਲੇ ਸੰਤਾਂ ਦੀ ਰਸਨਾ ਉਤੇ ਕਰਤਾਰ ਵਸਦਾ ਹੈ । ਇਸ ਲਈ ਆਪ ਨੇ ਫੁਰਮਾਇਆ ਕਿ ਸਦਾ ਹੀ ਸੰਤਾਂ ਦੀ ਸੇਵਾ ਭਗਤੀ ਕਰਦੇ ਹੋਏ ਉਹਨਾਂ ਦੀ ਸੰਗਤ ਕਰਨੀ ਚਾਹੀਦੀ ਹੈ ।

**ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥ ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥ ਪ੍ਰਭ ਕਉ**

**ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥ ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ ਨਾਨਕ ਜਨ ਕੀ ਮੰਗੈ ਰਵਾਲਾ ॥੫॥**

ਪਦ ਅਰਥ—ਸੇ=ਉਹ । ਪ੍ਰਧਾਨ=ਮੁਖੀ । ਅਬਿਨਾਸੀ=ਨਾਸ ਰਹਿਤ । ਤੇ=ਉਹ । ਰਵਾਲਾ=ਚਰਨ ਧੂੜਿ ।

ਅਰਥ—ਜੋ ਪ੍ਰਭੂ ਨੂੰ ਸਿਮਰਦੇ ਹਨ, ਓਹੀ ਧਨ ਵਾਲੇ ਹਨ । ਜੋ ਪ੍ਰਭੂ ਨੂੰ ਸਿਮਰਦੇ ਹਨ, ਓਹੀ ਇਜ਼ਤ ਵਾਲੇ ਹਨ । ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਪੁਰਸ਼ ਪ੍ਰਵਾਨ ਹਨ । ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਪੁਰਖ ਪ੍ਰਧਾਨ ਹਨ । ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਬੇਮੁਥਾਜ ਹਨ । ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਸਾਰਿਆਂ ਦੇ ਬਾਦਸ਼ਾਹ ਹਨ । ਜੋ ਪ੍ਰਭੂ ਨੂੰ ਸਿਮਰਦੇ ਹਨ ਉਹ ਸੁਖਾਂ ਵਿਚ ਵਸਦੇ ਹਨ । ਜੋ ਪ੍ਰਭੂ ਨੂੰ ਸਿਮਰਦੇ ਹਨ ਉਹ ਕਦੇ ਵੀ ਨਾਸ ਨਹੀਂ ਹੁੰਦੇ । ਸਿਮਰਨ ਕਰਨ ਵਿਚ ਉਹ ਲਗੇ ਹਨ, ਜਿਨ੍ਹਾਂ ਉਤੇ ਵਾਹਿਗੁਰੂ ਆਪ ਦਿਆਲ ਹੋਇਆ ਹੈ । (ਸ੍ਰੀ ਗੁਰੂ) ਨਾਨਕ ਦੇਵ ਜੀ ਆਖਦੇ ਹਨ, ਮੈਂ ਉਹਨਾਂ ਜਨਾਂ ਦੀ ਚਰਨ ਧੂੜਿ ਮੰਗਦਾ ਹਾਂ ॥੫॥

ਭਾਵ—ਵਾਹਿਗੁਰੂ ਜੀ ਦੀ ਕ੍ਰਿਪਾ ਤੋਂ ਬਿਨਾਂ ਭਜਨ ਵੀ ਨਹੀਂ ਹੋ ਸਕਦਾ । ਜਦ ਮਨ ਭਜਨ ਸਿਮਰਨ ਵਿਚ ਲਗ ਜਾਵੇ ਤਾਂ ਆਪਣੇ ਧੰਨ ਭਾਗ ਸਮਝ ਕੇ ਵਾਹਿਗੁਰੂ ਦਾ ਸ਼ੁਕਰ ਕਰਨਾ ਚਾਹੀਦਾ ਹੈ ਅਤੇ ਸਦਾ ਗਰੀਬੀ ਵਿਚ ਰਹਿੰਦੇ ਹੋਏ ਸੰਤਾਂ ਦੀ ਚਰਨ ਧੂੜ ਦੀ ਯਾਚਨਾ ਕਰਨੀ

ਚਾਹੀਦੀ ਹੈ ।

**ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥ ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥ ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥ ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥ ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥ ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥ ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ ਨਾਨਕ ਸਿਮਰਨੁ ਪੂਰੈ ਭਾਗਿ ॥੬॥**

ਪਦ ਅਰਥ—ਬਿਹਾਵੈ=ਬੀਤਦੀ ਹੈ, ਦਿਨ ਗੁਜ਼ਰਦੇ ਹਨ । ਆਤਮ= ਮਨ ।

ਅਰਥ—ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਦੂਜਿਆਂ ਦਾ ਭਲਾ ਕਰਦੇ ਹਨ । ਜੋ ਪ੍ਰਭੂ ਨੂੰ ਸਿਮਰਦੇ ਹਨ, ਮੈਂ ਉਹਨਾਂ ਤੋਂ ਸਦਾ ਕੁਰਬਾਨ ਹੁੰਦਾ ਹਾਂ । ਜੋ ਪ੍ਰਭੂ ਨੂੰ ਸਿਮਰਦੇ ਹਨ, ਉਹਨਾਂ ਦੇ ਮੂੰਹ ਸੋਹਣੇ ਲਗਦੇ ਹਨ। ਜੋ ਪ੍ਰਭੂ ਨੂੰ ਸਿਮਰਦੇ ਹਨ, ਉਹਨਾਂ ਦੀ ਉਮਰਾ ਸੁਖਾਂ ਨਾਲ ਬੀਤਦੀ ਹੈ। ਜੋ ਪ੍ਰਭੂ ਨੂੰ ਸਿਮਰਦੇ ਹਨ, ਉਹਨਾਂ ਨੇ ਮਨ ਨੂੰ ਜਿੱਤ ਲਿਆ ਹੈ । ਜੋ ਪ੍ਰਭੂ ਨੂੰ ਸਿਮਰਦੇ ਹਨ, ਉਹਨਾਂ ਦੀ ਰਹਿਣੀ ਨਿਰਮਲ ਹੈ । ਜੋ ਪ੍ਰਭੂ ਨੂੰ

ਸਿਮਰਦੇ ਹਨ, ਉਹਨਾਂ ਨੂੰ ਬਹੁਤ ਅਨੰਦ ਹੈ। ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਹਰੀ ਦੇ ਕੋਲ ਵਸਦੇ ਹਨ। ਸੰਤਾਂ ਦੀ ਕ੍ਰਿਪਾ ਹੋਵੇ ਤਾਂ ਅਵਿਦਯਾ ਨੀਂਦ ਤੋਂ ਦਿਨ ਰਾਤ ਜਾਗ ਕੇ ਪੂਰੇ ਭਾਗਾਂ ਵਾਲਾ ਹਰੀ ਦੇ ਸਿਮਰਨ ਵਿਚ ਲਗਦਾ ਹੈ, ਗੁਰੂ ਨਾਨਕ ਜੀ ਆਖਦੇ ਹਨ ॥੬॥

ਭਾਵ—'ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥' ਵਾਹਿਗੁਰੂ ਜੀ ਦੀ ਕ੍ਰਿਪਾ ਹੋਵੇ ਤਾਂ ਮਨ ਵਸ ਹੋ ਜਾਂਦਾ ਹੈ, ਫਿਰ ਸਾਰੇ ਹੀ ਸੁਖ ਪ੍ਰਾਪਤ ਹੋ ਕੇ ਹਰ ਤਰ੍ਹਾਂ ਦਾ ਅਨੰਦ ਬਣਿਆ ਰਹਿੰਦਾ ਹੈ।

**ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥ ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥ ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥ ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥ ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥ ਨਾਨਕ ਤਿਨ ਜਨ ਸਰਨੀ ਪਇਆ ॥੭॥**

ਪਦ ਅਰਥ—ਕਮਲ ਬਿਗਾਸਨ=ਹਿਰਦਾ ਰੂਪੀ ਕਮਲ ਖਿੜ ਪੈਂਦਾ ਹੈ। ਝੁਨਕਾਰ=ਸ਼ਬਦ। ਮਇਆ=ਕ੍ਰਿਪਾ। ਸਹਜ=ਤੁਰੀਆ ਪਦ।

ਅਰਥ—ਪ੍ਰਭੂ ਦਾ ਸਿਮਰਨ ਕਰਨ ਵਾਲੇ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ। ਪ੍ਰਭੂ ਦਾ ਸਿਮਰਨ ਕਰਨ ਵਾਲਾ ਕਦੇ ਵੀ ਨਹੀਂ ਝੂਰਦਾ। ਪ੍ਰਭੂ

ਦਾ ਸਿਮਰਨ ਕਰਨ ਵਾਲੇ ਦਾ ਬੋਲਣਾ ਵਾਹਿਗੁਰੂ ਦੇ ਗੁਣਾਂ ਵਾਲਾ ਹੋ ਜਾਂਦਾ ਹੈ। ਪ੍ਰਭੂ ਦਾ ਸਿਮਰਨ ਕਰਨ ਵਾਲਾ ਤੁਰੀਆ ਪਦ ਵਿਚ ਸਮਾ ਗਿਆ ਹੈ। ਪ੍ਰਭੂ ਦੇ ਸਿਮਰਨ ਕਰਨ ਵਾਲੇ ਨੇ ਅਚੱਲ ਅਸਥਾਨ ਪਾਇਆ ਹੈ। ਪ੍ਰਭੂ ਦਾ ਸਿਮਰਨ ਕਰਨ ਵਾਲੇ ਦਾ ਹਿਰਦਾ ਰੂਪੀ ਕਮਲ ਖਿੜ ਪਿਆ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਅਨਹਦ ਸ਼ਬਦ ਸੁਣੀਂਦੇ ਹਨ। ਪ੍ਰਭੂ ਸਿਮਰਨ ਕਰਨ ਕਰਕੇ ਜੋ ਸੁਖ ਮਿਲਦਾ ਹੈ, ਉਸ ਦਾ ਪਾਰ ਉਰਵਾਰ ਦਾ ਪਤਾ ਨਹੀਂ ਲਗਦਾ। ਪ੍ਰਭੂ ਦਾ ਸਿਮਰਨ ਉਹ ਕਰਦੇ ਹਨ, ਜਿਨ੍ਹਾਂ ਉਤੇ ਪ੍ਰਭੂ ਦੀ ਕ੍ਰਿਪਾ ਹੋਈ ਹੈ। ਸ੍ਰੀ ਗੁਰੂ ਨਾਨਕ ਤਾਂ ਉਨ੍ਹਾਂ ਪੁਰਸ਼ਾਂ ਦੀ ਸ਼ਰਨੀ ਪਿਆ ॥੭॥

ਭਾਵ—'ਸਿਮਰਨ' ਕੀਤਿਆਂ ਸਭ ਕੁਝ ਪ੍ਰਾਪਤ ਹੋ ਸਕਦਾ ਹੈ, ਉਹ ਪ੍ਰਗਟ ਕਰਦਿਆ ਹੋਇਆਂ ਅੰਤ ਵਿਚ ਦਸਿਆ ਹੈ ਜੋ ਸਿਮਰਨ ਵੀ ਵਾਹਿਗੁਰੂ ਦੀ ਕ੍ਰਿਪਾ ਨਾਲ ਹੋ ਸਕਦਾ ਹੈ। ਇਸ ਲਈ ਸਿਮਰਨ ਲਈ ਸਦਾ ਯਾਚਨਾ ਕਰੋ।

**ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥ ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥ ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥ ਹਰਿ ਸਿਮਰਨਿ ਕੀਓ ਸਗਲ ਅਕਾਰਾ ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥ ਕਰਿ ਕਿਰਪਾ ਜਿਸੁ**

**ਆਪਿ ਬੁਝਾਇਆ ॥ ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥**

ਅਰਥ—ਹਰੀ ਦਾ ਸਿਮਰਨ ਕਰਨ ਕਰਕੇ ਹੀ ਭਗਤ ਜਗਤ ਵਿਚ ਮਸ਼ਹੂਰ ਹੋਏ ਹਨ । ਹਰੀ ਦੇ ਸਿਮਰਨ ਵਿਚ ਲਗ ਕੇ ਰਿਖੀਆਂ ਨੇ ਬੇਦ ਬਣਾਏ ਹਨ । ਹਰੀ ਦਾ ਸਿਮਰਨ ਕਰਨ ਵਾਲੇ ਹੀ ਸਿਧ ਜਤੀ ਤੇ ਦਾਤੇ ਹੋਏ ਹਨ । ਹਰੀ ਦਾ ਸਿਮਰਨ ਕਰਨ ਵਾਲੇ ਨੀਚ ਪੁਰਸ਼ ਵੀ ਚੌਹਾਂ ਕੁੰਟਾਂ ਵਿਚ ਜਾਣੇ ਗਏ ਹਨ । ਹਰੀ ਦਾ ਸਿਮਰਨ ਸਾਰੀ ਧਰਤੀ ਦਾ ਆਸਰਾ ਹੈ । ਇਸ ਲਈ ਹਰੀ ਨੂੰ ਸਿਮਰ ਸਿਮਰ ਕੇ ਹੀ ਬ੍ਰਹਮਾ ਸਾਰੇ ਕਾਰਨਾਂ ਨੂੰ ਕਰਦਾ ਹੈ । ਹਰੀ ਦੇ ਸਿਮਰਨ ਦੇ ਪ੍ਰਤਾਪ ਕਰਕੇ ਹੀ ਉਸ ਨੇ ਸਾਰੀਆਂ ਦੇਹਾਂ ਬਣਾਈਆਂ ਹਨ । ਹਰੀ ਦੇ ਸਿਮਰਨ ਕਰਨ ਵਾਲੇ ਵਿਚ ਨਿਰੰਕਾਰ ਆਪ ਵਸਦਾ ਹੈ । ਵਾਹਿਗੁਰੂ ਨੇ ਕ੍ਰਿਪਾ ਕਰ ਕੇ ਜਿਸ ਨੂੰ ਆਪੇ ਸਮਝ ਦਿਤੀ ਹੈ । (ਸ੍ਰੀ ਗੁਰੂ) ਨਾਨਕ ਜੀ ਆਖਦੇ ਹਨ ਉਹਨਾਂ ਗੁਰਮੁਖਾਂ ਨੇ ਹਰੀ ਦਾ ਸਿਮਰਨ ਪਾਇਆ ਹੈ ॥੮॥੧॥

ਭਾਵ—ਇਸ ਸਾਰੀ ਅਸਟਪਦੀ ਵਿਚ ਸਿਮਰਨ ਦਾ ਹੀ ਪ੍ਰਤਾਪ ਦਸਿਆ ਹੈ । ਇਸ ਲਈ ਸਿਮਰ, ਜਿਸ ਕਰ ਕੇ ਤੇਰਾ ਜੀਵਨ ਸਫਲਾ ਹੋਵੇ । ਇਹੋ ਸਿਖੀ ਦਾ ਕੇਂਦਰ ਹੈ, ਜਿਸ ਦੇ ਅੰਦਰ ਸਿੱਖ ਨੇ ਵਸਣਾ ਹੈ ਤੇ ਸਿਮਰਨ ਕਰਨਾ ਹੀ ਸਭ ਤੋਂ ਉੱਚਾ ਕਾਰਜ ਹੈ ।

ਸਲੋਕੁ ॥

**ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥ ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥**

ਪਦ ਅਰਥ—ਭੰਜਨਾ=ਨਾਸ ਕਰਨਾ, ਤੋੜਨਾ । ਘਟਿ ਘਟਿ=ਹਰਿ

ਇਕ ਹਿਰਦਾ ।

ਅਰਥ—ਹੇ ਦੀਨਾਂ ਦੇ ਘਟ ਘਟ ਦੇ ਦੁਖ ਨਾਸ ਕਰਨਹਾਰ, ਸਰਬ ਅਨਾਥਾਂ ਦੇ ਨਾਥ ਜੀ, ਮੈਂ ਸ੍ਰੀ ਗੁਰੂ ਨਾਨਕ ਨਾਲ ਮਿਲ ਕੇ ਆਪ ਦੀ ਸ਼ਰਣ ਆਇਆ ਹਾਂ ॥੧॥

ਭਾਵ—ਆਪਣਾ ਆਪ ਤੇ ਸਾਰੇ ਆਸਰੇ ਛੱਡ ਕੇ ਕੇਵਲ ਵਾਹਿਗੁਰੂ ਦੀ ਸ਼ਰਨ ਲਈ ਬੇਨਤੀ ਕੀਤੀ ਹੈ ।

ਅਸਟਪਦੀ ॥

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥ ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥੧॥**

ਪਦ ਅਰਥ—ਦਲੈ=ਮਾਰਨਗੇ, ਪੀੜਨਗੇ । ਮੁਸਕਲ=ਔਖਿਆਈ, ਤੰਗੀ । ਪੁਨਹਚਰਨ=ਪ੍ਰਾਸਚਿਤ, ਪਾਪ ਨਾਸਕ ਕਰਮ । ਪਰਹਰੈ=ਦੂਰ ਕਰ ਦੇਵੇਗਾ । ਭਇਆਨ=ਡਰਾਉਣੇ ।

ਅਰਥ—ਜਿਥੇ ਮਾਂ, ਪਿਉ, ਪੁਤਰ, ਮਿਤਰ ਤੇ ਭਰਾ ਆਦਿਕ ਵਿਚੋਂ

ਕੋਈ ਵੀ ਸਾਥੀ ਨਹੀਂ ਹੋਵੇਗਾ। ਹੇ ਮੇਰੇ ਮਨ! ਉਥੇ ਤੇਰੇ ਨਾਲ ਨਾਮ ਹੀ ਸਹਾਈ ਹੋਵੇਗਾ। ਜਿਥੇ ਵਡੇ ਡਰਾਉਣੇ ਜਮਦੂਤ ਮਾਰਨਗੇ। ਹੇ ਮਨ! ਉਥੇ ਤੇਰੇ ਨਾਲ ਇਕ ਨਾਮ ਹੀ ਜਾਵੇਗਾ। ਜਿਥੇ ਤੈਨੂੰ ਬਹੁਤ ਹੀ ਤੰਗੀ ਹੋਵੇਗੀ। ਹਰੀ ਦਾ ਨਾਮ ਉਥੋਂ ਤੈਨੂੰ ਅੱਖ ਦੇ ਫੋਰ ਵਿਚ ਕੱਢ ਲਵੇਗਾ। ਅਨੇਕਾਂ ਪ੍ਰਾਸਚਿਤ ਕੀਤਿਆਂ ਵੀ ਜਿਨ੍ਹਾਂ ਪਾਪਾਂ ਤੋਂ ਛੁਟਕਾਰਾ ਨਹੀਂ ਹੁੰਦਾ। ਉਨ੍ਹਾਂ ਕ੍ਰੋੜਾਂ ਪਾਪਾਂ ਨੂੰ ਹਰੀ ਦਾ ਨਾਮ ਦੂਰ ਕਰ ਦੇਂਦਾ ਹੈ। ਹੇ ਮੇਰੇ ਮਨ! ਗੁਰਮੁਖ ਹੋ ਕੇ ਨਾਮ ਜਪ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ ਬਹੁਤੇ ਸੁਖ ਪਾਵੇਂਗਾ ॥੧॥

ਭਾਵ—ਇਸ ਜਗਤ ਯਾਤਰਾ ਮਗਰੋਂ ਉਸ ਰਾਹ ਥਾਣੀਂ ਜਾਣਾ ਹੈ, ਜਸ ਦਾ ਨਾਮ 'ਜਮ ਮਾਰਗ' ਹੈ ਗਰੁੜ ਆਦਿਕ ਪੁਰਾਣਾਂ ਵਿਚ ਇਹ ਰਾਹ ਵਡਾ ਹੀ ਦੁਖਦਾਈ ਲਿਖਿਆ ਹੈ। ਪਰ ਗੁਰੂ ਜੀ ਫੁਰਮਾਉਂਦੇ ਹਨ, ਉਹ ਰਾਹ ਤੇ ਸਹਾਈ ਤੇ ਸੁਖ ਦੇਣ ਵਾਲਾ ਨਾਮ ਹੀ ਹੈ' ਇਸ ਲਈ ਇਸ ਨੂੰ ਸਦਾ ਜਪੋ।

**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ ਲਾਖ ਕਰੋਰੀ ਬੰਧੁ ਨ ਪਰੈ ॥ ਹਰਿ ਕਾ ਨਾਮੁ ਜਪਤ ਨਿਸਤਰੈ ॥ ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ ਹਰਿ ਕਾ ਨਾਮੁ ਜਪਤ ਆਘਾਵੈ ॥ ਜਿਹ ਮਾਰਗਿ ਇਹੁ ਜਾਤ ਇਕੇਲਾ ॥ ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ ਐਸਾ ਨਾਮੁ ਮਨ ਸਦਾ ਧਿਆਈਐ ॥ ਨਾਨਕ ਗੁਰਮੁਖਿ**

## ਪਰਮ ਗਤਿ ਪਾਈਐ ॥੨॥

ਪਦ ਅਰਥ—ਬੰਧੁ=ਰੋਕ, ਸੰਤੋਖ । ਨਿਸਤਰੈ=ਪਾਰ ਲੰਘ ਜਾਂਦਾ । ਰੰਗਿ=ਖੁਸ਼ੀਆਂ । ਤਿਖ=ਤਰੇਹ, ਤ੍ਰਿਸ਼ਨਾ । ਆਘਾਵੈ=ਰੱਜ ਜਾਂਦਾ ਹੈ । ਸੁਹੇਲਾ=ਮਿਤਰ, ਸਾਥੀ । ਪਰਮਗਤਿ=ਮੁਕਤਿ ।

ਅਰਥ—ਸਾਰੀ ਦੁਨੀਆਂ ਦਾ ਰਾਜਾ ਵੀ ਦੁਖੀ ਹੋਵੇ । ਉਹ ਵੀ ਹਰੀ ਦਾ ਨਾਮ ਜਪ ਕੇ ਸੁਖੀ ਹੋਵੇਗਾ । ਲੱਖਾਂ ਕ੍ਰੋੜਾਂ ਦੀ ਗਿਣਤੀ ਵਿਚ ਮਾਇਆ ਇਕੱਠੀ ਕਰ ਕੇ ਵੀ ਤ੍ਰਿਸ਼ਨਾ ਵਿਚ ਰੋਕ ਨਾ ਪਵੇ । ਤਾਂ ਹਰੀ ਦਾ ਨਾਮ ਜਪ ਕੇ ਤ੍ਰਿਸ਼ਨਾ ਤੋਂ ਪਾਰ ਲੰਘ ਸਕਦਾ ਹੈ । ਮਾਇਆ ਦੀਆਂ ਅਨੇਕਾਂ ਖੁਸ਼ੀਆਂ ਵੀ ਪਿਆਸ ਨਹੀਂ ਬੁਝਾ ਸਕਦੀਆਂ । ਪਰ ਹਰੀ ਦਾ ਨਾਮ ਜਪਦਿਆਂ ਹੀ ਮਨ ਮਾਇਆ ਵਲੋਂ ਰੱਜ ਜਾਂਦਾ ਹੈ । ਜਿਸ ਰਸਤੇ ਵਿਚ ਇਹ ਜੀਵ ਇਕੱਲਾ ਜਾਵੇਗਾ । ਉਥੇ ਹਰੀ ਦਾ ਨਾਮ ਹੀ ਇਸ ਦੇ ਨਾਲ ਮਿਤਰ ਹੋਵੇਗਾ । ਹੇ ਮਨ ! ਅਜਿਹਾ ਨਾਮ ਸਦਾ ਹੀ ਧਿਆਉਣਾ ਚਾਹੀਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ ਗੁਰਮੁਖ ਹੋ ਕੇ ਮੁਕਤਿ ਪ੍ਰਾਪਤ ਕਰੀਦੀ ਹੈ ॥੨॥

ਭਾਵ—ਜਿਵੇਂ ਤੇਲ ਪਾ ਕੇ ਅੱਗ ਬੁਝਾਈਏ ਤਾਂ ਨਹੀਂ ਬੁਝਦੀ ਇਵੇਂ ਹੀ ਜੇ ਚਾਹੀਏ ਕਿ ਮਾਇਆ ਇਕੱਠੀ ਕਰਕੇ ਤ੍ਰਿਸ਼ਨਾ ਅੱਗ ਨੂੰ ਬੁਝਾਈਏ ਤਾਂ ਇਹ ਨਹੀਂ ਬੁਝਦੀ । ਸਗੋਂ 'ਸਹਸ ਖਟੇ ਲਖ ਕਉ ਉਠਿ ਧਾਵੈ ।' ਹਾਂ ਨਾਮ ਜਪੀਏ ਤਾਂ ਆਪੇ ਹੀ ਮਨ ਸ਼ਾਂਤ ਹੋ ਜਾਂਦਾ ਹੈ ਅਤੇ ਸਰੀਰ ਸੁਖੀ ਹੋ ਜਾਂਦਾ ਹੈ ।

## ਛੂਟਤ ਨਹੀ ਕੋਟਿ ਲਖ ਬਾਹੀ ॥ ਨਾਮੁ ਜਪਤ ਤਹ ਪਾਰਿ ਪਰਾਹੀ ॥ ਅਨਿਕ ਬਿਘਨ ਜਹ ਆਇ ਸੰਘਾਰੈ ॥ ਹਰਿ ਕਾ ਨਾਮੁ

**ਤਤਕਾਲ ਉਧਾਰੈ ॥ ਅਨਿਕ ਜੋਨਿ ਜਨਮੈ ਮਰਿ ਜਾਮ ॥ ਨਾਮੁ ਜਪਤ ਪਾਵੈ ਬਿਸ੍ਰਾਮ ॥ ਹਉ ਮੈਲਾ ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥ ਐਸਾ ਨਾਮੁ ਜਪਹੁ ਮਨ ਰੰਗਿ ॥ ਨਾਨਕ ਪਾਈਐ ਸਾਧ ਕੈ ਸੰਗਿ ॥੩॥**

ਪਦ ਅਰਥ—ਬਾਹੀ=ਸਹਾਇਕ। ਪਰਾਹੀ=ਲੰਘ ਜਾਵੇਗਾ। ਸੰਘਾਰੈ= ਮਾਰਦੇ ਹਨ। ਰੰਗਿ=ਪ੍ਰੇਮ।

ਅਰਥ—ਲੱਖਾਂ ਕ੍ਰੋੜਾਂ ਸਹਾਇਕਾਂ ਦੇ ਹੁੰਦਿਆਂ ਵੀ ਜਿਨ੍ਹਾਂ ਜਮਾਂ ਤੋਂ ਛੁਟਕਾਰਾ ਨਹੀਂ ਹੋਣਾ। ਪਰ ਹਰੀ ਦਾ ਨਾਮ ਜਪਦਿਆਂ ਹੀ ਉਨ੍ਹਾਂ ਤੋਂ ਪਰੇ ਲੰਘ ਜਾਵੇਗਾ। ਜਿਥੇ ਅਨੇਕਾਂ ਹੀ ਦੁਖ ਆਣ ਕੇ ਮਾਰਦੇ ਹਨ। ਹਰੀ ਦਾ ਨਾਮ ਉਥੇ ਛੇਤੀ ਨਾਲ ਆ ਬਚਾਉਂਦਾ ਹੈ। ਜੋ ਮਨੁਖ ਅਨੇਕਾਂ ਜੂਨਾਂ ਵਿਚ ਮਰਦਾ ਜੰਮਦਾ ਹੈ। (ਉਹ) ਨਾਮ ਜਪਦਿਆਂ ਹੀ ਬਿਸਰਾਮ ਪਾ ਲਵੇਗਾ। ਜੋ ਹੰਕਾਰ ਕਰ ਕੇ ਮੈਲਾ ਹੈ, ਉਸ ਦੀ ਮੈਲ ਕਦੇ ਵੀ ਨਹੀਂ ਉਤਰ ਸਕਦੀ। ਪਰ ਹਰੀ ਦਾ ਨਾਮ ਉਸ ਦੇ ਕ੍ਰੋੜਾਂ ਪਾਪ ਸਣੇ ਹੰਕਾਰ ਦੀ ਮੈਲ ਦੂਰ ਕਰ ਦੇਵੇਗਾ। ਹੇ ਮਨ! ਪ੍ਰੇਮ ਨਾਲ ਨਾਮ ਜਪ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਨਾਮ ਸਾਧ ਸੰਗਤ ਵਿਚੋਂ ਮਿਲਦਾ ਹੈ ॥੩॥

ਭਾਵ—'ਜਨਮ ਮਰਨ ਦਾ ਕਾਰਨ ਹੰਕਾਰ ਹੈ' ਜੋ ਹੋਰ ਕਿਸੇ ਵੀ ਕਰਮ ਦੇ ਕੀਤਿਆਂ ਨਹੀਂ ਮਿਟ ਸਕਦਾ। ਕੇਵਲ ਨਾਮ ਜਪਣੇ ਕਰ ਕੇ ਹੰਕਾਰ ਨਾਸ ਹੋ ਜਾਂਦਾ ਹੈ। ਪਰ ਇਹ ਨਾਮ ਸਾਧ ਸੰਗਤ ਤੋਂ ਬਿਨਾਂ ਹੋਰ ਕਿਤੋਂ ਨਹੀਂ ਮਿਲਦਾ।

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥

ਪਦ ਅਰਥ—ਤੋਸਾ=ਰਸਤੇ ਦੀ ਖੁਰਾਕ । ਸਿਞਾਨੂ=ਵਾਕਫ । ਘਾਮ=ਧੁਪ । ਆਕਰਖੈ=ਵਿਆਕੁਲ ਕਰੇਗੀ ।

ਅਰਥ—ਜਿਸ ਰਸਤੇ ਦੇ ਕੋਹ ਨਹੀਂ ਗਿਣੇ ਜਾਂਦੇ । ਹਰੀ ਦਾ ਨਾਮ ਉਥੇ ਤੇਰੇ ਨਾਲ ਰਸਤੇ ਦੀ ਖੁਰਾਕ ਹੋਵੇਗਾ । ਜਿਸ ਰਸਤੇ ਵਿਚ ਵਡਾ ਹੀ ਹਨੇਰਾ ਹੋਵੇਗਾ । ਉਥੇ ਚਾਨਣ ਕਰਨ ਲਈ ਹਰੀ ਦਾ ਨਾਮ ਨਾਲ ਹੋਵੇਗਾ । ਹੇ ਬੰਦੇ ! ਜਿਸ ਰਾਹ ਵਿਚ ਤੇਰਾ ਕੋਈ ਵਾਕਫ ਨਹੀਂ ਹੋਵੇਗਾ । ਉਥੇ ਹਰੀ ਦਾ ਨਾਮ ਹੀ ਨਾਲ ਪਛਾਣੂ ਹੁੰਦਾ ਹੈ । ਜਿਥੇ ਵਡੀ ਡਰਾਉਣੀ ਤੇਜ਼ ਧੁੱਪ ਪੈਂਦੀ ਹੈ, ਉਥੇ ਤੇਰੇ ਉਤੇ ਹਰੀ ਦਾ ਨਾਮ ਹੀ ਛਾਂ ਕਰੇਗਾ । ਜਿਥੋਂ ਦੀ ਤ੍ਰੇਹ ਤੇਰੇ ਮਨ ਨੂੰ ਵਿਆਕੁਲ ਕਰੇਗੀ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਥੇ ਤਾਂ ਹਰਿ ਹਰਿ ਨਾਮ ਜਪਦਿਆਂ ਹੀ ਅੰਮ੍ਰਿਤ ਵਸੇਗਾ ॥੪॥

ਭਾਵ—ਹਿੰਦੂ ਮਤ ਵਿਚ 'ਜਮ ਮਾਰਗ' ਦਾ ਰਾਹ ਵੱਡਾ ਕਰੜਾ ਦੁਖਦਾਈ, ਘਬਰਾ ਦੇਣ ਵਾਲਾ ਤੇਜ਼ ਧੁਪ ਵਾਲਾ ਇਤਿਆਦਿਕ 'ਗਰੁੜ ਪੁਰਾਣ' ਵਿਚ ਪ੍ਰਗਟ ਕੀਤਾ ਹੈ। ਮੂਲ ਤੋਂ ਭੁੱਲੇ ਹਿੰਦੂ ਉਹਨਾਂ ਦੁਖਾਂ ਤੋਂ ਛੁਟਕਾਰੇ ਲਈ 'ਕਿਰਿਆ' ਕਰਦੇ ਤੇ ਪਿੱਪਲ ਪਾਣੀ ਪਾਣ ਆਦਿਕ ਕਰਮ ਕਰਦੇ ਹਨ। ਪਰ ਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਰਸਤੇ ਦੇ ਦੁਖਾਂ ਤੋਂ ਛੁਡਾਉਣ ਵਾਲਾ ਕੇਵਲ ਇਕ ਨਾਮ ਹੀ ਹੈ। ਤਾਂ ਤੇ ਉਸ ਨੂੰ ਪ੍ਰੇਮ ਨਾਲ ਜਪੋ।

**ਭਗਤ ਜਨਾ ਕੀ ਬਰਤਨਿ ਨਾਮੁ ॥ ਸੰਤ ਜਨਾ ਕੈ ਮਨਿ ਬਿਸ੍ਰਾਮੁ ॥ ਹਰਿ ਕਾ ਨਾਮੁ ਦਾਸ ਕੀ ਓਟ ॥ ਹਰਿ ਕੈ ਨਾਮਿ ਉਧਰੇ ਜਨ ਕੋਟਿ ॥ ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ ਹਰਿ ਹਰਿ ਅਉਖਧੁ ਸਾਧ ਕਮਾਤਿ ॥ ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ ਪਾਰਬ੍ਰਹਮਿ ਜਨ ਕੀਨੋ ਦਾਨ ॥ ਮਨ ਤਨ ਰੰਗਿ ਰਤੇ ਰੰਗ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥**

ਪਦ ਅਰਥ—ਅਉਖਧੁ=ਦਾਰੂ। ਬਿਰਤੀ=ਬ੍ਰਿਤਿ, ਬੁੱਧੀ। ਬਿਬੇਕੈ= ਵਿਚਾਰ।

ਅਰਥ—ਭਗਤ ਜਨਾਂ ਦੀ ਨਾਮ ਹੀ ਵਰਤਣ ਹੈ। ਇਸੇ ਲਈ ਉਹ ਸੰਤ ਜਨਾਂ ਦੇ ਮਨ ਵਿਚ ਵਸ ਰਿਹਾ ਹੈ। ਦਾਸਾਂ ਦੀ ਓਟ ਹੀ ਹਰੀ ਦਾ ਨਾਮ ਹੈ। ਹਰੀ ਦਾ ਨਾਮ ਜਪ ਕੇ ਕ੍ਰੋੜਾਂ ਪੁਰਸ਼ ਤਰ ਗਏ ਹਨ। ਸੰਤ

ਜਨ ਦਿਨ ਰਾਤ ਹਰੀ ਦਾ ਹੀ ਜਸ ਕਰਦੇ ਹਨ। ਹਰਿ ਹਰਿ ਨਾਮ ਨੂੰ ਹੀ ਦਾਰੂ ਜਾਣ ਕੇ ਸੰਤ ਕਮਾਈ ਕਰਦੇ ਹਨ। ਹਰੀ ਦੇ ਦਾਸਾਂ ਕੋਲ ਹਰੀ ਦੇ ਨਾਮ ਦਾ ਹੀ ਖਜ਼ਾਨਾ ਹੈ। ਕਰਤਾਰ ਨੇ ਇਹ ਖਜ਼ਾਨਾ ਆਪਣੇ ਦਾਸਾਂ ਨੂੰ ਹੀ ਬਖਸ਼ਿਆ ਹੈ। ਇਸ ਲਈ ਉਹਨਾਂ ਦਾ ਮਨ ਤੇ ਤਨ ਇਕ ਦੇ ਰੰਗ ਵਿਚ ਰੰਗਿਆ ਗਿਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਦਾਸ ਦੀ ਬੁਧਿ ਵਿਚ ਸਦਾ ਹੀ ਨਾਮ ਦੀ ਵਿਚਾਰ ਰਹਿੰਦੀ ਹੈ ॥੫॥

ਭਾਵ—ਇਸ ਪਉੜੀ ਵਿਚ ਸੰਤਾਂ ਦੇ ਕਰਮ ਦਸੇ ਹਨ ਕਿ ਸੰਤ ਹਰ ਕਾਰਜ ਨਾਮ ਦੇ ਆਸਰੇ ਹੋ ਕੇ ਹੀ ਕਰਦੇ ਹਨ। ਕੋਈ ਵੀ ਅਜਿਹਾ ਕੰਮ ਨਹੀਂ ਕਰਦੇ ਜਿਸ ਵਿਚ ਨਾਮ ਤੋਂ ਬੇਮੁਖ ਹੋਣਾ ਪਵੇ।

**ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥ ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥ ਹਰਿ ਕਾ ਨਾਮੁ ਜਨ ਕੀ ਵਡਿਆਈ ॥ ਹਰਿ ਕੈ ਨਾਮਿ ਜਨ ਸੋਭਾ ਪਾਈ ॥ ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥ ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥ ਜਨੁ ਰਾਤਾ ਹਰਿ ਨਾਮ ਕੀ ਸੇਵਾ ॥ ਨਾਨਕ ਪੂਜੈ ਹਰਿ ਹਰਿ ਦੇਵਾ ॥੬॥**

ਪਦ ਅਰਥ—ਜੁਗਤਿ=ਜੋੜਨ ਵਾਲਾ। ਭੁਗਤਿ=ਭੋਗਾਂ ਤੋਂ। ਭੰਗੁ=ਫਰਕ, ਵਿਛੋੜਾ। ਰਾਤਾ=ਲੱਗਾ ਹੋਇਆ।

ਅਰਥ—ਹਰੀ ਦਾ ਨਾਮ ਹੀ ਦਾਸਾਂ ਨੂੰ ਮੁਕਤੀ ਨਾਲ ਜੋੜਨ ਵਾਲਾ ਹੈ। ਹਰੀ ਦੇ ਨਾਮ ਨੇ ਹੀ ਦਾਸਾਂ ਨੂੰ ਭੋਗਾਂ ਤੋਂ ਤ੍ਰਿਪਤ ਕਰ ਦਿਤਾ ਹੈ। ਹਰੀ ਦਾ ਨਾਮ ਹੀ ਦਾਸਾਂ ਦਾ ਰੂਪ ਰੰਗ ਹੈ। ਹਰੀ ਦਾ ਨਾਮ ਜਪਣ ਵਲੋਂ ਦਾਸ ਕਦੇ ਵੀ ਅਵੇਸਲਾ ਨਾ ਹੋਵੇ। ਹਰੀ ਦਾ ਨਾਮ ਜਪਣ ਕਰਕੇ ਹੀ ਭਗਤਾਂ ਦੀ ਵਡਿਆਈ ਹੁੰਦੀ ਹੈ। ਹਰੀ ਦਾ ਨਾਮ ਜਪ ਕੇ ਹੀ ਦਾਸਾਂ ਨੇ ਸ਼ੋਭਾ ਪਾਈ ਹੈ। ਹਰੀ ਦਾ ਨਾਮ ਜਪਣੇ ਕਰਕੇ ਦਾਸਾਂ ਨੂੰ ਭੋਗ ਵੀ ਯੋਗ ਵਾਂਗੂੰ ਵਾਹਿਗੁਰੂ ਦਾ ਦਿਦਾਰਾ ਕਰਾਉਂਦੇ ਹਨ। ਹਰੀ ਦਾ ਨਾਮ ਜਪਣੇ ਵਾਲੇ ਨੂੰ ਕਦੇ ਵੀ ਵਿਛੋੜਾ ਨਹੀਂ ਪੈਂਦਾ। ਦਾਸ ਤਾਂ ਹਰੀ ਦੇ ਨਾਮ ਸੇਵਨ ਵਿਚ ਹੀ ਲਗਾ ਹੋਇਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਹਰਿ ਹਰਿ ਜਪਣਾ ਹੀ ਦੇਵਤਾ ਹੈ, ਭਗਤ ਇਸੇ ਦੀ ਪੂਜਾ ਕਰਦੇ ਹਨ ॥੬॥

ਭਾਵ—ਇਹ ਗੱਲ ਮੰਨੀ ਪ੍ਰਮੰਨੀ ਹੈ ਕਿ ਨਾਮ ਵਾਲੇ ਪੁਰਸ਼ ਨਾਲੋਂ 'ਨਾਮ' ਵੱਡਾ ਹੈ। ਇਉਂ ਸਮਝੋ 'ਰਾਮ' ਨਾਲੋਂ ਰਾਮ ਦਾ ਨਾਮ ਵੱਡਾ ਹੈ। ਕਿਉਂ ਨਾਮ ਕਰਕੇ ਹੀ ਰਾਮ ਦੀ ਪਛਾਣ ਹੋਈ ਹੈ। ਇਸ ਲਈ ਗੁਰੂ ਜੀ ਨੇ ਫੁਰਮਾਇਆ ਹੈ ਕਿ "ਵਡਾ ਸਾਹਿਬ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥" ਇਸ ਲਈ ਭਗਤ ਜਨ ਹਰਿ ਹਰਿ ਨਾਮ ਨੂੰ ਦੇਵਤਾ ਬਣਾ ਕੇ ਇਸੇ ਦੀ ਪੂਜਾ ਕਰਦੇ ਹਨ। ਅਰਥਾਤ ਨਾਮ ਧੇਅ ਬਣਾ ਕੇ ਇਸੇ ਦੀ ਪੂਜਾ ਕਰਦੇ ਹਨ। ਨਾਮ ਨੂੰ ਧੇਅ ਬਣਾ ਕੇ ਇਸੇ ਦਾ ਹੀ ਧਿਆਨ ਕਰਦੇ ਹਨ।

**ਹਰਿ ਹਰਿ ਜਨ ਕੈ ਮਾਲੁ ਖਜੀਨਾ ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥ ਹਰਿ ਹਰਿ ਜਨ ਕੈ ਓਟ ਸਤਾਣੀ ॥ ਹਰਿ ਪ੍ਰਤਾਪਿ**

**ਜਨ ਅਵਰ ਨ ਜਾਣੀ ॥ ਓਤਿ ਪੋਤਿ ਜਨ ਹਰਿ ਰਸਿ ਰਾਤੇ ॥ ਸੁੰਨ ਸਮਾਧਿ ਨਾਮ ਰਸ ਮਾਤੇ ॥ ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥ ਨਾਨਕ ਜਨ ਸੰਗਿ ਕੇਤੇ ਤਰੇ ॥੭॥**

ਪਦ ਅਰਥ—ਸਤਾਣੀ=ਜ਼ੋਰਾਵਰ, ਤਾਕਤ ਵਾਲੀ। ਓਟ ਪੋਤ= ਤਾਣਾ ਪੇਟਾ, ਆਪੋ ਵਿਚ, ਪਰਸਪਰ । ਸੁੰਨ=ਅਫੁਰ ਪਦ ।

ਅਰਥ—ਹਰਿ ਹਰਿ ਨਾਮ ਹੀ ਭਗਤਾਂ ਦਾ ਮਾਲ ਤੇ ਖਜ਼ਾਨਾ ਹੈ । ਹਰਿ ਨਾਮ ਧਨ ਭਗਤਾਂ ਨੂੰ ਪ੍ਰਭੂ ਨੇ ਆਪ ਦਿਤਾ ਹੈ । ਹਰਿ ਹਰਿ ਨਾਮ ਹੀ ਸੰਤਾਂ ਦਾ ਜ਼ਬਰਦਸਤ ਆਸਰਾ ਹੈ । ਹਰਿ ਨਾਮ ਦੇ ਪ੍ਰਤਾਪ ਨੂੰ ਸੰਤਾਂ ਤੋਂ ਬਿਨਾਂ ਹੋਰ ਕੋਈ ਨਹੀਂ ਜਾਣ ਸਕਦਾ । ਤਾਣੇ ਪੇਟੇ ਵਾਂਗੂੰ ਸੰਤ ਤੇ ਹਰੀ ਆਪੋ ਵਿਚ ਪ੍ਰੇਮ ਨਾਲ ਰੱਤੇ ਹੋਏ ਹਨ । ਨਾਮ ਜਪਣ ਦੇ ਰਸ ਵਿਚ ਮੱਤਿਆਂ ਦੀ ਅਫੁਰ ਸਮਾਧੀ ਲਗ ਜਾਂਦੀ ਹੈ । ਜੋ ਅੱਠੇ ਪਹਿਰ ਹਰਿ ਹਰਿ ਨਾਮ ਜਪਦਾ ਹੈ, ਉਹ ਸੰਤ ਹੈ । ਹਰੀ ਦਾ ਭਗਤ ਜਗਤ ਵਿਚ ਪ੍ਰਗਟ ਹੈ, ਲੁਕਿਆ ਨਹੀਂ ਰਹਿੰਦਾ । ਹਰੀ ਦੀ ਭਗਤੀ ਨੇ ਅਨੇਕਾਂ ਹੀ ਮੁਕਤ ਕਰ ਦਿਤੇ ਹਨ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਭਗਤਾਂ ਨਾਲ ਮਿਲ ਕੇ ਅਨੇਕਾਂ ਹੀ ਜੀਵ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ ॥੭॥

ਭਾਵ—ਜਿਵੇਂ ਤਾਣੇ ਤੇ ਪੇਟੇ ਦਾ ਸੂਤਰ ਦਿਸਣ ਨੂੰ ਤਾਂ ਦੋ ਹੁੰਦੇ ਹਨ, ਪਰ ਵਾਸਤਵ ਵਿਚ ਇਕੋ ਹੁੰਦਾ ਹੈ । ਇਵੇਂ ਸੰਤ ਤੇ ਅਨੰਤ ਕਹਿਣ ਨੂੰ ਤਾਂ ਦੋ ਹਨ, ਪਰ ਅਸਲ ਵਿਚ ਇਕੋ ਹਨ । ਅੰਤ ਵਿਚ ਸੰਤਾਂ ਦੇ

ਲੱਛਣ ਪ੍ਰਗਟ ਕਰ ਦਿੱਤੇ ਹਨ । ਅਰਥਾਤ—

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*

*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥* [੩੧੯

**ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥ ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥ ਨਾਮ ਕੀ ਮਹਿਮਾ ਸੰਤ ਰਿਦ ਵਸੈ ॥ ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥ ਨਾਮ ਤੁਲਿ ਕਛੁ ਅਵਰੁ ਨ ਹੋਇ ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥**

ਪਦ ਅਰਥ—ਪਾਰਜਾਤੁ=ਕਲਪ ਬ੍ਰਿਛ । ਕਾਮਧੇਨ=ਕਾਮਨਾ ਪੂਰਨ ਕਰਨ ਵਾਲੀ ਗਊ, ਜੋ ਸਮੁੰਦਰ ਵਿਚੋਂ ਨਿਕਲੀ ਤੇ ਇੰਦਰ ਨੂੰ ਮਿਲੀ ਪੁਰਾਣਾਂ ਵਿਚ ਲਿਖੀ ਹੈ । ਗਾਮ=ਗਾਉਣਾ । ਦੁਰਤ=ਪਾਪ । ਤੁਲਿ=ਬਰਾਬਰ ।

ਅਰਥ— ਹਰਿ ਨਾਮ ਦਾ ਜੋ ਜਪਣਾ ਹੈ ਇਹੋ ਕਲਪ ਬ੍ਰਿਛ ਹੈ । ਹਰੀ ਦੇ ਅਨੇਕ ਗੁਣਾਂ ਦਾ ਗਾਉਣਾ ਹੀ ਕਾਮਧੇਨ ਹੈ । ਹਰੀ ਦੀ ਕਥਾ ਹੀ ਸਾਰਿਆਂ ਤੋਂ ਉੱਤਮ ਕਥਾ ਹੈ । ਨਾਮ ਦੇ ਸੁਣਦਿਆਂ ਹੀ ਦੁਖ ਪੀੜ ਹਟ ਜਾਂਦੀ ਹੈ । ਨਾਮ ਦੀ ਵਡਿਆਈ ਸੰਤਾਂ ਦੇ ਹਿਰਦੇ ਵਿਚ ਵਸਦੀ

ਹੈ । ਇਸ ਲਈ ਸੰਤਾਂ ਦੇ ਪ੍ਰਤਾਪ ਕਰਕੇ ਜਗਤਾਸੂ ਦੇ ਵੀ ਸਾਰੇ ਪਾਪ ਮਿਟ ਜਾਂਦੇ ਹਨ । ਵਡੇ ਭਾਗਾਂ ਵਿਚ ਸੰਤਾਂ ਦਾ ਸੰਗ ਮਿਲਦਾ ਹੈ । ਸੰਤਾਂ ਦੀ ਸੇਵਾ ਦਾ ਫਲ ਇਹ ਹੈ ਜੋ ਹਰਿ ਨਾਮ ਜਪਿਆ ਜਾਂਦਾ ਹੈ । ਨਾਮ ਦੇ ਬਰਾਬਰ ਹੋਰ ਕੁਛ ਵੀ ਨਹੀਂ ਹੋ ਸਕਦਾ । ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਪਰ ਕੋਈ ਗੁਰਮੁਖ ਜਨ ਹੀ ਨਾਮ ਲੈ ਸਕਦਾ ਹੈ ॥੮॥੨॥

ਭਾਵ—'ਕਲਪ ਬ੍ਰਿਛ', 'ਕਾਮਧੇਨ' ਆਦਿਕ ਦੁਰਲਭ ਤੇ ਫਲ ਪ੍ਰਦਾਤਾ ਪਦਾਰਥ ਮੰਨੇ ਹੋਏ ਹਨ । ਪਰ ਗੁਰਮਤ ਵਿਚ ਤਾਂ ਇਕ ਨਾਮ ਤੋਂ ਬਿਨਾਂ ਹੋਰ ਕੋਈ ਵੀ ਪਦਾਰਥ ਉੱਤਮ ਨਹੀਂ । ਪਰ ਜਨਾ ਖਣਾ ਨਾਮ ਨਹੀਂ ਲੈ ਸਕਦਾ । ਕਿਉਂਕਿ :-

*'ਆਖਣਿ ਅਉਖਾ ਸਾਚਾ ਨਾਉ ॥'*

ਸਲੋਕੁ ॥

**ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥**

ਅਰਥ—ਬਹੁਤੇ ਸ਼ਾਸਤ੍ਰ, ਬਹੁਤੀਆਂ ਸਿੰਮ੍ਰਤੀਆਂ ਇਹ ਸਾਰੇ ਢੂੰਢ ਵੇਖੇ ਹਨ । ਪਰ ਹਰਿ ਹਰਿ (ਨਾਮ ਦੇ ਬਰਾਬਰ ਕੁਝ ਵੀ) ਨਹੀਂ ਪੁਜਦਾ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਨਾਮ ਦਾ ਜਪਣਾ ਅਮੋਲਕ ਵਸਤੂ ਹੈ ॥੧॥

ਅਸਟਪਦੀ ॥

**ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ ਜੋਗ ਅਭਿਆਸ**

# ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥ ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥ ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥

ਪਦ ਅਰਥ—ਖਟ ਸ਼ਾਸਤ੍ਰ=ਛੇ ਸ਼ਾਸਤ੍ਰ (ਨਜਾਯ, ਵੈਸੇਖਕ, ਸਾਂਖਜ, ਯੋਗ, ਮੀਮਾਂਸਾ, ਵੇਦਾਂਤ) । ਹੋਮੇ=ਹੋਮ ਕਰੇ । ਰਤਨਾ=ਘਿਉ । ਰਾਤੀ=ਰੱਤੀ।

ਅਰਥ—ਜਪ, ਤਪ, ਗਿਆਨ, ਧਿਆਨ ਆਦਿਕ ਸਾਰੇ ਕਰਮ ਕਰੇ। ਛੇ ਸ਼ਾਸਤ੍ਰ ਤੇ ਸਿੰਮ੍ਰਤੀਆਂ ਵਾਚੇ । ਜੋਗ ਸਾਧਨਾ ਤੇ ਕਰਮ ਤੇ ਕਰਮ ਕਾਂਡ ਦੇ ਧਰਮ ਵੀ ਕਰੇ। ਸਭ ਕੁਝ ਛਡ ਕੇ ਜੰਗਲ ਵਿਚ ਫਿਰਦਾ ਰਹੇ। ਹੋਰ ਅਨੇਕਾਂ ਤਰ੍ਹਾਂ ਦੇ ਬਹੁਤੇ ਸਾਧਨ ਦਾਨ ਪੁੰਨ ਕਰੇ ਅਤੇ ਬਹੁਤ ਸਾਰਾ ਘਿਓ ਹੋਮ ਕਰ ਦੇਵੇ। ਆਪਣੇ ਸਰੀਰ ਨੂੰ ਰੱਤੀ ਰੱਤੀ ਜਿੰਨਾ ਕੱਟ ਕੇ ਹੋਮ ਕਰ ਦੇਵੇ । ਅਨੇਕ ਤਰ੍ਹਾਂ ਦੇ ਵਰਤ ਤੇ ਨੇਮ ਵੀ ਕਰੇ । ਪਰ ਵਿਚਾਰ ਲਵੋ ਕਿ ਸਾਰੇ ਕਰਮ ਕਰਨੇ ਰਾਮ ਨਾਮ ਜਪਣ ਦੇ ਬਰਾਬਰ ਨਹੀਂ ਹਨ । ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰਮੁਖ ਹੋ ਕੇ ਇਸ ਮਨੁਖ ਜਨਮ ਰੂਪ ਵਾਰੀ ਵਿਚ ਇਕ ਨਾਮ ਹੀ ਜਪਣਾ ਚਾਹੀਦਾ ਹੈ ॥੧॥

ਭਾਵ—ਮੁੱਢ ਨੂੰ ਪਾਣੀ ਦੇਈਏ ਤਾਂ ਪੱਤਿਆਂ ਨੂੰ ਆਪੇ ਪੁੱਜ ਜਾਣ

ਵਾਂਗੂੰ ਨਾਮ ਜਪਣ ਨਾਲ ਸਾਰੇ ਕਰਮ ਧਰਮ ਆਪੇ ਹੀ ਹੋ ਜਾਂਦੇ ਹਨ। ਦੂਜਾ ਕਾਰਨ ਇਹ ਹੈ ਕਿ ਸਿੰਮ੍ਰਤੀਆਂ ਦੇ ਧਰਮ ਕਰਮ ਕਰਨ ਦਾ ਅਧਿਕਾਰ ਸਾਰਿਆਂ ਨੂੰ ਨਹੀਂ ਹੈ। ਪਰ ਨਾਮ ਜਪਣ ਦਾ ਹੱਕ ਸਭ ਨੂੰ ਇਕੋ ਜਿਹਾ ਹੈ। ਇਸ ਲਈ ਸਾਰੇ ਧਰਮਾਂ ਕਰਮਾਂ ਨਾਲੋਂ ਨਾਮ ਜਪਣ ਦਾ ਵਿਸ਼ੇਸ਼ ਲਾਭ ਹੈ।

**ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥ ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥ ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥ ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥ ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥**

ਪਦ ਅਰਥ—ਥੀਵੈ=ਹੋ ਜਾਵੇ। ਕਨਿਕ=ਸੋਨਾ। ਅਸ੍ਵ=ਘੋੜਾ। ਹੈਵਰ=ਦਰਿਆਈ ਘੋੜੇ। ਨਿਉਲੀ ਕਰਮ=ਯੋਗ ਦੇ ਛੇ ਕਰਮਾਂ ਵਿਚੋਂ ਇਕ ਕਰਮ ਦਾ ਨਾਮ ਹੈ। ਜੈਨ=ਇਕ ਭੇਖ ਦਾ ਨਾਮ ਹੈ ਜੋ ਮੂੰਹ ਤੇ ਪਟੀਆਂ ਬੰਨ੍ਹੀ ਰਖਦੇ ਤੇ ਵਿਸ਼ਟਾ ਫੋਲਣ ਆਦਿਕ ਕਰਮ ਕਰਦੇ ਹਨ। ਸਮਸਰਿ=ਬਰਾਬਰ।

ਅਰਥ—ਚਿਰਜੀਵੀ ਹੋ ਕੇ ਧਰਤੀ ਦੇ ਨੌਂ ਖੰਡਾਂ ਵਿਚ ਹੀ ਭੌਂਦਾ

ਰਹੇ। ਵੱਡਾ ਉਦਾਸੀ ਤੇ ਤਪੀਸਰ ਹੋ ਜਾਵੇ। ਅੱਗ ਵਿਚ ਆਪਣੀ ਜ਼ਿੰਦਗੀ ਵੀ ਫੂਕ ਦੇਵੇ। ਸੋਨਾ ਚਾਂਦੀ ਤੇ ਦਰਿਆਈ ਘੋੜੇ ਆਦਿ ਉੱਤਮ ਪਦਾਰਥ ਤੇ ਜ਼ਮੀਨ ਦਾਨ ਕਰ ਦੇਵੇ। ਨਿਉਲੀ ਕਰਮ ਕਰੇ ਬਹੁਤੇ ਆਸਨ ਵੀ ਲਾਵੇ। ਕਰੜੇ ਸੰਜਮ ਤੇ ਸਾਧਨ ਕਰਨ ਵਾਲੇ ਜੈਨ ਮਾਰਗ ਨੂੰ ਵੀ ਕਮਾਵੇ। ਰਤਾ ਰਤਾ ਜਿੰਨਾਂ ਸਰੀਰ ਵੀ ਕਟਾ ਦੇਵੇ ਤਦ ਵੀ ਹੰਕਾਰ ਦੀ ਮੈਲ ਦੂਰ ਨਹੀਂ ਹੁੰਦੀ। ਹਰੀ ਦੇ ਨਾਮ ਜਪਣ ਬਰਾਬਰ ਕੁਝ ਵੀ ਨਹੀਂ ਪੁਜ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਗੁਰਮੁਖ ਹੋ ਕੇ ਨਾਮ ਜਪਿਆਂ ਹੀ ਮੁਕਤੀ ਮਿਲਣੀ ਹੈ ॥੨॥

ਭਾਵ—ਹੰਕਾਰ ਨਾਸ ਹੋਵੇ ਤਾਂ ਮੁਕਤੀ ਮਿਲਣੀ ਹੈ। ਪਿਛੇ ਜਿੰਨੇ ਕਰਮ ਦਸੇ ਹਨ, ਇਨ੍ਹਾਂ ਦੇ ਕੀਤਿਆਂ ਹੰਕਾਰ ਨਹੀਂ ਹਟਦਾ, ਸਗੋਂ ਹੰਕਾਰ ਵਧਦਾ ਹੈ। ਇਕ ਨਾਮ ਜਪਿਆਂ ਹੰਕਾਰ ਦੂਰ ਹੁੰਦਾ ਹੈ।

**ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥ ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥ ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥ ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥ ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥**

ਪਦ ਅਰਥ—ਮਨ ਕਾਮਨਾ ਤੀਰਥ=ਮਨ ਦੀ ਇਛਾ ਪੂਰੀ ਕਰਨ ਵਾਲਾ ਤੀਰਥ, ਮਣੀਕਰਨ ਤੀਰਥ। ਸੋਚ=ਪਵਿਤ੍ਰਤਾ। ਭੀਤ=ਕੰਧ। ਮੂਚ=ਬਹੁਤ।

ਅਰਥ—ਮਣੀ ਕਰਨ ਤੀਰਥ ਤੇ ਜਾ ਕੇ ਮਰ ਜਾਵੇ। ਤਾਂ ਵੀ ਗਰਬ ਗੁਮਾਨ ਮਨ ਤੋਂ ਨਹੀਂ ਹਟਦਾ। ਦਿਨੇ ਰਾਤੀਂ ਪਵਿਤ੍ਰਤਾਈ ਦੇ ਕਰਮ ਕਰੇ। ਪਰ ਸਰੀਰ ਦੇ ਸ਼ੁਧ ਕੀਤਿਆਂ ਮਨ ਦੀ ਮੈਲ ਨਹੀਂ ਜਾਂਦੀ। ਇਸੇ ਦੇਹ ਨਾਲ ਬਹੁਤ ਸਾਧਨ ਕਰਦਾ ਰਹੇ। ਤਾਂ ਵੀ ਮਨ ਵਿਚੋਂ ਵਿਸ਼ਿਆਂ ਦੀ ਪ੍ਰੀਤ ਨਹੀਂ ਹਟਦੀ। ਦੇਹ ਨੂੰ ਪਾਣੀ ਨਾਲ ਬਹੁਤੇ ਧੋਂਦੇ ਰਹਿਣਾ ਵੀ ਅਨੀਤੀ ਹੈ। ਕਿਉਂਕਿ ਕੱਚੀ ਕੰਧ ਨੇ ਧੋਤਿਆਂ ਕਦ ਸ਼ੁਧ ਹੋਣਾ ਹੈ। ਹੇ ਮਨ! ਹਰੀ ਦੇ ਨਾਮ ਜਪਣ ਦੀ ਹੀ ਬਹੁਤ ਮਹਿਮਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਵਡੇ ਵਡੇ ਪਾਪੀ ਨਾਮ ਜਪ ਕੇ ਬਹੁਤੇ ਹੀ ਤਰ ਗਏ ਹਨ ॥੩॥

ਭਾਵ—ਸਰੀਰ ਨਾਲ ਕੀਤੇ ਗਏ ਕਰਮਾਂ ਧਰਮਾਂ ਨਾਲ ਮਨ ਕਦੇ ਸ਼ੁਧ ਨਹੀਂ ਹੋ ਸਕਦਾ। ਹਾਂ, ਜੋ ਮਨ ਦੀ ਸ਼ੁਧੀ ਦਾ ਕਰਤਬ ਮਨ ਨਾਲ ਕੀਤਾ ਜਾਵੇਗਾ, ਮਨ ਉਤੇ ਉਸ ਦਾ ਅਸਰ ਹੋਵੇਗਾ। ਸੋ ਮਨ ਨੂੰ ਸ਼ੁਧ ਕਰਨ ਵਾਲਾ ਤੇ ਮਨ ਨਾਲ ਹੋਣ ਵਾਲਾ ਇਕੋ ਕਰਮ ਨਾਮ ਜਪਣਾ ਹੈ।

**ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥ ਭੇਖ ਅਨੇਕ ਅਗਨਿ ਨਹੀ ਬੁਝੈ ॥ ਕੋਟਿ ਉਪਾਵ ਦਰਗਹ ਨਹੀ ਸਿਝੈ ॥ ਛੂਟਸਿ ਨਾਹੀ ਊਭ ਪਇਆਲਿ ॥ ਮੋਹਿ ਬਿਆਪਹਿ ਮਾਇਆ**

**ਜਾਲਿ॥ ਅਵਰ ਕਰਤੂਤਿ ਸਗਲੀ ਜਮੁ ਡਾਨੈ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ॥ ਹਰਿ ਕਾ ਨਾਮੁ ਜਪਤ ਦੁਖੁ ਜਾਇ॥ ਨਾਨਕ ਬੋਲੈ ਸਹਜਿ ਸੁਭਾਇ॥੪॥**

ਪਦ ਅਰਥ—ਬਿਆਪੈ=ਲਗਦਾ ਹੈ। ਧ੍ਰਾਪੈ=ਰੱਜਦੀ। ਅਗਨਿ=ਤ੍ਰਿਸ਼ਨਾ। ਸਿਝੈ=ਛੁਟਕਾਰਾ। ਊਭ=ਉਚੇ, ਅਕਾਸ਼।

ਅਰਥ—ਬਹੁਤ ਸਿਆਣਪਾਂ ਕਰਨ ਵਾਲੇ ਨੂੰ ਜਮਾਂ ਦਾ ਡਰ ਲਗੇਗਾ। ਭਾਵੇਂ ਅਨੇਕਾਂ ਜਤਨ ਕਰਕੇ ਮਾਇਆ 'ਕੱਠੀ ਕਰੇ, ਤ੍ਰਿਸ਼ਨਾ ਨਹੀਂ ਰੱਜੇਗੀ। ਅਨੇਕਾਂ ਭੇਖ ਧਾਰ ਕੇ ਵੀ ਇਹ ਅੱਗ ਨਹੀਂ ਬੁਝਣੀ। ਕ੍ਰੋੜਾਂ ਉਪਾਵ ਕੀਤਿਆਂ ਵੀ ਦਰਗਾਹ ਵਿਚ ਹਿਸਾਬ ਤੋਂ ਛੁਟਕਾਰਾ ਨਹੀਂ ਹੋਣਾ। ਅਕਾਸ਼ ਪਤਾਲ ਵਿਚ ਜਾ ਲੁਕੇ ਤਾਂ ਵੀ ਜਮਾਂ ਤੋਂ ਛੁਟ ਨਹੀਂ ਸਕਣਾ। ਕਿਉਂਕਿ ਸਭ ਜਗ੍ਹਾ ਤੇ ਮਾਇਆ ਦਾ ਮੋਹ ਜਾਲ ਤਣਿਆ ਹੋਇਆ ਹੈ, ਉਸ ਵਿਚ ਫਸ ਜਾਵੇਗਾ। ਹੋਰਨਾਂ ਕਰਤਬਾਂ ਦੇ ਕਰਨ ਵਾਲੇ ਜਿੰਨੇ ਵੀ ਪੁਰਸ਼ ਹਨ ਸਭਨਾਂ ਨੂੰ ਜਮ ਦੰਡ ਦੇਵੇਗਾ। ਕਰਤਾਰ ਦੇ ਭਜਨ ਤੋਂ ਬਿਨਾਂ ਉਹ ਤਿਲ ਜਿੰਨੀ ਕੋਈ ਗੱਲ ਨਹੀਂ ਮੰਨਦਾ। ਹਰੀ ਦਾ ਨਾਮ ਜਪੰਦਿਆਂ ਜਮਾਂ ਦਾ ਦੁਖ ਮਿਟ ਜਾਵੇਗਾ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਹੇ ਜੀਵ! ਤੁਸੀਂ ਦਿਲੀ ਪ੍ਰੇਮ ਨਾਲ ਨਾਮ ਜਪੋ ॥੪॥

ਭਾਵ—ਜਮਾਂ ਤੋਂ ਛੁਟਕਾਰੇ ਲਈ ਪੁਰਸ਼ ਅਨੇਕਾਂ ਕਰਮ ਕਰਦੇ ਹਨ। ਪਰ 'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟੈ॥ ਨਿਰਬਾਣ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤ ਛੂਟੈ॥' ਇਸੇ ਲਈ ਅੰਤ ਵਿਚ ਉਪਦੇਸ਼ ਹੈ ਕਿ ਦਿਲੀ ਪ੍ਰੇਮ ਨਾਲ ਨਾਮ ਜਪੋ।

**ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥ ਜੇ ਕੋ ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧਸੰਗਿ ਇਹ ਹਉਮੈ ਛੋਰੈ ॥ ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ ॥ ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥ ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥**

ਅਰਥ—ਜੇਕਰ ਕੋਈ ਪੁਰਸ਼ ਚਾਰ ਪਦਾਰਥ ਮੰਗਦਾ ਹੋਵੇ, ਉਹ ਸਾਧ ਜਨਾਂ ਦੀ ਸੇਵਾ ਕਰਨ ਵਿਚ ਲਗ ਜਾਵੇ । ਜੇਕਰ ਕੋਈ ਆਪਣਾ ਦੁਖ ਮਿਟਾਇਆ ਚਾਹੁੰਦਾ ਹੋਵੇ ਤਾਂ ਉਹ ਸਦਾ ਹੀ ਹਿਰਦੇ ਵਿਚ ਹਰੀ ਦਾ ਨਾਮ ਧਿਆਵੇ । ਜੇਕਰ ਕੋਈ ਆਪਣੀ ਸੋਭਾ ਲੋੜਦਾ ਹੋਵੇ । ਤਾਂ ਉਹ ਸੰਤ ਜਨਾਂ ਨਾਲ ਮਿਲ ਕੇ ਹੰਕਾਰ ਨੂੰ ਛੱਡ ਦੇਵੇ । ਜੇਕਰ ਕਿਸੇ ਨੂੰ ਜਨਮ ਮਰਨ ਦਾ ਡਰ ਦੁਖਦਾਈ ਮਲੂਮ ਹੁੰਦਾ ਹੋਵੇ ਤਾਂ ਉਹ ਸੰਤ ਜਨਾਂ ਦੀ ਸ਼ਰਨੀ ਪੈ ਜਾਵੇ । ਜਿਸ ਪੁਰਸ਼ ਨੂੰ ਪ੍ਰਭੂ ਦੇ ਦਰਸ਼ਨ ਦੀ ਚਾਹ ਹੈ । ਮੈਂ ਨਾਨਕ ਤਾਂ ਉਸ ਤੋਂ ਸਦਾ ਹੀ ਬਲਿਹਾਰ ਜਾਂਦਾ ਹਾਂ ॥੫॥

ਭਾਵ—ਨਾਮ ਜਪਿਆਂ ਸਭ ਪਦਾਰਥ ਪ੍ਰਾਪਤ ਹੋ ਜਾਂਦੇ ਹਨ । ਇਸ ਲਈ ਸਦਾ ਸਤਿਸੰਗ ਕਰੋ ਤੇ ਨਾਮ ਜਪੋ ।

**ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥ ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥ ਆਪਸ**

ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥ ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥ ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥ ਸੂਖ ਦੂਖ ਜਨ ਸਮ ਦ੍ਰਿਸਟੇਤਾ ॥ ਨਾਨਕ ਪਾਪ ਪੁੰਨ ਨਹੀ ਲੇਪਾ ॥੬॥

ਅਰਥ—ਸਾਰੇ ਪੁਰਖਾਂ ਵਿਚੋਂ ਉਹ ਪਰਮ ਮੁਖੀ ਹੈ । ਸਾਧ ਸੰਗਤ ਕਰਕੇ ਜਿਸ ਦਾ ਹੰਕਾਰ ਮਿਟ ਗਿਆ ਹੈ । ਜੋ ਆਪਣੇ ਆਪ ਨੂੰ ਸਾਰਿਆਂ ਤੋਂ ਨੀਵਾਂ ਜਾਣਦਾ ਹੈ । ਉਹ ਸਾਰਿਆਂ ਤੋਂ ਉੱਚਾ ਗਿਣਿਆ ਜਾਂਦਾ ਹੈ । ਜਿਸ ਦਾ ਮਨ ਸਾਰਿਆਂ ਦੀ ਚਰਨ ਧੂੜ ਹੋਇਆ ਹੈ । ਉਸ ਨੇ ਹਰਿ ਹਰਿ ਨਾਮ ਸਾਰਿਆਂ ਦੇ ਅੰਦਰ ਦੇਖਿਆ ਹੈ । ਜਿਸ ਨੇ ਆਪਣੇ ਮਨੋਂ ਦੂਜਿਆਂ ਦਾ ਬੁਰਾ ਕਰਨਾ ਮਿਟਾ ਦਿਤਾ ਹੈ ਅਤੇ ਉਹ ਸਾਰਿਆਂ ਨੂੰ ਆਪਣੇ ਸੱਜਣ ਕਰ ਕੇ ਵੇਖਦਾ ਹੈ । ਜੋ ਪੁਰਸ਼ ਦੁਖ ਸੁਖ ਨੂੰ ਇਕੋ ਜਿਹਾ ਕਰਕੇ ਵੇਖਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੂੰ ਪਾਪ ਪੁੰਨ ਨਹੀਂ ਪੋਂਹਦਾ ॥੬॥

ਭਾਵ—ਨਾਮ ਜਪਣ ਵਾਲੇ ਨੂੰ ਇਹ ਗੁਣ ਧਾਰਨ ਕਰਨੇ ਚਾਹੀਦੇ ਹਨ ।

ਨਿਰਧਨ ਕਉ ਧਨੁ ਤੇਰੋ ਨਾਉ ॥ ਨਿਥਾਵੇ ਕਉ ਨਾਉ ਤੇਰਾ ਥਾਉ ॥ ਨਿਮਾਨੇ ਕਉ ਪ੍ਰਭ

**ਤੇਰੋ ਮਾਨੁ ॥ ਸਗਲ ਘਟਾ ਕਉ ਦੇਵਹੁ ਦਾਨੁ ॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਅਪਨੀ ਗਤਿ ਮਿਤਿ ਜਾਨਹੁ ਆਪੇ ॥ ਆਪਨ ਸੰਗਿ ਆਪਿ ਪ੍ਰਭ ਰਾਤੇ ॥ ਤੁਮ੍ਰੀ ਉਸਤਤਿ ਤੁਮ ਤੇ ਹੋਇ ॥ ਨਾਨਕ ਅਵਰੁ ਨ ਜਾਨਸਿ ਕੋਇ ॥੭॥**

ਪਦ ਅਰਥ—ਨਿਰਧਨ=ਧਨ ਹੀਨ, ਕੰਗਾਲ । ਘਟਾ=ਜੀਵ । ਗਤਿ=ਪ੍ਰਾਪਤੀ ।

ਅਰਥ—ਕੰਗਾਲ ਨੂੰ ਤੇਰਾ ਨਾਮ ਹੀ ਧਨ ਹੈ । ਨਿਥਾਵੇਂ ਲਈ ਤੇਰਾ ਨਾਮ ਹੀ ਥਾਉਂ ਹੈ । ਹੇ ਪ੍ਰਭੂ ! ਤੁਸੀਂ ਨਿਮਾਣਿਆਂ ਨੂੰ ਮਾਣ ਦੇਂਦੇ ਹੋ । ਸਾਰੇ ਜੀਵਾਂ ਨੂੰ ਦਾਨ ਦੇਂਦੇ ਹੋ । ਹੇ ਸੁਆਮੀ ! ਤੁਸੀਂ ਹੀ ਸਭ ਕੁਝ ਕਰਨ ਤੇ ਕਰਾਵਨ ਵਾਲੇ ਹੋ । ਅਤੇ ਸਾਰਿਆਂ ਦੇ ਦਿਲਾਂ ਦੇ ਹਾਲ ਜਾਣਦੇ ਹੋ । ਆਪਣੇ ਮਿਲਣ ਦੀ ਮਰਿਆਦਾ ਤੁਸੀਂ ਆਪ ਜਾਣਦੇ ਹੋ । ਪ੍ਰਭੂ ! ਤੁਸੀਂ ਆਪਣੇ ਸੇਵਕਾਂ ਨਾਲ ਆਪ ਹੀ ਮਿਲੇ ਹੋਏ ਹੋ । ਤੁਹਾਡੀ ਉਪਮਾ ਤੁਹਾਥੋਂ ਹੀ ਹੋ ਸਕਦੀ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਆਪ ਦੀ ਉਪਮਾ ਨੂੰ ਹੋਰ ਕੋਈ ਨਹੀਂ ਜਾਣ ਸਕਦਾ ॥੭॥

ਭਾਵ—'ਤੇਰੀ ਉਪਮਾ ਤੋਹਿ ਬਨਿ ਆਵੈ' ਵਾਹਿਗੁਰੂ ਦੀ ਉਪਮਾ ਨਾ ਤਾਂ ਕੋਈ ਕਰ ਸਕਦਾ ਹੈ ਅਤੇ ਨਾ ਹੀ ਕੋਈ ਅਜਿਹੀ ਚੀਜ਼ ਹੈ ਜਿਸ ਦੀ ਉਪਮਾ ਉਸ ਨੂੰ ਦਿਤੀ ਜਾਵੇ ।

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਸਗਲ ਕ੍ਰਿਆ**

**ਮਹਿ ਊਤਮ ਕਿਰਿਆ ॥ ਸਾਧਸੰਗਿ ਦੁਰਮਤਿ ਮਲੁ ਹਿਰਿਆ ॥ ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥ ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥ ਸਗਲ ਥਾਨ ਤੇ ਓਹੁ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥**

ਪਦ ਅਰਥ—ਕ੍ਰਿਆ=ਕਰਮ, ਕਰਨੀ । ਹਿਰਿਆ=ਨਾਸ ਕਰਨੀ ।

ਅਰਥ—ਸਾਰੇ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਹੈ । ਜੋ ਹਰੀ ਦਾ ਨਾਮ ਜਪਣਾ ਹੈ, ਇਹੋ ਨਿਰਮਲ ਕਰਮ ਹੈ । ਸਾਰੀਆਂ ਕਰਨੀਆਂ ਵਿਚੋਂ ਇਹ ਕਰਨੀ ਉੱਤਮ ਹੈ । ਜੋ ਸਾਧ ਸੰਗਤ ਵਿਚ ਜਾ ਕੇ ਖੋਟੀ ਮਤ ਰੂਪ ਮੈਲ ਨਾਸ ਕਰਨੀ ਹੈ । ਸਾਰਿਆਂ ਉੱਦਮਾਂ 'ਚੋਂ ਇਹ ਉੱਦਮ ਚੰਗਾ ਹੈ । ਜੋ ਸਦਾ ਹੀ ਦਿਲ ਨਾਲ ਹਰੀ ਦਾ ਨਾਮ ਜਪਣਾ ਹੈ । ਸਾਰੀਆਂ ਬਾਣੀਆਂ ਵਿਚੋਂ ਇਹ ਬਾਣੀ ਅੰਮ੍ਰਿਤ ਰੂਪ ਹੈ । ਜੋ ਹਰੀ ਦਾ ਜਸ ਸੁਣਨਾ ਤੇ ਜੀਭ ਨਾਲ ਆਖਣਾ ਹੈ । ਸਾਰੀਆਂ ਜਗ੍ਹਾ ਵਿਚੋਂ ਉਹ ਜਗ੍ਹਾ ਉੱਤਮ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਹਿਰਦੇ ਵਿਚ ਹਰੀ ਦਾ ਨਾਮ ਵਸਦਾ ਹੈ ॥੮॥੩॥

ਸਲੋਕੁ ॥

**ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥ ਜਿਨਿ ਕੀਆ ਤਿਸੁ ਚੀਤਿ ਰਖੁ**

ਨਾਨਕ ਨਿਬਹੀ ਨਾਲਿ ॥੧॥

ਅਰਥ—ਹੇ ਗੁਣਾਂ ਤੋਂ ਹੀਣੇ ਇਆਣੇ ! ਉਸ ਪ੍ਰਭੂ ਨੂੰ ਸਦਾ ਹੀ ਯਾਦ ਕਰ। ਜਿਸ ਨੇ ਤੈਨੂੰ ਦਾ ਕੀਤਾ ਹੈ ਉਸ ਨੂੰ ਚੇਤੇ ਰਖ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਓਹੋ ਤੇਰੇ ਨਾਲ ਨਿਭੇਗਾ ॥੧॥

ਅਸਟਪਦੀ ॥

ਰਮਈਆ ਕੇ ਗੁਨ ਚੇਤਿ ਪਰਾਨੀ ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥ ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥ ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥ ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥ ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥੧॥

ਪਦ ਅਰਥ—ਦ੍ਰਿਸਟਾਨੀ=ਵਿਖਾਇਆ। ਬਿਵਸਥਾ=ਉਮਰਾ। ਸੂਧ=ਸੂਝ, ਖਬਰ। ਅਪਿਆਓ=ਭੋਜਨ। ਸੀਝੈ=ਮੁਕਤਿ ਹੋਵੇਗਾ।

ਅਰਥ—ਹੇ ਪ੍ਰਾਣੀ ! ਰਾਮ ਦੇ ਗੁਣ ਚੇਤੇ ਕਰ। ਜਿਸ ਤੈਨੂੰ ਕੀ ਤੋਂ ਕੀ ਬਣਾ ਵਿਖਾਇਆ ਹੈ। ਜਿਸ ਨੇ ਤੈਨੂੰ ਬਣਾਇਆ, ਸਵਾਰਿਆ ਤੇ ਸਜਾਇਆ ਹੈ। ਮਾਂ ਦੇ ਪੇਟ ਦੀ ਅੱਗ ਵਿਚ ਜਿਸ ਨੇ ਤੈਨੂੰ ਬਚਾਇਆ ਹੈ। ਬਾਲ ਉਮਰ ਵਿਚ ਜਿਸ ਨੇ ਤੈਨੂੰ ਦੁਧ ਪਿਆਇਆ ਹੈ। ਭਰ ਜਵਾਨੀ

ਵੇਲੇ ਤੈਨੂੰ ਭੋਜਨਾਂ ਦਾ ਸੁਖ ਤੇ ਸੂਝ ਦਿਤੀ ਹੈ। ਬੁਢੇ ਹੋਇਆਂ ਮਗਰੋਂ ਉਪਰਲੇ ਸਾਕ ਸੈਨ ਹੀ ਉਸ ਦੀ ਕ੍ਰਿਪਾ ਨਾਲ ਬੈਠੇ ਨੂੰ ਮੂੰਹ ਵਿਚ ਭੋਜਨ ਦੇਂਦੇ ਹਨ। ਇਹ ਗੁਣ ਹਨ ਜੋ ਗੁਣਾਂ ਤੋਂ ਹੀਣ ਕੁਝ ਵੀ ਨਹੀਂ ਜਾਣਦਾ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦੇ ਗੁਨਾਹ ਕਰਤਾਰ ਬਖਸ਼ ਲਵੇ ਤਾਂ ਹੀ ਇਹ ਮੁਕਤ ਹੋਵੇਗਾ ॥੧॥

ਭਾਵ—'ਇਸੁ ਪਾਨੀ ਤੇ ਜਿਨਿ ਤੂ ਘਰਿਆ ॥ ਮਾਟੀ ਕਾ ਲੇ ਦੇਹੁਰਾ ਕਰਿਆ ॥ ਉਕਤਿ ਜੋਤਿ ਲੈ ਸੁਰਤਿ ਪਰੀਖਿਆ ॥ ਮਾਤ ਗਰਭ ਮਹਿ ਜਿਨਿ ਤੂ ਰਾਖਿਆ ॥ ਰਾਖਨਹਾਰੁ ਸਮ੍ਾਰਿ ਜਨਾ ॥ ਸਗਲੇ ਛੋਡਿ ਬੀਚਾਰ ਮਨਾ ॥' ਇਹੋ ਸਿਧਾਂਤ ਹੈ।

**ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥ ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥ ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥ ਸੁਖਦਾਈ ਪਵਨੁ ਪਾਵਕੁ ਅਮੁਲਾ ॥ ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥ ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥ ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥ ਐਸੇ ਦੋਖ ਮੂੜ ਅੰਧ ਬਿਆਪੇ ॥ ਨਾਨਕ ਕਾਢਿ ਲੇਹੁ ਪ੍ਰਭ ਆਪੇ ॥੨॥**

ਪਦ ਅਰਥ—ਪ੍ਰਸਾਦਿ=ਕ੍ਰਿਪਾ । ਸੁਤ=ਪੁਤਰ । ਭ੍ਰਾਤ=ਭਰਾ । ਬਨਿਤਾ=ਇਸਤਰੀ, ਵਹੁਟੀ। ਪਾਵਕ=ਅੱਗ। ਹਸਤ=ਹੱਥ। ਕਰਨ=ਕੰਨ।

ਰਸਨਾ=ਜੀਭ । ਦੁਖ=ਗੁਨਾਹ ।

ਅਰਥ—ਜਿਸ ਦੀ ਕਿਰਪਾ ਨਾਲ ਧਰਤੀ ਉਤੇ ਸੁਖ ਨਾਲ ਵਸਦਾ ਹੈਂ ਅਤੇ ਪੁਤਰ, ਭਰਾ, ਮਿਤਰ, ਇਸਤਰੀ ਨਾਲ ਹਸਦਾ ਹੈਂ । ਜਿਸ ਦੀ ਕ੍ਰਿਪਾ ਨਾਲ ਠੰਡਾ ਜਲ ਪੀਂਦਾ ਹੈਂ । ਪੌਣ ਤੇ ਅੱਗ ਆਦਿਕ ਅਮੋਲਕ ਪਦਾਰਥ ਸੁਖ ਦੇਣ ਵਾਲੇ ਜਿਸ ਦੀ ਕ੍ਰਿਪਾ ਨਾਲ ਮਿਲੇ ਹਨ । ਜਿਸ ਦੀ ਕ੍ਰਿਪਾ ਨਾਲ ਸਾਰੇ ਸੁਆਦ ਭੋਗਦਾ ਹੈਂ ਅਤੇ ਸਭ ਤਰ੍ਹਾਂ ਦੀ ਸਮੱਗਰੀ ਨਾਲ ਵਸਦਾ ਹੈਂ । ਹੱਥ, ਪੈਰ, ਕੰਨ, ਜੀਭ ਆਦਿਕ ਇੰਦਰੇ ਜਿਸ ਨੇ ਸਾਰੇ ਦਿਤੇ ਹਨ । ਉਸ ਨੂੰ ਛਡ ਕੇ ਹੋਰਨਾਂ ਨਾਲ ਲਗਾ ਹੋਇਆਂ ਹੈਂ। ਅਜਿਹੇ ਦੋਖਾਂ ਵਿਚ ਅੰਨ੍ਹਾ ਮੂਰਖ ਫਸਿਆ ਹੋਇਆ ਹੈਂ । ਸ੍ਰੀ ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ, ਹੇ ਪ੍ਰਭੂ ! ਇਸ ਨੂੰ ਤੁਸੀਂ ਆਪੇ ਹੀ ਕੱਢ ਲਵੋ ॥੨॥

ਭਾਵ—ਜੀਵ ਦਾਤੇ ਨੂੰ ਭੁਲਾ ਕੇ ਦਾਤ ਨਾਲ ਪਿਆਰ ਪਾਈ ਬੈਠਾ ਵੇਖ ਕੇ ਸਤਿਗੁਰੂ ਜੀ ਇਸ ਦੇ ਹਾਲ ਤੇ ਤਰਸ ਕਰਕੇ ਕਰਤਾਰ ਪਾਸ ਬੇਨਤੀ ਕਰਦੇ ਹਨ. ਕਿ ਹੇ ਕਰਤਾਰ ! ਇਹ ਤਾਂ ਨਰਕਾਂ ਨੂੰ ਜਾ ਰਿਹਾ ਹੈ, ਆਪ ਹੀ ਕ੍ਰਿਪਾ ਕਰਕੇ ਬਚਾ ਲਵੋ ।

**ਆਦਿ ਅੰਤਿ ਜੋ ਰਾਖਨਹਾਰੁ ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥ ਜਾ ਕੀ ਸੇਵਾ ਨਵ ਨਿਧਿ ਪਾਵੈ ॥ ਤਾ ਸਿਉ ਮੂੜਾ ਮਨੁ ਨਹੀ ਲਾਵੈ ॥ ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ ਅੰਧਾ ਜਾਨਤ ਦੂਰੇ ॥ ਜਾ ਕੀ ਟਹਲ ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ ਮੁਗਧੁ**

**ਅਜਾਨੁ ॥ ਸਦਾ ਸਦਾ ਇਹੁ ਭੂਲਨਹਾਰੁ ॥ ਨਾਨਕ ਰਾਖਨਹਾਰੁ ਅਪਾਰੁ ॥੩॥**

ਅਰਥ—ਜੋ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਰਖਿਆ ਕਰਨ ਵਾਲਾ ਹੈ। ਮੂਰਖ ਉਸ ਨਾਲ ਪ੍ਰੀਤ ਨਹੀਂ ਕਰਦਾ। ਜਿਸ ਦੀ ਸੇਵਾ ਕੀਤਿਆਂ ਨੌ ਨਿਧਾਂ ਮਿਲ ਜਾਂਦੀਆਂ ਹਨ। ਮੂਰਖ ਉਸ ਨਾਲ ਮਨ ਨਹੀਂ ਲਾਉਂਦਾ। ਜਿਹੜਾ ਮਾਲਕ ਸਦਾ ਹੀ ਹਾਜਰਾ ਹਜ਼ੂਰ ਹੈ। ਅਗਿਆਨੀ ਜੀਵ ਉਸ ਨੂੰ ਦੂਰ ਜਾਣਦਾ ਹੈ। ਜਿਸ ਦੀ ਸੇਵਾ ਕਰਨ ਨਾਲ ਦਰਗਾਹ ਵਿਚ ਇਜ਼ਤ ਮਿਲਦੀ ਹੈ। ਅਗਿਆਨੀ ਮੂਰਖ ਨੇ ਉਸ ਨੂੰ ਭੁਲਾ ਦਿਤਾ ਹੈ। ਇਹ ਜੀਵ ਤਾਂ ਸਦਾ ਸਦਾ ਹੀ ਭੁਲਣ ਵਾਲਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਰਖਿਆ ਕਰਨ ਵਾਲਾ ਬੇਅੰਤ ਹੈ ਜੋ ਸਦਾ ਇਸ ਦੀ ਰਖਿਆ ਕਰਦਾ ਹੈ ॥੩॥

ਭਾਵ—ਜੀਵ ਕਰਤਾਰ ਨੂੰ ਭੁਲਾ ਕੇ ਸੰਸਾਰਕ ਧੰਧਿਆਂ ਵਿਚ ਫਸਿਆ ਹੋਇਆ ਹੈ। ਸਤਿਗੁਰੂ ਜੀ ਆਖਦੇ ਹਨ ਕਿ ਹੇ ਵਾਹਿਗੁਰੂ! ਫਿਰ ਵੀ ਤੇਰਾ ਹੀ ਹੈ। ਆਪ ਹੀ ਇਸ ਨੂੰ ਸੁਮਾਰਗ ਪਾਓ ਜੋ ਇਹ ਤੁਹਾਨੂੰ ਯਾਦ ਕਰੇ।

**ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥ ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ ਸੋ ਦੂਰਿ ਪਰਾਨੈ ॥ ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥ ਸੰਗਿ ਸਹਾਈ ਤਿਸੁ ਪਰਹਰੈ ॥ ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ**

**ਹੋਇ ॥ ਅੰਧ ਕੂਪ ਮਹਿ ਪਤਿਤ ਬਿਕਰਾਲ ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥**

ਪਦ ਅਰਥ—ਮਚੈ=ਖੁਸ਼ੀ ਕਰਦਾ ਹੈ। ਸ੍ਰਮੁ=ਕਸ਼ਟ। ਭਸਮ=ਸਵਾਹ। ਪਤਿਤ=ਪੈਂਦਾ ਹੈ, ਡਿਗਦਾ ਹੈ। ਪਰਾਨੈ=ਪਛਾਣਦਾ ਹੈ।

ਅਰਥ— ਨਾਮ ਰੂਪ ਰਤਨ ਨੂੰ ਛੱਡ ਕੇ ਮਾਇਆ ਰੂਪ ਕੌਡੀ ਨਾਲ ਲਗਾ ਹੋਇਆ ਹੈ। ਸੱਚੇ ਕਰਤਾਰ ਨੂੰ ਛੱਡ ਕੇ ਝੂਠੇ ਜਗਤ ਨਾਲ ਖੁਸ਼ੀਆਂ ਕਰਦਾ ਹੈ। ਜੋ ਛੱਡ ਜਾਣਾ ਹੈ, ਉਸ ਸਰੀਰ ਨੂੰ ਅਚੱਲ ਕਰਕੇ ਮੰਨਦਾ ਹੈ। ਜਿਸ ਮੌਤ ਨੇ ਸਿਰ ਤੇ ਸਵਾਰ ਹੋਣਾ ਹੈ ਉਸ ਨੂੰ ਦੂਰ ਪਛਾਣਦਾ ਹੈ। ਜੋ ਪਦਾਰਥ ਛੱਡ ਜਾਣੇ ਹਨ ਉਹਨਾਂ ਲਈ ਕਸ਼ਟ ਝਾਗਦਾ ਹੈ। ਜਿਸ ਨਾਮ ਨੇ ਨਾਲ ਸਹਾਈ ਹੋਣਾ ਹੈ ਉਸ ਨੂੰ ਛੱਡ ਦਿਤਾ ਹੈ। ਜਿਵੇਂ ਚੰਦਨ ਦਾ ਲੇਪ ਲਾਹ ਛੱਡਦਾ ਹੈ ਤੇ ਖੋਤਾ ਸਵਾਹ ਵਿਚ ਲੇਟਦਾ ਹੈ, ਕਿਉਂਕਿ ਉਸ ਦੀ ਪ੍ਰੀਤੀ ਹੀ ਸਵਾਹ ਨਾਲ ਹੁੰਦੀ ਹੈ, ਇਹੋ ਹਾਲ ਇਸ ਦਾ ਹੈ। ਇਹ ਤਾਂ ਅੰਨ੍ਹਾ ਡਰਾਉਣੇ ਖੂਹ ਵਿਚ ਡਿਗ ਰਿਹਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਹੇ ਦਿਆਲ ਪ੍ਰਭੂ! ਆਪ ਹੀ ਇਸ ਨੂੰ ਬਾਹਰ ਕੱਢ ਲਵੋ ॥੪॥

**ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥ ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥ ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥ ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥**

**ਗਲਿ ਪਾਥਰ ਕੈਸੇ ਤਰੈ ਅਥਾਹ ॥ ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ ਸਹਜਿ ਸਮਾਤਿ ॥੫॥**

ਪਦ ਅਰਥ—ਕਰਤੂਤਿ=ਕਰਨੀ। ਪਚਾਰਾ=ਦਿਖਾਵਾ। ਸੁਆਨ=ਕੁੱਤਾ। ਸਹਜਿ=ਤੁਰੀਆ।

ਅਰਥ—ਕਰਨੀ ਤਾਂ ਪਸੂ ਦੀ ਕਰਦਾ ਹੈ, ਪਰ ਜਾਤੀ ਕਰ ਕੇ ਮਨੁੱਖ ਹੈ। ਦਿਨ ਰਾਤ ਲੋਕਾਂ ਦਾ ਦਿਖਾਵਾ ਹੀ ਕਰਦਾ ਹੈ। ਬਾਹਰੋਂ ਤਾਂ ਭੇਖ ਬਣਾਇਆ ਹੋਇਆ ਹੈ, ਪਰ ਅੰਦਰ ਮਾਇਆ ਦੀ ਮੈਲ ਹੈ। ਭਾਵੇਂ ਕੋਈ ਕਿੰਨਾ ਲੁਕਾ ਕਰੇ, ਲੁਕਦਾ ਕੁਝ ਨਹੀਂ ਹੈ। ਬਾਹਰੋਂ ਤਾਂ ਗਿਆਨ ਸੁਣਾਉਂਦਾ ਹੈ, ਧਿਆਨ ਲਾਉਂਦਾ ਹੈ ਅਤੇ ਇਸ਼ਨਾਨ ਕਰਦਾ ਹੈ। ਪਰ ਅੰਦਰ ਲੋਭ ਕੁੱਤਾ ਬੈਠਾ ਹੋਇਆ ਹੈ। ਬਾਹਰ ਤਾਂ ਪਿੰਡੇ ਨੂੰ ਸੁਆਹ ਮਲੀ ਹੋਈ ਹੈ ਪਰ ਅੰਦਰ ਤ੍ਰਿਸ਼ਨਾ ਰੂਪ ਅੱਗ ਬਲ ਰਹੀ ਹੈ। ਤਾਂ ਦੱਸੋ ਗਲ ਨਾਲ ਪੱਥਰ ਬੰਨ੍ਹ ਕੇ ਅਥਾਹ ਸਮੁੰਦਰ ਤੋਂ ਕਿਵੇਂ ਤਰੇਗਾ ? ਜਿਸ ਦੇ ਅੰਦਰ ਕਰਤਾਰ ਆਪੇ ਵਸਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪੁਰਸ਼ ਤੁਰੀਆ ਪਦ ਵਿਚ ਸਮਾਉਂਦਾ ਹੈ ॥੫॥

ਭਾਵ—ਕਲਜੁਗੀ ਸੰਤਾਂ ਦਾ ਫੋਟੋ ਖਿਚਿਆ ਹੈ ਕਿ ਇਸ ਤਰ੍ਹਾਂ ਦੇ ਭੇਖਧਾਰੀ ਲੋਕਾਂ ਨੂੰ ਠੱਗ ਠੱਗ ਕੇ ਜੋ ਖਾ ਰਹੇ ਹਨ, ਇਹੋ ਗਲ ਨਾਲ ਪੱਥਰ ਬੰਨ੍ਹ ਰਹੇ ਹਨ। ਪਤਾ ਨਹੀਂ ਸੰਸਾਰਕ ਬੰਧਨਾਂ ਤੋਂ ਕਿਵੇਂ ਖਲਾਸੀ ਪਾਣਗੇ। ਕਰਤਾਰ ਦਿਲ ਵਿਚ ਵਸੇ ਤੋਂ ਬਿਨਾਂ ਮੁਕਤਿ ਕਦੇ ਵੀ ਨਹੀਂ ਹੋ ਸਕਣੀ।

**ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ ਕਰੁ ਗਹਿ ਲੇਹੁ ਓੜਿ ਨਿਬਹਾਵੈ ॥ ਕਹਾ ਬੁਝਾਰਤਿ**

**ਬੂਝੈ ਡੋਰਾ ॥ ਨਿਸਿ ਕਹੀਐ ਤਉ ਸਮਝੈ ਭੋਰਾ ॥ ਕਹਾ ਬਿਸਨਪਦ ਗਾਵੈ ਗੁੰਗ ॥ ਜਤਨ ਕਰੈ ਤਉ ਭੀ ਸੁਰ ਭੰਗ ॥ ਕਹ ਪਿੰਗੁਲ ਪਰਬਤ ਪਰ ਭਵਨ ॥ ਨਹੀ ਹੋਤ ਊਹਾ ਉਸੁ ਗਵਨ ॥ ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥੬॥**

ਪਦ ਅਰਥ—ਓੜਿ=ਅਖੀਰ । ਨਿਸਿ=ਰਾਤ । ਭੋਰਾ=ਦਿਨ । ਭਵਨ=ਭੌਣਾ, ਫਿਰਦਾ । ਗਵਨ=ਜਾਣਾ । ਕਰੁਣਾਮੈ=ਕ੍ਰਿਪਾ ਰੂਪ ।

ਅਰਥ—ਸੁਣ ਕੇ ਅੰਨ੍ਹਾ ਕਿਵੇਂ ਰਾਹੇ ਪੈ ਸਕਦਾ ਹੈ ? ਹਾਂ ਉਸ ਦਾ ਕੋਈ ਹੱਥ ਫੜ ਲਵੇ ਤਾਂ ਤੋੜ ਪਹੁੰਚ ਸਕਦਾ ਹੈ । ਬੋਲਾ ਕਿਵੇਂ ਬੁਝਾਰਤਾਂ ਬੁੱਝ ਸਕਦਾ ਹੈ ? ਉਸ ਨੂੰ ਜੇ ਰਾਤ ਆਖੀਏ ਤਾਂ ਉਹ ਦਿਨ ਹੀ ਸਮਝਦਾ ਹੈ । ਗੁੰਗਾ ਕਿਵੇਂ ਬਿਸਨ ਪਦੇ ਗਾ ਸਕਦਾ ਹੈ ? ਜੇਕਰ ਉਹ ਯਤਨ ਵੀ ਕਰੇ ਤਾਂ ਵੀ ਆਵਾਜ਼ ਨਹੀਂ ਨਿਕਲਦੀ । ਪਿੰਗਲੇ ਦਾ ਪਹਾੜ ਉਤੇ ਫਿਰਨਾ ਕਿਵੇਂ ਹੋ ਸਕਦਾ ਹੈ ? ਕਿਉਂਕਿ ਉਥੇ ਤਾਂ ਉਸ ਕੋਲੋਂ ਜਾਇਆ ਨਹੀਂ ਜਾਂਦਾ । ਹੇ ਕ੍ਰਿਪਾ ਰੂਪ ਕਰਤਾਰ ! ਇਸ ਦੀਨ ਵੱਲੋਂ ਮੈਂ ਬੇਨਤੀ ਕਰਦਾ ਹਾਂ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤੇਰੀ ਕਿਰਪਾ ਨਾਲ ਇਹ ਤਰੇਗਾ ॥੬॥

ਭਾਵ—ਇਹ ਜੀਵ ਅੰਨ੍ਹਾ ਹੈ । ਵਾਹਿਗੁਰੂ ਦੇ ਮਾਰਗ ਤੁਰ ਨਹੀਂ ਸਕਦਾ । ਬੋਲਾ ਹੈ, ਕਰਤਾਰ ਦਾ ਜਸ ਨਹੀਂ ਸੁਣਦਾ । ਜੀਵ ਗੁੰਗਾ ਹੈ, ਹਰੀ ਦਾ ਗੁਣ ਨਹੀਂ ਗਾਉਂਦਾ । ਜੀਵ ਪਿੰਗਲਾ ਹੈ, ਤੁਰੀਆ ਪਦ ਵਿਚ ਨਹੀਂ ਜਾ ਸਕਦਾ । ਜੇ ਕਰਤਾਰ ਦੀ ਕ੍ਰਿਪਾ ਹੋ ਜਾਵੇ ਤਾਂ :—

'ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥'

[ਸਲੋਕੁ ਮ: ੨

ਸੰਗਿ ਸਹਾਈ ਸੁ ਆਵੈ ਨ ਚੀਤਿ ॥ ਜੋ ਬੈਰਾਈ ਤਾ ਸਿਉ ਪ੍ਰੀਤਿ ॥ ਬਲੂਆ ਕੇ ਗ੍ਰਿਹ ਭੀਤਰਿ ਬਸੈ ॥ ਅਨਦ ਕੇਲ ਮਾਇਆ ਰੰਗਿ ਰਸੈ ॥ ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ ਕਾਲੁ ਨ ਆਵੈ ਮੂੜੇ ਚੀਤਿ ॥ ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥ ਇਆਹੂ ਜੁਗਤਿ ਬਿਹਾਨੇ ਕਈ ਜਨਮ ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥

ਪਦ ਅਰਥ—ਬੈਰਾਈ=ਵੈਰੀ ਹਨ । ਬਲੂਆ=ਰੇਤ । ਕੇਲ=ਖੁਸ਼ੀ । ਰੰਗਿ=ਪ੍ਰੀਤਿ । ਬਿਹਾਨੇ=ਬਿਤਾਏ ਹਨ । ਕਰਮ=ਬਖਸ਼ਸ਼, ਕ੍ਰਿਪਾ । ਧ੍ਰੋਹੀ=ਠੱਗੀ ।

ਅਰਥ—ਜੋ ਨਾਮ ਨਾਲ ਸਹਾਈ ਹੋਣਾ ਹੈ ਉਹ ਚੇਤੇ ਵੀ ਨਹੀਂ ਆਉਂਦਾ । ਜੋ ਵੈਰੀ ਹਨ ਉਹਨਾਂ ਨਾਲ ਪ੍ਰੀਤ ਲਾਈ ਹੋਈ ਹੈ । ਰੇਤ ਦੇ ਘਰ ਵਿਚ ਵਸਦਾ ਹੈ ਅਤੇ ਮਾਇਆ ਨਾਲ ਪ੍ਰੀਤ ਲਾ ਕੇ ਅਨੰਦ ਖੁਸ਼ੀਆਂ ਕਰਦਾ ਹੈ । ਇਸ ਦੇਹ ਨੂੰ ਪੱਕੀ ਕਰ ਕੇ ਮੰਨਦਾ ਹੈ ਅਤੇ ਇਹੋ ਇਸ ਦੇ ਮਨ ਵਿਚ ਨਿਸਚਾ ਹੈ । ਮੂਰਖ ਨੂੰ ਮੌਤ ਚੇਤੇ ਵੀ ਨਹੀਂ ਆਉਂਦੀ ।

ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ, ਲੋਭ ਤੇ ਦਗੇਬਾਜ਼ੀ ਵਿਚ ਹੀ ਲਗਾ ਰਹਿੰਦਾ ਹੈ, ਇਸ ਤਰ੍ਹਾਂ ਅੱਗੇ ਇਸ ਨੇ ਕਈ ਜਨਮ ਬਿਤਾਏ ਹਨ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ—ਹੇ ਕਰਤਾਰ ! ਹੁਣ ਤੂੰ ਆਪਣੀ ਕ੍ਰਿਪਾ ਕਰ ਕੇ ਇਸ ਨੂੰ ਜਨਮ ਮਰਨ ਤੋਂ ਰੱਖ ਲੈ ॥੭॥

ਭਾਵ—ਸਰੀਰ ਰੇਤ ਦੇ ਘਰ ਵਰਗਾ ਹੈ ਜੋ ਰੋਜ਼ ਦਾ ਰੋਜ਼ ਕਿਰਦਾ ਜਾਂਦਾ ਹੈ। ਪਰ ਜੀਵ ਦੇ ਚਿਤ ਚੇਤੇ ਵੀ ਨਹੀਂ। ਫਿਰ ਵੀ 'ਗਿਰਤ ਕੂਪ ਮਹਿ ਖਾਹਿ ਮਿਠਾਈ'। ਜੇ ਕਰਤਾਰ ਹੀ ਬਖਸ਼ੇ ਤਾਂ ਵਿਕਾਰ ਛੱਡ ਕੇ ਨਾਮ ਜਪਣ ਲਗ ਜਾਵੇਗਾ ਤਾਂ ਇਸ ਦੀ ਸਦਗਤੀ ਹੋਊ।

**ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥**

ਪਦ ਅਰਥ—ਅਰਦਾਸਿ=ਬੇਨਤੀ। ਰਾਸਿ=ਪੂੰਜੀ, ਮੂੜੀ। ਪਿੰਡੁ= ਸਰੀਰ।

ਅਰਥ—ਤੂੰ ਮਾਲਕ ਹੈਂ, ਤੇਰੇ ਕੋਲ [ਸਾਡੀ] ਅਰਜ਼ ਹੈ। ਇਹ ਜੀਵ ਤੇ ਸਰੀਰ [ਆਦਿਕ] ਸਭ ਕੁਝ ਤੇਰੀ ਰਾਸ ਸਾਨੂੰ ਮਿਲੀ ਹੋਈ ਹੈ। ਤੁਸੀਂ

ਸਾਡੇ ਮਾਂ ਪਿਉ ਹੋ ਅਤੇ ਅਸੀਂ ਤੇਰੇ ਬੱਚੇ ਹਾਂ। ਤੇਰੀ ਕ੍ਰਿਪਾ ਵਿਚ ਹੀ ਸਾਨੂੰ ਬਹੁਤੇ ਸੁਖ ਹਨ। ਤੁਹਾਡੇ ਅੰਤ ਨੂੰ ਕੋਈ ਵੀ ਨਹੀਂ ਜਾਣ ਸਕਦਾ। ਹੇ ਭਗਵੰਤ! ਤੂੰ ਉੱਚਿਆਂ ਤੋਂ ਵੀ ਉੱਚਾ ਹੈਂ। ਜਗਤ ਦੀ ਸਾਰੀ ਸਮੱਗਰੀ ਤੁਹਾਡੀ ਮਰਿਆਦਾ ਵਿਚ ਟਿਕੀ ਹੋਈ ਹੈ। ਜੋ ਤੁਸੀਂ ਹੁਕਮ ਕਰਦੇ ਹੋ ਓਹੀ ਹੁੰਦਾ ਹੈ। ਤੁਹਾਡੀ ਰੀਤੀ ਤੇ ਮਰਿਆਦਾ ਤੁਸੀਂ ਹੀ ਜਾਣਦੇ ਹੋ। ਦਾਸ ਨਾਨਕ ਤਾਂ ਆਪ ਤੋਂ ਸਦਾ ਹੀ ਕੁਰਬਾਨ ਜਾਂਦਾ ਹੈ ॥੮॥੪॥

ਭਾਵ—ਅਸਟਪਦੀ ਦੇ ਅੰਤ ਵਿਚ ਗੁਰੂ ਜੀ ਨੇ ਬੇਨਤੀ ਕਰਨ ਦਾ ਤਰੀਕਾ ਪ੍ਰਗਟ ਕੀਤਾ ਹੈ ਕਿ ਜਗਿਆਸੂ ਨੂੰ ਹਰ ਸਮੇਂ ਕਰਤਾਰ ਅੱਗੇ ਇਸੇ ਤਰ੍ਹਾਂ ਅਰਜ਼ ਕਰਨੀ ਚਾਹੀਦੀ ਹੈ ਕਦੇ ਤਾਂ ਜ਼ਰੂਰ ਸੁਣੀ ਜਾਵੇਗੀ।

ਸਲੋਕੁ ॥

## ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥ ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥

ਪਦ ਅਰਥ—ਆਨ=ਹੋਰ। ਸੁਆਇ=ਕੰਮ, ਸਵਾਦ। ਸਿਝਈ=ਛੁਟਕਾਰਾ ਹੋਣਾ।

ਅਰਥ—ਦੇਣ ਵਾਲੇ ਪ੍ਰਭੂ ਦਾ ਨਾਮ ਸਿਮਰਨਾ ਛੱਡ ਕੇ ਹੋਰਨਾਂ ਕੰਮਾਂ ਵਿਚ ਲਗਾ ਹੋਇਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਇਸ ਦਾ ਕਦੇ ਛੁਟਕਾਰਾ ਨਹੀਂ ਹੋਣਾ, ਨਾਮ ਤੋਂ ਹੀਣੇ ਇਜ਼ਤ ਗਵਾ ਕੇ ਜਾਂਦੇ ਹਨ ॥੧॥

ਅਸਟਪਦੀ ॥

## ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ

## ਕਾਰਨਿ ਬਿਖੋਟਿ ਗਵਾਵੈ ॥ ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥ ਤਉ ਮੂੜਾ ਕਹੁ ਕਹਾ ਕਰੇਇ ॥ ਜਿਸੁ ਠਾਕੁਰ ਸਿਉ ਨਾਹੀ ਚਾਰਾ ॥ ਤਾ ਕਉ ਕੀਜੈ ਸਦ ਨਮਸਕਾਰਾ ॥ ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥ ਸਰਬ ਸੂਖ ਤਾਹੂ ਮਨਿ ਵੂਠਾ ॥ ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨਿ ਪਾਇਆ ॥੧॥

ਪਦ ਅਰਥ—ਬਿਖੋਟ=ਨਿਸਚਾ, ਭਰੋਸਾ । ਹਿਰਿ=ਖੋਹ । ਚਾਰਾ=ਜ਼ੋਰ । ਵੂਠਾ=ਵਸਿਆ । ਥੋਕ=ਪਦਾਰਥ । ਪਾਛੈ ਪਾਵੈ=ਜਮ੍ਹਾਂ ਕਰਨਾ ।

ਅਰਥ—ਕਰਤਾਰ ਵਲੋਂ ਦਸ ਚੀਜ਼ਾਂ ਲੈ ਕੇ ਜਮ੍ਹਾਂ ਕਰਦਾ ਹੈ, ਇਕ ਚੀਜ਼ ਉਸ ਨੂੰ ਨਾ ਦੇਣ ਵਾਸਤੇ ਆਪਣਾ ਵਿਸਾਹ ਗਵਾ ਲੈਂਦਾ ਹੈ । ਜਿਸ ਨੂੰ ਇਹ ਇਕ ਚੀਜ਼ ਨਹੀਂ ਦੇਂਦਾ, ਜੇ ਉਹ ਇਸ ਕੋਲੋਂ ਦਸੇ ਚੀਜ਼ਾਂ ਖੋਹ ਲਵੇ ਤਾਂ ਇਹ ਮੂਰਖ ਜੀਵ ਉਸ ਦਾ ਕੀ ਵਿਗਾੜ ਸਕੇਗਾ ? ਜਿਸ ਮਾਲਕ ਨਾਲ ਜ਼ੋਰ ਨਾ ਚਲ ਸਕੇ, ਉਸ ਨੂੰ ਸਦਾ ਹੀ ਨਮਸ਼ਕਾਰ ਕਰਨੀ ਚਾਹੀਦੀ ਹੈ । ਜਿਸ ਦੇ ਮਨ ਪ੍ਰਭੂ ਦਾ ਭਾਣਾ ਮਿਠਾ ਲਗਾ ਹੈ ਉਸ ਦਾ ਮਨ ਸਾਰੇ ਸੁਖਾਂ ਵਿਚ ਵਸਦਾ ਹੈ । ਜਿਸ ਪੁਰਸ਼ ਤੋਂ ਉਸ ਨੇ ਆਪਣਾ ਹੁਕਮ ਮੰਨਵਾਇਆ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਉਸ ਨੇ ਸਾਰੇ ਪਦਾਰਥ ਪਾ ਲਏ ਹਨ ॥੧॥

ਭਾਵ—ਵਾਹਿਗੁਰੂ ਨੇ ਅਨੇਕਾਂ ਪਦਾਰਥ ਜੀਵ ਨੂੰ ਦਿਤੇ ਹਨ ਜੋ

ਉਹਨਾਂ ਤੋਂ ਇਹ ਅਨੇਕਾਂ ਸੁਖ ਭੋਗਦਾ ਹੈ, ਜੇਕਰ ਕਰਤਾਰ ਦੇ ਹੁਕਮ ਵਿਚ ਕੋਈ ਪਦਾਰਥ ਇਸ ਤੋਂ ਖੁਸ ਜਾਵੇ ਤਾਂ ਇਹ ਰੋਂਦਾ ਕੁਰਲਾਂਦਾ ਹੈ, ਇਹ ਨਹੀਂ ਸਮਝਦਾ ਕਿ ਇਹ ਸਭ ਕੁਝ ਅਮਾਨਤ ਹੈ ਤੇ ਸਾਡਾ ਰੋਣਾ ਵਿਅਰਥ ਹੈ, ਉਹ ਪੁਰਸ਼ ਧੰਨ ਹੈ, ਜੋ ਕਰਤਾਰ ਦੇ ਭਾਣੇ ਉਤੇ ਸ਼ਾਕਰ ਰਹਿੰਦਾ ਹੈ।

**ਅਗਨਤ ਸਾਹੁ ਅਪਨੀ ਦੇ ਰਾਸਿ ॥ ਖਾਤ ਪੀਤ ਬਰਤੈ ਅਨਦ ਉਲਾਸਿ ॥ ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥ ਅਗਿਆਨੀ ਮਨਿ ਰੋਸੁ ਕਰੇਇ ॥ ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥ ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥ ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥੨॥**

ਪਦ ਅਰਥ—ਉਲਾਸਿ=ਖੁਸ਼ੀਆਂ। ਬਹੁਰਿ=ਫੇਰ। ਚਉਗੁਨ=ਚੌਣਾ।

ਅਰਥ—ਉਸ ਬੇਅੰਤ ਸ਼ਾਹ ਨੇ ਆਪਣੀ ਵਲੋਂ ਜੀਵ ਨੂੰ ਪਦਾਰਥਾਂ ਰੂਪ ਰਾਸ ਇਸ ਲਈ ਦਿੱਤੀ ਹੈ ਕਿ ਜੀਵ ਖਾ, ਪੀ ਵਰਤ ਕੇ ਅਨੰਦ ਖੁਸ਼ੀਆਂ ਵਿਚ ਰਹੇ। ਜਦੋਂ ਸ਼ਾਹ ਆਪਣੀ ਅਮਾਨਤ ਰਾਸ ਜਿਵੇਂ ਕੁਝ ਮੋੜ ਲੈਂਦਾ ਹੈ ਤਾਂ ਅਗਿਆਨੀ ਜੀਵ ਮਨ ਵਿਚ ਗੁੱਸਾ ਕਰਦਾ ਹੈ। ਇਸ ਤਰ੍ਹਾਂ ਇਹ ਆਪਣੀ ਪ੍ਰਤੀਤ ਆਪੇ ਗੁਆ ਲੈਂਦਾ ਹੈ। ਕਿਉਂਕਿ ਉਸ ਸ਼ਾਹ

ਦਾ ਫੇਰ ਇਸ ਉਤੇ ਭਰੋਸਾ ਹੀ ਨਹੀਂ ਬਝਦਾ । ਜਿਸ ਦੀ ਦਿਤੀ ਹੋਈ ਚੀਜ਼ ਹੈ, ਜੇਕਰ ਜੀਵ ਹਸਕੇ ਉਸ ਦੇ ਅੱਗੇ ਰਖੇ ਅਤੇ ਪ੍ਰਭੂ ਦੀ ਆਗਿਆ ਸਿਰ ਮੱਥੇ ਤੇ ਮੰਨੇ । ਤਾਂ ਉਹ ਪ੍ਰਭੂ ਅਗੇ ਨਾਲੋਂ ਵੀ ਚਾਰ ਹਿਸੇ ਵਧ ਕੇ ਨਿਹਾਲ ਕਰੇਗਾ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਮਾਲਕ ਸਦਾ ਹੀ ਦਿਆਲੂ ਹੈ ॥੨॥

ਭਾਵ—ਭਾਣਾ ਮੰਨਣ ਲਈ ਹੀ ਪ੍ਰਮਾਣ ਹਨ ।

**ਅਨਿਕ ਭਾਤਿ ਮਾਇਆ ਕੇ ਹੇਤ ॥ ਸਰਪਰ ਹੋਵਤ ਜਾਨੁ ਅਨੇਤ ॥ ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥ ਓਹ ਬਿਨਸੈ ਉਹੁ ਮਨਿ ਪਛੁਤਾਵੈ ॥ ਜੋ ਦੀਸੈ ਸੋ ਚਾਲਨਹਾਰੁ ॥ ਲਪਟਿ ਰਹਿਓ ਤਹ ਅੰਧ ਅੰਧਾਰੁ ॥ ਬਟਾਊ ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ ਕੇਹ ॥ ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥ ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥**

ਪਦ ਅਰਥ—ਹੇਤ=ਪਿਆਰ । ਸਰਪਰ=ਜ਼ਰੂਰ । ਅਨੇਤ=ਨਾਸ, ਅਨਿਤ । ਲਪਟਿ=ਫਸਨਾ, ਲਗਨਾ । ਬਟਾਊ=ਰਾਹੀ, ਮੁਸਾਫਰ ।

ਅਰਥ—ਜੋ ਅਨੇਕ ਤਰ੍ਹਾਂ ਦੇ ਮਾਇਆ ਦੇ ਪਿਆਰੇ ਪਦਾਰਥ ਦਿਸਦੇ ਹਨ । ਇਹ ਸੱਚ ਜਾਣੋ ਜੋ ਉਹ ਜ਼ਰੂਰ ਹੀ ਨਾਸ਼ ਹੋ ਜਾਣਗੇ । ਜੇ ਕੋਈ ਦਰਖਤ ਦੀ ਛਾਂ ਨਾਲ ਪ੍ਰੇਮ ਲਾ ਬਹੇਗਾ । ਉਹ ਉਸ ਛਾਂ ਦੇ ਚਲੇ ਜਾਣ

ਮਗਰੋਂ ਮਨ ਵਿਚ ਪਛੁਤਾਏਗਾ। ਇਵੇਂ ਹੀ ਜੋ ਕੁਝ ਦਿਸਦਾ ਹੈ, ਸਭ ਚਲੇ ਜਾਣ ਵਾਲਾ ਹੈ। ਅਗਿਆਨੀ ਅੰਨ੍ਹਾ ਐਵੇਂ ਹੀ ਉਨ੍ਹਾਂ ਵਿਚ ਫਸ ਰਿਹਾ ਹੈ। ਜੋ ਕੋਈ ਮੁਸਾਫਰ ਨਾਲ ਪ੍ਰੇਮ ਕਰੇਗਾ। ਉਸ ਦੇ ਹੱਥ ਕੁਝ ਨਹੀਂ ਆਉਣਾ। ਹਰੀ ਦੇ ਨਾਮ ਦੀ ਪ੍ਰੀਤ ਹੀ ਮਨ ਨੂੰ ਸੁਖ ਦੇਣ ਵਾਲੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਹਰੀ ਆਪ ਕ੍ਰਿਪਾ ਕਰੇ ਤਾਂ ਇਹ ਜੀਵ ਉਸ ਨਾਲ ਪ੍ਰੀਤ ਲਾਵੇਗਾ ॥੩॥

ਭਾਵ—ਇਸ ਪਉੜੀ ਵਿਚ ਦੋ ਦ੍ਰਿਸ਼ਟਾਂਤ ਦੇ ਕੇ ਸਪਸ਼ਟ ਕੀਤਾ ਹੈ ਕਿ ਮਾਇਆ ਤਾਂ ਦਰਖਤ ਦੀ ਛਾਂ ਵਾਂਗੂੰ ਸਦਾ ਹੀ ਫਿਰਨ ਵਾਲੀ ਹੈ ਅਤੇ ਇਸਤਰੀ, ਪੁੱਤਰ, ਮਿੱਤਰ, ਮਾਂ, ਪਿਉ, ਭੈਣ, ਭਰਾ ਆਦਿਕ ਸੰਬੰਧੀ ਸਾਰੇ ਮੁਸਾਫਰ ਹਨ। ਇਹਨਾਂ ਨਾਲ ਪਿਆਰ ਪਾਇਆਂ ਵੀ ਕੁਝ ਨਹੀਂ ਮਿਲਣਾ।

**ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥ ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥ ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥ ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥ ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥**

ਪਦ ਅਰਥ—ਮਿਥਿਆ=ਦਿਖਾਵੇ ਮਾਤ੍ਰ, ਭਰਮ ਮਾਤ੍ਰ । ਹਸਤੀ=ਹਾਥੀ । ਬਿਕਰਾਲ=ਡਰਾਉਣਾ, ਭਿਆਨਕ । ਅਸ੍ਰ=ਘੋੜੇ । ਅਸਥਿਰੁ=ਸਦਾ ਰਹਿਣ ਵਾਲੀ ।

ਅਰਥ—ਤਨ, ਧਨ ਤੇ ਸਾਰੇ ਸੰਬੰਧੀ ਵੀ ਦਿਖਾਵੇ ਮਾਤ੍ਰ ਹਨ । ਹਉਮੈ, ਮਮਤਾ ਤੇ ਮਾਇਆ ਵੀ ਮਿਥਿਆ ਹੈ । ਰਾਜ, ਜਵਾਨੀ ਤੇ ਧਨ ਮਾਲ ਵੀ ਝੂਠਾ ਹੈ । ਵਿਕਾਰਾਂ ਦਾ ਘਰ ਕਾਮ ਕ੍ਰੋਧ ਵੀ ਮਿਥਿਆ ਹਨ । ਰਥ, ਹਾਥੀ, ਘੋੜੇ ਤੇ ਕਪੜੇ ਵੀ ਨਾਸਵੰਤ ਹਨ । ਪ੍ਰੇਮ ਨਾਲ ਮਾਇਆ ਦੀਆਂ ਖੁਸ਼ੀਆਂ ਵੇਖਣੀਆਂ ਵੀ ਝੂਠੀਆਂ ਹਨ । ਦਗਾ, ਫਰੇਬ, ਮੋਹ ਤੇ ਹੰਕਾਰ ਵੀ ਝੂਠਾ ਹੈ । ਆਪਣੇ ਆਪ ਉਤੇ ਹੀ ਆਕੜ ਕੇ ਬਹਿਣਾ ਵੀ ਮਿਥਯਾ ਹੈ । ਕਰਤਾਰ ਦੀ ਭਗਤੀ ਤੇ ਸੰਤਾਂ ਦੀ ਸ਼ਰਨ ਹੀ ਸਦਾ ਰਹਿਣ ਵਾਲੀ ਹੈ । ਕਿਉਂਕਿ ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸੰਤ ਹਰੀ ਦੇ ਚਰਨਾਂ ਦਾ ਜਾਪ ਜਪ ਕੇ ਹੀ ਜੀਊਂਦੇ ਹਨ ॥੪॥

ਭਾਵ—'ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ' ਇਹੋ ਭਾਵ ਸਾਰੀ ਪਉੜੀ ਵਿਚ ਸਪਸ਼ਟ ਕੀਤਾ ਹੈ ।

**ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥ ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥ ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥ ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ**

**ਲੇਤ ਬਿਕਾਰਾ ॥ ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥**

ਪਦ ਅਰਥ—ਸ੍ਰਵਨ=ਕੰਨ । ਤ੍ਰਿਅ=ਇਸਤਰੀ । ਅਨ=ਹੋਰ । ਪਰਉਪਕਾਰਾ=ਕਿਸੇ ਦਾ ਭਲਾ ਕਰਨਾ ।

ਅਰਥ—ਪਰਾਈ ਨਿੰਦਾ ਸੁਨਣ ਵਾਲੇ ਕੰਨ ਵੀ ਝੂਠੇ ਹਨ । ਪਰਾਏ ਧਨ ਨੂੰ ਚੁਰਾਉਣ ਵਾਲੇ ਹੱਥ ਵੀ ਮਿਥਯਾ ਹਨ । ਪਰਾਈ ਇਸਤ੍ਰੀਆਂ ਦਾ ਰੂਪ ਵੇਖਣ ਵਾਲੀਆਂ ਅੱਖਾਂ ਵੀ ਵਿਅਰਥ ਹਨ । ਨਾਮ ਤੋਂ ਬਿਨਾਂ ਹੋਰ ਭੋਜਨਾਂ ਦਾ ਸਵਾਦ ਲੈਣ ਵਾਲੀ ਜੀਭ ਵੀ ਮਿਥਯਾ ਹੈ । ਵਿਕਾਰਾਂ ਵਲ ਦੌੜਨ ਵਾਲੇ ਪੈਰ ਵੀ ਮਿਥਯਾ ਹਨ । ਪਰਾਏ ਪਦਾਰਥਾਂ ਦਾ ਲੋਭ ਕਰਨ ਵਾਲਾ ਮਨ ਵੀ ਝੂਠਾ ਹੈ । ਪਰਾਏ ਦਾ ਭਲਾ ਨਾ ਕਰਨ ਵਾਲਾ ਸਰੀਰ ਵੀ ਨਾ ਹੋਏ ਵਰਗਾ ਹੈ । ਵਿਕਾਰਾਂ ਲਈ ਵਾਸ਼ਨਾ ਲੈਣ ਵਾਲਾ ਨੱਕ ਵੀ ਮਿਥਯਾ ਹੈ । ਸੱਚ ਨੂੰ ਜਾਣੇ ਤੋਂ ਬਿਨਾਂ ਸਾਰੇ ਅੰਗਾਂ ਦਾ ਹੋਣਾ ਵੀ ਮਿਥਯਾ ਹੈ । ਜੋ ਦੇਹ ਹਰਿ ਹਰਿ ਨਾਮ ਜਪਦੀ ਹੈ, ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਸਫਲੀ ਹੈ ॥੫॥

ਭਾਵ—ਨਾਮ ਤੋਂ ਬਿਨਾਂ ਕੋਈ ਅੰਗ ਸਫਲ ਨਹੀਂ । ਸਾਰੀ ਦੇਹ ਨਿਕੰਮੀ ਹੈ । ਕਰਤਾਰ ਨੂੰ ਯਾਦ ਕਰਨ ਵਾਲੀ ਆਤਮਾ ਹੀ ਸਫਲੀ ਹੈ ।

**ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥ ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥ ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥**

**ਮੇਘ ਬਿਨਾ ਜਿਉ ਖੇਤੀ ਜਾਇ ॥ ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ ਜਿਉ ਕਿਰਪਨ ਕੇ ਨਿਰਾਰਥ ਦਾਮ ॥ ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੬॥**

ਪਦ ਅਰਥ—ਸਾਕਤ=ਮਾਇਆ ਦਾ ਪਿਆਰਾ । ਆਰਜਾ=ਉਮਰਾ । ਮੇਘ=ਬੱਦਲ, ਵਰਖਾ । ਕਿਰਪਨ=ਸੂਮ । ਨਿਰਾਰਥ=ਨਿਕੰਮੇ । ਤੇ=ਉਹ ।

ਅਰਥ—ਮਾਇਆ ਦੇ ਪਿਆਰੇ ਦੀ ਉਮਰਾ ਹੀ ਵਿਅਰਥ ਹੈ । ਕਿਉਂਕਿ ਸੱਚ ਤੋਂ ਬਿਨਾਂ ਕਿਵੇਂ ਕੋਈ ਸੁੱਚਾ ਹੋਵੇਗਾ ? ਨਾਮ ਤੋਂ ਹੀਣੇ ਅੰਨ੍ਹੇ ਦਾ ਸਰੀਰ ਹੀ ਵਿਅਰਥ ਹੈ । ਕਿਉਂਕਿ ਉਸ ਦੇ ਮੂੰਹੋਂ ਤਾਂ ਹਰ ਵੇਲੇ ਨਿੰਦਾ ਦੀ ਬਦਬੂ ਆਉਂਦੀ ਹੈ । ਸਿਮਰਨ ਤੋਂ ਬਿਨਾਂ ਦਿਨ ਰਾਤ ਦਾ ਬੀਤਣਾ ਇਉਂ ਵਿਅਰਥ ਹੈ, ਜਿਵੇਂ ਮੀਂਹ ਤੋਂ ਬਿਨਾਂ ਖੇਤੀ ਐਵੇਂ ਹੀ ਸੁਕ ਸੜ ਜਾਂਦੀ ਹੈ । ਗੋਬਿੰਦ ਭਜਨ ਕੀਤੇ ਤੋਂ ਬਿਨਾਂ ਕੰਮ ਕਰਨੇ ਸਾਰੇ ਇਉਂ ਵਿਅਰਥ ਜਾਂਦੇ ਹਨ ਜਿਵੇਂ ਸੂਮ ਦਾ ਧਨ ਕਿਸੇ ਕੰਮ ਨਹੀਂ ਆਉਂਦਾ । ਉਹ ਪੁਰਸ਼ ਧੰਨ ਧੰਨ ਹਨ, ਜਿਨ੍ਹਾਂ ਦੇ ਹਿਰਦੇ ਵਿਚ ਹਰਿ ਨਾਮ ਵੱਸਿਆ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ ॥੬॥

ਭਾਵ—ਨਾਮ ਤੋਂ ਬਿਨਾਂ ਕੋਈ ਵੀ ਵਿਹਾਰ ਕਾਰ, ਘੜੀ ਪਲ, ਦਿਨ ਰਾਤ ਕਿਸੇ ਲੇਖੇ ਨਹੀਂ । ਲੇਖੇ ਤਾਂ ਹਰਿ ਨਾਮ ਜਪਣ ਵਿਚ ਹੈ ।

**ਰਹਤ ਅਵਰ ਕਛੁ ਅਵਰ ਕਮਾਵਤ ॥**
**ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥**

**ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥ ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥ ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥ ਨਾਨਕ ਉਨ ਜਨ ਚਰਨ ਪਰਾਤਾ ॥੭॥**

ਪਦ ਅਰਥ—ਰਹਿਤ=ਰਹਿਣੀ । ਭੀਨ=ਭਿੱਜਦਾ । ਪਰਾਤਾ=ਪੈਂਦਾ ਹੈ।

ਅਰਥ—ਰਹਿਣੀ ਹੋਰ ਹੈ ਅਤੇ ਕਰਦਾ ਕੁਝ ਹੋਰ ਹੈ । ਮਨ ਵਿਚ ਤਾਂ ਕਰਤਾਰ ਦੀ ਪ੍ਰੀਤ ਨਹੀਂ, ਪਰ ਮੂੰਹੋਂ ਗੰਢ ਤੁਪ ਲਾਉਂਦਾ ਹੈ । ਉਹ ਪ੍ਰਭੂ ਜਾਨਣ ਵਾਲਾ ਬੜਾ ਚਤੁਰ ਹੈ । ਬਾਹਰ ਦਾ ਭੇਖ ਵੇਖ ਕੇ ਕਿਸੇ ਨਾਲ ਨਹੀਂ ਭਿੱਜਦਾ । ਜੋ ਹੋਰਨਾਂ ਨੂੰ ਉਪਦੇਸ਼ ਦੇਂਦਾ ਹੈ ਅਤੇ ਆਪ ਨਹੀਂ ਕਰਦਾ । ਉਹ ਪੁਰਸ਼ ਜੰਮਣ ਮਰਨ ਵਿਚ ਹੀ ਆਵੇ ਜਾਵੇਗਾ । ਜਿਸ ਦੇ ਅੰਦਰ ਨਿਰੰਕਾਰ ਦਾ ਪ੍ਰੇਮ ਵਸਦਾ ਹੈ, ਉਸ ਦੀ ਸਿਖਿਆ ਨਾਲ ਸੰਸਾਰ ਦਾ ਉਧਾਰ ਹੋਵੇਗਾ । ਹੇ ਪ੍ਰਭੂ ! ਜੋ ਤੈਨੂੰ ਭਾਏ ਹਨ, ਉਹਨਾਂ ਨੂੰ ਤੈਨੂੰ ਜਾਣਿਆ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਉਹਨਾਂ ਦੇ ਚਰਨੀਂ ਪੈਂਦਾ ਹੈ ॥੭॥

ਭਾਵ—ਅਜਿਹੇ ਪੁਰਸ਼ ਜੋ ਕਹਿੰਦੇ ਕੁਝ ਹੋਰ ਤੇ ਆਪ ਕਰਦੇ ਕੁਝ ਹੋਰ ਹਨ, ਜਦ ਉਨ੍ਹਾਂ ਦੇ ਗਲੋਂ ਹੀ ਜਮਾਂ ਦੀ ਫਾਹੀ ਨਹੀਂ ਨਿਕਲਣੀ ਤਾਂ ਹੋਰਨਾਂ ਦੇ ਗਲੋਂ ਕਿਵੇਂ ਕੱਢਣਗੇ । ਸ੍ਰੀ ਦਸਮੇਸ਼ ਜੀ ਦਾ ਵਾਕ ਹੈ :—

*'ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸੁ ਕੀਨ ॥*
*ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ ॥'*

**ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ॥ ਅਪਨਾ ਕੀਆ ਆਪਹਿ ਮਾਨੈ॥ ਆਪਹਿ ਆਪ ਆਪਿ ਕਰਤ ਨਿਬੇਰਾ॥ ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥ ਉਪਾਵ ਸਿਆਨਪ ਸਗਲ ਤੇ ਰਹਤ॥ ਸਭੁ ਕਛੁ ਜਾਨੈ ਆਤਮ ਕੀ ਰਹਤ॥ ਜਿਸੁ ਭਾਵੈ ਤਿਸੁ ਲਏ ਲੜਿ ਲਾਇ॥ ਥਾਨ ਥਨੰਤਰਿ ਰਹਿਆ ਸਮਾਇ॥ ਸੋ ਸੇਵਕੁ ਜਿਸੁ ਕਿਰਪਾ ਕਰੀ॥ ਨਿਮਖ ਨਿਮਖ ਜਪਿ ਨਾਨਕ ਹਰੀ॥੮॥੫॥**

ਪਦ ਅਰਥ—ਆਤਮ=ਮਨ। ਥਨੰਤਰਿ=ਜਗ੍ਹਾ ਵਿਚ। ਨਿਮਖ=ਅੱਖ ਝਮਕਣ ਤਕ, ਪਲਕ।

ਅਰਥ—ਇਉਂ ਬੇਨਤੀ ਕਰੋ ਹੇ ਪਾਰਬ੍ਰਹਮ! ਸਭ ਕੁਝ ਜਾਣਦਾ ਹੈਂ। ਆਪਣੇ ਕੀਤੇ ਹੁਕਮ ਨੂੰ ਆਪੇ ਹੀ ਮੰਨਦਾ ਹੈਂ। ਆਪਣੇ ਕੀਤੇ ਜੀਵਾਂ ਦੇ ਆਪਣੇ ਆਪ ਹੀ ਨਬੇੜੇ ਕਰਦਾ ਹੈਂ। ਕਿਸੇ ਨੂੰ ਆਪਣਾ ਮਿਲਣਾ ਦੂਰ ਜਨਾਉਂਦਾ ਹੈਂ ਅਤੇ ਕਿਸੇ ਨੂੰ ਨੇੜੇ ਸਮਝਾ ਦੇਂਦਾ ਹੈਂ। ਸਾਰੇ ਉਪਾਵਾਂ ਤੇ ਸਿਆਣਪਾਂ ਤੋਂ ਰਹਿਤ ਹੈ ਸਾਡੇ ਮਨ ਦੀ ਕੀਤੀ ਹੋਈ ਸਾਰੀ ਕਹਿਣੀ ਨੂੰ ਜਾਣਦਾ ਹੈ। ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਆਪਣੇ ਲੜ ਲਾ ਲੈਂਦਾ ਹੈ। ਜਗ੍ਹਾ ਜਗ੍ਹਾ ਵਿਚ ਤੂੰ ਹੀ ਸਮਾ ਰਿਹਾ ਹੈਂ। ਉਹ ਤੇਰਾ ਸੇਵਕ ਹੈ ਜਿਸ ਉਤੇ ਤੂੰ ਕਿਰਪਾ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਹੇ ਹਰੀ! (ਉਹ ਹੀ ਤੈਨੂੰ) ਪਲ ਪਲ ਜਪਦਾ ਹੈ ॥੮॥੫॥

ਭਾਵ—ਇਸ ਅਸਟਪਦੀ ਵਿਚ ਦਸਿਆ ਹੈ ਕਿ ਜੇਕਰ ਭੇਖ ਧਾਰੀ ਕਰਤਾਰ ਅਗੇ ਇਉਂ ਬੇਨਤੀ ਕਰਨ ਤਾਂ ਦਰਗਾਹੇ ਕਬੂਲੇ ਜਾਣਗੇ ।

ਸਲੋਕੁ ॥

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥ ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥

ਪਦ ਅਰਥ—ਅਹੰਮੇਵ=ਹੰਕਾਰ । ਪ੍ਰਸਾਦਿ=ਕ੍ਰਿਪਾ ।

ਅਰਥ—(ਅੰਨਵੈ) ਹੇ ਗੁਰਦੇਵ ਪ੍ਰਭੂ! ਮੈਂ ਆਪ ਦੀ ਸ਼ਰਣ ਆਇਆ ਹਾਂ, ਕ੍ਰਿਪਾ ਕਰੋ ਤੇ ਕਾਮ, ਕ੍ਰੋਧ, ਮੋਹ ਅਤੇ ਹੰਕਾਰ ਦਾ ਨਾਸ ਹੋ ਜਾਵੇ ॥੧॥

ਅਸਟਪਦੀ ॥

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥ ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥ ਤਿਸਹਿ ਧਿਆਇ ਸਦਾ ਮਨ ਅੰਦਰਿ ॥ ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥ ਆਠ ਪਹਰ ਸਿਮਰਹੁ ਤਿਸੁ ਰਸਨਾ ॥

**ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥**

ਪਦ ਅਰਥ—ਛਤੀਹ ਅੰਮ੍ਰਿਤ=ਰਸ ਛੇ ਹਨ, ਜੇਕਰ ਉਹਨਾਂ ਛੇਆਂ ਵਿਚੋਂ ਹਰੇਕ ਨੂੰ ਛੇ ਹਿੱਸੇ ਕਰਕੇ ਇਕ ਦੂਜੇ ਨਾਲ ਮਿਲਾਈਏ ਤਾਂ ਛੱਤੀ ਹੋ ਜਾਂਦੇ ਹਨ। ਇਹ ਵਿਚਾਰ ਭਾਈ ਗੁਰਦਾਸ ਜੀ ਨੇ ਪ੍ਰਗਟ ਕੀਤਾ ਹੈ। ਯਥਾ-'ਖਟ ਰਸ ਮਿਠ ਰਸ ਮੇਲ ਕੇ ਛੱਤੀ ਭੋਜਨ ਹੋਣ ਰਸੋਈ। ਅਨੇਕਾਂ ਸਵਾਦੀਕ ਭੋਜਨ। ਪ੍ਰਸਾਦਿ=ਕ੍ਰਿਪਾ। ਗ੍ਰਿਹ=ਇਸਤਰੀ।

ਅਰਥ—ਜਿਸ ਦੀ ਕ੍ਰਿਪਾ ਨਾਲ ਅਨੇਕਾਂ ਸਵਾਦੀਕ ਭੋਜਨ ਖਾਂਦਾ ਹੈ। ਉਸ ਮਾਲਕ ਨੂੰ ਸਦਾ ਮਨ ਵਿਚ ਰਖ। ਜਿਸ ਦੀ ਕ੍ਰਿਪਾ ਨਾਲ ਸਰੀਰ ਨੂੰ ਸੁਗੰਧੀਆਂ ਲਾਉਂਦਾ ਹੈ। ਉਸ ਨੂੰ ਸਿਮਰ ਕੇ ਹੀ ਮੁਕਤੀ ਪਾਵੇਂਗਾ। ਜਿਸ ਦੀ ਕਿਰਪਾ ਨਾਲ ਸੁਖਦਾਈ ਮੰਦਰਾਂ ਵਿਚ ਵਸਦਾ ਹੈ। ਉਸ ਨੂੰ ਸਦਾ ਹੀ ਮਨ ਵਿਚ ਯਾਦ ਕਰ। ਜਿਸ ਦੀ ਕ੍ਰਿਪਾ ਨਾਲ ਇਸਤਰੀ, ਪੁਤਰ ਦੇ ਸੁਖ ਭੋਗਦਾ ਹੈਂ ਜੀਭ ਨਾਲ ਅੱਠੇ ਪਹਿਰ ਉਸੇ ਨੂੰ ਯਾਦ ਕਰ। ਜਿਸ ਦੀ ਕ੍ਰਿਪਾ ਨਾਲ ਰਸਾਂ ਦੇ ਅਨੰਦ ਭੋਗਦਾ ਹੈਂ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੂੰ ਸਦਾ ਧਿਆਉਣਾ ਚਾਹੀਦਾ ਹੈ। ਕਿਉਂਕਿ ਉਹ ਧਿਆਉਣ ਯੋਗ ਹੈ ॥੧॥

ਭਾਵ—ਵਾਹਿਗੁਰੂ ਦੀ ਕ੍ਰਿਪਾ ਦਰਸਾ ਕੇ ਉਪਦੇਸ਼ ਦਿਤਾ ਹੈ ਕਿ ਹੇ ਜੀਵ! ਅੱਠੇ ਪਹਿਰ ਉਸ ਕਰਤਾਰ ਨੂੰ ਚੇਤੇ ਕਰ।

**ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥ ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥ ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ ਮਨ ਆਠ**

**ਪਹਰ ਤਾ ਕਾ ਜਸੁ ਗਾਵੀਜੈ ॥ ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥ ਮੁਖਿ ਤਾ ਕੋ ਜਸੁ ਰਸਨ ਬਖਾਨੈ ॥ ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥ ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥**

ਪਦ ਅਰਥ—ਪਟੰਬਰ=(ਪਟਅੰਬਰ) ਪਟ ਦੇ ਕਪੜੇ । ਸੇਤੀ=ਨਾਲ।

ਅਰਥ—ਜਿਸ ਦੀ ਕ੍ਰਿਪਾ ਨਾਲ ਰੇਸ਼ਮੀ ਕਪੜੇ ਪਾਉਂਦਾ ਹੈਂ । ਉਸ ਨੂੰ ਛੱਡ ਕੇ ਹੋਰਨਾਂ ਪਦਾਰਥਾਂ ਦਾ ਕਿਉਂ ਲੋਭ ਕਰਦਾ ਹੈਂ ? ਜਿਸ ਦੀ ਕ੍ਰਿਪਾ ਨਾਲ ਸੁਖਦਾਈ ਸੇਜਾ ਉਤੇ ਸੌਂਦਾ ਹੈਂ । ਅੱਠੇ ਪਹਿਰ ਮਨ ਵਿਚ ਉਸ ਦਾ ਜਸ ਗਾਉ । ਜਿਸ ਦੀ ਕ੍ਰਿਪਾ ਨਾਲ ਹੀ ਤੈਨੂੰ ਸਭ ਕੋਈ ਮੰਨਦਾ ਹੈ । ਮੂੰਹ ਨਾਲ ਉਸੇ ਦਾ ਗੁਣ ਗਾਉ । ਜਿਸ ਦੀ ਕ੍ਰਿਪਾ ਨਾਲ ਤੇਰਾ ਧਰਮ ਰਹਿੰਦਾ ਹੈ । ਕੇਵਲ ਉਸ ਪਾਰਬ੍ਰਹਮ ਨੂੰ ਮਨ ਵਿਚ ਸਦਾ ਹੀ ਯਾਦ ਕਰ । ਪ੍ਰਭੂ ਜੀ ਨੂੰ ਜਪਦਿਆਂ ਹੀ ਦਰਗਾਹ ਵਿਚ ਮਾਨ ਪਾਵੇਂਗਾ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਅਤੇ ਇਜ਼ਤ ਨਾਲ ਆਪਣੇ ਘਰ ਸਰੂਪ ਵਿਚ ਜਾਵੇਂਗਾ ॥੨॥

ਭਾਵ—ਵਾਹਿਗੁਰੂ ਦੀ ਕ੍ਰਿਪਾ ਦਾ ਵਰਨਣ ਕਰ ਕੇ ਸੂਚਨ ਕਰਾਇਆ ਹੈ ਕਿ ਐਡੇ ਕ੍ਰਿਪਾਲੂ ਨੂੰ ਯਾਦ ਕੀਤਿਆਂ ਹੀ ਤੇਰੀ ਇਜ਼ਤ ਹੋਵੇਗੀ ।

**ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥ ਜਿਹ**

ਪ੍ਰਸਾਦਿ ਤੇਰਾ ਓਲਾ ਰਹਤ ॥ ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥ ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥ ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥ ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥ ਨਾਨਕ ਤਾ ਕੀ ਭਗਤਿ ਕਰੇਹ ॥੩॥

ਪਦ ਅਰਥ—ਕੰਚਨ=ਸੋਨਾ । ਓਲਾ=ਪੜਦਾ । ਛਿਦ੍ਰ=ਔਗੁਣ ।

ਅਰਥ—ਜਿਸ ਦੀ ਕ੍ਰਿਪਾ ਨਾਲ ਤੇਰੀ ਦੇਹ ਰੋਗਾਂ ਤੋਂ ਰਹਿਤ ਸੋਨੇ ਵਰਗੀ ਰਹਿੰਦੀ ਹੈ । ਉਸ ਪਿਆਰੇ ਰਾਮ ਨਾਲ ਪ੍ਰੀਤ ਲਾਓ । ਜਿਸ ਦੀ ਕਿਰਪਾ ਨਾਲ ਤੇਰਾ ਪੜਦਾ ਰਹਿੰਦਾ ਹੈ । ਹੇ ਮਨ! ਉਸ ਹਰੀ ਦਾ ਹਰ ਸਮੇਂ ਜਸ ਕਹਿੰਦਿਆਂ ਹੀ ਸੁਖ ਪਾਵੇਂਗਾ । ਜਿਸ ਦੀ ਕ੍ਰਿਪਾ ਨਾਲ ਤੇਰੇ ਸਾਰੇ ਔਗੁਣ ਢੱਕੇ ਜਾਂਦੇ ਹਨ । ਹੇ ਮਨ! ਉਸ ਪ੍ਰਭੂ ਮਾਲਕ ਦੀ ਸ਼ਰਨੀ ਪਉ । ਜਿਸ ਦੀ ਕ੍ਰਿਪਾ ਨਾਲ ਤੇਰੇ ਬਰਾਬਰ ਕੋਈ ਨਹੀਂ ਪਹੁੰਚ ਸਕਦਾ। ਹੇ ਮਨ! ਉਸ ਉੱਚੇ ਪ੍ਰਭੂ ਨੂੰ ਸਾਸ ਸਾਸ ਯਾਦ ਕਰ । ਜਿਸ ਦੀ ਕ੍ਰਿਪਾ ਨਾਲ ਤੂੰ ਦੁਰਲਭ ਦੇਹ ਪਾਈ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸੇ ਦੀ ਭਗਤੀ ਕਰ ॥੩॥

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥ ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥ ਜਿਹ

ਪ੍ਰਸਾਦਿ ਅਸੂ ਹਸਤਿ ਅਸਵਾਰੀ ॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥ ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥ ਜਿਨਿ ਤੇਰੀ ਮਨ ਬਨਤ ਬਨਾਈ ॥ ਊਠਤ ਬੈਠਤ ਸਦ ਤਿਸਹਿ ਧਿਆਈ ॥ ਤਿਸਹਿ ਧਿਆਇ ਜੋ ਏਕ ਅਲਖੈ ॥ ਈਹਾ ਊਹਾ ਨਾਨਕ ਤੇਰੀ ਰਖੈ ॥੪॥

ਪਦ ਅਰਥ—ਆਭੂਖਨ=ਸੋਹਣੇ ਗਹਿਣੇ । ਮਿਲਖ=ਜਗੀਰ ।

ਅਰਥ—ਜਿਸ ਦੀ ਕ੍ਰਿਪਾ ਨਾਲ ਸੋਹਣੇ ਸੋਹਣੇ ਗਹਿਣੇ ਪਹਿਨਦਾ ਹੈਂ, ਹੇ ਮਨ ! ਉਸ ਨੂੰ ਸਿਮਰਨ ਲਗਾ ਆਲਸ ਕਿਉਂ ਕਰਦਾ ਹੈਂ ? ਜਿਸ ਦੀ ਕਿਰਪਾ ਨਾਲ ਹਾਥੀ ਤੇ ਘੋੜਿਆਂ ਉਤੇ ਸਵਾਰ ਹੁੰਦਾ ਹੈਂ । ਹੇ ਮਨ ! ਉਸ ਪ੍ਰਭੂ ਨੂੰ ਕਦੇ ਵੀ ਨਾ ਭੁਲਾ । ਜਿਸ ਦੀ ਕ੍ਰਿਪਾ ਨਾਲ ਬਾਗ, ਜਗੀਰ ਤੇ ਧਨ ਦਾ ਮਾਲਕ ਹੈਂ । ਉਸ ਪ੍ਰਭੂ ਨੂੰ ਆਪਣੇ ਮਨ ਵਿਚ ਪਰੋਈ ਰਖ ਹੇ ਮਨ ! ਜਿਸ ਨੇ ਤੇਰੀ ਬਣਤ ਬਣਾਈ ਹੈ । ਉਠਦਿਆਂ ਬੈਠਦਿਆਂ ਸਦਾ ਉਸੇ ਨੂੰ ਯਾਦ ਕਰ । ਉਸ ਨੂੰ ਯਾਦ ਕਰ, ਜੋ ਇਕ ਅਲੱਖ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਉਹ ਹੀ ਸਦਾ ਤੇਰੀ ਇਥੇ ਉਥੇ ਦੀ ਇਜ਼ਤ ਰਖੇਗਾ ॥੪॥

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥ ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥ ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥ ਤਿਸੁ

**ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥ ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥ ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥ ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥ ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥**

ਪਦ ਅਰਥ—ਆਚਾਰ=ਕਰਮ । ਚਿਤਾਰੀ=ਯਾਦ ਕਰ । ਨੀਕੀ= ਸੁੰਦਰ ।

ਅਰਥ—ਜਿਸ ਦੀ ਕ੍ਰਿਪਾ ਨਾਲ ਤੂੰ ਬਹੁਤੇ ਦਾਨ ਪੁੰਨ ਕਰਦਾ ਹੈਂ। ਹੇ ਮਨ ! ਤੂੰ ਅੱਠੇ ਪਹਿਰ ਉਸੇ ਦਾ ਧਿਆਨ ਕਰ । ਜਿਸ ਦੀ ਕ੍ਰਿਪਾ ਨਾਲ ਤੂੰ ਕਾਰ ਤੇ ਵਪਾਰ ਕਰਦਾ ਹੈਂ । ਸਵਾਸ ਸਵਾਸ ਉਸ ਪ੍ਰਭੂ ਨੂੰ ਚੇਤੇ ਕਰ, ਜਿਸ ਦੀ ਕ੍ਰਿਪਾ ਨਾਲ ਤੇਰਾ ਸੋਹਣਾ ਰੂਪ ਹੈ । ਉਸ ਸੁੰਦਰ ਰੂਪ ਵਾਲੇ ਪ੍ਰਭੂ ਨੂੰ ਸਦਾ ਹੀ ਯਾਦ ਕਰ । ਜਿਸ ਦੀ ਕ੍ਰਿਪਾ ਨਾਲ ਤੇਰੀ ਜਾਤਿ ਸੁੰਦਰ ਹੈ । ਉਸ ਪ੍ਰਭੂ ਨੂੰ ਸਦਾ ਹੀ ਦਿਨ ਰਾਤ ਯਾਦ ਕਰ । ਜਿਸ ਦੀ ਕਿਰਪਾ ਨਾਲ ਤੇਰੀ ਇੱਜ਼ਤ ਰਹਿੰਦੀ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਗੁਰਾਂ ਦੀ ਕ੍ਰਿਪਾ ਨਾਲ ਉਸ ਦਾ ਜਸ ਆਖ ॥੫॥

ਭਾਵ—ਵਾਹਿਗੁਰੂ ਦੀ ਕਿਰਪਾ ਨਾਲ ਮਿਲੇ ਪਦਾਰਥ ਜੀਵ ਨੂੰ ਚੇਤੇ ਕਰਾ ਕੇ ਉਪਦੇਸ਼ ਦਿਤਾ ਹੈ ਕਿ ਅਜਿਹੇ ਕ੍ਰਿਪਾਲੂ ਪਿਤਾ ਨੂੰ ਹਰ ਵੇਲੇ ਚੇਤੇ ਰਖੋ ।

**ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥ ਜਿਹ ਪ੍ਰਸਾਦਿ**

ਬੋਲਹਿ ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥ ਜਿਹ ਪ੍ਰਸਾਦਿ ਹਸਤ ਕਰ ਚਲਹਿ ॥ ਜਿਹ ਪ੍ਰਸਾਦਿ ਸੰਪੂਰਨ ਫਲਹਿ ॥ ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥ ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥ ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥੬॥

ਪਦ ਅਰਥ—ਕਰਨ=ਕੰਨ । ਹਸਤ=ਹੱਥ । ਪਰਮ ਗਤਿ=ਮੁਕਤੀ ।

ਅਰਥ—ਜਿਸ ਦੀ ਕਿਰਪਾ ਨਾਲ ਕੰਨ ਸ਼ਬਦ ਸੁਣਦੇ ਹਨ । ਜਿਸ ਦੀ ਕਿਰਪਾ ਨਾਲ ਅੱਖਾਂ ਅਸਚਰਜ ਰੰਗ ਵੇਖਦੀਆਂ ਹਨ । ਜਿਸ ਦੀ ਕਿਰਪਾ ਨਾਲ ਜੀਭ ਮਿੱਠਾ ਬੋਲਦੀ ਹੈ । ਜਿਸ ਦੀ ਕਿਰਪਾ ਨਾਲ ਸਹਿਜੇ ਹੀ ਸੁਖਾਂ ਵਿਚ ਵਸਦਾ ਹੈ । ਜਿਸ ਦੀ ਕਿਰਪਾ ਨਾਲ ਹੱਥ ਪੈਰ ਤੁਰਦੇ ਹਨ । ਜਿਸ ਦੀ ਕ੍ਰਿਪਾ ਨਾਲ ਸਾਰੇ ਫਲ ਮਿਲਦੇ ਹਨ । ਜਿਸ ਦੀ ਕ੍ਰਿਪਾ ਨਾਲ ਮੁਕਤੀ ਮਿਲਦੀ ਹੈ । ਜਿਸ ਦੀ ਕ੍ਰਿਪਾ ਨਾਲ ਤੁਰੀਆ ਪਦ ਦੇ ਸੁਖ ਵਿਚ ਸਮਾਈ ਹੁੰਦੀ ਹੈ । ਅਜਿਹੇ ਪ੍ਰਭੂ ਨੂੰ ਛੱਡ ਕੇ ਹੋਰਨਾਂ ਕੰਮਾਂ ਵਿਚ ਕਿਉਂ ਲੱਗਾ ਹੈਂ ? ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਹੇ ਮਨ ! ਗੁਰਾਂ ਦੀ ਕ੍ਰਿਪਾ ਹਾਸਲ ਕਰਕੇ ਅਵਿਦਯਾ ਨੀਂਦ ਤੋਂ ਜਾਗ ਪਉ ॥੬॥

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥ ਜਿਹ ਪ੍ਰਸਾਦਿ ਤੇਰਾ ਪਰਤਾਪੁ ॥ ਰੇ ਮਨ ਮੂੜ ਤੂ ਤਾ

ਕਉ ਜਾਪੁ ॥ ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥ ਤਿਸਹਿ ਜਾਨੁ ਮਨ ਸਦਾ ਹਜੂਰੇ ॥ ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥ ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥ ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥ ਨਾਨਕ ਜਾਪੁ ਜਪੈ ਜਪੁ ਸੋਇ ॥੭॥

ਅਰਥ— ਜਿਸ ਦੀ ਕ੍ਰਿਪਾ ਨਾਲ ਤੂੰ ਸੰਸਾਰ ਵਿਚ ਪ੍ਰਗਟ ਹੈਂ। ਉਸ ਪ੍ਰਭੂ ਨੂੰ ਕਦੇ ਵੀ ਮਨੋਂ ਨਾ ਭੁਲਾ। ਜਿਸ ਦੀ ਕਿਰਪਾ ਨਾਲ ਤੇਰਾ ਪ੍ਰਤਾਪ ਬਣਿਆ ਹੋਇਆ ਹੈ। ਹੇ ਮੂਰਖ ਮਨ! ਤੂੰ ਉਸੇ ਨੂੰ ਜਪ। ਜਿਸ ਦੀ ਕ੍ਰਿਪਾ ਨਾਲ ਤੇਰੇ ਕੰਮ ਪੂਰੇ ਹੁੰਦੇ ਹਨ। ਹੇ ਮਨ! ਉਸ ਨੂੰ ਸਦਾ ਹੀ ਨੇੜੇ ਜਾਣ। ਜਿਸ ਦੀ ਕਿਰਪਾ ਨਾਲ ਤੂੰ ਸਚ ਸਰੂਪ ਨੂੰ ਪਾਵੇਂਗਾ। ਹੇ ਮੇਰੇ ਮਨ! ਤੂੰ ਉਸ ਨਾਲ ਲਗ ਜਾਹ। ਜਿਸ ਦੀ ਕਿਰਪਾ ਨਾਲ ਸਾਰਿਆਂ ਦੀ ਗਤੀ ਹੁੰਦੀ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦੇ ਜਾਪ ਨੂੰ ਜਪ ॥੭॥

ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿ ਗੁਨ ਗਾਉ ॥ ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥ ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥ ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ

**ਨ ਕਿਨਹੂ ਲਇਆ ॥ ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥ ਨਾਨਕ ਇਨ ਕੈ ਕਛੂ ਨ ਹਾਥ ॥੮॥੬॥**

ਪਦ ਅਰਥ—ਪ੍ਰਗਾਸ=ਚਾਨਣ, ਗਿਆਨ । ਬਿਗਾਸ=ਖਿੜਦਾ ਹੈ। ਨਿਧਾਨ=ਖਜ਼ਾਨੇ । ਮਇਆ=ਕ੍ਰਿਪਾ । ਸੋਇ=ਸੋਭਾ, ਸਿਫਤ ।

ਅਰਥ—ਜਿਸ ਨੂੰ ਆਪ ਜਪਵਾਂਦਾ ਹੈ, ਉਹ ਨਾਮ ਜਪਦਾ ਹੈ। ਜਿਸ ਤੋਂ ਆਪ ਗਾਵਾਂਦਾ ਹੈ, ਉਹ ਹਰੀ ਦੇ ਗੁਣ ਗਾਉਂਦਾ ਹੈ । ਪ੍ਰਭੂ ਦੀ ਕ੍ਰਿਪਾ ਨਾਲ ਗਿਆਨ ਹੁੰਦਾ ਹੈ। ਪ੍ਰਭੂ ਦੀ ਦਇਆ ਨਾਲ ਹਿਰਦਾ ਕਮਲ ਖਿੜਦਾ ਹੈ। ਪ੍ਰਭੂ ਪ੍ਰਸੰਨ ਹੋਵੇ ਤਾਂ ਉਸ ਦੀ ਸਿਫਤ ਮਨ ਵਿਚ ਵਸਦੀ ਹੈ । ਪ੍ਰਭੂ ਦੀ ਦਇਆ ਨਾਲ ਬੁੱਧੀ ਉੱਤਮ ਹੋ ਜਾਂਦੀ ਹੈ । ਹੇ ਪ੍ਰਭੂ! ਤੇਰੀ ਕ੍ਰਿਪਾ ਵਿਚ ਹੀ ਸਾਰੇ ਖਜ਼ਾਨੇ ਹਨ। ਆਪਣੇ ਆਪ ਕਿਸੇ ਵੀ ਕੁਝ ਨਹੀਂ ਲਿਆ। ਹੇ ਹਰੀ ਮਾਲਕ ! ਜਿਧਰ ਜਿਧਰ ਤੁਸੀਂ ਲਾਉਂਦੇ ਹੋ, (ਜੀਵ) ਉਧਰੇ ਲਗਦੇ ਹਨ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਇਹਨਾਂ ਜੀਵਾਂ ਦੇ ਹੱਥ ਕੁਝ ਵੀ ਨਹੀਂ ਹੈ ॥੮॥੬॥

ਭਾਵ—ਇਸ ਸਾਰੀ ਅਸਟਪਦੀ ਵਿਚ ਉਸ ਦੀਆਂ ਦਾਤਾਂ ਦਰਸਾ ਕੇ ਨਾਮ ਜਪਣ ਦਾ ਉਪਦੇਸ਼ ਕੀਤਾ ਹੈ ਤੇ ਇਸ ਵਿਚ ਅੰਤਲੀ ਪਉੜੀ ਵਿਚ ਦਸਿਆ ਹੈ ਕਿ ਨਾਮ ਉਸ ਦੀ ਕਿਰਪਾ ਬਿਨਾਂ ਨਹੀਂ ਮਿਲਦਾ । ਸੋ ਨਾਮ ਲਈ ਸਦਾ ਬੇਨਤੀ ਕਰੋ ।

ਸਲੋਕੁ ॥

**ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥ ਸੁਨਿ ਮੀਤਾ ਨਾਨਕੁ**

**ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥੧॥**

ਅਰਥ—ਉਹ ਪਾਰਬ੍ਰਹਮ ਅਗਮ ਤੇ ਅਗਾਧ ਹੈ। ਜੋ ਜੋ ਉਸ ਦਾ ਨਾਮ ਕਹਿੰਦਾ ਹੈ ਉਹ ਮੁਕਤ ਹੁੰਦਾ ਹੈ। ਹੇ ਮਿੱਤਰ! ਸੁਣ, ਸ੍ਰੀ ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨੁ, ਸੰਤ ਜਨਾਂ ਦੀ ਕਥਾ ਅਚਰਜ ਹੈ ॥੧॥

ਭਾਵ—ਸੰਤ ਤੇ ਅਨੰਤ ਵਿਚ ਭੇਦ ਨਾ ਹੋਣ ਕਰ ਕੇ ਵਾਹਿਗੁਰੂ ਦਾ ਅੰਤ ਨਹੀਂ ਆ ਸਕਦਾ ਤਾਂ ਉਸ ਦੇ ਸਰੂਪ ਸੰਤਾਂ ਦੇ ਕਰਤਬਾਂ ਦਾ ਕਦ ਅੰਤ ਆ ਸਕਦਾ ਹੈ?

ਅਸਟਪਦੀ ॥

**ਸਾਧ ਕੈ ਸੰਗਿ ਮੁਖ ਊਜਲ ਹੋਤ ॥ ਸਾਧਸੰਗਿ ਮਲੁ ਸਗਲੀ ਖੋਤ ॥ ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥ ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥ ਸਾਧਸੰਗਿ ਸਭੁ ਹੋਤ ਨਿਬੇਰਾ ॥ ਸਾਧ ਕੈ ਸੰਗਿ ਪਾਏ ਨਾਮ ਰਤਨੁ ॥ ਸਾਧ ਕੈ ਸੰਗਿ ਏਕ ਊਪਰਿ ਜਤਨੁ ॥ ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥**

ਪਦ ਅਰਥ—ਖੋਤ=ਨਾਸ ਹੁੰਦੀ ਹੈ, ਦੂਰ ਹੋ ਜਾਂਦੀ। ਨਿਬੇਰਾ=ਫੈਸਲਾ।

ਅਰਥ—ਸੰਤ ਦਾ ਸੰਗ ਕੀਤਿਆਂ ਮੂੰਹ ਉੱਜਲ ਹੁੰਦਾ ਹੈ। ਸਾਧ ਦਾ ਸੰਗ ਕੀਤਿਆਂ ਮਨ ਦੀ ਸਾਰੀ ਮੈਲ ਨਾਸ ਹੋ ਜਾਂਦੀ ਹੈ। ਸੰਤਾਂ ਦੇ ਸੰਗ ਵਿਚ ਗਿਆਂ ਹੰਕਾਰ ਮਿਟਦਾ ਹੈ। ਸੰਤ ਦਾ ਸੰਗ ਕੀਤਿਆਂ ਪ੍ਰਭੂ ਨੇੜੇ ਹੀ ਦਿਸ ਪੈਂਦਾ ਹੈ। ਸੰਤ ਦਾ ਸੰਗ ਕੀਤਿਆਂ ਨਿਬੇੜਾ ਹੋ ਜਾਂਦਾ ਹੈ। ਸੰਤਾਂ ਦੇ ਸੰਗ ਵਿਚੋਂ ਨਾਮ ਰਤਨ ਮਿਲਦਾ ਹੈ। ਇਕ ਨੂੰ ਮਿਲਣ ਲਈ ਸ਼੍ਰੋਮਣੀ ਯਤਨ ਸੰਤਾਂ ਦਾ ਸੰਗ ਹੈ। ਸੰਤਾਂ ਦੀ ਉਪਮਾ ਕਿਹੜਾ ਪੁਰਸ਼ ਕਹਿ ਸਕਦਾ ਹੈ? ਕਿਉਂਕਿ ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸੰਤਾਂ ਦੀ ਸੋਭਾ ਤਾਂ ਪ੍ਰਭੂ ਦੇ ਵਿਚ ਸਮਾਈ ਹੋਈ ਹੈ ॥੧॥

ਭਾਵ—'ਸਾਧ ਰੂਪ ਅਪਨਾ ਤਨ ਧਾਰਿਆ ॥' ਕਰਤਾਰ ਦਾ ਸਰਗੁਨ ਰੂਪ 'ਸੰਤ' ਹੈ। ਇਸ ਲਈ ਸੰਤ ਦੀ ਮਹਿਮਾ ਕਿਸੇ ਵੀ ਪੁਰਸ਼ ਪਾਸੋਂ ਹੋ ਨਹੀਂ ਸਕਦੀ।

**ਸਾਧ ਕੈ ਸੰਗਿ ਅਗੋਚਰੁ ਮਿਲੈ ॥ ਸਾਧ ਕੈ ਸੰਗਿ ਸਦਾ ਪਰਫੁਲੈ ॥ ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥ ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥ ਸਾਧਸੰਗਿ ਹੋਇ ਸਭ ਕੀ ਰੇਨ ॥ ਸਾਧ ਕੈ ਸੰਗਿ ਮਨੋਹਰ ਬੈਨ ॥ ਸਾਧ ਕੈ ਸੰਗਿ ਨ ਕਤਹੂੰ ਧਾਵੈ ॥ ਸਾਧਸੰਗਿ ਅਸਥਿਤਿ ਮਨੁ ਪਾਵੈ ॥ ਸਾਧ ਕੈ ਸੰਗਿ ਮਾਇਆ ਤੇ ਭਿੰਨ ॥ ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥**

ਪਦ ਅਰਥ—ਅਗੋਚਰ=ਇੰਦ੍ਰਿਆਂ ਦੇ ਵਿਸ਼ੇ ਨਾ ਹੋਣ ਵਾਲਾ, ਕਰਤਾਰ। ਪਰਫੁਲੈ=ਖਿੜਦਾ ਹੈ। ਮਨੋਹਰ=ਸੁੰਦਰ। ਰੇਨੁ=ਧੂੜਿ।

ਅਰਥ—ਸੰਤ ਦਾ ਸੰਗ ਕੀਤਿਆਂ ਵਾਹਿਗੁਰੂ ਮਿਲਦਾ ਹੈ। ਸੰਤਾਂ ਦਾ ਸੰਗ ਕੀਤਿਆਂ ਸਦਾ ਹੀ ਖੁਸ਼ੀਆਂ ਰਹਿੰਦੀਆਂ ਹਨ। ਸੰਤਾਂ ਦਾ ਸੰਗ ਕੀਤਿਆਂ ਪੰਜੇ ਵਿਕਾਰ ਵੱਸ ਹੋ ਜਾਂਦੇ ਹਨ। ਸੰਤਾਂ ਦਾ ਸੰਗ ਕੀਤਿਆਂ ਨਾਮ ਅੰਮ੍ਰਿਤ ਦਾ ਸੁਆਦ ਲਈਦਾ ਹੈ। ਸਾਧ ਸੰਗ ਕਰਨ ਵਾਲਾ ਸਾਰਿਆਂ ਦੀ ਚਰਨ ਧੂੜਿ ਹੋ ਜਾਂਦਾ ਹੈ। ਸੰਤਾਂ ਦਾ ਸੰਗ ਕੀਤਿਆਂ ਮਿਠੇ ਮਿਠੇ ਬਚਨ (ਬੋਲਣ ਦਾ ਵਲ ਆ ਜਾਂਦਾ ਹੈ)। ਸਾਧ ਦਾ ਸੰਗ ਕਰਨ ਕਰ ਕੇ ਮਨ ਕਿਤੇ ਨਹੀਂ ਜਾਂਦਾ। ਕਿਉਂਕਿ ਸਾਧੂ ਸੰਗ ਦੇ ਪ੍ਰਤਾਪ ਕਰ ਕੇ ਮਨ ਅਚੱਲ ਪਦ ਪਾ ਲੈਂਦਾ। ਸਾਧ ਸੰਗਤ ਕਰਨ ਵਾਲਾ ਮਾਇਆ ਤੋਂ ਅਲੱਗ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸਾਧ ਸੰਗਤ ਕਰਨ ਵਾਲੇ ਉਤੇ ਪ੍ਰਭੂ ਆਪ ਪ੍ਰਸੰਨ ਹੋ ਜਾਂਦਾ ਹੈ ॥੨॥

**ਸਾਧਸੰਗਿ ਦੁਸਮਨ ਸਭਿ ਮੀਤ ॥ ਸਾਧੂ ਕੈ ਸੰਗਿ ਮਹਾ ਪੁਨੀਤ ॥ ਸਾਧਸੰਗਿ ਕਿਸ ਸਿਉ ਨਹੀ ਬੈਰੁ ॥ ਸਾਧ ਕੈ ਸੰਗਿ ਨ ਬੀਗਾ ਪੈਰੁ ॥ ਸਾਧ ਕੈ ਸੰਗਿ ਨਾਹੀ ਕੋ ਮੰਦਾ ॥ ਸਾਧਸੰਗਿ ਜਾਨੇ ਪਰਮਾਨੰਦਾ ॥ ਸਾਧ ਕੈ ਸੰਗਿ ਨਾਹੀ ਹਉ ਤਾਪੁ ॥ ਸਾਧ ਕੈ ਸੰਗਿ ਤਜੈ ਸਭੁ ਆਪੁ ॥ ਆਪੇ ਜਾਨੈ ਸਾਧ ਬਡਾਈ ॥ ਨਾਨਕ ਸਾਧ ਪ੍ਰਭੂ ਬਨਿ ਆਈ ॥੩॥**

ਪਦ ਅਰਥ—ਪੈਰ=ਮਨ । ਤਾਪ=ਦੁਖ । ਆਪ=ਆਪਾ ਭਾਵ ।

ਅਰਥ—ਸਾਧ ਸੰਗਤ ਕੀਤਿਆਂ ਸਾਰੇ ਦੁਸ਼ਮਣ ਭੀ ਮਿਤ੍ਰ ਹੋ ਜਾਂਦੇ ਹਨ । ਸੰਤਾਂ ਦਾ ਸੰਗ ਕੀਤਿਆਂ ਮਨ ਪਵਿਤਰ ਹੋ ਜਾਂਦਾ ਹੈ । ਸਾਧ ਸੰਗਤ ਕਰਨ ਵਾਲਾ ਕਿਸੇ ਨਾਲ ਵੈਰ ਨਹੀਂ ਕਰਦਾ । ਸਾਧ ਸੰਗਤ ਕਰਨ ਵਾਲੇ ਦਾ ਮਨ ਕਦੇ ਵੀ ਵਿੰਗਾ ਨਹੀਂ ਹੁੰਦਾ, ਅਰਥਾਤ ਮਨ ਹਰ ਵੇਲੇ ਹੁਕਮ ਮੰਨਣ ਲਈ ਤਿਆਰ ਰਹਿੰਦਾ ਹੈ । ਸਾਧ ਸੰਗਤ ਕਰਨ ਵਾਲੇ ਦਾ ਕੋਈ ਬੁਰਾ ਨਹੀਂ ਕਰ ਸਕਦਾ । ਸਾਧ ਸੰਗਤ ਕਰਨ ਵਾਲਾ ਬੜਾ ਅਨੰਦ ਭੋਗਦਾ ਹੈ । ਸਾਧ ਸੰਗ ਕਰਨ ਵਾਲੇ ਨੂੰ ਹੰਕਾਰ ਦਾ ਦੁਖ ਨਹੀਂ ਹੁੰਦਾ । ਕਿਉਂਕਿ ਉਸ ਨੇ ਸਾਧ ਸੰਗਤ ਕਰ ਕੇ ਸਭ ਆਪਾ ਭਾਵ ਛੱਡ ਦਿਤਾ ਹੈ । ਆਪਣੀ ਵਡਿਆਈ ਨੂੰ ਸਾਧ ਹੀ ਜਾਣਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸਾਧ ਦੀ ਪ੍ਰਭੂ ਨਾਲ ਬਣ ਆਈ ਹੈ ॥੩॥

ਭਾਵ—ਸਾਧ ਦਾ ਪ੍ਰਭੂ ਨਾਲ ਪਿਆਰ ਹੈ । ਸਾਧ ਦੀ ਕੀਤੀ ਨੂੰ ਪ੍ਰਭੂ ਨਹੀਂ ਮੋੜਦਾ ਤੇ ਪ੍ਰਭੂ ਦੀ ਕੀਤੀ ਉਤੇ ਸੰਤ ਹਰਖ ਸੋਗ ਨਹੀਂ ਕਰਦਾ। ਹਰ ਹਾਲਤ ਵਿਚ ਹੀ ਅਨੰਦ ਰਹਿੰਦਾ ਹੈ । ਇਹੋ ਕਾਰਨ ਹੈ ਜੋ ਉਸ ਦੇ ਸੰਗੀ ਦਾ ਮਨ ਵੀ ਭਜਨ ਤੋਂ ਬਾਹਰ ਨਿਕਲ ਕੇ ਹੋਰ ਕਿਤੇ ਨਹੀਂ ਭਟਕਦਾ ।

**ਸਾਧ ਕੈ ਸੰਗਿ ਨ ਕਬਹੂ ਧਾਵੈ ॥ ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥ ਸਾਧਸੰਗਿ ਬਸਤੁ ਅਗੋਚਰ ਲਹੈ ॥ ਸਾਧੂ ਕੈ ਸੰਗਿ ਅਜਰੁ ਸਹੈ ॥ ਸਾਧ ਕੈ ਸੰਗਿ ਬਸੈ ਥਾਨਿ ਊਚੈ ॥ ਸਾਧੂ ਕੈ ਸੰਗਿ ਮਹਲਿ ਪਹੂਚੈ ॥ ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥ ਸਾਧ ਕੈ ਸੰਗਿ ਕੇਵਲ**

**ਪਾਰਬ੍ਰਹਮ ॥ ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥ ਨਾਨਕ ਸਾਧੂ ਕੈ ਕੁਰਬਾਨ ॥੪॥**

ਪਦ ਅਰਥ—ਅਜਰ=ਨਾ ਜਰ ਸਕਣ ਵਾਲੀ ਤਾਕਤ, ਕਰਾਮਾਤ। ਥਾਨਿ ਊਚੈ=ਤੁਰੀਆ ਪਦ। ਮਹਲਿ=ਆਪਣੇ ਰੂਪ।

ਅਰਥ—ਸਾਧ ਦੇ ਸੰਗੀ ਦਾ ਮਨ ਕਿਤੇ ਨਹੀਂ ਦੌੜਦਾ। ਸਾਧ ਦਾ ਸੰਗੀ ਸਦਾ ਹੀ ਸੁਖ ਭੋਗਦਾ ਹੈ। ਸਾਧ ਦਾ ਸੰਗੀ ਅਗੋਚਰ ਪ੍ਰਭੂ ਨੂੰ ਲੱਭ ਲੈਂਦਾ ਹੈ। ਸਾਧ ਦਾ ਸੰਗੀ ਨਾ ਜਰੇ ਜਾਣ ਵਾਲੀ ਤਾਕਤ ਲੱਭ ਲੈਂਦਾ ਹੈ। ਸਾਧ ਦਾ ਸੰਗੀ ਤੁਰੀਆ ਪਦ ਵਿਚ ਜਾ ਵਸਦਾ ਹੈ। ਸਾਧ ਦਾ ਸੰਗੀ ਆਪਣੇ ਸਰੂਪ ਵਿਚ ਜਾ ਪਹੁੰਚਦਾ ਹੈ। ਸਾਧ ਦਾ ਸੰਗੀ ਸਾਰੇ ਧਰਮਾਂ ਵਿਚ ਦ੍ਰਿੜ੍ਹ ਰਹਿੰਦਾ ਹੈ। ਸਾਧ ਦਾ ਸੰਗੀ ਇਕ ਪਾਰਬ੍ਰਹਮ ਦੀ ਹੀ ਅਰਾਧਨਾ ਕਰਦਾ ਹੈ। ਸਾਧ ਦਾ ਸੰਗੀ ਨਾਮ ਦਾ ਖਜ਼ਾਨਾ ਪਾਉਂਦਾ ਹੈ। ਗੁਰੂ ਨਾਨਕ ਦੇਵ ਜੀ ਤਾਂ ਸੰਤਾਂ ਤੋਂ ਕੁਰਬਾਨ ਜਾਂਦੇ ਹਨ ॥੪॥

ਭਾਵ—ਸਾਧ ਤੋਂ ਬਿਨਾਂ ਮੁਕਤੀ ਦਾ ਸਾਧਨ ਹੋਰ ਕੋਈ ਨਹੀਂ। ਇਸ ਲਈ ਸੰਤਾਂ ਤੋਂ ਸਦਾ ਹੀ ਵਾਰਨੇ ਜਾਣਾ ਚਾਹੀਦਾ ਹੈ। ਤਾਂਤੇ ਸੰਤਾਂ ਦਾ ਸਦਾ ਹੁਕਮ ਮੰਨੋ।

**ਸਾਧ ਕੈ ਸੰਗਿ ਸਭ ਕੁਲ ਉਧਾਰੈ ॥ ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥ ਸਾਧੂ ਕੈ ਸੰਗਿ ਸੋ ਧਨੁ ਪਾਵੈ ॥ ਜਿਸੁ ਧਨ ਤੇ ਸਭੁ ਕੋ ਵਰਸਾਵੈ ॥ ਸਾਧਸੰਗਿ ਧਰਮ ਰਾਇ ਕਰੇ ਸੇਵਾ ॥ ਸਾਧ ਕੈ ਸੰਗਿ ਸੋਭਾ ਸੁਰ ਦੇਵਾ ॥ ਸਾਧੂ ਕੈ ਸੰਗਿ ਪਾਪ ਪਲਾਇਨ ॥ ਸਾਧਸੰਗਿ**

**ਅੰਮ੍ਰਿਤ ਗੁਨ ਗਾਇਨ ॥ ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥**

ਪਦ ਅਰਥ—ਸੁਰਦੇਵਾ=ਇੰਦ੍ਰ । ਪਲਾਇਨ=ਦੂਰ ਹੁੰਦੇ ਹਨ । ਗੰਮਿ= ਪਹੁੰਚ ।

ਅਰਥ—ਸਾਧ ਦਾ ਸੰਗੀ ਆਪਣੀ ਸਾਰੀ ਕੁਲ ਨੂੰ ਤਾਰ ਲੈਂਦਾ ਹੈ। ਸਾਧ ਦਾ ਸੰਗੀ ਸਜਣਾਂ ਮਿਤਰਾਂ ਤੇ ਕੁਟੰਬੀਆਂ ਨੂੰ ਵੀ ਪਾਰ ਲੰਘਾ ਲੈਂਦਾ ਹੈ । ਸਾਧ ਦਾ ਸੰਗੀ ਉਹ ਧਨ ਪਾ ਲੈਂਦਾ ਹੈ, ਜਿਸ ਧਨ ਨਾਲ ਸਾਰੇ ਹੀ ਵਰੋਸਾਉਂਦੇ ਹਨ । ਸਾਧ ਦੇ ਸੰਗੀ ਦੀ ਧਰਮਰਾਜ ਵੀ ਸੇਵਾ ਕਰਦਾ ਹੈ । ਸਾਧ ਦੇ ਸੰਗੀ ਦੀ ਸੋਭਾ ਇੰਦਰ ਵੀ ਕਰਦਾ ਹੈ । ਸਾਧ ਦੇ ਸੰਗੀ ਦੇ ਪਾਪ ਦੂਰ ਹੋ ਜਾਂਦੇ ਹਨ । ਸਾਧ ਦਾ ਸੰਗੀ ਅਮਰ ਕਰਨ ਵਾਲੇ ਗੁਣ ਗਾਉਂਦਾ ਹੈ । ਸਾਧ ਦੇ ਸੰਗੀ ਦੀ ਸਭ ਜਗ੍ਹਾ ਤੇ ਪਹੁੰਚ ਹੁੰਦੀ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸਾਧ ਦੇ ਸੰਗੀ ਦਾ ਜਨਮ ਸਫਲਾ ਹੈ ॥੫॥

ਭਾਵ—ਸਾਧ ਸੰਗਤ ਹੀ ਸੰਸਾਰ ਤੋਂ ਪਾਰ ਉਤਾਰਨ ਦਾ ਸੁਖੱਲਾ ਸਾਧਨ ਹੈ, ਇਸ ਲਈ ਇਹ ਉਪਦੇਸ਼ ਮਿਲਦਾ ਹੈ ਕਿ ਹਰ ਸਮੇਂ ਸਾਧ ਸੰਗਤ ਕਰੋ ।

**ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥ ਸਾਧ ਕੈ ਸੰਗਿ ਕਲੂਖਤ ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ ॥ ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥ ਸਾਧਸੰਗਿ**

**ਬਿਛੁਰਤ ਹਰਿ ਮੇਲਾ ॥ ਜੋ ਇਛੈ ਸੋਈ ਫਲੁ ਪਾਵੈ ॥ ਸਾਧ ਕੈ ਸੰਗਿ ਨ ਬਿਰਥਾ ਜਾਵੈ ॥ ਪਾਰਬ੍ਰਹਮੁ ਸਾਧ ਰਿਦ ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ ॥੬॥**

ਪਦ ਅਰਥ—ਘਾਲ=ਕਮਾਈ । ਕਲੂਖਤ=ਪਾਪ । ਹਰੈ=ਨਾਸ ਹੁੰਦੇ ਹਨ । ਪਰਹਰੈ=ਦੂਰ ਕਰਦਾ ਹੈ । ਸੁਹੇਲਾ=ਸੁਖੀ । ਰਸੈ=ਰਸਨਾ ਦੇ ਬਚਨ ।

ਅਰਥ—ਸਾਧ ਦੇ ਸੰਗੀ ਨੂੰ ਤਪ ਆਦਿਕ ਕਮਾਈ ਕਰਨ ਦੀ ਲੋੜ ਨਹੀਂ, ਕਿਉਂਕਿ ਉਹ ਤਾਂ ਦਰਸ਼ਨ ਕਰਦਿਆਂ ਹੀ ਨਿਹਾਲ ਹੋ ਗਿਆ ਹੈ। ਸਾਧ ਦੇ ਸੰਗੀ ਦੇ ਪਾਪ ਨਾਸ ਹੋ ਜਾਂਦੇ ਹਨ । ਸਾਧ ਦਾ ਸੰਗੀ ਨਰਕਾਂ ਨੂੰ ਦੂਰ ਕਰਦਾ ਹੈ । ਸਾਧ ਦਾ ਸੰਗੀ ਇਥੇ ਤੇ ਉਥੇ ਸੁਖੀ ਰਹਿੰਦਾ ਹੈ। ਸਾਧ ਸੰਗਤ ਵਿਛੜਿਆਂ ਹੋਇਆਂ ਨੂੰ ਹਰੀ ਨਾਲ ਮੇਲਦੀ ਹੈ । ਸਾਧ ਸੰਗ ਕਰਨ ਵਾਲਾ ਜੋ ਚਾਹੁੰਦਾ ਹੈ ਉਹ ਹੀ ਫਲ ਪਾਉਂਦਾ ਹੈ । ਸਾਧ ਦਾ ਸੰਗ ਕੀਤਾ ਬਿਅਰਥ ਨਹੀਂ ਜਾਂਦਾ । ਪਾਰਬ੍ਰਹਮ ਤਾਂ ਸੰਤਾਂ ਦੇ ਹਿਰਦੇ ਵਿਚ ਵਸਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ—ਸੰਤਾਂ ਦੇ ਬਚਨ ਸੁਨਣ ਵਾਲੇ ਦਾ ਉਧਾਰ ਹੁੰਦਾ ਹੈ ॥੬॥

ਭਾਵ—ਕਰਤਾਰ ਸੰਤਾਂ ਦੇ ਹਿਰਦੇ ਵਿਚ ਵਸਦਾ ਹੈ । ਇਸੇ ਲਈ ਦਸਮੇਸ਼ ਜੀ ਨੇ ਫੁਰਮਾਇਆ ਹੈ ਕਿ "ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥" ਕਰਤਾਰ ਦੀ ਪ੍ਰਸੰਨਤਾ ਦੇ ਅਭਿਲਾਖੀ ਨੂੰ ਸੰਤਾਂ ਦੀ ਪ੍ਰਸੰਨਤਾ ਲੈਣੀ ਚਾਹੀਏ ।

**ਸਾਧ ਕੈ ਸੰਗਿ ਸੁਨਉ ਹਰਿ ਨਾਉ ॥ ਸਾਧਸੰਗਿ ਹਰਿ ਕੇ ਗੁਨ ਗਾਉ ॥ ਸਾਧ ਕੈ**

**ਸੰਗਿ ਨ ਮਨ ਤੇ ਬਿਸਰੈ ॥ ਸਾਧਸੰਗਿ ਸਰਪਰ ਨਿਸਤਰੈ ॥ ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥ ਸਾਧਸੰਗਿ ਭਏ ਆਗਿਆਕਾਰੀ ॥ ਸਾਧਸੰਗਿ ਗਤਿ ਭਈ ਹਮਾਰੀ ॥ ਸਾਧ ਕੈ ਸੰਗਿ ਮਿਟੇ ਸਭਿ ਰੋਗ ॥ ਨਾਨਕ ਸਾਧ ਭੇਟੇ ਸੰਜੋਗ ॥੭॥**

ਪਦ ਅਰਥ—ਸਰਪਰ=ਜ਼ਰੂਰ । ਭੇਟੇ=ਮਿਲੇ ਹਨ ।

ਅਰਥ—ਸਾਧ ਦੇ ਸੰਗ ਮਿਲ ਕੇ ਹਰੀ ਦਾ ਨਾਮ ਸੁਣੋ । ਸਾਧ ਦੇ ਸੰਗ ਮਿਲ ਕੇ ਹਰੀ ਦੇ ਗੁਣ ਗਾਵੋ । ਸਾਧ ਸੰਗਤ ਕਦੇ ਵੀ ਮਨੋਂ ਨਾ ਭੁਲਾਵੋ । ਸਾਧ ਸੰਗਤ ਜ਼ਰੂਰ ਹੀ ਤਾਰ ਲਵੇਗੀ । ਸਾਧ ਦੇ ਸੰਗੀ ਨੂੰ ਪ੍ਰਭੂ ਦਾ ਭਾਣ ਮਿੱਠਾ ਲਗਦਾ ਹੈ । ਸਾਧ ਦਾ ਸੰਗੀ ਘਟ ਘਟ ਵਿਚ ਵਾਹਿਗੁਰੂ ਨੂੰ ਹੀ ਵੇਖਦਾ ਹੈ । ਸਾਧ ਦੇ ਸੰਗੀ ਹੁਕਮੀ ਬੰਦੇ ਬਣੇ ਹੋਏ ਹਨ । ਸਾਧ ਸੰਗਤ ਕਰ ਕੇ ਹੀ ਸਾਡੀ ਗਤੀ ਹੋਈ ਹੈ । ਸਾਧ ਸੰਗਤ ਕਰ ਕੇ ਸਾਰੇ ਰੋਗ ਮਿਟ ਗਏ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ—ਭਾਗਾਂ ਨਾਲ ਹੀ ਸੰਤ ਮਿਲਦੇ ਹਨ ॥੭॥

ਭਾਵ—'ਬਿਨ ਭਾਗਾਂ ਕਿਛੁ ਪਾਈਐ ਨਾਹੀ ॥' ਪਹਿਲਾਂ ਸੰਤਾਂ ਦੇ ਸੰਗ ਦੀ ਮਹਿਮਾ ਪ੍ਰਗਟ ਕਰਕੇ ਅੰਤ ਵਿਚ ਪ੍ਰਗਟ ਕਰ ਦਿਤਾ ਹੈ ਕਿ ਮੰਦ ਭਾਗੀਆਂ ਨੂੰ ਸਾਧ ਸੰਗਤ ਪ੍ਰਾਪਤ ਨਹੀਂ ਹੁੰਦੀ ।

**ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥ ਸਾਧ ਕੀ ਉਪਮਾ**

ਤ੍ਰਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥ ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥ ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥ ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥

ਅਰਥ—ਸਾਧ ਦੀ ਮਹਿਮਾ ਵੇਦ ਭੀ ਨਹੀਂ ਜਾਣ ਸਕਦੇ । ਜਿੰਨੀ ਕੁ ਉਨ੍ਹਾਂ ਨੇ ਸੁਣੀ ਹੈ ਉਨੀ ਹੀ ਕਹਿ ਦਿਤੀ ਹੈ । ਸੰਤ ਦੀ ਉਪਮਾ ਤਿੰਨਾਂ ਗੁਣਾਂ ਤੋਂ ਦੂਰ ਹੈ । ਸਾਧ ਦੀ ਮਹਿਮਾ ਸਾਰੇ ਜਗਤ ਵਿਚ ਭਰਪੂਰ ਹੋ ਰਹੀ ਹੈ । ਇਸ ਲਈ ਸੰਤ ਦੀ ਸੋਭਾ ਦਾ ਅੰਤ ਨਹੀਂ ਆਉਂਦਾ । ਸੰਤ ਦੀ ਮਹਿਮਾ ਬੇਅੰਤ ਕਹੀ ਜਾਂਦੀ ਹੈ । ਸਾਧ ਦੀ ਮਹਿਮਾ ਉੱਚਿਆਂ ਤੋਂ ਉੱਚੀ ਹੈ । ਸੰਤਾਂ ਦੀ ਮਹਿਮਾ ਵੱਧ ਤੋਂ ਵੱਧ ਹੈ । ਸਾਧ ਦੀ ਸੋਭਾ ਸਾਧ ਨੂੰ ਹੀ ਬਣ ਆਉਂਦੀ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਹੇ ਭਾਈ ! ਸਾਧ ਤੇ ਪ੍ਰਭੂ ਵਿਚ ਕੋਈ ਫਰਕ ਨਹੀਂ ਹੈ ॥੮॥੭॥

ਭਾਵ—ਸੰਤ ਦੀ ਮਹਿਮਾ ਵਰਨਣ ਕਰ ਕੇ ਅੰਤ ਵਿਚ ਪ੍ਰਗਟ ਕੀਤਾ ਹੈ ਕਿ ਸੰਤ ਦੀ ਮਹਿਮਾ ਦਾ ਅੰਤ ਨਹੀਂ । ਤੀਜੇ ਗੁਰੂ ਜੀ ਨੇ ਫੁਰਮਾਇਆ ਹੈ 'ਵੇਦ ਪੁਕਾਰੈ ਤ੍ਰਿਬਿਧ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥' ਅਤੇ ਸਾਧ-ਸੰਤ ਤਿੰਨਾਂ ਗੁਣਾਂ ਤੋਂ ਇਉਂ ਰਹਿਤ ਹਨ ਅਤੇ ਵਾਹਿਗੁਰੂ ਵਿਚ ਸਦਾ ਲੀਣ ਹਨ । ਇਸ ਲਈ ਗੁਰੂ ਜੀ ਨੇ ਅੰਤ ਵਿਚ ਕਿਹਾ ਹੈ ਕਿ ਸੰਤ ਤੇ ਪ੍ਰਭੂ ਵਿਚ ਭੇਦ ਨਹੀਂ ਹੈ ।

ਸਲੋਕੁ ॥

**ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥**

ਅਰਥ—ਮਨ ਵਿਚ ਸਚਾ ਵਸਦਾ ਹੈ ਅਤੇ ਮੂੰਹ ਵਿਚ ਭੀ ਉਸ ਸੱਚੇ ਦਾ ਜਪ ਹੈ । ਇਕ ਤੋਂ ਬਿਨਾਂ ਹੋਰ ਕਿਸੇ ਨੂੰ ਵੇਖਦੇ ਨਹੀਂ ਹਨ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ—ਇਨ੍ਹਾਂ ਲੱਛਣਾਂ ਵਾਲਾ ਬ੍ਰਹਮ ਗਿਆਨੀ ਹੁੰਦਾ ਹੈ ॥੧॥

ਭਾਵ—'ਬ੍ਰਹਮ ਗਿਆਨੀ' ਦੇ ਲੱਛਣ ਪ੍ਰਗਟ ਕੀਤੇ ਹਨ ਕਿ 'ਮੇਰੀ ਜਿਹਬਾ ਬਿਸਨ ਨੈਣ ਨਾਰਾਇਣ ਹਿਰਦੈ ਬਸੈ ਗੋਬਿੰਦਾ ॥' ਅਰਥਾਤ 'ਜੇਹਬਾ ਨਾਮ ਰਸਾਇਣ ਰਾਤੀ' ਤੇ ਅੱਖਾਂ ਹਰ ਪਾਸੇ ਕਰਤਾਰ ਨੂੰ ਵੇਖਦੀਆਂ ਹਨ ਅਤੇ ਹਿਰਦੇ ਵਿਚ ਵਾਹਿਗੁਰੂ ਵਸਦਾ ਹੈ ।

ਅਸਟਪਦੀ ॥

**ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥ ਬ੍ਰਹਮ ਗਿਆਨੀ ਸਦਾ ਨਿਰਦੋਖ ॥ ਜੈਸੇ ਸੂਰੁ ਸਰਬ ਕਉ ਸੋਖ ॥ ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥ ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ**

**ਕੋਊ ਖੋਦੈ ਕੋਊ ਚੰਦਨ ਲੇਪ ॥ ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥**

ਪਦ ਅਰਥ—ਸੋਖ=ਸੁਕਾਉਂਦਾ ਹੈ । ਰੰਕ=ਕੰਗਾਲ । ਪਵਾਨ=ਪਵਨ, ਹਵਾ । ਬਸੁਧਾ=ਧਰਤੀ, ਜ਼ਮੀਨ । ਖੋਦੈ=ਪੁੱਟੇ । ਪਾਵਕ=ਅੱਗ ।

ਅਰਥ—ਬ੍ਰਹਮ ਗਿਆਨੀ ਸਦਾ ਹੀ ਸੰਸਾਰ ਵਿਚ ਇਉਂ ਨਿਰਲੇਪ ਰਹਿੰਦਾ ਹੈ, ਜਿਵੇਂ ਪਾਣੀ ਵਿਚ ਰਹਿੰਦਿਆਂ ਹੋਇਆਂ ਕੌਲ ਫੁੱਲ ਅਲੇਪ ਹੁੰਦਾ ਹੈ । ਬ੍ਰਹਮ ਗਿਆਨੀ ਸਦਾ ਹੀ ਦੋਖਾਂ ਤੋਂ ਰਹਿਤ ਇਉਂ ਰਹਿੰਦਾ ਹੈ । ਜਿਵੇਂ ਸੂਰਜ ਸਭ ਕੁਝ ਸੁਕਾਵੇ ਤਾਂ ਵੀ ਕਿਸੇ ਦੋਖ ਦਾ ਭਾਗੀ ਨਹੀਂ ਹੁੰਦਾ । ਬ੍ਰਹਮ ਗਿਆਨੀ ਇਉਂ ਸਾਰਿਆਂ ਨੂੰ ਇਕ ਸਾਰ ਵੇਖਦਾ ਹੈ । ਜਿਵੇਂ ਕੰਗਾਲ ਤੋਂ ਲੈ ਕੇ ਬਾਦਸ਼ਾਹ ਤਕ ਹਵਾ ਸਭ ਨੂੰ ਇਕ ਸਾਰ ਲਗਦੀ ਹੈ । ਬ੍ਰਹਮ ਗਿਆਨੀ ਦੇ ਹਿਰਦੇ ਵਿਚ ਇਕ ਧੀਰਜ ਇਉਂ ਰਹਿੰਦਾ ਹੈ, ਜਿਵੇਂ ਧਰਤੀ ਨੂੰ ਭਾਵੇਂ ਕੋਈ ਪੁਟੇ ਤੇ ਭਾਵੇਂ ਕੋਈ ਉਸ ਨੂੰ ਚੰਦਨ ਨਾਲ ਲਿੰਬੇ, ਉਹ ਇਕਸਾਰ ਹੀ ਧੀਰਜ ਰਖਦੀ ਹੈ । ਬ੍ਰਹਮ ਗਿਆਨੀ ਦੇ ਧੀਰਜ ਵਿਚ ਅਜਿਹੇ ਗੁਣ ਹਨ, ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਵੇਂ ਅੱਗ ਦੇ ਸੁਭਾਵਕ ਗੁਣ ਹਨ ਕਿ ਕੋਲ ਆਏ ਪੁਰਸ਼ ਦੀ ਸਰਦੀ ਦੂਰ ਕਰਨੀ । ਇਵੇਂ ਕੋਲ ਆਏ ਪੁਰਸ਼ ਦੀ ਅਵਿਦਿਆ ਨੂੰ ਬ੍ਰਹਮ ਗਿਆਨੀ ਦੂਰ ਕਰ ਦੇਂਦਾ ਹੈ ॥੧॥

ਭਾਵ—ਦ੍ਰਿਸ਼ਟਾਂਤ ਦੇ ਕੇ ਬ੍ਰਹਮ ਗਿਆਨੀ ਦੇ ਗੁਣਾਂ ਦਾ ਵਰਨਣ ਕੀਤਾ ਹੈ ।

**ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥ ਬ੍ਰਹਮ ਗਿਆਨੀ**

**ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਆਕਾਸੁ ॥ ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥ ਬ੍ਰਹਮ ਗਿਆਨੀ ਊਚ ਤੇ ਊਚਾ ॥ ਮਨਿ ਅਪਨੈ ਹੈ ਸਭ ਤੇ ਨੀਚਾ ॥ ਬ੍ਰਹਮ ਗਿਆਨੀ ਸੇ ਜਨ ਭਏ ॥ ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥**

ਪਦ ਅਰਥ—ਜਲਾ=ਅੱਗ, ਕਈ ਪਾਣੀ ਅਰਥ ਵੀ ਕਰਦੇ ਹਨ ਪਰ ਪਾਣੀ ਗੰਦਾ ਹੋ ਜਾਂਦਾ ਹੈ ਤੇ ਅੱਗ ਪਵਿਤ੍ਰ ਰਹਿੰਦੀ ਹੈ । ਇਸੇ ਲਈ ਯੋਗ ਅਰਥ ਅੱਗ ਹੈ ।

ਅਰਥ—ਬ੍ਰਹਮ ਗਿਆਨੀ ਨਿਰਮਲ ਪਦਾਰਥਾਂ ਨਾਲੋਂ ਵੀ ਇਉਂ ਨਿਰਮਲ ਹੈ, ਜਿਵੇਂ ਅੱਗ ਨੂੰ ਕਦੇ ਮੈਲ ਨਹੀਂ ਲੱਗ ਸਕਦੀ । ਬ੍ਰਹਮ ਗਿਆਨੀ ਦੇ ਮਨ ਵਿਚ ਇਉਂ ਗਿਆਨ ਹੁੰਦਾ ਹੈ ਜਿਵੇਂ ਧਰਤੀ ਉਤੇ ਅਕਾਸ਼ ਪਸਰਿਆ ਹੋਇਆ ਹੈ । ਬ੍ਰਹਮ ਗਿਆਨੀ ਨੂੰ ਦੁਸ਼ਮਣ ਦੋਸਤ ਇਕੋ ਜਿਹੇ ਹਨ । ਬ੍ਰਹਮ ਗਿਆਨੀ ਨੂੰ ਹੰਕਾਰ ਨਹੀਂ ਹੈ । ਬ੍ਰਹਮ ਗਿਆਨੀ ਉੱਚਿਆਂ ਨਾਲੋਂ ਵੀ ਉੱਚਾ ਹੈ, ਪਰ ਆਪਣੇ ਮਨ ਕਰ ਕੇ ਸਾਰਿਆਂ ਨਾਲੋਂ ਨੀਵਾਂ ਹੈ । ਬ੍ਰਹਮ ਗਿਆਨੀ ਉਹ ਪੁਰਸ਼ ਹੋਏ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ—ਜਿਨ੍ਹਾਂ ਨੂੰ ਪ੍ਰਭੂ ਨੇ ਆਪ ਕੀਤਾ ਹੈ ॥੨॥

**ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥ ਬ੍ਰਹਮ**

**ਗਿਆਨੀ ਕੀ ਸਭ ਊਪਰਿ ਮਇਆ ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥ ਬ੍ਰਹਮ ਗਿਆਨੀ ਸਦਾ ਸਮਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥ ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥ ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥**

ਪਦ ਅਰਥ—ਰੀਨਾ=ਧੂੜਿ । ਰਸ=ਅਨੰਦ । ਮਇਆ=ਕ੍ਰਿਪਾ । ਸਮਦਰਸੀ=ਇਕੋ ਜੇਹਾ ਵੇਖਣਾ । ਮੁਕਤਾ=ਰਹਿਤ ।

ਅਰਥ—ਬ੍ਰਹਮ ਗਿਆਨੀ ਸਾਰਿਆਂ ਦੀ ਚਰਨ ਧੂੜਿ ਚਾਹੁੰਦਾ ਹੈ। ਬ੍ਰਹਮ ਗਿਆਨੀ ਨੇ ਹੀ ਆਤਮਕ ਅਨੰਦ ਜਾਣਿਆ ਹੈ। ਬ੍ਰਹਮ ਗਿਆਨੀ ਸਾਰਿਆਂ ਉਤੇ ਕ੍ਰਿਪਾ ਕਰਦਾ ਹੈ। ਬ੍ਰਹਮ ਗਿਆਨੀ ਤੋਂ ਕੁਝ ਵੀ ਬੁਰਾ ਨਹੀਂ ਹੁੰਦਾ। ਬ੍ਰਹਮ ਗਿਆਨੀ ਸਦਾ ਹੀ ਇਕਸਾਰ ਵੇਖਦਾ ਹੈ। ਬ੍ਰਹਮ ਗਿਆਨੀ ਦੀ ਨਜ਼ਰ ਵਿਚੋਂ ਅੰਮ੍ਰਿਤ ਵਸਦਾ ਹੈ। ਬ੍ਰਹਮ ਗਿਆਨੀ ਬੰਧਨਾਂ ਤੋਂ ਰਹਿਤ ਹੈ। ਬ੍ਰਹਮ ਗਿਆਨੀ ਦੀ ਜੁਗਤੀ ਨਿਰਮਲ ਹੈ। ਬ੍ਰਹਮ ਗਿਆਨੀ ਦਾ ਗਿਆਨ ਹੀ ਭੋਜਨ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ—ਬ੍ਰਹਮ ਗਿਆਨੀ ਦਾ ਹਰ ਵੇਲੇ ਬ੍ਰਹਮ ਵਿਚ ਧਿਆਨ ਲੱਗਾ ਰਹਿੰਦਾ ਹੈ ॥੩॥

**ਬ੍ਰਹਮ ਗਿਆਨੀ ਏਕ ਊਪਰਿ ਆਸ ॥**

ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥ ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥ ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ ਬ੍ਰਹਮ ਗਿਆਨੀ ਸੁਫਲ ਫਲਾ ॥ ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥ ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥

ਪਦ ਅਰਥ—ਸਮਾਹਾ=ਅਨੰਦ । ਉਮਾਹਾ=ਉਮੰਗ, ਉਤਸ਼ਾਹ ।

ਅਰਥ—ਬ੍ਰਹਮ ਗਿਆਨੀ ਇਕ ਕਰਤਾਰ ਉਤੇ ਆਸ ਰਖਦਾ ਹੈ। ਇਸ ਲਈ ਬ੍ਰਹਮ ਗਿਆਨੀ ਦਾ ਨਾਸ ਨਹੀਂ ਹੁੰਦਾ । ਬ੍ਰਹਮ ਗਿਆਨੀ ਪਰਉਪਕਾਰ ਦੀ ਉਮੰਗ ਰਖਦਾ ਹੈ । ਬ੍ਰਹਮ ਗਿਆਨੀ ਨੂੰ ਕੋਈ ਧੰਦਾ ਨਹੀਂ ਹੈ । ਬ੍ਰਹਮ ਗਿਆਨੀ ਨੇ ਦੌੜਦੇ ਮਨ ਨੂੰ ਬੰਨ੍ਹ ਲਿਆ ਹੈ । ਬ੍ਰਹਮ ਗਿਆਨੀ ਤੋਂ ਸਭ ਦਾ ਭਲਾ ਹੁੰਦਾ ਹੈ। ਇਸ ਲਈ ਬ੍ਰਹਮ ਗਿਆਨੀ ਚੰਗੇ ਫਲਾਂ ਨਾਲ ਫਲ ਗਿਆ ਹੈ । ਬ੍ਰਹਮ ਗਿਆਨੀ ਦੇ ਸਾਰੇ ਸੰਗੀਆਂ ਦਾ ਉਧਾਰ ਹੁੰਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਇਸ ਲਈ ਬ੍ਰਹਮ ਗਿਆਨੀ ਨੂੰ ਸਾਰਾ ਸੰਸਾਰ ਜਪਦਾ ਹੈ ॥੪॥

ਬ੍ਰਹਮ ਗਿਆਨੀ ਕੈ ਏਕੈ ਰੰਗ ॥ ਬ੍ਰਹਮ

ਗਿਆਨੀ ਕੈ ਬਸੈ ਪ੍ਰਭੁ ਸੰਗ ॥ ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥ ਬ੍ਰਹਮ ਗਿਆਨੀ ਸਦਾ ਸਦ ਜਾਗਤ ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥ ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥ ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥

ਪਦ ਅਰਥ—ਰੰਗ=ਪ੍ਰੇਮ । ਸਹਜ=ਤੁਰੀਆ ਪਦ ।

ਅਰਥ—ਬ੍ਰਹਮ ਗਿਆਨੀ ਦੇ ਹਿਰਦੇ ਵਿਚ ਇਕ ਦਾ ਪ੍ਰੇਮ ਹੈ। ਬ੍ਰਹਮ ਗਿਆਨੀ ਦੇ ਨਾਲ ਹੀ ਪ੍ਰਭੂ ਵਸਦਾ ਹੈ। ਬ੍ਰਹਮ ਗਿਆਨੀ ਦੇ ਮਨ ਨੂੰ ਨਾਮ ਦਾ ਅਧਾਰ ਹੈ। ਬ੍ਰਹਮ ਗਿਆਨੀ ਦਾ ਪਰਿਵਾਰ ਵੀ ਨਾਮ ਹੈ। ਬ੍ਰਹਮ ਗਿਆਨੀ ਸਦਾ ਹੀ ਜਾਗਦਾ ਰਹਿੰਦਾ ਹੈ। ਬ੍ਰਹਮ ਗਿਆਨੀ ਨੇ ਹੰਕਾਰ ਵਾਲੀ ਬੁੱਧੀ ਛੱਡ ਦਿਤੀ ਹੈ। ਬ੍ਰਹਮ ਗਿਆਨੀ ਦੇ ਮਨ ਵਿਚ ਵੱਡਾ ਅਨੰਦ ਹੈ। ਬ੍ਰਹਮ ਗਿਆਨੀ ਦੇ ਹਿਰਦੇ ਵਿਚ ਸਦਾ ਅਨੰਦ ਹੈ। ਬ੍ਰਹਮ ਗਿਆਨੀ ਆਤਮਕ ਸੁਖ ਵਿਚ ਵਸਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਇਸ ਲਈ ਬ੍ਰਹਮ ਗਿਆਨੀ ਦਾ ਨਾਸ ਨਹੀਂ ਹੁੰਦਾ ॥੫॥

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥ ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥ ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥ ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ ਬਡ ਪਰਤਾਪ ॥ ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥ ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥ ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥

ਪਦ ਅਰਥ—ਬੇਤਾ=ਜਾਨਣ ਵਾਲਾ। ਹੇਤਾ=ਪਿਆਰਾ। ਅਚਿੰਤ=ਬੇਫਿਕਰ। ਮੰਤ=ਸਲਾਹ, ਮਸ਼ਵਰਾ। ਮਹੇਸਰੁ=ਸ਼ਿਵਜੀ ਵਰਗੇ ਧਿਆਨੀ।

ਅਰਥ—ਬ੍ਰਹਮ ਗਿਆਨੀ ਬ੍ਰਹਮ ਨੂੰ ਜਾਨਣ ਵਾਲਾ ਹੈ। ਬ੍ਰਹਮ ਗਿਆਨੀ ਦਾ ਇਕ ਨਾਲ ਪਿਆਰ ਹੈ। ਬ੍ਰਹਮ ਗਿਆਨੀ ਸੰਸਾਰਕ ਚਿੰਤਾ ਤੋਂ ਰਹਿਤ ਹੁੰਦਾ ਹੈ। ਬ੍ਰਹਮ ਗਿਆਨੀ ਦੀ ਸਲਾਹ ਸੁਧ ਹੈ। ਜਿਸ ਨੂੰ ਪ੍ਰਭੂ ਆਪ ਕਰਦਾ ਹੈ ਉਹ ਬ੍ਰਹਮ ਗਿਆਨੀ ਹੁੰਦਾ ਹੈ। ਬ੍ਰਹਮ ਗਿਆਨੀ ਦਾ ਪ੍ਰਤਾਪ ਵੱਡਾ ਹੈ। ਬ੍ਰਹਮ ਗਿਆਨੀ ਦਾ ਦਰਸ਼ਨ ਵੱਡੇ ਭਾਗਾਂ ਨਾਲ ਮਿਲਦਾ ਹੈ। ਬ੍ਰਹਮ ਗਿਆਨੀ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ। ਬ੍ਰਹਮ ਗਿਆਨੀ ਨੂੰ ਸ਼ਿਵ ਜੀ ਵਰਗੇ ਧਿਆਨੀ ਢੂੰਡਦੇ ਹਨ। ਸ੍ਰੀ ਗੁਰੂ ਨਾਨਕ

ਜੀ ਆਖਦੇ ਹਨ, ਕਿਉਂਕਿ ਬ੍ਰਹਮ ਗਿਆਨੀ ਤਾਂ ਪਰਮੇਸ਼ਰ ਆਪ ਹੈ ॥੬॥

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥ ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥ ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖੵਰੁ ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥ ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥ ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥

ਪਦ ਅਰਥ—ਅਦੇਸ=ਨਮਸ਼ਕਾਰ । ਅਧਾਖੵਰੁ=ਅੱਧਾ ਅੱਖਰ ।

ਅਰਥ—ਬ੍ਰਹਮ ਗਿਆਨੀ ਦਾ ਅੰਤ ਨਹੀਂ ਆਉਂਦਾ । ਬ੍ਰਹਮ ਗਿਆਨੀ ਦੇ ਮਨ ਵਿਚ ਹੀ ਸਾਰੇ ਸਿਧਾਂਤ ਹਨ । ਬ੍ਰਹਮ ਗਿਆਨੀ ਦੇ ਭੇਦ ਨੂੰ ਕੌਣ ਜਾਣ ਸਕਦਾ ਹੈ ? ਬ੍ਰਹਮ ਗਿਆਨੀ ਨੂੰ ਸਦਾ ਹੀ ਨਮਸਕਾਰ ਹੈ । ਬ੍ਰਹਮ ਗਿਆਨੀ ਦੀ ਉਪਮਾ ਦਾ ਅੱਧਾ ਅੱਖਰ ਵੀ ਕਿਹਾ ਨਹੀਂ ਜਾਂਦਾ । ਬ੍ਰਹਮ ਗਿਆਨੀ ਹੀ ਸਾਰਿਆਂ ਦਾ ਮਾਲਕ ਹੈ ਬ੍ਰਹਮ ਗਿਆਨੀ ਦੀ ਮਰਿਆਦਾ ਕੌਣ ਕਹਿ ਸਕਦਾ ਹੈ ? ਬ੍ਰਹਮ ਗਿਆਨੀ ਦੀ ਰੀਤੀ ਬ੍ਰਹਮ ਗਿਆਨੀ ਆਪ ਹੀ ਜਾਣਦਾ ਹੈ । ਬ੍ਰਹਮ ਗਿਆਨੀ ਦੇ ਉਰਾਰ ਪਾਰ ਦਾ ਅੰਤ ਨਹੀਂ ਆਉਂਦਾ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸਾਡੀ ਬ੍ਰਹਮ

ਗਿਆਨੀ ਨੂੰ ਸਦਾ ਹੀ ਨਮਸਕਾਰ ਹੈ ॥੭॥

**ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥ ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥ ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥ ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥**

ਪਦ ਅਰਥ—ਬਿਧਾਤਾ=ਫਲ ਦੇਣ ਵਾਲਾ । ਧਨੀ=ਮਾਲਕ ।

ਅਰਥ—ਬ੍ਰਹਮ ਗਿਆਨੀ ਹੀ ਸਾਰੀ ਦੁਨੀਆਂ ਦੇ ਕਰਨ ਵਾਲਾ ਹੈ। ਬ੍ਰਹਮ ਗਿਆਨੀ ਸਦਾ ਜੀਊਂਦਾ ਹੈ, ਮਰਦਾ ਨਹੀਂ । ਬ੍ਰਹਮ ਗਿਆਨੀ ਜੀਵ ਨੂੰ ਮੁਕਤੀ ਦੀ ਜੁਗਤੀ ਦੇਣ ਵਾਲਾ ਹੈ। ਬ੍ਰਹਮ ਗਿਆਨੀ ਹੀ ਕਰਮਾਂ ਦਾ ਫਲ ਦੇਣ ਵਾਲਾ ਪੂਰਨ ਪੁਰਖ ਹੈ । ਬ੍ਰਹਮ ਗਿਆਨੀ ਅਨਾਥਾਂ ਦਾ ਨਾਥ ਹੈ । ਸਾਰਿਆਂ ਦੇ ਸਿਰ ਉਤੇ ਬ੍ਰਹਮ ਗਿਆਨੀ ਦਾ ਹੀ ਹੱਥ ਹੈ । ਬ੍ਰਹਮ ਗਿਆਨੀ ਦਾ ਸਾਰਾ ਰੂਪ ਹੈ। ਆਪ ਨਿਰੰਕਾਰ ਹੀ ਬ੍ਰਹਮ ਗਿਆਨੀ

ਹੈ । ਬ੍ਰਹਮ ਗਿਆਨੀ ਦੀ ਸੋਭਾ ਬ੍ਰਹਮ ਗਿਆਨੀ ਨੂੰ ਕਹਿਣੀ ਬਣਦੀ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਬ੍ਰਹਮ ਗਿਆਨੀ ਸਾਰਿਆਂ ਦਾ ਮਾਲਕ ਹੈ ॥੮॥੮॥

ਭਾਵ—ਇਸ ਸਾਰੀ ਅਸਟਪਦੀ ਵਿਚ 'ਬ੍ਰਹਮ ਗਿਆਨੀ' ਦੀ ਉਪਮਾ ਦਾ ਵਰਣਨ ਕੀਤਾ ਹੈ, ਪਰ ਅਸਲ ਸਿਧਾਂਤ ਤਾਂ ਇਹ ਪ੍ਰਗਟ ਕਰ ਦਿਤਾ ਹੈ ਕਿ ਬ੍ਰਹਮ ਗਿਆਨੀ ਹੀ ਨਿਰੰਕਾਰ ਹੈ, ਪ੍ਰਮੇਸ਼ਰ ਹੈ, ਸਾਰਿਆਂ ਦਾ ਮਾਲਕ ਹੈ, ਸਾਰੀ ਦੁਨੀਆਂ ਦਾ ਕਰਤਾ ਹੈ, ਆਤਮ ਰਸ ਦਾ ਰਸੀਆ ਇਤਿਆਦਿਕ ਗੁਣਾਂ ਦਾ ਭੰਡਾਰ ਜੋ ਬ੍ਰਹਮ ਗਿਆਨੀ ਹੈ, ਉਸ ਦੀ ਸੋਭਾ ਵਡਿਆਈ, ਉਪਮਾ ਇਕ ਜੀਵ ਕਿਵੇਂ ਕਰ ਸਕਦਾ ਹੈ ? ਅਤੇ ਉਸ ਦੀ ਉਪਮਾ ਲਈ ਉਪਮਾਨ ਵੀ ਕੀ ਹੋ ਸਕਦਾ ਹੈ ? ਇਸੇ ਲਈ ਅੰਤ ਵਿਚ ਆਖਿਆ ਹੈ, ਜੋ ਬ੍ਰਹਮ ਗਿਆਨੀ ਦੀ ਸ਼ੋਭਾ ਬ੍ਰਹਮ ਗਿਆਨੀ ਨੂੰ ਬਣਦੀ ਹੈ। ਅਰਥਾਤ 'ਤੇਰੀ ਉਪਮਾ ਤੋਹਿ ਬਨਿ ਆਵੈ ॥'

ਸਲੋਕੁ ॥

**ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥ ਨਿਮਖ ਨਿਮਖ ਠਾਕੁਰ ਨਮਸਕਾਰੈ ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥**

ਪਦ ਅਰਥ—ਉਰਿ=ਹਿਰਦਾ । ਅਪਰਸੁ=ਵਿਰਕਤ, ਤਿਆਗੀ, ਸੰਤ।

ਅਰਥ—ਜੋ ਪੁਰਸ਼ ਅਪਨੇ ਹਿਰਦੇ ਵਿਚ ਨਾਮ ਧਾਰਨ ਕਰੇ । ਉਹ ਸਾਰਿਆਂ ਵਿਚ ਭਗਵਾਨ ਨੂੰ ਦੇਖੇ । ਛਿਨ ਛਿਨ ਕਰਤਾਰ ਨੂੰ ਨਮਸਕਾਰ ਕਰੇ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਵਿਰਕਤ ਹੈ ਜੋ ਸਭ

ਨੂੰ ਭਾਰ ਲਵੇਗਾ ॥੧॥

ਅਸਟਪਦੀ ॥

**ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥ ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤਸੰਗਿ ਹੇਤ ॥ ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥ ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥ ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥**

ਪਦ ਅਰਥ—ਮਿਥਿਆ=ਝੂਠ । ਪਰਸ=ਛੋਹਣਾ, ਲਗਣਾ, ਬੋਲਣਾ । ਨਿਰੰਜਨ=ਮਾਇਆ ਤੋਂ ਰਹਿਤ, ਕਰਤਾਰ । ਹੇਤੁ=ਪਿਆਰ । ਪੰਚ ਦੋਖ= ਕਾਮਾਦਿਕ ਪੰਜ ਵੇਕਾਰ ।

ਅਰਥ—ਜੀਭ ਨਾਲ ਝੂਠ ਨਾ ਬੋਲੇ । ਮਨ ਵਿਚ ਕਰਤਾਰ ਦੇ ਦਰਸ਼ਨ ਦੀ ਪ੍ਰੀਤ ਰੱਖੇ । ਅੱਖਾਂ ਨਾਲ ਪਰ-ਇਸਤਰੀ ਦਾ ਰੂਪ ਨਾ ਵੇਖੇ । ਸੰਤਾਂ ਦੀ ਸੇਵਾ ਕਰੇ ਅਤੇ ਸੰਤਾਂ ਨਾਲ ਪਿਆਰ ਰੱਖੇ । ਕੰਨਾਂ ਨਾਲ ਕਿਸੇ ਦੀ ਨਿੰਦਾ ਨਾ ਸੁਣੇ । ਆਪਣੇ ਆਪ ਨੂੰ ਸਾਰਿਆਂ ਤੋਂ ਮੰਦਾ ਜਾਣੇ । ਗੁਰਾਂ ਦੀ ਕਿਰਪਾ ਨਾਲ ਵਿਸ਼ਿਆਂ ਦਾ ਤਿਆਗ ਕਰੇ । ਮਨ ਦੀਆਂ ਵਾਸ਼ਨਾਂ ਮਨੋਂ ਮੇਟ ਦੇਵੇ । ਇੰਦ੍ਰਿਆਂ ਨੂੰ ਵਸ ਵਿਚ ਰਖੇ ਅਤੇ ਪੰਜਾਂ ਵੇਕਾਰਾਂ ਤੋਂ ਰਹਿਤ ਹੋਵੇ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਕ੍ਰੋੜਾਂ ਵਿਚੋਂ ਕੋਈ

ਵਿਰਲਾ ਹੀ ਅਜਿਹਾ ਤਿਆਗੀ ਹੈ ॥੧॥

ਭਾਵ—ਜੋ ਪੁਰਸ਼ ਨਾਮ ਜਪੇ ਉਹ ਇਹ ਸਾਰੇ ਗੁਣ ਵੀ ਧਾਰਨ ਕਰੇ, ਗੁਣਾਂ ਬਿਨਾਂ ਭਗਤੀ ਨਹੀਂ ਹੋ ਸਕਦੀ ।

**ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥ ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥ ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥ ਮਨ ਤਨ ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥ ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥**

ਪਦ ਅਰਥ—ਬੈਸਨੋ=ਵਿਸ਼ਨ ਦਾ ਉਪਾਸ਼ਕ, ਵੈਸ਼ਨਵ । ਬਾਛੈ=ਚਾਹੇ, ਕਰੇ । ਰਾਚੈ=ਲੱਗਾ ਰਹੇ । ਦ੍ਰਿੜੈ=ਧਾਰਨ ਕਰੇ ।

ਅਰਥ—ਜਿਸ ਉਤੇ ਉਹ ਆਪ ਪ੍ਰਸੰਨ ਹੈ, ਉਹ ਵੈਸ਼ਨਵ ਹੈ । ਜੋ ਵਿਸ਼ਨ ਦੀ ਮਾਇਆ ਤੋਂ ਸਦਾ ਹੀ ਅਲੱਗ ਰਹਿੰਦਾ ਹੈ । ਕਰਮ ਕਰਦਾ ਹੋਇਆ ਕਰਮਾਂ ਦੀ ਵਾਸ਼ਨਾ ਨਹੀਂ ਕਰਦਾ, ਉਸ ਵੈਸ਼ਨਵ ਦਾ ਧਰਮ ਸੁਧ ਹੈ, ਜੋ ਕਿਸੇ ਕੀਤੇ ਕਰਮ ਦੇ ਫਲ ਦੀ ਇਛਾ ਨਹੀਂ ਕਰਦਾ । ਇਕ ਭਗਤੀ ਤੇ ਕੀਰਤਨ ਨਾਲ ਹੀ ਲਗਾ ਰਹਿੰਦਾ ਹੈ । ਸਰੀਰ ਵਿਚ (ਰਹਿੰਦੇ ਦਮ ਤਕ) ਮਨ ਨਾਲ ਗੋਪਾਲ ਦਾ ਸਿਮਰਨ ਕਰਦਾ ਹੈ, ਸਾਰਿਆਂ ਉਤੇ

ਕਿਰਪਾ ਕਰਦਾ ਹੈ। ਆਪ (ਆਪਣੇ ਮਨ) ਨਾਮ ਧਾਰਨ ਕਰਦਾ ਹੈ ਅਤੇ ਹੋਰਨਾਂ ਕੋਲੋਂ ਨਾਮ ਜਪਵਾਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਵੈਸ਼ਨਵ ਮੁਕਤੀ ਪਾਵੇਗਾ ॥੨॥

ਭਾਵ—ਵੈਸ਼ਨਵਾਂ ਦੇ ਲੱਛਣ ਪ੍ਰਗਟ ਕੀਤੇ ਹਨ ਕਿ ਦੁਨੀਆਂ ਵਿਚ ਕਈ ਪਖੰਡੀ ਆਪਣੇ ਆਪ ਨੂੰ ਵੈਸ਼ਨਵ ਕਹਾਉਂਦੇ ਹਨ, ਪਰ ਗੁਰੂ ਜੀ ਕਹਿੰਦੇ ਹਨ—ਜਿਸ ਵਿਚ ਅਜਿਹੇ ਗੁਣ ਹੋਣਗੇ, ਓਹੀ ਵੈਸ਼ਨਵ ਹੈ ਅਤੇ ਓਹੀ ਮੁਕਤਿ ਹੋਵੇਗਾ।

**ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥ ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥ ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥ ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥ ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥**

ਪਦ ਅਰਥ—ਭਗਉਤੀ=ਭਗਤੀ ਕਰਨ ਵਾਲਾ, ਭਗਤ। ਬਿਸਨ= ਵਿਸ਼ਵ ਦਾ ਪਾਲਕ, ਕਰਤਾਰ।

ਅਰਥ—ਉਹ ਭਗਤ ਹੈ, ਜਿਸ ਨੂੰ ਭਗਵੰਤ ਦੀ ਭਗਤੀ ਦਾ ਰੰਗ ਹੈ। ਅਤੇ ਸਾਰੇ ਦੁਸ਼ਟਾਂ ਦਾ ਸੰਗ ਛੱਡ ਦਿਤਾ ਹੈ। ਮਨ ਤੋਂ ਸਾਰੇ ਭਰਮ

ਮੇਟ ਦਿਤੇ ਹਨ। ਸਭ ਨੂੰ ਪਾਰਬ੍ਰਹਮ ਸਰੂਪ ਜਾਣ ਕੇ ਪੂਜਦਾ ਹੈ। ਸਾਧ ਸੰਗਤ ਕਰ ਕੇ ਪਾਪਾਂ ਦੀ ਮੈਲ ਧੋਂਦਾ ਹੈ। ਉਸ ਭਗਤ ਦੀ ਬੁਧ ਉੱਤਮ ਹੈ। ਕਰਤਾਰ ਦੀ ਸੇਵਾ ਰੋਜ਼ ਕਰਦਾ ਹੈ। ਕਰਤਾਰ ਦੀ ਪ੍ਰੀਤ ਵਾਲਿਆਂ ਦੀ ਸੇਵਾ ਵਿਚ ਤਨ, ਮਨ ਭੇਟ ਕਰ ਦਿਤਾ ਹੈ। ਹਰੀ ਦੇ ਚਰਨ ਹਿਰਦੇ ਵਿਚ ਵਸਾਉਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਭਗਤ ਭਗਵੰਤ ਵਿਚ ਲੀਨ ਹੋ ਜਾਵੇਗਾ ॥੩॥

ਭਾਵ—ਭੇਖ ਧਾਰ ਕੇ ਲੋਕੀ ਭਗਤ ਕਹਾਉਂਦੇ ਹਨ। ਪਰ ਗੁਰੂ ਜੀ ਕਹਿੰਦੇ ਹਨ ਕਿ ਭਗਤ ਉਹ ਹੈ ਜੋ ਅਠੇ ਪਹਿਰ ਭਗਤੀ ਵਿਚ ਰੰਗਿਆ ਰਹਿੰਦਾ ਹੈ ਅਤੇ ਬੁਰੇ ਪੁਰਸ਼ਾਂ ਦਾ ਸੰਗ ਨਹੀਂ ਕਰਦਾ, ਸਤਿਸੰਗ ਦਾ ਨੇਮੀ ਪ੍ਰੇਮੀ ਹੈ। ਸਗੋਂ ਕਰਤਾਰ ਦੇ ਪ੍ਰੇਮੀਆਂ ਦਾ ਸੱਚਾ ਸੇਵਕ ਹੈ। ਉਹ ਹੀ ਭਗਤ ਭਗਵੰਤ ਨੂੰ ਪਾਵੇਗਾ।

**ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥ ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥ ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥ ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥**

ਪਦ ਅਰਥ—ਪਰਬੋਧੈ=ਉਪਦੇਸ਼ ਦਿੰਦਾ ਹੈ, ਸਮਝਾਉਂਦਾ ਹੈ।

ਮਾਤਮ=ਆਪਣੇ ਆਪ ਅੰਤਹਕਰਣ। ਸੋਧੈ=ਢੂੰਢਦਾ, ਲੱਭਦਾ। ਸਾਰ ਰਸ=ਅੰਮ੍ਰਿਤ। ਸੂਖਮ=ਬਹੁਤ ਛੋਟਾ। ਅਸਥੂਲ=ਬਹੁਤ ਵੱਡਾ। ਅਦੇਸ= ਨਮਸਕਾਰ।

ਅਰਥ—ਪੰਡਤ ਉਹ ਹੈ ਜੋ ਆਪਣੇ ਮਨ ਨੂੰ ਸਮਝਾਉਂਦਾ ਹੈ ਅਤੇ ਜਿਸ ਦਾ ਨਾਮ ਰਾਮ ਹੈ, ਉਸ ਨੂੰ ਅੰਤਹਕਰਣ ਵਿਚੋਂ ਲਭਦਾ ਹੈ। ਰਾਮ ਦੇ ਨਾਮ ਰੂਪ ਅੰਮ੍ਰਿਤ ਨੂੰ ਪੀਂਦਾ ਹੈ। ਉਸ ਪੰਡਤ ਦੇ ਉਪਦੇਸ਼ ਨਾਲ ਜਗਤ ਨੂੰ ਨਿਤ ਦਾ ਜੀਵਨ ਮਿਲ ਸਕਦਾ ਹੈ। ਕਿਉਂਕਿ ਉਹ ਹਰੀ ਦੀ ਕਥਾ ਹਿਰਦੇ ਵਿਚ ਵਸਾਉਂਦਾ ਹੈ। ਇਸ ਲਈ ਉਹ ਪੰਡਤ ਮੁੜ ਕੇ ਜੂਨ ਵਿਚ ਨਹੀਂ ਆਵੇਗਾ। ਵੇਦਾਂ ਪੁਰਾਣਾਂ ਤੇ ਸਿੰਮ੍ਰਤੀਆਂ ਦੇ ਮੂਲ ਰੂਪ ਕਰਤਾਰ ਨੂੰ ਜਾਣਦਾ ਹੈ। ਸੂਖਮ ਅਸਥੂਲ ਵਿਚ ਇਕੋ ਨੂੰ ਸਮਝੇ। ਚੌਹਾਂ ਵਰਨਾਂ ਦੇ ਪ੍ਰਾਣੀਆਂ ਨੂੰ ਉਪਦੇਸ਼ ਦੇਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਪੰਡਤ ਨੂੰ ਸਦਾ ਹੀ ਨਮਸ਼ਕਾਰ ਕਰਨੀ ਚਾਹੀਦੀ ਹੈ ॥੪॥

**ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧਸੰਗਿ ਪਾਵੈ ਜਨੁ ਕੋਇ ॥ ਕਰਿ ਕਿਰਪਾ ਅੰਤਰਿ ਉਰ ਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥ ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥ ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ਨਾਨਕ ਤਿਸੁ ਮਿਲੈ ਜਿਸੁ**

## ਲਿਖਿਆ ਧੁਰਿ ਕਰਮਿ ॥੫॥

ਪਦ ਅਰਥ—ਬੀਜ ਮੰਤ੍ਰ=ਵਾਹਿਗੁਰੂ, ਕਰਤਾਰ । ਧੁਰਿ=ਧੁਰੋਂ ।

ਅਰਥ—ਕਰਤਾਰ ਦਾ ਗਿਆਨ ਤਾਂ ਸਾਰਿਆਂ ਨੂੰ ਹੈ, ਪਰ ਚੌਹਾਂ ਵਰਨਾਂ ਵਿਚੋਂ ਕੋਈ ਵਿਰਲਾ ਹੀ ਉਸ ਦਾ ਨਾਮ ਜਪਦਾ ਹੈ । ਜੋ ਜੋ ਨਾਮ ਜਪੇਗਾ ਉਸ ਦੀ ਗਤੀ ਹੋਵੇਗੀ । ਪਰ ਸਾਧ ਸੰਗਤ ਕਰ ਕੇ ਕੋਈ ਵਿਰਲਾ ਹੀ ਨਾਮ ਪਾਉਂਦਾ ਹੈ । ਕ੍ਰਿਪਾ ਕਰ ਕੇ ਜਿਸ ਦੇ ਹਿਰਦੇ ਅੰਦਰ ਨਾਮ ਦਾ ਵਾਸਾ ਹੋਵੇਗਾ ਉਹ ਪਸੂ, ਪ੍ਰੇਤ, ਮੂਰਖ ਤੇ ਪੱਥਰ ਵੀ ਤਰ ਜਾਏਗਾ । ਸਾਰੀਆਂ ਬਿਮਾਰੀਆਂ ਦੀ ਦਵਾਈ ਨਾਮ ਦਾ ਜਾਪ ਹੈ, ਇਸ ਲਈ ਕਲਿਆਣ ਸਰੂਪ ਦਾ ਜਸ ਤੇ ਗੁਣ ਗਾਉਣੇ ਚਾਹੀਦੇ ਹਨ । ਪਰ ਕਿਸੇ ਜੁਗਤੀ ਜਾਂ ਧਰਮ ਕਰ ਕੇ ਉਸ ਦਾ ਜਾਪ ਨਹੀਂ ਮਿਲਦਾ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਨੂੰ ਧੁਰ ਤੋਂ ਕਰਮ ਲਿਖਿਆ ਹੈ ਉਸੇ ਨੂੰ ਮਿਲਦਾ ਹੈ ॥੫॥

ਭਾਵ—ਆਪਣੇ ਕਰਨ ਵਾਲੇ ਨੂੰ ਸਾਰੇ ਮੰਨਦੇ ਹਨ ਪਰ ਉਸ ਦਾ ਜਪਣਾ ਕੋਈ ਵਿਰਲਾ ਹੀ ਜਾਣਦਾ ਹੈ । ਜੋ ਜਪਦਾ ਹੈ ਉਸ ਦੀ ਗਤੀ ਹੁੰਦੀ ਹੈ । ਨਾਮ ਸਾਧ ਸੰਗਤ ਵਿਚੋਂ ਮਿਲਦਾ ਹੈ ।

## ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥ ਤਿਸ ਕਾ ਨਾਮੁ ਸਤਿ ਰਾਮਦਾਸੁ ॥ ਆਤਮ ਰਾਮੁ ਤਿਸੁ ਨਦਰੀ ਆਇਆ ॥ ਦਾਸ ਦਸੰਤਣ ਭਾਇ ਤਿਨਿ ਪਾਇਆ ॥ ਸਦਾ ਨਿਕਟਿ ਨਿਕਟਿ ਹਰਿ ਜਾਨੁ ॥ ਸੋ ਦਾਸੁ ਦਰਗਹ ਪਰਵਾਨੁ ॥ ਅਪੁਨੇ ਦਾਸ ਕਉ ਆਪਿ ਕਿਰਪਾ

ਕਰੈ ॥ ਤਿਸੁ ਦਾਸ ਕਉ ਸਭ ਸੋਝੀ ਪਰੈ ॥ ਸਗਲ ਸੰਗਿ ਆਤਮ ਉਦਾਸੁ ॥ ਐਸੀ ਜੁਗਤਿ ਨਾਨਕ ਰਾਮਦਾਸੁ ॥੬॥

ਪਦ ਅਰਥ—ਰਾਮਦਾਸੁ=ਰਾਮ ਦਾ ਦਾਸ, ਸੇਵਕ, ਜਗਿਆਸੂ । ਦਸੰਤਣ ਭਾਇ=ਦਾਸਾ ਭਾਵ । ਆਤਮ=ਮਨ ।

ਅਰਥ—ਜਿਸ ਦੇ ਹਿਰਦੇ ਵਿਚ ਪਾਰਬ੍ਰਹਮ ਦਾ ਵਾਸਾ ਹੈ । ਉਸ ਦਾ ਨਾਮ ਹੀ ਸੱਚਾ ਰਾਮ ਦਾ ਦਾਸ ਹੈ । ਵਿਆਪਕ ਰਾਮ ਉਸ ਨੂੰ ਨਜ਼ਰ ਆ ਗਿਆ ਹੈ । ਉਸ ਨੇ ਹੀ ਦਾਸਾ ਭਾਵ ਪਾਇਆ ਹੈ । ਉਹ ਹਰੀ ਦਾ ਨਿਕਟ ਵਰਤੀ ਹੈ, ਕਿਉਂਕਿ ਹਰੀ ਨੂੰ ਸਦਾ ਹੀ ਨੇੜੇ ਜਾਣਦਾ ਹੈ । ਓਹੀ ਦਾਸ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ, ਜਿਸ ਆਪਣੇ ਦਾਸ ਨੂੰ ਕਰਤਾਰ ਆਪ ਕਿਰਪਾ ਕਰਦਾ ਹੈ । ਉਸ ਦਾਸ ਨੂੰ ਸਾਰੀ ਸੋਝੀ ਪੈ ਜਾਂਦੀ ਹੈ। ਜੋ ਸਾਰਿਆਂ ਦੇ ਨਾਲ ਰਹਿੰਦਾ ਹੋਇਆ ਮਨ ਕਰ ਕੇ ਸਾਰਿਆਂ ਤੋਂ ਉਦਾਸ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਰਾਮ ਦੇ ਦਾਸ ਦੀ ਅਜਿਹੀ ਵਰਤਨ ਹੁੰਦੀ ਹੈ ॥੬॥

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥

**ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥**

ਪਦ ਅਰਥ—ਆਗਿਆ=ਭਾਣਾ । ਹਿਤਾਵੈ=ਚੰਗਾ ਲਗਦਾ ਹੈ ।

ਅਰਥ—ਜਿਸ ਦੇ ਮਨ ਨੂੰ ਪ੍ਰਭੂ ਦਾ ਭਾਣਾ ਚੰਗਾ ਲਗਦਾ ਹੈ ਉਹ ਜੀਵਨ ਮੁਕਤਿ ਕਿਹਾ ਜਾਂਦਾ ਹੈ । ਉਸ ਨੂੰ ਜਿਹਾ ਅਨੰਦ ਹੈ, ਤੇਹਾ ਹੀ ਸੋਗ ਹੈ । (ਸਦਾ ਹੀ ਅਨੰਦ ਰਹਿੰਦਾ ਹੈ) ਉਸ ਨੂੰ ਦੁਖ ਨਹੀਂ ਹੁੰਦਾ। ਉਸ ਨੂੰ ਜੇਹਾ ਸੋਨਾ ਹੈ, ਤੇਹੀ ਮਿਟੀ ਹੈ । ਜੇਹਾ ਅੰਮ੍ਰਿਤ ਹੈ ਤੇਹਾ ਹੀ ਦੁਖਦਾਈ ਜ਼ਹਿਰ ਹੈ । ਜੇਹਾ ਆਦਰ ਹੈ, ਤੇਹਾ ਹੀ ਨਿਰਾਦਰ ਹੈ । ਜਿਹਾ ਕੰਗਾਲ ਹੈ ਤੇਹਾ ਹੀ ਰਾਜਾ ਹੈ । ਜੋ ਵਾਹਿਗੁਰੂ ਵਰਤਾਉਂਦਾ ਹੈ ਸੋਈ ਵਰਤਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪੁਰਖ ਜੀਊਂਦਾ ਹੀ ਮੁਕਤ ਕਿਹਾ ਜਾਂਦਾ ਹੈ ॥੭॥

**ਪਾਰਬ੍ਰਹਮ ਕੇ ਸਗਲੇ ਠਾਉ ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥ ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥ ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਜੈਸੀ ਮਤਿ ਦੇਇ ਤੈਸਾ ਪਰਗਾਸ ॥ ਪਾਰਬ੍ਰਹਮੁ ਕਰਤਾ ਅਬਿਨਾਸ ॥ ਸਦਾ ਸਦਾ ਸਦਾ ਦਇਆਲ ॥ ਸਿਮਰਿ ਸਿਮਰਿ ਨਾਨਕ ਭਏ**

ਨਿਹਾਲ ॥੮॥੯॥

ਅਰਥ—ਪਾਰਬ੍ਰਹਮ ਦੇ ਹੀ ਸਾਰੇ ਅਸਥਾਨ ਹਨ, ਜਿਸ ਘਰ ਵਿਚ ਜਸ ਨੂੰ ਰਖਦਾ ਹੈ, ਉਸ ਦਾ ਓਹੀ ਨਾਮ ਪੈ ਜਾਂਦਾ ਹੈ। ਆਪੇ ਹੀ ਕਰਦਾ ਹੈ, ਅਤੇ ਆਪੇ ਕਰਾਉਣ ਦੇ ਯੋਗ ਹੈ। ਜੋ ਪ੍ਰਭੂ ਨੂੰ ਭਾਉਂਦਾ ਹੈ, ਓਹੀ ਫੇਰ ਹੋਵੇਗਾ। ਅਨੇਕ ਤਰ੍ਹਾਂ ਦਾ ਹੋ ਕੇ ਫੈਲਿਆ ਹੋਇਆ ਹੈ। ਪਾਰਬ੍ਰਹਮ ਦੇ ਰੰਗ ਜਾਣੇ ਨਹੀਂ ਜਾਂਦੇ। ਜੇਹੀ ਮੱਤ ਦੇਂਦਾ ਹੈ, ਤੇਹਾ ਹੀ ਗਿਆਨ ਹੁੰਦਾ ਹੈ। ਪਾਰਬ੍ਰਹਮ (ਕਰਤਾ ਪੁਰਖ) ਨਾਸ ਤੋਂ ਰਹਿਤ ਹੈ। ਅਤੇ ਸਦਾ ਸਦਾ ਹੀ ਦਿਆਲੂ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੂੰ ਸਿਮਰ ਸਿਮਰ ਕੇ ਬੇਅੰਤ ਪੁਰਸ਼ ਨਿਹਾਲ ਹੋਏ ਹਨ ॥੮॥੯॥

ਸਲੋਕੁ ॥

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥ ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥੧॥

ਅਰਥ—ਜਿਸ ਦੇ ਪਾਰ ਉਰਾਰ ਦਾ ਅੰਤ ਨਹੀਂ ਆਉਂਦਾ, ਉਸ ਦੀ ਉਸਤਤੀ ਅਨੇਕਾਂ ਪੁਰਸ਼ ਕਰਦੇ ਹਨ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਪ੍ਰਭੂ ਨੇ ਜੋ ਰਚਨਾ ਰਚੀ ਹੈ, ਉਹ ਬਹੁਤ ਤੋਂ ਵੀ ਅਨੇਕ ਤਰ੍ਹਾਂ ਦੀ ਹੈ ॥੧॥

ਅਸਟਪਦੀ ॥

ਕਈ ਕੋਟਿ ਹੋਏ ਪੂਜਾਰੀ ॥ ਕਈ ਕੋਟਿ ਆਚਾਰ ਬਿਉਹਾਰੀ ॥ ਕਈ ਕੋਟਿ ਭਏ ਤੀਰਥ

**ਵਾਸੀ ॥ ਕਈ ਕੋਟਿ ਬਨ ਭ੍ਰਮਹਿ ਉਦਾਸੀ ॥ ਕਈ ਕੋਟਿ ਬੇਦ ਕੇ ਸ੍ਰੋਤੇ ॥ ਕਈ ਕੋਟਿ ਤਪੀਸੁਰ ਹੋਤੇ ॥ ਕਈ ਕੋਟਿ ਆਤਮ ਧਿਆਨੁ ਧਾਰਹਿ ॥ ਕਈ ਕੋਟਿ ਕਬਿ ਕਾਬਿ ਬੀਚਾਰਹਿ ॥ ਕਈ ਕੋਟਿ ਨਵਤਨ ਨਾਮ ਧਿਆਵਹਿ ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥**

ਪਦ ਅਰਥ—ਪੂਜਾਰੀ=ਪੂਜਾ ਕਰਨ ਵਾਲੇ। ਆਚਾਰ ਬਿਉਹਾਰੀ=ਕਰਮ ਕਾਂਡੀ। ਭ੍ਰਮਹਿ=ਭੌਂਦੇ ਹਨ। ਸ੍ਰੋਤੇ=ਸੁਨਣ ਵਾਲੇ। ਆਤਮ=ਪਰਮਾਤਮਾ। ਕਾਬਿ=ਸਾਹਿਤਜ ਦੇ ਪੁਸਤਕ। ਨਵਤਨ=ਨਵੇਂ ਤੋਂ ਨਵੇਂ।

ਅਰਥ—ਕਈ ਕ੍ਰੋੜ ਪੂਜਾਰੀ ਬਣੇ ਹੋਏ ਹਨ। ਕਈ ਕ੍ਰੋੜ ਕਰਮ ਕਾਂਡੀ ਹਨ। ਕਈ ਕ੍ਰੋੜ ਤੀਰਥ ਵਾਸੀ ਬਣੇ ਹੋਏ ਹਨ। ਕਈ ਕ੍ਰੋੜ ਉਦਾਸੀ ਹੋ ਕੇ ਜੰਗਲਾਂ ਵਿਚ ਭੌਂਦੇ ਹਨ। ਕਈ ਕ੍ਰੋੜ ਵੇਦਾਂ ਦੇ ਸੁਨਣ ਵਾਲੇ ਹਨ। ਕਈ ਕ੍ਰੋੜ ਤਪੀਸੁਰ ਬਣੇ ਹੋਏ ਹਨ। ਕਈ ਕ੍ਰੋੜ ਪਰਮਾਤਮਾ ਦਾ ਧਿਆਨ ਧਰਦੇ ਹਨ। ਕਈ ਕ੍ਰੋੜ ਕਵੀਸ਼ਰ ਹੋ ਕੇ ਕਾਬਜ ਦੇ ਗ੍ਰੰਥ ਵਿਚਾਰਦੇ ਹਨ। ਕਈ ਕ੍ਰੋੜ ਆਦਮੀ ਰੋਜ਼ ਦੇ ਰੋਜ਼ ਨਵੇਂ ਨਵੇਂ ਨਾਮ ਕਰਤਾਰ ਦੇ ਲੈਂਦੇ ਹਨ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਪਰ ਸਿਰਜਨਹਾਰ ਦਾ ਅੰਤ ਨਹੀਂ ਪਾ ਸਕਦੇ ॥੧॥

ਭਾਵ—ਈਸ਼ਰ ਪਰਾਇਣ ਰਚਨਾ ਦਾ ਨਿਰਣਾ ਕੀਤਾ ਹੈ ਕਿ ਇਹ ਭਾਵੇਂ ਵਾਹਿਗੁਰੂ ਨੂੰ ਮਿਲਣ ਦਾ ਯਤਨ ਕਰ ਰਹੇ ਹਨ, ਪਰ ਅੰਤ ਨਹੀਂ ਪਾ ਸਕਦੇ ਜੋ ਵਾਹਿਗੁਰੂ ਕਿਨ੍ਹਾਂ ਕਿਨ੍ਹਾਂ ਰੰਗਾਂ ਵਿਚ ਖੇਡਦਾ ਹੈ।

**ਕਈ ਕੋਟਿ ਭਏ ਅਭਿਮਾਨੀ ॥ ਕਈ ਕੋਟਿ**

**ਅੰਧ ਅਗਿਆਨੀ ॥ ਕਈ ਕੋਟਿ ਕਿਰਪਨ ਕਠੋਰ ॥ ਕਈ ਕੋਟਿ ਅਭਿਗ ਆਤਮ ਨਿਕੋਰ ॥ ਕਈ ਕੋਟਿ ਪਰ ਦਰਬ ਕਉ ਹਿਰਹਿ ॥ ਕਈ ਕੋਟਿ ਪਰ ਦੂਖਨਾ ਕਰਹਿ ॥ ਕਈ ਕੋਟਿ ਮਾਇਆ ਸ੍ਰਮ ਮਾਹਿ ॥ ਕਈ ਕੋਟਿ ਪਰਦੇਸ ਭ੍ਰਮਾਹਿ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥**

ਪਦ ਅਰਥ—ਕਿਰਪਨ=ਸੂਮ । ਅਭਿਗ=ਨਾ ਭਿਜਣ ਵਾਲੇ । ਆਤਮ=ਮਨ । ਨਿਕੋਰ=ਸੁਕੇ । ਦਰਬ=ਧਨ । ਹਿਰਹਿ=ਚੁਰਾਉਂਦੇ ਹਨ । ਦੂਖਨਾ=ਨਿੰਦਾ । ਸ੍ਰਮ=ਕਸ਼ਟ, ਦੁਖ ।

ਅਰਥ—ਕਈ ਕ੍ਰੋੜ ਹੰਕਾਰੀ ਬਣੇ ਹੋਏ ਹਨ । ਕਈ ਕ੍ਰੋੜਾਂ ਅੰਨ੍ਹੇ ਅਗਿਆਨੀ ਹਨ । ਕਈ ਕ੍ਰੋੜਾਂ ਮਨ ਦੇ ਕਠੋਰ ਸ਼ੂਮ ਹਨ । ਕਈ ਕ੍ਰੋੜ ਮਨ ਦੇ ਸੁੱਕੇ ਹਨ ਜੋ ਕਿਸੇ ਨਾਲ ਨਹੀਂ ਭਿਜਦੇ । ਕਈ ਕ੍ਰੋੜ ਪਰਾਏ ਧਨ ਨੂੰ ਚੁਰਾਉਣ ਵਾਲੇ ਹਨ । ਕਈ ਕ੍ਰੋੜ ਪਰਾਈ ਨਿੰਦਾ ਕਰਦੇ ਹਨ। ਕਈ ਕ੍ਰੋੜ ਮਾਇਆ ਵਾਸਤੇ ਦੁਖ ਵਿਚ ਫਸੇ ਹੋਏ ਹਨ । ਕਈ ਕ੍ਰੋੜ ਮਾਇਆ ਲਈ ਪ੍ਰਦੇਸ ਵਿਚ ਭੌਂਦੇ ਹਨ । ਵਾਹਿਗੁਰੂ ਜਿਧਰ ਜਿਧਰ ਲਾਉਂਦਾ ਹੈ, ਉਧਰ ਉਧਰ ਹੀ ਜੀਵ ਲਗਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ—ਕਰਤੇ ਦੀ ਰਚਨਾ ਨੂੰ ਕਰਤਾ ਹੀ ਜਾਣਦਾ ਹੈ ॥੨॥

**ਕਈ ਕੋਟਿ ਸਿਧ ਜਤੀ ਜੋਗੀ ॥ ਕਈ ਕੋਟਿ**

**ਰਾਜੇ ਰਸ ਭੋਗੀ ॥ ਕਈ ਕੋਟਿ ਪੰਖੀ ਸਰਪ ਉਪਾਏ ॥ ਕਈ ਕੋਟਿ ਪਾਥਰ ਬਿਰਖ ਨਿਪਜਾਏ ॥ ਕਈ ਕੋਟਿ ਪਵਣ ਪਾਣੀ ਬੈਸੰਤਰ ॥ ਕਈ ਕੋਟਿ ਦੇਸ ਭੂ ਮੰਡਲ ॥ ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥ ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥ ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥੩॥**

ਪਦ ਅਰਥ—ਸਸੀਅਰ=ਚੰਦ੍ਰਮਾ । ਨਖ੍ਯਤ੍ਰ=ਤਾਰੇ । ਦਾਨਵ=ਦੈਂਤ । ਸੂਤਿ=ਚੇਤਨ ਸੱਤਾ ਹੁਕਮ ।

ਅਰਥ—ਕਈ ਕਰੋੜ ਸਿਧ, ਜਤੀ ਤੇ ਜੋਗੀ ਹਨ । ਕਈ ਕਰੋੜ ਰਸਾਂ ਨੂੰ ਭੋਗਣ ਵਾਲੇ ਰਾਜੇ ਹਨ । ਕਈ ਕਰੋੜ ਪੰਛੀ ਤੇ ਸੱਪ ਪੈਦਾ ਕੀਤੇ ਹੋਏ ਹਨ । ਕਈ ਕਰੋੜ ਪੱਥਰ ਤੇ ਦਰਖਤ ਉਪਜਾਏ ਹਨ । ਕਈ ਕਰੋੜਾਂ ਹੀ ਪੌਣਾਂ ਪਾਣੀ ਤੇ ਅੱਗਾਂ ਹਨ । ਕਈ ਕਰੋੜਾਂ ਹੀ ਦੇਸ ਤੇ ਪ੍ਰਿਥਵੀ ਮੰਡਲ ਹਨ । ਕਈ ਕਰੋੜਾਂ ਹੀ ਸੂਰਜ, ਚੰਦ੍ਰਮਾ ਤੇ ਤਾਰੇ ਹਨ । ਕਈ ਕਰੋੜਾਂ ਦੇਵਤੇ, ਦੈਂਤ ਤੇ ਇੰਦ੍ਰ ਹਨ, ਜਿਨ੍ਹਾਂ ਦੇ ਸਿਰ ਤੇ ਛੱਤ੍ਰ ਝੁਲਦਾ ਹੈ । ਸਾਰੀ ਸਮਗਰੀ ਉਸ ਦੇ ਆਪਣੇ ਹੁਕਮ ਵਿਚ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਜਿਸ ਨੂੰ ਉਹ ਚਾਹੁੰਦਾ ਹੈ ਉਸ ਉਸ ਨੂੰ ਤਾਰਦਾ ਹੈ ॥੩॥

**ਕਈ ਕੋਟਿ ਰਾਜਸ ਤਾਮਸ ਸਾਤਕ ॥ ਕਈ**

**ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥ ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥ ਕਈ ਕੋਟਿ ਕੀਏ ਚਿਰ ਜੀਵੇ ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥ ਕਈ ਕੋਟਿ ਜਖ੍ ਕਿੰਨਰ ਪਿਸਾਚ ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥ ਸਭ ਤੇ ਨੇਰੈ ਸਭਹੂ ਤੇ ਦੂਰਿ ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥੪॥**

ਪਦ ਅਰਥ—ਰਾਜਸ=ਰਜੋ ਗੁਣ ਪ੍ਰਧਾਨ, ਬ੍ਰਹਮਾ । ਤਾਮਸ=ਤਮੋ ਗੁਣ ਪ੍ਰਧਾਨ, ਸ਼ਿਵਜੀ । ਸਾਕਤ=ਸਤੋ ਗੁਣ ਪ੍ਰਧਾਨ, ਵਿਸ਼ਨੂੰ । ਗਿਰਿ= ਪਹਾੜੀਆਂ । ਮੇਰ ਸੁਵਰਨ=ਸੁਮੇਰ ਪਰਬਤ । ਥੀਵੇ=ਹੋਏ ਹਨ । ਜਖ੍= ਦੇਵਤਿਆਂ ਦੀ ਇਕ ਖਾਸ ਜਾਤੀ । ਕਿੰਨਰ=ਉਹ ਦੇਵਤੇ ਜੋ ਤਾਰ ਵਾਲੇ ਸਾਜ਼ ਵਜਾਉਂਦੇ ਹਨ । ਸੂਕਰ=ਸੂਰ । ਮ੍ਰਿਗਾਚ=ਮ੍ਰਿਗ ਭੱਖੀ, ਸ਼ੇਰ । ਅਲਿਪਤੁ=ਅਲੇਪ ।

ਅਰਥ—ਕਈ ਕਰੋੜਾਂ ਬ੍ਰਹਮਾ, ਸ਼ਿਵਜੀ ਤੇ ਵਿਸ਼ਨੂੰ ਹਨ । ਕਈ ਕਰੋੜਾਂ ਵੇਦ, ਪੁਰਾਣ, ਸਿਮ੍ਰਤੀਆਂ ਤੇ ਸ਼ਾਸਤ੍ਰ ਹਨ । ਕਈ ਕਰੋੜਾਂ ਰਤਨਾਂ ਸਣੇ ਸਮੁੰਦਰ ਬਣਾਏ ਹੋਏ ਹਨ । ਕਈ ਕਰੋੜਾਂ ਹੀ ਅਨੇਕ ਤਰ੍ਹਾਂ ਦੇ ਜੰਤੂ ਹਨ । ਕਈ ਕਰੋੜਾਂ ਹੀ ਚਿਰਜੀਵੀ ਬਣਾਏ ਹੋਏ ਹਨ । ਕਈ ਕਰੋੜਾਂ ਪਹਾੜ ਤੇ ਸੁਮੇਰ ਪਰਬਤ ਬਣੇ ਹੋਏ ਹਨ । ਕਈ ਕਰੋੜ ਹੀ ਜੱਖ, ਕਿੰਨਰ ਤੇ ਪਿਸਾਚ ਹਨ । ਕਈ ਕਰੋੜਾਂ ਹੀ ਭੂਤ, ਪ੍ਰੇਤ, ਸੂਰ ਤੇ ਸ਼ੇਰ ਹਨ ।

ਸਾਰਿਆਂ ਤੋਂ ਨੇੜੇ ਵੀ ਓਹੀ ਹੈ, ਅਤੇ ਸਾਰਿਆਂ ਤੋਂ ਦੂਰ ਵੀ ਓਹੀ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੋ ਸਭਨਾਂ ਵਿਚ ਭਰਪੂਰ ਹੋ ਰਿਹਾ ਹੈ, ਉਹ ਆਪ ਸਭਨਾਂ ਤੋਂ ਅਲੇਪ ਹੈ ॥੪॥

ਭਾਵ—ਗੁਪਤ ਪ੍ਰਗਟ ਸ੍ਰਿਸ਼ਟੀ ਦੀ ਬੇਅੰਤਤਾ ਪ੍ਰਗਟ ਕਰਦੇ ਹੋਏ ਦਸਿਆ ਹੈ ਕਿ ਗਿਆਨਵਾਨ ਲਈ ਤਾਂ ਕਰਤਾ ਸਭ ਤੋਂ ਨੇੜੇ ਹੈ ਅਤੇ ਅਗਿਆਨੀ ਲਈ ਦੂਰ ਹੈ।

**ਕਈ ਕੋਟਿ ਪਾਤਾਲ ਕੇ ਵਾਸੀ॥ ਕਈ ਕੋਟਿ ਨਰਕ ਸੁਰਗ ਨਿਵਾਸੀ॥ ਕਈ ਕੋਟਿ ਜਨਮਹਿ ਜੀਵਹਿ ਮਰਹਿ॥ ਕਈ ਕੋਟਿ ਬਹੁ ਜੋਨੀ ਫਿਰਹਿ॥ ਕਈ ਕੋਟਿ ਬੈਠਤ ਹੀ ਖਾਹਿ॥ ਕਈ ਕੋਟਿ ਘਾਲਹਿ ਥਕਿ ਪਾਹਿ॥ ਕਈ ਕੋਟਿ ਕੀਏ ਧਨਵੰਤ॥ ਕਈ ਕੋਟਿ ਮਾਇਆ ਮਹਿ ਚਿੰਤ॥ ਜਹ ਜਹ ਭਾਣਾ ਤਹ ਤਹ ਰਾਖੇ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥੫॥**

ਅਰਥ—ਕਈ ਕਰੋੜਾਂ ਜੀਵ ਪਤਾਲ ਵਿਚ ਵਸਦੇ ਹਨ। ਕਈ ਕਰੋੜਾਂ ਨਰਕਾਂ ਤੇ ਸਵਰਗਾਂ ਵਿਚ ਵਸਦੇ ਹਨ। ਕਈ ਕਰੋੜਾਂ ਜੰਮਦੇ ਹਨ, ਕਈ ਕਰੋੜਾਂ ਜੀਊਂਦੇ ਹਨ ਅਤੇ ਕਈ ਕਰੋੜਾਂ ਰੋਜ਼ ਮਰਦੇ ਹਨ। ਕਈ ਕਰੋੜਾਂ ਜੀਵ ਬਹੁਤੀਆਂ ਜੂਨਾਂ ਵਿਚ ਫਿਰਦੇ ਹਨ। ਕਈ ਕਰੋੜਾਂ ਬੈਠੇ ਹੀ ਖਾਂਦੇ ਹਨ ਅਤੇ ਕਈ ਕਰੋੜਾਂ ਕਮਾਈ ਕਰਦੇ ਹੀ ਥਕ ਜਾਂਦੇ

ਹਨ ਪਰ ਰੱਜ ਕੇ ਖਾਣ ਨੂੰ ਫਿਰ ਵੀ ਨਹੀਂ ਮਿਲਦਾ। ਕਈ ਕਰੋੜਾਂ ਧਨ ਵਾਲੇ ਬਣਾਏ ਹਨ। ਕਈ ਕਰੋੜਾਂ ਮਾਇਆ ਦੀ ਚਿੰਤਾ ਵਿਚ ਫਸੇ ਹੋਏ ਹਨ। ਜਿਥੇ ਜਿਥੇ ਵਾਹਿਗੁਰੂ ਚਾਹੁੰਦਾ ਹੈ ਉਥੇ ਉਥੇ ਹੀ ਰਖਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸਭ ਕੁਝ ਪ੍ਰਭੂ ਦੇ ਹੀ ਹੱਥ ਵਿਚ ਹੈ ॥੫॥

**ਕਈ ਕੋਟਿ ਭਏ ਬੈਰਾਗੀ ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥ ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥ ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥ ਕਈ ਕੋਟਿ ਮਾਗਹਿ ਸਤਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ ॥ ਜਿਨ ਕਉ ਹੋਏ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥**

ਅਰਥ—ਕਈ ਕਰੋੜਾਂ ਵੈਰਾਗ ਵਾਲੇ ਹਨ। ਉਹਨਾਂ ਦੀ ਪ੍ਰੀਤ ਰਾਮ ਦੇ ਨਾਮ ਨਾਲ ਲੱਗੀ ਹੋਈ ਹੈ। ਕਈ ਕਰੋੜਾਂ ਪ੍ਰਭੂ ਨੂੰ ਢੂੰਢਦੇ ਹਨ ਅਤੇ ਅੰਤਹਕਰਣ ਵਿਚੋਂ ਹੀ ਪਾਰਬ੍ਰਹਮ ਨੂੰ ਵੇਖਦੇ ਹਨ। ਕਈ ਕ੍ਰੋੜਾਂ ਨੂੰ ਪ੍ਰਭੂ ਦੇ ਦਰਸ਼ਨ ਦੀ ਚਾਹ ਹੈ। ਉਹਨਾਂ ਨੂੰ ਅਬਿਨਾਸੀ ਪ੍ਰਭੂ ਮਿਲ ਪੈਂਦਾ ਹੈ। ਕਈ ਕ੍ਰੋੜਾਂ ਹੀ ਸੰਤਾਂ ਦਾ ਸੰਗ ਮੰਗਦੇ ਹਨ ਕਿਉਂਕਿ ਉਹਨਾਂ ਨੂੰ ਪਾਰਬ੍ਰਹਮ ਦਾ ਪ੍ਰੇਮ ਲਗਾ ਹੋਇਆ ਹੈ। ਜਿਨ੍ਹਾਂ ਤੇ ਪ੍ਰਭੂ ਆਪ ਪ੍ਰਸੰਨ ਹੋਇਆ ਹੈ।

ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪੁਰਸ਼ ਸਦਾ ਹੀ ਧੰਨ ਧੰਨ ਹਨ ॥੬॥

ਭਾਵ—ਪਿਛੇ ਸੰਸਾਰਕ ਦਸ਼ਾ ਦਾ ਵਰਨਣ ਕੀਤਾ ਸੀ। ਇਸ ਪਉੜੀ ਵਿਚ ਪ੍ਰਮਾਰਥ ਦੀ ਚਾਹ ਵਾਲਿਆਂ ਦਾ ਵਰਨਣ ਕਰ ਕੇ ਦਸਿਆ ਹੈ ਕਿ ਅਜਿਹੇ ਉੱਤਮ ਪੁਰਸ਼ ਧੰਨਤਾ ਦੇ ਯੋਗ ਹਨ। ਪਰ ਇਹ ਪਦ ਉਹਨਾਂ ਨੂੰ ਮਿਲਦਾ ਹੈ, ਜਿਨ੍ਹਾਂ ਉਤੇ ਕਰਤਾਰ ਆਪ ਪ੍ਰਸੰਨ ਹੈ।

**ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥**

ਪਦ ਅਰਥ—ਖਾਣੀ=ਕਾਨਾਂ ਪੈਦਾ ਕਰਨ ਦੇ ਰਾਹ। ਖੰਡ=ਟੁਕੜੇ ਪੁਰਾਣਾਂ ਵਾਲਿਆਂ ਨੇ ਸਾਰੀ ਜ਼ਮੀਨ ਦੇ ਨੌ ਟੁਕੜੇ ਮੰਨੇ ਹਨ, ਉਹਨਾਂ ਦਾ ਨਾਮ ਨੌ ਖੰਡ ਹੈ। ਸਮਾਤਿ=ਸਮਾਉਂਦੇ ਹਨ।

ਅਰਥ—ਕਈ ਕ੍ਰੋੜ ਖਾਣੀਆਂ ਤੇ ਖੰਡ ਹਨ। ਕਈ ਕਰੋੜ ਆਕਾਸ਼ ਤੇ ਬ੍ਰਹਮੰਡ ਹਨ। ਕਈ ਕਰੋੜਾਂ ਹੀ ਅਵਤਾਰ ਹੋਏ ਹਨ। ਕਿੰਨੀਆਂ ਹੀ ਜੁਗਤਾਂ ਦਾ ਵਿਸਥਾਰ ਕੀਤਾ ਹੋਇਆ ਹੈ। ਕਿੰਨੀ ਵੇਰੀ ਹੀ ਪਸਾਰਾ

ਪਸਰਿਆ ਹੈ। ਪਰ ਕਰਤਾਰ ਸਦਾ ਸਦਾ ਇਕੋ ਜਿਹਾ ਰਿਹਾ ਹੈ। ਕਈ ਕਰੋੜਾਂ ਹੀ ਅਨੇਕਾਂ ਰੰਗ ਬਣਾਏ ਹਨ। ਸਾਰੇ ਪ੍ਰਭੂ ਤੋਂ ਹੋਏ ਹਨ ਫਿਰ ਪ੍ਰਭੂ ਦੇ ਵਿਚ ਸਮਾ ਜਾਣਗੇ। ਉਸ ਦਾ ਅੰਤ ਕੋਈ ਨਹੀਂ ਜਾਣਦਾ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪ੍ਰਭੂ ਆਪਣੇ ਆਪ ਹੀ ਸਭ ਕੁਝ ਕਰਦਾ ਹੈ ॥੭॥

**ਕਈ ਕੋਟਿ ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ ਆਤਮ ਪਰਗਾਸ ॥ ਕਈ ਕੋਟਿ ਤਤ ਕੇ ਬੇਤੇ ॥ ਸਦਾ ਨਿਹਾਰਹਿ ਏਕੋ ਨੇਤ੍ਰੇ ॥ ਕਈ ਕੋਟਿ ਨਾਮ ਰਸੁ ਪੀਵਹਿ ॥ ਅਮਰ ਭਏ ਸਦ ਸਦ ਹੀ ਜੀਵਹਿ ॥ ਕਈ ਕੋਟਿ ਨਾਮ ਗੁਨ ਗਾਵਹਿ ॥ ਆਤਮ ਰਸਿ ਸੁਖਿ ਸਹਜਿ ਸਮਾਵਹਿ ॥ ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥ ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥**

ਪਦ ਅਰਥ—ਆਤਮ=ਸਰੂਪ। ਪਰਗਾਸ=ਗਿਆਨ। ਤਤ=ਸਰੂਪ। ਬੇਤੇ=ਜਾਨਣ ਵਾਲੇ। ਨਿਹਾਰਹਿ=ਵੇਖਦੇ ਹਨ। ਨੇਤ੍ਰੇ=ਅੱਖਾਂ ਨਾਲ। ਸਹਜਿ=ਅਚੁਤ।

ਅਰਥ—ਕਈ ਕਰੋੜਾਂ ਹੀ ਪਾਰਬ੍ਰਹਮ ਦੇ ਦਾਸ ਹਨ। ਉਨ੍ਹਾਂ ਨੂੰ ਸਰੂਪ ਦਾ ਗਿਆਨ ਹੋ ਗਿਆ ਹੈ। ਕਈ ਕਰੋੜ ਸਰੂਪ ਦੇ ਜਾਨਣ ਵਾਲੇ ਹਨ। ਜੋ ਅੱਖਾਂ ਨਾਲ ਸਦਾ ਇਕ ਨੂੰ ਹੀ ਵੇਖਦੇ ਹਨ। ਕਈ ਕਰੋੜਾਂ

ਨਾਮ ਰਸ ਪੀਂਦੇ ਹਨ । ਜੋ ਅਮਰ ਹੋ ਕੇ ਸਦਾ ਸਦਾ ਹੀ ਜੀਉਂਦੇ ਹਨ। ਕਈ ਕਰੋੜਾਂ ਨਾਮ ਜਪਦੇ ਤੇ ਕਰਤਾਰ ਦੇ ਗੁਣ ਗਾਉਂਦੇ ਹਨ । ਉਹ ਆਤਮ ਰਸੀਏ ਅਚੁਤ ਸੁਖ ਵਿਚ ਸਮਾਉਂਦੇ ਹਨ । ਕਰਤਾਰ ਆਪਣੇ ਦਾਸਾਂ ਨੂੰ ਸਾਸ ਸਾਸ ਯਾਦ ਕਰਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਕਿਉਂਕਿ ਉਹ ਪਰਮੇਸ਼ਰ ਦੇ ਪਿਆਰੇ ਹੁੰਦੇ ਹਨ ॥੮॥੧੦॥

ਭਾਵ—ਕਰਤਾਰ ਦੀ ਰਚਨਾ ਦਾ ਵਿਚਾਰ ਪ੍ਰਗਟ ਕੀਤਾ ਹੈ ਅਤੇ ਇਹ ਸਪਸ਼ਟ ਕਰ ਦਿਤਾ ਹੈ ਕਿ ਇਸ ਦਾ ਅੰਤ ਉਹ ਜਾਣਦਾ ਹੈ, ਜਿਸ ਨੇ ਇਸ ਨੂੰ ਸਾਜਿਆ ਹੈ ਦੂਜਾ ਨਹੀਂ ਜਾਣ ਸਕਦਾ ।

ਸਲੋਕੁ ॥

**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥**

ਪਦ ਅਰਥ—ਮਹੀ=ਧਰਤੀ, ਜ਼ਮੀਨ । ਅਲਿ=ਆਕਾਸ਼ ।

ਅਰਥ—ਇਕ ਪ੍ਰਭੂ ਹੀ ਕਰਨ ਤੇ ਕਾਰਨ ਹੈ, ਜਗਤ ਦੇ ਕਰਨ ਵਾਲਾ ਹੋਰ ਕੋਈ ਦੂਜਾ ਨਹੀਂ ਹੈ । ਸ੍ਰੀ ਗੁਰੂ ਨਾਨਕ ਜੀ ਤਾਂ ਉਸ ਉਤੋਂ ਬਲਿਹਾਰ ਜਾਂਦੇ ਹਨ, ਕਿਉਂਕਿ ਧਰਤੀ ਆਕਾਸ਼ ਆਦਿਕ ਸਭ ਜਗ੍ਹਾ ਵਿਚ ਓਹੀ ਹੈ ॥੧॥

ਅਸਟਪਦੀ ॥

**ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥ ਖਿਨ ਮਹਿ ਥਾਪਿ ਉਥਾਪਨਹਾਰਾ ॥ ਅੰਤੁ ਨਹੀ ਕਿਛੁ ਪਾਰਾਵਾਰਾ ॥**

ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥ ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥ ਕਰਿ ਕਰਿ ਦੇਖੈ ਅਪਨੀ ਵਡਿਆਈ ॥ ਨਾਨਕ ਸਭ ਮਹਿ ਰਹਿਆ ਸਮਾਈ ॥੧॥

ਪਦ ਅਰਥ—ਥਾਪਿ=ਬਨਾਉਣਾ। ਉਥਾਪਨ=ਮੇਟਣਾ। ਅਧਰ=ਆਸਰੇ ਤੋਂ ਬਿਨਾਂ।

ਅਰਥ—ਕਰਨ, ਕਾਰਨ ਤੇ ਕਰਤਾ ਓਹੀ ਹੈ। ਜੋ ਉਹ ਚਾਹੁੰਦਾ ਹੈ, ਓਹੀ ਹੁੰਦਾ ਹੈ। ਖਿਨ ਵਿਚ ਹੀ ਬਨਾਉਣ ਤੇ ਢਾਹੁਣ ਵਾਲਾ ਹੈ। ਉਸ ਦੇ ਪਾਰ ਉਰਾਰ ਦਾ ਕੁਝ ਅੰਤ ਨਹੀਂ ਜਾਣਿਆ ਜਾਂਦਾ। ਉਸ ਦੇ ਹੁਕਮ ਨੂੰ ਪਾ ਕੇ ਆਸਰੇ ਤੋਂ ਬਿਨਾਂ ਜਗਤ ਟਿਕਿਆ ਹੋਇਆ ਹੈ ਉਸ ਦੇ ਹੁਕਮ ਵਿਚ ਹੀ ਜੀਵ ਪੈਦਾ ਹੁੰਦਾ ਅਤੇ ਹੁਕਮ ਵਿਚ ਹੀ ਸਮਾ ਜਾਂਦਾ ਹੈ। ਉਸ ਦੇ ਹੁਕਮ ਵਿਚ ਹੀ ਊਚ ਨੀਚ ਆਦਿਕ ਵਿਹਾਰ ਹਨ। ਅਨੇਕਾਂ ਰੰਗਾਂ ਦੀਆਂ ਵੰਡਾਂ ਵੀ ਹੁਕਮ ਵਿਚ ਹੀ ਹਨ। ਆਪੇ ਹੀ ਬਣਾ ਬਣਾ ਕੇ ਆਪਣੀ ਵਡਿਆਈ ਨੂੰ ਵੇਖਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਆਪ ਹੀ ਸਾਰਿਆਂ ਵਿਚ ਸਮਾ ਰਿਹਾ ਹੈ ॥੧॥

ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥ ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ

**ਆਪਨ ਬੀਚਾਰੈ ॥ ਦੂਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥ ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥**

ਪਦ ਅਰਥ—ਪਤਿਤ=ਪਾਪੀਆਂ। ਸਿਰਿਆ=ਕਿਨਾਰਿਆਂ, ਪਾਸਿਆਂ। ਬਿਗਸੈ=ਅਨੰਦ ਹੁੰਦਾ ਹੈ।

ਅਰਥ—ਪ੍ਰਭੂ ਚਾਹੇ ਤਾਂ ਮਨੁਖ ਮੁਕਤੀ ਪਾਵੇਗਾ। ਕਰਤਾਰ ਚਾਹੇ ਤਾਂ ਪੱਥਰਾਂ ਨੂੰ ਵੀ ਤਾਰ ਲਵੇ। ਪਰਮੇਸ਼ਰ ਚਾਹੇ ਤਾਂ ਸਾਸਾਂ ਤੋਂ ਬਿਨਾਂ ਵੀ ਪੁਰਸ਼ ਨੂੰ ਰਖ ਲਵੇ। ਪ੍ਰਭੂ ਨੂੰ ਮਨਜ਼ੂਰ ਹੋਵੇ ਤਾਂ ਜੀਵ ਉਸ ਹਰੀ ਦੇ ਗੁਣ ਗਾਵੇਗਾ। ਪ੍ਰਭੂ ਚਾਹੇ ਤਾਂ ਪਾਪੀਆਂ ਨੂੰ ਵੀ ਤਾਰ ਲਵੇਗਾ। ਆਪਣੇ ਵਿਚਾਰ ਨੂੰ ਉਹ ਆਪ ਹੀ ਕਰਦਾ ਹੈ। ਦੋਹਾਂ ਸਿਰਿਆਂ ਦਾ ਆਪ ਹੀ ਮਾਲਕ ਹੈ। ਉਹ ਅੰਤਰਜਾਮੀ ਆਪ ਹੀ ਖੇਡਦਾ ਹੈ ਅਤੇ ਆਪੇ ਹੀ ਖੇਡ ਵੇਖ ਕੇ ਖੁਸ਼ ਹੁੰਦਾ ਹੈ। ਜੋ ਚਾਹੁੰਦਾ ਹੈ, ਜੀਵ ਤੋਂ ਉਹ ਕੰਮ ਕਰਾਉਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਜ਼ਰ ਨਹੀਂ ਆਉਂਦਾ ਹੈ ॥੨॥

ਭਾਵ—'ਦੋ ਦੋ ਅੱਖੀਂ ਦੇਖਦਾ ਦਰਸ਼ਨ ਵਿਚ ਦਿਸੈ।' ਅੱਖਾਂ ਵਿਚ ਵੇਖਣ ਵਲਾ ਹੋ ਕੇ ਬੈਠਾ ਹੈ ਅਤੇ ਦ੍ਰਿਸ਼ਜ ਪਦਾਰਥ ਵਿਚ ਦਰਸ਼ਨ ਰੂਪ ਹੋ ਕੇ ਵਿਆਪਕ ਹੈ। ਇਹ ਦੋਵੇਂ ਸਿਰੇ ਹਨ। ਜਦ ਸਭ ਖੇਡਾਂ ਉਸੇ ਦੀਆਂ ਹਨ, ਤਾਂ ਉਹ ਆਪ ਹੀ ਖਿਡਾਰੀ, ਖੇਡ ਤੇ ਖੇਡਣ ਵਾਲਾ ਹੈ ॥੨॥

**ਕਹੁ ਮਾਨੁਖ ਤੇ ਕਿਆ ਹੋਇ ਆਵੈ ॥ ਜੋ ਤਿਸੁ ਭਾਵੈ ਸੋਈ ਕਰਾਵੈ ॥ ਇਸ ਕੈ ਹਾਥਿ**

**ਹੋਇ ਤਾ ਸਭੁ ਕਿਛੁ ਲੇਇ ॥ ਜੋ ਤਿਸੁ ਭਾਵੈ ਸੋਈ ਕਰੇਇ ॥ ਅਨਜਾਨਤ ਬਿਖਿਆ ਮਹਿ ਰਚੈ ॥ ਜੇ ਜਾਨਤ ਆਪਨ ਆਪ ਬਚੈ ॥ ਭਰਮੇ ਭੂਲਾ ਦਹ ਦਿਸਿ ਧਾਵੈ ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥ ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥ ਨਾਨਕ ਤੇ ਜਨ ਨਾਮਿ ਮਿਲੇਇ ॥੩॥**

ਅਰਥ—ਦੱਸੋ ਮਨੁਖ ਕੋਲੋਂ ਕੀ ਹੋ ਸਕਦਾ ਹੈ ? ਜੋ ਉਸ ਨੂੰ ਭਾਉਂਦਾ ਹੈ ਮਨੁਖ ਤੋਂ ਓਹੀ ਕਰਾਉਂਦਾ ਹੈ । ਇਸ (ਮਨੁਖ) ਦੇ ਹੱਥ ਕੁਝ ਹੋਵੇ ਤਾਂ ਸਭ ਕੁਝ ਲੈ ਲਵੇ । ਜੋ ਉਸ (ਕਰਤਾਰ) ਨੂੰ ਭਾਉਂਦਾ ਹੈ ਮਨੁਖ ਵੀ ਓਹੀ ਕਰਦਾ ਹੈ । ਇਹ ਜੀਵ ਅਨਜਾਣ ਪੁਣੇ ਵਿਚ ਹੀ ਵਿਸ਼ਿਆਂ ਵਿਚ ਲਗ ਜਾਂਦਾ ਹੈ । ਜੇਕਰ ਵਿਸ਼ਿਆਂ ਵਿਚ ਫਸਣ ਦੇ ਦੁਖਾਂ ਨੂੰ ਜਾਣਦਾ ਹੋਵੇ ਤਾਂ ਆਪਣਾ ਆਪ ਵਿਸ਼ਿਆ ਤੋਂ ਬਚਾ ਲਵੇ । ਭਰਮ ਵਿਚ ਭੁੱਲਾ ਹੋਇਆ ਜੀਵ ਦਸਾਂ ਦਿਸਾਂ ਵਿਚ ਭਜਾ ਫਿਰਦਾ ਹੈ । (ਸੰਕਲਪ ਦੇ ਘੋੜੇ ਸਵਾਰ ਹੋ ਕੇ) ਛਿਨ ਵਿਚ ਹੀ ਚੌਹਾਂ ਕੁੰਟਾਂ ਵਿਚੋਂ ਹੋ ਆਉਂਦਾ ਹੈ । ਵਾਹਿਗੁਰੂ ਕ੍ਰਿਪਾ ਕਰ ਕੇ ਜਿਸ ਨੂੰ ਆਪਣੀ ਭਗਤੀ ਦੇਂਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਨਾਮ ਜਪ ਕੇ ਉਸ ਦੇ ਨਾਲ ਹੀ ਮਿਲ ਜਾਂਦਾ ਹੈ ॥੩॥

**ਖਿਨ ਮਹਿ ਨੀਚ ਕੀਟ ਕਉ ਰਾਜ ॥ ਪਾਰਬ੍ਰਹਮ ਗਰੀਬ ਨਿਵਾਜ ॥ ਜਾ ਕਾ ਦ੍ਰਿਸਟਿ**

**ਕਛੂ ਨ ਆਵੈ ॥ ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥ ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥ ਜੀਉ ਪਿੰਡੁ ਸਭ ਤਿਸ ਕੀ ਰਾਸਿ ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥ ਅਪਨੀ ਬਣਤ ਆਪਿ ਬਨਾਈ ॥ ਨਾਨਕ ਜੀਵੈ ਦੇਖਿ ਬਡਾਈ ॥੪॥**

ਪਦ ਅਰਥ—ਕੀਟ=ਕੀੜਾ । ਤਤਕਾਲ=ਛੇਤੀ ਨਾਲ । ਪਿੰਡੁ=ਸਰੀਰ ।

ਅਰਥ—ਖਿਨ ਵਿਚ ਹੀ ਕੀੜੇ ਵਰਗੇ ਨੀਵੇਂ ਨੂੰ ਰਾਜ (ਦੇ ਕੇ ਵੱਡਾ ਕਰ ਸਕਦਾ ਹੈ) । ਕਿਉਂਕਿ ਉਹ ਪਾਰਬ੍ਰਹਮ ਗਰੀਬਾਂ ਨੂੰ ਵਡਿਆਉਣ ਵਾਲਾ ਹੈ । ਜਿਸ ਨੂੰ ਕੁਝ ਨਜ਼ਰ ਨਾ ਆਉਂਦਾ ਹੋਵੇ । ਉਸ ਨੂੰ ਦਸਾਂ ਦਿਸਾਂ ਦਾ ਚਾਨਣ ਦੇ ਦੇਂਦਾ ਹੈ । ਜਿਸ ਨੂੰ ਆਪਣੀ ਬਖਸ਼ਿਸ਼ ਕਰਦਾ ਹੈ । ਜਗਤ ਦਾ ਈਸ਼ਰ ਫਿਰ ਉਸ ਦਾ ਲੇਖਾ ਨਹੀਂ ਗਿਣਦਾ ਜੀਵ ਕੋਲ ਸਰੀਰ ਆਦਿਕ ਸਾਰੀ ਓਸੇ ਦੀ ਰਾਸ ਹਨ । ਉਹ ਪੂਰਨ ਬ੍ਰਹਮ ਘਟ ਘਟ ਅੰਦਰ ਚਾਨਣ ਕਰ ਰਿਹਾ ਹੈ । ਆਪਣੀ ਦੁਨੀਆਂ ਦੀ ਬਨਾਵਟ ਉਸ ਨੇ ਆਪੇ ਬਣਾਈ ਹੈ । ਸ੍ਰੀ ਗੁਰੂ ਨਾਨਕ ਜੀ ਤਾਂ ਉਸ ਦੀ ਵਡਿਆਈ ਵੇਖ ਕੇ ਹੀ ਜੀਉਂਦਾ ਹੈ ॥੪॥

ਭਾਵ—ਇਨ੍ਹਾਂ ਦੋਹਾਂ ਪਉੜੀਆਂ ਵਿਚ ਇਹ ਪ੍ਰਗਟ ਕੀਤਾ ਹੈ ਕਿ ਕਰਤਾਰ ਬੇਅੰਤ ਗੁਣਾਂ ਵਾਲਾ ਹੈ । ਜੀਵ ਦੇ ਵਸ ਕੁਝ ਵੀ ਨਹੀਂ ਹੈ । ਜੇ ਕਰਤਾਰ ਚਾਹੇ ਤਾਂ 'ਕੀੜਾ ਥਾਪਿ ਦੇਇ ਪਾਤਸ਼ਾਹੀ ਲਸਕਰ ਕਰੇ ਸੁਆਹ' ਇਸ ਤਰ੍ਹਾਂ ਦੇ ਕੌਤਕ ਵੇਖ ਕੇ ਪੁਰਸ਼ ਨੂੰ ਸਦਾ ਅਨੰਦ ਰਹਿ

ਕੇ ਉਸ ਦਾ ਨਾਮ ਹੀ ਜਪਣਾ ਚਾਹੀਦਾ ਹੈ ।

**ਇਸ ਕਾ ਬਲੁ ਨਾਹੀ ਇਸੁ ਹਾਥ ॥ ਕਰਨ ਕਰਾਵਨ ਸਰਬ ਕੋ ਨਾਥ ॥ ਆਗਿਆਕਾਰੀ ਬਪੁਰਾ ਜੀਉ ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਕਬਹੂ ਊਚ ਨੀਚ ਮਹਿ ਬਸੈ ॥ ਕਬਹੂ ਸੋਗ ਹਰਖ ਰੰਗਿ ਹਸੈ ॥ ਕਬਹੂ ਨਿੰਦ ਚਿੰਦ ਬਿਉਹਾਰ ॥ ਕਬਹੂ ਊਭ ਅਕਾਸ ਪਇਆਲ ॥ ਕਬਹੂ ਬੇਤਾ ਬ੍ਰਹਮ ਬੀਚਾਰ ॥ ਨਾਨਕ ਆਪਿ ਮਿਲਾਵਣਹਾਰ ॥੫॥**

ਪਦ ਅਰਥ—ਬਪੁਰਾ=ਵਿਚਾਰਾ । ਚਿੰਦ=ਉਸਤਤ । ਊਭ=ਉੱਚਾ ।

ਅਰਥ—ਇਸ ਜੀਵ ਦਾ ਜ਼ੋਰ ਤਾਂ ਇਸ ਦੇ ਹੱਥ ਨਹੀਂ ਹੈ । ਇਸ ਪਾਸੋਂ ਕੰਮ ਕਰਾਉਣ ਵਾਲਾ ਤਾਂ ਸਾਰਿਆਂ ਦਾ ਮਾਲਕ ਹੈ । ਇਹ ਵਿਚਾਰਾ ਜੀਵ ਤਾਂ ਹੁਕਮੀ ਬੰਦਾ ਹੈ । ਜੋ ਉਸ ਨੂੰ ਭਾਉਂਦਾ ਹੈ, ਜੀਵ ਪਾਸੋਂ ਓਹੀ ਕਰਮ ਹੁੰਦਾ ਹੈ । ਕਦੇ ਜੀਵ ਉੱਚੀ ਕੁਲ ਵਿਚ ਤੇ ਕਦੇ ਨੀਚ ਕੁਲ ਵਿਚ ਜਾ ਵਸਦਾ ਹੈ । ਕਦੇ ਸੋਗ ਵਿਚ ਰੋਂਦਾ ਹੈ ਅਤੇ ਕਦੇ ਖੁਸ਼ੀਆਂ ਦੇ ਅਨੰਦ ਵਿਚ ਹੱਸਦਾ ਹੈ । ਕਦੇ ਨਿੰਦਾ ਅਤੇ ਕਦੇ ਉਸਤਤਿ ਦੇ ਵਿਹਾਰ ਕਰਦਾ ਹੈ । ਕਦੇ ਉੱਚੇ ਅਕਾਸ਼ ਵਿਚ ਅਤੇ ਕਦੇ ਨੀਵੇਂ ਪਤਾਲ ਵਿਚ ਭੌਂਦਾ ਹੈ । ਕਦੇ ਬ੍ਰਹਮ ਦੀ ਵਿਚਾਰ ਜਾਣਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਆਪ ਹੀ ਜੀਵ ਨੂੰ ਅਜਿਹੀ ਪਦਵੀਆਂ ਨਾਲ ਮੇਲਣ ਵਾਲਾ ਹੈ ॥੫॥

**ਕਬਹੂ ਨਿਰਤਿ ਕਰੈ ਬਹੁ ਭਾਤਿ ॥ ਕਬਹੂ ਸੋਇ ਰਹੈ ਦਿਨੁ ਰਾਤਿ ॥ ਕਬਹੂ ਮਹਾ ਕ੍ਰੋਧ ਬਿਕਰਾਲ ॥ ਕਬਹੂੰ ਸਰਬ ਕੀ ਹੋਤ ਰਵਾਲ ॥ ਕਬਹੂ ਹੋਇ ਬਹੈ ਬਡ ਰਾਜਾ ॥ ਕਬਹੁ ਭੇਖਾਰੀ ਨੀਚ ਕਾ ਸਾਜਾ ॥ ਕਬਹੂ ਅਪਕੀਰਤਿ ਮਹਿ ਆਵੈ ॥ ਕਬਹੂ ਭਲਾ ਭਲਾ ਕਹਾਵੈ ॥ ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥ ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥੬॥**

ਪਦ ਅਰਥ—ਨਿਰਤ=ਨਾਚ । ਬਿਕਰਾਲ=ਡਰਾਉਣਾ । ਰਵਾਲ=ਧੂੜਿ । ਅਪਕੀਰਤਿ=ਬਦਨਾਮੀ ।

ਅਰਥ—ਕਦੇ ਜੀਵ ਬਹੁਤ ਤਰ੍ਹਾਂ ਦੇ ਨਾਚ ਕਰਦਾ ਹੈ । ਕਦੇ ਦਿਨੇ ਰਾਤ ਸੁੱਤਾ ਰਹਿੰਦਾ ਹੈ । ਕਦੇ ਵੱਡਾ ਕ੍ਰੋਧੀ ਹੋ ਕੇ ਡਰਾਉਣਾ ਭੇਖ ਧਾਰ ਲੈਂਦਾ ਹੈ । ਕਦੇ ਸਾਰਿਆਂ ਦੀ ਧੂੜਿ ਹੋ ਜਾਂਦਾ ਹੈ । ਕਦੇ ਵੱਡਾ ਰਾਜਾ ਹੋ ਬਹਿੰਦਾ ਹੈ । ਕਦੇ ਨੀਚ ਮੰਗਤੇ ਦਾ ਰੂਪ ਬਣ ਜਾਂਦਾ ਹੈ । ਕਦੇ ਬਦਨਾਮੀ ਵਿਚ ਆ ਜਾਂਦਾ ਹੈ । ਕਦੇ ਭਲਾ ਭਲਾ ਕਹਾਉਂਦਾ ਹੈ, ਜਿਵੇਂ ਪ੍ਰਭੂ ਨੂੰ ਭਾਉਂਦਾ ਹੈ, ਜੀਵ ਤਿਵੇਂ ਹੀ ਰਹਿੰਦਾ ਹੈ । ਗੁਰਾਂ ਦੀ ਕ੍ਰਿਪਾ ਨਾਲ ਪੰਜਵਾਂ ਗੁਰੂ ਨਾਨਕ ਤਾਂ ਸਚ ਆਖ ਰਿਹਾ ਹੈ ॥੬॥

**ਕਬਹੂ ਹੋਇ ਪੰਡਿਤੁ ਕਰੇ ਬਖ੍ਯ਼ਾਨੁ ॥ ਕਬਹੂ ਮੋਨਿਧਾਰੀ ਲਾਵੈ ਧਿਆਨੁ ॥ ਕਬਹੂ ਤਟ**

ਤੀਰਥ ਇਸਨਾਨ ॥ ਕਬਹੂ ਸਿਧ ਸਾਧਿਕ ਮੁਖਿ ਗਿਆਨ ॥ ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥ ਅਨਿਕ ਜੋਨਿ ਭਰਮੈ ਭਰਮੀਆ ॥ ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥ ਜੋ ਤਿਸੁ ਭਾਵੈ ਸੋਈ ਹੋਇ ॥ ਨਾਨਕ ਦੂਜਾ ਅਵਰੁ ਨ ਕੋਇ ॥੭॥

ਪਦ ਅਰਥ—ਤਟ=ਕੰਢਾ । ਸਾਧਿਕ=ਸਿਧੀਆਂ ਦੀ ਇੱਛਾ ਵਾਲਾ ।

ਅਰਥ—ਕਦੇ ਪੰਡਤ ਹੋ ਕੇ ਵਖਿਆਨ ਕਰਦਾ ਹੈ । ਕਦੇ ਮੋਨਧਾਰੀ ਹੋ ਕੇ ਧਿਆਨ ਲਾਉਂਦਾ ਹੈ । ਕਦੇ ਤੀਰਥਾਂ ਦੇ ਕੰਢੇ ਜਾ ਕੇ ਇਸ਼ਨਾਨ ਕਰਦਾ ਹੈ । ਕਦੇ ਸਿਧ, ਕਦੇ ਸਾਧਿਕ ਤੇ ਕਦੇ ਮੂੰਹੋਂ ਗਿਆਨ ਕਰਨ ਵਾਲਾ ਹੋ ਬਹਿੰਦਾ ਹੈ । ਕਦੇ ਕੀੜਾ, ਹਾਥੀ ਆਦਿਕ ਜੀਵ ਹੋ ਜਾਂਦਾ ਹੈ । ਭੌਣ ਵਾਲਾ ਜੀਵ ਅਨੇਕਾਂ ਜੂਨਾਂ ਵਿਚ ਭੌਂਦਾ ਹੈ । ਨਟ ਵਾਂਗੂੰ ਅਨੇਕਾਂ ਰੂਪ ਵਿਖਾਉਂਦਾ ਹੈ । ਜਿਵੇਂ ਪ੍ਰਭੂ ਚਾਹੁੰਦਾ ਹੈ, ਤਿਵੇਂ ਹੀ ਜੀਵ ਨੂੰ ਨਚਾਉਂਦਾ ਹੈ । ਜੋ ਉਸ ਨੂੰ ਮਨਜ਼ੂਰ ਹੁੰਦਾ ਹੈ, ਉਹ ਹੀ ਕਰਮ ਹੁੰਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਕਰਨ ਵਾਲਾ ਨਹੀਂ ਹੈ ॥੭॥

ਕਬਹੂ ਸਾਧਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨ ਆਵੈ ॥ ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥ ਮਨ ਤਨ ਨਾਮਿ ਰਤੇ ਇਕ ਰੰਗਿ ॥

**ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥ ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥**

ਪਦ ਅਰਥ—ਬਹੁਰਿ=ਮੁੜ ਕੇ । ਖਟਾਨਾ=ਮਿਲ ਜਾਂਦਾ ਹੈ । ਗਵਨ= ਭੌਣਾ । ਬਿਸ੍ਰਾਮ=ਆਰਾਮ ।

ਅਰਥ—ਇਹ ਜੀਵ ਕਦੇ ਸਾਧ ਸੰਗਤਿ ਪਾਉਂਦਾ ਹੈ । ਤਾਂ ਉਸ ਜਗ੍ਹਾ ਤੋਂ ਮੁੜ ਕੇ ਨਹੀਂ ਆਉਂਦਾ । ਤਾਂ ਇਸ ਦੇ ਅੰਦਰ ਗਿਆਨ ਹੋ ਜਾਂਦਾ ਹੈ । ਤਦ ਉਸ ਜਗ੍ਹਾ ਤੇ ਜਾਂਦਾ ਹੈ, ਜਿਥੋਂ ਦਾ ਕਦੇ ਨਾਸ ਨਹੀਂ ਹੁੰਦਾ । ਕਿਉਂਕਿ ਜੀਵ ਮਨ ਤਨ ਕਰਕੇ ਇਕ ਦੇ ਨਾਮ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ । ਇਸ ਲਈ ਸਦਾ ਹੀ ਪਾਰਬ੍ਰਹਮ ਨਾਲ ਵਸਦਾ ਹੈ । ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ । ਇਵੇਂ ਹੀ ਜੀਵ ਦੀ ਜੋਤਿ ਪਾਰਬ੍ਰਹਮ ਦੀ ਜੋਤ ਵਿਚ ਸਮਾ ਜਾਂਦੀ ਹੈ । ਤਦੇ ਹੀ ਜੀਵ ਦਾ ਭੌਣਾ ਮਿਟ ਜਾਂਦਾਂ ਹੈ ਅਤੇ ਆਰਾਮ ਪਾ ਲੈਂਦਾ ਹੈ । ਸ੍ਰੀ ਗੁਰੂ ਨਾਨਕ ਜੀ ਉਸ ਪ੍ਰਭੂ ਤੋਂ ਸਦਾ ਹੀ ਕੁਰਬਾਨ ਜਾਂਦਾ ਹੈ, ਜਿਸ ਦੇ ਇਹ ਕੌਤਕ ਹਨ ॥੮॥੧੧॥

ਭਾਵ—ਤਿੰਨਾਂ ਪੌੜੀਆਂ ਵਿਚ ਜੀਵ ਦੀ ਪ੍ਰਤੰਤਰਤਾ ਤੇ ਕਰਤਾਰ ਦੇ ਹੁਕਮ ਦੀ ਖੇਡ ਪ੍ਰਗਟ ਕੀਤੀ ਹੈ ਅਤੇ ਚੌਥੀ ਪਉੜੀ ਵਿਚ ਦਸਿਆ ਹੈ ਕਿ ਜਦ ਕਦੇ ਜੀਵ ਸਾਧ ਸੰਗਤ ਵਿਚ ਜਾ ਕੇ ਦਿਲ ਜਮਾ ਕੇ ਬੈਠ ਜਾਵੇ ਅਤੇ ਮਨ ਤਨ ਦੇ ਪ੍ਰੇਮ ਨਾਲ ਇਕ ਦਾ ਜਾਪ ਕਰੇ ਤਾਂ ਮੁਕਤ ਹੋ ਜਾਵੇਗਾ । ਅਗੇ ਮੁਕਤੀ ਦਾ ਰੂਪ ਵੀ ਪ੍ਰਗਟ ਕਰ ਦਿਤਾ ਹੈ ਕਿ ਪਾਣੀ

ਵਿਚ ਪਾਣੀ ਮਿਲ ਜਾਣ ਵਾਂਗੂ ਕਰਤਾਰ ਨਾਲ ਅਭੇਦ ਹੋ ਜਾਣ ਦਾ ਨਾਮ ਮੁਕਤੀ ਹੈ ।

ਸਲੋਕੁ ॥

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥ ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥**

ਪਦ ਅਰਥ—ਮਸਕੀਨੀਆ=ਗਰੀਬੀ ਵਾਲਾ, ਗਰੀਬ । ਆਪੁ=ਹੰਕਾਰ । ਨਿਵਾਰਿ=ਛਡ ਕੇ । ਤਲੇ=ਨੀਵਾਂ । ਗਰਬਿ=ਹੰਕਾਰ ਵਿਚ ।

ਅਰਥ—ਗਰੀਬ ਸੁਖੀ ਵਸਦਾ ਹੈ ਕਿਉਂਕਿ ਉਹ ਹੰਕਾਰ ਛੱਡ ਕੇ ਨੀਵਾਂ ਰਹਿੰਦਾ ਹੈ । ਜੋ ਵੱਡੇ ਵੱਡੇ ਹੰਕਾਰੀ ਹਨ, ਸ੍ਰੀ ਗੁਰੂ ਨਾਨਕ ਜੀ ਆਖਦੇ ਹਨ ਕਿ ਉਹ ਹੰਕਾਰ ਵਿਚ ਸੜਦੇ ਹਨ ॥੧॥

ਅਸਟਪਦੀ ॥

**ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥ ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥ ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥ ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥ ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ**

**ਬਸਾਵੈ ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥**

ਪਦ ਅਰਥ—ਅਭਿ=ਹਿਰਦਾ । ਮਾਨ=ਹੰਕਾਰ । ਪਾਤੀ=ਪੈਂਦਾ ਹੈ । ਸੁਆਨ=ਕੁੱਤਾ । ਬਿਸਟਾ=ਗੰਦਗੀ । ਵੰਤ=ਵਾਲਾ ।

ਅਰਥ—ਜਿਸ ਦੇ ਹਿਰਦੇ ਅੰਦਰ ਰਾਜ ਦਾ ਹੰਕਾਰ ਹੈ ਉਹ ਨਰਕ ਵਿਚ ਪੈਣ ਵਾਲਾ ਕੁੱਤਾ ਹੁੰਦਾ ਹੈ । ਜੋ ਜਾਣਦਾ ਹੈ ਕਿ ਮੈਂ ਬੜਾ ਖੂਬਸੂਰਤ ਹਾਂ । ਉਹ ਗੰਦਗੀ ਦਾ ਕੀੜਾ ਹੁੰਦਾ ਹੈ । ਜੋ ਆਪਣੇ ਆਪ ਨੂੰ ਕਰਮਾਂ ਵਾਲਾ ਕਹਾਉਂਦਾ ਹੈ । ਉਹ ਜੰਮਦਾ ਮਰਦਾ ਹੈ ਅਤੇ ਬਹੁਤੀਆਂ ਜੂਨਾਂ ਵਿਚ ਭੌਂਦਾ ਹੈ । ਜੋ ਧਨ ਤੇ ਧਰਤੀ ਦਾ ਹੰਕਾਰ ਕਰਦਾ ਹੈ । ਉਹ ਮੂਰਖ ਅੰਨ੍ਹਾ ਅਗਿਆਨੀ ਹੈ । ਵਾਹਿਗੁਰੂ ਕ੍ਰਿਪਾ ਕਰ ਕੇ ਜਿਸ ਦੇ ਹਿਰਦੇ ਵਿਚ ਗਰੀਬੀ ਵਸਾਉਂਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਇਥੇ ਸੁਖ ਪਾਉਂਦਾ ਹੈ, ਅਤੇ ਅਗੇ ਜਾ ਕੇ ਮੁਕਤ ਹੁੰਦਾ ਹੈ ॥੧॥

ਭਾਵ—ਸਲੋਕ ਵਿਚ ਹੰਕਾਰੀ ਦਾ ਗਰਬ ਵਿਚ ਗਲਨਾ ਕਿਹਾ ਸੀ । ਸੋਈ ਸਪਸ਼ਟ ਕੀਤਾ ਹੈ ਕਿ ਕਿਸ ਕਿਸ ਪਦਾਰਥ ਦੇ ਹੰਕਾਰ ਕਰ ਕੇ ਕਿਹੜੇ ਕਿਹੜੇ ਦੁਖ ਭੋਗਦਾ ਹੈ ? ਸਿਧਾਂਤ ਇਹ ਸੀ ਕਿ ਸੁਖ 'ਗਰੀਬੀ' ਵਿਚ ਹੈ । ਪਰ ਇਹ 'ਗਰੀਬੀ' ਕਰਤਾਰ ਦੀ ਕ੍ਰਿਪਾ ਤੋਂ ਬਿਨਾਂ ਮਿਲਣੀ ਅਸੰਭਵ ਹੈ ।

**ਧਨਵੰਤਾ ਹੋਇ ਕਰਿ ਗਰਬਾਵੈ ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥ ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾ ਕਾ ਹੋਇ ਬਿਨਾਸ ॥ ਸਭ ਤੇ ਆਪ ਜਾਨੈ**

**ਬਲਵੰਤੁ ॥ ਖਿਨ ਮਹਿ ਹੋਇ ਜਾਇ ਭਸਮੰਤੁ ॥ ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮ ਰਾਇ ਤਿਸੁ ਕਰੇ ਖੁਆਰੀ ॥ ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥**

ਪਦ ਅਰਥ—ਬਦੈ=ਬਿਦਨਾ, ਗਿਨਣਾ, ਜਾਨਣਾ। ਖੁਆਰੀ=ਖਰਾਬ।

ਅਰਥ—ਜੋ ਧਨਵਾਨ ਹੋਣ ਦਾ ਹੰਕਾਰ ਕਰਦਾ ਹੈ। ਕੱਖ ਜਿੰਨਾ ਵੀ ਕੁਝ ਧਨ ਉਸ ਦੇ ਨਾਲ ਨਹੀਂ ਜਾਣਾ। ਜੋ ਫੌਜ ਦੇ ਬਹੁਤੇ ਮਨੁਖਾਂ ਉਤੇ ਭਰੋਸਾ ਕਰਦਾ ਹੈ। ਪਲ ਵਿਚ ਹੀ ਉਸ ਦਾ ਨਾਸ ਹੋ ਜਾਵੇਗਾ। ਜੋ ਸਾਰਿਆਂ ਨਾਲੋਂ ਆਪ ਨੂੰ ਜ਼ੋਰ ਵਾਲਾ ਜਾਣਦਾ ਹੈ। ਉਹ ਛਿਨ ਵਿਚ ਹੀ ਸੁਆਹ ਦੀ ਢੇਰੀ ਹੋ ਜਾਵੇਗਾ। ਜੋ ਕਿਸੇ ਨੂੰ ਵੀ ਆਪਣੇ ਸਮਾਨ ਨਹੀਂ ਬਿਦਦਾ, ਅਤੇ ਆਪ ਨੂੰ ਵੱਡਾ ਅਖਵਾਉਂਦਾ ਹੈ। ਉਸ ਨੂੰ ਧਰਮਰਾਜ ਖੁਆਰ ਕਰੇਗਾ। ਗੁਰਾਂ ਦੀ ਕ੍ਰਿਪਾ ਨਾਲ ਜਿਸ ਦਾ ਹੰਕਾਰ ਮਿਟ ਗਿਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪੁਰਸ਼ ਦਰਗਾਹ ਵਿਚ ਪਰਵਾਨ ਹੈ ॥੨॥

ਭਾਵ—ਹੰਕਾਰ ਦੇ ਮੇਟਿਆਂ ਸੁਖ ਹੈ, ਤੇ ਹੰਕਾਰ ਆਪਣੇ ਆਪ ਦੂਰ ਨਹੀਂ ਹੁੰਦਾ। ਹੰਕਾਰ ਗੁਰਾਂ ਦੀ ਕ੍ਰਿਪਾ ਨਾਲ ਮਿਟਦਾ ਹੈ।

**ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥ ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ**

**ਅਵਤਾਰ ॥ ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥ ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥ ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥**

ਪਦ ਅਰਥ—ਸ੍ਰਮ=ਕਸ਼ਟ, ਦੁਖ । ਬਿਰਥਾਰੇ=ਵਿਅਰਥ । ਗਵੈ= ਜਾਵੇਗਾ। ਸੋਇ=ਸੋਭਾ । ਦ੍ਰਵੈ=ਦਇਆ ਕਰਨੀ ।

ਅਰਥ—ਜੋ ਕ੍ਰੋੜਾਂ ਕਰਮ ਕਰ ਕੇ ਹੰਕਾਰ ਕਰ ਲੈਂਦਾ ਹੈ । ਉਹ ਨਿਰਾ ਕਰਮ ਕਰਨ ਦਾ ਦੁਖ ਉਠਾਉਂਦਾ ਹੈ, ਕਿਉਂਕਿ ਉਸ ਦੇ ਕੀਤੇ ਕਰਮ ਤਾਂ ਸਾਰੇ ਹੀ ਵਿਅਰਥ ਹਨ । ਜੋ ਅਨੇਕਾਂ ਵਰ੍ਹੇ ਤਪ ਕਰ ਕੇ ਉਸ ਦਾ ਹੰਕਾਰ ਕਰਦਾ ਹੈ । ਉਹ ਮੁੜ ਮੁੜ ਕੇ ਨਰਕਾਂ ਸੁਰਗਾਂ ਵਿਚ ਆਉਂਦਾ ਜਾਂਦਾ ਹੈ । ਜੋ ਦਰਗਾਹੇ ਜਾਣ ਦੇ ਯਤਨ ਤਾਂ ਅਨੇਕਾਂ ਕਰਦਾ ਹੈ ਅਤੇ ਮਨ ਕਰ ਕੇ ਕਦੇ ਕਿਸੇ ਉਤੇ ਦਇਆ ਨਹੀਂ ਕਰਦਾ ਦੱਸੋ ਉਹ ਹਰੀ ਦੀ ਦਰਗਾਹ ਵਿਚ ਕਿਵੇਂ ਜਾਵੇਗਾ ? ਜੋ ਆਪ ਨੂੰ ਭਲਾ ਕਹਾਉਂਦਾ ਹੈ। ਭਲਿਆਈ ਤਾਂ ਉਸ ਦੇ ਨੇੜੇ ਵੀ ਨਹੀਂ ਆਉਂਦੀ। ਜਿਸ ਦਾ ਮਨ ਸਾਰਿਆਂ ਦੇ ਪੈਰਾਂ ਦੀ ਖ਼ਾਕ ਹੋ ਗਿਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦੀ ਸੋਭਾ ਨਿਰਮਲ ਹੈ ॥੩॥

**ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥ ਤਬ ਇਸ ਕਉ ਸੁਖੁ ਨਾਹੀ ਕੋਇ ॥ ਜਬ ਇਹ ਜਾਨੈ**

**ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥ ਜਬ ਲਗੁ ਮੋਹ ਮਗਨ ਸੰਗਿ ਮਾਇ ॥ ਤਬ ਲਗੁ ਧਰਮ ਰਾਇ ਦੇਇ ਸਜਾਇ ॥ ਪ੍ਰਭ ਕਿਰਪਾ ਤੇ ਬੰਧਨ ਤੂਟੈ ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥੪॥**

ਅਰਥ—ਜਦ ਤਕ ਜਾਣਦਾ ਹੈ ਜੋ ਮੈਥੋਂ ਕੁਝ ਹੁੰਦਾ ਹੈ। ਤਦ ਤਕ ਇਸ ਨੂੰ ਕੋਈ ਸੁਖ ਨਹੀਂ ਮਿਲਦਾ। ਜਦ ਤਕ ਇਹ ਜਾਣਦਾ ਹੈ ਕਿ ਮੈਂ ਕੁਝ ਕਰਦਾ ਹਾਂ। ਓਨਾਂ ਚਿਰ ਗਰਭ ਜੂਨਾਂ ਵਿਚ ਹੀ ਫਿਰਦਾ ਰਹਿੰਦਾ ਹੈ। ਜਦ ਤਕ ਇਹ ਕਿਸੇ ਨੂੰ ਵੈਰੀ ਤੇ ਕਿਸੇ ਨੂੰ ਮਿਤਰ ਮੰਨਦਾ ਹੈ। ਓਨਾਂ ਚਿਰ ਇਸ ਦਾ ਚਿਤ ਅਡੋਲ ਨਹੀਂ ਹੁੰਦਾ। ਜਿੰਨਾ ਚਿਰ ਮਾਇਆ ਦੇ ਮੋਹ ਵਿਚ ਮਸਤ ਹੈ। ਓਨਾਂ ਚਿਰ ਇਸ ਨੂੰ ਧਰਮ ਰਾਜ ਸਜ਼ਾਈਂ ਦੇਂਦਾ ਹੈ। ਪ੍ਰਭੂ ਦੀ ਕ੍ਰਿਪਾ ਨਾਲ ਜਨਮ ਮਰਨ ਦੇ ਬੰਧਨ ਉਸ ਦੇ ਟੁਟ ਗਏ ਹਨ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਗੁਰਾਂ ਦੀ ਕ੍ਰਿਪਾ ਨਾਲ ਜਿਸ ਨੇ ਹੰਕਾਰ ਛੱਡ ਦਿੱਤਾ ਹੈ ॥੪॥

ਭਾਵ—ਹੰਕਾਰ ਕਰਨ ਤੋਂ ਜਿਨ੍ਹਾਂ ਦੁਖਾਂ ਨੇ ਜੀਵ ਨੂੰ ਸਤਾਉਣਾ ਹੈ ਉਹਨਾਂ ਦਾ ਹੀ ਵਿਚਾਰ ਪ੍ਰਗਟ ਕੀਤਾ ਹੈ। ਅਤੇ ਅੰਤ ਵਿਚ ਦਸਿਆ ਹੈ ਕਿ ਇਹ ਸਾਰੇ ਬੰਧਨ ਕਰਤਾਰ ਦੀ ਮਿਹਰ ਨਾਲ ਟੁੱਟ ਸਕਦੇ ਹਨ। ਪਰ ਮਿਹਰ ਵੀ ਗੁਰਾਂ ਦੀ ਦਇਆ ਦੇ ਅੰਤਰਗਤਿ ਹੈ। ਅਰਥਾਤ ਗੁਰਾਂ ਦੀ ਕਿਰਪਾ ਨਾਲ ਪਹਿਲੇ ਜੀ ਹਉਮੈ ਦਾ ਤਿਆਗ ਕਰੇ ਤਾਂ ਫਿਰ ਇਹਨਾਂ ਤੋਂ ਛੁਟਕਾਰਾ ਦੇਣ ਵਾਲੀ ਕਰਤਾਰੀ ਮਿਹਰ ਆਪੇ ਹੀ ਹੋ ਜਾਵੇਗੀ।

**ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥ ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪਰਾਪਤਿ ਹੋਇ ॥ ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ ਨਾਨਕ ਹਰਿ ਜਾਪਿ ॥੫॥**

ਪਦ ਅਰਥ—ਸਹਸ=ਹਜ਼ਾਰ । ਤ੍ਰਿਪਤਿ=ਰਜੇਵਾਂ । ਮਨੋਰਥ=ਮਨ ਦੇ ਸੰਕਲਪ ।

ਅਰਥ—ਜੇ ਹਜ਼ਾਰਾਂ ਖੱਟਦਾ ਹੈ ਤਾਂ ਫਿਰ ਲੱਖ ਨੂੰ ਉੱਠ ਦੌੜਦਾ ਹੈ । ਰੱਜਦਾ ਨਹੀਂ, ਮਾਇਆ ਜਮ੍ਹਾਂ ਕਰੀ ਜਾਂਦਾ ਹੈ । ਵਿਸ਼ਿਆਂ ਦੇ ਸੁਖਾਂ ਲਈ ਅਨੇਕਾਂ ਭੋਗ ਕਰਦਾ ਹੈ । ਪਰ ਰੱਜਦਾ ਕਦੇ ਨਹੀਂ, ਖਪ ਖਪ ਕੇ ਹੀ ਮਰ ਜਾਂਦਾ ਹੈ । ਸੰਤੋਖ ਤੋਂ ਬਿਨਾਂ ਕੋਈ ਨਹੀਂ ਰੱਜਦਾ, ਮਨ ਦੇ ਸੰਕਲਪ ਤਾਂ ਸੁਪਨੇ ਵਰਗੇ ਹਨ, ਇਨ੍ਹਾਂ ਨੂੰ ਪੂਰੇ ਕਰਨ ਦੇ ਕੰਮ ਵੀ ਸਾਰੇ ਨਿਕੰਮੇ ਹਨ । ਪ੍ਰੇਮ ਨਾਲ ਨਾਮ ਜਪਿਆਂ ਹੀ ਸਾਰੇ ਸੁਖ ਹਾਸਲ ਹੋ ਜਾਂਦੇ ਹਨ। ਪਰ ਨਾਮ ਜਪਣਾ ਕਿਸੇ ਵਡੇ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ । ਜੋ ਆਪ ਕਰਦਾ ਹੈ ਅਤੇ ਆਪੇ ਕਰਾਉਂਦਾ ਹੈ ਸ੍ਰੀ ਗੁਰੂ ਨਾਨਕ ਜੀ ਆਖਦੇ ਹਨ—ਉਸ ਹਰੀ ਨੂੰ ਸਦਾ ਸਦਾ ਜਪੋ ॥੫॥

ਭਾਵ—ਤ੍ਰਿਸ਼ਨਾ ਦਾ ਹੀ ਵਰਣਨ ਕਰਕੇ ਅੰਤ ਵਿਚ ਦਸਿਆ ਹੈ, ਕਿ ਮਾਇਕੀ ਸੁਖ ਤਾਂ ਸੁਪਨੇ ਵਰਗੇ ਹਨ। ਇਹਨਾਂ ਕਦੇ ਹੱਥ ਨਹੀਂ ਆਉਣਾ। ਇਨ੍ਹਾਂ ਮਗਰ ਨਾ ਭੱਜੋ। ਸੁਖਾਂ ਦੇ ਸਮੁੰਦਰ ਕਰਤਾਰ ਦਾ ਨਾਮ ਜਪੋ ਤਾਂ ਸੁਖ ਆਪਣੇ ਆਪ ਹੀ ਆ ਜਾਂਦੇ ਹਨ।

**ਕਰਨ ਕਰਾਵਨ ਕਰਨੈਹਾਰੁ ॥ ਇਸ ਕੈ ਹਾਥਿ ਕਹਾ ਬੀਚਾਰੁ ॥ ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥ ਆਪੇ ਆਪਿ ਆਪਿ ਪ੍ਰਭੁ ਸੋਇ ॥ ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥ ਸਭ ਤੇ ਦੂਰਿ ਸਭਹੂ ਕੈ ਸੰਗਿ ॥ ਬੂਝੈ ਦੇਖੈ ਕਰੈ ਬਿਬੇਕ ॥ ਆਪਹਿ ਏਕ ਆਪਹਿ ਅਨੇਕ ॥ ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ ਰਹਿਆ ਸਮਾਇ ॥੬॥**

ਅਰਥ—ਕਰਨ, ਕਾਰਨ ਤੇ ਕਰਤਾ ਓਹੀ ਹੈ। ਇਸ ਵਿਚਾਰੇ ਜੀਵ ਦੇ ਹੱਥ ਕੀ ਹੈ? ਜੇਹੀ ਨਜ਼ਰ ਕਰਦਾ ਹੈ ਜੀਵ ਤੋਂ ਓਹੀ ਕਰਮ ਹੁੰਦਾ ਹੈ। ਉਹ ਪ੍ਰਭੂ ਆਪ ਕਰਦਾ ਹੈ ਅਤੇ ਆਪਣੇ ਆਪ ਕਰਾਉਂਦਾ ਹੈ। ਜੋ ਕੁਝ ਕਰਦਾ ਹੈ ਆਪਣੀ ਮਰਜ਼ੀ ਨਾਲ ਕਰਦਾ ਹੈ। ਸਾਰਿਆਂ ਤੋਂ ਦੂਰ ਹੈ ਅਤੇ ਸਾਰਿਆਂ ਦੇ ਨਾਲ ਵਸਦਾ ਹੈ। ਸਮਝਦਾ ਹੈ, ਵੇਖਦਾ ਹੈ ਅਤੇ ਵਿਚਾਰ ਕਰਦਾ ਹੈ। ਆਪ ਇਕ ਹੈ ਅਤੇ ਆਪੇ ਅਨੇਕਾਂ ਰੂਪ ਬਣਿਆ ਹੋਇਆ ਹੈ। ਮਰ ਕੇ ਨਾਸ ਨਹੀਂ ਹੁੰਦਾ ਅਤੇ ਨਾ ਕਿਤੇ ਆਉਂਦਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸਦਾ ਹੀ ਸਭਨਾਂ ਵਿਚ ਸਮਾ

ਰਿਹਾ ਹੈ ॥੬॥

ਭਾਵ—ਹੰਕਾਰ ਨਵਿਰਤੀ ਦਾ ਸਾਧਨ ਪ੍ਰਗਟ ਕੀਤਾ ਹੈ ਕਿ ਜਦ ਇਹ ਸਮਝ ਲਿਆ ਜਾਵੇ ਕਿ ਕਰਤਾਰ ਹੀ ਸਭ ਕੁਝ ਕਰਦਾ ਹੈ ਅਤੇ ਓਹੀ ਕਰਾਉਂਦਾ ਹੈ ਤਾਂ ਮੈਂ ਕੌਣ ਹਾਂ, ਜੋ ਹੰਕਾਰ ਕਰਾਂ ? ਬਸ ਇਹ ਇਕ ਜੁਗਤੀ ਹੈ ਜਿਸ ਦੁਆਰਾ ਸਦਾ ਦੇ ਸੁਖ ਮਿਲ ਸਕਦੇ ਹਨ ਅਤੇ ਦਰਗਾਹੇ ਸੁਰਖਰੂ ਹੋ ਸਕਦੇ ਹਾਂ ।

**ਆਪਿ ਉਪਦੇਸੈ ਸਮਝੈ ਆਪਿ ॥ ਆਪੇ ਰਚਿਆ ਸਭ ਕੈ ਸਾਥਿ ॥ ਆਪਿ ਕੀਨੋ ਆਪਨ ਬਿਸਥਾਰੁ ॥ ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥ ਉਸ ਤੇ ਭਿੰਨ ਕਹਹੁ ਕਿਛੁ ਹੋਇ ॥ ਥਾਨ ਥਨੰਤਰਿ ਏਕੈ ਸੋਇ ॥ ਅਪੁਨੇ ਚਲਿਤ ਆਪਿ ਕਰਣੈਹਾਰ ॥ ਕਉਤਕ ਕਰੈ ਰੰਗ ਆਪਾਰ ॥ ਮਨ ਮਹਿ ਆਪਿ ਮਨ ਅਪੁਨੇ ਮਾਹਿ ॥ ਨਾਨਕ ਕੀਮਤਿ ਕਹਨੁ ਨ ਜਾਇ ॥੭॥**

ਪਦ ਅਰਥ—ਬਿਸਥਾਰ=ਫੈਲਾਵ । ਭਿੰਨ=ਵਖ । ਥਨੰਤਰਿ=ਜੁਗਾਂ ਵਿਚ । ਚਲਿਤ=ਚਲਿਤ੍ਰ, ਤਮਾਸ਼ਾ । ਮਨ=ਜੀਵ । ਕਉਤਕ=ਖੇਡ ।

ਅਰਥ—ਆਪੇ ਉਪਦੇਸ਼ ਦੇਂਦਾ ਹੈ, ਆਪੇ ਸਮਝਦਾ ਹੈ । ਆਪੇ ਸੰਸਾਰ ਰਚਿਆ ਹੈ ਅਤੇ ਆਪੇ ਹੀ ਸਾਰਿਆਂ ਦੇ ਨਾਲ ਵਸਦਾ ਹੈ । ਆਪੇ ਹੀ ਕੀਤਾ ਹੈ ਅਤੇ ਆਪ ਹੀ ਸਾਰੇ ਖਿਲਾਰ ਰੂਪ ਹੈ । ਸਭ ਕੁਝ ਉਸੇ ਦਾ ਰੂਪ ਹੈ ਅਤੇ ਓਹੀ ਕਰਨ ਵਾਲਾ ਹੈ । ਦਸੋ ਉਸ ਤੋਂ ਬਿਨਾਂ ਕੁਝ ਹੋ ਸਕਦਾ

ਹੈ ? ਉਹ ਇਕੋ ਹੀ ਜਗ੍ਹਾ ਜਗ੍ਹਾ ਵਿਚ ਵਿਆਪਕ ਹੈ । ਉਸ ਦੇ ਆਪਣੇ ਹੀ ਚਲਿਤ੍ਰ ਹਨ ਅੰਤੇ ਆਪੇ ਕਰਨ ਵਾਲਾ ਹੈ । ਅਨੇਕਾਂ ਰੰਗਾਂ ਦੀਆਂ ਖੇਡਾਂ ਕਰਦਾ ਹੈ । ਜੀਵ ਵਿਚ ਆਪ ਵਸਦਾ ਹੈ ਅਤੇ ਉਸ ਦੇ ਆਪਣੇ ਸਰੂਪ ਵਿਚ ਜੀਵ ਹੈ ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦਾ ਅੰਤ ਕਿਹਾ ਨਹੀਂ ਜਾਂਦਾ ॥੭॥

ਭਾਵ—'ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥' ਇਹ ਹੀ ਭਾਵ ਸਪਸ਼ਟ ਕੀਤਾ ਹੈ ।

**ਸਤਿ ਸਤਿ ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ ਕਿਨੈ ਵਖਿਆਨੀ ॥ ਸਚੁ ਸਚੁ ਸਚੁ ਸਭੁ ਕੀਨਾ ॥ ਕੋਟਿ ਮਧੇ ਕਿਨੈ ਬਿਰਲੈ ਚੀਨਾ ॥ ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥ ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥ ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥**

ਅਰਥ—ਪ੍ਰਭੂ ਸੁਆਮੀ ਪਿਛੇ ਸਤ ਸੀ, ਹੁਣ ਸਤ ਹੈ ਅਤੇ ਅਗੇ ਨੂੰ ਸਤ ਹੋਵੇਗਾ । ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਉਸ ਨੂੰ ਜਪਿਆ ਹੈ । ਉਸ ਸਚ ਸਰੂਪ ਦਾ ਕੀਤਾ ਹੋਇਆ ਹੁਕਮ ਸਚ ਮੁਚ ਸਭ

ਸਚ ਹੁੰਦਾ ਹੈ। ਪਰ ਕਰੋੜਾਂ ਵਿਚੋਂ ਕਿਸੇ ਵਿਰਲੇ ਨੇ ਹੀ ਇਹ ਜਾਣਿਆ ਹੈ। ਹੇ ਕਰਤਾਰ! ਤੇਰਾ ਰੂਪ ਚੰਗਿਆਂ ਤੋਂ ਚੰਗਾ ਵੀ ਡਾਢਾ ਚੰਗਾ ਹੈ। ਡਾਢਾ ਸੁੰਦਰ ਅਤੇ ਬੜਾ ਹੀ ਅਸਚਰਜ ਹੈ। ਹੇ ਨਿਰਮਲ! ਤੇਰੀ ਬਾਣੀ ਨਿਰਮਲ ਤੋਂ ਵੀ ਨਿਰਮਲ ਹੈ। ਜੋ ਕੰਨਾਂ ਨਾਲ ਘਟ ਘਟ ਵਿਚੋਂ ਸੁਣੀ ਜਾਂਦੀ ਅਤੇ ਜੀਭ ਨਾਲ ਬੋਲੀ ਜਾਂਦੀ ਹੈ। ਉਸ ਦਾ ਮਨ ਪਵਿਤ੍ਰ ਹੈ, ਤਨ ਪਵਿਤ੍ਰ ਹੈ ਅਤੇ ਬਾਣੀ ਪਵਿਤ੍ਰ ਹੈ, ਉਹ ਆਪ ਪੁਨੀਤ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੋ ਮਨ ਦੀ ਪ੍ਰੀਤੀ ਨਾਲ ਨਾਮ ਜਪਦਾ ਹੈ ॥੮॥੧੨॥

ਭਾਵ—ਨਾਮ ਜਪਣ ਵਾਲੇ ਦੇ ਸਾਰੇ ਅੰਗ, ਇੰਦਰੇ, ਦੇਹ, ਕਰਮ ਆਦਿਕ ਸਭ ਸਫਲੇ ਹਨ, ਇਸ ਲਈ ਨਾਮ ਜਪਣਾ ਚਾਹੀਦਾ ਹੈ।

ਸਲੋਕੁ ॥

## ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥ ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥

ਅਰਥ—ਜੋ ਪੁਰਸ਼ ਸੰਤਾਂ ਦੀ ਸ਼ਰਨੀ ਪੈਂਦਾ ਹੈ ਉਹ ਪੁਰਸ਼ ਤਰ ਜਾਵੇਗਾ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੋ ਸੰਤਾਂ ਦੀ ਨਿੰਦਾ ਕਰਦਾ ਹੈ ਉਹ ਮੁੜ ਮੁੜ ਕੇ ਜੰਮਣ ਮਰਨ ਵਿਚ ਆਵੇਗਾ।

ਅਸਟਪਦੀ॥

## ਸੰਤ ਕੈ ਦੂਖਨਿ ਆਰਜਾ ਘਟੈ ॥ ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥ ਸੰਤ ਕੈ ਦੂਖਨਿ

**ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ ਨਰਕ ਮਹਿ ਪਾਇ ॥ ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ ਸੋਭਾ ਤੇ ਹੀਨ ॥ ਸੰਤ ਕੇ ਹਤੇ ਕਉ ਰਖੈ ਨ ਕੋਇ ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥ ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥ ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥੧॥**

ਪਦ ਅਰਥ—ਹਤੇ=ਮਾਰੇ ਹੋਏ, ਫਿਟਕਾਰੇ ਹੋਏ। ਥਾਨ ਭ੍ਰਸਟੁ=ਭ੍ਰਸ਼ਟ ਜਗ੍ਹਾ ਤੋਂ ਡਿਗਣਾ।

ਅਰਥ—ਸੰਤਾਂ ਦੀ ਨਿੰਦਾ ਕਰਨ ਵਾਲੇ ਦੀ ਉਮਰ ਘਟਦੀ ਹੈ। ਸੰਤਾਂ ਦਾ ਦੋਖੀ ਜਮਾਂ ਤੋਂ ਨਹੀਂ ਛੁਟ ਸਕਦਾ। ਸੰਤਾਂ ਦੇ ਦੋਖੀ ਦੇ ਸਾਰੇ ਸੁਖ ਚਲੇ ਜਾਂਦੇ ਹਨ। ਸੰਤਾਂ ਦਾ ਦੋਖੀ ਨਰਕਾਂ ਵਿਚ ਪੈਂਦਾ ਹੈ। ਸੰਤਾਂ ਦੇ ਦੋਖੀ ਦੀ ਮਤਿ ਮਲੀਨ ਹੋ ਜਾਂਦੀ ਹੈ। ਸੰਤਾਂ ਦੇ ਦੋਖੀ ਦੀ ਸੋਭਾ ਮਾਰੀ ਜਾਂਦੀ ਹੈ। ਸੰਤਾਂ ਦੇ ਮਾਰੇ ਹੋਏ ਨੂੰ ਕੋਈ ਵੀ ਨਹੀਂ ਰਖ ਸਕਦਾ। ਸੰਤਾਂ ਦਾ ਦੋਖੀ ਆਪਣੀ ਜਗ੍ਹਾ ਤੋਂ ਵੀ ਡਿਗ ਪੈਂਦਾ ਹੈ। ਕ੍ਰਿਪਾਲੂ ਸੰਤ ਜੇਕਰ ਉਸ ਉਤੇ ਕ੍ਰਿਪਾ ਕਰ ਦੇਵੇ ਤਾਂ ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸੰਤਾਂ ਦੀ ਸੰਗਤ ਕਰ ਕੇ ਨਿੰਦਕ ਵੀ ਤਰ ਜਾਵੇਗਾ ॥੧॥

ਭਾਵ—ਨਿੰਦਾ ਤਾਂ ਕਿਸੇ ਦੀ ਵੀ ਕਰਨੀ ਚੰਗੀ ਨਹੀਂ, ਪਰ ਸੰਤਾਂ ਦੀ ਨਿੰਦਾ ਕਰਨੀ ਤਾਂ ਮਹਾਨ ਪਾਪ ਹੈ। ਇਥੇ ਸੰਤਾਂ ਦੇ ਨਿੰਦਕਾਂ ਦੀ ਦਸ਼ਾ ਪ੍ਰਗਟ ਕਰਕੇ ਦਸਿਆ ਹੈ ਕਿ ਜੇਕਰ ਉਹਨਾਂ ਉਤੇ ਸੰਤਾਂ ਦੀ ਮਿਹਰ ਹੋ ਜਾਵੇ ਤਾਂ ਫਿਰ ਉਹ ਵੀ ਤਰ ਜਾਣਗੇ।

**ਸੰਤ ਕੇ ਦੂਖਨ ਤੇ ਮੁਖੁ ਭਵੈ ॥ ਸੰਤਨ ਕੈ**

**ਦੂਖਨਿ ਕਾਗ ਜਿਉ ਲਵੈ ॥ ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥ ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥ ਸੰਤ ਕੈ ਦੂਖਨਿ ਸਭੁ ਕੋ ਛਲੈ ॥ ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥ ਸੰਤ ਕੈ ਦੂਖਨਿ ਨੀਚੁ ਨੀਚਾਇ ॥ ਸੰਤ ਦੋਖੀ ਕਾ ਥਾਉ ਕੋ ਨਾਹਿ ॥ ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥੨॥**

ਪਦ ਅਰਥ—ਲਵੈ=ਲਾਉਂਦੇ ਹਨ । ਤ੍ਰਿਗਦ=ਟੇਢੀਆਂ, ਢਿੱਡ ਭਾਰ ਤੁਰਨ ਵਾਲੀਆਂ ।

ਅਰਥ—ਸੰਤਾਂ ਦੀ ਨਿੰਦਾ ਕਰਨ ਵਾਲੇ ਦਾ ਮੂੰਹ ਫਿਰ ਜਾਂਦਾ ਹੈ। ਸੰਤਾਂ ਦਾ ਦੋਖੀ ਕਾਂ ਵਾਂਗ ਲਊਂ ਲਊਂ ਕਰਦਾ ਹੈ । ਸੰਤਾਂ ਦੇ ਨਿੰਦਕ ਸੱਪ ਦੀ ਜੋਨ ਵਿਚ ਪੈਂਦੇ ਹਨ । ਸੰਤਾਂ ਦੇ ਦੋਖੀ ਕੀੜੇ ਆਦਿਕ ਟੇਢੀਆਂ ਜੂਨਾਂ ਵਿਚ ਜਾਂਦੇ ਹਨ । ਸੰਤਾਂ ਦੇ ਦੋਖੀ ਤ੍ਰਿਸ਼ਨਾ ਵਿਚ ਸੜਦੇ ਹਨ । ਸੰਤਾਂ ਦੇ ਦੋਖੀ ਸਭ ਕਿਸੇ ਨੂੰ ਛਲਦੇ ਹਨ । ਸੰਤਾਂ ਦੇ ਦੋਖੀ ਦਾ ਸਾਰਾ ਤੇਜ ਨਾਸ ਹੋ ਜਾਂਦਾ ਹੈ । ਸੰਤਾਂ ਦਾ ਦੋਖੀ ਨੀਚਾਂ ਤੋਂ ਵੀ ਨੀਚ ਹੈ । ਸੰਤਾਂ ਦੇ ਦੋਖੀ ਦਾ ਕੋਈ ਟਿਕਾਣਾ ਨਹੀਂ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸੰਤ ਚਾਹੇ ਤਾਂ ਉਹ ਵੀ ਗਤੀ ਪਾ ਲਵੇਗਾ ॥੨॥

**ਸੰਤ ਕਾ ਨਿੰਦਕੁ ਮਹਾ ਅਤਤਾਈ ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥ ਸੰਤ ਕਾ**

# ਨਿੰਦਕੁ ਮਹਾ ਹਤਿਆਰਾ ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥ ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥ ਸੰਤ ਕੇ ਨਿੰਦਕ ਕਉ ਸਰਬ ਰੋਗ ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥ ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥ ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥

ਪਦ ਅਰਥ—ਅਤਤਾਈ=ਘੋਰ ਪਾਪ ਕਰਨ ਵਾਲਾ । ਹਤਿਆਰਾ= ਜ਼ਾਲਮ, ਜ਼ੁਲਮ ਕਰਨ ਵਾਲਾ ।

ਅਰਥ—ਸੰਤ ਦਾ ਨਿੰਦਕ ਬੜਾ ਹੀ ਮਹਾਨ ਪਾਪੀ ਹੈ । ਸੰਤਾਂ ਦਾ ਨਿੰਦਕ ਛਿਨ ਭਰ ਵੀ ਟਿਕ ਨਹੀਂ ਸਕਦਾ । ਸੰਤਾਂ ਦਾ ਨਿੰਦਕ ਬੜਾ ਜ਼ਾਲਮ ਹੈ । ਸੰਤਾਂ ਦੇ ਨਿੰਦਕ ਨੂੰ ਪਰਮੇਸਰ ਨੇ ਆਪ ਮਾਰਿਆ ਹੈ । ਸੰਤਾਂ ਦਾ ਨਿੰਦਕ ਰਾਜ ਤੋਂ ਹੀਣਾ ਹੈ । ਸੰਤਾਂ ਦਾ ਨਿੰਦਕ ਦੀਨ ਤੇ ਦੁਖੀ ਹੈ। ਸੰਤਾਂ ਦੇ ਨਿੰਦਕ ਨੂੰ ਸਾਰੇ ਰੋਗ ਹੋ ਜਾਂਦੇ ਹਨ । ਸੰਤ ਦੇ ਨਿੰਦਕ ਨੂੰ ਸਦਾ ਹੀ ਦੁਖ ਬਣਿਆ ਰਹਿੰਦਾ ਹੈ । ਸੰਤਾਂ ਦੀ ਨਿੰਦਾ ਦੋਖਾਂ ਵਿਚੋਂ ਵਡਾ ਦੋਖ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੇ ਸੰਤ ਚਾਹੇ ਤਾਂ ਉਸ ਦੀ ਵੀ ਮੁਕਤੀ ਹੋ ਜਾਵੇਗੀ ॥੩॥

# ਸੰਤ ਕਾ ਦੋਖੀ ਸਦਾ ਅਪਵਿਤੁ ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥ ਸੰਤ ਕੇ ਦੋਖੀ ਕਉ ਡਾਨੁ ਲਾਗੈ ॥ ਸੰਤ ਕੇ ਦੋਖੀ ਕਉ ਸਭ

ਤਿਆਗੈ ॥ ਸੰਤ ਕਾ ਦੋਖੀ ਮਹਾ ਅਹੰਕਾਰੀ ॥ ਸੰਤ ਕਾ ਦੋਖੀ ਸਦਾ ਬਿਕਾਰੀ ॥ ਸੰਤ ਕਾ ਦੋਖੀ ਜਨਮੈ ਮਰੈ ॥ ਸੰਤ ਕੀ ਦੂਖਨਾ ਸੁਖ ਤੇ ਟਰੈ ॥ ਸੰਤ ਕੇ ਦੋਖੀ ਕਉ ਨਾਹੀ ਠਾਉ ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥

ਅਰਥ—ਸੰਤ ਦਾ ਦੋਖੀ ਸਦਾ ਹੀ ਅਪਵਿਤ੍ਰ ਰਹਿੰਦਾ ਹੈ। ਸੰਤ ਦਾ ਦੋਖੀ ਕਿਸੇ ਦਾ ਮਿਤਰ ਨਹੀਂ ਬਣਦਾ। ਸੰਤ ਦੇ ਦੋਖੀ ਨੂੰ ਜਮਾਂ ਦਾ ਡੰਡ ਲਗਦਾ ਹੈ। ਸੰਤ ਦੇ ਦੋਖੀ ਨੂੰ ਸਾਰੇ ਹੀ ਛਡ ਜਾਂਦੇ ਹਨ। ਸੰਤ ਦਾ ਦੋਖੀ ਵਡਾ ਹੀ ਹੰਕਾਰੀ ਹੈ। ਸੰਤ ਦਾ ਦੋਖੀ ਜੰਮਦਾ ਮਰਦਾ ਰਹਿੰਦਾ ਹੈ, ਸੰਤ ਦੀ ਨਿੰਦਾ ਕਰਨ ਵਾਲਾ ਸੁਖਾਂ ਤੋਂ ਡਿਗ ਪੈਂਦਾ ਹੈ। ਸੰਤ ਦੇ ਦੋਖੀ ਨੂੰ ਕੋਈ ਜਗ੍ਹਾ ਨਹੀਂ ਮਿਲਦੀ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸੰਤੁ ਚਾਹੇ ਤਾਂ ਉਸ ਨੂੰ ਵੀ ਕਰਤਾਰ ਨਾਲ ਮਿਲਾ ਲਏਗਾ ॥੪॥

ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ ਸੰਤ ਦਾ ਦੋਖੀ ਕਿਤੈ ਕਾਜਿ ਨ ਪਹੂਚੈ ॥ ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥ ਸੰਤ ਕਾ ਦੋਖੀ ਉਝੜਿ ਪਾਈਐ ॥ ਸੰਤ ਕਾ ਦੋਖੀ ਅੰਤਰ ਤੇ ਥੋਥਾ ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥ ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥

**ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥**

ਪਦ ਅਰਥ—ਉਦਿਆਨ=ਉਜਾੜ, ਚੁਰਾਸੀ । ਉਝੜਿ=ਕੁਰਾਹੇ ।

ਅਰਥ—ਸੰਤ ਦਾ ਦੋਖੀ ਵਿਚਾਲਿਓਂ ਟੁਟ ਜਾਂਦਾ ਹੈ । ਸੰਤ ਦਾ ਦੋਖੀ ਕਿਸੇ ਕੰਮ ਵਿਚ ਪੂਰਾ ਨਹੀਂ ਉਤਰ ਸਕਦਾ । ਸੰਤ ਦਾ ਦੋਖੀ ਚੁਰਾਸੀ ਵਿਚ ਭੁਆਇਆ ਜਾਵੇਗਾ । (ਕਿਉਂਕਿ) ਸੰਤ ਦਾ ਦੋਖੀ ਕੁਰਾਹੇ ਪਿਆ ਹੋਇਆ ਹੈ । ਸੰਤ ਦਾ ਦੋਖੀ ਅੰਦਰੋਂ ਥੋਥਾ ਹੈ । ਜਿਵੇਂ ਸਵਾਸਾਂ ਤੋਂ ਬਿਨਾਂ ਮੁਰਦੇ ਦੀ ਲੋਥ ਹੁੰਦੀ ਹੈ । ਸੰਤ ਦੇ ਦੋਖੀ ਦੀ ਕੁਝ ਜੜ੍ਹ ਵੀ ਨਹੀਂ ਹੈ । ਉਹ ਆਪਣੇ ਬੀਜੇ ਨੂੰ ਆਪੇ ਹੀ ਖਾਂਦਾ ਹੈ । ਸੰਤ ਦੇ ਦੋਖੀ ਨੂੰ ਹੋਰ ਕੋਈ ਰਖਣ ਵਾਲਾ ਨਹੀਂ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸੰਤ ਚਾਹੇ ਤਾਂ ਉਸ ਨੂੰ ਵੀ ਤਾਰ ਲਵੇਗਾ ॥੫॥

**ਸੰਤ ਕਾ ਦੋਖੀ ਇਉ ਬਿਲਲਾਇ ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥ ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥ ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥ ਸੰਤ ਕਾ ਦੋਖੀ ਧਰਮ ਤੇ ਰਹਤ ॥ ਸੰਤ ਕਾ ਦੋਖੀ ਸਦ ਮਿਥਿਆ ਕਹਤ ॥ ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥ ਨਾਨਕ ਜੋ**

ਤਿਸੁ ਭਾਵੈ ਸੋਈ ਥਿਆ ॥੬॥

ਪਦ ਅਰਥ—ਪਾਵਕ=ਅੱਗ । ਈਧਨ=ਬਾਲਣ । ਦੂਹੇਲਾ=ਦੁਖੀ ।

ਅਰਥ—ਸੰਤ ਦਾ ਦੋਖੀ ਇਸ ਤਰ੍ਹਾਂ ਵਿਰਲਾਪ ਕਰਦਾ ਹੈ, ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ । ਸੰਤ ਦਾ ਦੋਖੀ ਭੁੱਖਾ ਨਹੀਂ ਰੱਜਦਾ । ਜਿਵੇਂ ਅੱਗ ਬਾਲਣ ਨਾਲ ਨਹੀਂ ਰੱਜਦੀ । ਸੰਤ ਦਾ ਦੋਖੀ ਇਕੱਲਾ ਹੀ ਛਡਿਆ ਜਾਂਦਾ ਹੈ । ਜਿਵੇਂ ਬੁਆੜ ਤਿਲ ਖੇਤ ਵਿਚ [ਇਕੱਲਾ ਰਹਿ ਕੇ] ਦੁਖੀ ਹੁੰਦਾ ਹੈ । ਸੰਤ ਦਾ ਦੋਖੀ ਧਰਮ ਤੋਂ ਹੀਣਾ ਹੈ, ਸੰਤ ਦਾ ਦੋਖੀ ਸਦਾ ਹੀ ਝੂਠ ਬੋਲਦਾ ਹੈ । ਨਿੰਦਕ ਦਾ ਕਿਰਤੰ ਧੁਰ ਤੋਂ ਹੀ ਇਹ ਪਿਆ ਹੋਇਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੋ ਉਸ ਕਰਤਾਰ ਨੂੰ ਭਾਉਂਦਾ ਹੈ ਓਹੋ ਹੀ ਹੁੰਦਾ ਹੈ ॥੬॥

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥ ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥ ਸੰਤ ਕਾ ਦੋਖੀ ਸਦਾ ਸਹਕਾਈਐ ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥ ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥ ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ ਜੈਸਾ ਭਾਵੈ ਤੈਸਾ ਕੋਈ ਹੋਇ ॥ ਪਇਆ ਕਿਰਤੁ ਨ ਮੇਟੈ ਕੋਇ ॥ ਨਾਨਕ ਜਾਨੈ ਸਚਾ ਸੋਇ ॥੭॥

ਪਦ ਅਰਥ—ਬਿਗੜ ਰੂਪ=ਵਿਗੜੇ ਰੂਪ ਵਾਲਾ, ਕੋਹੜਾ। ਤ੍ਰਿਸਟੈ=ਸਥਿਰ ਹੋਣਾ।

ਅਰਥ—ਸੰਤ ਦਾ ਦੋਖੀ ਕੋਹੜੀ ਹੋ ਜਾਂਦਾ ਹੈ। ਸੰਤ ਦੇ ਦੋਖੀ ਨੂੰ ਦਰਗਾਹ ਵਿਚ ਸਜ਼ਾ ਮਿਲਦੀ ਹੈ। ਸੰਤ ਦਾ ਦੋਖੀ ਸਦਾ ਹੀ ਸਹਿਕਦਾ ਰਹਿੰਦਾ ਹੈ। ਸੰਤ ਦਾ ਦੋਖੀ ਨਾ ਮਰਦਾ ਹੈ, ਨਾ ਜੀਊਂਦਾ ਹੈ। ਸੰਤ ਦੇ ਦੋਖੀ ਦੀ ਆਸਾ ਪੂਰੀ ਨਹੀਂ ਹੁੰਦੀ। ਸੰਤ ਦਾ ਦੋਖੀ ਨਿਰਾਸਾ ਹੀ ਉਠ ਜਾਂਦਾ ਹੈ। ਸੰਤ ਦੇ ਦੋਖੀਆਂ ਵਿਚੋਂ ਕੋਈ ਵੀ ਸਥਿਰ ਨਹੀਂ ਹੁੰਦਾ। ਜੈਸਾ ਕਰਤਾਰ ਨੂੰ ਭਾਉਂਦਾ ਹੈ। ਤੇਹਾ ਹੀ ਕਰਮ ਹੁੰਦਾ ਹੈ। ਪਏ ਹੋਏ ਕਰਮ ਕੋਈ ਮੇਟ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਹੀ ਸੱਚਾ ਸਭ ਕੁਝ ਜਾਣਦਾ ਹੈ ॥੭॥

ਭਾਵ—ਇਸ ਅਸਟਪਦੀ ਵਿਚ ਸੰਤ ਦੇ ਨਿੰਦਕਾਂ ਦਾ ਹੀ ਵਿਚਾਰ ਪ੍ਰਗਟ ਕਰਕੇ ਉਪਦੇਸ਼ ਦਿਤਾ ਹੈ ਕਿ ਹੇ ਜੀਵੋ! ਨਿੰਦਾ ਕਿਸੇ ਦੀ ਵੀ ਨਾ ਕਰੋ। ਜਿਨ੍ਹਾਂ ਨਿੰਦਾ ਕਰ ਕੇ ਭਾਰ ਆਪਣੇ ਸਿਰ ਤੇ ਚੁਕ ਲਿਆ ਹੈ ਉਹ ਸੰਤਾਂ ਦੀ ਸ਼ਰਨੀ ਜਾ ਕੇ ਹੀ ਮੁਕਤ ਹੋ ਸਕਦੇ ਹਨ।

**ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥ ਸਦਾ ਸਦਾ ਤਿਸ ਕਉ ਨਮਸਕਾਰੁ ॥ ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ ਸਾਸਿ ਗਿਰਾਸਿ ॥ ਸਭੁ ਕਛੁ ਵਰਤੈ ਤਿਸ ਕਾ ਕੀਆ ॥ ਜੈਸਾ ਕਰੇ ਤੈਸਾ ਕੋ ਥੀਆ ॥ ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ ਕਹੈ ਬੀਚਾਰੁ ॥ ਜਿਸ ਨੋ ਕ੍ਰਿਪਾ**

**ਕਰੈ ਤਿਸੁ ਆਪਨ ਨਾਮੁ ਦੇਇ ॥ ਬਡਭਾਗੀ ਨਾਨਕ ਜਨ ਸੇਇ ॥੮॥੧੩॥**

ਅਰਥ—ਸਾਰੇ ਸਰੀਰ ਉਸ ਦੇ ਹਨ ਅਤੇ ਉਹ ਹੀ ਕਰਨ ਵਾਲਾ ਹੈ। ਸਦਾ ਸਦਾ ਉਸ ਨੂੰ ਨਮਸ਼ਕਾਰ ਹੈ। ਪ੍ਰਭੂ ਦੀ ਉਸਤਤੀ ਦਿਨ ਰਾਤ ਕਰੋ। ਉਸੇ ਨੂੰ ਸਾਸ ਗਿਰਾਸ ਧਿਆਵੋ। ਉਸ ਦਾ ਕੀਤਾ ਹੀ ਸਭ ਕੁਝ ਵਰਤਦਾ ਹੈ। ਜਿਹਾ ਕਰਦਾ ਹੈ, ਤੇਹਾ ਹੁੰਦਾ ਹੈ। ਆਪਣੀ ਖੇਡ ਨੂੰ ਆਪੇ ਹੀ ਕਰਨੇ ਵਾਲਾ ਹੈ। ਦੂਸਰਾ ਹੋਰ ਕੌਣ ਹੈ ? ਜਿਸ ਦੀ ਵਿਚਾਰ ਆਖੀਏ। ਜਿਸ ਤੇ ਕ੍ਰਿਪਾ ਕਰੇ, ਉਸ ਨੂੰ ਆਪਣਾ ਨਾਮ ਦੇਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਹੀ ਪੁਰਸ਼ ਵੱਡੇ ਭਾਗਾਂ ਵਾਲਾ ਹੈ ॥੮॥੧੩॥

ਭਾਵ—ਸਭ ਕੁਝ ਉਸ ਦਾ ਕੀਤਾ ਹੋਇਆ ਹੈ ਅਤੇ ਉਸੇ ਦਾ ਹੁਕਮ ਵਰਤਦਾ ਹੈ। ਇਸ ਲਈ ਕਿਸੇ ਨੂੰ ਬੁਰਾ ਭਲਾ ਨਾ ਆਖੋ।

ਸਲੋਕੁ ॥

**ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥ ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥੧॥**

ਅਰਥ—ਹੇ ਭਲੇ ਪੁਰਸ਼ੋ ! ਸਿਆਣਪ ਛਡੋ ਅਤੇ ਹਰੀ ਰਾਜੇ ਦਾ ਹਰਿ ਨਾਮ ਸਿਮਰੋ। ਇਕ ਦੀ ਹੀ ਆਸ ਮਨ ਵਿਚ ਰੱਖੋ, ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ ਦੁਖ, ਭਰਮ ਤੇ ਡਰ ਦੂਰ ਹੋ ਜਾਵੇਗਾ ॥੧॥

ਅਸਟਪਦੀ ॥

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ**

ਕਉ ਏਕੈ ਭਗਵਾਨੁ ॥ ਜਿਸ ਕੈ ਦੀਐ ਰਹੈ ਅਘਾਇ ॥ ਬਹੁਰਿ ਨ ਤ੍ਰਿਸਨਾ ਲਾਗੈ ਆਇ ॥ ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥ ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ ਲਾਗੈ ਕੋਇ ॥੧॥

ਅਰਥ—ਮਨੁੱਖ ਦੀ ਓਟ ਰਖਣੀ ਸਭ ਵਿਅਰਥ ਹੈ । ਦੇਣ ਵਾਲਾ ਇਕੋ ਹੀ ਕਰਤਾਰ ਹੈ । ਜਿਸ ਦੇ ਦਿਤਿਆਂ ਹੀ ਰੱਜੀਦਾ ਹੈ । ਫੇਰ ਭੁੱਖ ਆ ਕੇ ਨਹੀਂ ਲੱਗਦੀ । ਉਹ ਇਕ ਆਪੇ ਹੀ ਮਾਰਦਾ ਤੇ ਰਖਦਾ ਹੈ । ਬੰਦੇ ਦੇ ਹੱਥ ਵਿਚ ਕੁਝ ਵੀ ਨਹੀਂ ਹੈ । ਉਸ ਦਾ ਹੁਕਮ ਮੰਨਿਆਂ ਸੁਖ ਹੁੰਦਾ ਹੈ । ਉਸੇ ਦਾ ਨਾਮ ਹਿਰਦੇ ਵਿਚ ਪਰੋਈ ਰਖੋ । ਉਸ ਪ੍ਰਭੂ ਨੂੰ ਮਨ, ਬਾਣੀ, ਸਰੀਰ ਕਰ ਕੇ ਸਿਮਰੋ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ ਕੋਈ ਵੀ ਵਿਘਨ ਨਹੀਂ ਲੱਗੇਗਾ ॥੧॥

ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥ ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥ ਨੈਨਹੁ ਪੇਖੁ ਠਾਕੁਰ ਕਾ ਰੰਗੁ ॥ ਸਾਧਸੰਗਿ ਬਿਨਸੈ ਸਭ ਸੰਗੁ ॥ ਚਰਨ ਚਲਉ

**ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ ॥ ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਊਜਲ ਮਥਾ ॥੨॥**

ਅਰਥ—ਮਨ ਵਿਚ ਨਿਰੰਕਾਰ ਦੀ ਉਸਤਤ ਕਰੋ । ਹੇ ਮੇਰੇ ਮਨ ! ਇਕ ਸੱਚਾ ਵਿਹਾਰ ਕਰ । ਜੀਭ ਨਾਲੁ ਅੰਮ੍ਰਿਤ ਸਮਾਨ ਨਿਰਮਲ ਨਾਮ ਰਸ ਪੀਓ । ਜੋ ਜੀਵ ਨੂੰ ਸਦਾ ਹੀ ਸੁਖੀ ਕਰੇਗਾ । ਅੱਖਾਂ ਨਾਲ ਕਰਤਾਰ ਦਾ ਰੰਗ ਵੇਖ । ਸਾਧਾਂ ਦਾ ਸੰਗ ਕਰ ਅਤੇ ਹੋਰ ਸਾਰੇ ਰੰਗ ਛੱਡ ਦੇਹ। ਪੈਰਾਂ ਨਾਲ ਗੋਬਿੰਦ ਦੇ ਰਸਤੇ ਚੱਲ । ਥੋੜਾ ਵਕਤ ਵੀ ਹਰੀ ਨੂੰ ਜਪ, ਸਾਰੇ ਪਾਪ ਮਿਟ ਜਾਣਗੇ । ਹੱਥਾਂ ਨਾਲ ਹਰੀ ਪ੍ਰਾਪਤੀ ਦੇ ਕਰਮ ਕਰ, ਅਤੇ ਕੰਨਾਂ ਨਾਲ ਹਰੀ ਦੀ ਕਥਾ ਸੁਣ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ ਹਰੀ ਦੀ ਦਰਗਾਹ ਵਿਚ ਮੁਖ ਉਜਲਾ ਹੋਵੇਗਾ ॥੨॥

ਭਾਵ—ਕਰਤਾਰ ਬਿਨਾਂ ਹੋਰ ਕਿਸੇ ਨੂੰ ਦਾਤਾ ਮੰਨਣਾ ਭਾਰੀ ਭੁੱਲ ਹੈ, ਇਸ ਲਈ ਉਸ ਨੂੰ ਆਪਣਾ ਮਾਲਕ ਜਾਣ ਕੇ ਉਸ ਨੂੰ ਅਰਾਧੋ ਤੇ ਸੇਵਾ ਕਰੋ ।

**ਬਡਭਾਗੀ ਤੇ ਜਨ ਜਗ ਮਾਹਿ ॥ ਸਦਾ ਸਦਾ ਹਰਿ ਕੇ ਗੁਨ ਗਾਹਿ ॥ ਰਾਮ ਨਾਮ ਜੋ ਕਰਹਿ ਬੀਚਾਰ ॥ ਸੇ ਧਨਵੰਤ ਗਨੀ ਸੰਸਾਰ ॥ ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ ਸਦਾ ਸਦਾ ਜਾਨਹੁ ਤੇ ਸੁਖੀ ॥ ਏਕੋ ਏਕੁ ਏਕੁ ਪਛਾਨੈ ॥ ਇਤ ਉਤ ਕੀ ਓਹੁ ਸੋਝੀ ਜਾਨੈ ॥ ਨਾਮ ਸੰਗਿ**

**ਜਿਸ ਕਾ ਮਨੁ ਮਾਨਿਆ ॥ ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥**

ਅਰਥ—ਉਹ ਪੁਰਸ਼ ਜਗਤ ਵਿਚ ਵਡੇ ਭਾਗਾਂ ਵਾਲਾ ਹੈ। ਜੋ ਸਦਾ ਸਦਾ ਹਰੀ ਦੇ ਗੁਣ ਗਾਉਂਦਾ ਹੈ। ਜੋ ਰਾਮ ਦੇ ਨਾਮ ਦੀ ਵੀਚਾਰ ਕਰਦੇ ਹਨ। ਉਹ ਸੰਸਾਰ ਵਿਚ ਧਨਵਾਨ ਗਿਣੇ ਗਏ ਹਨ। ਜੋ (ਮੁਖੀ) ਉੱਤਮ ਹਰੀ ਦਾ ਨਾਮ ਮਨ ਤਨ ਕਰ ਕੇ ਮੂੰਹੋਂ ਜਪਦੇ ਹਨ, ਉਹਨਾਂ ਨੂੰ ਸਦਾ ਸਦਾ ਹੀ ਸੁਖੀ ਜਾਣੋ। ਜੋ ਇਕਾਗਰ ਮਨ ਹੋ ਕੇ ਇਕੋ ਇਕ ਦੀ ਪਛਾਣ ਕਰਦਾ ਹੈ। ਉਹ ਲੋਕ ਪ੍ਰਲੋਕ ਦੀ ਸੋਝੀ ਜਾਣਦਾ ਹੈ। ਨਾਮ ਨਾਲ ਜਿਸ ਦਾ ਮਨ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੇ ਮਾਇਆ ਤੋਂ ਰਹਿਤ ਨਿਰੰਕਾਰ ਨੂੰ ਜਾਣ ਲਿਆ ਹੈ ॥੩॥

**ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥ ਸਾਧਸੰਗਿ ਹਰਿ ਹਰਿ ਜਸੁ ਕਹਤ ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥ ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ ॥ ਗ੍ਰਿਹਸਤ ਮਹਿ ਸੋਈ ਨਿਰਬਾਨੁ ॥ ਏਕ ਊਪਰਿ ਜਿਸੁ ਜਨ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥ ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥ ਨਾਨਕ ਤਿਸਹਿ ਨ ਲਾਗਹਿ ਦੂਖ ॥੪॥**

ਅਰਥ—ਗੁਰਾਂ ਦੀ ਕਿਰਪਾ ਨਾਲ ਜਿਸ ਨੂੰ ਆਪਣੇ ਆਪ ਦੀ ਸੋਝੀ ਹੋ ਗਈ ਹੈ। ਜਾਣੋ ਉਸ ਦੀ ਤ੍ਰਿਸ਼ਨਾ ਬੁਝ ਗਈ ਹੈ। ਜੋ ਸਾਧ ਸੰਗਤ ਵਿਚ ਜਾ ਕੇ ਹਰਿ ਹਰਿ ਦਾ ਨਾਮ ਜਪਦਾ ਹੈ। ਉਹ ਹਰੀ ਭਗਤ ਸਾਰੇ ਰੋਗਾਂ ਤੋਂ ਰਹਿਤ ਹੋ ਗਿਆ ਹੈ। ਜੋ ਦਿਨ ਰਾਤ ਇਕ ਕਥਾ ਕੀਰਤਨ ਹੀ ਕਰਦਾ ਹੈ। ਉਹ ਹੀ ਗ੍ਰਿਹਸਥ ਵਿਚ ਰਹਿ ਕੇ ਬੰਧਨਾਂ ਤੋਂ ਮੁਕਤ ਹੈ। ਜਿਸ ਪੁਰਸ਼ ਦੀ ਆਸ ਇਕ ਦੇ ਉਤੇ ਲੱਗੀ ਹੋਈ ਹੈ। ਉਸ ਦੀ ਜਮਾਂ ਦੀ ਫਾਹੀ ਕੱਟੀ ਜਾਵੇਗੀ। ਜਿਸ ਦੇ ਮਨ ਵਿਚ ਪਾਰਬ੍ਰਹਮ ਦੇ ਨਾਮ ਦੀ ਭੁੱਖ ਲੱਗੀ ਹੋਈ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੂੰ ਦੁਖ ਨਹੀਂ ਲੱਗਦਾ ॥੪॥

**ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥ ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥ ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥ ਸੋ ਸੇਵਕੁ ਕਹੁ ਕਿਸ ਤੇ ਡਰੈ ॥ ਜੈਸਾ ਸਾ ਤੈਸਾ ਦ੍ਰਿਸਟਾਇਆ ॥ ਅਪੁਨੇ ਕਾਰਜ ਮਹਿ ਆਪਿ ਸਮਾਇਆ ॥ ਸੋਧਤ ਸੋਧਤ ਸੋਧਤ ਸੀਝਿਆ ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥ ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥**

ਅਰਥ—ਜਿਸ ਦੇ ਮਨ ਵਿਚ ਪ੍ਰਭੂ ਚੇਤੇ ਆਉਂਦਾ ਹੈ। ਉਹ ਸੰਤ ਸੁਖੀ ਰਹਿੰਦਾ ਹੈ, ਡੋਲਦਾ ਨਹੀਂ। ਜਿਸ ਨੂੰ ਪ੍ਰਭੂ ਆਪਣੀ ਕ੍ਰਿਪਾ ਕਰਦਾ

ਹੈ। ਦੱਸੋ ਉਹ ਦਾਸ ਕਿਸ ਤੋਂ ਡਰੇਗਾ ? ਜੇਹਾ ਉਸ ਦਾ ਆਪਣਾ ਰੂਪ ਸੀ, ਤੇਹਾ ਹੀ ਸੇਵਕ ਨੂੰ ਵਿਖਾ ਦਿਤਾ ਹੈ। ਸੰਸਾਰ ਰੂਪ ਆਪਣੇ ਕਾਰਜ ਵਿਚ ਆਪੇ ਹੀ ਉਪਦਾਨ ਕਾਰਨ ਰੂਪ ਹੋ ਕੇ ਸਮਾਇਆ ਹੋਇਆ ਹੈ। ਸੋਧਨਾ ਕਰਨ ਵਾਲਾ ਸੋਧਦਾ ਸੋਧਦਾ ਮੁਕਤ ਹੋ ਗਿਆ ਹੈ। ਕਿਉਂਕਿ ਉਸ ਨੇ ਗੁਰਾਂ ਦੀ ਕਿਰਪਾ ਨਾਲ ਸਭ ਸਿਧਾਂਤ ਜਾਣ ਲਿਆ ਹੈ। ਜਦ ਦੇਖਦਾ ਹਾਂ ਤਾਂ ਸਭ ਕੁਝ ਮੂਲ (ਰੂਪ ਹੀ ਨਜ਼ਰ ਆਉਂਦਾ ਹੈ)। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਹੀ ਛੋਟੇ ਰੂਪ ਵਾਲਾ ਹੈ ਅਤੇ ਉਹ ਹੀ ਵਡੇ ਰੂਪ ਵਾਲਾ ਹੈ ॥੫॥

**ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥ ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥ ਆਪੇ ਆਪਿ ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥ ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥ ਅਲਖ ਅਭੇਵ ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥੬॥**

ਪਦ ਅਰਥ—ਦ੍ਰਿਸਟਿ=ਦਿਸਣ ਵਾਲਾ। ਅਨਦ੍ਰਿਸਟਿ=ਨਾ ਦਿਸਣ ਵਾਲਾ। ਖੰਡ=ਨਾਸ।

ਅਰਥ—ਨਾ ਕੁਝ ਜੰਮਦਾ ਹੈ, ਨਾ ਕੋਈ ਮਰਦਾ ਹੈ। ਉਹ ਆਪਣੇ

ਚਲਿਤ੍ਰ ਆਪੇ ਹੀ ਕਰਦਾ ਹੈ। ਦਿਸਣ ਤੇ ਨਾ ਦਿਸਣ ਵਾਲੀ ਜੋ ਆਉਣ ਜਾਣ ਵਾਲੀ ਦੁਨੀਆਂ ਹੈ। ਸਾਰੀ ਦੁਨੀਆਂ ਹੁਕਮ ਵਿਚ ਤੁਰਨ ਵਾਲੀ ਬਣੀ ਹੋਈ ਹੈ। ਆਪਣੇ ਆਪ ਹੀ ਕਰਦਾ ਹੈ ਅਤੇ ਸਾਰਿਆ ਵਿਚ ਆਪ ਹੀ ਵਿਆਪਕ ਹੈ। ਅਨੇਕਾਂ ਜੁਗਤਾਂ ਕਰ ਕੇ ਬਨਾਉਂਦਾ ਹੈ ਤੇ ਢਾਹੁੰਦਾ ਹੈ। ਨਾਸ ਤੋਂ ਰਹਿਤ ਹੈ, ਉਸ ਦਾ ਕੁਝ ਨਾਸ ਨਹੀਂ ਹੁੰਦਾ। ਉਹ ਆਪ ਹੀ ਬ੍ਰਹਮੰਡ ਦੇ ਭਾਰ ਨੂੰ ਚੁਕ ਰਿਹਾ ਹੈ। ਉਸ ਪੁਰਖ ਦਾ ਪ੍ਰਤਾਪ ਅਲੱਖ ਤੇ ਅਭੇਵ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੇ ਉਹ ਆਪ ਜਪਾਏ ਤਾਂ ਨਾਮ ਜਪਿਆ ਜਾਂਦਾ ਹੈ ॥੬॥

**ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥ ਸਗਲ ਸੰਸਾਰੁ ਉਧਰੈ ਤਿਨ ਮੰਤ ॥ ਪ੍ਰਭ ਕੇ ਸੇਵਕ ਸਗਲ ਉਧਾਰਨ ॥ ਪ੍ਰਭ ਕੇ ਸੇਵਕ ਦੂਖ ਬਿਸਾਰਨ ॥ ਆਪੇ ਮੇਲਿ ਲਏ ਕਿਰਪਾਲ ॥ ਗੁਰ ਕਾ ਸਬਦੁ ਜਪਿ ਭਏ ਨਿਹਾਲ ॥ ਉਨ ਕੀ ਸੇਵਾ ਸੋਈ ਲਾਗੈ ॥ ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥ ਨਾਮੁ ਜਪਤ ਪਾਵਹਿ ਬਿਸ੍ਰਾਮੁ ॥ ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥੭॥**

ਅਰਥ—ਜਿਸ ਨੇ ਪ੍ਰਭੂ ਨੂੰ ਜਾਣਿਆ ਹੈ, ਉਹ ਸੋਭਾ ਵਾਲਾ ਹੈ। ਉਸ ਦੇ ਉਪਦੇਸ਼ ਨਾਲ ਹੀ ਸਾਰਾ ਸੰਸਾਰ ਤਰ ਜਾਵੇਗਾ। ਪ੍ਰਭੂ ਦੇ ਸੇਵਕ ਹੀ ਸਾਰਿਆਂ ਨੂੰ ਤਾਰਨ ਵਾਲੇ ਹਨ। ਪ੍ਰਭੂ ਦੇ ਸੇਵਕ ਦੁਖਾਂ ਨੂੰ ਦੂਰ ਕਰਨ

ਵਾਲੇ ਹਨ। ਕ੍ਰਿਪਾਲੂ ਵਾਹਿਗੁਰੂ ਨੇ ਸੇਵਕ ਨੂੰ ਆਪਣੇ ਨਾਲ ਮੇਲ ਲਿਆ ਹੈ। ਗੁਰਾਂ ਦਾ ਉਪਦੇਸ਼ ਲੈ ਕੇ ਨਾਮ ਜਪਣ ਵਾਲੇ ਨਿਹਾਲ ਹੋ ਗਏ ਹਨ। ਉਹਨਾਂ ਸੇਵਕਾਂ ਦੀ ਸੇਵਾ ਕਰਨ ਵਿਚ ਉਹ ਹੀ ਲੱਗਾ ਹੈ। ਜਿਸ ਵਡਭਾਗੀ ਨੂੰ ਕਰਤਾਰ ਆਪਣੀ ਕ੍ਰਿਪਾ ਕਰਦਾ ਹੈ। ਨਾਮ ਜਪਣ ਵਾਲੇ ਮੁਕਤ ਰੂਪ ਆਰਾਮ ਪਾਉਂਦੇ ਹਨ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹਨਾਂ ਪੁਰਖਾਂ ਨੂੰ ਉੱਤਮ ਕਰਕੇ ਮੰਨੋ ॥੭॥

**ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥ ਸਦਾ ਸਦਾ ਬਸੈ ਹਰਿ ਸੰਗਿ ॥ ਸਹਜ ਸੁਭਾਇ ਹੋਵੈ ਸੋ ਹੋਇ ॥ ਕਰਣੈਹਾਰੁ ਪਛਾਣੈ ਸੋਇ ॥ ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ ਜੈਸਾ ਸਾ ਤੈਸਾ ਦ੍ਰਿਸਟਾਨਾ ॥ ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥ ਓਇ ਸੁਖ ਨਿਧਾਨ ਉਨਹੂ ਬਨਿ ਆਏ ॥ ਆਪਸ ਕਉ ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥**

ਅਰਥ—ਜੋ ਕੁਝ ਕਰੇ ਵਾਹਿਗੁਰੂ ਦੇ ਰੰਗ ਵਿਚ ਕਰੇ। ਸਦਾ ਸਦਾ ਪ੍ਰਭੂ ਨਾਲ ਵੱਸੇ। ਸਹਿਜ ਸੁਭਾਅ ਜੋ ਹੁੰਦਾ ਹੈ, ਉਹ ਹੋਈ ਜਾਵੇ। ਇਸ ਤਰ੍ਹਾਂ ਮੰਨਣ ਵਾਲਾ ਜੋ ਪੁਰਖ ਹੈ ਉਹ ਹੀ ਕਰਨਹਾਰ ਨੂੰ ਪਛਾਣਦਾ ਹੈ ਜਿਸ ਜਨ ਨੂੰ ਪ੍ਰਭੂ ਦਾ ਕੀਤਾ ਮਿਠਾ ਲਗਦਾ ਹੈ। ਜੇਹਾ ਕਰਤਾਰ ਦਾ ਰੂਪ ਹੈ, ਤੇਹਾ ਹੀ ਉਸ ਨੂੰ ਨਜ਼ਰ ਆ ਗਿਆ ਹੈ। ਜਿਸ ਤੋਂ ਪੈਦਾ ਹੋਇਆ ਹੈ, ਉਸ ਵਿਚ ਉਹ ਸਮਾ ਗਏ ਹਨ। ਉਸ ਨੂੰ ਉਹ ਸੁਖਾਂ ਦੇ ਖਜ਼ਾਨੇ

ਮਿਲੇ ਹਨ ਜੋ ਕਦੇ ਵੀ ਨਾਸ ਨਹੀਂ ਹੁੰਦੇ । ਆਪਣੇ ਦਾਸ ਨੂੰ ਕਰਤਾਰ ਨੇ ਆਪ ਹੀ ਮਾਣ ਦਿਤਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਪ੍ਰਭੂ ਦੇ ਦਾਸ ਨੂੰ ਇਕ ਰੂਪ ਕਰਕੇ ਜਾਣੋ ॥੮॥੧੪॥

ਭਾਵ—ਇਸ ਸਾਰੀ ਅਸਟਪਦੀ ਵਿਚ ਕਰਮਾਂ ਅਨੁਸਾਰ ਕਰਤਾਰ ਦੀ ਸੇਵਾ ਭਗਤੀ ਦਾ ਨਿਰਣਾ ਕੀਤਾ ਹੈ ਅਤੇ ਅੰਤਲੀ ਪਉੜੀ ਵਿਚ ਦਸਿਆ ਹੈ ਕਿ ਭਗਤ ਦੀ ਭਗਤੀ ਪੂਰੀ ਹੁੰਦੀ ਹੈ ਤਾਂ ਉਸ ਦਾ ਇਹ ਵਿਚਾਰ ਹੋ ਜਾਂਦਾ ਹੈ ਕਿ ਜੋ ਕੁਝ ਕਰਤਾਰ ਦਾ ਹੁਕਮ ਹੈ ਓਹੀ ਹੋਣਾ ਹੈ ਬਸ ! ਇਹ ਜਾਣ ਕੇ ਹੀ ਦੁਖਾਂ ਨੂੰ ਵੀ ਸੁਖ ਕਰ ਕੇ ਜਾਣਦਾ ਹੈ। ਅਜਿਹਾ ਭਗਤ ਵਾਹਿਗੁਰੂ ਨੂੰ ਹਰ ਥਾਂ ਵਿਆਪਕ ਜਾਣਦਾ ਹੈ । ਇਸ ਲਈ ਕਰਤਾਰ ਦਾ ਹੀ ਰੂਪ ਸਮਝਣਾ ਚਾਹੀਦਾ ਹੈ ।

ਸਲੋਕੁ ॥

## ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥ ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧॥

ਪਦ ਅਰਥ—ਕਲਾ=ਸ਼ਕਤੀਆਂ । ਬਿਰਥਾ=ਬ੍ਰਿਥਾ, ਬ੍ਰਿਤਾਂਤ, ਹਾਲ ।

ਅਰਥ—ਜੋ ਪ੍ਰਭੂ ਸਾਰੀਆਂ ਸ਼ਕਤੀਆਂ ਵਿਚ ਪੂਰਨ ਤੇ ਹਾਲ ਜਾਨਣ ਵਾਲਾ ਹੈ । ਜਿਸ ਦੇ ਸਿਮਰਨ ਕੀਤਿਆਂ ਉਧਾਰ ਹੁੰਦਾ ਹੈ, ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ ॥੧॥

ਅਸਟਪਦੀ ॥

## ਟੂਟੀ ਗਾਢਨਹਾਰ ਗੋੁਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥ ਸਗਲ ਕੀ ਚਿੰਤਾ ਜਿਸੁ

**ਮਨ ਮਾਹਿ ॥ ਤਿਸ ਤੇ ਬਿਰਥਾ ਕੋਈ ਨਾਹਿ ॥ ਰੇ ਮਨ ਮੇਰੇ ਸਦਾ ਹਰਿ ਜਾਪਿ ॥ ਅਬਿਨਾਸੀ ਪ੍ਰਭੁ ਆਪੇ ਆਪਿ ॥ ਆਪਨ ਕੀਆ ਕਛੂ ਨ ਹੋਇ ॥ ਜੇ ਸਉ ਪ੍ਰਾਨੀ ਲੋਚੈ ਕੋਇ ॥ ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥**

ਪਦ ਅਰਥ—ਪ੍ਰਤਿਪਾਲ=ਪਾਲਣਾ ਕਰਦਾ ਹੈ । ਬਿਰਥਾ=ਖਾਲੀ ।

ਅਰਥ—ਗੋਪਾਲ ਟੁੱਟੀ ਨੂੰ ਗੰਢਣ ਵਾਲਾ ਹੈ । ਸਾਰੇ ਜੀਵਾਂ ਦੀ ਆਪੇ ਪਾਲਣ ਪੋਖਣ ਦੀ ਚਿੰਤਾ ਹੈ । ਉਸ ਦੀ ਦਾਤ ਤੋਂ ਕੋਈ ਵੀ ਖਾਲੀ ਨਹੀਂ ਰਹਿੰਦਾ । ਹੇ ਮੇਰੇ ਮਨ ! ਤੂੰ ਉਸ ਹਰੀ ਨੂੰ ਸਦਾ ਹੀ ਜਪ । ਉਹ ਨਾਸ ਤੋਂ ਰਹਿਤ ਪ੍ਰਭੂ ਆਪਣੇ ਆਪ ਹੀ ਸਭ ਕੁਝ ਕਰਦਾ ਹੈ । ਤੇਰਾ ਆਪਣਾ ਕੀਤਾ ਕੁਝ ਨਹੀਂ ਹੁੰਦਾ । ਜੇਕਰ ਕੋਈ ਪ੍ਰਾਣੀ ਸੈਂਕੜੇ ਇੱਛਾ ਵੀ ਕਰੇ ਤਾਂ ਵੀ ਪੂਰੀਆਂ ਨਹੀਂ ਹੋ ਸਕਦੀਆਂ । ਉਸ ਕਰਤਾਰ ਦੀ ਕਿਰਪਾ ਤੋਂ ਬਿਨਾਂ (ਹੇ ਮਨ !) ਤੇਰਾ ਕੁਝ ਕੰਮ ਨਹੀਂ ਸੌਰਨਾ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਇਕ ਹਰੀ ਦਾ ਨਾਮ ਜਪਿਆਂ ਹੀ ਮੁਕਤੀ ਹੋਵੇਗੀ ॥੧॥

ਭਾਵ—ਆਪਣਾ ਕੀਤਾ ਕੁਝ ਨਹੀਂ ਹੁੰਦਾ । ਜੋ ਹੁੰਦਾ ਹੈ ਉਸੇ ਦੀ ਰਜ਼ਾ ਵਿਚ ਹੁੰਦਾ ਹੈ । ਤਾਂਤੇ ਉਸ ਦਾ ਨਾਮ ਜਪਿਆਂ ਹੀ ਅਨੰਦ ਹੈ ।

**ਰੂਪਵੰਤੁ ਹੋਇ ਨਾਹੀ ਮੋਹੈ ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥ ਧਨਵੰਤਾ ਹੋਇ ਕਿਆ**

ਕੋ ਗਾਰਬੈ ॥ ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥ ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥ ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥ ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥ ਨਾਨਕ ਸੋ ਜਨੁ ਸਦਾ ਅਰੋਗੁ ॥੨॥

ਅਰਥ—ਰੂਪਵਾਨ ਹੋਣ ਕਰ ਕੇ ਕੋਈ ਨਹੀਂ ਮੋਂਹਦਾ । ਕਿਉਂਕਿ ਪ੍ਰਭੂ ਦੀ ਜੋਤ ਹੀ ਸਾਰਿਆਂ ਵਿਚ ਸੋਭਦੀ ਹੈ । ਧਨਵਾਨ ਹੋਣ ਦਾ ਕੋਈ ਕੀ ਹੰਕਾਰ ਕਰੇਗਾ ? ਜਦ ਸਭ ਧਨ ਪਦਾਰਥ ਉਸ ਦਾ ਦਿਤਾ ਹੋਇਆ ਹੈ ਤਾਂ ਹੰਕਾਰ ਕਿਸ ਗੱਲ ਦਾ ? ਜਿਹੜਾ ਕੋਈ ਆਪ ਨੂੰ ਵਡਾ ਸੂਰਮਾ ਕਹਾਉਂਦਾ ਹੈ ਉਹ ਪ੍ਰਭੂ ਦੀ ਸੱਤਾ ਤੋਂ ਬਿਨਾਂ ਕਿਧਰ ਜਾ ਸਕਦਾ ਹੈ ? ਜਿਹੜਾ ਕੋਈ ਦਾਤਾ ਹੋ ਬੈਠਾ ਹੈ । ਕਰਤਾਰ ਉਸ ਨੂੰ ਮੂਰਖ ਜਾਣਦਾ ਹੈ । ਗੁਰਾਂ ਦੀ ਕਿਰਪਾ ਨਾਲ ਜਿਸ ਦਾ ਹਉਮੈ ਰੋਗ ਟੁਟ ਗਿਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪੁਰਖ ਸਦਾ ਹੀ ਅਰੋਗ ਰਹਿੰਦਾ ਹੈ ॥੨॥

ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥ ਜਿਉ ਪਾਖਾਣੁ ਨਾਵ ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥ ਜਿਉ ਅੰਧਕਾਰ ਦੀਪਕ

**ਪਰਗਾਸੁ ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥ ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥ ਤਿਨ ਸੰਤਨ ਕੀ ਬਾਛਉ ਧੂਰਿ ॥ ਨਾਨਕ ਕੀ ਹਰਿ ਲੋਚਾ ਪੂਰਿ ॥੩॥**

ਪਦ ਅਰਥ—ਥੰਮਨੁ=ਰੋਕਦਾ । ਪਾਖਾਣੁ=ਪੱਥਰ । ਬਿਗਾਸੁ=ਅਨੰਦ । ਉਦਿਆਨ=ਉਜਾੜ । ਮਾਰਗੁ=ਰਸਤਾ । ਜੋਤਿ=ਚਾਨਣ । ਸਰੂਪ= ਵਾਹਿਗੁਰੂ । ਬਾਛਉ=ਚਾਹੁੰਦਾ ਹਾਂ ।

ਅਰਥ—ਜਿਵੇਂ ਮਕਾਨ ਨੂੰ ਥੰਮ੍ਹ ਠਹਿਰਾਉਂਦਾ ਹੈ । ਇਵੇਂ ਹੀ ਗੁਰਾਂ ਦਾ ਉਪਦੇਸ਼ ਮਨ ਨੂੰ ਰੋਕਦਾ ਹੈ । ਜਿਵੇਂ ਬੇੜੀ ਉਤੇ ਚੜ੍ਹ ਕੇ ਪੱਥਰ ਵੀ ਤਰ ਜਾਂਦਾ ਹੈ । ਇਵੇਂ ਗੁਰਾਂ ਦੇ ਚਰਨਾਂ ਨਾਲ ਲਗ ਕੇ ਪੁਰਸ਼ ਸੰਸਾਰ ਤੋਂ ਪਾਰ ਲੰਘ ਜਾਂਦਾ ਹੈ । ਜਿਵੇਂ ਹਨੇਰੇ ਵਿਚ ਦੀਵਾ ਚਾਨਣ ਕਰਦਾ ਹੈ । ਇਵੇਂ ਹੀ ਗੁਰਾਂ ਦਾ ਦਰਸ਼ਨ ਵੇਖ ਕੇ ਜਗਿਆਸੂ ਦੇ ਮਨ ਅਨੰਦ ਹੋ ਜਾਂਦਾ ਹੈ । ਜਿਵੇਂ ਵਡੀ ਉਜਾੜ ਵਿਚੋਂ ਰਸਤੇ ਪਿਆਂ ਪੁਰਸ਼ ਆਪਣੇ ਟਿਕਾਣੇ ਪਹੁੰਚ ਜਾਂਦਾ ਹੈ । ਇਵੇਂ ਹੀ ਸੰਤਾਂ ਨਾਲ ਮਿਲਿਆਂ ਕਰਤਾਰ ਪ੍ਰਗਟ ਹੋ ਜਾਂਦਾ ਹੈ । (ਮੈਂ ਵੀ) ਉਹਨਾਂ ਸੰਤਾਂ ਦੀ (ਚਰਨ) ਧੂੜੀ ਮੰਗਦਾ ਹਾਂ । ਹੇ ਹਰੀ ! ਮੈਂ ਨਾਨਕ ਦੀ ਵੀ ਇਛਾ ਪੂਰੀ ਕਰ ॥੩॥

ਭਾਵ—ਦ੍ਰਿਸ਼ਟਾਂਤ ਦੁਆਰਾ ਇਹ ਸਿਧ ਕੀਤਾ ਹੈ ਕਿ ਗੁਰਾਂ ਦੇ ਉਪਦੇਸ਼ ਤੇ ਸਾਧ ਸੰਗਤ ਦੀ ਪੁਰਸ਼ ਨੂੰ ਅਤਿਅੰਤ ਲੋੜ ਹੈ, ਇਨ੍ਹਾਂ ਤੋਂ ਬਿਨਾਂ ਕਦੇ ਵੀ ਪਾਰ ਉਤਾਰਾ ਨਹੀਂ ਹੋ ਸਕਦਾ ।

**ਮਨ ਮੂਰਖ ਕਾਹੇ ਬਿਲਲਾਈਐ ॥ ਪੁਰਬ**

ਲਿਖੇ ਕਾ ਲਿਖਿਆ ਪਾਈਐ ॥ ਦੂਖ ਸੂਖ ਪ੍ਰਭ ਦੇਵਨਹਾਰੁ ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥ ਜੋ ਕਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨ ॥ ਕਉਨ ਬਸਤੁ ਆਈ ਤੇਰੈ ਸੰਗ ॥ ਲਪਟਿ ਰਹਿਓ ਰਸਿ ਲੋਭੀ ਪਤੰਗ ॥ ਰਾਮ ਨਾਮ ਜਪਿ ਹਿਰਦੇ ਮਾਹਿ ॥ ਨਾਨਕ ਪਤਿ ਸੇਤੀ ਘਰਿ ਜਾਹਿ ॥੪॥

ਪਦ ਅਰਥ—ਲਪਟਿ=ਲਗਣਾ, ਫਸਣਾ । ਸੇਤੀ=ਨਾਲ । ਚਿਤਾਰ=ਚੇਤੇ ਕਰ ।

ਅਰਥ—ਹੇ ਮੂਰਖ ਮਨ! ਕਿਉਂ ਰੋਂਦਾ ਹੈਂ ? ਪਿਛਲੇ ਲਿਖੇ ਲੇਖ ਮੁਤਾਬਕ ਹੀ ਤੈਨੂੰ ਮਿਲਣਾ ਹੈ । ਦੁਖ ਸੁਖ ਤੇ ਦੇਣ ਵਾਲਾ ਕਰਤਾਰ ਹੀ ਹੈ । ਹੋਰ ਸਭਨਾਂ ਨੂੰ ਛਡ ਕੇ ਤੂੰ ਇਕ ਉਸੇ ਨੂੰ ਯਾਦ ਕਰ । ਜੋ ਕੁਝ ਕਰਤਾਰ ਕਰਦਾ ਹੈ, ਉਸ ਨੂੰ ਭਲਾ ਕਰਕੇ ਮੰਨ । ਹੇ ਅਜਾਨ! ਕਿਉਂ ਭੁਲਾ ਫਿਰਦਾ ਹੈਂ ? ਤੇਰੇ ਨਾਲ ਜਗਤ ਉਤੇ ਕਿਹੜੀ ਚੀਜ਼ ਆਈ ਹੈ ? ਹੇ ਲੋਭੀ! ਤੂੰ ਪਤੰਗੇ ਵਾਂਗੂੰ ਇਨ੍ਹਾਂ ਰਸਾਂ ਵਿਚ ਕਿਉਂ ਫਸ ਰਿਹਾ ਹੈਂ ? ਦਿਲ ਵਿਚ ਰਾਮ ਦਾ ਨਾਮ ਜਪ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ ਇਜ਼ਤ ਨਾਲ ਘਰ ਜਾਵੇਂਗਾ ॥੪॥

ਭਾਵ—ਦੁਨੀਆਂ ਤੇ ਆਉਣ ਲਗਿਆਂ ਕੁਝ ਨਾਲ ਨਹੀਂ ਆਉਂਦਾ । ਉਸ ਨੇ ਆਪੇ ਹੀ ਸਭ ਕੁਝ ਦੇ ਦਿਤਾ ਹੈ । ਤਾਂ ਹੁਣ ਕਿਉਂ ਕਿਸੇ ਗੱਲ ਦੀ ਚਿੰਤਾ ਕਰਨੀ ਹੈ ? ਅਚਿੰਤ ਹੋ ਕੇ ਕਰਤਾਰ ਦਾ ਹੀ ਸਿਮਰਨ ਕਰੋ ।

**ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥ ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥ ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅਵਰ ਤਿਆਗਿ ਬਿਖਿਆ ਜੰਜਾਲ ॥ ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥ ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾ ਕੈ ਸਦ ਬਲਿਹਾਰੈ ॥੫॥**

ਪਦ ਅਰਥ—ਤੋਲਿ=ਵਿਚਾਰ । ਖੇਪ=ਸੌਦਾ । ਬਿਖਿਆ=ਜ਼ਹਿਰ, ਮਾਇਆ ।

ਅਰਥ—ਜਿਸ ਸੌਦੇ ਨੂੰ ਲੈਣ ਲਈ ਜਗਤ ਉਤੇ ਤੂੰ ਆਇਆ ਹੈਂ ਉਹ ਰਾਮ ਦੇ ਨਾਮ ਰੂਪ ਸੌਦਾ ਸੰਤਾਂ ਦੇ ਘਰੋਂ ਮਿਲਦਾ ਹੈ । ਹੰਕਾਰ ਛੱਡ ਤੇ ਮਨ ਦੇ ਕੇ ਰਾਮ ਦਾ ਨਾਮ ਰੂਪ ਸੌਦਾ ਮੁਲ ਲੈ ਲੇ । ਫਿਰ ਉਸ ਰਾਮ ਦੇ ਨਾਮ ਦੀ ਹਿਰਦੇ ਵਿਚ ਵਿਚਾਰ ਕਰ । ਇਹੋ ਖੇਪ ਲੱਦ ਕੇ ਸੰਤਾਂ ਨਾਲ ਤੁਰ । ਹੋਰ ਸਾਰੇ ਮਾਇਆ ਦੇ ਧੰਧੇ ਛੱਡ ਦੇਹ, ਤਦ ਤੈਨੂੰ ਸਭ ਕੋਈ ਧੰਨ ਧੰਨ ਆਖੇਗਾ ਅਤੇ ਉਸ ਹਰੀ ਦੀ ਦਰਗਾਹ ਵਿਚ ਤੇਰਾ ਮੂੰਹ ਵੀ ਉੱਜਲਾ ਹੋਵੇਗਾ । ਇਸ ਵਪਾਰ ਦੇ ਕਰਨ ਵਾਲਾ ਕੋਈ ਵਿਰਲਾ ਵਪਾਰੀ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਮੈਂ ਉਸ ਤੋਂ ਸਦਾ ਹੀ ਬਲਿਹਾਰ ਜਾਂਦਾ ਹਾਂ ॥੫॥

ਭਾਵ—ਸੱਚਾ ਰਾਮ ਦਾ ਨਾਮ ਹੈ, ਇਸ ਨੂੰ ਸੰਤਾਂ ਦੇ ਚਰਨੀਂ ਜਾ

ਕੇ ਜਪ । ਤਦ ਤੇਰਾ ਦਰਗਾਹ ਵਿਚ ਮੂੰਹ ਉੱਜਲਾ ਹੋਵੇਗਾ ।

**ਚਰਨ ਸਾਧ ਕੇ ਧੋਇ ਧੋਇ ਪੀਉ ॥ ਅਰਪਿ ਸਾਧ ਕਉ ਅਪਨਾ ਜੀਉ ॥ ਸਾਧ ਕੀ ਧੂਰਿ ਕਰਹੁ ਇਸਨਾਨੁ ॥ ਸਾਧ ਊਪਰਿ ਜਾਈਐ ਕੁਰਬਾਨੁ ॥ ਸਾਧ ਸੇਵਾ ਵਡਭਾਗੀ ਪਾਈਐ ॥ ਸਾਧਸੰਗਿ ਹਰਿ ਕੀਰਤਨੁ ਗਾਈਐ ॥ ਅਨਿਕ ਬਿਘਨ ਤੇ ਸਾਧੂ ਰਾਖੈ ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥ ਓਟ ਗਹੀ ਸੰਤਹ ਦਰਿ ਆਇਆ ॥ ਸਰਬ ਸੂਖ ਨਾਨਕ ਤਿਹ ਪਾਇਆ ॥੬॥**

ਪਦ ਅਰਥ—ਅਰਪਿ=ਭੇਟਾ ਕਰ । ਗਹੀ=ਫੜੀ ।

ਅਰਥ—ਸੰਤਾਂ ਦੇ ਚਰਨ ਧੋ ਧੋ ਕੇ ਪੀ ਲੈ । ਅਤੇ ਆਪਣਾ ਆਪ ਸੰਤਾਂ ਨੂੰ ਭੇਟ ਕਰ ਦੇਹ । ਸੰਤਾਂ ਦੀ ਚਰਨ ਧੂੜ ਵਿਚ ਇਸ਼ਨਾਨ ਕਰ । ਸੰਤਾਂ ਉਤੋਂ ਸਦਾ ਹੀ ਵਾਰਨੇ ਜਾਹੁ । ਸੰਤਾਂ ਦੀ ਸੇਵਾ ਵੱਡੇ ਭਾਗਾਂ ਨਾਲ ਮਿਲਦੀ ਹੈ । ਸੰਤਾਂ ਨਾਲ ਮਿਲ ਕੇ ਹੀ ਹਰੀ ਦਾ ਕੀਰਤਨ ਕਰ ਸਕੀਦਾ ਹੈ । ਅਨੇਕਾਂ ਹੀ ਵਿਘਨਾਂ ਤੋਂ ਸੰਤ ਬਚਾ ਲੈਂਦਾ ਹੈ । ਸੰਤਾਂ ਦਾ ਸੰਗੀ ਹਰੀ ਦੇ ਗੁਣ ਗਾਉਣ ਰੂਪ ਅੰਮ੍ਰਿਤ ਰਸ ਨੂੰ ਚੱਖਦਾ ਹੈ । ਜਿਸ ਨੇ ਸੰਤਾਂ ਦੇ ਦਰ ਤੇ ਆ ਕੇ ਇਨ੍ਹਾਂ ਦੀ ਓਟ ਫੜੀ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੇ ਸਾਰੇ ਸੁਖ ਪਾ ਲਏ ਹਨ ॥੬॥

ਭਾਵ—ਸੰਤਾਂ ਦਾ ਸੰਗ ਕਰਨ ਦੀ ਜੁਗਤੀ ਪ੍ਰਗਟ ਕੀਤੀ ਹੈ ਕਿ

ਸੰਤਾਂ ਦਾ ਚਰਨਾਂਮ੍ਰਿਤ ਪੀ ਤੇ ਨਾਮ ਜਪ । ਫਿਰ ਉਨ੍ਹਾਂ ਦੀ ਚਰਨ ਧੂੜ ਵਿਚ ਇਸ਼ਨਾਨ ਕਰ ਅਤੇ ਆਪਣਾ ਆਪ ਸੰਤਾਂ ਦੀ ਨਜ਼ਰ ਕਰ ਦੇਹ। ਤਦ ਤੈਨੂੰ ਆਤਮ ਅਨੰਦ ਪ੍ਰਾਪਤ ਹੋਵੇਗਾ ।

ਦਸਮ ਗੁਰੂ ਜੀ ਤੋਂ ਪਹਿਲੇ ਸਿਖ ਪੰਥ ਵਿਚ ਪ੍ਰਵੇਸ਼ ਹੋਣ ਦੀ ਮਰਿਆਦਾ ਹੀ 'ਚਰਨਾਂਮ੍ਰਿਤ' ਛਕਣਾ ਸੀ, ਪਰ ਹੁਣ ਚਰਨਾਂਮ੍ਰਿਤ 'ਖੰਡੇ ਦੇ ਅੰਮ੍ਰਿਤ' ਦੀ ਸ਼ਕਲ ਵਿਚ ਹੋ ਚੁਕਾ ਹੈ ।

**ਮਿਰਤਕ ਕਉ ਜੀਵਾਲਨਹਾਰ ॥ ਭੂਖੇ ਕਉ ਦੇਵਤ ਅਧਾਰ ॥ ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥ ਪੁਰਬ ਲਿਖੇ ਕਾ ਲਹਣਾ ਪਾਹਿ ॥ ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥ ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ ॥ ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥ ਨਾਨਕ ਸੋ ਜਨੁ ਨਿਰਮਲੁ ਥੀਆ ॥੭॥**

ਅਰਥ—ਜੋ ਮੁਰਦਿਆਂ ਨੂੰ ਜੀਵਾਉਣ ਵਾਲਾ ਹੈ । ਭੁੱਖੇ ਨੂੰ ਰੋਜ਼ੀ ਦੇਣ ਵਾਲਾ ਹੈ । ਸਾਰੇ ਖਜ਼ਾਨੇ ਇਸ ਦੀ ਨਜ਼ਰ ਵਿਚ ਹਨ । ਪਿਛਲਾ ਲੇਖ ਲਿਖਿਆ ਹੀ ਲੈਣਾ ਮਿਲਦਾ ਹੈ । ਸਭ ਕੁਝ ਉਸ ਦਾ ਕੀਤਾ ਹੋਇਆ ਹੈ ਅਤੇ ਉਹ ਹੀ ਕਰਨ ਨੂੰ ਸਮਰੱਥ ਹੈ । ਉਸ ਤੋਂ ਬਿਨਾਂ ਨਾ ਕੋਈ ਪਿਛੇ ਹੋਇਆ ਹੈ, ਨਾ ਹੁਣ ਹੈ ਅਤੇ ਨਾ ਅੱਗੇ ਨੂੰ ਹੋਵੇਗਾ । ਹੇ ਮਨ ! ਤੂੰ ਸਦਾ

ਹੀ ਦਿਨੇ ਰਾਤੀਂ ਉਸ ਨੂੰ ਯਾਦ ਕਰ। ਸਾਰਿਆਂ ਤੋਂ ਉੱਚੀ ਤੇ ਨਿਰਮਲ ਇਹੋ ਕਰਨੀ ਹੈ। ਕਰਤਾਰ ਨੇ ਕ੍ਰਿਪਾ ਕਰ ਕੇ ਜਿਸ ਨੂੰ ਅਪਣਾ ਨਾਮ ਜਪਣਾ ਦਿਤਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪੁਰਸ਼ ਨਿਰਮਲ ਹੋਇਆ ਹੈ ॥੭॥

**ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥ ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ॥ ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ॥ ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥**

ਅਰਥ—ਗੁਰਾਂ ਦੇ ਬਚਨਾਂ ਉਤੇ ਜਿਸ ਦੇ ਮਨ ਦੀ ਪ੍ਰਤੀਤ ਹੈ। ਉਸ ਨੂੰ ਹਰੀ ਪ੍ਰਭੂ ਚੇਤੇ ਆਉਂਦਾ ਹੈ। ਉਹ ਤਿੰਨਾਂ ਲੋਕਾਂ ਵਿਚ ਹੀ ਭਗਤ ਭਗਤ ਮਸ਼ਹੂਰ ਹੋ ਜਾਂਦਾ ਹੈ, ਜਿਸ ਦੇ ਹਿਰਦੇ ਵਿਚ ਇਕ ਵਸਿਆ ਹੁੰਦਾ ਹੈ। ਉਸ ਦੀ ਕਰਣੀ ਵੀ ਸੱਚੀ ਤੇ ਰਹਿਤ ਵੀ ਸੱਚੀ ਹੈ। ਹਿਰਦੇ ਵਿਚ ਵੀ ਸੱਚ ਹੈ ਅਤੇ ਮੂੰਹੋਂ ਵੀ ਸੱਚ ਆਖਦਾ ਹੈ। ਨਜ਼ਰ ਵੀ ਸੱਚੀ ਹੈ ਅਤੇ ਸਰੀਰ ਵੀ ਸੱਚਾ ਹੈ। ਵਰਤਾਰਾ ਵੀ ਸੱਚਾ ਹੈ ਅਤੇ ਪਸਾਰਾ ਵੀ ਸੱਚਾ ਹੈ। ਜਿਸ ਨੇ ਪਾਰਬ੍ਰਹਮ ਨੂੰ ਸੱਚਾ ਕਰ ਕੇ ਜਾਣਿਆ ਹੈ। ਸ੍ਰੀ ਗੁਰੂ ਨਾਨਕ

ਜੀ ਆਖਦੇ ਹਨ, ਉਹ ਸੱਚ ਵਿਚ ਸਮਾ ਗਿਆ ਹੈ ॥੮॥੧੫॥

ਭਾਵ—ਉਸ ਦੇ ਸਾਰੇ ਕਰਮ, ਧਰਮ, ਵਰਤ, ਨੇਮ, ਵਪਾਰ, ਵਰਤਾਰੇ, ਬੋਲਣਾ, ਚਲਣਾ, ਕਰਨਾ, ਸਰਨਾ, ਜਰਨਾ ਸਫਲ ਹੈ, ਜਿਸ ਨੇ ਸਚੇ ਦਾ ਨਾਮ ਮਨ ਲਾ ਕੇ ਪ੍ਰੇਮ ਨਾਲ ਜਪਿਆ ਹੈ ।

ਸਲੋਕੁ ॥

**ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥**

ਪਦ ਅਰਥ—ਰੇਖ=ਚਿੰਨ੍ਹ । ਸੁ=ਆਪ ।

ਅਰਥ—ਉਸ ਦਾ ਕੋਈ ਚਿੰਨ੍ਹ ਨਹੀਂ ਅਤੇ ਨਾ ਹੀ ਕੋਈ ਰੰਗ ਰੂਪ ਹੈ, ਪ੍ਰਭੂ ਤਿੰਨਾਂ ਗੁਣਾਂ ਤੋਂ ਰਹਿਤ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਉਤੇ ਆਪ ਪ੍ਰਸੰਨ ਹੁੰਦਾ ਹੈ ਉਸ ਨੂੰ ਆਪਣਾ ਸਰੂਪ ਬੁਝਾ ਦੇਂਦਾ ਹੈ ॥੧॥

ਅਸਟਪਦੀ ॥

**ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥ ਤਿਸ ਤੇ ਪਰੈ ਨਾਹੀ ਕਿਛੁ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥ ਆਪੇ ਬੀਨਾ ਆਪੇ ਦਾਨਾ ॥ ਗਹਿਰ ਗੰਭੀਰੁ ਗਹੀਰੁ ਸੁਜਾਨਾ ॥ ਪਾਰਬ੍ਰਹਮ ਪਰਮੇਸੁਰ**

**ਗੋਬਿੰਦ ॥ ਕ੍ਰਿਪਾ ਨਿਧਾਨ ਦਇਆਲ ਬਖਸੰਦ ॥ ਸਾਧ ਤੇਰੇ ਕੀ ਚਰਨੀ ਪਾਉ ॥ ਨਾਨਕ ਕੈ ਮਨਿ ਇਹੁ ਅਨਰਾਉ ॥੧॥**

ਪਦ ਅਰਥ—ਅਬਿਨਾਸੀ=ਨਾਸ ਰਹਿਤ । ਬੀਨਾ=ਵੇਖਣ ਵਾਲਾ । ਦਾਨਾ=ਜਾਨਣ ਵਾਲਾ । ਗਹਿਰ=ਨਾ ਹਿਲਣ ਵਾਲਾ । ਗੰਭੀਰ=ਬਹੁਤ ਡੂੰਘਾ। ਗੋਬਿੰਦ=(ਗੋ+ਬਿੰਦ) ਪ੍ਰਿਥਵੀ ਪਾਲਕ । ਨਿਧਾਨ=ਖਜ਼ਾਨਾ । ਬਖਸੰਦ=ਬਖਸ਼ਸ਼ ਕਰਨ ਵਾਲਾ । ਅਨਰਾਉ=ਪ੍ਰੇਮ ।

ਅਰਥ—ਨਾ ਨਾਸ ਹੋਣ ਵਾਲੇ ਪ੍ਰਭੂ ਨੂੰ ਮਨ ਵਿਚ ਚੇਤੇ ਰਖ । ਹੇ ਬੰਦੇ ! ਤੂੰ ਮਨੁੱਖ ਦੀ ਪ੍ਰੀਤ ਛੱਡ ਦੇਹ । ਉਸ ਤੋਂ ਪਰੇ ਕੁਝ ਵੀ ਨਹੀਂ ਹੈ । ਸਾਰਿਆਂ ਅੰਦਰ ਇਕ ਉਹ ਹੀ ਵਸਦਾ ਹੈ । ਉਹ ਆਪ ਹੀ ਵੇਖਣ ਵਾਲਾ ਹੈ, ਆਪ ਹੀ ਜਾਨਣ ਵਾਲਾ ਹੈ । ਵੱਡਾ ਗਹਿਰ, ਗੰਭੀਰ ਤੇ ਸੁਜਾਨ ਹੈ । ਉਹ ਪ੍ਰਿਥਵੀ ਪਾਲਕ ਪਾਰਬ੍ਰਹਮ ਪਰਮੇਸ਼ਰ, ਕ੍ਰਿਪਾ ਦਾ ਖਜ਼ਾਨਾ, ਦਿਆਲੂ ਤੇ ਬਖਸ਼ਸ਼ ਕਰਨ ਵਾਲਾ ਹੈ । (ਹੇ ਭਾਈ ! ਉਸ ਅੱਗੇ ਇਉਂ ਅਰਦਾਸ ਕਰ ਕਿ ਮੈਂ) ਤੇਰੇ ਸੰਤਾਂ ਦੇ ਚਰਨੀਂ ਪੈਂਦਾ ਹਾਂ । ਸ੍ਰੀ ਗੁਰੂ ਨਾਨਕ ਜੀ ਦੇ ਮਨ ਵਿਚ ਤਾਂ ਏਹੋ ਪ੍ਰੇਮ ਹੈ ॥੧॥

ਭਾਵ—ਸੰਸਾਰੀ ਪ੍ਰੀਤ ਛੱਡ ਕੇ ਕਰਤਾਰ ਨਾਲ ਪ੍ਰੀਤ ਕਰੋ । ਕਰਤਾਰ ਨਾਲ ਪ੍ਰੀਤ ਕਰਨ ਲਈ ਪਹਿਲਾਂ ਸੰਤਾਂ ਨਾਲ ਪ੍ਰੀਤ ਕਰੋ ।

**ਮਨਸਾ ਪੂਰਨ ਸਰਨਾ ਜੋਗ ॥ ਜੋ ਕਰਿ ਪਾਇਆ ਸੋਈ ਹੋਗੁ ॥ ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥ ਤਿਸ ਕਾ ਮੰਤ੍ਰ ਨ ਜਾਨੈ ਹੋਰੁ ॥ ਅਨਦ ਰੂਪ ਮੰਗਲ ਸਦ ਜਾ ਕੈ ॥ ਸਰਬ ਥੋਕ**

**ਸੁਨੀਅਹਿ ਘਰਿ ਤਾ ਕੈ ॥ ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥ ਧਿਆਇ ਧਿਆਇ ਭਗਤਹ ਸੁਖੁ ਪਾਇਆ ॥ ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥**

ਪਦ ਅਰਥ—ਮਨਸਾ=ਇੱਛਾ, ਵਾਸ਼ਨਾ। ਕਰਿ=ਕਰਮ। ਹਰਨ=ਨਾਸ ਕਰਨਾ, ਲੈਅਤਾ। ਭਰਨ=ਪਾਲਣਾ, ਉਤਪਤੀ। ਨੇਤ੍ਰ ਫੋਰ=ਅੱਖ ਝਮਕਣ। ਮੰਤ=ਮਸ਼ਵਰਾ, ਗੁਪਤ ਸਲਾਹ। ਥੋਕ=ਪਦਾਰਥ। ਭੋਗੀ= ਗ੍ਰਿਹਸਥੀ।

ਅਰਥ—ਵਾਹਿਗੁਰੂ ਸ਼ਰਨ ਆਏ ਦੀ ਇੱਛਾ ਪੂਰੀ ਕਰਨ ਵਾਲਾ ਹੈ। ਜੋ ਕਰਮ ਉਸ ਨੇ ਸਾਡੇ ਹਿਸੇ ਪਾਇਆ ਹੈ, ਉਹ ਹੀ ਹੁੰਦਾ ਹੈ। ਜਿਸ ਦੇ ਅੱਖ ਝਮਕਣੇ ਵਿਚ ਹੀ ਉਤਪਤੀ ਲੈਅਤਾ ਹੋ ਸਕਦੀ ਹੈ। ਉਸ ਦੀ ਸਲਾਹ ਨੂੰ ਹੋਰ ਕੋਈ ਜਾਣ ਨਹੀਂ ਸਕਦਾ। ਜਿਸ ਅਨੰਦ ਸਰੂਪ ਦੇ ਘਰ ਸਦਾ ਹੀ ਖੁਸ਼ੀਆਂ ਹਨ। ਉਸ ਦੇ ਘਰ ਸਾਰੇ ਪਦਾਰਥ ਸੁਣੇ ਜਾਂਦੇ ਹਨ। ਉਹ ਰਾਜ ਵਿਚ ਰਾਜਾ ਹੈ, ਜੋਗ ਵਿਚ ਜੋਗੀ ਹੈ। ਤਪ ਵਿਚ ਤਪੀਸਰ ਹੈ ਅਤੇ ਗ੍ਰਿਹਸਥ ਵਿਚ ਗ੍ਰਿਹਸਥੀ ਹੈ। ਉਸ ਨੂੰ ਧਿਆ ਧਿਆ ਕੇ ਹੀ ਭਗਤਾਂ ਨੇ ਸੁਖ ਪਾਇਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਪੁਰਖ ਦਾ ਅੰਤ ਕਿਸੇ ਨੇ ਵੀ ਨਹੀਂ ਪਾਇਆ ॥੨॥

ਭਾਵ—ਜਦ ਉਸ ਦੀ ਰਚਨਾ ਦਾ ਅੰਤ ਨਹੀਂ ਆ ਸਕਦਾ ਤਾਂ ਰਚਨਹਾਰ ਦਾ ਅੰਤ ਕੌਣ ਪਾ ਸਕਦਾ ਹੈ?

**ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ**

ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥ ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥ ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥ ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥

ਪਦ ਅਰਥ—ਲੀਲਾ=ਖੇਡ । ਅਵਗਾਹਿ=ਢੂੰਢ, ਵੀਚਾਰ ।

ਅਰਥ—ਜਿਸ ਦੀ ਖੇਡ ਦਾ ਪਤਾ ਨਹੀਂ ਲਗ ਸਕਦਾ । ਸਾਰੇ ਦੇਵਤੇ ਵੀ ਵਿਚਾਰ ਥੱਕੇ ਹਨ । ਜਿਵੇਂ ਪਿਉ ਦੇ ਜਨਮ ਵੇਲੇ ਦੇ ਦੁਖ ਸੁਖ ਨੂੰ ਪੁੱਤਰ ਨਹੀਂ ਜਾਣ ਸਕਦਾ, ਤਿਵੇਂ ਕਰਤਾਰ ਦਾ ਪਤਾ ਜੀਵ ਨੂੰ ਨਹੀਂ ਹੋ ਸਕਦਾ । ਉਸ ਨੇ ਆਪਣੇ ਹੁਕਮ ਰੂਪ ਸੂਤਰ ਵਿਚ ਸਾਰੀ ਦੁਨੀਆਂ ਪਰੋਈ ਹੋਈ ਹੈ । ਉਹ ਪੁਰਸ਼ ਨਾਮ ਜਪ ਕੇ ਉਸ ਦਾ ਦਾਸ ਹੁੰਦਾ ਹੈ। ਜਿਸ ਨੂੰ ਤਿੰਨਾਂ ਗੁਣਾਂ ਵਿਚ ਭੁਲਾ ਦਿਤਾ ਸੂ । ਉੱਚੇ ਤੋਂ ਲੈ ਕੇ ਨੀਵੇਂ ਤਕ ਸਭ ਜਗ੍ਹਾ ਉਸੇ ਦੀਆਂ ਹਨ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੇਹਾ ਕਿਸੇ ਨੂੰ ਜਨਾਉਂਦਾ ਹੈ ਉਹ ਤੇਹਾ ਹੀ ਜਾਣਦਾ ਹੈ ॥੩॥

ਨਾਨਾ ਰੂਪ ਨਾਨਾ ਜਾ ਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥ ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ ਏਕੰਕਾਰੁ ॥

**ਨਾਨਾ ਚਲਿਤ ਕਰੇ ਖਿਨ ਮਾਹਿ ॥ ਪੂਰਿ ਰਹਿਓ ਪੂਰਨੁ ਸਭ ਠਾਇ ॥ ਨਾਨਾ ਬਿਧਿ ਕਰਿ ਬਨਤ ਬਨਾਈ ॥ ਅਪਨੀ ਕੀਮਤਿ ਆਪੇ ਪਾਈ ॥ ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥**

ਪਦ ਅਰਥ—ਨਾਨਾ=ਅਨੇਕਾਂ । ਘਟ=ਘੜਾ, ਸਰੀਰ ।

ਅਰਥ—ਜਿਸ ਦੇ ਅਨੇਕਾਂ ਰੂਪ ਤੇ ਅਨੇਕਾਂ ਰੰਗ ਹਨ । ਜੋ ਅਨੇਕਾਂ ਭੇਖ ਕਰ ਕੇ ਵੀ ਇਕ ਰੰਗੀ ਹੈ । ਜਿਸ ਨੇ ਅਨੇਕ ਤਰ੍ਹਾਂ ਕਰ ਕੇ ਫੈਲਾਵ ਕੀਤਾ ਹੈ । ਉਹ ਨਿਰੰਕਾਰ ਪ੍ਰਭੂ ਨਾਸ ਤੋਂ ਰਹਿਤ ਹੈ । ਜੋ ਛਿਨ ਛਿਨ ਵਿਚ ਅਨੇਕਾਂ ਹੀ ਚਲਿਤ੍ਰ ਕਰਦਾ ਹੈ । ਓਹੀ ਪੂਰਨ ਸਭ ਜਗ੍ਹਾ ਤੇ ਪੂਰ ਰਿਹਾ ਹੈ । ਜਿਸ ਨੇ ਅਨੇਕਾਂ ਵਿਧੀਆਂ ਕਰ ਕੇ ਸੰਸਾਰ ਦੀ ਬਣਤ ਬਣਾਈ ਹੈ । ਉਸ ਨੇ ਆਪਣੀ ਕੀਮਤ ਆਪੇ ਹੀ ਪਾਈ ਹੈ । ਸਾਰੇ ਸਰੀਰ ਉਸੇ ਦੇ ਬਣਾਏ ਹੋਏ ਹਨ ਅਤੇ ਇਹ ਸਾਰੇ ਸਰੀਰ ਹੀ ਉਸ ਦੇ ਰਹਿਣ ਦੇ ਸਥਾਨ ਹਨ । ਉਸ ਹਰੀ ਦਾ ਨਾਮ ਜਪ ਕੇ ਸ੍ਰੀ ਗੁਰੂ ਨਾਨਕ ਤਾਂ ਜੀਊਂਦਾ ਹੈ ॥੪॥

**ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥**

**ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥**

ਪਦ ਅਰਥ—ਧਾਰੇ=ਆਸਰੇ । ਪੁਰੀਆ=ਇੰਦ ਸ਼ਿਵ ਆਦਿਕ ਲੋਕ । ਭਵਨ=ਲੋਕ । ਸ੍ਰਵਨ=ਕੰਨ । ਚਉਥੇ ਪਦ=ਤੁਰੀਆ ਪਦ ।

ਅਰਥ—ਨਾਮ ਦੇ ਆਸਰੇ ਹੀ ਸਾਰੇ ਜੰਤ ਹਨ । ਨਾਮ ਦੇ ਆਸਰੇ ਹੀ ਖੰਡ ਤੇ ਬ੍ਰਹਮੰਡ ਹਨ । ਨਾਮ ਦੇ ਆਸਰੇ ਹੀ ਸਿੰਮ੍ਰਤੀਆਂ, ਵੇਦ ਤੇ ਪੁਰਾਣ ਹਨ । ਨਾਮ ਦੇ ਆਸਰੇ ਹੀ ਗਿਆਨ ਧਿਆਨ ਦਾ ਸੁਨਣਾ ਹੁੰਦਾ ਹੈ । ਨਾਮ ਦੇ ਆਸਰੇ ਹੀ ਆਕਾਸ਼ ਤੇ ਪਤਾਲ ਹਨ । ਨਾਮ ਦੇ ਆਸਰੇ ਹੀ ਸਾਰੀਆਂ ਦੇਹਾਂ ਹਨ । ਨਾਮ ਦੇ ਆਸਰੇ ਹੀ ਪੁਰੀਆਂ ਤੇ ਸਾਰੇ ਲੋਕ ਹਨ । ਕੰਨੀ ਸੁਣ ਕੇ ਨਾਮ ਦਾ ਸੰਗ ਕਰਨ ਵਾਲੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ । ਵਾਹਿਗੁਰੂ ਕਿਰਪਾ ਕਰ ਕੇ ਜਿਸ ਨੂੰ ਆਪਣੇ ਨਾਮ ਜਪਣ ਵਿਚ ਲਾਉਂਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤੁਰੀਆ ਪਦ ਵਿਚ ਪਹੁੰਚ ਕੇ ਉਹ ਹੀ ਮੁਕਤੀ ਪਾਂਦਾ ਹੈ ॥੫॥

ਭਾਵ—ਸਾਰਿਆਂ ਦਾ ਆਸਰਾ ਨਾਮ ਹੈ । ਨਾਮ ਦੇ ਆਸਰੇ ਤੋਂ ਬਿਨਾਂ ਕਿਸੇ ਦਾ ਵੀ ਟਿਕਾ ਨਹੀਂ ਹੋ ਸਕਦਾ ।

**ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥ ਪੁਰਖੁ ਸਤਿ ਕੇਵਲ ਪਰਧਾਨੁ ॥ ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥ ਸਤਿ ਪੁਰਖ ਸਭ ਮਾਹਿ**

ਸਮਾਣੀ ॥ ਸਤਿ ਕਰਮੁ ਜਾ ਕੀ ਰਚਨਾ ਸਤਿ ॥ ਮੂਲੁ ਸਤਿ ਸਤਿ ਉਤਪਤਿ ॥ ਸਤਿ ਕਰਣੀ ਨਿਰਮਲ ਨਿਰਮਲੀ ॥ ਜਿਸਹਿ ਬੁਝਾਏ ਤਿਸਹਿ ਸਭ ਭਲੀ ॥ ਸਤਿ ਨਾਮੁ ਪ੍ਰਭ ਕਾ ਸੁਖਦਾਈ ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥

ਅਰਥ—ਜਿਸ ਦਾ ਰੂਪ ਸੱਤ ਹੈ ਅਸਥਾਨ ਸੱਤ ਹੈ । ਉਹ ਕੇਵਲ ਪ੍ਰਧਾਨ ਪੁਰਖ ਹੀ ਸੱਤ ਹੈ । ਜਿਸ ਦੀ ਕਰਤੂਤ ਵੀ ਸੱਤ ਹੈ ਅਤੇ ਬਾਣੀ ਵੀ ਸੱਤ ਹੈ । ਉਹ ਸੱਤ ਪੁਰਖ ਸਾਰਿਆਂ ਵਿਚ ਸਮਾਇਆ ਹੋਇਆ ਹੈ। ਜਿਸ ਦੀ ਬਖਸ਼ਸ਼ ਵੀ ਸੱਤ ਹੈ ਤੇ ਰਚਨਾ ਵੀ ਸੱਤ । ਕਾਰਣ ਵੀ ਸੱਤ ਹੈ ਤੇ ਉਤਪਤੀ ਵੀ ਸੱਤ ਹੈ । ਉਸ ਨਿਰਮਲ ਦੀ ਕਰਣੀ ਨਿਰਮਲ ਤੇ ਸੱਤ ਹੈ । ਜਿਸ ਨੂੰ ਸਮਝਾਉਂਦਾ ਹੈ, ਉਸ ਦੀ ਸਾਰੀ (ਕਰਣੀ) ਭਲੀ ਹੈ। ਪ੍ਰਭੂ ਦਾ ਸਤਿਨਾਮੁ ਹੀ ਸੁਖ ਦੇਣ ਵਾਲਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਸੱਤ ਸਰੂਪ ਦਾ ਵਿਸ੍ਵਾਸ ਗੁਰਾਂ ਪਾਸੋਂ ਮਿਲਦਾ ਹੈ ॥੬॥

ਸਤਿ ਬਚਨ ਸਾਧੂ ਉਪਦੇਸ ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥ ਸਤਿ ਨਿਰਤਿ ਬੂਝੈ ਜੇ ਕੋਇ ॥ ਨਾਮੁ ਜਪਤ ਤਾ ਕੀ ਗਤਿ ਹੋਇ ॥ ਆਪਿ ਸਤਿ ਕੀਆ ਸਭੁ ਸਤਿ ॥ ਆਪੇ ਜਾਨੈ ਅਪਨੀ ਮਿਤਿ ਗਤਿ ॥ ਜਿਸ ਕੀ ਸ੍ਰਿਸਟਿ ਸੁ

**ਕਰਣੈਹਾਰੁ ॥ ਅਵਰ ਨ ਬੂਝਿ ਕਰਤ ਬੀਚਾਰੁ ॥ ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥**

ਪਦ ਅਰਥ—ਤੇ ਜਨ=ਉਹ ਪੁਰਸ਼ । ਨਿਰਤਿ=ਨਿਰਣਾ, ਵਿਚਾਰ ।

ਅਰਥ—ਸੰਤਾਂ ਦਾ ਉਪਦੇਸ਼ ਹੀ ਉਸ ਦੇ ਸੱਚੇ ਬਚਨ ਹਨ । ਜਿਸ ਦੇ ਹਿਰਦੇ ਵਿਚ ਬਚਨਾਂ ਦਾ ਪ੍ਰਵੇਸ਼ ਹੋਇਆ ਹੈ ਉਹ ਪੁਰਸ਼ ਸੱਚੇ ਹਨ। ਜਿਹੜਾ ਕੋਈ ਸਤਿਨਾਮ ਦੀ ਵਿਚਾਰ ਸਮਝਦਾ ਹੈ । ਨਾਮ ਜਪਦਿਆਂ ਉਸ ਦੀ ਮੁਕਤੀ ਹੋ ਜਾਂਦੀ ਹੈ । ਉਹ ਆਪ ਵੀ ਸੱਤ ਤੇ ਉਸ ਦਾ ਕੀਤਾ ਹੁਕਮ ਵੀ ਸੱਤ ਹੈ । ਆਪਣੀ ਗਤੀ ਦੀ ਮਰਿਆਦਾ ਨੂੰ ਆਪੇ ਹੀ ਜਾਣਦਾ ਹੈ । ਜਿਸ ਦੀ ਪੈਦਾ ਕੀਤੀ ਹੋਈ ਦੁਨੀਆਂ ਹੈ ਉਹ ਹੀ ਇਸ ਨੂੰ ਨਾਸ ਕਰਨ ਵਾਲਾ ਹੈ । ਵਿਚਾਰ ਕਰ ਕੇ ਸਮਝ ਲਵੋ ਕਿ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ । ਕਰਤੇ ਦੀ ਮਰਿਆਦਾ ਨੂੰ ਕੀਤਾ ਹੋਇਆ ਜੀਵ ਨਹੀਂ ਜਾਣ ਸਕਦਾ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੋ ਉਸ ਨੂੰ ਭਾਵੇਗਾ ਉਹ ਹੀ ਵਰਤੇਗਾ ॥੭॥

ਭਾਵ—ਸੰਤਾਂ ਦਾ ਉਪਦੇਸ਼ ਹੀ ਸੱਚੇ ਬਚਨ ਹਨ, ਉਹਨਾਂ ਨੂੰ ਸਿਰ ਧਰ ਮੰਨੀਏ ਤਾਂ ਜੀਵ ਦੀ ਕਲਿਆਣ ਹੁੰਦੀ ਹੈ ।

**ਬਿਸਮਨ ਬਿਸਮ ਭਏ ਬਿਸਮਾਦ ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥ ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥ ਗੁਰ ਕੈ ਬਚਨਿ ਪਦਾਰਥ ਲਹੇ ॥ ਓਇ ਦਾਤੇ ਦੁਖ ਕਾਟਨਹਾਰ ॥ ਜਾ ਕੈ ਸੰਗਿ ਤਰੈ ਸੰਸਾਰ ॥ ਜਨ ਕਾ ਸੇਵਕੁ ਸੋ**

ਵਡਭਾਗੀ ॥ ਜਨ ਕੈ ਸੰਗਿ ਏਕ ਲਿਵ ਲਾਗੀ ॥ ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥ ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥

ਪਦ ਅਰਥ—ਬਿਸਮਨ=ਅਸਚਰਜ । ਬਿਸਮਾਦ=ਅਸਚਰਜ ।

ਅਰਥ—ਅਸਚਰਜ ਤੋਂ ਅਸਚਰਜ ਨੂੰ ਜਪਣ ਵਾਲੇ ਵੀ ਅਸਚਰਜ ਰੂਪ ਹੋ ਗਏ ਹਨ । ਜਿਸ ਨੇ ਜਾਣਿਆ ਹੈ ਉਸੇ ਨੂੰ ਸਵਾਦ ਆਇਆ ਹੈ । ਜੋ ਜਨ ਪ੍ਰਭੂ ਦੇ ਪ੍ਰੇਮ ਵਿਚ ਲੱਗ ਰਹੇ ਹਨ । ਉਹਨਾਂ ਨੇ ਗੁਰਾਂ ਦਾ ਬਚਨਾਂ ਰੂਪ ਪਦਾਰਥ ਲਿਆ ਹੈ । ਉਹ ਗੁਰੂ ਜੀ ਨਾਮ ਦੇ ਕੇ ਜਨਮ ਮਰਨ ਦਾ ਦੁਖ ਕੱਟਣ ਵਾਲੇ ਹਨ । ਜਿਨ੍ਹਾਂ ਦੇ ਨਾਲ ਮਿਲ ਕੇ ਜੀਵ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ । ਉਹਨਾਂ ਜਨਾਂ ਦਾ ਜੋ ਸੇਵਕ ਹੈ ਉਹ ਵੱਡੇ ਭਾਗਾਂ ਵਾਲਾ ਹੈ । ਕਿਉਂਕਿ ਸੰਤ ਜਨਾਂ ਦੇ ਸੰਗੀ ਦੀ ਇਕ ਨਾਲ ਪ੍ਰੀਤ ਲਗ ਜਾਂਦੀ ਹੈ । ਜੋ ਜਨ ਗੋਬਿੰਦ ਦੇ ਗੁਣ ਤੇ ਕੀਰਤਨ ਗਾਉਂਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਹੀ ਗੁਰਾਂ ਦੀ ਕ੍ਰਿਪਾ ਨਾਲ ਮੁਕਤੀ ਰੂਪ ਫਲ ਪਾਵੇਗਾ ॥੮॥੧੬॥

ਭਾਵ—ਮੁਕਤੀ ਦਾ ਸਾਧਨ ਪ੍ਰਗਟ ਕੀਤਾ ਹੈ ਕਿ ਸਤਿਗੁਰਾਂ ਦਾ ਉਪਦੇਸ਼ ਲੈ ਕੇ ਸਾਧ ਸੰਗਤ ਵਿਚ ਜਾ ਕੇ ਪ੍ਰੇਮ ਨਾਲ ਨਾਮ ਜਪੋ, ਤਦ ਮੁਕਤੀ ਪ੍ਰਾਪਤ ਹੋਵੇਗੀ ।

ਸਲੋਕੁ ॥

ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥

ਪਦ ਅਰਥ—ਜੁਗਾਦਿ=[ਜੁਗ=ਦੋ+ਆਦਿ] [ਪੁਰਖ ਤੇ ਪ੍ਰਕ੍ਰਿਤੀ] ਤੋਂ ਪਹਿਲਾਂ।

ਅਰਥ—ਸਭ ਤੋਂ ਪਹਿਲਾਂ ਉਹ ਸੱਚਾ ਸੀ, ਪੁਰਖ ਤੇ ਪ੍ਰਕ੍ਰਿਤੀ ਤੋਂ ਪਹਿਲਾਂ ਉਹ ਸੱਚਾ ਸੀ, ਹੁਣ ਵੀ ਉਹ ਸੱਚਾ ਹੈ ਅਤੇ ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਸੱਚਾ ਅੱਗੇ ਨੂੰ ਵੀ ਹੋਵੇਗਾ ॥੧॥

ਭਾਵ—ਸੰਪ੍ਰਦਾਈ ਗਿਆਨੀ ਕਿਹਾ ਕਰਦੇ ਹਨ ਕਿ ਜਿਨ੍ਹਾਂ ਦਿਨਾਂ ਵਿਚ ਪੰਚਮ ਗੁਰੂ ਜੀ ਇਸ ਸੁਖਮਨੀ ਸਾਹਿਬ ਦੀ ਬਾਣੀ ਦਾ ਉਚਾਰਨ ਕਰਦੇ ਸਨ ਤਾਂ ਇਕ ਵਾਰੀ ਆਪ ਬਾਰਠ ਪਿੰਡ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਨੂੰ ਗਏ ਤੇ ਜਾ ਕੇ ਪੂਰਬੋਕਤ ਸੋਲਾਂ ਅਸਟਪਦੀਆਂ ਬਾਬਾ ਜੀ ਨੂੰ ਸੁਣਾ ਕੇ ਪ੍ਰਾਰਥਨਾ ਕੀਤੀ ਜੋ ਸਾਡਾ ਵਿਚਾਰ ਹੈ ਕਿ ਇਸ ਬਾਣੀ ਦੀਆਂ ਚਵੀ ਅਸਟਪਦੀਆਂ ਹੋਣ। ਸੋ ਬਾਕੀ ਦੀਆਂ ਅੱਠ ਆਪ ਉਚਾਰੋ। ਇਹ ਸੁਣ ਕੇ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਲੋਕ 'ਆਦਿ ਸਚੁ' ਪੜ੍ਹ ਕੇ ਮੱਥਾ ਟੇਕ ਕੇ ਉੱਤਰ ਦਿਤਾ ਕਿ ਪਿਤਾ ਗੁਰੂ ਜੀ ਨੇ ਇਹ ਬਲ ਆਪ ਨੂੰ ਹੀ ਬਖਸ਼ਿਆ ਹੈ। ਤੁਹਾਡੇ ਵਿਚ ਉਹ ਆਪ ਹਨ। ਤੁਸੀਂ ਉਹਨਾਂ ਵਿਚ ਲੀਣ ਹੋ ਕੇ ਉਹਨਾਂ ਦਾ ਰੂਪ ਹੋ। ਇਹ ਸੋਭਾ ਆਪ ਨੂੰ ਹੀ ਮਿਲੀ ਹੈ। ਤੁਸਾਂ ਹੀ ਇਹ ਕਾਰਜ ਪੂਰਾ ਕਰਨਾ ਹੈ, ਸੋ ਕਰੋ। ਬਾਬਾ ਜੀ ਦਾ ਇਹ ਉੱਤਰ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸਲੋਕ ਬਾਬਾ ਜੀ ਵਲੋਂ ਹੀ ਸਮਝ ਕੇ ਅਗਲੀ ਬਾਣੀ ਫਿਰ ਉਥੇ ਹੀ ਉਚਾਰੀ।

ਕਈ ਗਿਆਨੀ ਇਹ ਕਿਹਾ ਕਰਦੇ ਹਨ ਜੋ ਇਹ ਸਾਰੀ ਬਾਣੀ ਸ੍ਰੀ ਅੰਮ੍ਰਿਤਸਰ ਜੀ ਵਿਚ ਰਾਮਸਰ ਤੀਰਥ ਦੇ ਕੰਢੇ ਤੇ ਉਚਾਰੀ ਹੈ। ਅਤੇ ਸਾਡਾ ਵਿਚਾਰ ਭੀ ਇਹ ਹੀ ਹੈ। ਅਗੇ ਗੁਰੂ ਜੀ ਦੀ ਲੀਲਾ ਗੁਰੂ ਜੀ ਹੀ ਜਾਣਦੇ ਹਨ।

ਅਸਟਪਦੀ ॥

**ਚਰਨ ਸਤਿ ਸਤਿ ਪਰਸਨਹਾਰ ॥ ਪੂਜਾ ਸਤਿ ਸਤਿ ਸੇਵਦਾਰ ॥ ਦਰਸਨੁ ਸਤਿ ਸਤਿ ਪੇਖਨਹਾਰ ॥ ਨਾਮੁ ਸਤਿ ਸਤਿ ਧਿਆਵਨਹਾਰ ॥ ਆਪਿ ਸਤਿ ਸਤਿ ਸਭ ਧਾਰੀ ॥ ਆਪੇ ਗੁਣ ਆਪੇ ਗੁਣਕਾਰੀ ॥ ਸਬਦੁ ਸਤਿ ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ ਸਤਿ ਜਸੁ ਸੁਨਤਾ ॥ ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥**

ਅਰਥ—ਸੱਚੇ ਦੇ ਚਰਨ ਪਰਸਨ ਵਾਲਾ ਸੱਚਾ ਹੈ। ਸੱਚੇ ਦੀ ਪੂਜਾ ਤੇ ਸੇਵਾ ਕਰਨ ਵਾਲਾ ਸੱਚਾ ਹੈ। ਸੱਚੇ ਦਾ ਦਰਸ਼ਨ ਕਰਨ ਵਾਲਾ ਸੱਚਾ ਹੈ। ਸਤਿਨਾਮੁ ਜਪਣ ਵਾਲਾ ਹੀ ਸੱਚਾ ਹੈ। ਸੱਚੇ ਦੀ ਆਪਣੀ ਧਾਰੀ ਹੋਈ ਸਾਰੀ ਮਰਿਆਦਾ ਵੀ ਸੱਚੀ ਹੈ। ਆਪੇ ਹੀ ਗੁਣ ਰੂਪ ਹੈ ਅਤੇ ਆਪੇ ਗੁਣਾਂ ਵਾਲਾ ਹੈ। ਸੱਚੇ ਪ੍ਰਭੂ ਦੇ ਸ਼ਬਦ ਗਾਉਣ ਵਾਲਾ ਵੀ ਸੱਚਾ ਹੈ। ਸੁਰਤ ਦੇ ਕੇ ਸੱਚੇ ਦਾ ਜਸ ਸੁਣਨ ਵਾਲਾ ਵੀ ਸੱਚਾ ਹੈ। ਸਮਝਣ ਵਾਲੇ ਨੂੰ ਸਭ ਸੱਚ ਹੀ ਪ੍ਰਤੀਤ ਹੁੰਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪ੍ਰਭੂ ਹੀ ਸਤ ਹੈ ਸਤ ਹੈ ॥੧॥

ਭਾਵ—'ਜਿਨ ਜਾਤਾ ਸੋ ਤਿਸਹੀ ਜੇਹਾ' ਇਸੇ ਲਈ ਸੇਵਕ ਨੂੰ ਵੀ ਸੱਤ ਹੀ ਕਥਨ ਕੀਤਾ ਹੈ ॥੧॥

**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥**

**ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥**

ਪਦ ਅਰਥ—ਗਡਾਈ=ਮਿਲਾ ਦਿਤੀ । ਬਿਬੇਕ=ਵਿਚਾਰ ।

• ਅਰਥ—ਸਤ ਸਰੂਪ ਨੂੰ ਜਿਸ ਨੇ ਹਿਰਦੇ ਵਿਚ ਮੰਨ ਲਿਆ ਹੈ । ਉਸ ਨੇ ਕਾਰਨਾਂ ਦੇ ਕਰਨ ਵਾਲੇ ਮੂਲ ਰੂਪ ਪ੍ਰਮਾਤਮਾ ਨੂੰ ਪਛਾਣਿਆ ਹੈ । ਜਿਸ ਹਿਰਦੇ ਦਾ ਭਰੋਸਾ ਪ੍ਰਭੂ ਉਤੇ ਬੱਝ ਗਿਆ ਹੈ । ਉਸ ਦੇ ਮਨ ਵਿਚ ਤੱਤ੍ਵ ਗਿਆਨ ਪ੍ਰਗਟ ਹੋ ਗਿਆ ਹੈ । ਉਹ ਡਰਾਂ ਤੋਂ ਨਿਡਰ ਹੋ ਕੇ ਵਸਦਾ ਹੈ । ਜਿਸ ਤੋਂ ਪੈਦਾ ਹੋਇਆ ਹੈ ਉਸ ਦੇ ਵਿਚ ਸਮਾ ਜਾਂਦਾ ਹੈ । ਜਿਵੇਂ ਚੀਜ਼ ਵਿਚ ਚੀਜ਼ ਮਿਲਾ ਦਿਤੀ ਜਾਵੇ ਤਾਂ ਫਿਰ ਉਹਨਾਂ ਨੂੰ ਵੱਖੋ ਵੱਖ ਨਹੀਂ ਕਿਹਾ ਜਾਂਦਾ । ਇਵੇਂ ਹੀ ਉਹ ਮਿਲ ਗਏ ਹਨ । ਕੋਈ ਸਮਝਣ ਵਾਲਾ ਹੀ ਇਸ ਵਿਚਾਰ ਨੂੰ ਸਮਝਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਨਰਾਇਣ ਨਾਲ ਮਿਲ ਕੇ ਦੋਵੇਂ ਇਕ ਰੂਪ ਹੋ ਗਏ ਹਨ ॥੨॥

**ਠਾਕੁਰ ਕਾ ਸੇਵਕੁ ਆਗਿਆਕਾਰੀ ॥**

**ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥ ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥ ਠਾਕੁਰ ਕਉ ਸੇਵਕੁ ਜਾਨੈ ਸੰਗਿ ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥ ਸੇਵਕ ਕਉ ਪ੍ਰਭ ਪਾਲਨਹਾਰਾ ॥ ਸੇਵਕ ਕੀ ਰਾਖੈ ਨਿਰੰਕਾਰਾ ॥ ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥**

ਪਦ ਅਰਥ—ਪੂਜਾਰੀ=ਪੂਜਾ ਕਰਨ ਵਾਲਾ । ਸਮਾਰੈ=ਯਾਦ ਕਰਦਾ ਹੈ ।

ਅਰਥ—ਸੇਵਕ ਸਦਾ ਹੀ ਮਾਲਕ ਦੀ ਆਗਿਆ ਵਿਚ ਕੰਮ ਕਰਦਾ ਹੈ । ਸੇਵਕ ਠਾਕੁਰ ਦੀ ਸਦਾ ਹੀ ਪੂਜਾ ਕਰਦਾ ਹੈ । ਠਾਕੁਰ ਦੇ ਸੇਵਕ ਦੇ ਮਨ ਵਿਚ ਪ੍ਰਤੀਤ ਹੈ । ਠਾਕੁਰ ਦੇ ਸੇਵਕ ਦੀ ਰੀਤੀ ਨਿਰਮਲ ਹੈ। ਠਾਕੁਰ ਨੂੰ ਸੇਵਕ ਆਪਣੇ ਨਾਲ ਹੀ ਜਾਣਦਾ ਹੈ । ਪ੍ਰਭੂ ਦੇ ਸੇਵਕ ਨੂੰ ਨਾਮ ਦਾ ਰੰਗ ਚੜ੍ਹਿਆ ਹੋਇਆ ਹੈ । ਪ੍ਰਭੂ ਸੇਵਕ ਦੀ ਪਾਲਣਾ ਕਰਦਾ ਹੈ । ਆਪਣੇ ਸੇਵਕ ਦੀ ਨਿਰੰਕਾਰ ਇਜ਼ਤ ਰੱਖਦਾ ਹੈ । ਜਿਸ ਉਤੇ ਪ੍ਰਭੂ ਦਇਆ ਕਰਦਾ ਹੈ, ਉਹ ਹੀ ਸੇਵਕ ਹੁੰਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸੇਵਕ ਉਹ ਹੈ, ਜੋ ਸਵਾਸ ਸਵਾਸ ਕਰਤਾਰ ਨੂੰ ਯਾਦ ਕਰਦਾ ਹੈ ॥੩॥

ਭਾਵ—ਸੇਵਕ ਦੇ ਲੱਛਣ ਤੇ ਕਰਮ ਪ੍ਰਗਟ ਕੀਤੇ ਹਨ ।

**ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥ ਅਪਨੇ ਦਾਸ ਕਉ ਦੇਇ ਵਡਾਈ ॥ ਅਪਨੇ ਸੇਵਕ ਕਉ ਨਾਮੁ ਜਪਾਈ ॥ ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥ ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥ ਪ੍ਰਭ ਕੇ ਸੇਵਕ ਊਚ ਤੇ ਊਚੇ ॥ ਜੋ ਪ੍ਰਭਿ ਅਪਨੀ ਸੇਵਾ ਲਾਇਆ ॥ ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥੪॥**

ਪਦ ਅਰਥ—ਸਰਪਰ=ਜ਼ਰੂਰ । ਪ੍ਰਗਟਾਇਆ=ਮਸ਼ਹੂਰ ਕੀਤਾ ।

ਅਰਥ—ਆਪਣੇ ਦਾਸ ਦਾ ਕਰਤਾਰ ਆਪੇ ਪੜਦਾ ਢਕਦਾ ਹੈ । ਆਪਣੇ ਸੇਵਕ ਦੀ ਇਜ਼ਤ ਜ਼ਰੂਰ ਹੀ ਰਖ ਲੈਂਦਾ ਹੈ । ਆਪਣੇ ਦਾਸ ਨੂੰ ਆਪੇ ਹੀ ਵਡਿਆਈ ਦੇਂਦਾ ਹੈ । ਆਪਣੇ ਸੇਵਕ ਤੋਂ ਆਪੇ ਹੀ ਨਾਮ ਜਪਵਾਂਦਾ ਹੈ । ਆਪਣੇ ਸੇਵਕ ਦੀ ਆਪੇ ਹੀ ਇਜ਼ਤ ਰਖਦਾ ਹੈ । ਉਸ ਦੀ ਗਤਿ ਦੀ ਮਰਿਆਦਾ ਨੂੰ ਕੋਈ ਵੀ ਨਹੀਂ ਜਾਣਦਾ । ਪ੍ਰਭੂ ਦੇ ਸੇਵਕ ਦੇ ਬਰਾਬਰ ਕੋਈ ਵੀ ਨਹੀਂ ਪਹੁੰਚ ਸਕਦਾ । ਪ੍ਰਭੂ ਦੇ ਸੇਵਕ ਉੱਚਿਆਂ ਤੋਂ ਵੀ ਉੱਚੇ ਹਨ । ਜਿਸ ਨੂੰ ਪ੍ਰਭੂ ਨੇ ਆਪਣੀ ਸੇਵਾ ਵਿਚ ਲਾਇਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਸੇਵਕ ਨੂੰ ਕਰਤਾਰ ਨੇ ਦਸਾਂ ਦਿਸਾਂ ਵਿਚ ਹੀ ਮਸ਼ਹੂਰ ਕਰ ਦਿਤਾ ਹੈ ॥੪॥

**ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ**

**ਲਸਕਰ ਕੋਟਿ ਲਾਖੈ ॥ ਜਿਸ ਕਾ ਸਾਸੁ ਨ ਕਾਢਤ ਆਪਿ ॥ ਤਾ ਕਉ ਰਾਖਤ ਦੇ ਕਰਿ ਹਾਥ ॥ ਮਾਨਸ ਜਤਨ ਕਰਤ ਬਹੁ ਭਾਤਿ ॥ ਤਿਸ ਕੇ ਕਰਤਬ ਬਿਰਥੇ ਜਾਤਿ ॥ ਮਾਰੈ ਨ ਰਾਖੈ ਅਵਰੁ ਨ ਕੋਇ ॥ ਸਰਬ ਜੀਆ ਕਾ ਰਾਖਾ ਸੋਇ ॥ ਕਾਹੇ ਸੋਚ ਕਰਹਿ ਰੇ ਪ੍ਰਾਣੀ ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥**

ਪਦ ਅਰਥ—ਕਲ=ਸ਼ਕਤੀ। ਲਸਕਰ=ਫੌਜ। ਵਿਡਾਣੀ=ਅਸਚਰਜ।

ਅਰਥ—ਜੇਕਰ ਨਿਕੀ ਕੀੜੀ ਵਿਚ ਕਰਤਾਰ ਤਾਕਤ ਰਖ ਦੇਵੇ ਤਾਂ ਉਹ ਲੱਖਾਂ ਕ੍ਰੋੜਾਂ ਫੌਜਾਂ ਨੂੰ ਸਵਾਹ ਕਰ ਦੇਵੇਗੀ। ਜਿਸ ਦਾ ਸਾਹ ਉਹ ਆਪ ਕਢਿਆ ਨਹੀਂ ਚਾਹੁੰਦਾ। ਉਸ ਨੂੰ ਹੱਥ ਦੇ ਕੇ ਰੱਖ ਲੈਂਦਾ ਹੈ। ਮਨੁੱਖ ਭਾਵੇਂ ਬਹੁਤ ਤਰ੍ਹਾਂ ਦੇ ਯਤਨ ਕਰੇ। ਉਸ ਦੇ ਕਰਤਬ ਸਾਰੇ ਵਿਅਰਥ ਹਨ ਉਸ ਤੋਂ ਬਿਨਾਂ ਹੋਰ ਕੋਈ ਮਾਰਨ ਜਾਂ ਰਖਣ ਵਾਲਾ ਨਹੀਂ ਹੈ। ਸਾਰੇ ਜੀਵਾਂ ਦਾ ਉਹ ਹੀ ਰਾਖਾ ਹੈ। ਹੇ ਪ੍ਰਾਣੀ! ਤੂੰ ਸੋਚਾਂ ਕਿਉਂ ਕਰਦਾ ਹੈਂ? ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਸਦਾ ਉਸ ਅਲਖ ਤੇ ਅਸਚਰਜ ਰੂਪ ਪ੍ਰਭੂ ਦਾ ਨਾਮ ਜਪ ॥੫॥

**ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥ ਤਿਸੁ**

ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥ ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥ ਨਾਮ ਰਸਿ ਜੋ ਜਨ ਤ੍ਰਿਪਤਾਨੇ ॥ ਮਨ ਤਨ ਨਾਮਹਿ ਨਾਮਿ ਸਮਾਨੇ ॥ ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥

ਅਰਥ—ਮੁੜ ਮੁੜ ਕੇ ਪ੍ਰਭੂ ਦਾ ਨਾਮ ਜਪਨਾ ਚਾਹੀਦਾ ਹੈ । ਇਹੋ ਅੰਮ੍ਰਿਤ ਪੀਵੋ ਤਾਂ ਮਨ ਤਨ ਰੱਜ ਜਾਵੇਗਾ । ਜਿਸ ਗੁਰਮੁਖ ਨੇ ਨਾਮ ਰਤਨ ਪਾਇਆ ਹੈ । ਉਸ ਨੇ ਪ੍ਰਭੂ ਤੋਂ ਬਿਨਾਂ ਕੁਝ ਹੋਰ ਨਹੀਂ ਵੇਖਿਆ। ਉਸ ਕੋਲ ਨਾਮ ਹੀ ਧਨ ਹੈ ਅਤੇ ਨਾਮ ਹੀ ਉਸ ਦਾ ਰੂਪ ਰੰਗ ਹੈ । ਨਾਮ ਜਪਨ ਵਿਚ ਹੀ ਉਨ੍ਹਾਂ ਨੂੰ ਸੁਖ ਹੈ, ਇਸ ਲਈ ਉਹ ਹਰਿ ਨਾਮ ਨਾਲ ਹੀ ਵਸਦੇ ਹਨ । ਜੋ ਪੁਰਸ਼ ਨਾਮ ਰਸ ਨਾਲ ਰੱਜੇ ਹਨ । ਉਹ ਮਨ ਤਨ ਕਰਕੇ ਨਾਮ ਜਪ ਕੇ ਨਾਮੀ ਵਿਚ ਸਮਾ ਗਏ ਹਨ । ਉਠਦਿਆਂ ਬਹਿੰਦਿਆਂ, ਸੁਤਿਆਂ ਨਾਮ ਹੀ ਜਪਦੇ ਹਨ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਭਗਤ ਜਨਾਂ ਨੂੰ ਸਦਾ ਹੀ ਇਹੋ ਕੰਮ ਹੈ ॥੬॥

ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥ ਕਰਹਿ ਭਗਤਿ ਆਤਮ ਕੈ ਚਾਇ ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥ ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ

ਅਪਨੇ ਕਾ ਹੁਕਮੁ ਪਛਾਨੈ ॥ ਤਿਸ ਕੀ ਮਹਿਮਾ ਕਉਨ ਬਖਾਨਉ ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥ ਆਠ ਪਹਰ ਪ੍ਰਭ ਬਸਹਿ ਹਜੂਰੇ ॥ ਕਹੁ ਨਾਨਕ ਸੇਈ ਜਨ ਪੂਰੇ ॥੭॥

ਪਦ ਅਰਥ—ਆਤਮ=ਮਨ । ਚਾਇ=ਉਤਸ਼ਾਹ, ਸ਼ੌਂਕ ।

ਅਰਥ—ਦਿਨੇ ਰਾਤ ਜੀਭ ਨਾਲ ਕਰਤਾਰ ਦਾ ਜਸ ਕਰਦੇ ਹਨ। ਪ੍ਰਭੂ ਨੇ ਆਪਣੇ ਦਾਸਾਂ ਨੂੰ ਇਹ ਦਾਤ ਦਿਤੀ ਹੋਈ ਹੈ । ਜੋ ਮਨ ਦੇ ਸ਼ੌਂਕ ਨਾਲ ਕਰਤਾਰ ਦੀ ਭਗਤੀ ਕਰਦੇ ਹਨ। ਉਹ ਆਪਣੇ ਪ੍ਰਭੂ ਨਾਲ ਮਿਲ ਰਹੇ ਹਨ । ਜੋ ਕੁਝ ਹੋਇਆ ਹੈ ਉਸ ਨੂੰ ਹੋਣਹਾਰ ਜਾਣਦੇ ਹਨ ਅਤੇ ਉਸ ਨੂੰ ਆਪਣੇ ਪ੍ਰਭੂ ਦਾ ਹੀ ਹੁਕਮ ਪਛਾਣਦੇਂ ਹਨ । ਉਨ੍ਹਾਂ ਦੀ ਮਹਿਮਾ ਕੀ ਸੁਣਾਈਏ ? ਉਸ ਦਾ ਤਾਂ ਇਕ ਗੁਣ ਵੀ ਕਿਹਾ ਨਹੀਂ ਜਾਂਦਾ। ਅੱਠੇ ਪਹਿਰ ਪ੍ਰਭੂ ਦੇ ਨੇੜੇ ਵਸਦੇ ਹਨ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਹੀ ਪੂਰੇ ਪੁਰਸ਼ ਹਨ ॥੭॥

ਮਨ ਮੇਰੇ ਤਿਨ ਕੀ ਓਟ ਲੇਹਿ ॥ ਮਨੁ ਤਨੁ ਅਪਨਾ ਤਿਨ ਜਨ ਦੇਹਿ ॥ ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥ ਸੋ ਜਨੁ ਸਰਬ ਥੋਕ ਕਾ ਦਾਤਾ ॥ ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥ ਅਵਰ ਸਿਆਨਪ ਸਗਲੀ

## ਛਾਡੁ ॥ ਤਿਸੁ ਜਨ ਕੀ ਤੂ ਸੇਵਾ ਲਾਗੁ ॥ ਆਵਨੁ ਜਾਨੁ ਨ ਹੋਵੀ ਤੇਰਾ ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥

ਅਰਥ—ਹੇ ਮੇਰੇ ਮਨ ! ਤੂੰ ਉਨ੍ਹਾਂ ਦੀ ਓਟ ਲੈ । ਹੇ ਮਨ ! ਆਪਣਾ ਮਨ ਤਨ ਉਨ੍ਹਾਂ ਪੁਰਸ਼ਾਂ ਨੂੰ ਭੇਟ ਦੇ-ਦੇਹੁ । ਜਿਨ੍ਹਾਂ ਜਨਾਂ ਨੇ ਆਪਣੇ ਪ੍ਰਭੂ ਨੂੰ ਪਛਾਣਿਆ ਹੈ । ਉਹ ਪੁਰਸ਼ ਸਾਰੇ ਪਦਾਰਥਾਂ ਦਾ ਦਾਤਾ ਹੈ । ਉਸ ਦੀ ਸ਼ਰਨੀਂ ਪਿਆਂ ਹੀ ਸਾਰੇ ਸੁੱਖ ਮਿਲ ਜਾਂਦੇ ਹਨ । ਉਸ ਦਾ ਦਰਸ਼ਨ ਕੀਤਿਆਂ ਸਾਰੇ ਪਾਪ ਮਿਟ ਜਾਂਦੇ ਹਨ । ਹੋਰ ਸਾਰੀਆਂ ਸਿਆਣਪਾਂ ਛਡ ਦੇਹ । ਅਤੇ ਹੇ ਮਨ ! ਤੂੰ ਉਸ ਪੁਰਸ਼ ਦੀ ਸੇਵਾ ਵਿਚ ਲਗਾ ਰਹੁ । ਫਿਰ ਤੇਰਾ ਆਉਣਾ ਜਾਣਾ ਨਹੀਂ ਹੋਵੇਗਾ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਪੁਰਸ਼ ਦੇ ਤੂੰ ਸਦਾ ਹੀ ਚਰਨ ਪੂਜਦਾ ਰਹੁ ॥੮॥੧੭॥

ਭਾਵ—ਨਾਮ ਦੇ ਰਸੀਏ ਗੁਰਮੁਖ ਦੀ ਵਡਿਆਈ ਪ੍ਰਗਟ ਕੀਤੀ ਹੈ ਅਤੇ ਉਪਦੇਸ਼ ਦਿਤਾ ਹੈ ਕਿ ਅਜਿਹੇ ਗੁਰਮੁਖਾਂ ਦੀ ਸੰਗਤ ਕਰੋ, ਉਹ ਨਾਮ ਦਾਨ ਦੇਣਗੇ । ਨਾਮ ਜਪਿਆਂ ਕਲਿਆਣ ਹੋਵੇਗੀ ।

ਸਲੋਕੁ ॥

## ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥ ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥

ਪਦ ਅਰਥ—ਸਤਿ ਪੁਰਖੁ=ਸੱਚਾ ਤੇ ਪੁਰਖ ਰੂਪ, 'ਏਕਾ ਪੁਰਖ ਸਬਾਈ ਨਾਰਿ' ਬਚਨ ਦੁਆਰਾ । ਕਰਤਾਰ ਹੀ ਪੁਰਖ ਹੈ, ਅਕਾਲ ਪੁਰਖ, ਨਿਰੰਕਾਰ ।

ਅਰਥ—ਜਿਸ ਨੇ ਅਕਾਲ ਪੁਰਖ ਨੂੰ ਜਾਣਿਆ ਹੈ, ਉਸ ਦਾ ਨਾਮ ਸਤਿਗੁਰੂ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦੀ ਸੰਗਤ ਵਿਚ ਰਹਿ ਕੇ ਹਰੀ ਦੇ ਗੁਣ ਗਾਵਿਆਂ ਹੀ ਸਿਖ ਦਾ ਉਧਾਰ ਹੁੰਦਾ ਹੈ ॥੧॥

ਭਾਵ—ਭਾਵੇਂ ਇਸ ਸਲੋਕ ਵਿਚ ਸਤਿਗੁਰੂ ਦਾ ਲੱਛਣ ਤਾਂ ਕੀਤਾ ਹੈ, ਪਰ ਇਹ ਲੱਛਣ ਸ੍ਰੀ ਗੁਰੂ ਰਾਮਦਾਸ ਜੀ ਦਾ ਹੀ ਬੋਧਕ ਹੈ। ਕਿਉਂਕਿ 'ਜਾਨਿਆ' ਪਦ ਵਰਤਮਾਨ ਸਮਾਂ ਜਣਾਉਂਦਾ ਹੈ। ਵਰਤਮਾਨ ਸਮਾਂ ਉਹ ਹੈ, ਜਿਸ ਵੇਲੇ ਇਹ ਬਾਣੀ ਉਚਾਰੀ ਗਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਬਿਰਾਜਮਾਨ ਸਨ। ਤਾਂਤੇ ਸਿੱਟਾ ਇਹ ਹੋਇਆ ਜੋ ਸ੍ਰੀ ਗੁਰੂ ਰਾਮਦਾਸ ਜੀ ਦੀ ਸੰਗਤ ਵਿਚ ਨਾਮ ਜਪਿਆਂ ਸਿਖ ਦਾ ਉਧਾਰ ਹੈ। ਸਿਖ ਲਈ ਜੋ ਕਰਤਬ ਹਨ, ਉਹ ਅੱਗੇ ਪ੍ਰਗਟ ਕਰਦੇ ਹਨ।

ਕਈ ਸੁਆਰਥੀ ਇਸ ਸਲੋਕ ਦੇ 'ਜਾਨਿਆ' ਪਦ ਦਾ ਅਰਥ 'ਜਾਣੇਗਾ' ਬਣਾ ਕੇ ਭਵਿਖਤ ਸਮਾਂ ਬਣਾ ਲੈਂਦੇ ਹਨ ਅਤੇ ਆਪਣੇ ਆਪ ਨੂੰ ਜਾਂ ਹੋਰ ਕਿਸੇ ਪੁਰਸ਼ ਨੂੰ ਜਿਸ ਦੇ ਆਪ ਏਜੰਟ ਹੁੰਦੇ ਹਨ, ਸਤਿਗੁਰੂ ਬਣਾ ਕੇ ਭੋਲੇ ਭਾਲੇ ਭਰਾਵਾਂ ਨੂੰ ਧੋਖੇ ਵਿਚ ਫਸਾਉਂਦੇ ਹਨ।

ਅਸਟਪਦੀ ॥

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥ ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥ ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥**

**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥ ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥**

ਪਦ ਅਰਥ—ਦੁਰਮਤਿ=ਖੋਟੀ ਮਤਿ, ਕਬੁਧਿ । ਹਿਰੈ=ਦੂਰ ਕਰਦਾ ਹੈ । ਹਲਤ ਪਲਤ=ਲੋਕ ਪ੍ਰਲੋਕ । ਸਮਾਰੈ=ਯਾਦ ਕਰੇ ।

ਅਰਥ—ਸਤਿਗੁਰੂ ਆਪਣੇ ਸਿੱਖ ਦੀ ਪਾਲਣਾ ਕਰਦਾ ਹੈ । ਸੇਵਾ ਕਰਨ ਵਾਲੇ ਉਤੇ ਗੁਰੂ ਸਦਾ ਹੀ ਦਇਆ ਕਰਦਾ ਹੈ । ਗੁਰੂ ਸਿਖ ਦੀ ਕਬੁਧਿ ਰੂਪ ਮੈਲ ਦੂਰ ਕਰਦਾ ਹੈ । ਫਿਰ ਸਿਖ ਗੁਰਾਂ ਦਾ ਉਪਦੇਸ਼ ਲੈ ਕੇ ਨਾਮ ਜਪਦਾ ਹੈ । ਉਸ ਸਿਖ ਦੇ ਬੰਧਨ ਸਤਿਗੁਰੂ ਕੱਟ ਦੇਂਦਾ ਹੈ। ਜੋ ਸਿਖ ਵਿਕਾਰਾਂ ਤੋਂ ਹਟ ਗਿਆ ਹੈ । (ਉਸ) ਸਿਖ ਨੂੰ ਗੁਰੂ ਨਾਮ ਧਨ ਦੇਂਦਾ ਹੈ । (ਕਿਉਂਕਿ ਉਹ) ਗੁਰੂ ਦਾ ਸਿਖ ਵੱਡੇ ਭਾਗਾਂ ਵਾਲਾ ਹੈ । ਉਸ ਸਿਖ ਦਾ ਲੋਕ ਪ੍ਰਲੋਕ ਗੁਰੂ ਸੰਵਾਰਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਕਿ ਗੁਰੂ ਸਿਖ ਨੂੰ ਆਪਣੇ ਮਨ ਨਾਲ ਸਦਾ ਹੀ ਯਾਦ ਰਖਦਾ ਹੈ ॥੧॥

ਭਾਵ—ਪਿਛੇ ਦਸਿਆ ਸੀ 'ਜੋ ਗੁਰਾਂ ਦੀ ਸੰਗਤ ਵਿਚ ਰਹਿ ਕੇ ਨਾਮ ਜਪਿਆਂ ਸਿਖ ਦਾ ਉਧਾਰ ਹੁੰਦਾ ਹੈ, ਪਰ ਸਿਖ ਲਈ ਜਰੂਰੀ ਕਰਤਬ ਵਿਕਾਰਾਂ ਵਲੋਂ ਹਟ ਜਾਣਾ ਹੈ ।'

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥ ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ**

**ਸਦ ਧਿਆਵੈ ॥ ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥**

ਅਰਥ—ਜੋ ਸੇਵਕ ਗੁਰਾਂ ਦੇ ਘਰ ਰਹਿੰਦਾ ਹੈ। ਉਸ ਨੂੰ ਚਾਹੀਦਾ ਹੈ ਕਿ ਗੁਰਾਂ ਦੀ ਆਗਿਆ ਮਨ ਤਨ ਕਰ ਕੇ ਮੰਨੇ। ਆਪਣੇ ਆਪ ਨੂੰ ਕੁਝ ਵੀ ਨਾ ਗਿਣਾਵੇ। ਮਨ ਵਿਚ ਸਦਾ ਹੀ ਹਰਿ ਹਰਿ ਨਾਮ ਜਪੇ। ਸਤਿਗੁਰਾਂ ਕੋਲ ਆਪਣਾ ਮਨ ਵੇਚ ਦੇਵੇ। ਤਦ ਉਸ ਸੇਵਕ ਦੇ ਕੰਮ ਰਾਸ ਹੋ ਜਾਂਦੇ ਹਨ। ਸੇਵਾ ਕਰਦਾ ਹੋਇਆ ਕਾਮਨਾ ਕੋਈ ਨਾ ਕਰੇ। ਤਦ ਉਸ ਮਾਲਕ ਸਿਰਜਣਹਾਰ ਨਾਲ ਮਿਲ ਜਾਵੇਗਾ। ਜਿਸ ਉਤੇ ਕਰਤਾਰ ਆਪਣੀ ਕਿਰਪਾ ਆਪੇ ਕਰਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਸੇਵਕ ਹੋ ਕੇ ਗੁਰਾਂ ਦਾ ਉਪਦੇਸ਼ ਲੈਂਦਾ ਹੈ ॥੨॥

ਭਾਵ—ਸੇਵਕ ਨੂੰ ਸੇਵਾ ਕਰਦਿਆਂ ਕੋਈ ਕਾਮਨਾ ਨਹੀਂ ਕਰਨੀ ਚਾਹੀਦੀ, ਕਿਉਂਕਿ 'ਵਾਸਨਾ ਬਧਾ ਆਵੈ ਜਾਵੈ।'

**ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥ ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥ ਸਰਬ ਨਿਧਾਨ**

ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥ ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥ ਸਹਸ ਸਿਆਨਪ ਲਇਆ ਨ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥

ਪਦ ਅਰਥ—ਬੀਸ ਬਿਸਵੇ=ਪੂਰਾ ਭਰੋਸਾ । ਗਤਿ=ਪ੍ਰਾਪਤੀ ।

ਅਰਥ—ਜਿਸ ਦੇ ਭਰੋਸੇ ਉਤੇ ਗੁਰਾਂ ਦਾ ਮਨ ਪਤੀਜਦਾ ਹੈ । ਉਹ ਸੇਵਕ ਪਰਮੇਸ਼ਰ ਦੀ ਪ੍ਰਾਪਤੀ ਦੀ ਜੁਗਤੀ ਜਾਣਦਾ ਹੈ । ਉਹ ਸਤਿਗੁਰੂ ਹੈ, ਜਿਸ ਦੇ ਹਿਰਦੇਂ ਵਿਚ ਹਰਿ ਨਾਮ ਵਸਦਾ ਹੈ । ਅਨੇਕਾਂ ਵਾਰੀ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ । ਗੁਰੂ ਜੀਵ ਨੂੰ ਸਾਰੇ ਖਜ਼ਾਨੇ ਦੇਣ ਵਾਲਾ ਹੈ। ਕਿਉਂਕਿ ਉਹ ਅੱਠੇ ਪਹਿਰ ਕਰਤਾਰ ਦੇ ਰੰਗ ਵਿਚ ਰੱਤਾ ਰਹਿੰਦਾ ਹੈ। ਵਾਹਿਗੁਰੂ ਵਿਚ ਭਗਤ ਹੈ ਅਤੇ ਭਗਤ ਵਿਚ ਵਾਹਿਗੁਰੂ ਹੈ । ਇਕ ਵਾਹਿਗੁਰੂ ਹੀ ਦੋਵੇਂ ਰੂਪ ਹੈ, ਇਸ ਵਿਚ ਕੁਝ ਭਰਮ ਨਹੀਂ । ਹਜ਼ਾਰਾਂ ਚਤੁਰਾਈਆਂ ਨਾਲ ਮਿਲਦਾ ਨਹੀਂ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਅਜਿਹੇ ਵਾਹਿਗੁਰੂ ਨੂੰ ਵਡਭਾਗੀ ਗੁਰੂ ਨੂੰ ਮਿਲ ਕੇ ਸਿਖ ਪਾ ਲੈਂਦਾ ਹੈ ॥੩॥

ਸਫਲ ਦਰਸਨੁ ਪੇਖਤ ਪੁਨੀਤ ॥ ਪਰਸਤ ਚਰਨ ਗਤਿ ਨਿਰਮਲ ਰੀਤਿ ॥ ਭੇਟਤ ਸੰਗਿ ਰਾਮ ਗੁਨ ਰਵੇ ॥ ਪਾਰਬ੍ਰਹਮ ਕੀ ਦਰਗਹ

**ਗਾਵੈ ॥ ਸੁਨਿ ਕਰਿ ਬਚਨ ਕਰਨ ਆਘਾਨੇ ॥ ਮਨਿ ਸੰਤੋਖੁ ਆਤਮ ਪਤੀਆਨੇ ॥ ਪੂਰਾ ਗੁਰੁ ਅਖ੍ਹਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥ ਗੁਣ ਬਿਅੰਤ ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥੪॥**

ਪਦ ਅਰਥ—ਪਰਸਤ=ਲਗਦਿਆਂ, ਛੋਂਹਦਿਆਂ । ਰਵੇ=ਗਾਵੇਂ । ਗਾਵੇ=ਪਹੁੰਚੇ । ਪਤੀਆਨੇ=ਪਤੀਜਨਾ ।

ਅਰਥ—ਗੁਰਾਂ ਦਾ ਦਰਸ਼ਨ ਸਫਲ ਹੈ, ਵੇਖਣ ਵਾਲਾ ਪਵਿਤਰ ਹੋ ਗਿਆ ਹੈ । ਚਰਨਾਂ ਨਾਲ ਲਗਦਿਆਂ ਨਿਰਮਲ ਰੀਤੀ ਮਿਲ ਜਾਂਦੀ ਹੈ । ਨਾਲ ਮਿਲ ਕੇ ਜਿਸ ਨੇ ਰਾਮ ਦੇ ਗੁਣ ਗਾਵੇਂ ਹਨ ਉਹ ਪਾਰਬ੍ਰਹਮ ਦੀ ਦਰਗਾਹ ਵਿਚ ਪਹੁੰਚ ਗਿਆ ਹੈ । ਗੁਰਾਂ ਦਾ ਬਚਨ ਸੁਣ ਕੇ ਕੰਨ ਰੱਜ ਗਏ ਹਨ । ਮਨ ਸੰਤੋਖੀ ਹੋ ਗਿਆ ਹੈ ਅਤੇ ਕਰਤਾਰ ਤੇ ਭਰੋਸਾ ਬੱਝ ਗਿਆ ਹੈ । ਗੁਰੂ ਪੂਰਾ ਹੈ, ਜਿਸ ਦਾ ਉਪਦੇਸ਼ ਨਾਸ ਨਹੀਂ ਹੁੰਦਾ । ਦ੍ਰਿਸ਼ਟ ਅੰਮ੍ਰਿਤ ਹੈ, ਜਿਸ ਨੂੰ ਵੇਖਦਾ ਹੈ ਉਹ ਸੰਤ ਹੋ ਜਾਂਦਾ ਹੈ । ਗੁਣ ਬੇਅੰਤ ਹਨ, ਕੀਮਤ ਨਹੀਂ ਪਾਈ ਜਾਂਦੀ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਨੂੰ ਚਾਹੁੰਦਾ ਹੈ ਉਸ ਨੂੰ ਗੁਰੂ ਆਪਣੇ ਨਾਲ ਮਿਲਾ ਲੈਂਦਾ ਹੈ ॥੪॥

ਭਾਵ—ਸੇਵਕ ਨੂੰ ਗੁਰੂ ਦੇ ਬਚਨਾਂ ਪੁਰ ਭਰੋਸਾ ਹੋਣਾ ਚਾਹੀਦਾ ਹੈ । ਜਦ ਭਰੋਸਾ ਬੱਝ ਜਾਵੇ ਤਾਂ ਕਰਤਾਰ ਦੀ ਮਿਹਰ ਆਪੇ ਹੋ ਜਾਂਦੀ ਹੈ ।

**ਜਿਹਬਾ ਏਕ ਉਸਤਤਿ ਅਨੇਕ ॥ ਸਤਿ**

**ਪੁਰਖ ਪੂਰਨ ਬਿਬੇਕ ॥ ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ ਪ੍ਰਭ ਨਿਰਬਾਨੀ ॥ ਨਿਰਾਹਾਰ ਨਿਰਵੈਰ ਸੁਖਦਾਈ ॥ ਤਾ ਕੀ ਕੀਮਤਿ ਕਿਨੈ ਨ ਪਾਈ ॥ ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥ ਸਦ ਬਲਿਹਾਰੀ ਸਤਿਗੁਰ ਅਪਨੇ ॥ ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥**

ਪਦ ਅਰਥ—ਅਗਮ=ਪਹੁੰਚ ਤੋਂ ਪਰੇ । ਅਗੋਚਰ=ਇੰਦ੍ਰਿਆਂ ਦੀ ਪਹੁੰਚ ਤੋਂ ਪਰੇ, ਜਿਸ ਨੂੰ ਅੱਖਾਂ ਨਾ ਵੇਖ ਸਕਣ । ਨਿਰਬਾਨੀ=ਬੰਧਨਾਂ ਤੋਂ ਰਹਿਤ, ਦੁਖ ਤੋਂ ਰਹਿਤ । ਨਿਰਾਹਾਰ=ਆਹਾਰ ਤੋਂ ਰਹਿਤ ਜਾਂ ਆਸਰੇ ਤੋਂ ਰਹਿਤ ।

ਅਰਥ—ਜੀਭ ਇਕ ਹੈ, ਉਸਤਤਿ ਅਨੇਕ ਤਰ੍ਹਾਂ ਦੀ ਹੈ, ਕਿਵੇਂ ਕੀਤੀ ਜਾਵੇ ? ਉਸ ਅਕਾਲ ਪੁਰਖ ਦੀ ਵਿਚਾਰ ਪੂਰਨ ਹੈ । ਜੀਵ ਕਿਸੇ ਗੱਲ ਨਾਲ ਵੀ ਪੂਰਾ ਨਹੀਂ ਉਤਰ ਸਕਦਾ । (ਕਿਉਂਕਿ) ਨਿਰਬਾਣ ਪ੍ਰਭੂ ਤਾਂ ਅਗਮ ਤੇ ਅਗੋਚਰ ਹੈ । ਨਿਰਾਹਾਰ, ਨਿਰਵੈਰ ਤੇ ਸੁਖ ਦੇਣ ਵਾਲਾ ਹੈ । ਉਸ ਦੀ ਕੀਮਤ ਅੱਜ ਤੱਕ ਕਿਸੇ ਵੀ ਨਹੀਂ ਪਾਈ । ਉਸ ਨੂੰ ਅਨੇਕਾਂ ਭਗਤ ਰੋਜ਼ ਨਮਸ਼ਕਾਰ ਕਰਦੇ ਹਨ ਅਤੇ ਉਸ ਦੇ ਚਰਨ ਕਮਲਾਂ ਨੂੰ ਹਿਰਦੇ ਵਿਚ ਅਰਾਧਦੇ ਹਨ । ਮੈਂ ਆਪਣੇ ਸਤਿਗੁਰਾਂ ਤੋਂ ਸਦਾ ਹੀ ਬਲਿਹਾਰ ਜਾਂਦਾ ਹਾਂ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਦੀ ਕ੍ਰਿਪਾ ਨਾਲ ਅਜਿਹੇ ਪ੍ਰਭੂ ਨੂੰ ਮੈਂ ਜਪਿਆ ਹੈ ॥੫॥

ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ ਗੁਨਤਾਸ ॥ ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥ ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥ ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥

ਪਦ ਅਰਥ—ਗੁਣਤਾਸ=ਗੁਣਾਂ ਦਾ ਸਮੁੰਦਰ, ਕਰਤਾਰ ।

ਅਰਥ—ਕੋਈ ਵਿਰਲਾ ਪੁਰਸ਼ ਹੀ ਹਰਿ ਨਾਮ ਰਸ ਪੀਂਦਾ ਹੈ। ਉਹ ਇਸ ਅੰਮ੍ਰਿਤ ਨੂੰ ਪੀ ਕੇ ਅਮਰ ਹੋ ਜਾਂਦਾ ਹੈ। ਉਸ ਪੁਰਖ ਦਾ ਕਦੇ ਵੀ ਨਾਸ ਨਹੀਂ ਹੁੰਦਾ। ਜਿਸ ਦੇ ਹਿਰਦੇ ਵਿਚ ਕਰਤਾਰ ਪ੍ਰਗਟ ਹੋਇਆ ਹੈ। ਉਹ ਅੱਠੇ ਪਹਿਰ ਹਰੀ ਦਾ ਨਾਮ ਜਪਦਾ ਹੈ। ਸੇਵਕਾਂ ਨੂੰ ਸੱਚ ਦਾ ਉਪਦੇਸ਼ ਦੇਂਦਾ ਹੈ। ਮਾਇਆ ਦੇ ਨਾਲ ਵਸਦਿਆਂ ਵੀ ਉਸ ਨੂੰ ਮੋਹ ਦਾ ਲੇਪ ਨਹੀਂ ਹੈ। ਕਿਉਂਕਿ ਉਹ ਇਕ ਹਰੀ ਦਾ ਹਰਿ ਨਾਮ ਹੀ ਮਨ ਵਿਚ ਰਖਦਾ ਹੈ। ਅਗਿਆਨ ਦੇ ਹਨੇਰੇ ਵਿਚ ਗਿਆਨ ਦਾ ਦੀਵਾ ਉਹ ਬਾਲ ਦੇਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦੇ ਉਪਦੇਸ਼ ਨਾਲ ਭਰਮ ਤੇ ਮੋਹ ਨਾਸ ਹੋ ਜਾਂਦਾ ਹੈ ॥੬॥

ਭਾਵ—ਪਹਿਲੀ ਪਉੜੀ ਵਿਚ ਕਰਤਾਰ ਦੀ ਸਿਫਤ ਕੁਝ ਕੁ

ਵਰਣਨ ਕੀਤੀ ਹੈ ਅਤੇ ਦਸਿਆ ਹੈ ਜੋ ਅਜਿਹਾ ਕਰਤਾਰ ਗੁਰਾਂ ਦੀ ਕ੍ਰਿਪਾ ਨਾਲ ਜਪਿਆ ਜਾਂਦਾ ਹੈ। ਮਗਰਲੀ ਪਉੜੀ ਵਿਚ ਪ੍ਰਗਟ ਕੀਤਾ ਹੈ ਜੋ ਉਸ ਨੂੰ ਜਪਣ ਵਾਲਾ ਅਮਰ ਹੋ ਜਾਂਦਾ ਹੈ। ਪਰ ਉਸ ਦਾ ਨਾਮ ਜਪਣਾ ਡਾਢਾ ਔਖਾ ਹੈ। ਜਿਨ੍ਹਾਂ ਨੇ ਜਪ ਲਿਆ ਹੈ ਉਹ ਸੁੱਖਾਂ ਦੇ ਭੰਡਾਰੇ ਅਤੇ ਦਾਤੇ ਹਨ।

**ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥ ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥ ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ ਮਨ ਤੇ ਖੈ ਨਸੇ ॥ ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥ ਸਾਧਸੰਗਿ ਜਪਿ ਨਾਮੁ ਮੁਰਾਰੀ ॥ ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥**

ਪਦ ਅਰਥ—ਅੰਦੇਸੇ=ਫਿਕਰ। ਬਿਆਧਿ=ਰੋਗ। ਖੈ=ਨਾਸ। ਥਿਤਿ= ਇਸਥਿਤ, ਇਕ ਜਗ੍ਹਾ ਦਾ ਵਸੇਬਾ। ਭ੍ਰਮ=ਗੇੜ। ਗਵਨ=ਫਿਰਨਾ।

ਅਰਥ—ਸੰਸਾਰ ਦੀ ਤਪਸ਼ ਵਿਚ ਹੀ ਠੰਡ ਪੈ ਗਈ ਹੈ। ਹੇ ਭਾਈ! ਦੁਖ ਦੂਰ ਹੋ ਗਏ ਹਨ ਅਤੇ ਮਨ ਨੂੰ ਅਨੰਦ ਹੋ ਗਿਆ ਹੈ। ਜੰਮਣ ਮਰਨ ਦਾ ਫਿਕਰ ਵੀ ਮਿਟ ਗਿਆ ਹੈ। ਪੂਰਨ ਸੰਤ ਦੇ ਉਪਦੇਸ਼ ਦਾ ਹੀ ਇਹ ਫਲ ਹੈ ਕਿ ਡਰ ਮਿਟ ਗਿਆ ਹੈ, ਅਤੇ ਡਰ ਤੋਂ ਰਹਿਤ (ਜਗ੍ਹਾ ਵਿਚ ਜਾ) ਵਸੇ ਹਾਂ। ਨਾਸ ਕਰਨ ਵਾਲੀਆਂ ਸਭ ਬੀਮਾਰੀਆਂ ਮਨ ਤੋਂ

ਨਸ ਗਈਆਂ ਹਨ । ਜਿਸ ਦਾ ਦਾਸ ਸਾਂ ਉਸੇ ਨੇ ਕਿਰਪਾ ਕੀਤੀ ਹੈ । ਸਾਧ ਸੰਗਤ ਵਿਚ ਜਾ ਕੇ ਮੁਰਾਰੀ ਦਾ ਨਾਮ ਜਪਿਆ ਹੈ । ਇਕ ਜਗ੍ਹਾ ਦਾ ਵਸੇਬਾ ਪਾ ਲਿਆ ਹੈ ਅਤੇ ਚੁਰਾਸੀ ਦੇ ਗੇੜ ਦਾ ਫਿਰਨਾ ਮੁਕ ਗਿਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਕੰਨਾਂ ਨਾਲ ਹਰਿ ਦਾ ਜਸ ਸੁਣਨ ਦਾ ਇਹ ਫਲ ਮਿਲਿਆ ਹੈ ॥੭॥

**ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥ ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥ ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥ ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥ ਰਚਿ ਰਚਨਾ ਅਪਨੀ ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥੮॥੧੯॥**

ਅਰਥ—ਉਹ ਆਪ ਹੀ ਨਿਰਗੁਣ ਹੈ, ਅਤੇ ਸਰਗੁਣ ਵੀ ਉਹ ਹੀ ਹੈ । ਜਿਸ ਨੇ ਆਪਣੀ ਸ਼ਕਤੀ ਨਾਲ ਬਣਾ ਕੇ ਸਾਰੀ ਦੁਨੀਆਂ ਮੋਹੀ ਹੋਈ ਹੈ । ਪ੍ਰਭੂ ਨੇ ਆਪਣੇ ਚਰਿਤ੍ਰ ਆਪੇ ਬਣਾਏ ਹਨ । ਆਪਣੀ ਗਤੀ ਨੂੰ ਆਪੇ ਹੀ ਪਾਉਂਦਾ ਹੈ । ਹਰੀ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ । ਇਕ ਉਹ ਹੀ ਸਾਰਿਆਂ ਦੇ ਅੰਦਰ ਇਕ ਸਾਰ ਵਰਤ ਰਿਹਾ ਹੈ । ਸਾਰੇ ਰੰਗਾਂ ਰੂਪਾਂ ਵਿਚ ਤਾਣੇ ਪੇਟੇ ਵਾਂਗੂੰ ਵਿਆਪਕ ਹੈ । ਸੰਤਾਂ ਦਾ ਸੰਗ ਕੀਤਿਆਂ ਪ੍ਰਗਟ ਹੁੰਦਾ ਹੈ । ਜਿਸ ਨੇ ਰਚਨਾ ਰਚ ਕੇ ਆਪਣੀ ਸ਼ਕਤੀ ਨਾਲ ਟਿਕਾਈ

ਹੋਈ ਹੈ । ਸ੍ਰੀ ਗੁਰੂ ਨਾਨਕ ਜੀ ਉਸ ਉਪਰੋਂ ਅਨੇਕਾਂ ਵਾਰੀ ਬਲਿਹਾਰ ਜਾਂਦਾ ਹੈ ॥੮॥੧੮॥

ਸਲੋਕੁ ॥

**ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥ ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥**

ਪਦ ਅਰਥ—ਬਿਖਿਆ=ਮਾਇਆ । ਛਾਰੁ=ਸਵਾਹ । ਸਾਰੁ=ਸਰੇਸ਼ਟ, ਅਸਲ ।

ਅਰਥ—ਹਰੀ ਭਜਨ ਤੋਂ ਬਿਨਾਂ ਨਾਲ ਕੁਝ ਨਹੀਂ ਚੱਲਣਾ, ਸਾਰੀ ਮਾਇਆ ਸਵਾਹ ਰੂਪ ਹੈ । ਇਸ ਲਈਂ ਹਰਿ ਹਰਿ ਨਾਮ ਜਪਣ ਰੂਪ ਕਮਾਈ ਕਰੋ, ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਏਹੋ ਅਸਲੀ ਧਨ ਹੈ ॥੧॥

ਭਾਵ—ਮਾਇਆ ਨਾਲ ਨਹੀਂ ਜਾਣੀ, ਇਸ ਨਾਲ ਪਿਆਰ ਨਾ ਕਰੋ, ਕੇਵਲ ਵਾਹਿਗੁਰੂ ਦਾ ਸਿਮਰਨ ਕਰੋ ।

ਅਸਟਪਦੀ ॥

**ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ ॥ ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥ ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥ ਕਰਨ ਕਾਰਨ ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥ ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥**

**ਸੰਤ ਜਨਾ ਕਾ ਨਿਰਮਲ ਮੰਤ ॥ ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥੧॥**

ਪਦ ਅਰਥ—ਦ੍ਰਿੜ=ਪੱਕੀ । ਗਹਹੁ=ਫੜੋ । ਵਥੁ=ਵਸਤੂ । ਭਗਵੰਤ= ਭਾਗਾਂ ਵਾਲੇ, ਸ਼ਾਹੂਕਾਰ । ਮੰਤ=ਉਪਦੇਸ਼ ।

ਅਰਥ—ਸੰਤ ਜਨਾਂ ਨਾਲ ਮਿਲ ਕੇ ਵਿਚਾਰ ਕਰੋ । ਇਕ ਨਾਮ ਦਾ ਸਿਮਰਨ ਹੀ ਆਸਰਾ ਰਖੋ । ਹੇ ਮਿਤਰੋ ! ਹੋਰ ਸਾਰੇ ਉਪਾਵ ਛੱਡ ਦੇਵੋ । ਵਾਹਿਗੁਰੂ ਦੇ ਚਰਨ ਕਮਲ ਹਿਰਦੇ ਵਿਚ ਟਿਕਾਈ ਰੱਖੋ । ਉਹ ਪ੍ਰਭੂ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ । ਉਸ ਹਰੀ ਦੀ ਨਾਮ ਰੂਪ ਵਸਤੂ ਨੂੰ ਪੱਕਾ ਕਰਕੇ ਫੜੋ । ਇਹ ਧਨ ਇਕੱਠਾ ਕਰੋ ਤਾਂ ਭਾਗਾਂ ਵਾਲੇ ਹੋਵੋਗੇ । ਸੰਤ ਜਨਾਂ ਦਾ ਇਹੋ ਨਿਰਮਲ ਉਪਦੇਸ਼ ਹੈ ਕਿ ਮਨ ਵਿਚ ਇਕੋ ਦੀ ਆਸ ਰੱਖੋ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ ਸਾਰੇ ਦੁਖ ਤੇ ਰੋਗ ਮਿਟ ਜਾਣਗੇ ॥੧॥

**ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥ ਸੋ ਧਨੁ ਹਰਿ ਸੇਵਾ ਤੇ ਪਾਵਹਿ ॥ ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥ ਸੋ ਸੁਖੁ ਸਾਧੂ ਸੰਗਿ ਪਰੀਤਿ ॥ ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥ ਸਾ ਸੋਭਾ ਭਜੁ ਹਰਿ ਕੀ ਸਰਨੀ ॥ ਅਨਿਕ ਉਪਾਵੀ ਰੋਗੁ ਨ ਜਾਇ ॥**

**ਰੋਗੁ ਮਿਟੈ ਹਰਿ ਅਵਖਧੁ ਲਾਇ॥ ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥ ਜਪਿ ਨਾਨਕ ਦਰਗਹਿ ਪਰਵਾਨੁ ॥੨॥**

ਪਦ ਅਰਥ—ਬਾਛਹਿ=ਚਾਹੁੰਦੇ । ਕਰਨੀ=ਕਰਤੂਤ । ਅਵਖਧ=ਦਵਾਈ।

ਅਰਥ—ਜਿਸ ਧਨ ਨੂੰ ਲੈਣ ਲਈ ਚੁਤਰਫੇ ਦੌੜਦੇ ਹੋ, ਉਹ ਧਨ ਹਰੀ ਦੀ ਸੇਵਾ ਨਾਲ ਮਿਲੇਗਾ। ਹੇ ਮਿਤਰੋ ! ਜਿਸ ਸੁੱਖ ਨੂੰ ਤੁਸੀਂ ਸਦਾ ਚਾਹੁੰਦੇ ਹੋ। ਉਹ ਸੁਖ ਸੰਤਾਂ ਨਾਲ ਪ੍ਰੀਤ ਕੀਤਿਆਂ ਲੱਭੇਗਾ। ਜਿਸ ਸੋਭਾ ਲਈ ਚੰਗੀ ਕਰਤੂਤ ਕਰਦੇ ਹੋ। ਉਹ ਸੋਭਾ ਹਰੀ ਦੀ ਸ਼ਰਨੀ ਪਿਆਂ ਮਿਲੇਗੀ। ਜਿਹੜਾ ਰੋਗ ਅਨੇਕਾਂ ਉਪਾਵਾਂ ਦੇ ਕੀਤਿਆਂ ਵੀ ਨਾ ਜਾਵੇ। ਹਰਿ ਨਾਮ ਦਾਰੂ ਦੇ ਲਾਇਆਂ ਉਹ ਰੋਗ ਮਿਟ ਜਾਵੇਗਾ। ਸਾਰੇ ਖਜ਼ਾਨਿਆਂ ਵਿਚੋਂ ਅਸਲੀ ਖਜ਼ਾਨਾ ਤਾਂ ਹਰੀ ਦਾ ਹੀ ਨਾਮ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਇਸ ਨੂੰ ਜਪਣ ਵਾਲਾ ਹੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ ॥੨॥

**ਮਨੁ ਪਰਬੋਧਹੁ ਹਰਿ ਕੈ ਨਾਇ॥ ਦਹ ਦਿਸਿ ਧਾਵਤ ਆਵੈ ਠਾਇ॥ ਤਾ ਕਉ ਬਿਘਨੁ ਨ ਲਾਗੈ ਕੋਇ॥ ਜਾ ਕੈ ਰਿਦੈ ਬਸੈ ਹਰਿ ਸੋਇ॥ ਕਲਿ ਤਾਤੀ ਠਾਂਢਾ ਹਰਿ ਨਾਉ॥ ਸਿਮਰਿ ਸਿਮਰਿ ਸਦਾ ਸੁਖ ਪਾਉ॥ ਭਉ ਬਿਨਸੈ ਪੂਰਨ ਹੋਇ ਆਸ॥ ਭਗਤਿ**

**ਭਾਇ ਆਤਮ ਪਰਗਾਸ ॥ ਤਿਤੁ ਘਰਿ ਜਾਇ ਬਸੈ ਅਬਿਨਾਸੀ ॥ ਕਹੁ ਨਾਨਕ ਕਾਟੀ ਜਮ ਫਾਸੀ ॥੩॥**

ਪਦ ਅਰਥ—ਪਰਬੋਧਹੁ=ਉਪਦੇਸ਼ ਕਰੋ । ਧਾਵਤ=ਦੌੜਦਾ ਹੋਇਆ । ਭਾਇ=ਪ੍ਰੇਮ ।

ਅਰਥ—ਮਨ ਨੂੰ ਹਰੀ ਦੇ ਨਾਮ ਦਾ ਉਪਦੇਸ਼ ਕਰੋ । ਦਸਾਂ ਦਿਸ਼ਾਂ ਵਲ ਦੌੜਦਾ ਮਨ ਟਿਕਾਣੇ ਆ ਜਾਵੇਗਾ । ਉਸ ਨੂੰ ਕੋਈ ਦੁਖ ਨਹੀਂ ਲਗਦਾ । ਜਿਸ ਦੇ ਹਿਰਦੇ ਵਿਚ ਉਹ ਸੱਚਾ ਵਸਦਾ ਹੈ । ਕਲਜੁਗ ਦੀ ਕਰਨੀ ਅੱਗ ਵਾਂਗੂੰ ਤੱਤੀ ਹੈ, ਅਤੇ ਹਰੀ ਦਾ ਨਾਮ ਪਾਣੀ ਵਾਂਗੂੰ ਠੰਡਾ ਹੈ । ਸਿਮਰ ਸਿਮਰ ਕੇ ਹੀ ਸਦਾ ਸੁਖ ਪਾਈਦਾ ਹੈ । ਡਰ ਨਾਸ ਹੋ ਜਾਵੇਗਾ ਅਤੇ ਆਸ ਪੂਰੀ ਹੋ ਜਾਵੇਗੀ । ਪ੍ਰੇਮ ਨਾਲ ਭਗਤੀ ਕੀਤਿਆਂ ਮਨ ਵਿਚ ਗਿਆਨ ਹੋ ਜਾਵੇਗਾ । ਉਸ ਨਾਸ ਤੋਂ ਰਹਿਤ ਘਰ ਵਿਚ ਜਾ ਵਸੀਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਮਾਂ ਦੀ ਫਾਹੀ ਕੱਟੀ ਜਾਵੇਗੀ ॥੩॥

**ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥ ਆਵਾ ਗਵਨੁ ਮਿਟੈ ਪ੍ਰਭ ਸੇਵ ॥ ਆਪੁ ਤਿਆਗਿ ਸਰਨਿ ਗੁਰਦੇਵ ॥ ਇਉ ਰਤਨ ਜਨਮ ਕਾ ਹੋਇ ਉਧਾਰੁ ॥ ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥ ਅਨਿਕ ਉਪਾਵ ਨ ਛੂਟਨਹਾਰੇ ॥ ਸਿੰਮ੍ਰਿਤਿ ਸਾਸਤ ਬੇਦ**

**ਬੀਚਾਰੇ ॥ ਹਰਿ ਕੀ ਭਗਤਿ ਕਰਹੁ ਮਨੁ ਲਾਇ ॥ ਮਨਿ ਬੰਛਤ ਨਾਨਕ ਫਲ ਪਾਇ ॥੪॥**

ਪਦ ਅਰਥ—ਆਵਾ ਗਵਨ=ਆਉਣਾ ਜਾਣਾ, ਜੰਮਨਾ ਮਰਨਾ। ਬੰਛਤ=ਇੱਛੇ ।

ਅਰਥ—ਤਤ ਦੀ ਵੀਚਾਰ ਕਰਨ ਵਾਲਾ ਪੁਰਸ਼ ਸੱਚਾ ਹੈ। ਜੋ ਕੱਚ ਦੀ ਵਿਚਾਰ ਕਰਨ ਵਾਲਾ ਹੈ ਉਹ ਕੱਚਾ ਜੰਮਦਾ ਤੇ ਮਰਦਾ ਹੈ। ਪ੍ਰਭੂ ਦੀ ਸੇਵਾ ਕੀਤਿਆਂ ਜੰਮਣਾ ਮਰਨਾ ਮਿਟਦਾ ਹੈ। ਗੁਰਦੇਵ ਦੀ ਸ਼ਰਨੀ ਪਿਆਂ ਹੰਕਾਰ ਦਾ ਤਿਆਗ ਹੁੰਦਾ ਹੈ। ਇਸ ਤਰ੍ਹਾਂ ਹੀ ਰਤਨ ਵਰਗੇ ਮਨੁਖ ਜਨਮ ਦਾ ਉਧਾਰ ਹੁੰਦਾ ਹੈ। ਹਰਿ ਹਰਿ ਸਿਮਰਨ ਹੀ ਪ੍ਰਾਣਾਂ ਦਾ ਆਸਰਾ ਕਰੋ। ਅਨੇਕਾਂ ਉਪਾਵਾਂ ਦੇ ਕੀਤਿਆਂ ਵੀ ਜਮਾਂ ਤੋਂ ਛੁਟਕਾਰਾ ਨਹੀਂ ਹੋਣਾ। ਭਾਵੇਂ ਸਿੰਮ੍ਰਤੀਆਂ, ਸ਼ਾਸਤ੍ਰ ਤੇ ਵੇਦ ਵਿਚਾਰ ਲਵੋ ਤਾਂ ਵੀ ਗਤੀ ਨਹੀਂ ਹੋਣੀ। ਮਨ ਲਾ ਕੇ ਹਰੀ ਦੀ ਭਗਤੀ ਕਰੋ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ ਮਨ ਇੱਛਤ ਫਲ ਪਾਓਗੇ ॥੪॥

ਭਾਵ—ਕੇਵਲ ਕਰਤਾਰ ਦੇ ਸਿਮਰਨ ਦਾ ਹੀ ਉਪਦੇਸ਼ ਵਰਨਣ ਕੀਤਾ ਹੈ। ਰੁਚੀ ਵਧਾਉਣ ਲਈ ਅਨੇਕਾਂ ਸੁਖਾਂ ਦੀ ਪ੍ਰਾਪਤੀ ਤੇ ਦੁਖਾਂ ਦਾ ਪ੍ਰਹਾਰ ਦਸਿਆ ਹੈ, ਜੋ ਇਕ ਨਾਮ ਦੇ ਜਪਣ ਦਾ ਹੀ ਫਲ ਹੈ। ਇਸ ਲਈ ਸਾਰੇ ਸੁੱਖਾਂ ਦੀ ਪ੍ਰਾਪਤੀ ਲਈ ਸਿਮਰਨ ਵਿਚ ਹੀ ਆਪਣਾ ਜੀਵਨ ਬਿਤਾਵੋ।

**ਸੰਗਿ ਨ ਚਾਲਸਿ ਤੇਰੈ ਧਨਾ ॥ ਤੂੰ ਕਿਆ ਲਪਟਾਵਹਿ ਮੂਰਖ ਮਨਾ ॥ ਸੁਤ ਮੀਤ ਕੁਟੰਬ ਅਰੁ ਬਨਿਤਾ ॥ ਇਨ ਤੇ ਕਹਹੁ ਤੁਮ ਕਵਨ ਸਨਾਥਾ ॥ ਰਾਜ ਰੰਗ ਮਾਇਆ ਬਿਸਥਾਰ ॥**

**ਇਨ ਤੇ ਕਹਹੁ ਕਵਨ ਛੁਟਕਾਰ ॥ ਅਸੁ ਹਸਤੀ ਰਥ ਅਸਵਾਰੀ ॥ ਝੂਠਾ ਡੰਫੁ ਝੂਠੁ ਪਾਸਾਰੀ ॥ ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥ ਨਾਮੁ ਬਿਸਾਰਿ ਨਾਨਕ ਪਛੁਤਾਨਾ ॥੫॥**

ਪਦ ਅਰਥ—ਬਨਿਤਾ=ਇਸਤਰੀ । ਸਨਾਥਾ=ਸੁਖ । ਅਸੁ=ਘੋੜਾ । ਹਸਤੀ=ਹਾਥੀ । ਡੰਫ=ਦਿਖਾਵਾ ।

ਅਰਥ—ਤੇਰੇ ਨਾਲ ਧਨ ਨਹੀਂ ਜਾਵੇਗਾ । ਹੇ ਮੂਰਖ ਮਨ ! ਤੂੰ ਇਸ ਨਾਲ ਕਿਉਂ ਲਪਟਿਆ ਹੋਇਆ ਹੈਂ । ਪੁੱਤਰ, ਮਿੱਤਰ, ਪਰਿਵਾਰ ਅਤੇ ਇਸਤਰੀ (ਦਸ) ਇਨ੍ਹਾਂ ਤੋਂ ਤੈਨੂੰ ਕੀ ਸੁੱਖ ਮਿਲਦਾ ਹੈ । ਰਾਜ ਦੇ ਰੰਗ ਤੇ ਮਾਇਆ ਦੇ ਪਸਾਰੇ । ਇਨ੍ਹਾਂ ਤੋਂ ਦਸ ਕਿਸ ਦਾ ਛੁਟਕਾਰਾ ਹੋਇਆ ਹੈ । ਘੋੜੇ, ਹਾਥੀ, ਰਥ ਆਦਿਕ ਅਸਵਾਰੀਆਂ ਦਾ ਦਿਖਾਵਾ ਵੀ ਝੂਠਾ ਹੈ ਅਤੇ ਪਸਾਰੇ ਵੀ ਝੂਠੇ ਹਨ । ਜਿਸ ਨੇ ਇਹ ਕੁਝ ਦਿਤਾ ਹੈ, ਅਗਿਆਨੀ ਜੀਵ ਉਸ ਨੂੰ ਨਹੀਂ ਜਾਣਦਾ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਨੇ ਨਾਮ ਨੂੰ ਵਿਸਾਰ ਦਿਤਾ ਹੈ, ਉਹ ਅੰਤ ਨੂੰ ਪਛਤਾਵੇਗਾ ॥੫॥

**ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥ ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ ਤੁਮ੍ਾਰੋ ਚੀਤ ॥ ਚਰਨ ਕਮਲ ਰਾਖਹੁ ਮਨ ਮਾਹਿ ॥ ਜਨਮ ਜਨਮ ਕੇ ਕਿਲਬਿਖ ਜਾਹਿ ॥**

**ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਸੁਨਤ ਕਹਤ ਰਹਤ ਗਤਿ ਪਾਵਹੁ ॥ ਸਾਰ ਭੂਤ ਸਤਿ ਹਰਿ ਕੋ ਨਾਉ ॥ ਸਹਜਿ ਸੁਭਾਇ ਨਾਨਕ ਗੁਨ ਗਾਉ ॥੬॥**

ਪਦ ਅਰਥ—ਸਾਰ ਭੂਤ=ਅਸਲੀ ਵਸਤੂ । ਕਿਲਬਿਖ=ਪਾਪ ।

ਅਰਥ—ਏ ਇਆਣੇ ! ਤੂੰ ਗੁਰਾਂ ਦੀ ਸਿਖਿਆ ਲੈ ਕੇ ਭਗਤੀ ਕਰ, ਭਗਤੀ ਕਰਨ ਤੋਂ ਬਿਨਾਂ ਵੱਡੇ ਵੱਡੇ ਸਿਆਣੇ ਵੀ ਨਰਕਾਂ ਵਿਚ ਡੁਬ ਗਏ ਹਨ । ਹੇ ਮਿਤਰੋ ! ਮਨ ਲਾ ਕੇ ਹਰੀ ਦੀ ਭਗਤੀ ਕਰੋ । ਤੁਹਾਡਾ ਚਿਤ ਨਿਰਮਲ ਹੋ ਜਾਵੇਗਾ । ਕਰਤਾਰ ਦੇ ਚਰਨਾਂ ਕਮਲਾਂ ਦਾ ਧਿਆਨ ਮਨ ਵਿਚ ਰੱਖੋ । ਤਦ ਜਨਮਾਂ ਜਨਮਾਂ ਦੇ ਪਾਪ ਮਿਟ ਜਾਣਗੇ । ਆਪ ਵੀ ਨਾਮ ਜਪੋ ਅਤੇ ਹੋਰਨਾਂ ਪਾਸੋਂ ਵੀ ਨਾਮ ਜਪਵਾਵੋ । ਨਾਮ ਸੁਣਨ ਵਾਲੇ, ਕਹਿਣ ਵਾਲੇ ਅਤੇ ਧਾਰਨ ਕਰਨ ਵਾਲੇ ਸਾਰੇ ਹੀ ਮੁਕਤ ਹੋ ਜਾਣਗੇ । ਹਰੀ ਦਾ ਸਤਿਨਾਮੁ ਹੀ ਜਗਤ ਵਿਚ ਸਰੇਸ਼ਟ ਵਸਤੂ ਹੈ । ਸ੍ਰੀ ਗੁਰੂ ਨਾਨਕ ਜੀ ਤਾਂ ਸਹਿਜ ਸੁਭਾਅ ਹੀ ਹਰੀ ਦੇ ਗੁਣ ਗਾਉਂਦੇ ਹਨ ॥੬॥

**ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਹੋਹਿ ਅਚਿੰਤੁ ਬਸੈ ਸੁਖ ਨਾਲਿ ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥ ਛਾਡਿ ਸਿਆਨਪ ਸਗਲੀ ਮਨਾ ॥ ਸਾਧਸੰਗਿ ਪਾਵਹਿ ਸਚੁ ਧਨਾ ॥ ਹਰਿ**

**ਪੂੰਜੀ ਸੰਚਿ ਕਰਹੁ ਬਿਉਹਾਰੁ ॥ ਈਹਾ ਸੁਖੁ ਦਰਗਹ ਜੈਕਾਰੁ ॥ ਸਰਬ ਨਿਰੰਤਰਿ ਏਕੋ ਦੇਖੁ ॥ ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥੭॥**

ਪਦ ਅਰਥ—ਫੈਲੁ=ਪਸਾਰਾ । ਅਚਿੰਤ=ਬੇਫਿਕਰ । ਗ੍ਰਸਿ=ਅੰਦਰ ਜਾਣ ਵਾਲਾ । ਸੰਚਿ='ਕੱਠੀ ਕਰਨਾ । ਜੈਕਾਰ=ਅਨੰਦ । ਨਿਰੰਤਰ= ਇਕ ਰਸ, ਸਮਾਨ । ਮਸਤਕਿ=ਮੱਥਾ ।

ਅਰਥ—ਹੇ ਮਨ ! ਕਰਤਾਰ ਦੇ ਗੁਣ ਗਾਉਂਦਿਆਂ ਤੇਰੀ ਪਾਪਾਂ ਦੀ ਮੈਲ ਉਤਰ ਜਾਵੇਗੀ ਅਤੇ ਜ਼ਹਿਰ ਰੂਪ ਹਉਮੈ ਦੇ ਪਸਾਰੇ ਵੀ ਨਾਸ ਹੋ ਜਾਣਗੇ । ਬੇਫਿਕਰ ਹੋ ਕੇ ਸੁਖਾਂ ਨਾਲ ਵਸੇਂਗਾ । ਇਸ ਲਈ ਸਾਸ ਗਿਰਾਸ ਹਰੀ ਦਾ ਨਾਮ ਯਾਦ ਕਰ । ਹੇ ਮਨ ! ਸਾਰੀਆਂ ਸਿਆਣਪਾਂ ਛੱਡ ਦੇ ਅਤੇ ਸਾਧ ਸੰਗਤ ਵਿਚੋਂ ਸੱਚਾ ਧਨ ਲੈ । ਅਤੇ ਹਰਿ ਨਾਮ ਦੀ ਰਾਸ ਇਕੱਠੀ ਕਰ ਕੇ ਸੱਚ ਦਾ ਵਿਹਾਰ ਕਰ । ਇਸ ਤਰ੍ਹਾਂ ਇਥੇ ਸੁਖ ਪਾ ਕੇ ਦਰਗਾਹ ਵਿਚ ਵੀ ਅਨੰਦ ਭੋਗੇਂਗਾ । ਸਾਰਿਆਂ ਅੰਦਰ ਇਕ ਕਰਤਾਰ ਨੂੰ ਹੀ ਵੇਖ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਦੇ ਮੱਥੇ ਉਤੇ ਲਿਖਿਆ ਹੈ ਉਸ ਨੂੰ ਇਹ ਅਨੰਦ ਮਿਲਦਾ ਹੈ ॥੭॥

**ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥ ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ**

## ਰਹਿਓ ਪ੍ਰਭੁ ਬਿਆਪਿ ॥ ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥ ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥

ਪਦ ਅਰਥ—ਸਾਲਾਹਿ=ਉਪਮਾ ਕਰਨੀ । ਆਹਿ=ਚਾਹਿ । ਅਨੰਤ= ਬੇਅੰਤ, ਜਿਸ ਦਾ ਅੰਤ ਨਾ ਆਵੇ । ਭਗਵੰਤ=ਨਿਰੰਕਾਰ । ਪਰਾਛਤ= ਪਾਪ ।

ਅਰਥ—ਇਕ ਨੂੰ ਜਪ ਅਤੇ ਇਕੋ ਦੀ ਸਿਫਤ ਕਰ । ਇਕ ਨੂੰ ਸਿਮਰ ਅਤੇ ਮਨ ਵਿਚ ਇਕੋ ਦੀ ਚਾਹ ਰਖ । ਇਕ ਦੇ ਬੇਅੰਤ ਗੁਣ ਗਾਉ । ਮਨ ਤਨ ਇਕੋ ਕਰਤਾਰ ਦਾ ਹੀ ਜਾਣ । ਇਕ ਹਰੀ ਹੀ ਆਪ ਇਕੋ ਇਕ ਸਾਰੇ ਰੂਪ ਹੈ । ਕਿਉਂਕਿ ਉਹ ਵਿਆਪਕ ਪ੍ਰਭੂ ਹੀ ਸੰਪੂਰਨ ਜਗ੍ਹਾ ਵਿਚ ਪੂਰਨ ਹੋ ਰਿਹਾ ਹੈ । ਇਕ ਤੋਂ ਹੀ ਅਨੇਕਾਂ ਪਸਾਰੇ ਹੋਏ ਹਨ । ਇਕ ਨੂੰ ਜਪਣ ਵਾਲੇ ਦੇ ਪਾਪ ਦੂਰ ਹੋ ਗਏ ਹਨ । ਜਿਸ ਦੇ ਮਨ ਤਨ ਅੰਦਰ ਇਕ ਪ੍ਰਭੂ ਦਾ ਪ੍ਰੇਮ ਲੱਗਾ ਹੋਇਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੇ ਗੁਰਾਂ ਦੀ ਕਿਰਪਾ ਨਾਲ ਇਕ ਨੂੰ ਜਾਣਿਆ ਹੈ ॥੮॥੧੯॥

ਭਾਵ—ਗੁਰੂ ਜੀ ਨੇ ਸਰਬੱਤ ਨੂੰ ਇਕ ਦੇ ਜਾਪ ਦਾ ਉਪਦੇਸ਼ ਦਿੱਤਾ ਹੈ ।

ਸਲੋਕੁ ॥

## ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥ ਨਾਨਕ ਕੀ ਪ੍ਰਭ ਬੇਨਤੀ

**ਅਪਨੀ ਭਗਤੀ ਲਾਇ ॥੧॥**

ਅਰਥ—ਹੇ ਪ੍ਰਭੂ ! ਮੈਂ ਅਨੇਕਾਂ ਜੂਨਾਂ ਵਿਚ ਫਿਰਦਾ ਫਿਰਦਾ ਹੁਣ ਮਨੁਖਾ ਜਨਮ ਵਿਚ ਆਇਆ ਹਾਂ ਅਤੇ ਤੇਰੀ ਸ਼ਰਣੀ ਪਿਆ ਹਾਂ । ਹੇ ਪ੍ਰਭੂ ! ਨਾਨਕ ਦਾਸ ਦੀ ਇਹ ਬੇਨਤੀ ਹੈ ਜੋ ਮੈਨੂੰ ਆਪਣੀ ਭਗਤੀ ਵਿਚ ਲਾ ਲਉ ॥੧॥

ਅਸਟਪਦੀ ॥

**ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥ ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਰਧਾ ਪੂਰਿ ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥ ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥ ਏਕ ਓਟ ਏਕੋ ਆਧਾਰੁ ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥੧॥**

ਪਦ ਅਰਥ—ਜਾਚਕ=ਮੰਗਤਾ । ਜਾਚੈ=ਮੰਗਦਾ ਹੈ ।

ਅਰਥ—ਹੇ ਪ੍ਰਭੂ ! ਮੰਗਤਾ ਜਨ ਦਾਸ ਮੰਗਦਾ ਹੈ । ਹੇ ਹਰੀ ! ਕ੍ਰਿਪਾ ਕਰ ਕੇ ਮੈਨੂੰ ਨਾਮ ਦਾਨ ਦਿਓ । ਮੈਂ ਤੇਰੇ ਸੰਤ ਜਨਾਂ ਦੀ ਚਰਨ ਧੂੜ ਮੰਗਦਾ ਹਾਂ । ਹੇ ਪਾਰਬ੍ਰਹਮ ! ਮੇਰੀ ਸ਼ਰਧਾ ਪੂਰੀ ਕਰੋ । ਹੇ ਪ੍ਰਭੂ ! ਮੈਂ ਸਦਾ ਸਦਾ ਤੇਰੇ ਹੀ ਗੁਣ ਗਾਉਂਦਾ ਹਾਂ । ਹੇ ਪ੍ਰਭੂ ! ਸਵਾਸ ਸਵਾਸ ਤੈਨੂੰ ਹੀ ਧਿਆਉਂਦਾ ਹਾਂ । ਤੇਰੇ ਚਰਨ ਕਮਲਾਂ ਨਾਲ ਪ੍ਰੀਤ ਲਗ ਗਈ ਹੈ ।

ਹੇ ਪ੍ਰਭੂ ! ਰੋਜ਼ ਦੇ ਰੋਜ਼ ਤੇਰੀ ਭਗਤੀ ਹੀ ਕਰਦਾ ਹਾਂ । ਇਕੋ ਹੀ ਨਾਮ ਦੀ ਓਟ ਹੈ ਅਤੇ ਇਕ ਨਾਮ ਦਾ ਹੀ ਮੈਨੂੰ ਆਧਾਰ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਹੇ ਪ੍ਰਭੂ ! ਸਾਰ (ਵਸਤੂ ਮੈਂ) ਨਾਮ ਹੀ ਮੰਗਦਾ ਹਾਂ ॥੧॥

**ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ ਬਿਰਲਾ ਕੋਇ ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ ਨਹੀ ਡੋਲਾਨੇ ॥ ਸੁਭਰ ਭਰੇ ਪ੍ਰੇਮ ਰਸ ਰੰਗਿ ॥ ਉਪਜੈ ਚਾਉ ਸਾਧ ਕੈ ਸੰਗਿ ॥ ਪਰੇ ਸਰਨਿ ਆਨ ਸਭ ਤਿਆਗਿ ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥ ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੨॥**

ਅਰਥ—ਪ੍ਰਭੂ ਦੀ (ਕ੍ਰਿਪਾ) ਦ੍ਰਿਸ਼ਟੀ ਨਾਲ ਵੱਡੇ ਸੁਖ ਪ੍ਰਾਪਤ ਹੋ ਜਾਂਦੇ ਹਨ । ਪਰ ਇਸ ਹਰੀ ਰਸ ਨੂੰ ਕੋਈ ਵਿਰਲਾ ਹੀ ਪਾਂਦਾ ਹੈ । ਜਿਨ੍ਹਾਂ ਨੇ ਇਹ ਹਰਿ ਰਸ ਚੱਖਿਆ ਹੈ, ਉਹ ਜਨ ਰੱਜ ਗਏ ਹਨ । ਉਹ ਪੂਰਨ ਪੁਰਖ ਦਾ ਰੂਪ ਹੋ ਕੇ ਫਿਰ ਮਾਇਆ ਵਿਚ ਡੋਲਦੇ ਨਹੀਂ । ਹਰਿ ਰਸ ਦੇ ਪ੍ਰੇਮ ਰੰਗ ਨਾਲ ਨਕੋ ਨਕ ਭਰੇ ਹੋਏ ਹਨ । ਸੰਤਾਂ ਦੇ ਸੰਗ ਵਿਚੋਂ ਪ੍ਰੇਮ ਪੈਦਾ ਹੁੰਦਾ ਹੈ । ਜੋ ਸਭ ਕੁਝ ਛੱਡ ਕੇ ਸੰਤਾਂ ਦੀ ਸ਼ਰਣ ਪਏ ਹਨ। ਉਹਨਾਂ ਦੀ ਦਿਨ ਰਾਤ ਪ੍ਰੇਮ ਵਿਚ ਲਗਨ ਹੈ, ਉਹਨਾਂ ਦੇ ਅੰਦਰ ਗਿਆਨ ਹੋਇਆ ਹੈ । ਉਹ ਵਡਭਾਗੀ ਹਨ, ਜਿਨ੍ਹਾਂ ਨੇ ਪ੍ਰਭੂ ਨੂੰ ਜਪਿਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਨਾਮ ਦੇ ਪ੍ਰੇਮੀਆਂ ਨੂੰ ਹੀ ਸੁਖ ਹੁੰਦਾ

ਹੈ ॥੨॥

ਭਾਵ—ਪਹਿਲੀ ਪਉੜੀ ਵਿਚ ਸਾਰੀ ਵਸਤੂ ਕਹਿ ਕੇ ਦੂਜੀ ਨਾਮ ਦੇ ਜਾਪ ਦਾ ਫਲ 'ਸੁਖ ਪ੍ਰਾਪਤੀ' ਕਹਿ ਕੇ ਸੂਚਨ ਕਰਾਇਆ ਹੈ ਕਿ ਨਾਮ ਜਪੋ ।

**ਸੇਵਕ ਕੀ ਮਨਸਾ ਪੂਰੀ ਭਈ ॥ ਸਤਿਗੁਰ ਤੇ ਨਿਰਮਲ ਮਤਿ ਲਈ ॥ ਜਨ ਕਉ ਪ੍ਰਭੁ ਹੋਇਓ ਦਇਆਲੁ ॥ ਸੇਵਕੁ ਕੀਨੋ ਸਦਾ ਨਿਹਾਲੁ ॥ ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥ ਇਛ ਪੁਨੀ ਸਰਧਾ ਸਭ ਪੂਰੀ ॥ ਰਵਿ ਰਹਿਆ ਸਦ ਸੰਗਿ ਹਜੂਰੀ ॥ ਜਿਸ ਕਾ ਸਾ ਤਿਨਿ ਲੀਆ ਮਿਲਾਇ ॥ ਨਾਨਕ ਭਗਤੀ ਨਾਮਿ ਸਮਾਇ ॥੩॥**

ਪਦ ਅਰਥ—ਪੁੰਨੀ=ਪੂਰੀ ਹੋ ਗਈ । ਨਾਮਿ=ਨਾਮੀ, ਜਿਸ ਦਾ ਨਾਮ ਜਪਿਆ ਜਾਵੇ, ਕਰਤਾਰ ।

ਅਰਥ—ਉਸ ਸੇਵਕ ਦੀ ਇੱਛਾ ਪੂਰੀ ਹੋ ਗਈ ਹੈ । ਜਿਸ ਨੇ ਸਤਿਗੁਰਾਂ ਪਾਸੋਂ ਨਿਰਮਲ ਸਿਖਿਆ ਲਈ ਹੈ । ਜਿਸ ਦਾਸ ਉਤੇ ਪ੍ਰਭੂ ਦਿਆਲ ਹੋਇਆ ਹੈ । ਉਸ ਸੇਵਕ ਨੂੰ ਸਦਾ ਲਈ ਨਿਹਾਲ ਕਰ ਦਿਤਾ ਹੈ । ਕਰਮਾਂ ਦੇ ਬੰਧਨ ਤੋੜ ਕੇ ਉਹ ਜਨ ਮੁਕਤ ਹੋ ਗਿਆ ਹੈ । ਜੰਮਨ ਮਰਨ ਦਾ ਦੁਖ ਤੇ ਜਨਮਾਂ ਦਾ ਕਾਰਨ ਭਰਮ ਵੀ ਮਿਟ ਗਿਆ ਹੈ । ਇੱਛਾ ਪੂਰੀ ਕਰਨ ਵਾਲੇ ਨੇ ਸਾਰੀ ਸ਼ਰਧਾ ਪੂਰੀ ਕਰ ਦਿਤੀ ਹੈ । ਜੋ ਸਭ ਵਿਚ

ਰਵ ਰਿਹਾ ਹੈ, ਉਹ ਸਦਾ ਹੀ ਨਾਲ ਤੇ ਨੇੜੇ ਰਹਿੰਦਾ ਹੈ। ਜਿਸ ਦਾ ਦਾਸ ਹੋਇਆ ਸੀ, ਉਸ ਨੇ ਆਪਣੇ ਨਾਲ ਮਿਲਾ ਲਿਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਭਗਤੀ ਕਰਨ ਵਾਲਾ ਨਾਮ ਵਿਚ ਲੀਨ ਹੋ ਗਿਆ ਹੈ ॥੩॥

**ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥ ਸੋ ਕਿਉ ਬਿਸਰੈ ਜਿ ਕੀਆ ਜਾਨੈ ॥ ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥ ਸੋ ਕਿਉ ਬਿਸਰੈ ਜਿ ਜੀਵਨ ਜੀਆ ॥ ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥ ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥ ਗੁਰਿ ਪੂਰੈ ਤਤੁ ਇਹੈ ਬੁਝਾਇਆ ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥**

ਪਦ ਅਰਥ—ਘਾਲ=ਕਮਾਈ। ਭਾਨੈ=ਨਹੀਂ ਗਵਾਉਂਦਾ। ਲਾਖੈ= ਜਾਣਦਾ।

ਅਰਥ—ਜੋ ਕਮਾਈ ਕੀਤੀ ਜੀਵ ਦੀ ਵਿਅਰਥ ਨਹੀਂ ਕਰਦਾ, ਉਸ ਨੂੰ ਕਿਉਂ ਵਿਸਾਰਦਾ ਹੈਂ ? ਜੋ ਤੇਰੇ ਕੀਤੇ ਕਰਮਾਂ ਨੂੰ ਜਾਣਦਾ ਹੈ ਉਸ ਨੂੰ ਕਿਉਂ ਵਿਸਾਰਦਾ ਹੈਂ ? ਜਿਸ ਨੇ ਤੈਨੂੰ ਸਭ ਕੁਝ ਦਿਤਾ ਹੈ ਉਸ ਨੂੰ ਕਿਉਂ ਵਿਸਰਦਾ ਹੈਂ ? ਜੋ ਜੀਵਾਂ ਦਾ ਜੀਵਨ ਰੂਪ ਹੈ, ਉਸ ਨੂੰ ਕਿਉਂ ਭੁਲਾਉਂਦਾ ਹੈਂ ? ਜਿਹੜਾ ਮਾਂ ਦੇ ਪੇਟ ਦੀ ਅੱਗ ਵਿਚ ਰਖਿਆ ਕਰਦਾ

ਹੈ, ਉਸ ਨੂੰ ਕਿਉਂ ਵਿਸਾਰਦਾ ਹੈਂ ? ਗੁਰਾਂ ਦੀ ਕਿਰਪਾ ਨਾਲ ਉਸ ਨੂੰ ਕੋਈ ਵਿਰਲਾ ਹੀ ਜਾਣਦਾ ਹੈ। ਜੋ ਮਾਇਆ ਰੂਪ ਜ਼ਹਿਰ ਤੋਂ ਕਢਦਾ ਹੈ ਅਤੇ ਜਨਮਾਂ ਜਨਮਾਂ ਦੇ ਟੁਟਿਆਂ ਨੂੰ ਆਪਣੇ ਨਾਲ ਜੋੜ ਲੈਂਦਾ ਹੈ, ਉਸ ਨੂੰ ਕਿਉਂ ਵਿਸਾਰਦਾ ਹੈਂ ? ਪੂਰੇ ਗੁਰਾਂ ਨੇ ਇਹ ਵਿਚਾਰ ਸਮਝਾਇਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਨ੍ਹਾਂ ਜਨਾਂ ਨੇ ਆਪਣਾ ਜਾਣ ਕੇ ਉਸ ਨੂੰ ਧਿਆਇਆ ਹੈ, ਉਹਨਾਂ ਨੂੰ ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ ॥੪॥

ਭਾਵ—ਕਰਤਾਰ ਦੇ ਉਪਕਾਰ ਚੇਤੇ ਕਰਾ ਕੇ ਉਪਦੇਸ਼ ਦਿਤਾ ਹੈ ਕਿ ਉਸ ਨੂੰ ਯਾਦ ਕਰੋ। ਅਤੇ ਉਸ ਨੂੰ ਜਾਨਣ ਦਾ ਰਸਤਾ ਗੁਰਾਂ ਦੀ ਕ੍ਰਿਪਾ ਦਸ ਕੇ ਜਤਾਇਆ ਹੈ। ਜੋ ਪਹਿਲੇ ਗੁਰਾਂ ਦੀ ਕ੍ਰਿਪਾ ਹਾਸਲ ਕਰੋ, ਫਿਰ ਨਾਮ ਜਪੋ। ਤਦ ਕਰਤਾਰ ਤੁਹਾਨੂੰ ਆਪਣੇ ਨਾਲ ਮੇਲ ਲਏਗਾ।

**ਸਾਜਨ ਸੰਤ ਕਰਹੁ ਇਹੁ ਕਾਮੁ ॥ ਆਨ ਤਿਆਗਿ ਜਪਹੁ ਹਰਿ ਨਾਮੁ ॥ ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥ ਭਗਤਿ ਭਾਇ ਤਰੀਐ ਸੰਸਾਰੁ ॥ ਬਿਨੁ ਭਗਤੀ ਤਨੁ ਹੋਸੀ ਛਾਰੁ ॥ ਸਰਬ ਕਲਿਆਣ ਸੂਖ ਨਿਧਿ ਨਾਮੁ ॥ ਬੂਡਤ ਜਾਤ ਪਾਏ ਬਿਸ੍ਰਾਮੁ ॥ ਸਗਲ ਦੂਖ ਕਾ ਹੋਵਤ ਨਾਸੁ ॥ ਨਾਨਕ ਨਾਮੁ ਜਪਹੁ ਗੁਨਤਾਸੁ ॥੫॥**

ਪਦ ਅਰਥ—ਆਨ=ਹੋਰ । ਨਿਧਿ=ਸਥਾਨ, ਖਜ਼ਾਨਾ, ਸਮੁੰਦਰ । ਗੁਣਤਾਸੁ=ਗੁਣਾਂ ਦਾ ਸਮੁੰਦਰ ।

ਅਰਥ—ਹੇ ਸੰਤ ਜਨੋ ! ਇਹ ਕੰਮ ਕਰੋ । ਹੋਰ ਸਾਰੇ ਕੰਮ ਛੱਡ ਕੇ ਹਰਿ ਨਾਮ ਜਪੋ । ਨਾਮ ਜਪ ਕੇ ਹੀ ਸੁਖ ਹਾਸਲ ਕਰੋਗੇ । ਇਸ ਲਈ ਆਪ ਵੀ ਜਪੋ ਤੇ ਹੋਰਨਾਂ ਨੂੰ ਵੀ ਜਪਵਾਵੋ । ਪ੍ਰੇਮ ਨਾਲ ਭਗਤੀ ਕੀਤਿਆਂ ਹੀ ਸੰਸਾਰ ਤਰਿਆ ਜਾਣਾ ਹੈ । ਭਗਤੀ ਤੋਂ ਹੀਣਾ ਸਰੀਰ ਸਵਾਹ ਹੋ ਜਾਏਗਾ । ਸਾਰੇ ਸੁਖ ਤੇ ਮੁਕਤੀ ਦੀ ਨਿਧੀ ਤਾਂ ਇਕ ਨਾਮ ਹੀ ਹੈ । ਸੰਸਾਰ ਵਿਚ ਡੁਬਦਾ ਜਾਂਦਾ ਵੀ ਨਾਮ ਜਪ ਕੇ ਉਧਾਰ ਪਾ ਲੈਂਦਾ ਹੈ । ਸਾਰੇ ਦੁਖ ਨਾਸ ਹੋ ਜਾਣਗੇ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਗੁਣਾਂ ਦੇ ਸਮੁੰਦਰ ਦਾ ਨਾਮ ਜਪੋ ॥੫॥

**ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ ਇਹੀ ਸੁਆਉ ॥ ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥ ਮਨੁ ਬਿਗਸੈ ਸਾਧ ਚਰਨ ਧੋਇ ॥ ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥ ਏਕ ਬਸਤੁ ਦੀਜੈ ਕਰਿ ਮਇਆ ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥ ਤਾ ਕੀ ਉਪਮਾ ਕਹੀ ਨ ਜਾਇ ॥ ਨਾਨਕ ਰਹਿਆ ਸਰਬ ਸਮਾਇ ॥੬॥**

ਪਦ ਅਰਥ—ਚਾਉ=ਉਤਸ਼ਾਹ, ਉਮੰਗ । ਸੁਆਉ=ਸਵਾਰਥ, ਮਤਲਬ, ਪ੍ਰਯੋਜਨ, ਕੰਮ ।

ਅਰਥ—ਜਿਨ੍ਹਾਂ ਦੇ ਹਿਰਦੇ ਵਿਚ ਪ੍ਰੀਤ ਪੈਦਾ ਹੋਈ ਹੈ ਅਤੇ ਪ੍ਰੇਮ ਰਸ ਦਾ ਚਾਉ ਹੈ। ਮਨ ਤੇ ਤਨ ਨੂੰ ਏਹੋ ਕੰਮ ਸੁਝਦਾ ਹੈ। ਅੱਖਾਂ ਨਾਲ ਸੰਤਾਂ ਦਾ ਦਰਸ਼ਨ ਵੇਖ ਕੇ ਮਨ ਨੂੰ ਸੁਖ ਹੁੰਦਾ ਹੈ। ਸੰਤਾਂ ਦੇ ਚਰਨ ਧੋ ਕੇ ਮਨ ਪ੍ਰਸੰਨ ਹੁੰਦਾ ਹੈ। ਭਗਤ ਜਨਾਂ ਦੇ ਮਨ ਤਨ ਅੰਦਰ ਪ੍ਰੇਮ ਹੀ ਪ੍ਰੇਮ ਹੈ। ਕੋਈ ਵਿਰਲਾ ਹੀ ਉਹਨਾਂ ਦੀ ਸੰਗਤ ਕਰਦਾ ਹੈ। ਸੰਗਤ ਕਰਨ ਵਾਲਾ ਆਖਦਾ ਹੈ, ਜੋ ਹੇ ਕਰਤਾਰ! ਕਿਰਪਾ ਕਰ ਕੇ ਮੈਨੂੰ ਇਕ ਚੀਜ਼ ਦੇਹ। ਜੋ ਗੁਰਾਂ ਦੀ ਕਿਰਪਾ ਨਾਲ ਮੈਂ ਤੇਰਾ ਨਾਮ ਜਪ ਲਵਾਂ। ਤਿਸ ਦੀ ਉਪਮਾਂ ਕਹੀ ਨਹੀਂ ਜਾਂਦੀ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜੋ ਸਭਨਾਂ ਵਿਚ ਸਮਾ ਰਿਹਾ ਹੈ ॥੬॥

ਭਾਵ—ਕਰਤਾਰ ਸਰਬ ਵਿਆਪਕ ਹੈ। ਇਸ ਲਈ ਕਰਤਾਰ ਦਾ ਉਪਾਸ਼ਕ ਵੀ ਸਰਬ ਵਿਆਪਕ ਹੈ। ਇਹੋ ਕਾਰਨ ਹੈ, ਜੋ ਉਸ ਦੀ ਉਪਮਾ ਕਹੀ ਨਹੀਂ ਜਾਂਦੀ।

**ਪ੍ਰਭ ਬਖਸੰਦ ਦੀਨ ਦਇਆਲ ॥ ਭਗਤਿ ਵਛਲ ਸਦਾ ਕਿਰਪਾਲ ॥ ਅਨਾਥ ਨਾਥ ਗੋਬਿੰਦ ਗੁਪਾਲ ॥ ਸਰਬ ਘਟਾ ਕਰਤ ਪ੍ਰਤਿਪਾਲ ॥ ਆਦਿ ਪੁਰਖ ਕਾਰਣ ਕਰਤਾਰ ॥ ਭਗਤ ਜਨਾ ਕੇ ਪ੍ਰਾਨ ਅਧਾਰ ॥ ਜੋ ਜੋ ਜਪੈ ਸੁ ਹੋਇ ਪੁਨੀਤ ॥ ਭਗਤਿ ਭਾਇ ਲਾਵੈ ਮਨ ਹੀਤ ॥ ਹਮ ਨਿਰਗੁਨੀਆਰ ਨੀਚ ਅਜਾਨ ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥੭॥**

ਪਦ ਅਰਥ—ਵਛਲ=ਵਤਸਲ, ਪਿਆਰਾ । ਘਟਾਂ=ਜੀਵਾਂ । ਪ੍ਰਤਿਪਾਲ=ਪਾਲਣਾ । ਹੀਤ=ਪਿਆਰ ।

ਅਰਥ—ਪ੍ਰਭੂ ਬਖਸ਼ਸ਼ ਕਰਨ ਵਾਲਾ ਅਤੇ ਦੀਨਾਂ ਉਪਰ ਦਇਆ ਕਰਨ ਵਾਲਾ ਹੈ । ਭਗਤਾਂ ਦਾ ਪਿਆਰਾ ਅਤੇ ਸਦਾ ਹੀ ਕ੍ਰਿਪਾਲੂ ਹੈ । ਪ੍ਰਿਥਵੀ ਪਾਲਕ ਗੋਵਿੰਦ ਅਨਾਥਾਂ ਦਾ ਨਾਥ ਹੈ । ਸਾਰੇ ਜੀਵਾਂ ਦੀ ਹਰ ਰੋਜ਼ ਪਾਲਣਾ ਕਰਦਾ ਹੈ । ਪੁਰਖਾਂ ਦਾ ਆਦਿ ਕਾਰਨ ਅਤੇ ਉਸ ਦੇ ਹੱਥ ਵਿਚ ਪੁਰਖਾਂ ਨੂੰ ਨਚਾਉਣ ਵਾਲੀ ਤਾਰ ਹੈ । ਭਗਤ ਜਨਾਂ ਦੇ ਪ੍ਰਾਣਾਂ ਦਾ ਆਸਰਾ ਹੈ । ਜੋ ਜੋ ਉਸ ਨੂੰ ਜਪਦਾ ਹੈ, ਉਹ ਪਵਿਤ੍ਰ ਹੁੰਦਾ ਹੈ । ਪ੍ਰੇਮਾ ਭਗਤੀ ਵਿਚ ਜੋ ਮਨ ਦਾ ਹਿਤ ਲਾਉਂਦਾ ਹੈ ਅਤੇ ਬੇਨਤੀ ਕਰਦਾ ਹੈ ਜੋ ਮੈਂ ਗੁਣਾਂ ਤੋਂ ਹੀਣਾ, ਨੀਚ ਤੇ ਅਜਾਨ ਹਾਂ । ਪਰ ਹੇ ਭਗਵਾਨ ਪੁਰਖ ! ਤੇਰੀ ਸ਼ਰਨ ਹਾਂ, ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਭਗਤ ਹੈ ॥੭॥

**ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ ਗਾਏ ॥ ਅਨਿਕ ਰਾਜ ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥ ਬਹੁ ਭੋਜਨ ਕਾਪਰ ਸੰਗੀਤ ॥ ਰਸਨਾ ਜਪਤੀ ਹਰਿ ਹਰਿ ਨੀਤ ॥ ਭਲੀ ਸੁ ਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰ ਮੰਤ ॥ ਸਾਧਸੰਗਿ ਪ੍ਰਭ ਦੇਹੁ ਨਿਵਾਸ ॥ ਸਰਬ ਸੂਖ ਨਾਨਕ ਪਰਗਾਸ ॥੮॥੨੦॥**

ਅਰਥ—ਬੈਕੁੰਠ ਦੇ ਸਾਰੇ ਸੁਖ, ਅਤੇ ਕੈਵਲਜ ਮੁਕਤੀ ਦੀ ਪ੍ਰਾਪਤੀ ਉਸ ਨੂੰ ਹੋ ਜਾਂਦੀ ਹੈ। ਜੋ ਇਕ ਨਿਮਖ ਭਰ ਵੀ ਹਰੀ ਦੇ ਗੁਣ ਗਾਉਂਦਾ ਹੈ। ਰਾਜ ਦੇ ਅਨੇਕਾਂ ਭੋਗ ਤੇ ਵਡਿਆਈ ਉਸ ਨੂੰ ਮਿਲਦੀ ਹੈ। ਜਿਸ ਦੇ ਮਨ ਨੂੰ ਹਰੀ ਦੇ ਨਾਮ ਦੀ ਕਥਾ ਚੰਗੀ ਲਗੀ ਹੈ। ਬਹੁਤ ਤਰ੍ਹਾਂ ਦੇ ਭੋਜਨ ਕਪੜੇ ਤੇ ਰਾਗ ਦਾ ਅਨੰਦ ਉਸ ਨੂੰ ਮਿਲਿਆ ਹੈ। ਜਿਸ ਦੀ ਜੀਭ ਰੋਜ਼ ਹਰਿ ਹਰਿ ਨਾਮ ਜਪਦੀ ਹੈ। ਉਸ ਦੀ ਕਰਨੀ ਵੀ ਚੰਗੀ ਤੇ ਸੋਭਾ ਵੀ ਚੰਗੀ ਹੁੰਦੀ ਹੈ ਅਤੇ ਓਹੀ ਧਨ ਵਾਲਾ ਹੈ। ਜਿਸ ਦੇ ਹਿਰਦੇ ਵਿਚ ਗੁਰਾਂ ਦਾ ਉਪਦੇਸ਼ ਪੂਰਨ ਵਿਚਾਰ ਸਹਿਤ ਵਸਦਾ ਹੈ। ਹੇ ਪ੍ਰਭੂ! ਸਾਧ ਸੰਗਤ ਦਾ ਵਸੇਬਾ ਦੇਹੁ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਕਿਉਂਕਿ ਉਥੋਂ ਹੀ ਸਰਬ ਸੁਖਦਾਈ ਨਾਮ ਪ੍ਰਗਟ ਹੁੰਦਾ ਹੈ ॥੮॥੨੦॥

ਸਲੋਕੁ ॥

## ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥

ਪਦ ਅਰਥ—ਸਰਗੁਨ=ਗੁਣਾਂ ਸੰਜੁਗਤ, ਮੂਰਤਿ ਮਾਨ, ਦੇਹ ਵਾਲਾ। ਸੁੰਨ=ਅਫੁਰ, ਸੰਕਲਪ ਰਹਿਤ ਦਸ਼ਾ। ਜਾਪਿ=ਜਾਪਦਾ, ਦਿਸਦਾ।

ਅਰਥ—ਨਿਰੰਕਾਰ ਆਪੇ ਸਰਗੁਣ ਤੇ ਆਪੇ ਨਿਰਗੁਣ ਹੈ ਅਤੇ ਆਪੇ ਅਫੁਰ ਸਮਾਧੀ ਰੂਪ ਹੈ। ਆਪੇ ਹੀ ਜਗਤ ਨੂੰ ਪੈਦਾ ਕੀਤਾ ਹੈ ਅਤੇ ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਮੁੜ ਆਪੇ ਹੀ ਇਸ ਵਿਚ ਭਾਸ ਰਿਹਾ ਹੈ ॥੧॥

ਅਸਟਪਦੀ ॥

## ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥

**ਪਾਪ ਪੁੰਨ ਤਬ ਕਹ ਤੇ ਹੋਤਾ ॥ ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥ ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥ ਜਬ ਆਪਨ ਆਪ ਆਪਿ ਪਾਰਬ੍ਰਹਮ ॥ ਤਬ ਮੋਹ ਕਹਾ ਕਿਸੁ ਹੋਵਤ ਭਰਮ ॥ ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥੧॥**

ਪਦ ਅਰਥ—ਬਿਰੋਧ=ਮੁਖਾਲਫਤ । ਬਰਨ=ਜਾਤਾਂ । ਚਿਹਨ=ਭੇਖ, ਨਿਸ਼ਾਨੀ । ਵਰਤੀਜਾ=ਵਰਤਾਉਂਦਾ ।

ਅਰਥ—ਜਦੋਂ ਇਸ ਜਗਤ ਦਾ ਅਕਾਰ ਵੀ ਨਹੀਂ ਦਿਸਦਾ ਸੀ ਓਦੋਂ ਪਾਪ ਤੇ ਪੁੰਨ ਕਿਸ ਨੂੰ ਹੁੰਦਾ ਸੀ ? ਜਦ ਉਸ ਨੇ ਆਪ ਅਫੁਰ ਸਮਾਧੀ ਲਾਈ ਹੋਈ ਸੀ ? ਓਦੋਂ ਵੈਰ ਵਿਰੋਧ ਕੋਈ ਕਿਸ ਨਾਲ ਕਮਾਉਂਦਾ ਸੀ ? ਜਦ ਇਸ ਜਗਤ ਦਾ ਕੋਈ ਰੰਗ ਰੂਪ ਨਹੀਂ ਦਿਸਦਾ ਸੀ । ਤਦ ਦਸੋ ਹਰਖ ਸੋਗ ਕਿਸ ਨੂੰ ਲਗਦਾ ਸੀ ? ਜਦ ਪਾਰਬ੍ਰਹਮ ਆਪਣੇ ਆਪ ਹੀ ਸੀ । ਤਦ ਕਿਸ ਨੂੰ ਮੋਹ ਅਤੇ ਕਿਸ ਨੂੰ ਭਰਮ ਹੁੰਦਾ ਸੀ ? ਆਪਣੇ ਖੇਲ ਨੂੰ ਉਸ ਨੇ ਆਪ ਹੀ ਵਰਤਾਇਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਕੁਝ ਕਰਨ ਵਾਲਾ ਨਹੀਂ ਹੈ ॥੧॥

ਭਾਵ—ਜੋ ਆਖਦੇ ਹਨ ਕਿ ਕਰਮਾਂ ਦਾ ਫਲ ਹੀ ਜੀਵ ਦੁਖ ਸੁਖ ਭੋਗਦਾ ਹੈ । ਉਨ੍ਹਾਂ ਨੂੰ ਸਿਖਿਆ ਹੈ ਕਿ ਜਦੋਂ ਕੁਝ ਹੈਗਾ ਹੀ ਨਹੀਂ ਸੀ

ਤਾਂ ਪਾਪ ਪੁੰਨ ਰੂਪ ਕਰਮ ਕੌਣ ਕਰਦਾ ਸੀ ? ਜਿਸ ਦਾ ਫਲ ਕਿ ਇਸ ਨੇ ਪਾਇਆ । ਇਹ ਤਾਂ ਕਰਤਾਰ ਦੀ ਖੇਡ ਹੈ । ਜਿਵੇਂ ਬਾਲਕ ਆਪੇ ਹੀ ਮਿਟੀ ਦੇ ਖਿਡੌਣੇ ਬਣਾ ਕੇ ਇਕ ਨੂੰ ਵਡਾ ਤੇ ਦੂਜੇ ਨੂੰ ਛੋਟਾ ਬਣਾ ਦੇਂਦਾ ਹੈ । ਉਸ ਵਿਚ ਖਿਡੌਣਿਆਂ ਦੀ ਭਲਿਆਈ ਬੁਰਿਆਈ ਕੋਈ ਕਾਰਨ ਨਹੀਂ ਹੈ । ਇਵੇਂ ਦੁਖ, ਸੁਖ, ਗਰੀਬੀ, ਅਮੀਰੀ, ਜਸ, ਅਪਜਸ ਆਦਿਕ ਜੋ ਕੁਝ ਵੀ ਹੈ, ਕਰਮਾਂ ਦਾ ਫਲ ਨਹੀਂ । ਕੇਵਲ ਵਾਹਿਗੁਰੂ ਦੀ ਅਸਚਰਜ ਖੇਡ ਹੈ ।

**ਜਬ ਹੋਵਤ ਪ੍ਰਭ ਕੇਵਲ ਧਨੀ ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥ ਜਬ ਏਕਹਿ ਹਰਿ ਅਗਮ ਅਪਾਰ ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥ ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥ ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ ਕਤ ਡਰੈ ॥ ਆਪਨ ਚਲਿਤ ਆਪਿ ਕਰਨੈਹਾਰ ॥ ਨਾਨਕ ਠਾਕੁਰ ਅਗਮ ਅਪਾਰ ॥੨॥**

ਪਦ ਅਰਥ—ਗਨੀ=ਵਿਚਾਰੀਏ । ਅਉਤਾਰ=ਜਨਮ, ਆਉਣਾ । ਸ਼ਿਵ ਸ਼ਕਤੀ=ਪੁਰਖ ਪ੍ਰਕ੍ਰਿਤੀ ।

ਅਰਥ—ਜਦੋਂ ਪ੍ਰਭੂ ਮਾਲਕ ਇਕੱਲਾ ਹੀ ਹੁੰਦਾ ਸੀ, ਦੱਸੋ ਓਦੋਂ ਬੰਧਨ ਤੇ ਮੁਕਤੀ ਕਿਸ ਦੀ ਵਿਚਾਰੀਏ । ਜਦ ਅਗਮ ਅਪਾਰ ਹਰੀ ਇਕੋ ਹੀ

ਸੀ। ਦਸੋ, ਓਦੋਂ ਨਰਕ ਸੁਰਗ ਵਿਚ ਕੌਣ ਆਉਂਦਾ (ਜਾਂਦਾ ਸੀ) ਜਦੋਂ ਨਿਰਗੁਣ ਪ੍ਰਭੂ (ਆਪਣੇ) ਸਹਜ (ਸਰੂਪ ਵਿਚ ਸੀ) ਦੱਸੋ, ਓਦੋਂ ਪੁਰਖ ਤੇ ਪ੍ਰਕ੍ਰਿਤੀ ਕਿਸ ਜਗ੍ਹਾ ਤੇ ਵਸਦੇ ਸਨ ? ਜਦੋਂ ਉਸ ਨੇ ਆਪਣੀ ਸੱਤਾ ਨੂੰ ਆਪਣੇ ਆਪ ਵਿਚ ਹੀ ਟਿਕਾਇਆ ਹੋਇਆ ਸੀ। ਓਦੋਂ ਕੌਣ ਕਿਸੇ ਤੋਂ ਡਰਦਾ ਅਤੇ ਕੌਣ ਨਿਡਰ ਸੀ। ਆਪਣੇ ਕੌਤਕਾਂ ਨੂੰ ਆਪੇ ਕਰਨ ਵਾਲਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ—ਠਾਕੁਰ ਅਗਮ ਤੇ ਅਪਾਰ ਹੈ ॥੨॥

ਭਾਵ—ਜੋ ਕਰਤਾਰ ਸਿਮਰਨ ਤੋਂ ਬਿਨਾਂ ਕਰਮਾਂ ਤੋਂ ਮੁਕਤਿ ਮੰਨਦੇ ਹਨ ਅਤੇ ਕਰਤਾਰ ਤੋਂ ਬਿਨਾਂ ਕਿਸੇ ਹੋਰ 'ਪੁਰਖ' ਪ੍ਰਕ੍ਰਿਤੀ ਨੂੰ ਜਗਤ ਦਾ ਕਾਰਨ ਦਸਦੇ ਹਨ, ਉਹਨਾਂ ਨੂੰ ਸਿਖਿਆ ਦਿਤੀ ਹੈ ਕਿ ਤੁਸੀਂ ਭੁਲ ਵਿਚ ਨਾ ਵੱਸੋ ਅਤੇ ਇਹ ਸਮਝੋ ਜੋ ਉਹ ਆਪ ਹੀ ਸਾਰੇ ਰੂਪ ਹੋ ਕੇ ਖੇਡਾਂ ਖੇਡ ਰਿਹਾ ਹੈ। ਉਸ ਤੋਂ ਬਿਨਾਂ ਕੋਈ ਕੁਝ ਵੀ ਨਹੀਂ ਕਰ ਸਕਦਾ।

**ਅਬਿਨਾਸੀ ਸੁਖ ਆਪਨ ਆਸਨ ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥ ਜਬ ਪੂਰਨ ਕਰਤਾ ਪ੍ਰਭੁ ਸੋਇ ॥ ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥ ਜਬ ਅਬਿਗਤ ਅਗੋਚਰ ਪ੍ਰਭ ਏਕਾ ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥ ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥ ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥ ਆਪਨ ਆਪ ਆਪ ਹੀ ਅਚਰਜਾ ॥**

## ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥

ਪਦ ਅਰਥ—ਆਸਨ=ਅਸਥਾਨ, ਸਰੂਪ । ਤ੍ਰਾਸ=ਡਰ । ਚਿਤ੍ਰ ਗੁਪਤ=ਜੀਵ ਦੇ ਕਰਮ ਨੂੰ ਲਿਖਣ ਵਾਲੇ, ਧਰਮਰਾਜ ਦੀ ਕਚਹਿਰੀ ਵਿਚ ਜੀਵ ਕੋਲੋਂ ਹਿਸਾਬ ਪੁਛਦੇ ਹਨ । ਉਪਰਜਾ=ਪੈਦਾ ਕੀਤਾ ਹੈ ।

ਅਰਥ—ਜਦੋਂ ਨਾਸ ਰਹਿਤ ਕਰਤਾਰ ਆਪਣੇ ਅਸਥਾਨ ਸੁਖ ਨਾਲ ਵਸਦਾ ਸੀ । ਓਦੋਂ ਦਸੋ, ਜਨਮ ਮਰਨ ਦਾ ਬਿਨਾਸ ਕਿਸ ਦਾ ਹੁੰਦਾ ਸੀ ? ਜਦੋਂ ਉਹ ਕਰਤਾ ਪੁਰਖ ਹੀ ਪੂਰਨ ਸੀ । ਓਦੋਂ ਜਮਾਂ ਦਾ ਡਰ ਦਸੋ ਕਿਸ ਨੂੰ ਹੁੰਦਾ ਸੀ ? ਜਦੋਂ ਇਕ ਪ੍ਰਭੂ ਹੀ ਅਵਜਕਤ ਤੇ ਅਗੋਚਰ ਸੀ । ਓਦੋਂ ਚਿਤ੍ਰ ਗੁਪਤ ਕਿਸ ਤੋਂ ਲੇਖਾ ਪੁਛਦੇ ਸਨ ? ਜਦੋਂ ਮਾਇਆ ਤੋਂ ਰਹਿਤ ਤੇ ਅਗਾਧ ਅਗੋਚਰ ਹੀ ਮਾਲਕ ਸੀ ਓਦੋਂ ਕੌਣ ਛੁਟਦਾ ਤੇ ਕੌਣ ਬੰਧਨਾਂ ਵਿਚ ਬੱਝਦਾ ਸੀ ? ਉਹ ਆਪ ਅਸਚਰਜ ਰੂਪ ਆਪਣੇ ਆਪ ਹੀ ਸਾਰੇ ਰੂਪ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੇ ਆਪਣੇ ਰੂਪ ਤੋਂ ਆਪ ਹੀ ਸਭ ਕੁਝ ਪੈਦਾ ਕੀਤਾ ਹੈ ॥੩॥

## ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥ ਜਹ ਨਿਰੰਜਨ ਨਿਰੰਕਾਰ ਨਿਰਬਾਨ ॥ ਤਹ ਕਉਨ ਕਉ ਮਾਨ ਕਉਨ ਅਭਿਮਾਨ ॥ ਜਹ ਸਰੂਪ ਕੇਵਲ ਜਗਦੀਸ ॥ ਤਹ ਛਲ ਛਿਦ੍ਰ ਲਗਤ ਕਹੁ ਕੀਸ ॥ ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥ ਤਹ ਕਿਸਹਿ ਭੁਖ ਕਵਨੁ ਤ੍ਰਿਪਤਾਵੈ ॥

**ਕਰਨ ਕਰਾਵਨ ਕਰਨੈਹਾਰੁ ॥ ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥**

ਪਦ ਅਰਥ—ਪੁਰਖ ਪਤਿ=ਜੀਵਾਂ ਦਾ ਮਾਲਕ, ਸਿਰਜਨਹਾਰ, ਵਾਹਿਗੁਰੂ । ਧੋਤਾ=ਨਿਰਮਲ । ਨਿਰਬਾਣ=ਬਾਣ ਰਹਿਤ । ਜਗਦੀਸ=ਜਗਤ+ਈਸ, ਸੰਸਾਰ ਦਾ ਕਰਤਾ । ਕੀਸ=ਕਿਸ ਨੂੰ । ਸੁਮਾਰ=ਗਿਣਤੀ ।

ਅਰਥ—ਜਿਥੋਂ ਪੁਰਖਾਂ ਦਾ ਪਤੀ ਇਕ ਨਿਰਮਲ ਪੁਰਖ ਹੀ ਹੁੰਦਾ ਹੈ । ਉਸ ਤੋਂ ਬਿਨਾਂ ਦੱਸੋ ਹੋਰ ਕੌਣ ਮੈਲਾ ਅਤੇ ਕੌਣ ਧੋਤਾ ਹੋਇਆ ਹੈ ? ਜਿਥੇ ਨਿਰੰਕਾਰ ਮਾਇਆ ਬੰਧਨਾਂ ਤੋਂ ਰਹਿਤ ਹੈ । ਉਥੇ ਕਿਸ ਦਾ ਆਦਰ ਤੇ ਕਿਸ ਦਾ ਅਪਮਾਨ ਹੁੰਦਾ ਹੈ ? ਜਿਥੇ ਜਗਤ ਦਾ ਈਸ਼ੁਰ ਹੀ ਸ਼ੁਧ ਸਰੂਪ ਹੈ । ਓਥੇ ਦੱਸੋ ਕਿਸ ਨੂੰ ਛਲ ਛਿਦ੍ਰ ਲੱਗਾ ਹੋਇਆ ਹੈ ? ਜਿਥੇ ਜੋਤਿ ਸਰੂਪ ਨਾਲ ਜਿਸ ਦੀ ਜੋਤ ਸਮਾਈ ਹੋਈ ਹੈ । ਉਥੇ ਕਿਸ ਨੂੰ ਭੁਖ ਤੇ ਕੌਣ ਰੱਜਿਆ ਹੋਇਆ ਹੈ ? ਉਹ ਆਪ ਹੀ ਕਰਨ, ਕਾਰਨ ਤੇ ਕਰਤਾ ਰੂਪ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਕਰਤਾ ਪੁਰਖ਼ ਦਾ ਅੰਤ ਨਹੀਂ ਆ ਸਕਦਾ ॥੪॥

ਭਾਵ—ਕਰਤਾਰ ਦੇ ਸਿਮਰਨ ਦਾ ਪ੍ਰਤਾਪ ਪ੍ਰਗਟ ਕੀਤਾ ਹੈ ਨਾਮ ਦੇ ਰਸੀਏ ਨੂੰ ਭੁਖ ਤਰੇਹ ਨਹੀਂ ਭਾਸਦੀ । ਆਦਰ ਅਨਾਦਰ ਮਾਲੂਮ ਨਹੀਂ ਹੁੰਦਾ । ਕਿਸੇ ਨਾਲ ਛਲ਼ ਕਪਟ ਨਹੀਂ ਸੁਝਦਾ । ਉਹ ਸਭ ਨੂੰ ਕਰਤਾ ਰੂਪ ਜਾਣ ਕੇ ਉਸ ਦੇ ਕੌਤਕਾਂ ਨੂੰ ਵੇਖ ਵੇਖ ਕੇ ਹੀ ਅਨੰਦ ਰਹਿੰਦਾ ਹੈ ।

**ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥ ਤਬ ਕਵਨ ਮਾਇ ਬਾਪ ਮਿਤ੍ਰੁ ਸੁਤ ਭਾਈ ॥ ਜਹ ਸਰਬ ਕਲਾ ਆਪਹਿ ਪਰਬੀਨ ॥ ਤਹ**

**ਬੇਦ ਕਤੇਬ ਕਹਾ ਕੋਊ ਚੀਨ ॥ ਜਬ ਆਪਨ ਆਪੁ ਆਪਿ ਉਰਿ ਧਾਰੈ ॥ ਤਉ ਸਗਨ ਅਪਸਗਨ ਕਹਾ ਬੀਚਾਰੈ ॥ ਜਹ ਆਪਨ ਊਚ ਆਪਨ ਆਪਿ ਨੇਰਾ ॥ ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥ ਬਿਸਮਨ ਬਿਸਮ ਰਹੇ ਬਿਸਮਾਦ ॥ ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥**

ਪਦ ਅਰਥ—ਨੇਰਾ=ਨੀਵਾਂ ।

ਅਰਥ—ਜਦੋਂ ਆਪਣੀ ਸੋਭਾ ਉਸ ਨੇ ਆਪਣੇ ਨਾਲ ਹੀ ਬਣਾਈ ਹੋਈ ਸੀ । ਓਦੋਂ ਕੌਣ ਕਿਸੇ ਦਾ ਮਾਂ, ਪਿਓ, ਮਿੱਤਰ, ਪੁੱਤਰ ਤੇ ਭਰਾ ਸੀ ? ਜਦੋਂ ਉਹ ਆਪ ਸਾਰੀਆਂ ਸ਼ਕਤੀਆਂ ਵਿਚ ਆਪ ਹੀ ਚਤਰ ਸੀ। ਓਦੋਂ ਵੇਦਾਂ ਕਤੇਬਾਂ ਨੂੰ ਕਿਹੜਾ ਕੋਈ ਜਾਣਦਾ ਸੀ ? ਜਦੋਂ ਉਸ ਨੇ ਆਪਣੇ ਆਪ ਨੂੰ ਆਪਣੇ ਵਿਚ ਟਿਕਾਇਆ ਹੋਇਆ ਸੀ । ਓਦੋਂ ਸ਼ਗਨ ਤੇ ਕੁਸ਼ਗਨ ਕੌਣ ਕੋਈ ਵਿਚਾਰਦਾ ਸੀ ? ਜਦੋਂ ਆਪੇ ਹੀ ਸਾਰਿਆਂ ਤੋਂ ਉੱਚਾ ਅਤੇ ਆਪਣੇ ਆਪ ਹੀ ਨੀਵਾਂ ਸੀ । ਓਦੋਂ ਕੌਣ ਮਾਲਕ ਤੇ ਕੌਣ ਦਾਸ ਕਿਹਾ ਜਾਂਦਾ ਸੀ ? ਉਸ ਅਸਚਰਜ ਦੇ ਅਸਚਰਜ ਕੌਤਕਾਂ ਨੂੰ ਵੇਖ ਕੇ ਅਸਚਰਜ ਹੋ ਰਹੇ ਹਾਂ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਆਪਣੀ ਗਤੀ ਨੂੰ ਆਪੇ ਹੀ ਜਾਣਦਾ ਹੈ ॥੫॥

**ਜਹ ਅਛਲ ਅਛੇਦ ਅਭੇਦ ਸਮਾਇਆ ॥ ਊਹਾ ਕਿਸਹਿ ਬਿਆਪਤ ਮਾਇਆ ॥ ਆਪਸ**

**ਕਉ ਆਪਹਿ ਆਦੇਸੁ ॥ ਤਿਹੁ ਗੁਣ ਕਾ ਨਾਹੀ ਪਰਵੇਸੁ ॥ ਜਹ ਏਕਹਿ ਏਕ ਏਕ ਭਗਵੰਤਾ ॥ ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥ ਜਹ ਆਪਨ ਆਪੁ ਆਪਿ ਪਤੀਆਰਾ ॥ ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥ ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ ॥੬॥**

ਪਦ ਅਰਥ—ਅਛਲ=ਛਲ ਰਹਿਤ । ਅਛੇਦ=ਨਾ ਕੱਟੇ ਜਾਣ ਵਾਲਾ। ਅਭੇਦ=ਭੇਦ ਰਹਿਤ । ਆਦੇਸੁ=ਨਮਸ਼ਕਾਰ । ਪਤੀਆਰਾ= ਪਤੀਜਿਆ।

ਅਰਥ—ਜਿਥੇ ਅਛਲ, ਅਭੇਦ ਤੇ ਅਭੇਦ ਸਮਾਇਆ ਹੋਇਆ ਹੈ। ਤ੍ਰਿਥੇ ਮਾਇਆ ਕਿਸ ਨੂੰ ਲਗ ਸਕਦੀ ਹੈ ? ਜਿਥੇ ਆਪਣੇ (ਸਰੂਪ) ਨੂੰ ਆਪੇ ਨਮਸ਼ਕਾਰ ਕਰਦਾ ਹੈ। ਉਥੇ ਤਿੰਨਾਂ ਗੁਣਾਂ ਦੀ ਪਹੁੰਚ ਨਹੀਂ ਹੁੰਦੀ। ਜਿਥੇ ਇਕੋ ਇਕ ਭਗਵੰਤ ਦੀ ਏਕਤਾ ਹੈ। ਉਥੇ ਕਿਸ ਨੂੰ ਚਿੰਤਾ ਲਗਦੀ ਹੈ ਅਤੇ ਕੌਣ ਅਚਿੰਤ ਹੈ ? ਜਿਥੇ ਆਪਣੇ ਆਪ ਵਿਚ ਆਪੇ ਹੀ ਪ੍ਰਤੀਤ ਕਰੀ ਬੈਠਾ ਹੈ । ਉਥੇ ਕੌਣ ਕਥਾ ਕਰਦਾ ਹੈ ਅਤੇ ਕੌਣ ਸੁਨਣ ਵਾਲਾ ਹੈ ? ਵੱਡਾ ਬੇਅੰਤ ਹੈ, ਉਚਿਆਂ ਤੋਂ ਵੀ ਉੱਚਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਆਪਣੇ ਸਰੂਪ ਨੂੰ ਆਪ ਹੀ ਪਹੁੰਚਿਆ ਹੋਇਆ ਹੈ ॥੬॥

ਭਾਵ—ਜੋ ਨਾਮ ਜਪਦਾ ਹੈ ਉਸ ਵਿਚ ਉਹ **ਆਪ ਵਿਆਪਕ ਹੈ**। ਜਿਥੇ ਆਪ ਵਸਦਾ ਹੈ ਉਥੇ ਮਾਇਆ ਦਾ ਮੋਹ ਨਹੀਂ । ਤਿੰਨਾਂ ਗੁਣਾਂ

ਦਾ ਵਿਕਾਰ ਨਹੀਂ । ਉਸ ਦੀ ਮਹਿਮਾ ਬੇਅੰਤ ਹੈ, ਕਹੀ ਨਹੀਂ ਜਾਂਦੀ।

**ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥ ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥ ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯ੍ਯਾਨ ॥ ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥**

ਪਦ ਅਰਥ—ਪਰਪੰਚ=ਸੰਸਾਰ । ਕਹਾਵਤ=ਕਹਾਣੀ । ਬੰਛਾਵਤ= ਚਾਹੁੰਦਾ ਹੈ । ਆਲ ਜਾਲ=ਘਰਾਂ ਦੇ ਬੰਧਨ ।

ਅਰਥ—ਜਦੋਂ ਉਸ ਨੇ ਆਪ ਹੀ ਜਗਤ ਦਾ ਆਕਾਰ ਬਣਾਇਆ ਸੀ । ਓਦੋਂ ਤਿੰਨਾਂ ਗੁਣਾਂ ਵਿਚੋਂ ਹੀ ਪਸਾਰਾ ਕੀਤਾ ਸੀ । ਓਦੋਂ ਹੀ ਪਾਪ ਪੁੰਨ ਦੀ ਕਹਾਣੀ ਹੋ ਗਈ । ਜਿਸ ਦੇ ਪਿਛੇ ਲਗ ਕੇ ਕੋਈ ਨਰਕ ਭੋਗਦਾ ਤੇ ਕੋਈ ਸੁਰਗ ਚਾਹੁੰਦਾ ਹੈ । ਘਰ ਦੇ ਬੰਧਨ ਮਾਇਆ ਦੇ ਹੀ ਜੰਜਾਲ ਹਨ । ਕਿਉਂਕਿ ਇਸ ਵਿਚ ਲਗਾ ਪੁਰਸ਼ ਹਉਮੈ, ਮੋਹ, ਭਰਮ ਤੇ ਡਰ ਦੇ ਭਾਰ ਹੇਠ ਦਬਿਆ ਰਹਿੰਦਾ ਹੈ । ਦੁਖ, ਸੁਖ, ਆਦਰ ਤੇ ਨਿਰਾਦਰੀ ਸਹਾਰਦਾ ਹੈ । ਅਨੇਕ ਤਰ੍ਹਾਂ ਦੇ ਵਿਚਾਰ ਕਹੇ ਜਾਂਦੇ ਹਨ । ਆਪਣੀਆਂ ਖੇਡ਼ਾਂ ਆਪੇ ਕਰ ਕੇ ਵੇਖਦਾ ਹੈ । ਜਦੋਂ ਖੇਡ ਸਮੇਟਦਾ ਹੈ, ਤਦੋਂ ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਇਕੋ ਇਕ ਹੀ ਰਹਿ ਜਾਂਦਾ ਹੈ ॥੭॥

ਭਾਵ—ਮੱਕੜੀ ਦੇ ਤਨਣ ਵਾਂਗੂੰ ਕਰਤਾਰ ਜਦੋਂ ਭੀ ਚਾਹੁੰਦਾ ਹੈ ਆਪੇ ਹੀ ਆਪਣੇ ਆਪ ਤੋਂ ਕਿਸੇ ਦੀ ਸਹਾਇਤਾ ਤੋਂ ਬਿਨਾਂ ਰਚਨਾ ਰਚ ਕੇ ਖੇਡ ਬਣਾ ਲੈਂਦਾ ਹੈ। ਜਦੋਂ ਖੇਡ ਸਮੇਟਦਾ ਹੈ ਫਿਰ ਇਕੱਲਾ ਆਪਣੇ ਸਰੂਪ ਵਿਚ ਹੀ ਅਨੰਦ ਰਹਿੰਦਾ ਹੈ।

**ਜਹ ਅਬਿਗਤੁ ਭਗਤੁ ਤਹ ਆਪਿ ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥ ਦੁਹੂ ਪਾਖ ਕਾ ਆਪਹਿ ਧਨੀ ॥ ਉਨ ਕੀ ਸੋਭਾ ਉਨਹੂ ਬਨੀ ॥ ਆਪਹਿ ਕਉਤਕ ਕਰੈ ਅਨਦ ਚੋਜ ॥ ਆਪਹਿ ਰਸ ਭੋਗਨ ਨਿਰਜੋਗ ॥ ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥ ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥**

ਪਦ ਅਰਥ—ਅਬਿਗਤ=ਸਰੀਰ ਰਹਿਤ, ਨਿਰੰਕਾਰ। ਨਿਰਜੋਗ= ਅਲੇਪ, ਜੁੜਨ ਤੋਂ ਰਹਿਤ।

ਅਰਥ—ਜਿਥੇ ਭਗਤ ਹੈ, ਉਥੇ ਆਪ ਹੀ ਨਿਰੰਕਾਰ ਹੈ। ਜਿਥੇ ਸੰਤਾਂ ਦਾ ਪ੍ਰਤਾਪ ਹੈ, ਉਥੇ ਹੀ ਪਸਾਰੇ ਨੂੰ ਪਸਾਰਨ ਵਾਲਾ ਹੈ। ਦੋਹਾਂ ਪੱਖਾਂ ਦਾ ਆਪ ਮਾਲਕ ਹੈ। ਉਸ ਦੀ ਸੋਭਾ ਉਸੇ ਨੂੰ ਬਣਦੀ ਹੈ। ਆਪੇ ਹੀ ਕੌਤਕ ਕਰਦਾ ਹੈ, ਆਪੇ ਅਨੰਦ ਰੂਪ ਕੌਤਕ ਹੈ। ਆਪੇ ਰਸ ਭੋਗਦਾ ਹੈ, ਆਪੇ ਹੀ ਰਸਾਂ ਤੋਂ ਅਲੇਪ ਹੈ। ਜਿਸ ਨੂੰ ਚਾਹੁੰਦਾ ਹੈ ਉਸ ਨੂੰ ਸੰਸਾਰ

ਦੀ ਖੇਡ ਖਿਡਾਉਂਦਾ ਹੈ। ਬੇ-ਸ਼ੁਮਾਰ ਹੈਂ, ਅਥਾਹ ਹੈ, ਅਗਿਣਤ ਹੈ ਅਤੇ ਅਤੋਲ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਜਿਵੇਂ ਬੁਲਾਉਂਦਾ ਹੈ, ਦਾਸ ਤਿਵੇਂ ਹੀ ਬੋਲਦਾ ਹੈ ॥੮॥੨੧॥

ਭਾਵ—ਸਤਿਗੁਰੂ ਜੀ ਆਖਦੇ ਹਨ ਇਹ ਉਪਦੇਸ਼ ਸਾਡੇ ਵਲੋਂ ਨਹੀਂ ਸਭ ਕਰਤਾਰੀ ਹੁਕਮ ਹੈ। 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।' ਜੋ ਕੁਝ ਸਾਨੂੰ ਹੁਕਮ ਮਿਲਦਾ ਹੈ ਅਸੀਂ ਤਾਂ ਉਹ ਹੀ ਪ੍ਰਗਟ ਕਰਦੇ ਹਾਂ।

ਸਲੋਕੁ ॥

**ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥ ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥੧॥**

ਪਦ ਅਰਥ—ਕਹ=ਕੌਣ। ਦ੍ਰਿਸਟਾਰ=ਦੇਖਣ ਵਾਲਾ।

ਅਰਥ—ਹੇ ਜੀਵ ਤੇ ਜੰਤੂਆਂ ਦੇ ਮਾਲਕਾ! ਤੂੰ ਆਪੇ ਹੀ ਸਾਰਿਆਂ ਵਿਚ ਵਰਤਣ ਵਾਲਾ ਹੈਂ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤੂੰ ਇਕੋ ਹੀ ਸਭ ਵਿਚ ਪਸਰਿਆ ਹੋਇਆ ਹੈਂ, ਤੈਥੋਂ ਬਿਨਾਂ ਹੋਰ ਦੂਜਾ ਕੌਣ ਦਿੱਸਦਾ ਹੈ ॥੧॥

ਅਸਟਪਦੀ ॥

**ਆਪਿ ਕਥੈ ਆਪਿ ਸੁਨਨੈਹਾਰੁ ॥ ਆਪਹਿ ਏਕੁ ਆਪਿ ਬਿਸਥਾਰੁ ॥ ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥**

**ਤੁਮ ਤੇ ਭਿੰਨ ਨਹੀ ਕਿਛੁ ਹੋਇ॥ ਆਪਨ ਸੂਤਿ ਸਭੁ ਜਗਤੁ ਪਰੋਇ॥ ਜਾ ਕਉ ਪ੍ਰਭ ਜੀਉ ਆਪਿ ਬੁਝਾਏ॥ ਸਚੁ ਨਾਮੁ ਸੋਈ ਜਨੁ ਪਾਏ॥ ਸੋ ਸਮਦਰਸੀ ਤਤ ਕਾ ਬੇਤਾ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ॥੧॥**

ਪਦ ਅਰਥ—ਬੇਤਾ=ਜਾਨਣ ਵਾਲਾ। ਜੇਤਾ=ਜਿੱਤਣ ਵਾਲਾ।

ਅਰਥ—ਆਪੇ ਕਥਾ ਕਰਦਾ ਹੈਂ, ਆਪੇ ਸੁਨਣ ਵਾਲਾ ਹੈਂ। ਆਪੇ ਹੀ ਇਕ ਹੈਂ, ਆਪੇ ਪਸਾਰੇ ਰੂਪ ਹੈਂ। ਜਦ ਤੈਨੂੰ ਭਾਉਂਦਾ ਹੈ ਤਾਂ ਦੁਨੀਆਂ ਪੈਦਾ ਕਰਦਾ ਹੈਂ। ਫਿਰ ਆਪਣੀ ਮਰਜ਼ੀ ਅਨੁਸਾਰ ਆਪਣੇ ਵਿਚ ਲੀਣ ਕਰ ਲੈਂਦਾ ਹੈਂ। ਤੈਥੋਂ ਬਿਨਾਂ ਹੋਰ ਕਿਸੇ ਤੋਂ ਕੁਝ ਹੁੰਦਾ ਹੀ ਨਹੀਂ। ਆਪਣੇ ਹੁਕਮ ਰੂਪ ਸੂਤਰ ਵਿਚ ਹੀ ਤੂੰ ਸਾਰੇ ਜਗਤ ਨੂੰ ਪਰੋਤਾ ਹੋਇਆ ਹੈ। ਹੇ ਪ੍ਰਭੂ! ਜਿਸ ਨੂੰ ਤੂੰ ਆਪਣਾ ਆਪ ਬੁਝਾਉਂਦਾ ਹੈਂ, ਓਹੀ ਪੁਰਸ਼ ਸੱਚਾ ਨਾਮ ਪਾਉਂਦਾ ਹੈ। ਉਹ ਹੀ ਸਮਦਰਸੀ ਅਤੇ ਤੱਤ ਦੇ ਜਾਨਣ ਵਾਲਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਸਾਰੀ ਦੁਨੀਆਂ ਦੇ ਜਿੱਤਣ ਵਾਲਾ ਹੈ॥੧॥

ਭਾਵ—ਪ੍ਰਭੂ ਦੀ ਕ੍ਰਿਪਾ ਨਾਲ ਉਸ ਦਾ ਗਿਆਨ ਹੁੰਦਾ ਹੈ, ਅਤੇ ਗਿਆਨਵਾਨ ਸਾਰੀ ਦੁਨੀਆਂ ਤੋਂ ਵੀ ਵੱਡਾ ਸੂਰਮਾ ਹੈ। ਕਿਉਂਕਿ ਉਸ ਨੇ ਮਨ ਨੂੰ ਜਿੱਤ ਲਿਆ ਹੈ।

**ਜੀਅ ਜੰਤ੍ਰ ਸਭ ਤਾ ਕੈ ਹਾਥ॥ ਦੀਨ ਦਇਆਲ ਅਨਾਥ ਕੋ ਨਾਥੁ॥ ਜਿਸੁ ਰਾਖੈ ਤਿਸੁ ਕੋਇ ਨ ਮਾਰੈ॥ ਸੋ ਮੂਆ ਜਿਸੁ**

ਮਨਹੁ ਬਿਸਾਰੈ ॥ ਤਿਸੁ ਤਜਿ ਅਵਰ ਕਹਾ ਕੋ ਜਾਇ ॥ ਸਭ ਸਿਰਿ ਏਕੁ ਨਿਰੰਜਨ ਰਾਇ ॥ ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥ ਅੰਤਰਿ ਬਾਹਰਿ ਜਾਨਹੁ ਸਾਥਿ ॥ ਗੁਨ ਨਿਧਾਨ ਬੇਅੰਤ ਅਪਾਰ ॥ ਨਾਨਕ ਦਾਸ ਸਦਾ ਬਲਿਹਾਰ ॥੨॥

ਅਰਥ—ਉਸ ਦੇ ਹੱਥ ਵਿਚ ਹੀ ਸਾਰੇ ਜੀਵ ਤੇ ਜੰਤੂ ਹਨ । ਉਹ ਦੀਨ ਦਿਆਲ ਅਨਾਥਾਂ ਦਾ ਨਾਥ ਹੈ । ਜਿਸ ਨੂੰ ਰਖਦਾ ਹੈ, ਉਸ ਨੂੰ ਕੋਈ ਮਾਰ ਨਹੀਂ ਸਕਦਾ । ਜਿਸ ਨੂੰ ਮਨੋਂ ਭੁਲਾ ਦੇਂਦਾ ਹੈ ਉਹ ਮਰ ਜਾਂਦਾ ਹੈ । ਉਸ ਨੂੰ ਛੱਡ ਕੇ ਹੋਰ ਕਿਸੇ ਦੇ ਮਗਰ ਕਿਉਂ ਜਾਂਦੇ ਹੋ ? ਉਸ ਇਕ ਮਾਇਆ ਰਹਿਤ ਰਾਜੇ ਦਾ ਹੀ ਸਾਰਿਆਂ ਦੇ ਸਿਰ ਤੇ ਹੁਕਮ ਹੈ । ਜਿਸ ਦੇ ਹੱਥ ਵਿਚ ਹੀ ਸਾਰੇ ਜੀਵਾਂ ਦੀ ਜੁਗਤ ਹੈ । ਉਸ ਨੂੰ ਅੰਦਰ ਬਾਹਰ ਨਾਲ ਹੀ ਜਾਣੋ । ਉਹ ਅਪਾਰ ਵਾਹਿਗੁਰੂ ਬੇਅੰਤ ਗੁਣਾਂ ਦਾ ਖਜ਼ਾਨਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਦਾਸ ਉਸ ਤੋਂ ਸਦਾ ਹੀ ਬਲਿਹਾਰ ਹੈ ॥੨॥

ਪੂਰਨ ਪੂਰਿ ਰਹੇ ਦਇਆਲ ॥ ਸਭ ਊਪਰਿ ਹੋਵਤ ਕਿਰਪਾਲ ॥ ਅਪਨੇ ਕਰਤਬ ਜਾਨੈ ਆਪਿ ॥ ਅੰਤਰਜਾਮੀ ਰਹਿਓ ਬਿਆਪਿ ॥ ਪ੍ਰਤਿਪਾਲੈ ਜੀਅਨ ਬਹੁ ਭਾਤਿ ॥ ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥ ਜਿਸੁ ਭਾਵੈ ਤਿਸੁ ਲਏ

ਮਿਲਾਇ ॥ ਭਗਤਿ ਕਰਹਿ ਹਰਿ ਕੇ ਗੁਣ ਗਾਇ ॥ ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ ਨਾਨਕ ਇਕੁ ਜਾਨਿਆ ॥੩॥

ਅਰਥ—ਉਹ ਦਿਆਲੂ ਸੰਪੂਰਨ ਜਗ੍ਹਾ ਤੇ ਪੂਰ ਰਿਹਾ ਹੈ। ਸਾਰਿਆਂ ਉਤੇ ਕ੍ਰਿਪਾਲੂ ਹੁੰਦਾ ਹੈ। ਆਪਣੇ ਕੁਰਤਬਾਂ ਨੂੰ ਆਪ ਹੀ ਜਾਣਦਾ ਹੈ। ਉਹ ਦਿਲ ਦੀ ਜਾਨਣ ਵਾਲਾ ਸਭਨਾਂ ਵਿਚ ਵਿਆਪਕ ਹੋ ਰਿਹਾ ਹੈ। ਅਨੇਕ ਤਰ੍ਹਾਂ ਨਾਲ ਜੀਵਾਂ ਦੀ ਰੋਜ਼ ਪਾਲਣਾ ਕਰਦਾ ਹੈ। ਜਿਸ ਜਿਸ ਨੂੰ ਉਸ ਨੇ ਰਚਿਆ ਹੈ, ਉਹ ਉਸ ਨੂੰ ਧਿਆਉਂਦਾ ਹੈ। ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਜੋ ਹਰੀ ਦੇ ਗੁਣ ਗਾਉਂਦੇ ਤੇ ਭਗਤੀ ਕਰਦੇ ਹਨ, ਉਹ ਉਸ ਨਾਲ ਮਿਲਦੇ ਹਨ। ਜਿਨ੍ਹਾਂ ਨੇ ਮਨ ਅੰਦਰ ਭਰੋਸਾ ਕਰਕੇ ਗੁਣ ਗਾਉਣਾ ਹੀ ਆਪਣਾ ਕਰਤਬ ਮੰਨਿਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੇ ਇਕ ਕਰਤਾਰ ਨੂੰ ਜਾਣਿਆ ਹੈ ॥੩॥

ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥ ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥ ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥ ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥ ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥

**ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥**

ਅਰਥ—ਜੋ ਮਨ ਇਕ ਹਰਿ ਨਾਮ ਜਪਣ ਵਿਚ ਲੱਗਾ ਹੈ। ਉਸ ਦੀ ਆਸ ਵਿਅਰਥ ਨਹੀਂ ਜਾਂਦੀ। ਸੇਵਕ ਨੂੰ ਸੇਵਾ ਕਰਨੀ ਹੀ ਬਣ ਆਉਂਦੀ ਹੈ। ਹੁਕਮ ਮੰਨੇ ਤਾਂ ਸੇਵਕ ਪਰਮ ਪਦ ਪਾਉਂਦਾ ਹੈ। ਇਸ ਤੋਂ ਉਤੇ ਹੋਰ ਕੋਈ ਵਿਚਾਰ ਨਹੀਂ ਹੈ। ਜਿਸ ਦੇ ਮਨ ਕਰਤਾਰ ਵਸਿਆ ਹੈ। ਉਸ ਦੇ ਬੰਧਨ ਟੁਟ ਗਏ ਹਨ ਤੇ ਵੈਰ ਰਹਿਤ ਹੋ ਗਿਆ ਹੈ। ਦਿਨ ਰਾਤ ਗੁਰੂ ਦੇ ਪੈਰ ਪੂਜਦਾ ਹੈ। ਉਹ ਇਸ ਲੋਕ ਵਿਚ ਸੁਖ ਪਾਉਂਦਾ ਹੈ ਤੇ ਪ੍ਰਲੋਕ ਵਿਚ ਵੀ ਸੁਖੀ ਹੁੰਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੂੰ ਹਰੀ ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ ॥੪॥

ਭਾਵ—ਇਨ੍ਹਾਂ ਪਉੜੀਆਂ ਵਿਚ ਪਹਿਲਾਂ ਕਰਤਾਰ ਦੀ ਵਿਆਪਕਤਾ ਜਤਾ ਕੇ ਦਸਿਆ ਹੈ। ਜੋ ਸੇਵਕ ਉਸ ਦੀ ਸੇਵਾ ਕਰਦਾ ਹੋਇਆ ਭਾਣੇ ਉਤੇ ਸ਼ਾਕਰ ਰਹੇ ਤਾਂ ਜਗਿਆਸੂ ਉਸ ਦੇ ਨਾਲ ਇਕ-ਮਿਕ ਹੋ ਕੇ ਲੋਕ ਪ੍ਰਲੋਕ ਵਿਚ ਸੁਖੀ ਹੁੰਦਾ ਹੈ ॥੪॥

**ਸਾਧਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥ ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥ ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ॥ ਆਠ ਪਹਰ ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥ ਸੁਨਿ ਉਪਦੇਸੁ**

**ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥੫॥**

ਪਦ ਅਰਥ—ਪਰਮਾਨੰਦ=ਵੱਡਾ ਅਨੰਦ । ਦੁਰਲਭ=ਮੁਸ਼ਕਲ ਨਾਲ ਮਿਲਣ ਵਾਲੀ । ਤਤੁ=ਉਸ । ਪ੍ਰਾਨ=ਜੀਵ । ਸੁਆਉ=ਸਮਾਂ । ਇਛੇ=ਭਾਉਂਦੇ, ਚਾਹੁੰਦੇ ।

ਅਰਥ—ਸੰਤਾਂ ਨਾਲ ਮਿਲ ਕੇ ਅਨੰਦ ਕਰੋ । ਵੱਡੇ ਅਨੰਦ ਰੂਪ ਪ੍ਰਭੂ ਦੇ ਗੁਣ ਗਾਵੋ । ਉਸ ਰਾਮ ਦੇ ਨਾਮ ਦਾ ਹੀ ਵਿਚਾਰ ਕਰੋ । ਮੁਸ਼ਕਲ ਨਾਲ ਮਿਲਣ ਵਾਲੀ ਮਨੁਖ ਦੇਹ ਦਾ ਇਸ ਤਰ੍ਹਾਂ ਉਧਾਰ ਕਰ ਲਵੋ, ਮਿਠੇ ਮਿਠੇ ਬਚਨਾਂ ਦੇ ਨਾਲ ਹਰੀ ਦੇ ਗੁਣ ਗਾਵੋ, ਜੀਵ ਦੇ ਉਧਾਰ ਦਾ ਏਹੋ ਸਾਧਨ ਹੈ । ਅੱਠੇ ਪਹਿਰ ਪ੍ਰਭੂ ਨੂੰ ਨੇੜੇ ਵੇਖੋ । ਅਗਿਆਨ ਮਿਟ ਜਾਵੇਗਾ ਅਤੇ ਅਵਿਦਿਆ ਦਾ ਹਨੇਰਾ ਵੀ ਨਾਸ ਹੋ ਜਾਵੇਗਾ । ਇਸ ਉਪਦੇਸ਼ ਨੂੰ ਸੁਣ ਕੇ ਹਿਰਦੇ ਵਿਚ ਵਸਾਵੋ । ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਤਦ ਮਨ ਚਾਹੁੰਦੇ ਸਾਰੇ ਫਲ ਪਾ ਲਵੋਗੇ ॥੫॥

**ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿ ਧਾਰਿ ॥ ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥ ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥ ਦੂਖੁ ਦਰਦੁ ਮਨ ਤੇ ਭਉ ਜਾਇ ॥ ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ**

**ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥**

ਪਦ ਅਰਥ—ਉਰਿ=ਹਿਰਦਾ, ਦਿਲ। ਦੀਖਿਆ=ਸਿਖਿਆ, ਉਪਦੇਸ਼। ਪਰੀਖਿਆ=ਪਰਖਿਆ, ਪਛਾਣਿਆ। ਲਿਵ=ਸੁਰਤ, ਪ੍ਰੀਤ। ਖੇਪ=ਸੁਦਾਗਰੀ।

ਅਰਥ—ਲੋਕ ਤੇ ਪ੍ਰਲੋਕ ਦੋਵੇਂ ਸਵਾਰ ਲਉ। ਰਾਮ ਦਾ ਨਾਮ ਹਿਰਦੇ ਵਿਚ ਧਾਰ ਕੇ। ਪੂਰੇ ਗੁਰਾਂ ਦੀ ਪੂਰੀ ਸਿਖਿਆ ਜਿਸ ਦੇ ਮਨ ਵਿਚ ਵੱਸੀ ਹੈ। ਉਸ ਨੇ ਸੱਚ ਨੂੰ ਪਛਾਣਿਆ ਹੈ। ਮਨੁ ਤਨ ਦੀ ਸੁਰਤ ਲਾ ਕੇ ਨਾਮ ਜਪੋ। (ਤਾਂ) ਦੁਖ, ਪੀੜ ਅਤੇ ਮਨ ਤੋਂ ਜਮਾਂ ਦਾ ਡਰ ਵੀ ਮਿਟ ਜਾਵੇਗਾ। ਹੇ ਜਗਿਆਸੂਓ ! ਇਉਂ ਸੱਚ ਦਾ ਵਪਾਰ ਕਰੋ। ਤਦ ਦਰਗਾਹੇ ਤੁਹਾਡੀ ਸੁਦਾਗਰੀ ਪੂਰੀ ਉਤਰੇਗੀ। ਮਨ ਵਿਚ ਇਕੋ ਦੀ ਓਟ ਰੱਖੋ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਤਦ (ਸੰਸਾਰ ਵਿਚ) ਮੁੜ ਕੇ ਨਾ ਆਓ ਜਾਓਗੇ ॥੬॥

ਭਾਵ—ਵਾਹਿਗੁਰੂ ਸਿਮਰਨ ਦਾ ਫਲ, ਜੀਵ ਦੀ ਕਲਿਆਣ ਦਾ ਸਾਧਨ ਵਾਹਿਗੁਰੂ ਜਾਪ, ਮਨ-ਇੱਛਤ ਖੁਸ਼ੀਆਂ ਦੇਣ ਵਾਲਾ ਇਕੋ ਕੰਮ ਕਰਤਾਰ ਦੀ ਯਾਦ ਹੈ।

**ਤਿਸ ਤੇ ਦੂਰਿ ਕਹਾ ਕੋ ਜਾਇ ॥ ਉਬਰੈ ਰਾਖਨਹਾਰੁ ਧਿਆਇ ॥ ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ ॥ ਚਿੰਤਾ ਜਾਇ ਮਿਟੈ ਅਹੰਕਾਰੁ ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥ ਸਿਰ ਊਪਰਿ ਠਾਢਾ ਗੁਰੁ**

ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥

ਅਰਥ—ਉਸ ਕਾਲ ਤੋਂ ਭੱਜ ਕੇ ਕੋਈ ਕਿਥੇ ਜਾਵੇਗਾ ? ਕਾਲ ਤੋਂ ਓਹੀ ਬਚੇ ਹਨ ਜਿਨ੍ਹਾਂ ਨੇ ਰਖਿਆ ਕਰਨ ਵਾਲੇ ਕਰਤਾਰ ਨੂੰ ਜਪਿਆ ਹੈ। ਡਰ ਰਹਿਤ ਨਿਰੰਕਾਰ ਨੂੰ ਜਪਿਆਂ ਸਾਰੇ ਡਰ ਮਿਟ ਜਾਂਦੇ ਹਨ। ਪ੍ਰਭੂ ਦੀ ਕ੍ਰਿਪਾ ਨਾਲ ਜੀਵ ਕਾਲ ਦੇ ਗੇੜ ਤੋਂ ਛੁਟ ਜਾਂਦਾ ਹੈ। ਜਿਸ ਨੂੰ ਪ੍ਰਭੂ ਰਖਦਾ ਹੈ ਉਸ ਨੂੰ ਦੁਖ ਨਹੀਂ ਹੁੰਦਾ। ਪ੍ਰਭੂ ਦਾ ਨਾਮ ਜਪਿਆਂ ਮਨ ਨੂੰ ਸੁਖ ਹੋ ਜਾਂਦਾ ਹੈ। ਚਿੰਤਾ ਵੀ ਮਿਟ ਜਾਂਦੀ ਹੈ ਅਤੇ ਹੰਕਾਰ ਵੀ ਹਟ ਜਾਂਦਾ ਹੈ। ਉਸ ਪੁਰਸ਼ ਦਾ ਮੁਕਾਬਲਾ ਕੋਈ ਵੀ ਨਹੀਂ ਕਰ ਸਕਦਾ। (ਜਿਨ੍ਹਾਂ ਦੇ) ਸਿਰ ਉਤੇ ਪੂਰਾ ਗੁਰੂ ਖੜਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦੇ ਸਾਰੇ ਕੰਮ ਪੂਰੇ ਹੋ ਗਏ ਹਨ ॥੭॥

ਭਾਵ—ਮੌਤ ਸਭ ਨੂੰ ਖਾਵੇਗੀ। ਭਾਵੇਂ ਕੋਈ ਕਿਤੇ ਜਾਵੇ। ਮੌਤ ਉਥੇ ਹੀ ਹਾਜ਼ਰ ਹੈ, ਪਰ ਹਰੀ ਦੇ ਸੇਵਕਾਂ ਨੂੰ ਮੌਤ ਦਾ ਡਰ ਨਹੀਂ, ਪਰ ਹਰੀ ਨੂੰ ਉਹ ਸੇਵਕ ਭਾਉਂਦਾ ਹੈ ਜੋ ਗੁਰਾਂ ਦਾ ਸੇਵਕ ਹੈ।

ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥ ਦਰਸਨੁ ਪੇਖਤ ਉਧਰਤ ਸ੍ਰਿਸਟਿ ॥ ਚਰਨ ਕਮਲ ਜਾ ਕੇ ਅਨੂਪ ॥ ਸਫਲ ਦਰਸਨੁ ਸੁੰਦਰ ਹਰਿ ਰੂਪ ॥ ਧੰਨੁ ਸੇਵਾ ਸੇਵਕੁ ਪਰਵਾਨੁ ॥ ਅੰਤਰਜਾਮੀ ਪੁਰਖੁ ਪ੍ਰਧਾਨੁ ॥ ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ ਨ ਆਵਤ ਕਾਲੁ ॥ ਅਮਰ ਭਏ ਅਮਰਾ ਪਦੁ ਪਾਇਆ ॥

## ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥

ਅਰਥ—ਜਿਸ ਦੀ ਸਿਖਿਆ ਪੂਰੀ ਹੈ, ਉਸ ਦੀ ਨਜ਼ਰ ਵੀ ਅੰਮ੍ਰਿਤ ਹੈ। ਉਸ ਦਾ ਦਰਸ਼ਨ ਕਰਦਿਆਂ ਹੀ ਸ੍ਰਿਸ਼ਟੀ ਦਾ ਉਧਾਰ ਹੁੰਦਾ ਹੈ। ਜਿਸ ਦੇ ਚਰਨ ਕਮਲਾਂ ਦਾ ਇਹ ਪ੍ਰਤਾਪ ਹੈ, ਉਸ ਦੇ ਵਡੇ ਸੁੰਦਰ ਸਰੂਪ ਦਾ ਦਰਸ਼ਨ ਵੀ ਫਲ ਪ੍ਰਦਾਤਾ ਹੈ, ਕਿਉਂਕਿ ਉਹ ਤਾਂ ਸੁੰਦਰ ਹਰੀ ਦਾ ਹੀ ਰੂਪ ਹੈ, ਸੇਵਾ ਧੰਨ ਹੈ, ਜਿਸ ਨੂੰ ਕਰ-ਕੇ ਸੇਵਕ ਪ੍ਰਵਾਨ ਹੋਇੰਆ ਹੈ। ਦਿਲ ਦੀ ਜਾਨਣ ਵਾਲਾ ਪ੍ਰਧਾਨ ਪੁਰਖ ਜਿਸ ਦੇ ਮਨ ਵਿਚ ਵਸਦਾ ਹੈ, ਉਹ ਨਿਹਾਲ ਹੋ ਜਾਂਦਾ ਹੈ। ਉਸ ਦੇ ਨੇੜੇ ਮੌਤ ਨਹੀਂ ਆਉਂਦੀ। ਉਹ ਅਮਰ ਪਦਵੀ ਪਾ ਕੇ ਅਮਰ ਹੋ ਗਿਆ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਕਿਉਂਕਿ ਉਸ ਨੇ ਸਾਧ ਸੰਗਤ ਵਿਚ ਜਾ ਕੇ ਹਰੀ ਨੂੰ ਧਿਆਇਆ ਹੈ ॥੮॥੨੨॥

ਭਾਵ—ਨਾਮ ਜਪਣ ਵਾਲਾ ਹਰੀ ਦਾ ਰੂਪ ਹੈ, ਉਸ ਦੀ ਨਜ਼ਰ ਨਾਲ ਹੀ ਜੀਵਾਂ ਦਾ ਉਧਾਰ ਹੋ ਜਾਂਦਾ ਹੈ, ਉਸ ਦਾ ਦਰਸ਼ਨ ਕਰਨ ਵਾਲਿਆਂ ਦੀ ਕਲਿਆਨ ਹੁੰਦੀ ਹੈ, ਉਸ ਦੇ ਚਰਨ ਪਰਸਨ ਵਾਲੇ ਦੀ ਮੌਤ ਦੀ ਫਾਹੀ ਕੱਟੀ ਜਾਂਦੀ ਹੈ।

ਸਲੋਕੁ ॥

## ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥

ਅਰਥ—ਗਿਆਨ ਸੁਰਮਾਂ ਗੁਰਾਂ ਨੇ ਸੁਰਤ ਦੀਆਂ ਅੱਖਾਂ ਵਿਚ ਪਾਇਆ ਹੈ, ਇਸ ਲਈ ਅਗਿਆਨ ਦਾ ਹਨੇਰਾ ਮਿਟ ਗਿਆ ਹੈ। ਹਰੀ ਦੀ ਕ੍ਰਿਪਾ ਨਾਲ ਗੁਰੂ ਸੰਤ ਮਿਲਿਆ ਹੈ ਅਤੇ ਗੁਰਾਂ ਦੀ ਕ੍ਰਿਪਾ ਨਾਲ

ਮਨ ਨੂੰ ਚਾਨਣ ਹੋਇਆ ਹੈ ॥੧॥

ਅਸਟਪਦੀ ॥

**ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥ ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥**

ਪਦ ਅਰਥ—ਅਨਹਤ=ਨਾਸ ਰਹਿਤ । ਨਾਦ=ਸ਼ਬਦ, ਬ੍ਰਹਮ, ਪ੍ਰਗਟ ।

ਅਰਥ—ਸੰਤਾਂ ਨਾਲ ਮਿਲਿਆਂ ਪ੍ਰਭੂ ਦਾ ਨਾਮ ਮਿੱਠਾ ਲੱਗਾ ਹੈ । ਨਾਮ ਜਪ ਕੇ ਪ੍ਰਭੂ ਨੂੰ ਆਪਣੇ ਅੰਦਰੋਂ ਹੀ ਵੇਖ ਲਿਆ ਹੈ । ਇਕ ਕਰਤਾਰ ਦੇ ਸਰੀਰ ਵਿਚ ਹੀ ਜਗਤ ਦੀ ਸਾਰੀ ਸਮਗਰੀ ਹੈ । ਅਨੇਕਾਂ ਉਸ ਦੇ ਰੰਗ ਹਨ ਅਤੇ ਅਨੇਕਾਂ ਹੀ ਵੇਖਣ ਵਾਲੇ ਹਨ । ਪ੍ਰਭੂ ਦਾ ਨਾਮ ਅੰਮ੍ਰਿਤ ਹੀ ਨੌ ਨਿਧਾਂ ਰੂਪ ਹੈ । ਅਫੁਰ ਸਮਾਧੀ ਵਿਚ ਉਹ ਨਾਸ ਰਹਿਤ ਪ੍ਰਗਟ ਹੁੰਦਾ ਹੈ । ਉਸ ਦਾ ਰੂਪ ਕਿਹਾ ਨਹੀਂ ਜਾਂਦਾ । ਅਸਚਰਜ ਤੋਂ ਵੀ ਅਸਚਰਜ

ਹੈ। ਉਸ ਨੇ ਦਰਸ਼ਨ ਕੀਤਾ ਹੈ ਜਿਸ ਨੂੰ ਉਸ ਨੇ ਆਪ ਦਰਸ਼ਨ ਦਿਤਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਪੁਰਸ਼ ਨੇ ਸਾਰੀ ਸੋਝੀ ਪਾ ਲਈ ਹੈ ॥੧॥

ਭਾਵ—ਨਾਮ ਦੀ ਸਫਲਤਾ ਦਾ ਕਾਰਨ ਸਾਧ ਸੰਗਤ ਹੈ। ਨਾਮ ਜਪਦਿਆਂ ਜਪਦਿਆਂ 'ਅਫੁਰ ਸਮਾਧੀ' ਫੁਰਨੇ ਮਿਟ ਜਾਣ ਤਾਂ ਨਿਰੰਕਾਰ ਦਾ ਦਰਸ਼ਨ ਹੋ ਜਾਂਦਾ ਹੈ।

**ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥ ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥ ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥ ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥**

ਪਦ ਅਰਥ—ਅਨੰਤ=ਅੰਤ ਰਹਿਤ, ਬੇਅੰਤ। ਪਇਆਲ=ਪਤਾਲ। ਤਿਨਿ=ਕੱਖ। ਦਹ ਦਿਸੇ=ਚਾਰ ਕੁੰਟਾਂ, ਈਸਾਨ, ਨੈਰਤ, ਵਾਯਵੀ ਤੇ ਅਗਨਿ, ਹੇਠਾਂ, ਉਤਾਂਹ। ਬਿਆਪਿ=ਮਿਲ ਰਿਹਾ ਹੈ।

ਅਰਥ—ਉਹ ਬੇਅੰਤ ਹੀ ਅੰਦਰ ਹੈ, ਓਹੀ ਬਾਹਰ ਸਾਰਿਆਂ ਘਟਾਂ ਵਿਚ ਭਗਵੰਤ ਹੀ ਮਿਲ ਰਿਹਾ ਹੈ। ਧਰਤੀ, ਅਕਾਸ਼ ਤੇ ਪਤਾਲ ਵਿਚ ਹੈ। ਸਾਰੇ ਲੋਕਾਂ ਵਿਚ ਪੂਰਨ ਹੋ ਕੇ ਸਭ ਦੀ ਪਾਲਨਾ ਕਰਦਾ ਹੈ। ਜੰਗਲਾਂ,

ਕੱਖਾਂ ਤੇ ਪਹਾੜਾਂ ਵਿਚ ਵੀ ਪਾਰਬ੍ਰਹਮ ਹੈ। ਜੇਹਾ ਹੁਕਮ ਦੇਂਦਾ ਹੈ, ਜੀਵ ਓਹੀ ਕਰਮ ਕਰਦਾ ਹੈ। ਪੌਣ, ਪਾਣੀ ਤੇ ਅੱਗ ਵਿਚ ਵੀ ਹੈ। ਚਾਰ ਕੁੰਟਾਂ ਤੇ ਦਸੇ ਦਿਸ਼ਾਂ ਵਿਚ ਸਮਾਇਆ ਹੋਇਆ ਹੈ। ਉਸ ਤੋਂ ਬਿਨਾਂ ਕੋਈ ਜਗ੍ਹਾ ਨਹੀਂ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਗੁਰਾਂ ਦੀ ਕ੍ਰਿਪਾ (ਨਾਲ ਉਸ) ਸੁਖ ਸਰੂਪ ਨੂੰ ਪਾਈਦਾ ਹੈ ॥੨॥

ਭਾਵ—'ਜੈਸੇ ਬੈਸੰਤਰ ਕਾਸਟ ਮਝਾਰਿ ॥ ਬਿਨ ਸੰਜਮ ਨਹੀ ਕਾਰਜ ਸਾਰ ॥' ਸਾਰੀਆਂ ਜਗ੍ਹਾਂ ਵਿਚ ਵਾਹਿਗੁਰੂ ਹੈ, ਪਰ ਪ੍ਰਗਟ ਗੁਰਾਂ ਦੀ ਕ੍ਰਿਪਾ ਨਾਲ ਹੀ ਹੁੰਦਾ ਹੈ। ਜਿਵੇਂ ਸਭਨਾਂ ਲੱਕੜਾਂ ਵਿਚ ਅੱਗ ਹੈ, ਪਰ ਪ੍ਰਗਟ ਕੀਤੇ ਤੋਂ ਬਿਨਾਂ ਕੰਮ ਨਹੀਂ ਸੌਰਦਾ।

**ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥ ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥ ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥ ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥ ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥**

ਪਦ ਅਰਥ—ਸਸੀ=ਚੰਦ੍ਰਮਾ। ਨਖ੍ਯ੍ਰ=ਤਾਰੇ। ਓਤਿ ਪੋਤਿ=ਤਾਣਾ ਪੇਟਾ।

ਅਰਥ—ਵੇਦਾਂ, ਪੁਰਾਣਾਂ ਤੇ ਸਿੰਮ੍ਰਤੀਆਂ ਵਿਚ ਵੀ ਉਹ ਹੀ ਦਿਸਦਾ

ਹੈ । ਚੰਦਰਮਾ, ਸੂਰਜ ਤੇ ਤਾਰਿਆਂ ਵਿਚ ਵੀ ਓਹੀ ਇਕੋ ਹੀ ਹੈ । ਉਸੇ ਪ੍ਰਭੂ ਦੀ ਬਾਣੀ ਹੀ ਸਾਰਿਆਂ ਨੂੰ ਬੁਲਾਉਂਦੀ ਹੈ । ਉਹ ਪ੍ਰਭੂ ਆਪ ਅਡੋਲ ਹੈ, ਕਦੇ ਵੀ ਨਹੀਂ ਡੋਲਦਾ । ਸਾਰੀਆਂ ਸ਼ਕਤੀਆਂ ਕਰਕੇ ਓਹੀ ਖੇਡਾਂ ਖੇਡਦਾ ਹੈ । ਉਸ ਦਾ ਮੁਲ ਨਹੀਂ ਪੈ ਸਕਦਾ, ਕਿਉਂਕਿ ਅਮੋਲਕ ਗੁਣਾਂ ਵਾਲਾ ਹੈ । ਸਾਰਿਆਂ ਦੇ ਚਾਨਣੇ ਵਿਚ ਜਿਸ ਦੀ ਜੋਤ ਹੀ ਚਾਨਣ ਦੇ ਰਹੀ ਹੈ । ਉਹ ਸੁਆਮੀ ਤਾਣੇ ਪੇਟੇ ਦੇ ਇਕ ਸੂਤਰ ਵਾਂਗ ਸਭ ਵਿਚ ਆਪੇ ਹੀ ਆਪ ਹੈ । ਗੁਰਾਂ ਦੀ ਕ੍ਰਿਪਾ ਨਾਲ ਜਿਸ ਦਾ ਭਰਮ ਨਾਸ ਹੋਇਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦਾ ਇਹ ਭਰੋਸਾ ਹੈ ॥੩॥

ਭਾਵ—ਪਿਛਲੀ ਪਉੜੀ ਦੀ ਪੁਸ਼ਟੀ ਕਰਦੇ ਹਨ ਕਿ ਉਸੇ ਦੇ ਹੁਕਮ ਵਿਚ ਬੋਲਣਾ, ਚਲਣਾ, ਕਰਨਾ, ਸਹਿਣਾ, ਹੋਣਾ, ਅਨਹੋਣਾ ਆਦਿਕ ਕਰਮ ਹੋ ਰਹੇ ਹਨ । ਉਸੇ ਦੇ ਚਾਨਣੇ ਕਰ ਕੇ ਸਭ ਵਿਚ ਚਾਨਣ ਹੈ। ਪਰ ਇਹ ਗੱਲਾਂ ਪ੍ਰਤੀਤ ਉਸ ਨੂੰ ਹੁੰਦੀਆਂ ਹਨ ਜਿਸ ਦਾ ਭਰਮ ਨਾਸ ਹੋਇਆ ਹੈ ਅਤੇ ਭਰਮ ਨਾਸ ਕਰਨ ਦਾ ਸਾਧਨ 'ਗੁਰਾਂ ਦੀ ਕ੍ਰਿਪਾ' ਹੈ।

**ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥ ਸੰਤ ਜਨਾ ਕੈ ਹਿਰਦੈ ਸਭਿ ਧਰਮ ॥ ਸੰਤ ਜਨਾ ਸੁਨਹਿ ਸੁਭ ਬਚਨ ॥ ਸਰਬ ਬਿਆਪੀ ਰਾਮ ਸੰਗਿ ਰਚਨ ॥ ਜਿਨਿ ਜਾਤਾ ਤਿਸ ਕੀ ਇਹ ਰਹਤ ॥ ਸਤਿ ਬਚਨ ਸਾਧੂ ਸਭਿ ਕਹਤ ॥ ਜੋ ਜੋ ਹੋਇ ਸੋਈ ਸੁਖੁ ਮਾਨੈ ॥ ਕਰਨ ਕਰਾਵਨਹਾਰੁ**

**ਪ੍ਰਭੁ ਜਾਨੈ ॥ ਅੰਤਰਿ ਬਸੇ ਬਾਹਰਿ ਭੀ ਓਹੀ ॥ ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥**

ਅਰਥ—ਸੰਤ ਜਨ ਸਭ ਵਾਹਿਗੁਰੂ ਨੂੰ ਵੇਖਦੇ ਹਨ । ਸੰਤ ਜਨਾਂ ਦੇ ਹਿਰਦੇ ਵਿਚ ਸਾਰੇ ਹੀ ਧਰਮ ਹਨ । ਸੰਤ ਜਨ ਸਦਾ ਚੰਗੇ ਹੀ ਬਚਨ ਸੁਣਦੇ ਹਨ । ਕਿਉਂਕਿ ਉਹ ਸਦਾ ਸਰਬ ਵਿਆਪਕ ਰਾਮ ਨਾਲ ਮਿਲੇ ਰਹਿੰਦੇ ਹਨ । ਜਿਸ ਨੇ ਉਸ ਨੂੰ ਜਾਂਣਿਆ ਹੈ ਉਸ ਦੀ ਇਕ ਰਹਿਣੀ ਹੈ । ਉਹ ਸੰਤ ਜਨ ਸਭ ਸੱਚੇ ਬਚਨ ਹੀ ਆਖਦੇ ਹਨ । ਜੋ ਜੋ ਹੁੰਦਾ ਹੈ, ਉਸੇ ਵਿਚ ਸੁਖ ਮੰਨਦੇ ਹਨ । (ਕਿਉਂਕਿ ਉਹ) ਕਰਨ ਵਾਲਾ ਤੇ ਕਰਾਉਣ ਵਾਲਾ ਇਕ ਨਿਰੰਕਾਰ ਨੂੰ ਜਾਣਦੇ ਹਨ । ਅੰਦਰ ਵੀ ਓਹੀ ਵਸਦਾ ਹੈ ਅਤੇ ਬਾਹਰ ਵੀ ਓਹੀ ਵਿਆਪਕ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਇਹ ਸਮਝ ਕੇ ਸੰਤ ਜਨ ਸਭ ਵਿਚ ਉਸੇ ਦਾ ਦਰਸ਼ਨ ਵੇਖ ਕੇ ਮੋਹੇ ਗਏ ਹਨ ॥੪॥

ਭਾਵ—ਜਿਨ੍ਹਾਂ ਨੇ ਵਾਹਿਗੁਰੂ ਨੂੰ ਜਾਣਿਆ ਹੈ ਉਹਨਾਂ ਦੀ ਰਹਿਣੀ ਪ੍ਰਗਟ ਕੀਤੀ ਹੈ ਕਿ ਉਹ ਸਾਰਿਆਂ ਨੂੰ ਉਸੇ ਦਾ ਰੂਪ ਕਰਕੇ ਵੇਖਦੇ ਹਨ, ਇਸ ਲਈ ਜੋ ਕੁਝ ਹੁੰਦਾ ਹੈ ਉਸ ਦਾ ਕਰਤਾ ਵਾਹਿਗੁਰੂ ਨੂੰ ਮੰਨ ਕੇ ਆਪ ਸਦਾ ਹੀ ਅਨੰਦ ਰਹਿੰਦੇ ਹਨ ।

**ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥ ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥ ਅਨਿਕ ਕਲਾ ਲਖੀ ਨਹ ਜਾਇ ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥ ਕਵਨ ਨਿਕਟਿ ਕਵਨ**

**ਕਹੀਐ ਦੂਰਿ ॥ ਆਪੇ ਆਪਿ ਆਪ ਭਰਪੂਰਿ ॥ ਅੰਤਰਗਤਿ ਜਿਸੁ ਆਪਿ ਜਨਾਏ ॥ ਨਾਨਕ ਤਿਸੁ ਜਨ ਆਪਿ ਬੁਝਾਏ ॥੫॥**

ਪਦ ਅਰਥ—ਬਿਸਥਾਰ=ਫੈਲਾਵ । ਏਕੰਕਾਰ=ਇਕ ਰੂਪ । ਗਤਿ= ਪ੍ਰਾਪਤੀ ।

ਅਰਥ—ਉਹ ਆਪ ਸੱਤ ਹੈ, ਇਸ ਲਈ ਉਸ ਦਾ ਕੀਤਾ ਵੀ ਸਭ ਸੱਤ ਹੁੰਦਾ ਹੈ । ਉਸ ਪ੍ਰਭੂ ਤੋਂ ਹੀ ਸਾਰੇ ਕਰਤਬ ਪੈਦਾ ਹੁੰਦੇ ਹਨ । ਉਹ ਚਾਹੇ ਤਾਂ ਫੈਲਾਵ ਕਰ ਲਵੇ । ਉਸ ਦੀ ਇੱਛਾ ਹੋਵੇ ਤਾਂ ਇਕ ਇਕੱਲਾ ਹੀ ਹੋ ਜਾਵੇ । ਉਸ ਦੀਆਂ ਖੇਡਾਂ ਅਨੇਕ ਹਨ, ਜਾਣੀਆਂ ਨਹੀਂ ਜਾਂਦੀਆਂ। ਜਿਸ ਨੂੰ ਚਾਹੁੰਦਾ ਹੈ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ । ਕੌਣ ਉਸ ਦੇ ਨੇੜੇ ਹੈ ਅਤੇ ਕੌਣ ਉਸ ਤੋਂ ਦੂਰ ਹੈ ? ਆਪੇ ਆਪ ਹੀ ਸਾਰੇ ਪਸਰਿਆ ਹੈ, ਕਿਉਂਕਿ ਸਾਰਿਆਂ ਵਿਚ ਉਸ ਦਾ ਆਪਣਾ ਆਪ ਹੈ । ਜਿਸ ਨੂੰ ਸਰੀਰ ਅੰਦਰੋਂ ਮਿਲਣ ਦੀ ਜੁਗਤੀ ਆਪੇ ਜਨਾਉਂਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਪੁਰਸ਼ ਨੂੰ ਆਪਣਾ ਆਪ ਵਿਖਾ ਦੇਂਦਾ ਹੈ ॥੫॥

**ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥ ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥ ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥ ਸਭ ਕੈ**

**ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥ ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥**

ਅਰਥ—ਸਾਰਿਆਂ ਜੀਵਾਂ ਵਿਚ ਆਪ ਹੀ ਵਰਤ ਰਿਹਾ ਹੈ। ਸਾਰੀਆਂ ਅੱਖਾਂ ਵਿਚ ਆਪ ਹੀ ਵੇਖ ਰਿਹਾ ਹੈ। ਸੰਸਾਰ ਦੀ ਸਾਰੀ ਸਮਗਰੀ ਜਿਸ ਦਾ ਰੂਪ ਹੈ। ਉਹ ਆਪਣਾ ਜਸ ਆਪੇ ਕਰਦਾ ਤੇ ਆਪੇ ਹੀ ਸੁਣਦਾ ਹੈ। ਜੰਮਣਾ ਤੇ ਮਰਨਾ ਇਹ ਤਾਂ ਉਸ ਨੇ ਇਕ ਖੇਡ ਬਣਾਈ ਹੋਈ ਹੈ। ਉਹ ਆਪ ਸਾਰਿਆਂ ਦੇ ਵਿਚ ਹੈ, ਪਰ ਫਿਰ ਸਭ ਤੋਂ ਅਲੇਪ ਰਹਿੰਦਾ ਹੈ। ਜੋ ਕੁਝ ਕਹਿੰਦਾ ਹੈ, ਉਹ ਆਪ ਹੀ ਆਖਦਾ ਹੈ। ਉਸ ਦੇ ਹੁਕਮ ਵਿਚ ਜੀਵ ਜਗਤ ਵਿਚ ਆਉਂਦਾ ਹੈ ਅਤੇ ਉਸੇ ਦੇ ਹੁਕਮ ਵਿਚ ਤੁਰ ਜਾਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਦ ਚਾਹੁੰਦਾ ਹੈ, ਤਦ ਜੀਵ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ ॥੬॥

ਭਾਵ—ਪੰਜਾਂ ਤੱਤਾਂ ਤੋਂ ਜਗਤ ਦੀ ਰਚਨਾ ਕਰ ਕੇ ਫਿਰ ਛੇਵਾਂ ਆਪ ਵਿਚ ਅਦ੍ਰਿਸ਼ਟ ਹੋ ਕੇ ਬੈਠਾ ਹੈ। ਉਸ ਦਾ ਆਪਣਾ ਆਪ ਸਾਰਿਆਂ ਵਿਚ ਹੈ ਇਉਂ ਸਮਝੋ, ਅੱਖਾਂ ਵਿਚ ਵੇਖਦਾ ਹੈ, ਕੰਨਾਂ ਵਿਚ ਸੁਣਦਾ ਹੈ, ਰਸਨਾ ਵਿਚ ਰਸ ਪਰਖਦਾ ਤੇ ਬੋਲਦਾ ਹੈ। ਇਹ ਸਾਰੇ ਉਸ ਦੇ ਕਰਮ ਹਨ। ਉਸ ਬਿਨਾਂ ਕਿਸੇ ਦੀ ਵੀ ਇਹ ਤਾਕਤ ਨਹੀਂ ਹੈ। ਉਸ ਦਾ 'ਵਿਰਾਟ ਰੂਪ' ਹੀ ਜਗਤ ਹੈ।

**ਇਸ ਤੇ ਹੋਇ ਸੁ ਨਾਹੀ ਬੁਰਾ ॥ ਓਰੈ ਕਹਹੁ ਕਿਨੈ ਕਛੁ ਕਰਾ ॥ ਆਪਿ ਭਲਾ ਕਰਤੂਤਿ ਅਤਿ ਨੀਕੀ ॥ ਆਪੇ ਜਾਨੈ ਅਪਨੇ ਜੀ ਕੀ ॥**

**ਆਪਿ ਸਾਚੁ ਧਾਰੀ ਸਭ ਸਾਚੁ ॥ ਓਤਿ ਪੋਤਿ ਆਪਨ ਸੰਗਿ ਰਾਚੁ ॥ ਤਾ ਕੀ ਗਤਿ ਮਿਤਿ ਕਹੀ ਨ ਜਾਇ ॥ ਦੂਸਰ ਹੋਇ ਤ ਸੋਝੀ ਪਾਇ ॥ ਤਿਸ ਕਾ ਕੀਆ ਸਭੁ ਪਰਵਾਨੁ ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥**

ਅਰਥ—ਇਸ ਤੋਂ ਕਿਸੇ ਦਾ ਬੁਰਾ ਨਹੀਂ ਹੁੰਦਾ। ਦੱਸੋ ਜੇ ਹੋਰ ਕਿਸੇ ਨੇ ਕੁਝ ਕੀਤਾ ਹੋਵੇ ? ਉਹ ਆਪ ਚੰਗਾ ਹੈ ਤੇ ਉਸ ਦੀ ਕਰਣੀ ਵੀ ਡਾਢੀ ਚੰਗੀ ਹੈ। ਆਪਣੇ ਦਿਲ ਦੀ ਉਹ ਆਪ ਹੀ ਜਾਣਦਾ ਹੈ ਉਹ ਆਪ ਸੱਚਾ ਹੈ, ਇਸ ਲਈ ਉਸ ਦੀ ਬਣਾਈ ਖੇਡ ਵੀ ਸਭ ਸੱਚੀ ਹੈ। ਕਿਉਂਕਿ ਓਹੀ ਤਾਣੇ ਪੇਟੇ ਦੇ ਇਕ ਸੂਤਰ ਵਾਂਗੂੰ ਸਾਰਿਆਂ ਵਿਚ ਮਿਲਿਆ ਹੋਇਆ ਹੈ। ਇਸ ਲਈ ਉਸ ਦੀ ਪ੍ਰਾਪਤੀ ਦੀ ਮਰਿਆਦਾ ਆਖੀ ਨਹੀਂ ਜਾਂਦੀ। (ਉਸ ਵਰਗਾ) ਕੋਈ ਦੂਜਾ ਹੋਵੇ ਤਾਂ ਉਸ ਦੀ ਸੋਝੀ ਪਾਵੇ। ਉਸ ਦਾ ਕੀਤਾ ਹੀ ਸਭ ਮਨਜ਼ੂਰ ਕਰਨਾ ਯੋਗ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਗੁਰਾਂ ਦੀ ਕਿਰਪਾ ਨਾਲ ਹੀ ਇਹ ਜਾਣੀਦਾ ਹੈ ॥੭॥

ਭਾਵ—ਕਈ ਰੱਬ ਨੂੰ ਬੁਰਾ ਭਲਾ ਆਖਦੇ ਹਨ। ਉਹਨਾਂ ਨੂੰ ਕਿਹਾ ਹੈ ਕਿ ਰੱਬ ਕਿਸੇ ਦਾ ਬੁਰਾ ਨਹੀਂ ਕਰਦਾ। ਇਹ ਸਭ ਕੁਝ ਬੁਰਾ ਜਾਂ ਭਲਾ ਆਪਣੇ ਕਰਮਾਂ ਦਾ ਫਲ ਹੈ। ਇਸ ਨੂੰ ਮਿੱਠਾ ਕਰ ਕੇ ਮੰਨੋ।

**ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥ ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ**

**ਰਿਦੈ ਭਗਵੰਤੁ ॥ ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥**

ਅਰਥ—ਜੋ ਕੋਈ ਇਹ ਜਾਣਦਾ ਹੈ, ਉਸ ਨੂੰ ਸਦਾ ਹੀ ਸੁਖ ਹੁੰਦਾ ਹੈ। ਉਸ ਨੂੰ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ। ਉਹ ਹੀ ਧਨ ਵਾਲਾ ਹੈ, ਕੁਲ ਵਾਲਾ ਤੇ ਇਜ਼ਤ ਵਾਲਾ ਹੈ। ਅਤੇ ਉਹ ਹੀ ਜੀਵਨ ਮੁਕਤ ਹੈ, ਜਿਸ ਦੇ ਹਿਰਦੇ ਵਿਚ ਵਾਹਿਗੁਰੂ ਵਸਦਾ ਹੈ। ਉਸ ਪੁਰਸ਼ ਦਾ ਜਗਤ ਵਿਚ ਆਉਣਾ ਧੰਨ ਹੈ! ਧੰਨ ਹੈ!! ਧੰਨ ਹੈ!!! ਜਿਸ ਦੀ ਕ੍ਰਿਪਾ ਨਾਲ ਸਾਰਾ ਜਗਤ ਤਰ ਸਕਦਾ ਹੈ। ਭਗਤ ਜਨ ਕੋਲ ਆਉਣ ਦਾ ਇਹੋ ਫਲ ਹੈ ਕਿ ਭਗਤ ਜਨ ਦੇ ਸੰਗ ਬੈਠਿਆਂ ਹੀ ਨਾਮ ਚੇਤੇ ਆ ਜਾਵੇ। ਉਹ ਆਪ ਤਾਂ ਮੁਕਤਿ ਰੂਪ ਹੈ ਅਤੇ ਸੰਸਾਰ ਵਿਚ ਫਸੇ ਜੀਵਾਂ ਨੂੰ ਮੁਕਤਿ ਕਰਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਮੈਂ ਉਸ ਪੁਰਸ਼ ਨੂੰ ਸਦਾ ਮੱਥਾ ਟੇਕਦਾ ਹਾਂ ॥੮॥੨੩॥

ਭਾਵ—ਪਿਛੇ ਕਿਹਾ ਸੀ ਕਿ ਉਸ ਦਾ ਭਾਣਾ ਮਿਠਾ ਕਰ ਕੇ ਮੰਨੋ। ਹੁਣ ਇਸ ਦਾ ਫਲ ਪ੍ਰਗਟ ਕੀਤਾ ਹੈ ਕਿ ਭਾਣਾ ਮਿਠਾ ਮੰਨਣ ਵਾਲਿਆਂ ਨੂੰ ਕਰਤਾਰ ਆਪਣੇ ਨਾਲ ਮੇਲ ਲੈਂਦਾ ਹੈ, ਇਸ ਲਈ ਉਹ ਸਦੀਵੀ ਸੁਖ ਪਾ ਲੈਂਦੇ ਹਨ।

ਸਲੋਕੁ ॥

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥ ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥

ਅਰਥ—ਜਿਸ ਦਾ ਨਾਮ ਹੀ 'ਪੂਰਾ' ਹੈ, ਉਸ ਪੂਰੇ ਪ੍ਰਭੂ ਨੂੰ ਜਿਸ ਨੇ ਮਨ ਵਿਚ ਅਰਾਧਿਆ ਹੈ । ਅਤੇ ਜੀਭ ਨਾਲ ਉਸ ਪੂਰੇ ਦੇ ਗੁਣ ਗਾਵੇਂ ਹਨ, ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਨੇ ਪੂਰੇ ਪਰਮਾਤਮਾ ਨੂੰ ਪਾ ਲਿਆ ਹੈ ॥੧॥

ਅਸਟਪਦੀ ॥

ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥ ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥ ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥ ਆਪੁ ਛੋਡਿ ਬੇਨਤੀ ਕਰਹੁ ॥ ਸਾਧਸੰਗਿ ਅਗਨਿ ਸਾਗਰੁ ਤਰਹੁ ॥ ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥੧॥

ਪਦ ਅਰਥ—ਅਨਿਤ=ਸਦਾ ਨਾ ਰਹਿਣ ਵਾਲੀ, ਮਾਇਆ । ਤਰੰਗ=ਫੁਰਨੇ ਸੰਕਲਪ । ਅਗਨਿ ਸਾਗਰ=ਅੱਗ ਦਾ ਸਮੁੰਦਰ, ਸੰਸਾਰ ।

ਭੰਡਾਰ=ਖਜ਼ਾਨੇ ।

ਅਰਥ—ਹੇ ਭਾਈ ! ਤੂੰ ਪੂਰੇ ਗੁਰੂ ਦਾ ਉਪਦੇਸ਼ ਸੁਣ । ਅਤੇ ਕਰਤਾਰ ਨੂੰ ਸਦਾ ਹੀ ਆਪਣੇ ਨੇੜੇ ਜਾਣ ਕੇ ਵੇਖ । ਸੁਆਸ ਸੁਆਸ ਗੋਬਿੰਦ ਦਾ ਸਿਮਰਨ ਕਰ । ਮਾਇਆ ਦੀ ਆਸਾ ਤੇ ਮਨ ਦੇ ਫੁਰਨੇ ਛੱਡ ਦੇਹੁ । (ਹੇ) ਮਨ ! ਸੰਤ ਜਨਾਂ ਦੀ ਚਰਨ ਧੂੜ ਮੰਗ । ਹੰਕਾਰ ਛੱਡ ਕੇ ਕਰਤਾਰ ਅੱਗੇ ਬੇਨਤੀ ਕਰ ਅਤੇ ਸਾਧ ਸੰਗਤ ਕਰ, ਤਦ ਅੱਗ ਦੇ ਸਮੁੰਦਰ (ਸੰਸਾਰਕ ਦੁਖਾਂ) ਤੋਂ ਪਾਰ ਹੋ ਜਾਵੇਂਗਾ । ਹਰਿ ਨਾਮ ਧਨ ਨਾਲ ਅੰਤਹ ਕਰਣ ਭਰ ਲੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਪੂਰੇ ਗੁਰੂ ਨੂੰ ਨਮਸ਼ਕਾਰ ਕਰ, ਜੋ ਹਰਿ ਨਾਮ ਧਨ ਦੇਂਦੇ ਹਨ ॥੧॥

ਭਾਵ—ਸਿਮਰਨ ਦਾ ਤਰੀਕਾ ਪ੍ਰਗਟ ਕੀਤਾ ਹੈ ਕਿ ਪਹਿਲੇ ਤਾਂ ਪੂਰੇ ਗੁਰੂ ਦਾ ਉਪਦੇਸ਼ ਸੁਨਣ ਦੀ ਲੋੜ ਹੈ । ਫਿਰ ਸਿਖ ਵੀ ਪੂਰਾ ਹੋਵੇ। ਉਸ ਲਈ ਕਿਹਾ ਹੈ ਕਿ ਕਰਤਾਰ ਨੂੰ ਸਰਬ ਵਿਆਪਕ ਵੇਖੇ । ਸੁਆਸ ਸੁਆਸ ਸਿਮਰਨ ਕਰਦਾ ਹੋਇਆ ਮਾਇਆ ਦਾ ਮੋਹ ਛਡੇ । ਕਿਤੇ ਮਨ ਦੇ ਮਗਰ ਲਗ ਕੇ ਸਵਰਗ ਆਦਿਕ ਸੁਖਾਂ ਦੀ ਵਾਸ਼ਨਾ ਜਾਂ ਰਿਧੀਆਂ ਸਿਧੀਆਂ ਦਾ ਖਿਆਲ ਨਾ ਕਰ ਬੈਠੇ । ਅਤੇ ਹਰ ਸਮੇਂ ਸਾਧ ਸੰਗਤ ਦੀ ਅਭਿਲਾਖਾ ਰਖੇ । ਗਿਆਨਵਾਨ ਹੋ ਕੇ ਵੀ ਹੰਕਾਰ ਨਾ ਕਰੇ । ਸਦਾ ਪਰਉਪਕਾਰ ਕਰੇ ।

**ਖੇਮ ਕੁਸਲ ਸਹਜ ਆਨੰਦ ॥ ਸਾਧਸੰਗਿ ਭਜੁ ਪਰਮਾਨੰਦ ॥ ਨਰਕ ਨਿਵਾਰਿ ਉਧਾਰਹੁ ਜੀਉ ॥ ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥ ਚਿਤਿ ਚਿਤਵਹੁ ਨਾਰਾਇਣ ਏਕ ॥ ਏਕ ਰੂਪ**

**ਜਾ ਕੇ ਰੰਗ ਅਨੇਕ ॥ ਗੋਪਾਲ ਦਾਮੋਦਰ ਦੀਨ ਦਇਆਲ ॥ ਦੁਖ ਭੰਜਨ ਪੂਰਨ ਕਿਰਪਾਲ ॥ ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥੨॥**

ਪਦ ਅਰਥ—ਖੇਮ=ਕਲਿਆਣ, ਰਖਿਆ। ਕੁਸਲ=ਸੁਖ, ਪ੍ਰਸੰਨਤਾ। ਨਿਵਾਰਿ=ਪ੍ਰਹਾਰ ਨਵਿਰਤੀ । ਰਸ=ਰਸਨਾ, ਜੀਭ । ਗੋਪਾਲ=ਪ੍ਰਿਥਵੀ ਪਾਲਕ । ਦਾਮੋਦਰ=ਮਾਇਆ ਦਾ ਮਾਲਕ, ਮਾਇਆ ਜਿਸ ਦੇ ਵਿਚ ਹੈ, ਉਹ ਨਿਰੰਕਾਰ । ਅਧਾਰ=ਖੁਰਾਕ ਜਾਂ ਰਜੇਵਾਂ ।

ਅਰਥ—ਕਲਿਆਣ, ਸੁਖ ਤੇ ਅਨੰਦ (ਸਹਿਜੇ ਹੀ ਮਿਲ ਜਾਵੇਗਾ।) ਸਾਧ ਸੰਗਤ ਵਿਚ ਜਾ ਕੇ ਵਡੇ ਅਨੰਦ ਰੂਪ ਵਾਹਿਗੁਰੂ ਨੂੰ ਯਾਦ ਕਰ। ਨਰਕਾਂ ਤੋਂ ਬਚ ਕੇ ਜੀਵ ਦਾ ਉਧਾਰ ਹੋ ਜਾਵੇਗਾ। ਜੀਭ ਨਾਲ ਗੋਬਿੰਦ ਦੇ ਗੁਣ ਗਾਉਣ ਰੂਪ ਅੰਮ੍ਰਿਤ ਪੀ ਲੈ। ਚਿਤ ਵਿਚ ਉਸ ਇਕ ਨਾਰਾਇਣ ਨੂੰ ਚੇਤੇ ਕਰ । ਜਿਸ ਦਾ ਰੂਪ ਤਾਂ ਇਕ ਹੈ, ਪਰ ਰੰਗ ਅਨੇਕਾਂ ਹਨ । ਗੋਪਾਲ, ਦਾਮੋਦਰ, ਦੀਨ ਦਇਆਲ, ਦੁਖ ਭੰਜਨ, ਪੂਰਨ ਕ੍ਰਿਪਾਲ । ਏਹੋ ਜੇਹੇ ਨਾਮਾਂ ਨਾਲ ਉਸ ਦਾ ਸਿਮਰਨ ਮੁੜ ਮੁੜ ਕੇ ਕਰ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਕਿਉਂਕਿ ਇਹ ਜਾਪ ਹੀ ਜੀਵ ਦਾ ਆਸਰਾ ਹਨ ॥੨॥

ਭਾਵ—ਜਿਕੁਰ ਸਰੀਰ ਦੀ ਖੁਰਾਕ ਅੰਨ ਹੈ । ਇਵੇਂ ਹੀ ਆਤਮਾ ਦੀ ਖੁਰਾਕ ਕਰਤਾਰ ਦਾ ਭਜਨ ਹੈ । ਇਸ ਲਈ ਕਿਹਾ ਹੈ ਕਿ ਭਜਨ ਕਰ, ਤੇਰੀ ਇਸੇ ਵਿਚ ਸਦ ਗਤੀ ਹੋਵੇਗੀ ਅਤੇ ਇਹੋ ਭਜਨ ਹੀ ਜੀਵ ਦਾ ਆਧਾਰ ਹੈ ।

**ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ**

**ਲਾਲ ਏਹਿ ਰਤਨ ॥ ਸੁਨਤ ਕਮਾਵਤ ਹੋਤ ਉਧਾਰ ॥ ਆਪਿ ਤਰੈ ਲੋਕਹ ਨਿਸਤਾਰ ॥ ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥ ਜਾ ਕੈ ਮਨਿ ਲਾਗਾ ਹਰਿ ਰੰਗੁ ॥ ਜੈ ਜੈ ਸਬਦੁ ਅਨਾਹਦੁ ਵਾਜੈ ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥ ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥ ਨਾਨਕ ਉਧਰੇ ਤਿਨ ਕੈ ਸਾਥੇ ॥੩॥**

ਪਦ ਅਰਥ—ਅਮੁਲੀਕ=ਜਿਨ੍ਹਾਂ ਦਾ ਮੁਲ ਕੋਈ ਨਾ ਪਾ ਸਕੇ । ਸਲੋਕ=ਜਸ । ਨਿਸਤਾਰ=ਪਾਰ ਲੰਘਾਉਣਾ । ਅਨਾਹਦ=[ਅਨ+ਹਦ] ਹਦ ਤੋਂ ਪਰੇ, ਬੇਅੰਤ । ਗਾਜੈ=ਪ੍ਰਗਟ ਹੁੰਦਾ ਹੈ । ਮਹਾਂਤ=ਮਹਾਤਮਾ ।

ਅਰਥ—ਸੰਤਾਂ ਦੇ ਬਚਨ ਹੀ ਉੱਤਮ ਜਸ ਹੈ । ਇਹ ਲਾਲ ਤੇ ਰਤਨ ਹਨ, ਜਿਨ੍ਹਾਂ ਦਾ ਮੁਲ ਨਹੀਂ ਪੈ ਸਕਦਾ । ਇਨ੍ਹਾਂ ਬਚਨਾਂ ਨੂੰ ਸੁਨਣ ਵਾਲੇ ਅਤੇ ਕਮਾਉਣ ਵਾਲੇ ਦਾ ਉਧਾਰ ਹੁੰਦਾ ਹੈ । ਉਹ ਆਪ ਸੰਸਾਰ ਸਮੁੰਦਰ ਤੋਂ ਤਰ ਕੇ ਲੋਕਾਂ ਨੂੰ ਵੀ ਪਾਰ ਲੰਘਾਉਂਦਾ ਹੈ । ਉਸ ਦਾ ਜੀਉਣਾ ਸਫਲ ਹੈ ਅਤੇ ਉਸ ਦਾ ਸੰਗ ਕਰਨਾ ਵੀ ਸਫਲ ਹੈ । ਜਿਸ ਦੇ ਮਨ ਨੂੰ ਹਰੀ ਦਾ ਪ੍ਰੇਮ ਲੱਗਾ ਹੋਇਆ ਹੈ ਅਤੇ ਜੋ ਬੇਅੰਤ ਦੀ ਜੈ ਜੈ ਦੇ ਸ਼ਬਦ ਗਾਉਂਦਾ ਹੈ । ਤੇ ਉਹਨਾਂ ਸ਼ਬਦਾਂ ਨੂੰ ਹੀ ਸੁਣ ਸੁਣ ਕੇ ਅਨੰਦ ਕਰਦਾ ਹੈ, ਉਸ ਨੂੰ ਪ੍ਰਭੂ ਪ੍ਰਗਟ ਹੁੰਦਾ ਹੈ । ਉਸ ਮਹਾਤਮਾ ਦੇ ਮੱਥੇ ਤੋਂ ਹੀ ਗੁਪਾਲ ਦਾ ਪ੍ਰਤਾਪ ਪ੍ਰਗਟ ਹੁੰਦਾ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਸ ਦੇ ਨਾਲ ਮਿਲਣ ਵਾਲੇ ਪੁਰਸ਼ ਦਾ ਵੀ ਉਧਾਰ ਹੋ ਜਾਂਦਾ ਹੈ ॥੩॥

ਭਾਵ—ਕਰਤਾਰ ਦਾ ਉਤਮ ਜਸ ਤੇ ਸੰਤਾਂ ਦਾ ਉਪਦੇਸ਼ ਕਮਾਉਣਾ

ਤੇ ਸੁਨਣਾ, ਇਸ ਤੋਂ ਵਡਾ ਹੋਰ ਕੋਈ ਜਸ ਨਹੀਂ ਹੈ। ਜਿਸ ਨੂੰ ਕਰਨਾ ਤੇ ਸੁਨਣਾ ਅਤੇ ਸੁਣ ਸੁਣ ਕੇ ਖੁਸ਼ ਹੋਣਾ, ਇਹ ਕਰਤਬ ਕੀਤੇ ਜਾਣ ਤਾਂ ਕਰਤਾਰ ਪ੍ਰਗਟ ਹੋ ਜਾਂਦਾ ਹੈ।

**ਸਰਨਿ ਜੋਗੁ ਸੁਨਿ ਸਰਨੀ ਆਏ ॥ ਕਰਿ ਕਿਰਪਾ ਪ੍ਰਭ ਆਪ ਮਿਲਾਏ ॥ ਮਿਟਿ ਗਏ ਬੈਰ ਭਏ ਸਭ ਰੇਨ ॥ ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥ ਸੁਪ੍ਰਸੰਨ ਭਏ ਗੁਰਦੇਵ ॥ ਪੂਰਨ ਹੋਈ ਸੇਵਕ ਕੀ ਸੇਵ ॥ ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ ਕਹਤੇ ॥ ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ ਨਾਨਕ ਨਿਬਹੀ ਖੇਪ ਹਮਾਰੀ ॥੪॥**

ਪਦ ਅਰਥ—ਜੋਗ=ਲਾਇਕ। ਆਲ=[ਆਲਯ] ਘਰ।

ਅਰਥ—ਸ਼ਰਨੀ ਆਏ ਦੀ ਰਖਿਆ ਕਰਨ ਵਾਲੇ ਸੁਣ ਕੇ ਸ਼ਰਨੀ ਆਏ ਹਾਂ। ਕ੍ਰਿਪਾ ਕਰ ਕੇ ਪ੍ਰਭੂ ਨੇ ਆਪੇ ਹੀ ਮਿਲਾ ਦਿਤਾ ਹੈ। ਵੈਰ ਮਿਟ ਗਿਆ ਹੈ ਅਤੇ ਸਾਰਿਆਂ ਦੀ ਖਾਕ ਹੋ ਗਏ ਹਾਂ। ਸਾਧ ਸੰਗਤ ਕਰ ਕੇ ਨਾਮ ਅੰਮ੍ਰਿਤ ਲੈਂਦੇ ਹਾਂ। ਉਹ ਗੁਰਦੇਵ ਜੀ ਆਪ ਹੀ ਮੇਰੇ ਤੇ ਪ੍ਰਸੰਨ ਹੋਏ ਹਨ। ਇਸ ਲਈ ਸੇਵਕ ਦੀ ਸੇਵਾ ਪੂਰੀ ਹੋ ਗਈ ਹੈ। ਘਰ ਦੇ ਬਖੇੜੇ ਤੇ ਵਿਕਾਰਾਂ ਤੋਂ ਬਚ ਗਏ ਹਾਂ। ਰਾਮ ਦਾ ਨਾਮ ਕੰਨਾਂ ਨਾਲ ਸੁਣਦੇ ਤੇ ਜੀਭ ਨਾਲ ਆਖਦੇ ਹਾਂ। ਕ੍ਰਿਪਾ ਕਰਨ ਵਾਲੇ ਪ੍ਰਭੂ ਨੇ ਕ੍ਰਿਪਾ ਕੀਤੀ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਇਸ ਲਈ ਸਾਡੀ ਸੁਦਾਗਰੀ

ਹੁਣ ਪੂਰੀ ਉਤਰ ਪਈ ਹੈ ॥੪॥

ਭਾਵ—ਕੁਝ ਕਰਦਾ ਹੋਇਆ ਜਗਿਆਸੂ ਮਨ ਦੇ ਵਿਚ ਇਹ ਨਾ ਫੁਰਨ ਦੇਵੇ ਕਿ ਮੈਂ ਕੁਝ ਕੀਤਾ ਹੈ, ਸਗੋਂ ਇਹੋ ਵਿਚਾਰ ਕਰੇ ਕਿ ਜੋ ਮੈਂ ਕੰਨਾਂ ਨਾਲ ਜਸ ਸੁਣਦਾ ਹਾਂ, ਜੀਭ ਨਾਲ ਕਰਦਾ ਹਾਂ, ਇਹ ਸਭ ਉਸੇ ਕ੍ਰਿਪਾਲੂ ਦੀ ਕ੍ਰਿਪਾ ਦਾ ਹੀ ਫਲ ਹੈ। ਤਦ ਉਸ ਦੀ ਕੀਤੀ ਮਿਹਨਤ ਸਫਲ ਹੋ ਜਾਵੇਗੀ।

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥ ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥ ਸਰਬ ਇਛਾ ਤਾ ਕੀ ਪੂਰਨ ਹੋਇ ॥ ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥ ਸਭ ਤੇ ਊਚ ਪਾਏ ਅਸਥਾਨੁ ॥ ਬਹੁਰਿ ਨ ਹੋਵੈ ਆਵਨ ਜਾਨੁ ॥ ਹਰਿ ਧਨੁ ਖਾਟਿ ਚਲੈ ਜਨੁ ਸੋਇ ॥ ਨਾਨਕ ਜਿਸਹਿ ਪਰਾਪਤਿ ਹੋਇ ॥੫॥**

ਪਦ ਅਰਥ—ਸਾਵਧਾਨ=ਮਨ ਵਲੋਂ ਸੁਚੇਤ, ਹੁਸ਼ਿਆਰ। ਨਿਧਾਨ= ਨਿਧੀਆਂ ਦਾ ਘਰ।

ਅਰਥ—ਹੇ ਮਿਤਰੋ! ਸੰਤਾਂ ਨਾਲ ਮਿਲ ਕੇ ਪ੍ਰਭੂ ਦੀ ਉਸਤਤਿ ਕਰੋ ਚਿਤ ਇਕਾਗਰ ਕਰਨਾ ਅਤੇ ਮਨ ਵਲੋਂ ਹੁਸ਼ਿਆਰ ਰਹਿਣਾ। ਇਸ ਸੁਖਮਨੀ ਬਾਣੀ ਵਿਚ ਸਹਿਜੇ ਗੋਬਿੰਦ ਗੁਣਾਂ ਤੇ ਨਾਮਾਂ ਦਾ ਵਰਨਣ ਕੀਤਾ ਹੈ। ਜਿਸ ਦੇ ਮਨ ਵਿਚ ਇਹ ਬਾਣੀ ਵਸੇਗੀ ਉਹ ਨਿਧੀਆਂ ਦਾ ਘਰ

ਹੋ ਜਾਵੇਗਾ । ਸਾਰੀਆਂ ਇਛਾਵਾਂ ਪੂਰੀਆਂ ਹੋ ਜਾਣਗੀਆਂ । ਸਾਰਿਆਂ ਦਾ ਸ਼੍ਰੋਮਣੀ ਪੁਰਖ ਹੋ ਕੇ ਸਭਨਾਂ ਵਿਚ ਮਸ਼ਹੂਰ ਹੋ ਜਾਵੇਗਾ । ਮਰ ਕੇ ਸਾਰਿਆਂ ਤੋਂ ਉੱਚੀ ਪਦਵੀ ਪਾਏਗਾ । ਫਿਰ ਉਸ ਨੂੰ ਜੰਮਨਾ ਤੇ ਮਰਨਾ ਨਹੀਂ ਪਏਗਾ। ਹਰਿ ਨਾਮ ਧਨ ਖਟ ਕੇ ਉਹ ਜਾਂਦਾ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਨੂੰ ਦਰਗਾਹੋਂ ਹੀ ਮਿਲਿਆ ਹੁੰਦਾ ਹੈ ॥੫॥

ਭਾਵ—'ਸੁਖਮਨੀ' ਵਿਚ ਕੇਵਲ ਕਰਤਾਰ ਦੇ ਗੁਣ ਤੇ ਨਾਮ ਹੀ ਗਾਏ ਹਨ । ਜੋ ਇਸ ਨੂੰ ਰੋਜ਼ ਪ੍ਰੇਮ ਨਾਲ ਪੜ੍ਹੇਗਾ ਉਸ ਨੂੰ ਸਾਰੇ ਫਲ ਮਿਲ ਜਾਣਗੇ ਅਤੇ ਮੁਕਤ ਹੋ ਜਾਵੇਗਾ ।

**ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥ ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥ ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥ ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥ ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥**

ਪਦ ਅਰਥ—ਖੇਮ=ਕਲਿਆਣ, ਰਖਿਆ। ਚਾਰਿ ਪਦਾਰਥ=ਧਰਮ, ਅਰਥ, ਕਾਮ, ਮੋਖ । ਬੇਤਾ=ਜਾਨਣ ਵਾਲਾ । ਸਮਦਰਸੀ=ਸਭ ਨੂੰ ਇਕੋ ਜੇਹਾ ਦੇਖਣ ਵਾਲਾ । ਦ੍ਰਿਸਟੇਤਾ=ਵੇਖਦਾ ਹੈ । ਸਰੇਸਟ ਗਿਆਨ=ਬ੍ਰਹਮ

ਗਿਆਨ ।

ਅਰਥ—ਕਲਿਆਣ, ਸ਼ਾਂਤੀ, ਰਿਧੀਆਂ ਤੇ ਨੌ ਨਿਧੀਆਂ । ਗਿਆਨ ਵਾਲੀ ਬੁਧੀ ਅਤੇ ਸਾਰੀਆਂ ਸਿਧੀਆਂ । ਵਿਦਿਆ, ਤਪ ਅਤੇ ਪ੍ਰਭ ਦਾ ਧਿਆਨ ਆਦਿ । ਜੋਗ, ਬ੍ਰਹਮ ਗਿਆਨ ਅਤੇ ਉੱਤਮ ਤੀਰਥਾਂ ਦੇ ਇਸ਼ਨਾਨ । ਚਾਰ ਪਦਾਰਥ ਤੇ ਹਿਰਦੇ ਦਾ ਖਿੜਨਾ । ਸਾਰਿਆਂ ਦੇ ਵਿਚ ਰਹਿ ਕੇ ਵੀ ਸਾਰਿਆਂ ਤੋਂ ਉਦਾਸ (ਰਹਿਣਾ) ਸੁੰਦਰ, ਚਤਰ ਤੇ ਤੱਤ ਦੇ ਜਾਨਣ ਵਾਲਾ । ਸਮਦਰਸੀ ਹੋ ਕੇ ਸਭਨਾਂ ਵਿਚ ਇਕ ਨੂੰ ਵੇਖਣਾ। ਇਹ ਸਾਰੇ ਫਲ ਜੋ ਅਸਾਂ ਮੂੰਹੋਂ ਕਹੇ ਹਨ, ਉਸ ਜਨ ਨੂੰ ਪ੍ਰਾਪਤ ਹੋਏ ਹਨ। ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੁਣ ਕੇ ਮਨ ਵਿਚ ਕਰਤਾਰ ਦਾ ਨਾਮ ਜਪਿਆ ਹੈ ॥੬॥

**ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥ ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥ ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥ ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥ ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥ ਸਾਧ ਸਰਣਿ ਨਾਨਕ ਤੇ ਆਏ ॥੭॥**

ਅਰਥ—ਜੋ ਕੋਈ ਨਾਮ ਦੇ ਖਜ਼ਾਨੇ ਇਸ (ਸੁਖਮਨੀ ਬਾਣੀ) ਨੂੰ ਰੋਜ਼ ਪੜ੍ਹੇਗਾ । ਸਾਰੇ ਜੁਗਾਂ ਵਿਚ ਉਸ ਦੀ ਮੁਕਤੀ ਹੋਵੇਗੀ । (ਕਿਉਂਕਿ ਇਸ)

ਬਾਣੀ ਵਿਚ ਗੋਬਿੰਦ ਦੇ ਗੁਣਾਂ ਤੇ ਨਾਮਾਂ ਦੀ ਹੀ ਧੁਨ ਹੈ । ਸਿੰਮ੍ਰਿਤੀਆਂ, ਸ਼ਾਸਤ੍ਰ ਤੇ ਵੇਦਾਂ ਦੇ ਪੜ੍ਹਨੇ ਅਤੇ ਸਾਰੇ ਮੱਤਾਂ ਦਾ ਫਲ ਇਕ ਹਰੀ ਦੇ ਨਾਮ (ਜਪਣ ਨਾਲ ਹੀ ਮਿਲ ਜਾਂਦਾ ਹੈ) । (ਕਿਉਂਕਿ) ਗੋਬਿੰਦ ਭਗਤ ਦੇ ਮਨ ਵਿਚ ਆ ਬਿਰਾਜਦਾ ਹੈ । (ਇਸ ਲਈ) ਸੰਤਾਂ ਨਾਲ ਮਿਲਿਆਂ ਕਰੋੜਾਂ ਅਪਰਾਧ ਮਿਟ ਜਾਂਦੇ ਹਨ । ਸੰਤਾਂ ਦੀ ਕ੍ਰਿਪਾ ਨਾਲ ਜਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ । ਜਿਸ ਦੇ ਮਥੇ ਉਤੇ ਪ੍ਰਭੂ ਨੇ ਲੇਖ ਲਿਖਿਆ ਹੈ । ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਉਹ ਪੁਰਸ਼ ਸੰਤਾਂ ਦੀ ਸ਼ਰਣੀ ਆਏ ਹਨ ॥੭॥

**ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥ ਦੁਲਭ ਦੇਹ ਤਤਕਾਲ ਉਧਾਰੈ ॥ ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥ ਏਕੁ ਨਾਮੁ ਮਨ ਮਾਹਿ ਸਮਾਨੀ ॥ ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥ ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥**

ਅਰਥ—ਜਿਸ ਦੇ ਮਨ ਵਿਚ ਇਸ ਬਾਣੀ ਦਾ ਵਾਸਾ ਹੈ, (ਅਤੇ ਜੋ) ਚਿਤ ਲਾ ਕੇ (ਇਹ ਸੁਖਮਨੀ ਰੋਜ਼) ਸੁਣਦਾ ਜਾਂ ਪੜ੍ਹਦਾ ਹੈ । ਉਸ ਪੁਰਸ਼ ਨੂੰ ਪ੍ਰਭੂ ਦਾ ਹਰਿ (ਨਾਮ) ਚੇਤੇ ਆਉਂਦਾ ਹੈ । (ਇਸ ਲਈ) ਉਸ ਦਾ

ਜਨਮ ਮਰਨ ਦਾ ਦੁਖ ਮਿਟ ਜਾਂਦਾ ਹੈ। ਉਹ ਮਨੁਖ ਦੇਹ ਦਾ ਛੇਤੀ ਹੀ ਉਧਾਰ ਕਰ ਲੈਂਦਾ ਹੈ। ਉਸ ਦੀ ਸੋਭਾ ਨਿਰਮਲ ਤੇ ਬੋਲੀ ਮਿੱਠੀ ਹੋ ਜਾਂਦੀ ਹੈ। (ਕਿਉਂਕਿ) ਇਕ ਨਾਮ ਮਨ ਵਿਚ ਆ ਵਸਦਾ ਹੈ। ਦੁਖ, ਰੋਗ, ਡਰ ਤੇ ਭਰਮ ਨਾਸ ਹੋ ਜਾਂਦਾ ਹੈ। (ਉਸ ਦਾ) ਨਾਮ ਸੰਤ ਹੈ ਤੇ ਕਰਮ ਉਸ ਦੇ ਨਿਰਮਲ ਹਨ। ਉਸ ਦੀ ਸੋਭਾ ਸਾਰਿਆਂ ਤੋਂ ਵਡੀ ਹੁੰਦੀ ਹੈ। ਸ੍ਰੀ ਗੁਰੂ ਨਾਨਕ ਜੀ ਆਖਦੇ ਹਨ, ਜਿਸ ਦਾ ਨਾਮ ਸੁਖਮਨੀ ਹੈ, ਉਸ ਦੇ ਰੋਜ਼ ਪੜ੍ਹਨ ਦਾ ਇਹ ਫਲ ਹੈ ॥੮॥੨੪॥

ਭਾਵ—ਅੰਤ ਵਿਚ ਫਿਰ ਬਾਣੀ ਦੇ ਨਿਤਨੇਮ ਦਾ ਹੀ ਫਲ ਪ੍ਰਗਟ ਕੀਤਾ ਹੈ ਕਿ ਇਸ ਦੇ ਅਭਿਆਸ ਕਰ ਕੇ ਕਰਤਾਰ ਦਾ ਵਸੇਬਾ ਦਿਲ ਵਿਚ ਹੋ ਜਾਂਦਾ ਹੈ।

# ਆਸਾ ਦੀ ਵਾਰ

## ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

## ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ *ਅਸ ਰਾਜੈ ਕੀ ਧੁਨੀ ॥

ਸਲੋਕੁ ਮਃ ੧ ॥

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥**

ਅਰਥ—ਆਪਣੇ ਗੁਰਾਂ ਤੋਂ ਦਿਹਾੜੀ ਵਿਚ 'ਸਦ'=ਸੌ ਵਾਰੀ ਬਲਿਹਾਰ ਜਾਂਦਾ ਹਾਂ ।

---

** ਸਾਰੰਗ ਨਾਮੀ ਰਾਜਾ ਦੇ ਤਿੰਨ ਪੁੱਤਰ (ਅਸਰਾਜਾ, ਖਾਨ ਤੇ ਸੁਲਤਾਨ) ਸਨ । ਅਸਰਾਜ ਪਟਰਾਣੀ ਦਾ ਪੁੱਤਰ ਅਤੇ ਟਿੱਕਾ ਹੋਣ ਕਰਕੇ ਗੱਦੀ ਦਾ ਮਾਲਕ ਸੀ, ਪਰ ਖਾਨ ਤੇ ਸੁਲਤਾਨ ਇਹ ਨਹੀਂ ਸਨ ਚਾਹੁੰਦੇ ਕਿ ਅਸਰਾਜ ਰਾਜਾ ਬਣੇ । ਇਹ ਇਨ੍ਹਾਂ ਦੇ ਮਨ ਵਿਚ ਖੁਟਿਆਈ ਸੀ, ਪਰ ਬਾਹਰੋਂ ਹਰ ਤਰ੍ਹਾਂ ਅਸਰਾਜ ਨੂੰ ਚਾਹੁੰਦੇ ਸਨ । ਇਸ ਦਾ ਫਲ ਇਹ ਹੋਇਆ ਕਿ ਸ਼ਿਕਾਰ ਖੇਡਣ ਗਿਆਂ*

## ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥

ਅਰਥ—ਜਿਸ ਨੇ ਮਨੁੱਖਾਂ ਤੋਂ ਦੇਵਤੇ ਕੀਤਾ (ਹੈ, ਅਤੇ ਦੇਵਤੇ) ਕਰਦਿਆਂ ਹੋਇਆਂ ਜਿਸ ਨੂੰ ਦੇਰ ਵੀ ਨਹੀਂ ਲਗੀ ਹੈ ॥੧॥

---

*ਨੇ ਅਸਰਾਜ ਨੂੰ ਪਕੜ ਲਿਆ ਅਤੇ ਉਸ ਦੇ ਹੱਥ ਵੱਢ ਕੇ ਖੂਹ ਵਿਚ ਸੁੱਟ ਦਿਤਾ ਅਤੇ ਆਪਣੇ ਪਿਤਾ ਨੂੰ ਜਾ ਕੇ ਆਖਿਆ ਕਿ ਅਸਰਾਜ ਨੂੰ ਸ਼ੇਰ ਮਾਰ ਕੇ ਖਾ ਗਿਆ ਹੈ। ਰਾਜਾ ਨੂੰ ਸ਼ੋਕ ਤਾਂ ਬਹੁਤ ਹੋਇਆ ਪਰ ਹੋਣਹਾਰ ਅੱਗੇ ਪੇਸ਼ ਨਾ ਜਾਂਦੀ ਵੇਖ ਕੇ ਸਬਰ ਕੀਤਾ।*

*ਇਧਰ ਜਿਸ ਖੂਹ ਵਿਚ ਅਸਰਾਜ ਪਿਆ ਸੀ, ਉਥੇ ਵਣਜਾਰਿਆਂ ਦਾ ਟਾਂਡਾ ਆਇਆ, ਉਹਨਾਂ ਵਿਚੋਂ ਕਿਸੇ ਨੇ ਅਸਰਾਜ ਨੂੰ ਦੇਖ ਲਿਆ ਤੇ ਖੂਹ ਤੋਂ ਬਾਹਰ ਕੱਢ ਕੇ ਜ਼ਖਮਾਂ ਦਾ ਇਲਾਜ ਕਰਨ ਲਈ ਨਾਲ ਲੈ ਗਿਆ, ਜਦ ਅਸਰਾਜ ਦੇ ਟੁੰਡ ਰਾਜ਼ੀ ਹੋ ਗਏ ਤਾਂ ਕਿਸੇ ਸ਼ਹਿਰ ਵਿਚ ਵਣਜਾਰੇ ਨੇ ਟੁੰਡੇ ਨੂੰ ਧੋਬੀਆਂ ਕੋਲ ਵੇਚ ਦਿਤਾ। ਧੋਬੀ ਬਲਦ ਉਤੇ ਕਪੜੇ ਲੱਦ ਦੇਂਦੇ ਸਨ ਅਤੇ ਉਤੇ ਅਸਰਾਜ ਨੂੰ ਬਿਠਾ ਕੇ ਉਸ ਦੇ ਟੁੰਡ ਨਾਲ ਬਲਦ ਦੀ ਨੱਥ ਦਾ ਰੱਸਾ ਬੰਨ੍ਹ ਦੇਂਦੇ ਸਨ ਅਤੇ ਇਹ ਬਲਦ ਨੂੰ ਘਾਟ ਤੇ ਲੈ ਜਾਂਦਾ ਤੇ ਇਸੇ ਤਰ੍ਹਾਂ ਹੀ ਲੈ ਆਉਂਦਾ ਸੀ। ਇਸ ਤਰ੍ਹਾਂ ਕਰਦਿਆਂ ਜ਼ਿੰਦਗੀ ਦਾ ਕੁਝ ਹਿੱਸਾ ਬੀਤ ਗਿਆ ਤੇ ਕਿਸਮਤ ਨੇ ਫੇਰਾ ਆ ਪਾਇਆ। ਅਰਥਾਤ ਉਸੇ ਦੇਸ ਦਾ ਰਾਜਾ (ਜੋ ਉਸ ਸ਼ਹਿਰ ਰਹਿੰਦਾ ਸੀ) ਬੇ-ਔਲਾਦ ਹੀ ਮਰ ਗਿਆ। ਮੰਤਰੀਆਂ ਨੇ ਮਿਲ ਕੇ ਸਲਾਹ ਕੀਤੀ ਕਿ ਕਿਲ੍ਹੇ ਦਾ ਦਰਵਾਜ਼ਾ ਜਿਸ ਦੇ ਹੱਥ ਲਾਇਆਂ ਹੀ ਖੁਲ੍ਹ ਜਾਵੇ, ਉਸ ਨੂੰ ਰਾਜਾ ਥਾਪਿਆ ਜਾਵੇ, ਇਕੁਰਾਂ ਹੀ ਹੋਇਆ 'ਕਰਤਾ ਕਾਰਜ ਕੀਤਾ ਲੋੜੇ। ਸੈਆਂ ਸਬਬਾਂ ਦੇ ਪਲ ਵਿਚ ਜੋੜੇ' ਵਾਲੀ ਗੱਲ ਹੋਈ। ਅਰਥਾਤ ਸਵੇਰੇ ਹੀ ਧੋਬੀਆਂ ਦੇ ਘਰੋਂ ਬਲਦ ਖੁਲ੍ਹ ਗਿਆ ਅਤੇ ਟੁੰਡਾ ਅਸਰਾਜ ਉਸ ਦੇ ਮਗਰ ਆਇਆ ਅਤੇ ਢੂੰਢਦਿਆਂ ਢੂੰਢਦਿਆਂ ਕਿਲ੍ਹੇ ਦੇ ਬੂਹੇ ਵਿਚ ਪਹੁੰਚ ਗਿਆ ਤਾਂ ਕਹਿੰਦੇ ਹਨ ਕਿ ਜੰਦਰਾ ਟੁੰਡ ਲਗਦਿਆਂ ਹੀ ਖੁਲ੍ਹ ਗਿਆ। ਜੰਦਰਾ ਕੀ ਖੁਲ੍ਹਾ*

ਮਹਲਾ ੨ ॥

## ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥

ਅਰਥ—ਜੇਕਰ ਸੌ ਚੰਦਰਮਾ ਪੈਦਾ ਹੋਵੇ ਅਤੇ ਹਜ਼ਾਰ ਸੂਰਜ ਚੜ੍ਹ ਜਾਵੇ ।

---

ਕਿਸਮਤ ਦਾ ਦਰਵਾਜ਼ਾ ਖੁਲ੍ਹਾ । ਬਸ ! ਇਹ ਟੁੰਡਾ ਰਾਜਾ ਹੋ ਗਿਆ । ਕੁਝ ਚਿਰ ਮਗਰੋਂ ਓਹੀ ਵਣਜਾਰੇ ਆਏ ਅਤੇ ਇਸ ਟੁੰਡੇ ਨੇ ਉਨ੍ਹਾਂ ਨੂੰ ਆਪਣੇ ਕੋਲ ਸੱਦ ਕੇ ਬਹੁਤ ਸਾਰਾ ਧਨ ਦਿਤਾ । ਜਦ ਇਹ ਧਨ ਲੈ ਕੇ ਦਰਬਾਰੋਂ ਬਾਹਰ ਆਏ ਤਾਂ ਕਿਸੇ ਵਣਜਾਰਿਆਂ ਕੋਲੋਂ ਪੁਛਿਆ ਰਾਜਾ ਤੁਹਾਨੂੰ ਕਿਸ ਤਰ੍ਹਾਂ ਜਾਣਦਾ ਹੈ ? ਇਨ੍ਹਾਂ ਵਿਚੋਂ ਮਨ ਦੇ ਖੋਟੇ ਨੇ ਆਖਿਆ ਕਿ ਇਹ (ਟੁੰਡਾ, ਜੋ ਹੁਣ ਰਾਜਾ ਹੈ) ਵਡਾ ਦੁਸ਼ਟ ਸੀ ਤੇ ਇਸ ਦੇ ਅਪਰਾਧ ਦਾ ਫਲ ਅਸਾਂ ਹੀ ਇਸ ਨੂੰ ਟੁੰਡਾ ਕੀਤਾ ਸੀ, ਸੋ ਸਾਨੂੰ ਇਸ ਨੇ ਧਨ ਇਸ ਲਈ ਦਿਤਾ ਹੈ ਕਿ ਕਿਤੇ ਮੇਰੀ ਕਰਤੂਤ ਨਾ ਦੱਸਣ । ਹੁੰਦਿਆਂ ਹੁੰਦਿਆਂ ਇਹ ਗੱਲ ਰਾਜੇ ਤਕ ਵੀ ਜਾ ਪਹੁੰਚੀ, ਤਾਂ ਉਨ੍ਹਾਂ ਦੀ ਅਕਲ ਤੇ ਕਪਟ ਨੂੰ ਦੇਖ ਕੇ ਅਫਸੋਸ ਦਸ਼ਾ ਨੂੰ ਹੱਥ ਮੱਲਣ ਵਾਂਗੂੰ ਟੁੰਡਾਂ ਨੂੰ ਮਲਿਆ । ਕਹਿੰਦੇ ਹਨ "ਕੁਬੇ ਨੂੰ ਲੱਤ ਕਾਰੀ ਹੋਈ" ਵਾਂਗੂੰ ਇਸ ਦੇ ਹੱਥ ਸਾਬਤ ਹੋ ਗਏ ।

ਇਧਰ ਰਾਇ ਸਾਰੰਗ (ਇਸ ਦੇ ਪਿਤਾ) ਨੂੰ ਖਾਨ, ਸੁਲਤਾਨ ਦੀ ਕੁਟਲਤਾ ਤੇ ਅਸਰਾਜ ਦੀ ਦਸ਼ਾ ਅਤੇ ਰਾਜ ਦਾ ਲੈਣਾ, ਹੱਥਾਂ ਦਾ ਸਾਬਤ ਹੋਣਾ ਆਦਿਕ ਸਾਰੀਆਂ ਗੱਲਾਂ ਦਾ ਪਤਾ ਹੋ ਗਿਆ । ਉਸ ਨੇ ਅਸਰਾਜ ਨੂੰ ਪਤ੍ਰਿਕਾ ਲਿਖੀ ਤੇ ਰਾਜ ਦੇਣਾ ਚਾਹਿਆ ਜਦ ਖਾਨ ਤੇ ਸੁਲਤਾਨ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਹ ਲੜਨ ਲਈ ਤਿਆਰ ਹੋਏ । ਆਖਰ ਤਿੰਨਾਂ ਭਰਾਵਾਂ ਦੀ ਲੜਾਈ ਹੋਈ ਅਤੇ ਅਸਰਾਜ ਜਿਤਿਆ । ਇਨ੍ਹਾਂ ਦੀ ਲੜਾਈ ਦੀ ਵਾਰ ਢਾਢੀਆਂ ਨੇ ਬਣਾ ਕੇ ਅਸਰਾਜ 'ਟੁੰਡੇ' (ਇਹ ਇਸ ਦਾ ਉਪਨਾਉ ਹੋ ਚੁਕਾ ਸੀ) ਨੂੰ ਸੁਣਾਈ ਤੇ ਇਨਾਮ ਲਏ । ਸੋ ਗੁਰੂ ਜੀ ਸੂਚਨ ਕਰਾਉਂਦੇ ਹਨ ਕਿ ਜਿਸ ਸੁਰਤਾਰ ਵਿਚ ਉਹ ਵਾਰ ਗਾਵੀਂ ਜਾਂਦੀ ਹੈ, ਉਸੇ ਵਿਚ ਆਸਾ ਦੀ ਵਾਰ ਗਾਉਣੀ । ਉਸ ਵਾਰ ਦੀ ਪਉੜੀ ਨਮੂਨੇ ਲਈ ਹਾਜ਼ਰ ਹੈ :—

## ਏਤੇ ਚਾਨਣ ਹੋਦਿਆਂ
## ਗੁਰ ਬਿਨੁ ਘੋਰ ਅੰਧਾਰ ॥੨॥

ਅਰਥ—ਇਤਨੇ ਚਾਨਣ ਦੇ ਹੁੰਦਿਆਂ ਵੀ ਗੁਰੂ ਤੋਂ ਬਿਨਾਂ ਵੱਡਾ ਹਨੇਰਾ ਹੈ, ਭਾਵ—ਇਹ ਬਾਹਰ ਦਾ ਹਨੇਰਾ ਦੂਰ ਕਰਦੇ ਹਨ ਤੇ ਗੁਰੂ ਅੰਦਰ ਦਾ ਅਗਿਆਨ ਰੂਪ ਹਨੇਰਾ ਦੂਰ ਕਰਦਾ ਹੈ ॥੨॥

ਮ: ੧ ॥

## ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥

ਅਰਥ—ਸਤਿਗੁਰੂ ਜੀ ਆਖਦੇ ਹਨ, ਜੋ ਗੁਰੂ ਦਵਾਰਾ ਤਾਂ ਨਾਮ ਯਾਦ ਨਹੀਂ ਕਰਦੇ, ਅਤੇ ਆਪਣੇ ਮਨ ਕਰ ਕੇ ਸੁਚੇਤ ਰਹਿੰਦੇ ਹਨ।

---

*ਭਬਕਿਓ ਸ਼ੇਰ ਸ਼ਰਦੂਲ ਰਾਇ ਰਣ ਮਾਰੂ ਬੱਜੇ।*
*ਖਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ।*
*ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ।*
*ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।*
*ਫਤੇ ਪਾਇ ਅਸਰਾਜ ਜੀ ਸ਼ਾਹੀ ਘਰ ਸੱਜੇ।*

*ਕਈ ਢਾਢੀ ਇਸ ਤੋਂ ਬਿਨਾਂ ਹੋਰ ਪਉੜੀ ਸੁਣਾਉਂਦੇ ਹਨ, ਜੈਸਾ ਕਿ :*

*ਭਭਕਿਆ ਸ਼ੇਰ ਸਰਦੂਲ ਰਾਜਾ॥*
*ਖਾਨ ਸੁਲਤਾਨ ਤੁਮ ਬੜੇ ਕਾਜਾ॥*
*ਖਤ ਲਿਖੇ ਟੁੰਡੇ ਅਸਰਾਜ ਨੂੰ॥*
*ਲਜ ਰੱਖੀ ਸਾਰੰਗ ਬਾਪ ਨੂੰ॥*
*ਟਿੱਕਾ ਦਿਤੋਸੁ ਰਾਜੇ ਆਪ ਨੂੰ॥*

*ਪੰਜਾਂ ਪੰਜਾਂ ਤੁਕਾਂ ਵਾਲੀ ਪਉੜੀ ਨਾਲ ਗੁਰੂ ਜੀ ਨੇ ਵੀ ਪੰਜਾਂ ਤੁਕਾਂ ਦੀ ਪਉੜੀ ਮੇਲੀ ਹੈ ਨਮੂਨੇ ਦੀ—*

*(ਤੁਕ)—ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*

**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥**

ਅਰਥ—ਉਹ ਇਸ ਤਰ੍ਹਾਂ ਹਨ, ਜਿਵੇਂ ਤਿਲਾਂ ਦੇ ਖੇਤ ਅੰਦਰ ਬੂਆੜ ਸੁੰਞੇ ਹੀ ਛੱਡੇ ਜਾਂਦੇ ਹਨ ।

**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥**

ਅਰਥ—ਸਤਿਗੁਰੂ ਜੀ ਆਖਦੇ ਹਨ, ਉਹਨਾਂ ਖੇਤ ਅੰਦਰ ਛਡਿਆਂ ਹੋਇਆਂ ਦਾ ਕੋਈ ਸਉ=ਮਾਲਕ ਨਹੀਂ ਹੁੰਦਾ ।

**ਫਲੀਅਹਿ ਫੁਲੀਅਹਿ ਬਪੁੜੇ<br>ਭੀ ਤਨ ਵਿਚਿ ਸੁਆਹ ॥੩॥**

ਅਰਥ—ਉਹ ਬੁਆੜ ਵਿਚਾਰੇ ਫਲਦੇ ਫੁਲਦੇ ਵੀ ਹਨ, ਪਰ ਤਨ ਵਿਚ ਸੁਆਹ ਹੀ ਹੁੰਦੀ ਹੈ, ਇਵੇਂ ਹੀ ਮਨਮੁਖ ਭਾਵੇਂ ਪਰਿਵਾਰ ਕਰ ਕੇ ਫਲਦੇ ਫੁਲਦੇ ਹਨ, ਪਰ ਗਿਆਨ ਤੋਂ ਹੀਣੇ ਹੋਣ ਕਰ ਕੇ ਤਨ ਵਿਚ ਵਿਕਾਰਾਂ ਦੀ ਸਵਾਹ ਹੀ ਰਹਿੰਦੀ ਹੈ ॥੩॥

ਪਉੜੀ ॥

**ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥**

ਅਰਥ—ਆਪਣੇ ਆਪ ਤੋਂ ਪੰਜਾਂ ਤੱਤਾਂ ਨੂੰ ਸਾਜਿਆ ਅਤੇ ਆਪੇ ਹੀ ਉਹਨਾਂ ਦਾ ਨਾਮ ਰਖਿਆ ਹੈ ।

**ਦੁਯੀ ਕੁਦਰਤਿ ਸਾਜੀਐ<br>ਕਰਿ ਆਸਣੁ ਡਿਠੋ ਚਾਉ ॥**

ਅਰਥ—ਉਹਨਾਂ ਦੁਆਰਾ ਦੂਜੀ ਕੁਦਰਤਿ=ਦੁਨੀਆਂ ਬਣਾਈ ਹੈ ਅਤੇ ਆਪ ਉਸ ਵਿਚ ਆਸਨ ਲਾ ਕਰ ਕੇ ਚਾਉ=ਤਮਾਸ਼ੇ ਨੂੰ ਦੇਖਦਾ ਹੈ ।

## ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥

ਅਰਥ—ਤੂੰ ਆਪ ਹੀ ਦਾਤਾਂ ਦੇ ਕਰਨ ਵਾਲਾ ਹੈ ਅਤੇ ਜਿਸ ਉਤੇ ਤੁਸਿ=ਪ੍ਰਸੰਨ ਹੋਵੇ ਉਸ ਨੂੰ ਪਸਾਉ=ਦਾਤ ਦਾ ਦੇਵਣਾ ਕਰਦਾ ਹੈ ।

## ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥

ਅਰਥ—ਤੂੰ ਸਭ ਕਿਸੇ ਦੇ ਜਾਨਣੇ ਵਾਲਾ ਹੈ, ਤੇ ਆਪੇ ਹੀ ਜਿੰਦ ਨੂੰ ਸਰੀਰ ਰੂਪੀ ਕਵਾਉ=ਪੁਸ਼ਾਕ ਦੇਂਦਾ ਤੇ ਲੈਂਦਾ ਹੈ ।

## ਕਰਿ ਆਸਣੁ ਡਿਠੋ ਚਾਉ ॥੧॥

ਅਰਥ—(ਅਤੇ ਆਪ ਹੀ ਇਨ੍ਹਾਂ ਵਿਚ) ਆਸਣੁ=ਰਹਿਣਾ ਕਰ ਕੇ ਤਮਾਸ਼ਾ ਦੇਖਦਾ ਹੈ ॥੧॥

ਸਲੋਕੁ ਮ: ੧ ॥

## ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥

ਅਰਥ—ਹੇ ਵਾਹਿਗੁਰੂ ! ਤੇਰੇ ਬਣਾਏ ਖੰਡ ਵੀ ਸੱਚੇ ਤੇ ਬ੍ਰਹਮੰਡ ਵੀ ਸੱਚੇ ਹਨ ।

## ਸਚੇ ਤੇਰੇ ਲੋਅ ਸਚੇ ਆਕਾਰ ॥

ਅਰਥ—ਤੇਰੇ ਬਣਾਏ ਲੋਕ ਵੀ ਸੱਚੇ ਤੇ ਅਕਾਰ ਵੀ ਸੱਚੇ ਹਨ ।

## ਸਚੇ ਤੇਰੇ ਕਰਣੇ ਸਰਬ ਬੀਚਾਰ ॥

ਅਰਥ—ਤੇਰੇ ਸਭ ਤਰ੍ਹਾਂ ਦੇ ਵਿਚਾਰ ਕਰਨੇ ਵੀ ਸੱਚੇ ਹਨ ।

## ਸਚਾ ਤੇਰਾ ਅਮਰੁ ਸਚਾ ਦੀਬਾਣੁ ॥

ਅਰਥ—ਤੇਰਾ ਅਮਰੁ=ਰਾਜ ਵੀ ਸੱਚਾ ਤੇ ਦਰਬਾਰ ਵੀ ਸੱਚਾ ਹੈ ।

**ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥**

ਅਰਥ—ਤੇਰਾ ਹੁਕਮ ਵੀ ਸੱਚਾ ਤੇ ਫੁਰਮਾਣ ਵੀ ਸੱਚਾ ਹੈ ।

**ਸਚਾ ਤੇਰਾ ਕਰਮੁ ਸਚਾ ਨੀਸਾਣੁ ॥**

ਅਰਥ—ਤੇਰਾ ਕਰਮ ਵੀ ਸੱਚਾ ਤੇ ਕਰਮ ਦਾ ਨੀਸਾਣ=ਫਲ ਵੀ ਸੱਚਾ ਹੈ ।

**ਸਚੇ ਤੁਧੁ ਆਖਹਿ ਲਖ ਕਰੋੜਿ ॥**

ਅਰਥ—ਹੇ ਸੱਚੇ ! ਤੈਨੂੰ ਲੱਖਾਂ ਤੇ ਕ੍ਰੋੜਾਂ ਹੀ ਇਸ ਤਰ੍ਹਾਂ ਆਖਦੇ ਹਨ।

**ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥**

ਅਰਥ—ਕਿ ਸੱਚੇ ਦੇ ਹੀ ਸਭ ਤਾਣ ਤੇ ਸਭ ਜ਼ੋਰ ਵੀ ਸੱਚੇ ਦੇ ਹਨ।

**ਸਚੀ ਤੇਰੀ ਸਿਫਤਿ ਸਚੀ ਸਾਲਾਹ ॥**

ਅਰਥ—ਤੇਰੀ ਸਿਫਤ ਵੀ ਸੱਚੀ ਤੇ ਸਲਾਹਤਾ ਵੀ ਸੱਚੀ ਹੈ ।

**ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥**

ਅਰਥ—ਹੇ ਸੱਚੇ ਪਾਤਸ਼ਾਹ ! ਤੇਰੀ ਕੁਦਰਤਿ ਵੀ ਸੱਚੀ ਹੈ ।

**ਨਾਨਕ ਸਚੁ ਧਿਆਇਨਿ ਸਚੁ ॥**

ਅਰਥ—ਸਤਿਗੁਰੂ ਜੀ ਆਖਦੇ ਹਨ, ਜੋ ਸੱਚ ਨੂੰ ਧਿਆਉਂਦੇ ਹਨ, ਉਹ ਸੱਚੇ ਹਨ ।

**ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥**

ਅਰਥ—ਅਤੇ ਜੋ ਕੱਚਿਆਂ ਨੂੰ ਧਿਆਉਂਦੇ ਹਨ, ਉਹ ਕੱਚੇ ਮਨਮੁਖ

ਮਰਦੇ ਜੰਮਦੇ ਹਨ ॥੧॥

ਮ: ੧ ॥

## ਵਡੀ ਵਡਿਆਈ ਜਾ ਵਡਾ ਨਾਉ ॥

ਅਰਥ—ਜਦ ਤੇਰਾ ਨਾਮ ਵੱਡਾ ਹੈ ਤਾਂ ਤੇਰੀ ਵਡਿਆਈ ਵੀ ਵੱਡੀ ਹੈ।

## ਵਡੀ ਵਡਿਆਈ ਜਾ ਸਚੁ ਨਿਆਉ ॥

ਅਰਥ—ਜਦ ਤੂੰ ਨਿਆਉਂ ਸੱਚਾ ਕਰਦਾ ਹੈਂ ਤਾਂ ਤੇਰੀ ਵਡਿਆਈ ਵੀ ਵੱਡੀ ਹੈ।

## ਵਡੀ ਵਡਿਆਈ ਜਾ ਨਿਹਚਲ ਥਾਉ ॥

ਅਰਥ—ਜਦ (ਤੇਰਾ) ਸਰੂਪ ਅਚੱਲ ਹੈ (ਤਾਂ ਤੇਰੀ) ਵਡਿਆਈ ਵੱਡੀ ਹੈ।

## ਵਡੀ ਵਡਿਆਈ ਜਾਣੈ ਆਲਾਉ ॥

ਅਰਥ—ਤੂੰ ਸਾਡੇ ਅਲਾਉ=ਬੋਲਣੇ ਨੂੰ ਜਾਣਦਾ ਹੈ, ਇਸ ਲਈ ਵੀ ਤੇਰੀ ਵਡਿਆਈ ਵੱਡੀ ਹੈ।

## ਵਡੀ ਵਡਿਆਈ ਬੁਝੈ ਸਭਿ ਭਾਉ ॥

ਅਰਥ—ਸਭਨਾਂ ਦੇ ਸੁਭਾਉ ਨੂੰ ਜਾਣਦਾ ਹੈ, ਇਸ ਲਈ ਤੇਰੀ ਵਡਿਆਈ ਵੱਡੀ ਹੈ।

## ਵਡੀ ਵਡਿਆਈ ਜਾ ਪੁਛਿ ਨ ਦਾਤਿ ॥

ਅਰਥ—ਜਦ ਪੁਛ ਕੇ ਦਾਤ ਨਹੀਂ ਕਰਦਾ ਤਾਂ ਤੇਰੀ ਵਡਿਆਈ ਵੱਡੀ ਹੈ।

## ਵਡੀ ਵਡਿਆਈ ਜਾ ਆਪੇ ਆਪਿ ॥

ਅਰਥ—ਜਦ ਸਭ ਪਾਸੇ ਆਪ ਹੀ ਆਪ ਹੈ ਤਾਂ ਤੇਰੀ ਵਡਿਆਈ ਵੱਡੀ ਹੈ ।

## ਨਾਨਕ ਕਾਰ ਨ ਕਥਨੀ ਜਾਇ ॥

ਅਰਥ—ਸਤਿਗੁਰੂ ਜੀ ਆਖਦੇ ਹਨ, ਤੇਰੀ ਕਾਰ ਕਹੀ ਨਹੀਂ ਜਾਂਦੀ।

## ਕੀਤਾ ਕਰਣਾ ਸਰਬ ਰਜਾਇ ॥੨॥

ਅਰਥ—ਹੇ ਰਜਾਈ ! ਸਾਰਾ ਕਰਣਾ=ਪ੍ਰਪੰਚ ਤੇਰਾ ਕੀਤਾ ਹੋਇਆ ਹੈ ॥੨॥

ਮਹਲਾ ੨ ॥

## ਇਹੁ ਜਗੁ ਸਚੈ ਕੀ ਹੈ ਕੋਠੜੀ
## ਸਚੇ ਕਾ ਵਿਚਿ ਵਾਸੁ ॥

ਅਰਥ—ਇੰਹ ਜਗਤ ਸੱਚੇ ਦੀ ਕੋਠੀ ਹੈ, ਕਿਉਂਕਿ ਇਸ ਵਿਚ ਸੱਚੇ ਦਾ ਵਾਸ ਹੈ ।

## ਇਕਨ੍ਹਾ ਹੁਕਮਿ ਸਮਾਇ ਲਏ
## ਇਕਨ੍ਹਾ ਹੁਕਮੇ ਕਰੇ ਵਿਣਾਸੁ ॥

ਅਰਥ—ਉਸ ਨੇ ਆਪ ਹੀ ਇਕਨਾਂ ਨੂੰ ਹੁਕਮ ਵਿਚ ਸਮਾਇ ਲਿਆ ਤੇ ਇਕਨਾਂ ਨੂੰ ਹੁਕਮ ਮੰਨਣ ਵਲੋਂ ਵਿਣਾਸ ਕੀਤਾ ਹੈ ।

## ਇਕਨ੍ਹਾ ਭਾਣੈ ਕਢਿ ਲਏ
## ਇਕਨ੍ਹਾ ਮਾਇਆ ਵਿਚਿ ਨਿਵਾਸੁ ॥

ਅਰਥ—ਇਕਨਾਂ ਨੂੰ ਭਾਣਾ ਮਨਾ ਕੇ ਸੰਸਾਰ ਵਿਚੋਂ ਕੱਢ ਲਿਆ ਤੇ ਇਕਨਾਂ ਦਾ ਮਾਇਆ ਵਿਚ ਹੀ ਨਿਵਾਸ ਕਰਾਇਆ ਹੈ।

**ਏਵ ਭਿ ਆਖਿ ਨ ਜਾਪਈ**
**ਜਿ ਕਿਸੈ ਆਣੇ ਰਾਸਿ ॥**

ਅਰਥ—ਇਹ ਵੀ ਆਖਿਆਂ ਨਹੀਂ ਜਾਂਦਾ ਜੋ ਕਿਸ ਨੂੰ ਰਾਸ ਲਿਆਵੇਗਾ ?

**ਨਾਨਕ ਗੁਰਮੁਖਿ ਜਾਣੀਐ**
**ਜਾ ਕਉ ਆਪਿ ਕਰੇ ਪਰਗਾਸੁ ॥੩॥**

ਅਰਥ—ਸਤਿਗੁਰੂ ਜੀ ਆਖਦੇ ਹਨ, ਜਿਸ ਨੂੰ ਆਪਣਾ ਆਪ ਪ੍ਰਕਾਸ਼ ਕਰਿਆ (ਚਾਹੀਦਾ ਹੈ) ਗੁਰਾਂ ਦੁਆਰਾ ਜਾਣਦਾ ਹੈ ॥੩॥

ਪਉੜੀ ॥

**ਨਾਨਕ ਜੀਅ ਉਪਾਇ ਕੈ**
**ਲਿਖਿ ਨਾਵੈ ਧਰਮੁ ਬਹਾਲਿਆ ॥**

ਅਰਥ—ਸਤਿਗੁਰੂ ਜੀ ਆਖਦੇ ਹਨ—ਜੀਵਾਂ ਨੂੰ ਪੈਦਾ ਕਰ ਕੇ ਉਨ੍ਹਾਂ ਦੇ ਨਾਵੈ=ਹਿਸਾਬ ਲਿਖਣ ਲਈ ਧਰਮ ਰਾਜਾ ਬਹਾਇਆ ਹੈ।

**ਓਥੈ ਸਚੇ ਹੀ ਸਚਿ ਨਿਬੜੈ**
**ਚੁਣਿ ਵਖਿ ਕਢੇ ਜਜਮਾਲਿਆ ॥**

ਅਰਥ—ਉਥੇ ਸੱਚੇ ਦੀ ਅਦਾਲਤ ਵਿਚ ਸੱਚ ਹੀ ਨਿਬੜਦਾ (ਇਨਸਾਫ ਹੁੰਦਾ ਹੈ) ਅਤੇ ਜਜਮਾਲਿਆ=ਮੰਦੇ ਕਰਮਾਂ ਦੇ ਦਬਾਏ ਹੋਏ

ਜੀਵ ਚੁਣ ਕੇ ਵੱਖ ਕਢੇ ਜਾਂਦੇ ਹਨ ।

**ਥਾਉ ਨ ਪਾਇਨਿ ਕੂੜਿਆਰ**
**ਮੁਹ ਕਾਲ੍ਹੈ ਦੋਜਕਿ ਚਾਲਿਆ ॥**

ਅਰਥ—ਝੂਠੇ ਥਾਉ ਨਹੀਂ ਪਾਂਦੇ ਤੇ ਉਹਨਾਂ ਦੇ ਮੂੰਹ ਕਾਲੇ ਕਰ ਕੇ ਨਰਕਾਂ ਨੂੰ ਜਮਦੂਤ ਲੈ ਜਾਂਦੇ ਹਨ ।

**ਤੇਰੈ ਨਾਇ ਰਤੇ ਸੇ ਜਿਣਿ ਗਏ**
**ਹਾਰਿ ਗਏ ਸਿ ਠਗਣ ਵਾਲਿਆ ॥**

ਅਰਥ—ਹੇ ਵਾਹਿਗੁਰੂ ! ਜੋ ਤੇਰੇ ਨਾਮ ਵਿਚ ਰਤੇ ਹੋਏ ਹਨ ਉਹ ਜਿੱਤ ਗਏ ਹਨ ਅਤੇ ਠੱਗੀਆਂ ਕਰਨ ਵਾਲੇ (ਜੋ ਹਨ) ਸੋ ਹਾਰ ਗਏ ਹਨ ।

**ਲਿਖਿ ਨਾਵੈ ਧਰਮੁ ਬਹਾਲਿਆ ॥੨॥**

ਅਰਥ—ਨਾਵੇਂ ਲਿਖਣ ਲਈ ਧਰਮ ਰਾਜਾ ਬਿਠਾਇਆ ਹੈ ॥੨॥

ਸਲੋਕ ਮ: ੧ ॥

**ਵਿਸਮਾਦੁ ਨਾਦ ਵਿਸਮਾਦੁ ਵੇਦ ॥**

ਅਰਥ—ਸ਼ਬਦ ਵੀ ਅਸਚਰਜ ਤੇ ਵੇਦ=ਗਿਆਨ ਵੀ ਅਸਚਰਜ ਹੈ ।

**ਵਿਸਮਾਦੁ ਜੀਅ ਵਿਸਮਾਦੁ ਭੇਦ ॥**

ਅਰਥ—ਜੀਵ ਵੀ ਅਸਚਰਜ ਤੇ ਉਹਨਾਂ ਦੇ ਭੇਦ ਵੀ ਅਸਚਰਜ ਹਨ ।

**ਵਿਸਮਾਦੁ ਰੂਪ ਵਿਸਮਾਦੁ ਰੰਗ ॥**

ਅਰਥ—ਰੂਪ ਵੀ ਅਸਚਰਜ ਤੇ ਰੰਗ ਵੀ ਅਸਚਰਜ ਹਨ ।

**ਵਿਸਮਾਦੁ ਨਾਗੇ ਫਿਰਹਿ ਜੰਤ ॥**

ਅਰਥ—ਇਹ ਵੀ ਅਸਚਰਜ ਹੈ ਜੋ ਜੀਵ ਨੰਗੇ ਹੀ ਜੰਮਣ ਮਰਨ ਵਿਚ ਫਿਰਦੇ ਹਨ ।

**ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥**

ਅਰਥ—ਪੌਣ ਵੀ ਅਸਚਰਜ ਤੇ ਪਾਣੀ ਵੀ ਅਸਚਰਜ ਹੈ ।

**ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥**

ਅਰਥ—ਅਸਚਰਜ ਖੇਡਾਂ ਦੇ ਖੇਡਣ ਵਾਲੀ ਅੱਗ ਵੀ ਅਸਚਰਜ ਹੈ ।

**ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥**

ਅਰਥ—ਧਰਤੀ ਵੀ ਅਸਚਰਜ ਤੇ ਖਾਣੀਆਂ ਵੀ ਅਸਚਰਜ ਹਨ ।

**ਵਿਸਮਾਦੁ ਸਾਦਿ ਲਗਹਿ ਪਰਾਣੀ ॥**

ਅਰਥ—ਜਿਨ੍ਹਾਂ ਸਵਾਦਾਂ ਵਿਚ ਪ੍ਰਾਣੀ ਲਗੇ ਹੋਏ ਹਨ ਉਹ ਵੀ ਅਸਚਰਜ ਹਨ ।

**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥**

ਅਰਥ—ਸੰਜੋਗ ਵੀ ਅਸਚਰਜ ਤੇ ਵਿਜੋਗ ਵੀ ਅਸਚਰਜ ਹੈ ।

**ਵਿਸਮਾਦੁ ਭੁਖ ਵਿਸਮਾਦੁ ਭੋਗੁ ॥**

ਅਰਥ—ਭੁਖ ਵੀ ਅਸਚਰਜ ਤੇ ਭੋਗ ਵੀ ਅਸਚਰਜ ਹੈ ।

**ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥**

ਅਰਥ—ਸਿਫ਼ਤ ਵਾਲਾ ਵੀ ਅਸਚਰਜ ਤੇ ਸਲਾਹਤਾ ਵੀ ਅਸਚਰਜ ਹੈ।

## ਵਿਸਮਾਦੁ ਉਝੜ ਵਿਸਮਾਦੁ ਰਾਹ ॥

ਅਰਥ—ਕੁਰਾਹ ਵੀ ਅਸਚਰਜ ਤੇ ਰਾਹ ਵੀ ਅਸਚਰਜ ਹੈ।

## ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥

ਅਰਥ—ਨੇੜੇ ਵੀ ਅਸਚਰਜ ਤੇ ਦੂਰ ਵੀ ਅਸਚਰਜ ਹੈ।

## ਵਿਸਮਾਦੁ ਦੇਖੈ ਹਾਜਰਾ ਹਜੂਰਿ ॥

ਅਰਥ—ਸਾਹਮਣੇ ਤੇ ਪਾਸ ਦੇਖਣਾ ਵੀ ਅਸਚਰਜ ਹੈ।

## ਵੇਖਿ ਵਿਡਾਣੁ ਰਹਿਆ ਵਿਸਮਾਦੁ ॥

ਅਰਥ—ਜਿਸ ਨੇ ਅਸਚਰਜ ਨੂੰ ਵੇਖਿਆ ਉਹ ਤਾਂ ਅਸਚਰਜ ਰੂਪ ਹੀ ਹੋ ਰਿਹਾ ਹੈ।

## ਨਾਨਕ ਬੁਝਣੁ ਪੂਰੈ ਭਾਗਿ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ, ਪੂਰੇ ਭਾਗਾਂ ਵਾਲਾ ਇਹ ਗੱਲ ਬੁੱਝਦਾ ਹੈ ॥੧॥

ਮ: ੧ ॥

## ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥

ਅਰਥ—ਦਿੱਸਦਾ ਵੀ ਕੁਦਰਤਿ, ਸੁਣੀ ਦਾ ਵੀ ਕੁਦਰਤਿ ਅਤੇ ਸਰੇਸ਼ਟ ਸੁਖਾਂ ਦਾ ਭਉ ਕੁਦਰਤਿ ਹੈ।

**ਕੁਦਰਤਿ ਪਾਤਾਲੀ ਆਕਾਸੀ**
**ਕੁਦਰਤਿ ਸਰਬ ਆਕਾਰੁ ॥**

ਅਰਥ—ਪਤਾਲਾਂ ਅਕਾਸ਼ਾਂ ਵਿਚ ਵੀ ਕੁਦਰਤਿ ਤੇ ਸਾਰੇ ਸਰੀਰਾਂ ਵਿਚ ਵੀ ਕੁਦਰਤਿ ਹੈ ।

**ਕੁਦਰਤਿ ਵੇਦ ਪੁਰਾਣ ਕਤੇਬਾ**
**ਕੁਦਰਤਿ ਸਰਬ ਵੀਚਾਰੁ ॥**

ਅਰਥ—ਵੇਦ, ਪੁਰਾਣ ਤੇ ਕਤੇਬਾਂ ਵੀ ਕੁਦਰਤਿ ਤੇ ਸਭਨਾਂ ਦਾ ਵਿਚਾਰ ਵੀ ਕੁਦਰਤਿ ਹੈ ।

**ਕੁਦਰਤਿ ਖਾਣਾ ਪੀਣਾ ਪੈਨ੍ਣੁ**
**ਕੁਦਰਤਿ ਸਰਬ ਪਿਆਰੁ ॥**

ਅਰਥ—ਖਾਣਾ, ਪੀਣਾ ਤੇ ਪਹਿਨਣਾ ਵੀ ਕੁਦਰਤਿ ਤੇ ਸਾਰਿਆਂ ਨਾਲ ਪਿਆਰ ਕਰਨਾ ਵੀ ਕੁਦਰਤਿ ਹੈ ।

**ਕੁਦਰਤਿ ਜਾਤੀ ਜਿਨਸੀ ਰੰਗੀ**
**ਕੁਦਰਤਿ ਜੀਅ ਜਹਾਨ ॥**

ਅਰਥ—ਜਾਤੀਆਂ, ਜਿਣਸਾਂ ਤੇ ਰੰਗ ਵੀ ਕੁਦਰਤਿ ਤੇ ਜੀਵ ਜਹਾਨ ਵੀ ਕੁਦਰਤਿ ਹਨ ।

**ਕੁਦਰਤਿ ਨੇਕੀਆ ਕੁਦਰਤਿ ਬਦੀਆ**
**ਕੁਦਰਤਿ ਮਾਨੁ ਅਭਿਮਾਨੁ ॥**

ਅਰਥ—ਨੇਕੀਆਂ ਵੀ ਕੁਦਰਤਿ ਤੇ ਬਦੀਆਂ ਵੀ ਕੁਦਰਤ ਤੇ ਮਾਨ ਅਪਮਾਨ ਵੀ ਕੁਦਰਤਿ ਹੈ ।

## ਕੁਦਰਤਿ ਪਉਣੁ ਪਾਣੀ ਬੈਸੰਤਰੁ
## ਕੁਦਰਤਿ ਧਰਤੀ ਖਾਕੁ ॥

ਅਰਥ—ਪੌਣ, ਪਾਣੀ ਤੇ ਅੱਗ ਵੀ ਕੁਦਰਤਿ ਤੇ ਧੂੜੀ ਰੂਪ ਧਰਤੀ ਵੀ ਕੁਦਰਤਿ ਹੈ ।

## ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ
## ਪਾਕੀ ਨਾਈ ਪਾਕੁ ॥

ਅਰਥ—ਸਭ ਤੇਰੀ ਕੁਦਰਤਿ ਹੈ ਅਤੇ ਤੂੰ ਕਰਨ ਵਾਲਾ ਕਾਦਰ ਵੀ ਪਵਿਤਰ ਤੇ ਤੇਰੀ ਨਾਈ=ਵਡਿਆਈ ਵੀ ਪਵਿੱਤਰ ਹੈ ।

## ਨਾਨਕ ਹੁਕਮੈ ਅੰਦਰਿ ਵੇਖੈ
## ਵਰਤੈ ਤਾਕੋ ਤਾਕੁ ॥੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਸਭਨਾਂ ਅੰਦਰ ਹੁਕਮੈ=ਹੁਕਮ ਕਰਨ ਵਾਲਾ ਵਾਹਿਗੁਰੂ ਤਾਕੋ ਤਾਕ=ਇਕੋ ਇਕ ਵਰਤ ਰਿਹਾ ਦੇਖੀਦਾ ਹੈ ॥੨॥

ਪਉੜੀ ॥

## ਆਪੀਨੈ੍ ਭੋਗ ਭੋਗਿ ਕੈ
## ਹੋਇ ਭਸਮੜਿ ਭਉਰੁ ਸਿਧਾਇਆ ॥

ਅਰਥ—ਆਪਣੇ ਭੋਗਾਂ ਨੂੰ ਭੋਗ ਕੇ ਭਸਮੜਿ=ਮਾੜਾ ਸਰੀਰ ਤਾਂ

ਭਸਮ ਹੋਇਆ ਅਤੇ ਭੌਰਾ ਜੀਵਾਤਮਾ ਚਲਾ ਗਿਆ ਹੈ ।

**ਵਡਾ ਹੋਆ ਦੁਨੀਦਾਰੁ**
**ਗਲਿ ਸੰਗਲੁ ਘਤਿ ਚਲਾਇਆ ॥**

ਅਰਥ—ਜਿਹੜਾ ਵਡਾ ਦੁਨੀਆਂਦਾਰ ਹੋਇਆ ਹੋਇਆ ਸੀ, ਉਸ ਦੇ ਗਲ ਸੰਗਲ ਪਾ ਕੇ ਜਮਦੂਤਾਂ ਨੇ ਅਗੇ ਟੋਰਿਆ ਹੈ ।

**ਅਗੈ ਕਰਣੀ ਕੀਰਤਿ ਵਾਚੀਐ**
**ਬਹਿ ਲੇਖਾ ਕਰਿ ਸਮਝਾਇਆ ॥**

ਅਰਥ—ਅਗੇ ਤਾਂ ਕਰਣੀ ਦੀ ਕੀਰਤੀ ਵਾਚੀ ਜਾਂਦੀ ਹੈ, ਤੇ ਬਿਠਾ ਕੇ ਲੇਖਾ ਕਰ ਕੇ ਸਮਝਾਇਆ ਜਾਂਦਾ ਹੈ ।

**ਥਾਉ ਨ ਹੋਵੀ ਪਉਦੀਈ**
**ਹੁਣਿ ਸੁਣੀਐ ਕਿਆ ਰੂਆਇਆ ॥**

ਅਰਥ—ਪੈਂਦੀਆਂ ਨੂੰ ਥਾਉਂ ਨਹੀਂ ਹੋਣੀ ਅਤੇ ਜਮਦੂਤ ਆਖਣਗੇ ਹੁਣ ਰੂਆਇਆ=ਪੁਕਾਰਿਆ ਹੋਇਆ ਕਿਸੇ ਕੀਹ ਸੁਣਨਾ ਹੈ ।

**ਮਨਿ ਅੰਧੈ ਜਨਮੁ ਗਵਾਇਆ ॥੩॥**

ਅਰਥ—(ਕਿਉਂਕਿ ਹੇ) ਮਨ ਦੇ ਅੰਧੇ ! ਤੂੰ ਤਾਂ ਜਨਮ ਵਿਅਰਥ ਹੀ ਗਵਾਇਆ ਹੈ ॥੩॥

ਸਲੋਕ ਮ: ੧ ॥

**ਭੈ ਵਿਚਿ ਪਵਣੁ ਵਹੈ ਸਦਵਾਉ ॥**

ਅਰਥ—ਸਦਵਾਉ=ਸਦਾ ਹੀ ਵਗਣ ਵਾਲੀ ਪੌਣ ਭੈ ਵਿਚ ਵਗਦੀ

ਹੈ ।

**ਭੈ ਵਿਚਿ ਚਲਹਿ ਲਖ ਦਰੀਆਉ ॥**

ਅਰਥ—ਭੈ ਵਿਚ ਹੀ ਜਲ ਦੇ ਲੱਖਾਂ ਦਰੀਆਉ ਚਲਦੇ ਹਨ ।

**ਭੈ ਵਿਚਿ ਅਗਨਿ ਕਢੈ ਵੇਗਾਰਿ ॥**

ਅਰਥ—ਅੱਗ ਵੀ ਭੈ ਵਿਚ ਹੀ ਸਭਨਾਂ ਦੀ ਵੇਗਾਰਾਂ ਕਢਦੀ ਹੈ ।

**ਭੈ ਵਿਚਿ ਧਰਤੀ ਦਬੀ ਭਾਰਿ ॥**

ਅਰਥ—ਭੈ ਵਿਚ ਹੀ ਧਰਤੀ ਸਭਨਾਂ ਦੇ ਭਾਰ ਹੇਠਾਂ ਦੱਬੀ ਹੋਈ ਹੈ ।

**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥**

ਅਰਥ—ਇੰਦ=ਬੱਦਲ ਵੀ ਭੈ ਵਿਚ ਹੋ ਕੇ ਸਿਰ ਭਾਰ ਫਿਰਦਾ ਹੈ ।

**ਭੈ ਵਿਚਿ ਰਾਜਾ ਧਰਮ ਦੁਆਰੁ ॥**

ਅਰਥ—ਭੈ ਵਿਚ ਹੀ ਧਰਮਰਾਜਾ ਦਰਵਾਜ਼ੇ ਤੇ ਬੈਠਾ ਹੈ ।

**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥**

ਅਰਥ—ਸੂਰਜ ਵੀ ਭੈ ਵਿਚ ਤੇ ਚੰਦ ਵੀ ਭੈ ਵਿਚ ਹੈ ।

**ਕੋਹ ਕਰੋੜੀ ਚਲਤ ਨ ਅੰਤੁ ॥**

ਅਰਥ—ਕ੍ਰੋੜਾਂ ਕੋਹਾਂ ਵਿਚ ਚਲਦੇ ਹਨ ਪਰ ਅੰਤ ਨਹੀਂ ਆਉਂਦਾ ।

**ਭੈ ਵਿਚਿ ਸਿਧ ਬੁਧ ਸੁਰ ਨਾਥ ॥**

ਅਰਥ—ਸਿਧ, ਬੁਧੀਮਾਨ, ਦੇਵਤੇ, ਨਾਥ ਵੀ ਭੈ ਵਿਚ ਹਨ ।

**ਭੈ ਵਿਚਿ ਆਡਾਣੇ ਆਕਾਸ ॥**

ਅਰਥ—ਭੈ ਵਿਚ ਹੀ ਅਕਾਸ਼ ਆਡਾਣੇ=ਤਨਿਆ ਹੋਇਆ ਹੈ।

## ਭੈ ਵਿਚਿ ਜੋਧ ਮਹਾਬਲ ਸੂਰ ॥

ਅਰਥ—ਜੋਧੇ, ਮਹਾਬਲੀ ਤੇ ਸੂਰਮੇ ਵੀ ਭੈ ਵਿਚ ਹਨ।

## ਭੈ ਵਿਚਿ ਆਵਹਿ ਜਾਵਹਿ ਪੂਰ ॥

ਅਰਥ—ਪੂਰਾਂ ਦੇ ਪੂਰ ਹੀ ਭੈ ਵਿਚ ਆਉਂਦੇ ਜਾਂਦੇ ਹਨ।

## ਸਗਲਿਆ ਭਉ ਲਿਖਿਆ ਸਿਰਿ ਲੇਖੁ ॥

ਅਰਥ—ਸਾਰਿਆਂ ਦੇ ਸਿਰ ਤੇ ਭਉ ਦਾ ਲੇਖ ਲਿਖਿਆ ਹੋਇਆ ਹੈ।

## ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ, ਇਕ ਸੱਚਾ ਨਿਰੰਕਾਰ ਹੀ ਨਿਰਭਉ ਹੈ ॥੧॥

ਮ: ੧ ॥

## ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥

ਅਰਥ—ਸਤਿਗੁਰੂ ਜੀ ਆਖਦੇ ਹਨ, ਨਿਰੰਕਾਰ ਨਿਰਭਉ ਹੈ ਤੇ ਰਾਮ ਆਦਿਕ ਅਵਤਾਰ ਹੋਰ ਕਿੰਨੇ ਹੀ ਉਸ ਦੀ ਚਰਨ ਧੂੜ ਵਿਚ ਹਨ।

## ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥

ਅਰਥ—ਕਿੰਨੀਆਂ ਹੀ ਕੰਨ੍=ਕਾਨ੍ਹ ਕ੍ਰਿਸ਼ਨ ਦੀਆਂ ਕਹਾਣੀਆਂ ਤੇ ਕਿੰਨੇ ਹੀ ਵੇਦਾਂ ਦੇ ਵਿਚਾਰ ਹਨ।

**ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥**

ਅਰਥ—ਕਿੰਨੇ ਹੀ ਮੰਗਤੇ ਨੱਚਦੇ ਹਨ ਤੇ ਮੁੜ ਘਿੜ ਕੇ ਤਾਲ ਪੂਰਦੇ ਹਨ ।

**ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥**

ਅਰਥ—ਬਾਜਾਰੀ=ਰਾਸਧਾਰੀਏ ਬਜ਼ਾਰ ਵਿਚ ਆ ਕੇ ਬਾਜਾਰ=ਰਾਸ ਕਢਦੇ ਭਾਵ-ਸਾਂਗ ਬਣਾਂਦੇ ਹਨ ।

**ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥**

ਅਰਥ—ਰਾਜੇ ਰਾਣੀਆਂ ਦੇ ਰੂਪ ਧਾਰ ਕੇ ਗਾਉਂਦੇ ਆਲ ਪਤਾਲ= ਬਕਵਾਸ ਬੋਲਦੇ ਹਨ ।

**ਲਖ ਟਕਿਆ ਕੇ ਮੁੰਦੜੇ**
**ਲਖ ਟਕਿਆ ਕੇ ਹਾਰ ॥**

ਅਰਥ—ਮੁੰਦੜੇ=ਮੁੰਦਰੀਆਂ ਵੀ ਲੱਖਾਂ ਟਕਿਆਂ=ਰੁਪਇਆਂ ਦੀਆਂ ਅਤੇ ਲੱਖਾਂ ਰੁਪਇਆਂ ਦੇ ਹਾਰ ਪਾਉਂਦੇ ਹਨ ।

**ਜਿਤੁ ਤਨਿ ਪਾਈਅਹਿ ਨਾਨਕਾ**
**ਸੇ ਤਨ ਹੋਵਹਿ ਛਾਰ ॥**

ਅਰਥ—ਸਤਿਗੁਰੂ ਜੀ ਆਖਦੇ ਹਨ, ਜਿਸ ਸਰੀਰ ਉਤੇ ਗਹਿਣੇ ਪਾਈਦੇ ਹਨ, ਓਹ ਸਰੀਰ ਤਾਂ ਸਵਾਹ ਹੋ ਜਾਂਦੇ ਹਨ ।

**ਗਿਆਨੁ ਨ ਗਲੀਈ ਢੂਢੀਐ**
**ਕਥਨਾ ਕਰੜਾ ਸਾਰੁ ॥**

ਅਰਥ—ਗੱਲਾਂ ਕਰ ਕੇ ਗਿਆਨ ਨਹੀਂ ਢੂੰਢੀਦਾ (ਕਿਉਂਕਿ ਉਸ ਦਾ) ਕਥਨ ਕਰਨਾ ਵੀ ਸਾਰੁ-ਲੋਹੇ ਵਾਂਗੂੰ ਕਰੜਾ ਹੈ ।

## ਕਰਮਿ ਮਿਲੈ ਤਾ ਪਾਈਐ
## ਹੋਰ ਹਿਕਮਤਿ ਹੁਕਮੁ ਖੁਆਰੁ ॥੨॥

ਅਰਥ—ਕਰਮਾਂ ਕਰ ਕੇ ਮਿਲੇ ਤਾਂ ਪਾਈਦਾ ਹੈ, ਹੋਰ ਹਿਕਮਤ ਤੇ ਹੁਕਮ ਖਰਾਬ ਕਰਨ ਵਾਲੇ ਹਨ ॥੨॥

ਪਉੜੀ ॥

## ਨਦਰਿ ਕਰਹਿ ਜੇ ਆਪਣੀ
## ਤਾ ਨਦਰੀ ਸਤਿਗੁਰੁ ਪਾਇਆ ॥

ਅਰਥ—ਜੇਕਰ ਨਦਰੀ ਆਪਣੀ ਨਜ਼ਰ ਕਰੇ ਤਾਂ ਸਤਿਗੁਰੂ ਪਾਇਆ ਜਾਂਦਾ ਹੈ ।

## ਏਹੁ ਜੀਉ ਬਹੁਤੇ ਜਨਮ ਭਰੰਮਿਆ
## ਤਾ ਸਤਿਗੁਰਿ ਸਬਦੁ ਸੁਣਾਇਆ ॥

ਅਰਥ—ਇਹ ਜੀਵ ਬਹੁਤੇ ਜਨਮਾਂ ਵਿਚ ਭੌਂਦਾ ਹੈ, ਪਰ ਕ੍ਰਿਪਾ ਹੋਈ ਤਾਂ ਸਤਿਗੁਰਾਂ ਨੇ ਸੁਣਾਇਆ ਹੈ ।

## ਸਤਿਗੁਰ ਜੇਵਡੁ ਦਾਤਾ ਕੋ ਨਹੀ
## ਸਭਿ ਸੁਣਿਅਹੁ ਲੋਕ ਸਬਾਇਆ ॥

ਅਰਥ—ਸਤਿਗੁਰੂ ਜਿਡਾ ਵੱਡਾ ਦਾਤਾ ਹੋਰ ਕੋਈ ਨਹੀਂ ਤਾਂਤੇ ਹੇ ਸਾਰਿਓ ਲੋਕੋ ! ਤੁਸੀਂ ਸਭ ਸੁਣ ਲਵੋ ।

## ਸਤਿਗੁਰਿ ਮਿਲਿਐ ਸਚੁ ਪਾਇਆ

ਅਰਥ—ਜੋ ਸਤਿਗੁਰੂ ਨੂੰ ਮਿਲਿਆ ਹੈ ਉਸ ਨੇ ਸੱਚ ਨੂੰ ਪਾਇਆ ਹੈ ।

## ਜਿਨ੍ਹੀ ਵਿਚਹੁ ਆਪੁ ਗਵਾਇਆ ॥
## ਜਿਨਿ ਸਚੋ ਸਚੁ ਬੁਝਾਇਆ ॥੪॥

ਅਰਥ—ਜਿਸ ਨੇ ਹਿਰਦੇ ਵਿਚੋਂ ਹੰਕਾਰ ਗਵਾਇਆ ਹੈ ਅਤੇ ਜਿਸ ਨੇ ਸਚੋ ਸਚ ਸਮਝਾਇਆ ਹੈ ਉਹ ਸਤਿਗੁਰੂ ਹੈ ॥੪॥

ਸਲੋਕ ਮ: ੧ ॥

## ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥

ਅਰਥ—ਸਭੇ ਘੜੀਆਂ, ਗੋਪੀਆਂ ਤੇ ਪਹਰ ਗੋਪਾਲ=ਗੁਆਲੇ ਕੰਨ੍=ਕੀਤੇ ਹੋਏ ਹਨ ।

## ਗਹਣੇ ਪਉਣੁ ਪਾਣੀ ਬੈਸੰਤਰੁ
## ਚੰਦੁ ਸੂਰਜੁ ਅਵਤਾਰ ॥

ਅਰਥ—ਪੌਣ, ਪਾਣੀ ਤੇ ਅੱਗ ਗਹਿਣੇ ਹਨ ਅਤੇ ਚੰਦ ਤੇ ਸੂਰਜ (ਕ੍ਰਿਸ਼ਨ ਤੇ ਬਲਭਦ੍ਰ ਦਾ) ਅਵਤਾਰ ਹਨ ।

## ਸਗਲੀ ਧਰਤੀ ਮਾਲੁ ਧਨੁ
## ਵਰਤਣਿ ਸਰਬ ਜੰਜਾਲ ॥

ਅਰਥ—ਸਾਰੀ ਧਰਤੀ ਤੇ ਸਾਰੇ ਜੰਜਾਲਾਂ ਦੀ ਵਰਤਨ ਮਾਲ (ਪਸ਼ੂ ਡੰਗਰ) ਹਨ ।

## ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਗਿਆਨ ਤੋਂ ਬਿਨਾਂ ਦੁਨੀਆਂ ਠੱਗੀ ਜਾਂਦੀ ਹੈ ਤੇ ਇਸ ਨੂੰ ਨਾਸ ਕਰਨ ਵਾਲਾ ਜਮ ਖਾਇ ਗਇਆ ਹੈ ॥੧॥

ਮ: ੧ ॥

## ਵਾਇਨਿ ਚੇਲੇ ਨਚਨਿ ਗੁਰ ॥

ਅਰਥ—ਚੇਲੇ ਵਾਜੇ ਵਜਾਂਦੇ ਹਨ ਅਤੇ ਗੁਰੂ (ਕ੍ਰਿਸ਼ਨ ਆਦਿਕ) ਨੱਚਦੇ ਹਨ ।

## ਪੈਰ ਹਲਾਇਨਿ ਫੇਰਨਿ੍ ਸਿਰ ॥

ਅਰਥ—ਪੈਰ ਹਲਾਉਂਦੇ ਤੇ ਸਿਰ ਫੇਰਦੇ ਹਨ ।

## ਉਡਿ ਉਡਿ ਰਾਵਾ ਝਾਟੈ ਪਾਇ ॥

ਅਰਥ—ਅਤੇ ਰਾਵਾ=ਘਟਾ ਉਡ ਉਡ ਕੇ ਉਹਨਾਂ ਦੇ ਝਾਟੇ=ਸਿਰ ਵਿਚ ਪੈਂਦਾ ਹੈ ।

## ਵੇਖੈ ਲੋਕੁ ਹਸੈ ਘਰਿ ਜਾਇ ॥

ਅਰਥ—ਲੋਕ ਰਾਸ ਵੇਖਦੇ ਤੇ ਘਰ ਜਾ ਕੇ ਹੱਸਦੇ ਹਨ ।

## ਰੋਟੀਆ ਕਾਰਣਿ ਪੂਰਹਿ ਤਾਲ ॥

ਅਰਥ—ਰੋਟੀਆਂ ਦੇ ਵਾਸਤੇ ਤਾਲ ਪੂਰਦੇ=ਨੱਚਦੇ ਹਨ ।

## ਆਪੁ ਪਛਾੜਹਿ ਧਰਤੀ ਨਾਲਿ ॥

ਅਰਥ—ਅਤੇ ਆਪਣਾ ਸਰੀਰ ਧਰਤੀ ਨਾਲ ਪਛਾੜਦੇ ਭਾਵ—ਨਾਚ ਕਰਦੇ ਕਰਦੇ ਝੁਕ ਜਾਂਦੇ ਹਨ ।

## ਗਾਵਨਿ ਗੋਪੀਆ ਗਾਵਨਿ ਕਾਨ੍ ॥

ਅਰਥ—ਗੋਪੀਆਂ ਵੀ ਗਾਉਂਦੀਆਂ ਤੇ ਕ੍ਰਿਸ਼ਨ ਵੀ ਗਾਉਂਦਾ ਹੈ ।

## ਗਾਵਨਿ ਸੀਤਾ ਰਾਜੇ ਰਾਮ ॥

ਅਰਥ—ਰਾਜੇ ਰਾਮ ਦੀ ਸਾਂਗ ਤੇ ਸੀਤਾ ਦਾ ਸਾਂਗ ਧਾਰ ਕੇ ਵੀ ਗਾਉਂਦੇ ਹਨ ।

## ਨਿਰਭਉ ਨਿਰੰਕਾਰੁ ਸਚੁ ਨਾਮੁ ॥

ਅਰਥ—ਕੇਵਲ ਸਚੇ ਨਿਰੰਕਾਰ ਦਾ ਨਾਮ ਹੀ ਨਿਰਭਉ ਹੈ ।

## ਜਾ ਕਾ ਕੀਆ ਸਗਲ ਜਹਾਨੁ ॥

ਅਰਥ—ਜਿਸ ਦਾ ਕੀਤਾ ਹੋਇਆ ਸਾਰਾ ਜ਼ਹਾਨ ਹੈ ।

## ਸੇਵਕ ਸੇਵਹਿ ਕਰਮਿ ਚੜਾਉ ॥

ਅਰਥ—ਜਿਨ੍ਹਾਂ ਨੂੰ ਸ਼ੁਭ ਕਰਮਾਂ ਦਾ ਚੜ੍ਹਾਉ ਹੋਇਆ ਹੈ ਉਹ ਸੇਵਕ ਹੋ ਕੇ ਸੇਂਵਦਾ ਹੈ ।

## ਭਿੰਨੀ ਰੈਣਿ ਜਿਨ੍ਾ ਮਨਿ ਚਾਉ ॥

ਅਰਥ—ਜਿਨ੍ਹਾਂ ਦੇ ਮਨ ਵਿਚ ਉਤਸ਼ਾਹ ਹੈ, ਉਨ੍ਹਾਂ ਦੀ ਉਮਰਾ ਰੂਪੀ ਰਾਤ ਪ੍ਰੇਮ ਨਾਲ ਭਿੱਜੀ ਹੈ ।

## ਸਿਖੀ ਸਿਖਿਆ ਗੁਰ ਵੀਚਾਰਿ ॥

ਅਰਥ—ਗੁਰਾਂ ਦੀ ਸਿਖਿਆ ਦੀ ਵੀਚਾਰ ਜਿਸ ਨੇ ਸਿਖੀ ਹੈ ।

## ਨਦਰੀ ਕਰਮਿ ਲਘਾਏ ਪਾਰਿ ॥

ਅਰਥ—ਉਸ ਨੂੰ ਨਦਰੀ ਕ੍ਰਿਪਾ ਕਰਕੇ ਪਾਰ ਲੰਘਾਉਂਦਾ ਹੈ। ਬਾਕੀ ਰਿਹਾ ਨੱਚਣਾ ਉਹ ਇਸ ਤਰ੍ਹਾਂ ਹੈ ਕਿ—

## ਕੋਲੂ ਚਰਖਾ ਚਕੀ ਚਕੁ ॥

ਅਰਥ—ਕੋਹਲੂ, ਚਰਖਾ, ਚੱਕੀ ਤੇ ਘੁਮਿਆਰ ਦਾ ਚੱਕ।

## ਥਲ ਵਾਰੋਲੇ ਬਹੁਤੁ ਅਨੰਤੁ ॥

ਅਰਥ—ਮਾਰੂ ਥਲੇ, ਵਾਉ ਵਰੋਲੇ ਵੀ ਬਹੁਤ ਤੋਂ ਬਹੁਤੇ ਫਿਰਦੇ ਹਨ।

## ਲਾਟੂ ਮਾਧਾਣੀਆ ਅਨਗਾਹ ॥

ਅਰਥ—ਲਾਟੂ, ਮਧਾਣੀਆਂ ਤੇ ਅੰਨ ਤੇ ਗਾਹੁਣ ਵਾਲੇ ਬਲਦ ਅਤੇ ਫਲ੍ਹੇ।

## ਪੰਖੀ ਭਉਦੀਆ ਲੈਨਿ ਨ ਸਾਹ ॥

ਅਰਥ—ਪੰਛੀਆਂ ਦੀਆਂ ਡਾਰਾਂ ਭੌਂਦੀਆਂ ਹੋਈਆਂ ਸਾਹ ਵੀ ਨਹੀਂ ਲੈਂਦੀਆਂ ਹਨ।

## ਸੂਐ ਚਾੜਿ ਭਵਾਈਅਹਿ ਜੰਤ ॥

ਅਰਥ—ਸੂਲਾਂ ਉਤੇ ਚਾਹੜ ਕੇ (ਡੇਮੂ ਆਦਿਕ) ਜੰਤੂ ਭੁਆਏ ਜਾਂਦੇ ਹਨ।

## ਨਾਨਕ ਭਉਦਿਆ ਗਣਤ ਨ ਅੰਤ ॥

ਅਰਥ—ਸਤਿਗੁਰੂ ਜੀ ਆਖਦੇ ਹਨ, ਇਸ ਕਰ ਕੇ ਭੌਣ ਵਾਲਿਆਂ

ਦੀ ਗਿਣਤੀ ਦਾ ਅੰਤ ਨਹੀਂ ਆਉਂਦਾ ਹੈ ।

## ਬੰਧਨ ਬੰਧਿ ਭਵਾਏ ਸੋਇ ॥

ਅਰਥ—ਜੋ ਬੰਧਨਾਂ ਵਿਚ ਬੱਧੇ ਹੋਏ ਹਨ, ਓਹੀ ਭੁਆਏ ਜਾਂਦੇ ਹਨ।

## ਪਇਐ ਕਿਰਤਿ ਨਚੈ ਸਭੁ ਕੋਇ ॥

ਅਰਥ—ਸਭ ਕੋਈ ਕਰਮਾਂ ਦੀ ਕਿਰਤ ਅਨੁਸਾਰ ਪਏ ਨੱਚਦੇ ਹਨ।

## ਨਚਿ ਨਚਿ ਹਸਹਿ ਚਲਹਿ ਸੇ ਰੋਇ ॥

ਅਰਥ—ਜੋ ਨੱਚ ਨੱਚ ਕੇ ਹੱਸਦੇ ਹਨ, ਚਲਦੀ ਵਾਰੀ ਓਹੀ ਰੋਂਦੇ ਹਨ।

## ਉਡਿ ਨ ਜਾਹੀ ਸਿਧ ਨ ਹੋਹਿ ॥

ਅਰਥ—ਐਸੇ ਆਦਮੀ ਸਿਧੀਆਂ ਵਾਲੇ ਹੋ ਕੇ ਉੱਡ ਵੀ ਨਹੀਂ ਜਾਂਦੇ ਤੇ ਨਾ ਹੀ ਸਿਧ=ਮੁਕਤ ਹੁੰਦੇ ਹਨ ।

## ਨਚਣੁ ਕੁਦਣੁ ਮਨ ਕਾ ਚਾਉ ॥

ਅਰਥ—ਨੱਚਣਾ ਤੇ ਕੁਦਣਾ ਮਨ ਦਾ ਹੀ ਉਤਸ਼ਾਹ ਹੈ ।

## ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥

ਅਰਥ—ਸਤਿਗੁਰੂ ਜੀ ਆਖਦੇ ਹਨ, ਜਿਨ੍ਹਾਂ ਦੇ ਮਨ ਵਿਚ ਡਰ ਹੈ ਤਿਨ੍ਹਾਂ ਦੇ ਮਨ ਵਿਚ ਪ੍ਰੇਮ ਹੈ, ਨੱਚਣ ਕੁਦਣ ਵਾਲਿਆਂ ਵਿਚ ਪ੍ਰੇਮ ਨਹੀਂ ਹੈ ॥੨॥

ਪਉੜੀ ॥

## ਨਾਉ ਤੇਰਾ ਨਿਰੰਕਾਰੁ ਹੈ
## ਨਾਇ ਲਇਐ ਨਰਕਿ ਨ ਜਾਈਐ ॥

ਅਰਥ—ਹੇ ਭਾਈ! ਨਿਰੰਕਾਰ ਦਾ ਨਾਮ ਹੀ ਤੇਰਾ ਉਧਾਰ ਕਰਦਾ ਹੈ, ਕਿਉਂਕਿ ਨਾਮ ਲੈਣੇ ਕਰਕੇ ਨਰਕਾਂ ਵਿਚ ਨਹੀਂ ਜਾਈਦਾ ਹੈ।

## ਜੀਉ ਪਿੰਡੁ ਸਭੁ ਤਿਸ ਦਾ
## ਦੇ ਖਾਜੈ ਆਖਿ ਗਵਾਈਐ ॥

ਅਰਥ—ਜੀਵ ਤੇ ਸਰੀਰ ਆਦਿਕ ਸਭ ਉਸੇ ਦਾ ਹੈ, ਤਾਂਤੇ ਉਸੇ ਦੇ ਨਾਮ ਦਾ ਦੇ ਕੇ ਖਾਈਏ ਅਤੇ ਆਖਣਾ ਗਵਾ ਦੇਈਏ ਭਾਵ—ਇਹ ਨਾ ਆਖੀਏ ਕਿ ਮੈਂ ਦਾਨ ਦਿਤਾ ਹੈ।

## ਜੇ ਲੋੜਹਿ ਚੰਗਾ ਆਪਣਾ
## ਕਰਿ ਪੁੰਨਹੁ ਨੀਚੁ ਸਦਾਈਐ ॥

ਅਰਥ—ਜੇਕਰ ਤੂੰ ਆਪਣਾ ਭਲਾ ਲੋੜਦਾ ਹੈਂ ਤਾਂ ਪੁੰਨ ਕਰਕੇ ਨੀਚ ਸਦਾਉਣਾ ਕਰ।

## ਜੇ ਜਰਵਾਣਾ ਪਰਹਰੈ
## ਜਰੁ ਵੇਸ ਕਰੇਦੀ ਆਈਐ ॥

ਅਰਥ—ਜੇਕਰ ਜਰਵਾਣਾ=ਜ਼ੋਰ ਵਾਲੇ ਜਮ ਨੂੰ ਪਰੇ ਕਰਨਾ ਚਾਹੁੰਦਾ ਹੈ, ਤਾਂ ਨਾਮ ਜਪ ਕਿਉਂਕਿ ਦੇਹ 'ਜਰ ਵੇਸ' ਬੁਢੇਪੇ ਦਾ ਵੇਸ ਕਰਦੀ ਆਉਂਦੀ ਹੈ।

## ਕੋ ਰਹੈ ਨ ਭਰੀਐ ਪਾਈਐ ॥੫॥

ਅਰਥ—ਜਦ ਪਾਈ ਭਰੀਏ ਤਾਂ ਉਸ ਦੇ ਉਲਟਾਉਣੇ ਤੇ ਉਸ ਵਿਚ ਕੋਈ ਦਾਣਾ ਨਹੀਂ ਰਹਿੰਦਾ ਇਸੇ ਤਰ੍ਹਾਂ ਹੀ ਜਦ ਸਵਾਸ ਪੂਰੇ ਹੋ ਜਾਣ ਤਾਂ ਜੀਵ ਮਰ ਜਾਂਦਾ ਹੈ ॥੫॥

ਸਲੋਕ ਮਃ ੧ ॥

## ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥

ਅਰਥ—ਮੁਸਲਮਾਨ ਸਰੀਅਤਿ=ਸ਼ਰ੍ਹਾ ਦੀ ਕਿਤਾਬ ਪੜ੍ਹ ਕੇ ਸਿਫਤ ਕਰਦੇ ਅਤੇ ਸ਼ਰ੍ਹਾ ਦਾ ਵਿਚਾਰ ਕਰਦੇ ਹਨ ।

## ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

ਅਰਥ—ਪਰ ਬੰਦੇ ਉਹ ਹਨ, ਜਿਹੜੇ ਦੀਦਾਰ=ਦਰਸ਼ਨ ਨੂੰ ਦੇਖਣ ਲਈ ਬੰਦਗੀ ਭਗਤੀ ਕਰਨ ਵਿਚ ਪੈਂਦੇ ਹਨ ।

## ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥

ਅਰਥ—ਹਿੰਦੂ ਸਾਲਾਹੀ=ਸਾਲਾਹੁਣ ਵਾਲੇ ਹੋ ਕੇ ਦਰਸਨਿ=ਸ਼ਾਸਤ੍ਰਾਂ ਜਾਂ ਭੇਖਾਂ ਦੇ ਅਪਾਰ ਰੂਪ ਨੂੰ ਸਲਾਹੁੰਦੇ ਹਨ ।

## ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥

ਅਰਥ—ਅਤੇ ਤੀਰਥਾਂ ਵਿਚ ਨਹਾਉਂਦੇ ਅਤੇ ਅਰਚਾ=ਮੂਰਤਾਂ ਦੀ ਪੂਜਾ ਕਰਦੇ ਹੋਏ ਅਗਰ ਜਾਤੀ ਦੇ ਚੰਦਨ ਦੀ ਵਾਸ਼ਨਾ ਮਹਿਕਾਉਂਦੇ ਹਨ ।

## ਜੋਗੀ ਸੁੰਨਿ ਧਿਆਵਨਿ੍ ਜੇਤੇ

**ਅਲਖ ਨਾਮੁ ਕਰਤਾਰੁ ॥**

ਅਰਥ— ਜੋਗੀ ਸੁੰਨ=ਉਜਾੜਾਂ ਵਿਚ ਬੈਠੇ ਅਲਖ ਕਰਤਾਰ ਦੇ ਜਿੰਨੇ ਨਾਮ ਹਨ, ਉਹਨਾਂ ਨੂੰ ਧਿਆਉਂਦੇ ਹਨ ।

**ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥**

ਅਰਥ—ਜਿਸ ਦਾ ਨਾਮ ਨਿਰੰਜਨ ਹੈ, ਸੋਈ ਸੂਖਮ ਸ੍ਰੂਪ ਤੋਂ ਕਾਇਆ ਦਾ ਅਕਾਰ ਬਣਿਆ ਹੈ ।

**ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥**

ਅਰਥ—ਸਤਿ ਬੋਲਣ ਵਾਲਿਆਂ ਦੇ ਮਨ ਵਿਚ ਸੰਤੋਖ ਪੈਦਾ ਹੁੰਦਾ ਹੈ ਅਤੇ ਦਾਤੇ ਦਾਨ ਦੇਣ ਦਾ ਵਿਚਾਰ ਕਰਦੇ ਹਨ ।

**ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥**

ਅਰਥ—ਪਰ ਦਾਨ ਦੇ ਦੇ ਕੇ ਹਜ਼ਾਰ ਗੁਣਾਂ ਮੰਗਦੇ ਹਨ ਅਤੇ ਚਾਹੁੰਦੇ ਹਨ ਜੋ ਸੰਸਾਰ ਸਾਡੀ ਸੋਭਾ ਵੀ ਕਰੇ ।

**ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥**

ਅਰਥ—ਚੋਰ, ਯਾਰ ਅਤੇ ਝੂਠੇ ਵਿਕਾਰਾਂ ਵਿਚ ਲਗੇ ਖਰਾਬੀਆਂ ਕਰਦੇ ਹਨ ।

**ਇਕਿ ਹੋਦਾ ਖਾਇ ਚਲਹਿ ਐਥਾਊ**

## ਤਿਨਾ ਭਿ ਕਾਈ ਕਾਰ ॥

ਅਰਥ—ਜੋ ਪਿਛਲੇ ਜਨਮ ਦਾ ਇਕ ਅੱਧਾ ਫਲ ਹੁੰਦਾ ਹੈ ਉਹ ਤਾਂ ਇਥੇ ਹੀ ਖਾ ਕੇ ਜਾਂਦੇ ਹਨ ਤਾਂ ਤੇ ਅਗੇ ਜਾ ਕੇ ਉਹਨਾਂ ਨੂੰ ਕੋਈ ਵੀ ਕਾਰ ਮਿਲੇਗੀ ? ਅਰਥਾਤ ਨਹੀਂ ਮਿਲੇਗੀ ਤੇ ਨਰਕਾਂ ਵਿਚ ਦੁਖੀ ਹੋਵਣਗੇ।

## ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥

ਅਰਥ—ਜਲ ਥਲ ਦੇ ਜੀਵ ਅਤੇ ਇੰਦ ਯਮ ਬਰਨ ਆਦਿਕ ਪੁਰੀਆਂ ਦੇ ਆਕਾਰ ਅਤੇ ਚੌਦਾਂ ਲੋਕਾਂ ਦੇ ਆਕਾਰ ਜੋ ਹਨ ।

## ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥

ਅਰਥ—ਹੇ ਵਾਹਿਗੁਰੂ ! ਜੋ ਕੁਝ ਉਹ ਆਖਦੇ ਹਨ, ਸੋ ਤੂੰ ਹੀ ਜਾਣਦਾ ਹੈਂ ਅਤੇ ਤਿਨ੍ਹਾਂ ਦੀ ਰਖਿਆ ਵੀ ਤੇਰੀ ਸਮ੍ਹਾਲ ਵਿਚ ਹੈ, ਅਰਥਾਤ ਤੇਰੀ ਸਮ੍ਹਾਲ ਹੀ ਉਹਨਾਂ ਦੀ ਰਖਿਆ ਹੁੰਦੀ ਹੈ ।

## ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥

ਅਰਥ—ਸਤਿਗੁਰੂ ਜੀ ਆਖਦੇ ਹਨ, ਭਗਤਾਂ ਨੂੰ ਸਲਾਹੁਣ ਦੀ ਹੀ ਭੁੱਖ ਹੈ ਅਤੇ ਸੱਚ ਨਾਮ ਦਾ ਹੀ ਉਹਨਾਂ ਨੂੰ ਅਧਾਰ ਹੈ ।

## ਸਦਾ ਅਨੰਦਿ ਰਹਹਿ ਦਿਨੁ ਰਾਤੀ

**ਗੁਣਵੰਤਿਆ ਪਾ ਛਾਰੁ ॥੧॥**

ਅਰਥ—ਇਸ ਲਈ ਉਹਨਾਂ ਨੂੰ ਸਦਾ ਹੀ ਦਿਨ ਰਾਤ ਅਨੰਦ ਰਹਿੰਦਾ ਹੈ, ਤਾਂ ਤੇ ਮੈਂ ਉਹਨਾਂ ਗੁਣਾਂ ਵਾਲਿਆਂ ਦੇ ਚਰਨਾਂ ਦੀ ਧੂੜ ਹਾਂ ॥੧॥

ਮ: ੧ ॥

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥**

ਅਰਥ—ਮੁਸਲਮਾਨ ਦੀ ਕਬਰ ਦੀ ਮਿੱਟੀ ਘੁਮਿਆਰ ਦੇ ਪੇੜੇ ਪਈ ਅਰਥਾਤ ਘੁਮਿਆਰ ਨੇ ਕਬਰਾਂ ਦੀ ਮਿੱਟੀ ਲਿਆ ਕੇ ਗੋਈ ਅਤੇ ਪਿੰਨਾ ਬਣਾ ਕੇ ਚੱਕ ਉਤੇ ਧਰਿਆ ।

**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥**

ਅਰਥ—ਫਿਰ ਉਸ ਦੇ ਭਾਂਡੇ ਘੜ ਕੇ ਇੱਟਾਂ ਕੀਆਂ=ਬਣਾ ਕੇ ਆਵੀ ਤੇ ਚੜ੍ਹਾ ਕੇ ਅੱਗ ਲਾ ਦਿਤੀ ਤਾਂ ਸੜਦੀ ਹੋਈ ਪੁਕਾਰ=ਸੂੰ ਸੂੰ ਕਰਦੀ ਹੈ ।

**ਜਲਿ ਜਲਿ ਰੋਵੈ ਬਪੁੜੀ
ਝੜਿ ਝੜਿ ਪਵਹਿ ਅੰਗਿਆਰ ॥**

ਅਰਥ—ਵਿਚਾਰੀ ਕਬਰਾਂ ਦੀ ਮਿੱਟੀ ਸੜ ਸੜ ਕੇ ਰੋਂਦੀ ਹੈ, ਅਤੇ ਉਸ ਨਾਲੋਂ ਅੰਗਿਆਰ ਝੜ ਝੜ ਕੇ ਪੈਂਦੇ ਹਨ ।

**ਨਾਨਕ ਜਿਨਿ ਕਰਤੈ ਕਾਰਣੁ ਕੀਆ
ਸੋ ਜਾਣੈ ਕਰਤਾਰੁ ॥੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਕਰਤਾ ਪੁਰਖ ਨੇ ਕਾਰਣ=ਪ੍ਰਪੰਚ ਕੀਤਾ ਹੈ, ਉਹ ਕਰਤਾਰ ਹੀ ਜਾਣਦਾ ਹੈ ਜੋ ਕੌਣ ਨਰਕ

ਵਿਚ ਗਿਆ ਹੈ ਅਤੇ ਕੌਣ ਸਵਰਗ ਵਿਚ ਗਿਆ ਹੈ ॥੨॥

ਪਉੜੀ ॥

## ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥

ਅਰਥ—ਸਤਿਗੁਰੂ ਤੋਂ ਬਿਨਾਂ ਕਿਸੇ ਨੇ ਵਾਹਿਗੁਰੂ ਨੂੰ ਪਿਛੇ ਵੀ ਨਹੀਂ ਪਾਇਆ ਸੀ ਅਤੇ ਸਤਿਗੁਰੂ ਤੋਂ ਬਿਨਾਂ ਹੁਣ ਵੀ ਕਿਸੇ ਕਿਨੈ=ਨਹੀਂ ਪਾਇਆ ਹੈ ।

## ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥

ਅਰਥ—ਕਿਉਂਕਿ ਵਾਹਿਗੁਰੂ ਨੇ ਸਤਿਗੁਰੂ ਵਿਚ ਆਪਣਾ ਆਪ ਰਖਿਆ ਹੋਇਆ ਅਤੇ ਪ੍ਰਗਟ ਆਖ ਕੇ ਸੁਣਾਇਆ ਹੈ ।

## ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥

ਅਰਥ—ਜਿਸ ਨੇ ਸਤਿਗੁਰਾਂ ਨੂੰ ਮਿਲ ਕੇ ਹਿਰਦੇ ਵਿਚੋਂ ਮੋਹ ਚੁਕਾਇਆ ਹੈ, ਉਹ ਸਦਾ ਹੀ ਮੁਕਤ ਸ੍ਰੂਪ ਹੈ ।

## ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥

ਅਰਥ—ਇਹ ਉੱਤਮ ਵਿਚਾਰ ਉਸ ਨੂੰ ਮਿਲਿਆ ਹੈ, ਜਿਸ ਨੇ ਸੱਚੇ ਨਾਲ ਚਿਤ ਲਾਇਆ ਹੈ ।

## ਜਗਜੀਵਨੁ ਦਾਤਾ ਪਾਇਆ ॥੬॥

ਅਰਥ—ਅਤੇ ਉਸ ਨੇ ਜਗਤ ਦੇ ਜੀਵਨ ਰੂਪ ਦਾਤਾ ਨੂੰ ਪਾਇਆ ਹੈ ॥੬॥

ਸਲੋਕ ਮ: ੧ ॥

## ਹਉ ਵਿਚਿ ਆਇਆ ਹਉ ਵਿਚਿ ਗਇਆ ॥

ਅਰਥ—ਹੰਕਾਰ ਵਿਚ ਹੋਣ ਕਰਕੇ ਆਇਆ ਹੈ, ਹੰਕਾਰ ਵਿਚ ਹੋਣ ਕਰਕੇ ਗਿਆ ਹੈ ।

## ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥

ਅਰਥ—ਹੰਕਾਰ ਵਿਚ ਹੋਣ ਕਰਕੇ ਜੰਮਿਆ ਹੈ ਤੇ ਹੰਕਾਰ ਵਿਚ ਹੋਣ ਕਰਕੇ ਮੋਇਆ ਹੈ ।

## ਹਉ ਵਿਚਿ ਦਿਤਾ ਹਉ ਵਿਚਿ ਲਇਆ ॥

ਅਰਥ—ਹੰਕਾਰ ਵਿਚ ਹੋ ਕੇ ਦਿਤਾ ਹੈ, ਅਤੇ ਹੰਕਾਰ ਵਿਚ ਹੋ ਕੇ ਹੀ ਲਿਆ ਹੈ ।

## ਹਉ ਵਿਚਿ ਖਟਿਆ ਹਉ ਵਿਚਿ ਗਇਆ ॥

ਅਰਥ—ਹੰਕਾਰ ਵਿਚ ਹੋਣ ਕਰਕੇ ਖਟਿਆ ਹੈ ਤੇ ਹੰਕਾਰ ਵਿਚ ਹੋਣ ਕਰਕੇ ਹੀ ਨਾਸ ਹੋ ਗਿਆ ਹੈ ।

## ਹਉ ਵਿਚਿ ਸਚਿਆਰੁ ਕੂੜਿਆਰੁ ॥

ਅਰਥ—ਹੰਕਾਰ ਵਿਚ ਹੀ ਸੱਚਾ ਤੇ ਝੂਠਾ ਹੋਇਆ ।

## ਹਉ ਵਿਚਿ ਪਾਪ ਪੁੰਨ ਵੀਚਾਰੁ ॥

ਅਰਥ—ਹੰਕਾਰ ਵਿਚ ਹੋ ਕੇ ਹੀ ਪਾਪ ਪੁੰਨ ਦੀ ਵਿਚਾਰ ਕਰਦਾ ਹੈ।

**ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥**

ਅਰਥ—ਹੰਕਾਰ ਵਿਚ ਹੀ ਹੋਣ ਕਰਕੇ ਨਰਕਾਂ ਸੁਰਗਾਂ ਵਿਚ ਜੰਮਦਾ ਹੈ।

**ਹਉ ਵਿਚਿ ਹਸੈ ਹਉ ਵਿਚਿ ਰੋਵੈ ॥**

ਅਰਥ—ਹੰਕਾਰ ਵਿਚ ਹੀ ਹੱਸਦਾ ਤੇ ਹੰਕਾਰ ਵਿਚ ਹੀ ਰੋਂਦਾ ਹੈ।

**ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥**

ਅਰਥ—ਹੰਕਾਰ ਵਿਚ ਹੋਣ ਕਰ ਕੇ ਪਾਪਾਂ ਨਾਲ ਭਰੀਦਾ ਤੇ ਹੰਕਾਰ ਵਿਚ ਹੋ ਕੇ ਹੀ ਵਿਕਾਰਾਂ ਦੀ ਮੈਲ ਪੁੰਨਾਂ ਨਾਲ ਧੋਂਦਾ ਹੈ।

**ਹਉ ਵਿਚਿ ਜਾਤੀ ਜਿਨਸੀ ਖੋਵੈ ॥**

ਅਰਥ—ਹੰਕਾਰ ਵਿਚ ਜਾਤੀਆਂ ਤੇ ਜਿਨਸਾਂ ਨਾਸ ਕਰਦਾ ਹੈ।

**ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥**

ਅਰਥ—ਹੰਕਾਰ ਵਿਚ ਹੀ ਮੂਰਖ ਤੇ ਹੰਕਾਰ ਵਿਚ ਹੀ ਸਿਆਣਾ ਬਣ ਕੇ।

**ਮੋਖ ਮੁਕਤਿ ਕੀ ਸਾਰ ਨ ਜਾਣਾ ॥**

ਅਰਥ—ਕੈਵਲ ਮੁਕਤੀ ਦੀ ਸਾਰ ਨਹੀਂ ਜਾਣਦਾ।

**ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥**

ਅਰਥ—ਹੰਕਾਰ ਵਿਚ ਹੋਣ ਕਰਕੇ ਮਾਇਆ ਦਾ ਮੋਹ ਤੇ ਹੰਕਾਰ ਵਿਚ ਹੀ ਅਵਿਦਿਆ ਦਾ ਹਨੇਰਾ ਹੈ।

## ਹਉਮੈ ਕਰਿ ਕਰਿ ਜੰਤ ਉਪਾਇਆ ॥

ਅਰਥ—ਹਉਮੈ ਵਿਚ ਹੋਣ ਕਰਕੇ ਹੀ ਜੀਵਾਂ ਨੂੰ ਉਪਾਵਨਾ ਕਰਿਆ ਹਾਂ ।

## ਹਉਮੈ ਬੂਝੈ ਤਾ ਦਰੁ ਸੂਝੈ ॥

ਅਰਥ—ਜੇਕਰ ਹਉਮੈ ਬੁਝ ਜਾਵੇ ਤਾਂ ਅੰਦਰ ਹੀ ਵਾਹਿਗੁਰੂ ਸੁਝਦਾ ਹੈ ।

## ਗਿਆਨ ਵਿਹੂਣਾ ਕਥਿ ਕਥਿ ਲੂਝੈ ॥

ਅਰਥ—ਪਰ ਗਿਆਨ ਤੋਂ ਬਿਨਾਂ ਕਥਾ ਦਾ ਕਥਨਾ ਝਗੜਾ ਹੀ ਹੈ ।

## ਨਾਨਕ ਹੁਕਮੀ ਲਿਖੀਐ ਲੇਖੁ ॥

ਅਰਥ—ਸਤਿਗੁਰੂ ਜੀ ਆਖਦੇ ਹਨ, ਜੋ ਹੁਕਮੀ ਲੇਖ ਲਿਖਦਾ ਹੈ ।

## ਜੇਹਾ ਵੇਖਹਿ ਤੇਹਾ ਵੇਖੁ ॥੧॥

ਅਰਥ—ਹੇ ਜੀਵ ! ਜੇਹਾ ਤੂੰ ਕਿਸੇ ਨੂੰ ਵੇਖਦਾ ਹੈ, ਤੇਹਾ ਹੀ ਉਹ ਤੈਨੂੰ ਵੇਖਦਾ ਹੈ ਭਾਵ ਜੇ ਕਿਸੇ ਨੂੰ ਦੁਖ ਦੇਂਦਾ ਹੈ ਤਾਂ ਤੈਨੂੰ ਵੀ ਦੁਖ ਮਿਲੇਗਾ ॥੧॥

ਮਹਲਾ ੨ ॥

## ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥

ਅਰਥ—ਹਉਮੈ ਦੀ ਏਹਾ ਜਾਤਿ=ਉਤਪਤੀ ਹੈ ਜੋ ਹਉਮੈ ਦੇ ਕਰਮ ਕਮਾਉਣੇ ਹਨ ।

## ਹਉਮੈ ਏਈ ਬੰਧਨਾ
## ਫਿਰਿ ਫਿਰਿ ਜੋਨੀ ਪਾਹਿ ॥

ਅਰਥ—ਏਹੀ ਹਉਮੈ ਹੀ ਮੁੜ ਮੁੜ ਕੇ ਜੂਨਾਂ ਦੇ ਬੰਧਨਾਂ ਵਿਚ ਪਾਉਣ ਵਾਲੀ ਹੈ ।

**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥**

ਅਰਥ—ਹਉਮੈ ਕਿਥੋਂ ਪੈਦਾ ਹੁੰਦੀ ਹੈ ? ਅਤੇ ਕਿਸ ਸੰਜਮ ਕਰਕੇ ਇਹ ਜਾਂਦੀ ਹੈ ? ਇਸ ਤੁਕ ਦਾ ਅਰਥ ਪਹਿਲਾਂ ਕਰਨਾ ।

**ਹਉਮੈ ਏਹੋ ਹੁਕਮੁ ਹੈ**
**ਪਇਐ ਕਿਰਤਿ ਫਿਰਾਹਿ ॥**

ਅਰਥ—ਹਉਮੈ ਵਾਲੇ ਨੂੰ ਏਹੀ ਹੁਕਮ ਹੈ ਕਿ ਕਿਰਤ ਅਨੁਸਾਰ ਪਿਆ ਫਿਰ ।

**ਹਉਮੈ ਦੀਰਘ ਰੋਗੁ ਹੈ**
**ਦਾਰੂ ਭੀ ਇਸੁ ਮਾਹਿ ॥**

ਅਰਥ—ਹਉਮੈ ਹੀ ਵੱਡਾ ਰੋਗ ਹੈ ਅਤੇ ਇਸ ਦਾ ਦਾਰੂ ਵੀ ਇਸ ਹਉਮੈ ਵਿਚ ਹੈ ।

**ਕਿਰਪਾ ਕਰੇ ਜੇ ਆਪਣੀ**
**ਤਾ ਗੁਰ ਕਾ ਸਬਦੁ ਕਮਾਹਿ ॥**

ਅਰਥ—ਜੇਕਰ ਵਾਹਿਗੁਰੂ ਆਪਣੀ ਕ੍ਰਿਪਾ ਕਰੇ ਤਾਂ ਗੁਰਾਂ ਦਾ ਉਪਦੇਸ਼ ਜੀਵ ਕਮਾਵੇਗਾ ।

**ਨਾਨਕੁ ਕਹੈ ਸੁਣਹੁ ਜਨਹੁ**
**ਇਤੁ ਸੰਜਮਿ ਦੁਖ ਜਾਹਿ ॥੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਹੇ ਜਨੋ ! ਸੁਣੋ, ਇਸ ਸੰਜਮ ਕਰ ਕੇ ਹਉਮੈ ਦਾ ਦੁੱਖ ਜਾਂਦਾ ਹੈ ॥੨॥

ਪਉੜੀ ॥

## ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥

ਅਰਥ—ਜਿਨ੍ਹਾਂ ਸੰਤੋਖੀਆਂ ਨੇ ਗੁਰਾਂ ਦੀ ਸੇਵਾ ਕੀਤੀ ਹੈ, ਉਹਨਾਂ ਨੇ ਸੱਚੇ ਹੋ ਕੇ ਸੱਚੇ ਨੂੰ ਧਿਆਇਆ ਹੈ ।

## ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਅਰਥ—ਕਿਉਂਕਿ ਉਹਨਾਂ ਨੇ ਮੰਦੇ ਕੰਮਾਂ ਵਿਚ ਪੈਰ ਨਹੀਂ ਰਖਿਆ ਪੁੰਨ ਕਰ ਕੇ ਧਰਮ ਕਮਾਇਆ ਹੈ ।

## ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥

ਅਰਥ—ਉਹਨਾਂ ਨੇ ਦੁਨੀਆਂ ਦੇ ਬੰਧਨ ਤੋੜੇ ਹਨ ਅਤੇ ਅੰਨ ਪਾਣੀ ਵੀ ਥੋੜਾ ਖਾਧਾ ਹੈ ।

## ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥

ਅਰਥ—ਹੇ ਵਾਹਿਗੁਰੂ ! ਤੂੰ ਅਗਲਾ=ਬਹੁਤਾ ਹੀ ਬਖਸ਼ਣ ਵਾਲਾ ਹੈਂ ਅਤੇ ਸਦਾ ਹੀ ਸਵਾਇਆ ਚੜ੍ਹ ਕੇ ਦੇਂਦਾ ਹੈਂ ।

## ਵਡਿਆਈ ਵਡਾ ਪਾਇਆ ॥੭॥

ਅਰਥ—ਗੁਰੂ ਜੀ ਆਖਦੇ ਹਨ, ਵਡਿਆਈ ਕਰਨ ਕਰ ਕੇ ਹੀ ਵਡਿਆਇਆ ਜਾਂਦਾ ਹੈ ॥੭॥

ਸਲੋਕ ਮ: ੧ ॥

## ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥

ਅਰਥ—ਪੁਰਖਾਂ, ਦਰਖਤਾਂ, ਤੀਰਥਾਂ, ਘਾਟਾਂ ਅਤੇ ਬੱਦਲਾਂ ਤੇ ਖੇਤਾਂ ਵਿਚ ।

## ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥

ਅਰਥ—ਦੀਪਾਂ, ਲੋਕਾਂ, ਮੰਡਲਾਂ, ਖੰਡਾਂ ਤੇ ਬ੍ਰਹਮੰਡਾਂ ਵਿਚ ।

## ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥

ਅਰਥ—ਅੰਡਜ, ਜੇਰਜ, ਉਤਭੁਜ ਤੇ ਸੇਤਜ ਆਦਿਕ ਖਾਣੀਆਂ ਵਿਚ ।

## ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥

ਅਰਥ—ਸਤਿਗੁਰੂ ਜੀ ਆਖਦੇ ਹਨ, ਸਰਾਂ=ਸਮੁੰਦਰਾਂ ਤੇ ਮੇਰਾਂ=ਪਹਾੜਾਂ ਵਿਚ ਜੋ ਜੰਤਾਹ=ਜੀਵ ਰਹਿੰਦੇ ਹਨ ਇਹਨਾਂ ਦੀ ਮਰਿਆਦਾ ਓਹੀ ਜਾਣਦਾ ਹੈ ।

## ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥

ਅਰਥ—ਕਿਉਂਕਿ ਸਤਿਗੁਰੂ ਜੀ ਆਖਦੇ ਹਨ, ਜੀਵਾਂ ਨੂੰ ਪੈਦਾ ਕਰ ਕੇ ਸਭਨਾਂ ਨੂੰ ਓਹੀ ਯਾਦ ਕਰਦਾ ਹੈ ।

## ਜਿਨਿ ਕਰਤੈ ਕਰਣਾ ਕੀਆ
## ਚਿੰਤਾ ਭਿ ਕਰਣੀ ਤਾਹ ॥

ਅਰਥ—ਜਿਸ ਕਰਤੇ ਨੇ ਪ੍ਰਪੰਚ ਕੀਤਾ ਹੈ, ਚਿੰਤਾ ਵੀ ਉਸੇ ਨੂੰ ਕਰਨੀ ਬਣਦੀ ਹੈ ।

## ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥

ਅਰਥ—ਜਿਸ ਨੇ ਜਗਤ ਨੂੰ ਉਪਾਇਆ ਹੈ ਉਹ ਕਰਤਾ ਪੁਰਖ ਹੀ ਚਿੰਤਾ ਕਰਦਾ ਹੈ ।

## ਤਿਸੁ ਜੋਹਾਰੀ ਸੁਅਸਤਿ ਤਿਸੁ
## ਤਿਸੁ ਦੀਬਾਣੁ ਅਭਗੁ ॥

ਅਰਥ—ਉਸ ਨੂੰ ਜੋਹਾਰੀ=ਮੱਥਾ ਟੇਕੋ ਤੇ ਤਿਸੇ ਨੂੰ ਸੁਅਸਤਿ=ਕਲਿਆਣ ਕਰਤਾ ਜਾਣੋ ਕਿਉਂਕਿ ਉਸ ਦਾ ਦੀਬਾਣੁ=ਆਸਰਾ ਅਭਗੁ=ਨਾਸ ਤੋਂ ਰਹਿਤ ਹੈ ।

## ਨਾਨਕ ਸਚੇ ਨਾਮ ਬਿਨੁ
## ਕਿਆ ਟਿਕਾ ਕਿਆ ਤਗੁ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਸਚੇ ਦੇ ਨਾਮ ਤੋਂ ਬਿਨਾਂ ਟਿੱਕਾ ਵੀ ਕਿਸ ਕੰਮ ਤੇ ਤਗੁ=ਜੰਞੂ ਵੀ ਕੀ ਸਵਾਰਦਾ ਹੈ ? ਭਾਵ ਕੁਝ ਨਹੀਂ ਸਵਾਰਦਾ ॥੧॥

ਮ: ੧ ॥

## ਲਖ ਨੇਕੀਆ ਚੰਗਿਆਈਆ

**ਲਖ ਪੁੰਨਾ ਪਰਵਾਣੁ ॥**

ਅਰਥ—ਲੱਖਾਂ ਨੇ ਚੰਗਿਆਈਆਂ ਕੀਤੀਆਂ ਤੇ ਲੱਖਾਂ ਨੇ ਪੁੰਨਾਂ ਨੂੰ ਪ੍ਰਵਾਨ ਕੀਤਾ ਹੈ ।

**ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥**

ਅਰਥ—ਲੱਖਾਂ ਹੀ ਤੀਰਥਾਂ ਉਪਰ ਜਾ ਕੇ ਤਪ ਕਰਦੇ ਤੇ ਬੇਬਾਣ=ਉਜਾੜਾਂ ਵਿਚ ਸਹਜ ਜੋਗ ਕਰਦੇ ਹਨ ।

**ਲਖ ਸੂਰਤਣ ਸੰਗਰਾਮ**
**ਰਣ ਮਹਿ ਛੁਟਹਿ ਪਰਾਣ ॥**

ਅਰਥ—ਲੱਖਾਂ ਹੀ ਸੂਰਮਤਾਈ ਕਰਦੇ ਤੇ ਸੰਗਰਾਮ=ਲੜਾਈ ਕਰਦਿਆਂ ਹੀ ਰਣ ਵਿਚ ਉਹਨਾਂ ਦੇ ਪ੍ਰਾਣ ਛੁਟ ਗਏ ਹਨ ।

**ਲਖ ਸੁਰਤੀ ਲਖ ਗਿਆਨ ਧਿਆਨ**
**ਪੜੀਅਹਿ ਪਾਠ ਪੁਰਾਣ ॥**

ਅਰਥ—ਲੱਖਾਂ ਹੀ ਸੁਰਤੀ=ਵੇਦ ਤੇ ਪੁਰਾਣਾਂ ਦੇ ਪਾਠ ਪੜ੍ਹਦੇ ਹੋਏ ਗਿਆਨ ਕਰਦੇ ਤੇ ਲੱਖਾਂ ਹੀ ਧਿਆਨ ਲਾਉਂਦੇ ਹਨ ।

**ਜਿਨਿ ਕਰਤੈ ਕਰਣਾ ਕੀਆ**
**ਲਿਖਿਆ ਆਵਣ ਜਾਣੁ ॥**

ਅਰਥ—ਜਿਸ ਕਰਤੇ ਨੇ ਪ੍ਰਪੰਚ ਕੀਤਾ ਹੈ, ਉਸ ਨੇ ਸਭਨਾਂ ਦੇ ਸਿਰ ਤੇ ਆਉਣਾ ਜਾਣਾ ਲਿਖਿਆ ਹੈ ।

**ਨਾਨਕ ਮਤੀ ਮਿਥਿਆ**

## ਕਰਮੁ ਸਚਾ ਨੀਸਾਣੁ ॥੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਇਹ ਸਾਰੀਆਂ ਮਤਾਂ ਮਿਥਿਆ ਹਨ, ਕੇਵਲ ਭਗਤੀ ਰੂਪ ਸਚਾ ਕਰਮ ਵਾਹਿਗੁਰੂ ਨੂੰ ਪ੍ਰਗਟ ਕਰਨ ਵਾਲਾ ਹੈ ।

ਪਉੜੀ ॥

## ਸਚਾ ਸਾਹਿਬੁ ਏਕੁ ਤੂੰ
## ਜਿਨਿ ਸਚੋ ਸਚੁ ਵਰਤਾਇਆ ॥

ਅਰਥ—ਇਕ ਤੂੰ ਸੱਚਾ ਸਾਹਿਬ ਹੈਂ, ਜਿਸ ਸੱਚੇ ਨੇ ਸੱਚ ਹੀ ਵਰਤਾਇਆ ਹੈ ।

## ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ
## ਤਾ ਤਿਨ੍ਹੀ ਸਚੁ ਕਮਾਇਆ ॥

ਅਰਥ—ਜਿਸ ਨੂੰ ਤੂੰ ਦੇਂਦਾ ਹੈਂ, ਉਸ ਨੂੰ ਸੱਚ ਮਿਲਦਾ ਹੈ, ਤਦੇ ਉਸ ਨੇ ਸੱਚ ਨੂੰ ਕਮਾਇਆ ਹੈ ।

## ਸਤਿਗੁਰਿ ਮਿਲਿਐ ਸਚੁ ਪਾਇਆ
## ਜਿਨ੍ ਕੈ ਹਿਰਦੈ ਸਚੁ ਵਸਾਇਆ ॥

ਅਰਥ—ਸਤਿਗੁਰਾਂ ਨੂੰ ਮਿਲੀਏ ਤਾਂ ਸਚੁ ਸ੍ਵਰੂਪ ਪਾਇਆ ਜਾਂਦਾ ਹੈ । ਪਰ ਜਿਸ ਦੇ ਹਿਰਦੇ ਵਿਚ ਸੱਚ ਨੇ ਆਪਣਾ ਪ੍ਰੇਮ ਵਸਾਇਆ ਹੈ ਓਹੀ ਸਤਿਗੁਰਾਂ ਨੂੰ ਮਿਲਦਾ ਹੈ ।

## ਮੂਰਖ ਸਚੁ ਨ ਜਾਣਨੀ

## ਮਨਮੁਖੀ ਜਨਮੁ ਗਵਾਇਆ ॥

ਅਰਥ—ਮੂਰਖ ਸੱਚ ਨੂੰ ਨਹੀਂ ਜਾਣਦਾ ਹੈ ਤੇ ਉਸ ਮਨਮੁਖ ਨੇ ਜਨਮ ਹੀ ਵਿਅਰਥ ਗਵਾਇਆ ਹੈ ।

## ਵਿਚਿ ਦੁਨੀਆ ਕਾਹੇ ਆਇਆ ॥੮॥

ਅਰਥ—ਤਾਂ ਤੇ ਉਹ ਦੁਨੀਆਂ ਵਿਚ ਕਿਉਂ ਆਇਆ ਹੈ ॥੮॥

ਸਲੋਕੁ ਮ: ੧ ॥

## ਪੜਿ ਪੜਿ ਗਡੀ ਲਦੀਅਹਿ
## ਪੜਿ ਪੜਿ ਭਰੀਅਹਿ ਸਾਥ ॥

ਅਰਥ—ਪੁਸਤਕਾਂ ਨੂੰ ਪੜ੍ਹ ਪੜ੍ਹ ਕੇ ਗੱਡੀਆਂ ਲੱਦ ਲਈਏ ਤੇ ਪੜ੍ਹੇ ਹੋਏ ਪੁਸਤਕਾਂ ਤੇ ਹੋਰ ਪੜ੍ਹਨ ਲਈ ਪੁਸਤਕਾਂ ਦੇ ਸਾਥ=ਊਠਾਂ ਦੇ ਕਚਾਵੇ ਭਰ ਲਈਏ ।

## ਪੜਿ ਪੜਿ ਬੇੜੀ ਪਾਈਐ
## ਪੜਿ ਪੜਿ ਗਡੀਅਹਿ ਖਾਤ ॥

ਅਰਥ—ਪੜ੍ਹ ਪੜ੍ਹ ਕੇ ਪੁਸਤਕਾਂ ਨੂੰ ਬੇੜੀ=ਸੰਦੂਕਾਂ ਵਿਚ ਪਾਈਏ ਅਤੇ ਜਿਹੜੇ ਪੁਰਾਣੇ ਹੋ ਜਾਣ ਉਹ ਪੜ੍ਹ ਪੜ੍ਹਾ ਕੇ ਖਾਤੇ ਵਿਚ ਦੱਬ ਦੇਈਏ ।

## ਪੜੀਅਹਿ ਜੇਤੇ ਬਰਸ ਬਰਸ
## ਪੜੀਅਹਿ ਜੇਤੇ ਮਾਸ ॥

ਅਰਥ—ਉਮਰਾਂ ਦੇ ਜਿੰਨੇ ਵਰ੍ਹੇ ਹਨ, ਉਹ ਵੀ ਪੜ੍ਹੀਏ ਅਤੇ ਵਰ੍ਹੇ

ਦੇ ਜਿੰਨੇ ਮਹੀਨੇ ਹਨ ਸੋ ਵੀ ਪੜ੍ਹਦੇ ਰਹੀਏ ।

**ਪੜੀਐ ਜੇਤੀ ਆਰਜਾ**
**ਪੜੀਅਹਿ ਜੇਤੇ ਸਾਸ ॥**

ਅਰਥ—ਸਿਧਾਂਤ ਕੀ, ਜਿੰਨੀ ਉਮਰਾ ਹੈ, ਉਹ ਸਭ ਪੜ੍ਹਦੇ ਰਹੀਏ ਤੇ ਜਿੰਨੇ ਸਵਾਸ ਹਨ ਉਹ ਵੀ ਪੜ੍ਹਦੇ ਰਹੀਏ ।

**ਨਾਨਕ ਲੇਖੈ ਇਕ ਗਲ**
**ਹੋਰੁ ਹਉਮੈ ਝਖਣਾ ਝਾਖ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਹਿਸਾਬ ਵਿਚੋਂ ਇਕੋ ਗੱਲ ਭਾਵ ਨਾਮ ਜਪਣ ਹੀ ਆਉਣੀ ਹੈ, ਹੋਰ ਤਾਂ ਹਉਮੈ ਦੀਆਂ ਝੱਖਾਂ ਹੀ ਮਾਰਨੀਆਂ ਹਨ ॥੧॥

ਮ: ੧ ॥

**ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥**

ਅਰਥ—ਜਿੰਨਾਂ ਲਿਖ ਲਿਖ ਕੇ ਪੜ੍ਹਿਆ ਹੈ ਉਨਾਂ ਹੀ ਝੁਰਦਾ ਹੈ ।

**ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥**

ਅਰਥ—ਜਿੰਨਾਂ ਹੀ ਬਹੁਤੇ ਤੀਰਥਾਂ ਤੇ ਭਵਿਆ ਹੈ, ਉਤਨਾ ਹੀ ਕਾਂ ਵਾਂਗੂੰ ਲੌਂਦਾ ਹੈ ।

**ਬਹੁ ਭੇਖ ਕੀਆ ॥ ਦੇਹੀ ਦੁਖੁ ਦੀਆ ॥**

ਅਰਥ—ਜਿਸ ਨੇ ਬਹੁਤ ਭੇਖ ਕੀਤੇ ਹਨ, ਉਸ ਨੇ ਦੇਹੀ ਨੂੰ ਦੁਖ

ਦਿਤਾ ਹੈ ।

**ਸਹੁ ਵੇ ਜੀਆ ਅਪਣਾ ਕੀਆ ॥**

ਅਰਥ—ਤਾਂਤੇ ਹੇ ਜੀਵਾ ! ਆਪਣਾ ਕੀਤਾ ਸਹਾਰ ।

**ਅੰਨੁ ਨ ਖਾਇਆ ਸਾਦੁ ਗਵਾਇਆ ॥**

ਅਰਥ—ਜਿਸ ਨੇ ਅੰਨ ਨਹੀਂ ਖਾਇਆ, ਉਸ ਨੇ ਸਵਾਦ ਗਵਾਇਆ ਹੈ ।

**ਬਹੁ ਦੁਖੁ ਪਾਇਆ ਦੂਜਾ ਭਾਇਆ ॥**

ਅਰਥ—ਉਸ ਨੇ ਬਹੁਤਾ ਦੁਖ ਪਾਇਆ ਹੈ, ਕਿਉਂਕਿ ਉਸ ਨੂੰ ਦਵੈਤ ਭਾਵ ਚੰਗਾ ਲਗਾ ਹੈ ।

**ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥**

ਅਰਥ—ਜਿਸ ਨੇ ਕਪੜੇ ਨਹੀਂ ਪਾਏ ਉਹ ਦਿਨ ਰਾਤ ਦੁਖ ਪਾਉਂਦਾ ਹੈ ।

**ਮੋਨਿ ਵਿਗੂਤਾ ॥**
**ਕਿਉ ਜਾਗੈ ਗੁਰ ਬਿਨੁ ਸੂਤਾ ॥**

ਅਰਥ—ਜੋ ਮੋਨ ਬਣ ਕੇ ਖਰਾਬ ਹੋਇਆ ਹੈ ਉਹ ਗੁਰੂ ਤੋਂ ਬਿਨਾਂ ਅਵਿਦਿਆ ਦੀ ਨੀਂਦ ਵਿਚ ਸੁਤਾ ਹੋਇਆ ਕਿਸ ਤਰ੍ਹਾਂ ਜਾਗੇਗਾ ।

**ਪਗ ਉਪੇਤਾਣਾ ॥**
**ਅਪਣਾ ਕੀਆ ਕਮਾਣਾ ॥**

ਅਰਥ—ਜੋ ਪੈਰਾਂ ਤੋਂ ਉਪੇਤਾਣਾ=ਨੰਗਾ ਰਹਿੰਦਾ ਹੈ, ਉਸ ਨੇ ਆਪਣੇ

ਕਮਾਏ ਦਾ ਕਮਾਣਾ=ਫਲ ਧਾਰਨ ਕੀਤਾ ਹੈ ।

**ਅਲੁ ਮਲੁ ਖਾਈ ਸਿਰਿ ਛਾਈ ਪਾਈ ॥**

ਅਰਥ—ਜਿਸ ਨੇ ਵਾਮ ਮਾਰਗੀ ਹੋ ਕੇ ਅਲੁ ਮਲੁ=ਮਲ ਮੂਤਰ ਖਾਧਾ ਪੀਤਾ ਹੈ ਅਤੇ ਅਘੋਰੀ ਹੋ ਕੇ ਸਿਰ ਤੇ ਸਵਾਹ ਪਾ ਲਈ ਹੈ ।

**ਮੂਰਖਿ ਅੰਧੈ ਪਤਿ ਗਵਾਈ ॥**

ਅਰਥ—ਉਸ ਮੂਰਖ ਅੰਨ੍ਹੇ ਨੇਂ ਆਪਣੀ ਇਜ਼ਤ ਗਵਾ ਲਈ ਹੈ।

**ਵਿਣੁ ਨਾਵੈ ਕਿਛੁ ਥਾਇ ਨ ਪਾਈ ॥**

ਅਰਥ—ਕਿਉਂਕਿ ਨਾਮ ਤੋਂ ਬਿਨਾਂ ਕੁਝ ਕਬੂਲ ਨਹੀਂ ਪੈਂਦਾ ਹੈ ।

**ਰਹੈ ਬੇਬਾਣੀ ਮੜੀ ਮਸਾਣੀ ॥**

ਅਰਥ—ਅਤੇ ਜੋ ਮੜੀ ਮਸਾਣੀ ਤੇ ਉਜਾੜ ਵਿਚ ਰਹਿੰਦਾ ਹੈ।

**ਅੰਧੁ ਨ ਜਾਣੈ ਫਿਰਿ ਪਛੁਤਾਣੀ ॥**

ਅਰਥ—ਉਹ ਅੰਨ੍ਹਾ ਵਾਹਿਗੁਰੂ ਨੂੰ ਮਿਲਣ ਦਾ ਰਾਹ ਨਹੀਂ ਜਾਣਦਾ ਤੇ ਫਿਰ ਮਗਰੋਂ ਪਛਤਾਵੇਗਾ ।

**ਸਤਿਗੁਰੁ ਭੇਟੇ ਸੋ ਸੁਖੁ ਪਾਏ ॥**

ਅਰਥ—ਜੋ ਸਤਿਗੁਰੂ ਨੂੰ ਮਿਲੇਗਾ ਉਹ ਸੁਖ ਪਾਏਗਾ ।

**ਹਰਿ ਕਾ ਨਾਮੁ ਮੰਨਿ ਵਸਾਏ ॥**

ਅਰਥ—ਕਿਉਂਕਿ ਉਸ ਹਰੀ ਦਾ ਨਾਮ ਮਨ ਵਿਚ ਵਸਾਉਂਦਾ ਹੈ।

**ਨਾਨਕ ਨਦਰਿ ਕਰੇ ਸੋ ਪਾਏ ॥**

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਉਤੇ ਵਾਹਿਗੁਰੂ ਮਿਹਰ ਦੀ ਨਜ਼ਰ ਕਰੇ ਓਹੀ ਗੁਰਾਂ ਕੋਲੋਂ ਹਰਿ ਹਰਿ ਨਾਮ ਪਾਏਗਾ।

## ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥

ਅਰਥ—ਅਤੇ ਆਸਾ ਅੰਦੇਸੇ ਵਲੋਂ ਸੁੱਧ ਹੋ ਕੇ ਗੁਰਾਂ ਦੇ ਉਪਦੇਸ਼ ਨਾਲ ਹਉਮੈ ਸਾੜ ਦੇਵੇਗਾ ॥੨॥

ਪਉੜੀ ॥

## ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥

ਅਰਥ—ਹੇ ਵਾਹਿਗੁਰੂ ! ਭਗਤ ਤੇਰੇ ਮਨ ਵਿਚ ਭਾਉਂਦੇ ਹਨ, ਪਰ ਜੋ ਸਤਿ ਸੰਗਤ ਅੰਦਰ ਕੀਰਤਨ ਗਾਉਣ ਵਿਚ ਸ਼ੋਭਦੇ ਹਨ, ਉਹ ਭਗਤ ਹਨ।

## ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ ॥

ਅਰਥ—ਸਤਿਗੁਰੂ ਜੀ ਆਖਦੇ ਹਨ—ਜੋ ਭਾਗਾਂ ਤੋਂ ਬਿਨਾਂ ਹਨ ਉਹ ਸਤਿਸੰਗ ਅੰਦਰ ਢੋਈ ਨਹੀਂ ਲੈਂਦੇ ਅਤੇ ਵਿਕਾਰਾਂ ਵਲ ਦੌੜਦੇ ਹਨ।

## ਇਕਿ ਮੂਲੁ ਨ ਬੁਝਨਿ੍ ਆਪਣਾ ਅਣਹੋਦਾ ਆਪੁ ਗਣਾਇਦੇ ॥

ਅਰਥ—ਇਕ ਮਨਮੁਖ ਆਪਣੇ ਮੂਲ ਨੂੰ ਨਹੀਂ ਬੁੱਝਦੇ, ਤੇ ਅਣਹੁੰਦਾ ਹੀ ਆਪਣਾ ਆਪ ਗਿਣਾਉਂਦੇ ਹਨ ।

## ਹਉ ਢਾਢੀ ਕਾ ਨੀਚ ਜਾਤਿ
## ਹੋਰਿ ਉਤਮ ਜਾਤਿ ਸਦਾਇਦੇ ॥

ਅਰਥ—ਮੈਂ ਨੀਚ ਜ਼ਾਤ ਦਾ ਢਾਢੀ ਹਾਂ ਅਤੇ ਹੋਰ ਸਾਰੇ ਆਪਣੀ ਉੱਤਮ ਜਾਤ ਸਦਾਉਂਦੇ ਹਨ ।

## ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥

ਅਰਥ—ਜੋ ਤੈਨੂੰ ਭਾਉਂਦੇ ਹਨ, ਮੈਂ ਉਹਨਾਂ ਦੀ ਸ਼ਰਣ ਮੰਗਦਾ ਹਾਂ ॥੯॥

ਸਲੋਕੁ ਮ: ੧ ॥

## ਕੂੜੁ ਰਾਜਾ ਕੂੜੁ ਪਰਜਾ
## ਕੂੜੁ ਸਭੁ ਸੰਸਾਰੁ ॥

ਅਰਥ—ਰਾਜਾ ਵੀ ਝੂਠਾ, ਪਰਜਾ ਵੀ ਝੂਠੀ ਤੇ ਸਾਰਾ ਸੰਸਾਰ ਵੀ ਝੂਠਾ ਹੈ ।

## ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥

ਅਰਥ—ਮੰਡਪ ਵੀ ਝੂਠਾ, ਮਾੜੀ ਵੀ ਝੂਠੀ ਤੇ ਬਹਿਣ ਵਾਲਾ ਵੀ ਝੂਠਾ ਹੈ ।

## ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ ॥

ਅਰਥ—ਸੋਨਾ ਵੀ ਝੂਠਾ, ਚਾਂਦੀ ਵੀ ਝੂਠੀ ਤੇ ਪਾਵਣ ਵਾਲਾ ਵੀ

ਝੂਠਾ ਹੈ ।

**ਕੂੜੁ ਕਾਇਆ ਕੂੜੁ ਕਪੜੁ**
**ਕੂੜੁ ਰੂਪੁ ਅਪਾਰੁ ॥**

ਅਰਥ—ਦੇਹ ਵੀ ਝੂਠੀ ਕਪੜੇ ਵੀ ਝੂਠੇ ਤੇ ਸੁੰਦਰ ਰੂਪ ਵੀ ਝੂਠਾ ਹੈ ।

**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥**

ਅਰਥ—ਮੀਆਂ ਵੀ ਝੂਠਾ, ਬੀਬੀ ਵੀ ਝੂਠੀ ਹੈ, ਜੋ ਖਪ ਕੇ ਨਾਸ ਹੋਏ ਹਨ ।

**ਕੂੜਿ ਕੂੜੈ ਨੇਹੁ ਲਗਾ**
**ਵਿਸਰਿਆ ਕਰਤਾਰੁ ॥**

ਅਰਥ—ਝੂਠੇ ਦਾ ਝੂਠ ਨਾਲ ਨੇਂਹੁ ਲਗਾ ਹੈ ਅਤੇ ਕਰਤਾਰ ਵਿਸਰ ਗਿਆ ਹੈ ।

**ਕਿਸੁ ਨਾਲਿ ਕੀਚੈ ਦੋਸਤੀ**
**ਸਭੁ ਜਗੁ ਚਲਣਹਾਰੁ ॥**

ਅਰਥ—ਜਦ ਸਾਰਾ ਜਗਤ ਹੀ ਚਲੇ ਜਾਣ ਵਾਲਾ ਹੈ ਤਾਂ ਦੋਸਤੀ ਕਿਸ ਨਾਲ ਕਰੀਏ ।

**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥**

ਅਰਥ—ਮਿਠਾ ਤੇਲੀਆ ਵੀ ਝੂਠਾ ਤੇ ਸ਼ਹਿਦ ਵੀ ਝੂਠਾ ਹੈ, ਅਤੇ ਇਸ ਝੂਠ ਨੇ ਹੀ ਪੂਰਾਂ ਦੇ ਪੂਰ ਡੋਬੇ ਹਨ ।

**ਨਾਨਕੁ ਵਖਾਣੈ ਬੇਨਤੀ**
**ਤੁਧੁ ਬਾਝੁ ਕੂੜੋ ਕੂੜੁ ॥੧॥**

ਅਰਥ—ਸਤਿਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਵਾਹਿਗੁਰੂ ! ਤੈਥੋਂ ਬਿਨਾਂ ਸਭ ਝੂਠ ਹੀ ਝੂਠ ਹੈ ॥੧॥

ਮ: ੧ ॥

**ਸਚੁ ਤਾ ਪਰੁ ਜਾਣੀਐ**
**ਜਾ ਰਿਦੈ ਸਚਾ ਹੋਇ ॥**

ਅਰਥ—ਜਾਂ ਰਿਦੇ ਦੇ ਸੱਚੇ ਹੋਵੀਏ ਤਾਂ ਪਰ=ਭਲੀ ਤਰ੍ਹਾਂ ਸੱਚ ਜਾਣੀਏ।

**ਕੂੜ ਕੀ ਮਲੁ ਉਤਰੈ**
**ਤਨੁ ਕਰੇ ਹਛਾ ਧੋਇ ॥**

ਅਰਥ—ਸਰੀਰ ਨੂੰ ਨਾਮ ਨਾਲ ਧੋ ਕੇ ਹੱਛਾ ਕਰੀਏ ਤਾਂ ਝੂਠ ਦੀ ਮੈਲ ਉਤਰੇਗੀ ।

**ਸਚੁ ਤਾ ਪਰੁ ਜਾਣੀਐ**
**ਜਾ ਸਚਿ ਧਰੇ ਪਿਆਰੁ ॥**

ਅਰਥ—ਜਦ ਸੱਚ ਨਾਲ ਪਿਆਰ ਧਰੀਏ ਤਾਂ ਭਲੀ ਪ੍ਰਕਾਰ ਸੱਚ ਨੂੰ ਜਾਣੀਏ ।

**ਨਾਉ ਸੁਣਿ ਮਨੁ ਰਹਸੀਐ**
**ਤਾ ਪਾਏ ਮੋਖ ਦੁਆਰੁ ॥**

ਅਰਥ—ਨਾਮ ਸੁਣ ਕੇ ਮਨ ਅਨੰਦ ਹੋਵੇ ਤਾਂ ਮੁਕਤੀ ਦਾ ਦਰਵਾਜ਼ਾ ਗਿਆਨ ਪਾਈਦਾ ਹੈ ।

**ਸਚੁ ਤਾ ਪਰੁ ਜਾਣੀਐ**
**ਜਾ ਜੁਗਤਿ ਜਾਣੈ ਜੀਉ ॥**

ਅਰਥ—ਜੇਕਰ ਜੀਵ ਵਾਹਿਗੁਰੂ ਵਿਚ ਜੁੜਨ ਦੀ ਜੁਗਤੀ ਜਾਣੇ ਤਾਂ ਭਲੀ ਪ੍ਰਕਾਰ ਸੱਚਾ ਜਾਣੀਦਾ ਹੈ ।

**ਧਰਤਿ ਕਾਇਆ ਸਾਧਿ ਕੈ**
**ਵਿਚਿ ਦੇਇ ਕਰਤਾ ਬੀਉ ॥**

ਅਰਥ—ਕਾਇਆ=ਬੁੱਧੀ ਰੂਪ ਧਰਤੀ ਨੂੰ ਸਾਧ ਕੇ ਕਰਤੇ ਦਾ ਨਾਮ ਰੂਪ ਬੀਜ ਵਿਚ ਬੀਜ ਦੇਈਏ ।

**ਸਚੁ ਤਾ ਪਰੁ ਜਾਣੀਐ**
**ਜਾ ਸਿਖ ਸਚੀ ਲੇਇ ॥**

ਅਰਥ—ਜਦ ਸੱਚੀ ਸਿਖਿਆ ਲਵੇ ਤਾਂ ਭਲੀ ਤਰ੍ਹਾਂ ਸੱਚਾ ਜਾਣਦਾ ਹੈ ।

**ਦਇਆ ਜਾਣੈ ਜੀਅ ਕੀ**
**ਕਿਛੁ ਪੁੰਨੁ ਦਾਨੁ ਕਰੇਇ ॥**

ਅਰਥ—ਜੀਵ ਦੀ ਰਖਿਆ ਕਰਨ ਵਾਲੀ ਦਇਆ ਜਾਣੇ ਅਤੇ ਕੁਝ ਪੁੰਨ ਦਾਨ ਕਰੇ ।

**ਸਚੁ ਤਾਂ ਪਰੁ ਜਾਣੀਐ**
**ਜਾ ਆਤਮ ਤੀਰਥਿ ਕਰੇ ਨਿਵਾਸੁ ॥**

ਅਰਥ—ਜਸ ਆਤਮ ਤੀਰਥ ਉਤੇ ਨਿਵਾਸ ਕਰੇ ਤਾਂ ਭਲੀ ਪ੍ਰਕਾਰ ਸੱਚਾ ਜਾਣੀਏ ।

**ਸਤਿਗੁਰੂ ਨੋ ਪੁਛਿ ਕੈ**
**ਬਹਿ ਰਹੈ ਕਰੇ ਨਿਵਾਸੁ ॥**

ਅਰਥ—ਜੋ ਸਾਰਿਆਂ ਵਿਚ ਨਿਵਾਸ ਕਰਦਾ ਹੈ ਉਸ ਦੇ ਸ੍ਵਰੂਪ ਵਿਚ ਸਤਿਗੁਰਾਂ ਨੂੰ ਪੁਛ ਕੇ ਬਹਿ ਰਹੇ ।

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥**

ਅਰਥ—ਸਭਨਾਂ ਰੋਗਾਂ ਦਾ ਦਾਰੂ ਸੱਚ ਹੁੰਦਾ ਹੈ, ਜੋ ਪਾਪਾਂ ਨੂੰ ਧੋ ਕੇ ਕੱਢਦਾ ਹੈ ।

**ਨਾਨਕੁ ਵਖਾਣੈ ਬੇਨਤੀ**
**ਜਿਨ ਸਚੁ ਪਲੈ ਹੋਇ ॥੨॥**

ਅਰਥ—ਸਤਿਗੁਰੂ ਜੀ ਆਖਦੇ ਹਨ, ਜਿਨ੍ਹਾਂ ਦੇ ਪੱਲੇ ਸੱਚ ਹੋਵੇ ਤਿਨ੍ਹਾਂ ਪਾਸ ਬੇਨਤੀ ਕਰੇ ॥੨॥

ਪਉੜੀ ॥

**ਦਾਨੁ ਮਹਿੰਡਾ ਤਲੀ ਖਾਕੁ**
**ਜੇ ਮਿਲੈ ਤ ਮਸਤਕਿ ਲਾਈਐ ॥**

ਅਰਥ—ਜੇਕਰ ਮਹਿੰਡਾ=ਮੇਰੇ ਤਾਈਂ ਤਲੀਆਂ ਦੀ ਖਾਕ ਭਾਵ ਚਰਨ ਧੂੜੀ ਦਾਨ ਮਿਲੇ ਤਾਂ ਲੈ ਕੇ ਮੱਥੇ ਉਤੇ ਲਾਉਣਾ ਕਰਾਂ ।

**ਕੂੜਾ ਲਾਲਚੁ ਛਡੀਐ**

**ਹੋਇ ਇਕ ਮਨਿ ਅਲਖੁ ਧਿਆਈਐ ॥**

ਅਰਥ—ਝੂਠਾ ਲਾਲਚ ਛੱਡ ਕੇ ਇਕ ਮਨ ਹੋ ਕੇ ਅਲਖ ਦਾ ਧਿਆਵਣਾ ਕਰਾਂ ।

**ਫਲੁ ਤੇਵੇਹੋ ਪਾਈਐ**
**ਜੇਵੇਹੀ ਕਾਰ ਕਮਾਈਐ ॥**

ਅਰਥ—ਜੇਹੀ ਕਾਰ ਕਮਾਈਏ ਤੇਹਾ ਹੀ ਫਲ ਪਾਈਦਾ ਹੈ ।

**ਜੇ ਹੋਵੈ ਪੂਰਬਿ ਲਿਖਿਆ**
**ਤਾ ਧੂੜਿ ਤਿਨ੍ਹਾ ਦੀ ਪਾਈਐ ॥**

ਅਰਥ—ਜੇਕਰ ਪਿਛਲੇ ਕਰਮਾਂ ਦਾ ਫਲ ਹੋਵੇ ਤਾਂ ਉਹਨਾਂ ਦੀ ਧੂੜੀ ਪਾਈਦੀ ਹੈ ।

**ਮਤਿ ਥੋੜੀ ਸੇਵ ਗਵਾਈਐ ॥੧੦॥**

ਅਰਥ—ਸੇਵਾ ਕਰ ਕੇ ਥੋੜੀ ਬੁਧੀ ਗਵਾ ਦੇਈਦੀ ਹੈ ॥੧੦॥

ਸਲੋਕੁ ਮ: ੧ ॥

**ਸਚਿ ਕਾਲੁ ਕੂੜੁ ਵਰਤਿਆ**
**ਕਲਿ ਕਾਲਖ ਬੇਤਾਲ ॥**

ਅਰਥ—ਸੱਚ ਦਾ ਕਾਲ ਪੈ ਗਿਆ ਤੇ ਕੂੜ ਵਰਤਿਆ ਹੋਇਆ ਹੈ ਅਤੇ ਕਲਜੁਗ ਦੀ ਕਾਲਖ ਕਰ ਕੇ ਜੀਵ ਭੂਤਨੇ ਬਣੇ ਹੋਏ ਹਨ ।

**ਬੀਉ ਬੀਜਿ ਪਤਿ ਲੈ ਗਏ**

## ਅਬ ਕਿਉ ਉਗਵੈ ਦਾਲਿ ॥

ਅਰਥ—ਪਿਛਲੇ ਜੁਗਾਂ ਵਿਚ ਜਿਸ ਨੇ ਜਗ ਆਦਿ ਕਰਮਾਂ ਦਾ ਬੀਜ ਬੀਜਿਆ ਸੀ ਉਹ ਇਜ਼ਤ ਲੈ ਗਏ ਹਨ, ਹੁਣ ਉਹ ਕਰਮ ਕਿਸ ਤਰ੍ਹਾਂ ਉਗਣਗੇ ਕਿਉਂਕਿ ਦਾਲ ਹੋ ਗਏ ਹਨ ਅਰਥਾਤ ਉਨ੍ਹਾਂ ਦਾ ਫਲ ਨਹੀਂ ਹੁੰਦਾ।

## ਜੇ ਇਕੁ ਹੋਇ ਤ ਉਗਵੈ
## ਰੁਤੀ ਹੂ ਰੁਤਿ ਹੋਇ ॥

ਅਰਥ—ਜੇਕਰ ਇਕ ਅੱਧਾ ਕਰਮ ਹੋਵੇ ਤਾਂ ਉਗੇ, ਪਰ ਰੁੱਤਾਂ ਵਿਚੋਂ ਉਸ ਬੀਜ ਦੀ ਰੁੱਤ ਹੋਵੇ ਤਾਂ ਉੱਗਦਾ ਹੈ।

## ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਕੁਰ ਪਾਹ ਤੋਂ ਬਿਨਾਂ ਕੋਰੇ ਕਪੜੇ ਉਤੇ ਰੰਗ ਨਹੀਂ ਸ਼ੋਭਦਾ।

## ਭੈ ਵਿਚਿ ਖੁੰਬਿ ਚੜਾਈਐ
## ਸਰਮੁ ਪਾਹੁ ਤਨਿ ਹੋਇ ॥

ਅਰਥ—ਇਸੇ ਤਰ੍ਹਾਂ ਹੀ ਭੈ ਵਿਚ ਰਹਿਣ ਰੂਪ ਮਨ ਰੂਪ ਕਪੜੇ ਨੂੰ ਖੁੰਬ ਚਾੜ੍ਹੀਏ ਅਤੇ ਸਰਮ-ਵੈਰਾਗ ਦਾ ਪਾਹੁ ਤਨ ਤੇ ਹੋਵੇ।

## ਨਾਂਨਕ ਭਗਤੀ ਜੇ ਰਪੈ
## ਕੂੜੈ ਸੋਇ ਨ ਕੋਇ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ, ਜੇਕਰ ਇਸ ਤਰ੍ਹਾਂ ਹੋ ਕੇ

ਭਗਤੀ ਦੇ ਰੰਗ ਵਿਚ ਰੰਗਿਆ ਜਾਵੇ ਤਾਂ ਝੂਠ ਦੀ ਸੋਇ=ਲੇਸ ਨਹੀਂ ਲਗਦੀਂ ਹੈ ॥੧॥

ਮਃ ੧ ॥

**ਲਬੁ ਪਾਪੁ ਦੁਇ ਰਾਜਾ ਮਹਤਾ**
**ਕੂੜੁ ਹੋਆ ਸਿਕਦਾਰੁ ॥**

ਅਰਥ—ਲਬ ਤੇ ਪਾਪ ਦੋਵੇਂ ਰਾਜਾ ਤੇ ਮਹਤਾ=ਵਜ਼ੀਰ ਜਾਂ ਪਟਵਾਰੀ ਹਨ ਅਤੇ ਝੂਠ ਥਾਣੇਦਾਰ ਬਣਿਆ ਹੋਇਆ ਹੈ ।

**ਕਾਮੁ ਨੇਬੁ ਸਦਿ ਪੁਛੀਐ**
**ਬਹਿ ਬਹਿ ਕਰੇ ਬੀਚਾਰੁ ॥**

ਅਰਥ—ਕਾਮ ਨੇਬੁ=ਚੋਬਦਾਰ ਨੂੰ ਸੱਦ ਕੇ ਪੁਛਦੇ ਹਨ ਅਤੇ ਆਪਸ ਵਿਚ ਬੈਠ ਬੈਠ ਕੇ ਵਿਚਾਰ ਕਰਦੇ ਹਨ ।

**ਅੰਧੀ ਰਯਤਿ ਗਿਆਨ ਵਿਹੂਣੀ**
**ਭਾਹਿ ਭਰੇ ਮੁਰਦਾਰੁ ॥**

ਅਰਥ—ਪਰਜਾ ਗਿਆਨ ਤੋਂ ਬਿਨਾਂ ਅੰਨ੍ਹੀ ਹੈ ਅਤੇ ਤ੍ਰਿਸ਼ਨਾ ਰੂਪ ਅੱਗ ਦੇ ਭਰੇ ਹੋਏ ਪਰਾਏ ਹੱਕ ਰੂਪ ਮੁਰਦਾਰ ਖਾਂਦੇ ਹਨ ।

**ਗਿਆਨੀ ਨਚਹਿ ਵਾਜੇ ਵਾਵਹਿ**
**ਰੂਪ ਕਰਹਿ ਸੀਗਾਰੁ ॥**

ਅਰਥ—(ਚਰਿਤ੍ਰ) ਗਿਆਨੀ=ਜਾਨਣ ਵਾਲੇ ਨੱਚਦੇ ਤੇ ਵਾਜੇ ਵਜਾਉਂਦੇ ਹਨ ਅਤੇ ਕ੍ਰਿਸ਼ਨ ਰਾਧਕਾਂ ਦੇ ਰੂਪ ਤੇ ਸ਼ਿੰਗਾਰ ਕਰਦੇ ਹਨ ।

## ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥

ਅਰਥ—ਉੱਚੇ ਬੋਲਦੇ ਤੇ ਵਾਦਾ=ਝਗੜੇ ਗਾਉਂਦੇ ਹਨ ਅਤੇ ਜੋਧਿਆਂ ਦਾ ਵੀਚਾਰ ਕਰਦੇ ਹਨ ।

## ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥

ਅਰਥ—ਹਿਕਮਤੀ ਤੇ ਹੁਜਤੀ ਅਤੇ ਮੂਰਖਾਂ ਦਾ ਨਾਮ ਪੰਡਤ ਹੈ ਅਤੇ ਉਹਨਾਂ ਦਾ ਸੰਜੈ=ਧਨ 'ਕੱਠਾ ਕਰਨ ਵਿਚ ਪਿਆਰ ਹੈ ।

## ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥

ਅਰਥ—ਕਲਜੁਗ ਦੇ ਧਰਮੀ ਧਰਮ ਕਰਦੇ ਹੋਏ ਧਰਮ ਨੂੰ ਗਵਾ ਦੇਂਦੇ ਹਨ ਅਤੇ ਮੁਕਤੀ ਦਾ ਦਰਵਾਜ਼ਾ ਗਿਆਨ ਮੰਗਦੇ ਹਨ । ਭਾਵ—ਇਹ ਕਿ ਧਰਮ ਕਰ ਕੇ ਹੰਕਾਰੀ ਹੋ ਜਾਂਦੇ ਤੇ ਫਿਰ ਗਿਆਨ ਚਾਹੁੰਦੇ ਹਨ ।

## ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥

ਅਰਥ—ਆਪਣੇ ਆਪ ਨੂੰ ਜਤੀ ਸਦਾਉਂਦੇ ਹਨ, ਪਰ ਜਤ ਦੀ ਜੁਗਤੀ ਨਹੀਂ ਜਾਣਦੇ ਅਤੇ ਘਰ ਬਾਰ ਨੂੰ ਛੱਡ ਕੇ ਹੀ ਜਤੀ ਬਣਦੇ ਹਨ ।

## ਸਭੁ ਕੋ ਪੂਰਾ ਆਪੇ ਹੋਵੈ

## ਘਟਿ ਨ ਕੋਈ ਆਖੈ ॥

ਅਰਥ—ਸਭ ਕੋਈ ਆਪੇ ਹੀ ਪੂਰਾ ਹੁੰਦਾ ਹੈ (ਅਤੇ ਆਪਣੇ ਆਪ ਨੂੰ) ਕੋਈ ਵੀ ਘਟ ਨਹੀਂ ਆਖਦਾ ਹੈ ।

## ਪਤਿ ਪਰਵਾਣਾ ਪਿਛੈ ਪਾਈਐ
## ਤਾ ਨਾਨਕ ਤੋਲਿਆ ਜਾਪੈ ॥੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਇਜ਼ਤ ਰੱਖਣ ਵਾਸਤੇ ਬੁੱਧੀ ਰੂਪ ਤੱਕੜੀ ਦੇ ਪਿਛੇ ਵਿਚਾਰ ਰੂਪੀ ਵੱਟਾ ਪਰਵਾਣਾ=ਪਾਈਏ ਤਾਂ ਤੋਲਿਆ ਹੋਇਆ ਜਾਪਦਾ ਹੈ ਕਿ ਕਿਸ ਦੀ ਇਜ਼ਤ ਰਹੇਗੀ ॥੨॥

ਮ: ੧ ॥

## ਵਦੀ ਸੁ ਵਜਗਿ ਨਾਨਕਾ
## ਸਚਾ ਵੇਖੈ ਸੋਇ ॥

ਅਰਥ—ਸਤਿਗੁਰੂ ਜੀ ਆਖਦੇ ਹਨ—'ਵਦੀ' ਬਦੀ ਤੇ 'ਸੁ ਵਜਗਿ' ਨੇਕੀ ਓਹੀ ਸੱਚਾ ਵੇਖਦਾ ਹੈ ।

## ਸਭਨੀ ਛਾਲਾ ਮਾਰੀਆ
## ਕਰਤਾ ਕਰੇ ਸੁ ਹੋਇ ॥

ਅਰਥ—ਭਾਵੇਂ ਸਾਰਿਆਂ ਨੇ ਸਾਧਨਾਂ ਕਰਨ ਵਿਚ ਛਾਲਾਂ ਮਾਰੀਆਂ ਹਨ, ਪਰ ਜੋ ਕਰਤਾਰ ਕਰੇਗਾ ਓਹੀ ਹੋਵੇਗਾ ।

## ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥

ਅਰਥ—ਕਿਉਂਕਿ ਅਗੇ ਜ਼ਾਤੀ ਦਾ ਕੋਈ ਜ਼ੋਰ ਨਹੀਂ ਹੈ, ਕਾਰਣ ਇਹ ਹੈ ਕਿ ਅਗੇ ਜੀਵ ਨਵੇਂ ਹਨ ।

**ਜਿਨ ਕੀ ਲੇਖੈ ਪਤਿ ਪਵੈ**
**ਚੰਗੇ ਸੇਈ ਕੇਇ ॥੩॥**

ਅਰਥ—ਜਿਨ੍ਹਾਂ ਦੀ ਇਜ਼ਤ ਲੇਖੇ ਵਿਚ ਪਵੇਗੀ ਓਹੋ ਕੋਈ ਚੰਗੇ ਹਨ ॥੩॥

ਪਉੜੀ ॥

**ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ**
**ਤਾ ਤਿਨੀ ਖਸਮੁ ਧਿਆਇਆ ॥**

ਅਰਥ—(ਹੇ ਵਾਹਿਗੁਰੂ !) ਧੁਰ ਤੋਂ ਕਰਮ ਜਿਨ੍ਹਾਂ ਨੂੰ ਤੂੰ ਪਾਇਆ ਹੈ, ਉਹਨਾਂ ਨੇ ਤਾਂ ਵਾਹਿਗੁਰੂ ਨੂੰ ਧਿਆਇਆ ਹੈ ।

**ਏਨਾ ਜੰਤਾ ਕੈ ਵਸਿ ਕਿਛੁ ਨਾਹੀ**
**ਤੁਧੁ ਵੇਕੀ ਜਗਤੁ ਉਪਾਇਆ ॥**

ਅਰਥ—ਇਨ੍ਹਾਂ ਜੀਵਾਂ ਦੇ ਵਸ ਕੁਝ ਨਹੀਂ, ਕਿਉਂਕਿ ਤੂੰ ਜਗਤ ਨੂੰ ਵੇਕੀ=ਇਕ ਦੂਜੇ ਨੂੰ ਵਖੋ ਵੱਖ ਪੈਦਾ ਕੀਤਾ ਹੋਇਆ ਹੈ ।

**ਇਕਨਾ ਨੋ ਤੂੰ ਮੇਲਿ ਲੈਹਿ**
**ਇਕਿ ਆਪਹੁ ਤੁਧੁ ਖੁਆਇਆ ॥**

ਅਰਥ—ਇਕਨਾਂ ਨੂੰ ਤੂੰ ਮੇਲ ਲੈਂਦਾ ਹੈਂ ਅਤੇ ਇਕਨਾਂ ਨੂੰ ਤੂੰ ਆਪਣੇ ਵਲੋਂ ਭੁਲਾਇਆ ਹੋਇਆ ਹੈ ।

**ਗੁਰ ਕਿਰਪਾ ਤੇ ਜਾਣਿਆ**
**ਜਿਥੈ ਤੁਧੁ ਆਪੁ ਬੁਝਾਇਆ ॥**

ਅਰਥ—ਗੁਰਾਂ ਦੀ ਕ੍ਰਿਪਾ ਨਾਲ ਜਾਣਿਆ ਹੈ, ਪਰ ਜਿਸ ਦੇ ਹਿਰਦੇ ਵਿਚ ਤੂੰ ਆਪਣਾ ਆਪ ਸਮਝਾਇਆ ਹੈ ।

**ਸਹਜੇ ਹੀ ਸਚਿ ਸਮਾਇਆ ॥੧੧॥**

ਅਰਥ—(ਉਹ) ਸਹਿਜੇ ਹੀ ਸੱਚ ਵਿਚ ਸਮਾਇਆ ਹੈ ॥੧੧॥

ਸਲੋਕੁ ਮ: ੧ ॥

**ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ ॥**

ਅਰਥ—ਦੁਖ (ਹੀ ਨਾਮ ਜਪਣ ਦਾ) ਦਾਰੂ (ਹੈ ਅਤੇ ਜਦ) ਸੁਖ ਹੋਇਆ ਤਾਂ ਨਾਮ ਜਪਣ ਵਲੋਂ ਰੋਗ ਲਗ ਜਾਂਦਾ ਹੈ ਕਿਉਂਕਿ ਜਦ ਸੁਖ (ਹੋਵੇ ਤਾਂ ਨਾਮ ਜਪਣ ਦੀ) ਤਾਮਿ=ਇੱਛਾ ਨਹੀਂ ਹੁੰਦੀ ਹੈ ।

**ਤੂੰ ਕਰਤਾ ਕਰਣਾ ਮੈ ਨਾਹੀ
ਜਾ ਹਉ ਕਰੀ ਨ ਹੋਈ ॥੧॥**

ਅਰਥ—ਹੇ ਵਾਹਿਗੁਰੂ ! ਤੂੰ ਕਰਨ ਵਾਲਾ ਹੈਂ ਮੈਂ ਕੁਝ ਕਰਨਾ ਨਹੀਂ ਜਾਣਦਾ, ਭਲਾ ਜੇਕਰ ਮੈਂ ਕੁਝ ਕਰਾਂ ਵੀ ਤਾਂ ਹੁੰਦਾ ਨਹੀਂ ਹੈ ॥੧॥

**ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥**

ਅਰਥ—(ਤੂੰ ਜਿਸ ਜਗਤ ਨੂੰ) ਕੁਦਰਤਿ ਦੁਆਰਾ ਕਰ ਕੇ ਫਿਰ ਇਸ ਵਿਚ ਵਸਿਆ ਹੋਇਆ ਹੈਂ ਤਾਂ ਤੇ ਮੈਂ ਤੈਥੋਂ ਬਲਿਹਾਰੀ ਹਾਂ । (ਕਿਉਂਕਿ) ਤੇਰਾ ਅੰਤ ਨਹੀਂ ਲਖਿਆ ਜਾਂਦਾ ॥੧॥ ਰਹਾਉ ॥

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ**

**ਅਕਲ ਕਲਾ ਭਰਪੂਰਿ ਰਹਿਆ ॥**

ਅਰਥ—ਜਾਤਿ=ਦੁਨੀਆਂ ਵਿਚ ਜੋਤਿ=ਵਾਹਿਗੁਰੂ ਹੈ ਅਤੇ ਵਾਹਿਗੁਰੂ ਦੁਨੀਆਂ ਵਿਚ ਅਕਲ ਰੂਪ ਕਲਾ ਹੋ ਕੇ ਭਰਪੂਰ ਹੋ ਰਹਿਆ ਜਾਤਾ=ਜਾਣੀਦਾ ਹੈ ।

**ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ**
**ਜਿਨਿ ਕੀਤੀ ਸੋ ਪਾਰਿ ਪਇਆ ॥**

ਅਰਥ—ਤੂੰ ਸੱਚਾ ਸਾਹਿਬ ਹੈਂ ਤੇ ਤੇਰੀ ਸੁੰਦਰ ਸਿਫਤ ਜਿਸ ਨੇ ਕੀਤੀ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਪਿਆ ਹੈ ।

**ਕਹੁ ਨਾਨਕ ਕਰਤੇ ਕੀਆ ਬਾਤਾ**
**ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਰਤੇ ਦੀਆਂ ਇਹੋ ਗੱਲਾਂ ਕਰੋ ਕਿ ਜੋ ਕੁਝ ਉਸ ਨੇ ਕਰਨਾ ਹੈ ਉਹ ਕਰ ਰਿਹਾ ਹੈ ॥੨॥

ਮ: ੨ ॥

**ਜੋਗ ਸਬਦੰ ਗਿਆਨ ਸਬਦੰ**
**ਬੇਦ ਸਬਦੰ ਬ੍ਰਾਹਮਣਹ ॥**

ਅਰਥ—ਜੋਗੀਆਂ ਦਾ ਸਬਦੰ=ਬ੍ਰਹਮ ਗਿਆਨ ਹੀ ਸਬਦੰ=ਧਰਮ ਹੈ ਅਤੇ ਬ੍ਰਹਮਣਾਂ ਦਾ ਸਬਦੰ=ਧਰਮ ਵੇਦ ਵਿਚਾਰ ਹੈ ।

**ਖਤ੍ਰੀ ਸਬਦੰ ਸੂਰ ਸਬਦੰ**
**ਸੂਦ੍ਰ ਸਬਦੰ ਪਰਾ ਕ੍ਰਿਤਹ ॥**

ਅਰਥ—ਖਤ੍ਰੀਆਂ ਦਾ ਸਬਦੰ=ਧਰਮ ਸੂਰਮਤਾ ਹੈ ਤੇ ਵੈਸ਼ਾਂ ਦਾ ਸਬਦੰ=ਧਰਮ ਖੇਤੀ ਕਰਨੀ ਅਤੇ ਸੂਦਰਾਂ ਦਾ ਧਰਮ ਪਰਾਈ ਕ੍ਰਿਤਹ=ਸੇਵਾ ਕਰਨੀ ਹੈ ।

**ਸਰਬ ਸਬਦੰ ਏਕ ਸਬਦੰ**
**ਜੇ ਕੋ ਜਾਣੈ ਭੇਉ ॥**

ਅਰਥ—ਸਾਰਿਆਂ ਦਾ ਧਰਮ (ਇਹ ਹੈ ਕਿ) ਇਕ ਸਬਦੰ=ਬ੍ਰਹਮ (ਨੂੰ ਜਾਨਣਾ) ਜੋ ਕੋਈ ਇਸ ਭੇਦ ਨੂੰ ਜਾਣਦਾ ਹੈ ।

**ਨਾਨਕੁ ਤਾ ਕਾ ਦਾਸੁ ਹੈ**
**ਸੋਈ ਨਿਰੰਜਨ ਦੇਉ ॥੩॥**

ਅਰਥ—ਓਹੀ ਨਿਰੰਜਨ ਦੇਉ ਦਾ ਰੂਪ ਹੈ, ਤੇ ਗੁਰ ਨਾਨਕ ਉਸ ਦਾ ਦਾਸ ਹੈ ॥੩॥

ਮ: ੨ ॥

**ਏਕ ਕ੍ਰਿਸਨੰ ਸਰਬ ਦੇਵਾ**
**ਦੇਵ ਦੇਵਾ ਤ ਆਤਮਾ ॥**

ਅਰਥ—ਸਾਰੇ ਦੇਵਤਿਆਂ ਦਾ ਦੇਵ=ਪ੍ਰਕਾਸ਼ਕ ਇਕ *ਕ੍ਰਿਸਨੰ=ਬ੍ਰਹਮ

*ਇਸ ਪਦ ਵਿਚ 'ਕ੍ਰਿਸ' ਤੇ 'ਨ' ਦੋ ਅਵੇਵ ਹਨ, ਕ੍ਰਿਸ—ਭੂ ਦਾ ਵਾਚਕ ਹੈ ਅਤੇ 'ਭੂ' ਸਤਾ ਦਾ ਵਾਚਕ ਹੈ, 'ਨ' ਅਵੈਵ ਦਾ ਅਰਥ ਅਨੰਦ ਹੈ । ਜੋ ਵਸਤੂ ਸਤ ਤੇ ਅਨੰਦ ਹੈ ਸੋ 'ਚਿਤ' ਰੂਪ ਵੀ ਹੈ । ਤਾਂਤੇ—ਸਤਿ, ਚਿਤ, ਅਨੰਦ-ਰੂਪ ਵਾਹਿਗੁਰੂ ਦਾ, ਨਾਮ ਕ੍ਰਿਸਨ ਹੈ । ਅਥਵਾ—'ਕ੍ਰਿਸ' ਦਾ ਅਰਥ ਖਿਚਣਾ ਵੀ ਹੈ, ਤਾਂਤੇ ਜੋ ਭਗਤਾਂ ਦੇ ਮਨ ਨੂੰ ਖਿੱਚਣ ਵਾਲਾ ਪ੍ਰਮਾਤਮਾ ਹੈ ਉਸ ਦਾ ਨਾਮ ਕ੍ਰਿਸ਼ਨ ਹੈ । ਇਕੁਰਾਂ ਹੀ 'ਕ੍ਰਿਸ' ਦਾ ਅਰਥ ਬਿਦਾਰਨ ਵੀ ਹੈ, ਤਾਂ ਤੇ ਜੋ ਭਗਤਾਂ ਦੇ ਦੁਖ ਬਿਦਾਰਨ ਵਾਲਾ ਹੈ ਸੋ 'ਕ੍ਰਿਸ਼ਨ' ਹੈ ।

ਹੈ ਅਤੇ ਤਿਸ ਪ੍ਰਕਾਸ਼ਕ ਦਾ ਰੂਪ ਹੀ ਆਤਮਾ ਹੈ ।

**ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ ॥**

ਅਰਥ—ਆਤਮਾ ਹੀ ਬਾਸਦੇਵ ਹੈ, ਜੋ ਕੋਈ ਇਹ ਭੇਦ ਜਾਣਦਾ ਹੈ ।

**ਨਾਨਕੁ ਤਾ ਕਾ ਦਾਸੁ ਹੈ**
**ਸੋਈ ਨਿਰੰਜਨ ਦੇਉ ॥੪॥**

ਅਰਥ—ਓਹੀ ਨਿਰੰਜਨ ਦੇਵ ਦਾ ਰੂਪ ਹੈ ਤੇ ਗੁਰ ਨਾਨਕ ਉਸ ਦਾ ਦਾਸ ਹੈ ॥੪॥

ਮ: ੧ ॥

**ਕੁੰਭੇ ਬਧਾ ਜਲੁ ਰਹੈ**
**ਜਲ ਬਿਨੁ ਕੁੰਭੁ ਨ ਹੋਇ ॥**

ਅਰਥ—ਜਿਕੁਰਾਂ ਘੜੇ ਦਾ ਬੱਧਾ ਹੋਇਆ ਹੀ ਪਾਣੀ ਰਹਿੰਦਾ ਹੈ, ਪਰ ਪਾਣੀ ਤੋਂ ਬਿਨਾਂ ਘੜਾ ਵੀ ਤਿਆਰ ਨਹੀਂ ਹੁੰਦਾ ਹੈ ।

**ਗਿਆਨ ਕਾ ਬਧਾ ਮਨੁ ਰਹੈ**
**ਗੁਰ ਬਿਨੁ ਗਿਆਨੁ ਨ ਹੋਇ ॥੫॥**

ਅਰਥ—ਇਸੇ ਤਰ੍ਹਾਂ ਗਿਆਨ ਦਾ ਬੱਧਾ ਮਨ ਰਹਿੰਦਾ ਹੈ, ਪਰ ਗੁਰ= ਮਨ ਤੋਂ ਬਿਨਾਂ ਗਿਆਨ ਨਹੀਂ ਹੁੰਦਾ । (ਇਥੇ ਗੁਰ ਦਾ ਅਰਥ ਮਨ ਹੈ) ॥੫॥

ਪਉੜੀ ॥

**ਪੜਿਆ ਹੋਵੈ ਗੁਨਹਗਾਰੁ**

## ਤਾ ਓਮੀ ਸਾਧੁ ਨ ਮਾਰੀਐ ॥

ਅਰਥ—ਜੇ ਕੋਈ ਪੜ੍ਹਿਆ ਹੋਇਆ ਗੁਨਾਹ ਕਰਨ ਵਾਲਾ ਹੋਵੇ ਤਾਂ ਉਸ ਦੀ ਜਗ੍ਹਾ ਤੇ ਓਮੀ=ਅਨਪੜ੍ਹ ਸਾਧ ਨਹੀਂ ਮਾਰਿਆ ਜਾਵੇਗਾ ।

## ਜੇਹਾ ਘਾਲੇ ਘਾਲਣਾ
## ਤੇਵੇਹੋ ਨਾਉ ਪਚਾਰੀਐ ॥

ਅਰਥ—ਜੇਹੀ ਕੋਈ ਘਾਲਣਾ ਘਾਲੇਗਾ ਤੇਹਾ ਹੀ ਉਸ ਦਾ ਨਾਮ ਪੁਕਾਰਿਆ ਜਾਵੇਗਾ ।

## ਐਸੀ ਕਲਾ ਨ ਖੇਡੀਐ
## ਜਿਤੁ ਦਰਗਹ ਗਇਆ ਹਾਰੀਐ ॥

ਅਰਥ—(ਤਾਂਤੇ) ਐਸੀ ਕਲਾ=ਬਾਜ਼ੀ ਨਾ ਖੇਡੀਏ, ਜਿਸ ਦੇ ਖੇਡਿਆਂ ਦਰਗਾਹ ਵਿਚ ਗਿਆਂ ਹੋਇਆਂ ਹਾਰਨਾ ਪਵੇ ।

## ਪੜਿਆ ਅਤੈ ਓਮੀਆ
## ਵੀਚਾਰੁ ਅਗੈ ਵੀਚਾਰੀਐ ॥

ਅਰਥ—ਪੜ੍ਹਿਆਂ ਅਤੇ ਅਨਪੜ੍ਹਿਆਂ ਦੀ ਵਿਚਾਰ ਅਗੇ ਜਾ ਕੇ ਵਿਚਾਰੀ ਜਾਵੇਗੀ ।

## ਮੁਹਿ ਚਲੈ ਸੁ ਅਗੈ ਮਾਰੀਐ ॥੧੨॥

ਅਰਥ—ਜੋ ਵਿਸ਼ਿਆਂ ਵਿਚ ਆਪਣਾ ਆਪ ਮੁਹਾਸਿ ਚਲੇ ਹਨ, ਉਹ ਅਗੇ ਮਾਰੇ ਜਾਣਗੇ ॥੧੨॥

ਸਲੋਕੁ ਮ: ੧ ॥

## ਨਾਨਕ ਮੇਰੁ ਸਰੀਰ ਕਾ
## ਇਕੁ ਰਥੁ ਇਕੁ ਰਥਵਾਹੁ ॥

ਅਰਥ—ਸਤਿਗੁਰੂ ਜੀ ਆਖਦੇ ਹਨ—ਜੋ ਸਰੀਰ ਦਾ ਮੇਰ=ਸ਼੍ਰੋਮਣੀ ਜੀਵ ਹੈ, ਇਸ ਦਾ ਇਕ ਰਥ ਤੇ ਇਕ ਰਥ ਚਲਾਉਣ ਵਾਲਾ ਰਥਵਾਹੀ ਹੈ।

## ਜੁਗੁ ਜੁਗੁ ਫੇਰਿ ਵਟਾਈਅਹਿ
## ਗਿਆਨੀ ਬੁਝਹਿ ਤਾਹਿ ॥

ਅਰਥ—ਜੁਗਾਂ ਜੁਗਾਂ ਦੇ ਫੇਰਿਆਂ (ਵਿਚ ਉਹ) ਵਟਾਏ ਜਾਂਦੇ ਹਨ ਅਤੇ ਉਸ ਦਸ਼ਾ ਨੂੰ ਗਿਆਨੀ ਜਾਣਦੇ ਹਨ।

## ਸਤਜੁਗਿ ਰਥੁ ਸੰਤੋਖ ਕਾ
## ਧਰਮੁ ਅਗੈ ਰਥਵਾਹੁ ॥

ਅਰਥ—ਸਤਿਜੁਗ ਵਿਚ ਸੰਤੋਖ ਦਾ ਰਥ ਸੀ ਤੇ ਧਰਮ ਅੱਗੇ ਰਥਵਾਹੀ ਸੀ।

## ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥

ਅਰਥ—ਤਰੇਤੇ ਵਿਚ ਜਤ ਦਾ ਰਥ (ਸੀ, ਤੇ) ਜ਼ੋਰ ਅੱਗੇ ਰਥਵਾਹੀ ਸੀ।

## ਦੁਆਪੁਰਿ ਰਥੁ ਤਪੈ ਕਾ
## ਸਤੁ ਅਗੈ ਰਥਵਾਹੁ ॥

ਅਰਥ—ਦੁਆਪਰ ਵਿਚ ਤਪ ਦਾ ਰਥ (ਸੀ, ਤੇ) ਸਤ ਅੱਗੇ ਰਥਵਾਹੀ ਸੀ ।

**ਕਲਜੁਗਿ ਰਥੁ ਅਗਨਿ ਕਾ**
**ਕੂੜੁ ਅਗੈ ਰਥਵਾਹੁ ॥੧॥**

ਅਰਥ—ਕਲਜੁਗ ਵਿਚ ਅਗਨਿ=ਤ੍ਰਿਸ਼ਨਾ ਦਾ ਰਥ ਹੈ ਅਤੇ ਝੂਠ ਅੱਗੇ ਰਥਵਾਹੀ ਹੈ ॥੧॥

ਮ: ੧ ॥

**ਸਾਮ ਕਹੈ ਸੇਤੰਬਰੁ ਸੁਆਮੀ**
**ਸਚ ਮਹਿ ਆਛੈ ਸਾਚਿ ਰਹੇ ॥**

ਅਰਥ—ਸਤਿਜੁਗ ਦਾ ਸਾਮ ਵੇਦ ਤੇ ਸੁਆਮੀ ਸੇਤੰਬਰ=ਚਿਟੇ ਕਪੜਿਆਂ ਵਾਲਾ ਹੰਸਾਵਤਾਰ ਕਹੀਦਾ ਹੈ, ਤਦੋਂ ਸੱਚ ਵਿਚ ਆਛੈ= ਇਸਥਿਤ ਹੋ ਕੇ ਸੱਚ ਵਿਚ ਹੀ ਰਹਿੰਦੇ ਸਨ ।

**ਸਭੁ ਕੋ ਸਚਿ ਸਮਾਵੈ ॥**

ਅਰਥ—ਅਤੇ ਸਤਿਜੁਗ ਵਿਚ ਸਭ ਕੋਈ ਸੱਚ ਵਿਚ ਸਮਾਉਂਦਾ ਸੀ ।

**ਰਿਗੁ ਕਹੈ ਰਹਿਆ ਭਰਪੂਰਿ ॥**

ਅਰਥ—ਤਰੇਤੇ ਦਾ ਰਿਗ ਵੇਦ ਆਖੀਦਾ ਹੈ ਅਤੇ ਜੋ ਕਿ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ ।

**ਰਾਮ ਨਾਮੁ ਦੇਵਾ ਮਹਿ ਸੂਰੁ ॥**

ਅਰਥ—ਉਸ ਦੇਵਤਿਆਂ ਵਿਚ ਸੂਰਮੇ ਦਾ ਨਾਮ ਰਾਮ ਪ੍ਰਸਿੱਧ

ਹੋਇਆ ਸੀ ।

**ਨਾਇ ਲਇਐ ਪਰਾਛਤ ਜਾਹਿ ॥**

ਅਰਥ—ਉਸ ਦਾ ਨਾਮ ਲੈਣੇ ਕਰ ਕੇ ਪਾਪ ਚਲੇ ਜਾਂਦੇ ਹਨ ।

**ਨਾਨਕ ਤਉ ਮੋਖੰਤਰੁ ਪਾਹਿ ॥**

ਅਰਥ—ਸਤਿਗੁਰੂ ਜੀ ਆਖਦੇ ਹਨ, ਤਾਂ ਅੰਤਰੇ ਭੇਦ ਤੋਂ ਰਹਿਤ ਮੁਕਤੀ ਪਾਈਦੀ ਸੀ ।

**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ**
**ਕਾਨ੍ ਕ੍ਰਿਸਨੁ ਜਾਦਮੁ ਭਇਆ ॥**

ਅਰਥ—ਯਜੁਰ (ਵੇਦ ਆਖੀਦਾ ਹੈ ਅਤੇ) ਦੁਆਪਰ (ਜੁਗ) ਵਿਚ ਕ੍ਰਿਸ਼ਨਾ ਅਵਤਾਰ ਹੋਇਆ (ਜਿਸ) ਕਾਨ੍ਹ ਨੇ ਜ਼ੋਰ ਨਾਲ ਚੰਦ੍ਰਾਵਲ *ਸਖੀ ਛਲੀ ਸੀ ।

---

** ਇਕ ਵਾਰੀ ਦੀ ਗੱਲ ਹੈ ਕਿ ਕ੍ਰਿਸ਼ਨ ਨੇ ਗਊਆਂ ਚਾਰਦਿਆਂ ਹੋਇਆਂ 'ਚੰਦ੍ਰਾਵਲ' ਗੁਆਲਨ ਨੂੰ ਘੇਰ ਲਿਆ ਤੇ ਆਖਿਆ—ਮੈਨੂੰ ਮਸੂਲ ਦੇਹ ! ਚੰਦ੍ਰਾਵਲ ਨੇ ਕਿਹਾ ਮਸੂਲ ਕਾਹਦਾ ? ਕ੍ਰਿਸ਼ਨ ਨੇ ਕਿਹਾ ਦੁਧ ਦਾ ! ਜਦ ਕ੍ਰਿਸ਼ਨ ਨੇ ਆਖਿਆ ਦੁਧ ਦਾ ਮਸੂਲ ਦੇਹ ਤਾਂ ਚੰਦ੍ਰਾਵਲ ਨੇ ਚੰਗੀ ਝਾੜ ਪਛੋੜੀ ਕੀਤੀ ਅਤੇ ਕ੍ਰਿਸ਼ਨ ਸੋਚਿਆ ਕਿ ਇਹ ਇਸ ਤਰ੍ਹਾਂ ਤਾਂ ਕਾਬੂ ਨਹੀਂ ਆਈ, ਇਸ ਨੂੰ ਜ਼ੋਰੀਂ ਕਾਬੂ ਕਰੀਏ, ਸੋ ਇਵੇਂ ਹੀ ਕੀਤਾ ਅਤੇ ਉਸ ਨੂੰ ਜ਼ਬਰਦਸਤੀ ਫੜ ਲਿਆ ਅਤੇ ਮੂੰਹ ਚੁੰਮਿਆ, ਕੁਚ (ਮੰਮੇ) ਪੁਟੇ ਤੇ ਜਦ ਭੋਗ ਬਿਲਾਸ ਕਰਨ ਲਗਾ ਤਾਂ ਚੰਦ੍ਰਾਵਲ ਨੇ (ਛੁਟਕਾਰਾ ਪਾਉਣ ਲਈ) ਆਖਿਆ, ਹੇ ਕ੍ਰਿਸ਼ਨ ! ਤੂੰ ਇਸ ਤਰ੍ਹਾਂ ਨਾ ਕਰ, ਜੋ ਕੰਮ ਸਲੂਕ ਨਾਲ ਹੁੰਦਾ ਹੈ ਸੋ ਚੰਗਾ ਹੁੰਦਾ ਹੈ । ਤਾਂ ਤੇ ਹੁਣ ਤੂੰ ਮੈਨੂੰ ਕੁਝ ਨਾ ਆਖ, ਰਾਤ ਨੂੰ ਮੈਂ ਆਪ ਤੇਰੇ ਪਾਸ ਆਵਾਂਗੀ । ਕ੍ਰਿਸ਼ਨ ਨੇ ਰਾਤ ਦੀ ਹੁੜਕ ਤੇ ਉਸ ਨੂੰ ਛੱਡ ਦਿਤਾ । ਅਤੇ ਜਦ ਰਾਤ ਪਈ ਤਾਂ ਲਗਾ ਉਡੀਕਣ*

# ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥

ਅਰਥ—ਜੋ 'ਗੋਪੀ ਰਾਧਕਾ ਵਾਸਤੇ' ਪਾਰਜਾਤੁ=ਕਲਪ ਬ੍ਰਿਛ ਲੈ ਆਇਆ ਤੇ ਬਿੰਦ੍ਰਾਬਨ ਵਿਚ ਰਾਸ ਮੰਡਲ ਦਾ ਰੰਗ ਕੀਤਾ ਕਰਦਾ ਸੀ।

---

*ਕਿ ਹੁਣ ਆਉਂਦੀ ਹੈ (ਪਰ ਉਹ ਕਿਵੇਂ ਆਵੇ ? ਉਸ ਨੇ ਤਾਂ ਛੁਟਕਾਰਾ ਪਾਉਣ ਲਈ ਤੇ ਆਪਣੀ ਇਜ਼ਤ ਬਚਾਉਣ ਲਈ ਆਖਿਆ ਸੀ, ਹੋਰ ਕੋਈ ਆਉਣ ਲਈ ਥੋੜਾ ਆਖਿਆ ਸੀ ਜੋ ਆਵੇ)। ਸਾਰੀ ਰਾਤ ਹਿਰਬਸ ਵਿਚ ਹੀ ਬਿਤਾਈ ਅਤੇ ਦਿਨ ਹੁੰਦਿਆਂ ਹੀ ਕ੍ਰਿਸ਼ਨ ਨੇ ਸੋਚਿਆ ਕਿ ਉਸ ਰਾਂਡ ਨੇ ਮੇਰੇ ਨਾਲ ਠੱਗੀ ਕੀਤੀ ਤਾਂਤੇ ਮੈਂ ਉਸ ਨਾਲ ਇਸੇ ਤਰ੍ਹਾਂ ਕਰਾਂ। ਇਹ ਸੋਚ ਕੇ ਇਸਤ੍ਰੀ ਦਾ ਰੂਪ ਧਾਰ ਕੇ ਤੁਰ ਪਿਆ। ਚੰਦ੍ਰਾਵਲ ਦੇ ਘਰ ਕੋਲ ਜਾ ਕੇ ਇਹ ਛੋਹਰੀ ਨੂੰ ਆਖਿਆ ਕਿ ਤੂੰ ਚੰਦ੍ਰਾਵਲ ਨੂੰ ਜਾ ਕੇ ਆਖ ਕਿ ਤੇਰੀ (ਭੂਆ ਦੀ ਧੀ) ਭੈਣ ਬਾਹਰ ਬੈਠੀ ਹੈ। ਜਦ ਉਸ ਲੜਕੀ ਨੇ ਜਾ ਕੇ ਚੰਦ੍ਰਾਵਲ ਨੂੰ ਆਖਿਆ ਤਾਂ ਚੰਦ੍ਰਾਵਲ ਨੇ ਪਹਿਲੇ ਤਾਂ ਸੋਚਿਆ ਕਿ ਅੱਜ ਤੱਕ ਮੇਰੀ ਭੈਣ ਕਦੇ ਨਹੀਂ ਆਈ ਪਰ ਇਹ ਕਿਥੋਂ ਆਈ, ਪਰ ਫਿਰ ਉਸ ਨੂੰ ਲੈ ਆਉਣ ਵਾਸਤੇ ਉਸ ਲੜਕੀ ਨੂੰ ਆਖਿਆ, ਅਤੇ ਜਦ ਉਸ ਦੇ ਨਾਲ ਨਕਲੀ ਭੈਣ ਨੂੰ ਆਉਂਦਿਆਂ ਵੇਖਿਆ ਤਾਂ ਆਦਰ ਕਰਨ ਲਈ ਅਗੋਂ ਉਠੀ। ਮੰਜੀ ਤੇ ਬਿਠਾ ਕੇ ਜਲ ਪਾਣੀ ਪਿਲਾਇਆ, ਪਿਛੋਂ ਪ੍ਰਸ਼ਾਦਿ ਛਕਾਉਣ ਲਈ ਤਿਆਰ ਕਰ ਕੇ ਨਕਲੀ ਭੈਣ ਨੂੰ ਆਖਿਆ ਆਓ ਪਿਆਰੀ ! ਭੋਜਨ ਤਿਆਰ ਹੈ, ਜਦ ਕ੍ਰਿਸ਼ਨ ਰੋਟੀ ਖਾਣ ਲਗਾ ਤਾਂ ਵਡੀਆਂ ਵਡੀਆਂ ਬੁਰਕੀਆਂ ਮੂੰਹ ਵਿਚ ਪਾਉਣ ਲਗਾ। ਇਹ ਵੇਖ ਕੇ ਚੰਦ੍ਰਾਵਲਿ ਆਖਿਆ ਕਿ ਭੈਣ ਤੂੰ ਭੋਜਨ ਤਾਂ ਪੁਰਖਾਂ ਵਾਂਗ ਖਾਂਦੀ ਹੈਂ ਤਾਂ ਇਸ ਨੇ ਉੱਤਰ ਦਿਤਾ ਕਿ ਭੈਣ ! ਤੈਨੂੰ ਕੀ ਦਸਾਂ, ਮੇਰੀ ਸੱਸ ਮੈਨੂੰ ਖਾਣ ਨੂੰ ਥੋੜਾ ਦੇਂਦੀ ਤੇ ਕੰਮ ਬਹੁਤਾ ਕਰਾਉਂਦੀ ਸੀ, ਜਦ ਕਿਤੇ ਮੇਰੀ ਸੱਸ ਬਾਹਰ ਜਾਂਦੀ ਤਾਂ ਮੈਂ ਚੌਂਕੇ ਵਿਚੋਂ ਰੋਟੀ ਕੱਢ ਕੇ ਵਡੇ ਵਡੇ ਬੁਰਕ ਮਾਰ ਕੇ ਖਾਂਦੀ ਹਾਂ, ਕਿ ਮਤਾਂ ਕਿਧਰੇ ਸੱਸ ਨਾ ਆ ਜਾਵੇ, ਇਸ ਲਈ ਮੇਰੀ ਇਹ ਆਦਤ ਹੋ ਗਈ ਹੈ, ਬੱਸ ! ਇਹੀ ਕਾਰਨ ਹੈ ਜੋ ਮੈਂ ਮਨੁਖਾਂ ਵਾਂਗੂ ਰੋਟੀ ਖਾਂਦੀ ਹਾਂ। ਇਸ ਤਰ੍ਹਾਂ ਆਖ ਕੇ ਵੇਲਾ ਟਪਾਇਆ।*

**ਕਲਿ ਮਹਿ ਬੇਦੁ ਅਥਰਬਣੁ ਹੂਆ**
**ਨਾਉ ਖੁਦਾਈ ਅਲਹੁ ਭਇਆ ॥**

ਅਰਥ—ਕਲਜੁਗ ਵਿਚ ਅਥਰਬਣ ਵੇਦ ਹੋਇਆ ਹੈ ਅਤੇ ਖੁਦਾਇ=ਦੁਨੀਆਂ ਵਾਲੇ ਦਾ ਨਾਮ ਅਲਾਹ ਹੋ ਗਿਆ ਹੈ ।

**ਨੀਲ ਬਸਤ੍ਰ ਲੇ ਕਪੜੇ ਪਹਿਰੇ**
**ਤੁਰਕ ਪਠਾਣੀ ਅਮਲੁ ਕੀਆ ॥**

ਅਰਥ—ਕਪੜਿਆਂ ਵਿਚੋਂ ਨੀਲੇ ਰੰਗ ਵਾਲੇ ਕਪੜੇ ਲੈ ਕੇ ਪਾਂਦੇ ਹਨ ਤੇ ਤੁਰਕਾਂ ਪਠਾਣਾਂ ਵਾਲਾ ਅਮਲ=ਵਰਤਾਰਾ ਕੀਤਾ ਹੋਇਆ ਹੈ ।

**ਚਾਰੇ ਵੇਦ ਹੋਏ ਸਚਿਆਰ ॥**

ਅਰਥ—ਚਾਰੇ ਵੇਦ (ਇਸ ਤਰ੍ਹਾਂ) ਸੱਚੇ ਹੋਏ ਹਨ ।

**ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥**

ਅਰਥ—ਉਹਨਾਂ ਚਹੁੰਆਂ ਨੂੰ ਪੜ੍ਹ ਕੇ ਵਿਚਾਰਾਂ ਵਿਚਾਰਦੇ ਹਨ ।

---

*ਫਿਰ ਪਾਣੀ ਲੈਣ ਗਈਆਂ ਤਾਂ ਚੰਦ੍ਰਾਵਲਿ ਨੇ ਆਖਿਆ ਕਿ ਭੈਣ ਤੇਰੀ ਚਾਲ ਤਾਂ ਮਰਦਾਂ ਵਾਂਗੂੰ ਹੈ, ਇਹ ਸੁਣ ਕੇ ਨਕਲੀ ਭੈਣ (ਕ੍ਰਿਸ਼ਨ) ਨੇ ਉੱਤਰ ਦਿਤਾ ਕਿ ਛੋਟੇ ਹੁੰਦਿਆਂ ਵੱਛੇ ਚਾਰਿਆ ਕਰਦੀ ਸੀ ਤੇ ਔਂਤਰੇ ਵਾਗੀ ਮੈਨੂੰ ਹੀ ਹਰ ਵੇਲੇ ਭਜਾਇਆ ਕਰਦੇ ਸਨ, ਇਸ ਲਈ ਮੈਨੂੰ ਲੱਤਾਂ ਚੌੜੀਆਂ ਕਰ ਕੇ ਤੁਰਨ ਦੀ ਆਦਤ ਪੈ ਗਈ ਹੈ, ਇਸ ਤਰ੍ਹਾਂ ਧੋਖੇ ਨਾਲ ਦਿਨ ਤਾਂ ਬਿਤਾਇਆ ਜਦ ਰਾਤ ਪਈ ਤਾਂ ਆਪੇ ਹੀ ਆਖਿਆ, ਹੇ ਭੈਣ ! ਇਕੋ ਮੰਜੀ ਤੇ ਸਵਾਂਗੀਆਂ, ਚੰਦ੍ਰਾਵਲਿ ਇਸ ਧੋਖੇ ਨੂੰ ਨਾ ਸਮਝਿਆ ਅਤੇ ਮੰਜੀ ਤੇ ਸੌਣ ਲਗਿਆਂ ਕ੍ਰਿਸ਼ਨ ਨੇ ਜ਼ਨਾਨਾ ਰੂਪ ਦੂਰ ਕਰ ਕੇ ਆਪਣਾ ਅਸਲ ਰੂਪ ਧਾਰਿਆ, ਉਸ ਵੇਲੇ ਚੰਦ੍ਰਾਵਲਿ ਕੀ ਕਰ ਸਕਦੀ ਸੀ ਕ੍ਰਿਸ਼ਨ ਦਾ ਛਲ ਕਾਰੀ ਆ ਗਿਆ। ਆਖਦੇ ਹਨ ਕਿ ਕ੍ਰਿਸ਼ਨ ਨੇ ਉਹ ਰਾਤ ਛੇ ਮਹੀਨੇ ਦੀ ਕਰ ਲਈ ਸੀ । [ਭਾਗਵਤ ਦਸਮ ਸਕੰਧ*

## ਭਾਉ ਭਗਤਿ ਕਰਿ ਨੀਚੁ ਸਦਾਏ ॥

ਅਰਥ—ਕਲਜੁਗ ਵਿਚ ਤਾਂ ਪ੍ਰੇਮ ਭਗਤਿ ਕਰ ਕੇ ਨੀਵਾਂ ਸਦਾਵੇ ।

## ਤਉ ਨਾਨਕ ਮੋਖੰਤਰੁ ਪਾਏ ॥੨॥

ਅਰਥ—ਤਾਂ ਸਤਿਗੁਰੂ ਜੀ ਆਖਦੇ ਹਨ—ਕੇਵਲ ਮੁਕਤੀ ਪਾਏਗਾ ॥੨॥

ਪਉੜੀ ॥

## ਸਤਿਗੁਰ ਵਿਟਹੁ ਵਾਰਿਆ
## ਜਿਤੁ ਮਿਲਿਐ ਖਸਮੁ ਸਮਾਲਿਆ ॥

ਅਰਥ—ਸਤਿਗੁਰੂ ਉਤੋਂ ਬਲਿਹਾਰ ਹਾਂ, ਜਿਸ ਨੂੰ ਮਿਲ ਕੇ ਵਾਹਿਗੁਰੂ ਨੂੰ ਯਾਦ ਕੀਤਾ ਹੈ ।

## ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ
## ਇਨੀ ਨੇਤ੍ਰੀ ਜਗਤੁ ਨਿਹਾਲਿਆ ॥

ਅਰਥ—ਜਿਸ ਨੇ ਉਪਦੇਸ਼ ਕਰ ਕੇ ਗਿਆਨ ਰੂਪ ਸੁਰਮਾ ਬੁਧੀ ਰੂਪ ਅੱਖਾਂ ਵਿਚ ਦਿਤਾ ਹੈ ਅਤੇ ਏਹਨਾਂ ਹੀ ਅੱਖਾਂ ਨਾਲ ਜਗਤ ਨੂੰ ਦੇਖਿਆ ਹੈ ।

## ਖਸਮੁ ਛੋਡਿ ਦੂਜੈ ਲਗੇ
## ਡੁਬੇ ਸੇ ਵਣਜਾਰਿਆ ॥

ਅਰਥ—ਕਿ ਜੋ ਖਸਮ ਨੂੰ ਛੱਡ ਕੇ ਦੂਜਿਆਂ ਦੇ ਮਗਰ ਲਗੇ ਹਨ, ਉਹ ਵਣਜਾਰੇ ਡੁੱਬੇ ਹੋਏ ਹਨ ।

## ਸਤਿਗੁਰੂ ਹੈ ਬੋਹਿਥਾ

## ਵਿਰਲੈ ਕਿਨੈ ਵੀਚਾਰਿਆ ॥

ਅਰਥ—ਸਤਿਗੁਰੂ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲਾ ਜਹਾਜ਼ ਹੈ, ਪਰ ਕਿਸੇ ਵਿਰਲੇ ਨੇ ਇਹ ਵਿਚਾਰਿਆ ਹੈ ।

## ਕਰਿ ਕਿਰਪਾ ਪਾਰਿ ਉਤਾਰਿਆ ॥੧੩॥

ਅਰਥ—ਜਿਸ ਨੇ ਵਿਚਾਰਿਆ ਹੈ ਉਸ ਨੂੰ ਕਿਰਪਾ ਕਰ ਕੇ ਸਤਿਗੁਰੂ ਨੇ ਸੰਸਾਰ ਸਾਗਰ ਤੋਂ ਪਾਰ ਉਤਾਰਿਆ ਹੈ ॥੧੩॥

ਸਲੋਕੁ ਮ: ੧ ॥

## ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥

ਅਰਥ—ਜਿਵੇਂ ਸਿੰਮਲ ਦ ਰੁਖ ਸਰਾਇਰਾ=ਸਿਧਾ ਅਤੇ ਦੀਰਘ= ਉੱਚਾ ਅਤੇ ਮੁਚ=ਮੋਟਾ ਹੁੰਦਾ ਹੈ ।

## ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥

ਅਰਥ—ਉਹਦੇ ਉਤੇ ਜਿਹੜੇ ਫਲ ਖਾਣ ਦੀ ਆਸ ਕਰ ਕੇ ਆਉਂਦੇ ਹਨ, ਉਹ ਨਿਰਾਸ ਹੋ ਕੇ ਕਿਧਰੇ ਚਲੇ ਜਾਂਦੇ ਹਨ ।

## ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥

ਅਰਥ—ਕਿਉਂਕਿ ਉਸ ਦੇ ਫਲ ਫਿਕੇ, ਫੁਲ ਬਕਬਕੇ ਹੁੰਦੇ ਹਨ ਅਤੇ ਪੱਤੇ ਵੀ ਕੰਮ ਨਹੀਂ ਆਉਂਦੇ ਹਨ ।

## ਮਿਠਤੁ ਨੀਵੀ ਨਾਨਕਾ
## ਗੁਣ ਚੰਗਿਆਈਆ ਤਤੁ ॥

ਅਰਥ—ਸਤਿਗੁਰੂ ਜੀ ਆਖਦੇ ਹਨ—ਜੋ ਮਿਠਤ ਵਾਲੀ ਤੇ ਨੀਵੀਂ ਬੇਰੀ ਹੈ ਤਤੁ=ਤਿਸ ਦੇ ਗੁਣ ਤੇ ਚੰਗਿਆਈਆਂ ਨਹੀਂ ਆਖੀਆਂ ਜਾਂਦੀਆਂ ਹਨ।

ਇਵੇਂ ਹੀ ਪਖੰਡੀ ਸਾਧ ਸਿਧਾਂ ਤੇ ਵਡਿਆਈ ਅਤੇ ਚੇਲਿਆਂ ਵਾਲਾ ਹੁੰਦਾ ਹੈ। ਪਰ ਉਹਦੇ ਕੋਲ ਜਿਹੜੇ ਮੁਕਤੀ ਦੀ ਇੱਛਾ ਕਰ ਕੇ ਆਉਂਦੇ ਹਨ ਉਹ ਕਿਧਰੇ ਨਿਰਾਸੇ ਹੋ ਕੇ ਜਾਂਦੇ ਹਨ। ਕਿਉਂਕਿ ਉਸ ਦੇ ਬਚਨ ਵੀ ਪ੍ਰੇਮ ਤੋਂ ਬਿਨਾਂ ਫਿਕੇ ਤੇ ਕਰਮਾਂ ਰੂਪ ਫਲ ਵੀ ਸਕਾਮਤਾ ਕਰ ਕੇ ਬਕਬਕੇ ਅਤੇ ਗੁਣਾਂ ਰੂਪ ਪੱਤੇ ਵੀ ਕਿਸੇ ਕੰਮ ਨਹੀਂ ਆਉਂਦੇ। ਸਤਿਗੁਰੂ ਜੀ ਆਖਦੇ ਹਨ, ਜਿਨ੍ਹਾਂ ਦੀ ਬਾਣੀ ਮਿਠੀ ਤੇ ਨਿਮਰਤਾ ਵਾਲੀ ਤੇ ਗੁਣਾਂ ਦੀਆਂ ਵੀ ਚੰਗਿਆਈਆਂ ਹਨ, ਉਨ੍ਹਾਂ ਕੋਲੋਂ ਤਤ ਸ੍ਰੂਪ ਦੀ ਵਿਚਾਰ ਮਿਲਦੀ ਹੈ।

## ਸਭੁ ਕੋ ਨਿਵੈ ਆਪ ਕਉ
## ਪਰ ਕਉ ਨਿਵੈ ਨ ਕੋਇ ॥

ਅਰਥ—ਸਭ ਕੋਈ ਆਪਣੇ ਮਤਲਬ ਨੂੰ ਨਿਉਂਦਾ ਹੈ, ਪਰਉਪਕਾਰ ਨੂੰ ਕੋਈ ਨਹੀਂ ਨਿਉਂਦਾ ਹੈ।

## ਧਰਿ ਤਾਰਾਜੂ ਤੋਲੀਐ
## ਨਿਵੈ ਸੁ ਗਉਰਾ ਹੋਇ ॥

ਅਰਥ—ਜੇਕਰ ਵਿਚਾਰ ਤੱਕੜੀ ਉਤੇ ਧਰ ਕੇ ਤੋਲੀਏ ਤਾਂ ਜੋ ਨਿਉਂਦਾ ਹੈ, ਉਹ ਭਾਰਾ ਹੁੰਦਾ ਹੈ।

## ਅਪਰਾਧੀ ਦੂਣਾ ਨਿਵੈ
## ਜੋ ਹੰਤਾ ਮਿਰਗਾਹਿ ॥

ਅਰਥ—(ਪਰ ਇਹ ਗੱਲ ਵੀ ਵਿਚਾਰਨ ਦੀ ਹੈ ਕਿ) ਅਪਰਾਧ ਕਰਨ ਵਾਲਾ ਵੀ ਦੂਣਾ ਨਿਉਂਦਾ ਹੈ, ਜਿਵੇਂ ਹਰਨਾਂ ਨੂੰ ਹੰਤਾ=ਮਾਰਨ ਵਾਲਾ ਫੰਧਕ।

## ਸੀਸਿ ਨਿਵਾਇਐ ਕਿਆ ਥੀਐ
## ਜਾ ਰਿਦੈ ਕੁਸੁਧੇ ਜਾਹਿ ॥੧॥

ਅਰਥ—(ਤਾਂ ਦਸੋ) ਸਿਰ ਦੇ ਨਿਵਾਇਆਂ ਕੀ ਹੋਵੇਗਾ ਜੇ ਹਿਰਦਾ ਹੀ ਉਲਟ ਰਸਤੇ ਜਾਂਦਾ ਹੈ ? ਅਰਥਾਤ ਕੁਟਲਤਾਈ ਨਾਲ ਨਿਉਣਾ ਕਿਸੇ ਅਰਥ ਨਹੀਂ ਤੇ ਪ੍ਰੇਮ ਦਾ ਨਿਉਣਾ ਲਾਭਕਾਰੀ ਹੈ ॥੧॥

ਮ: ੧ ॥

## ਪੜਿ ਪੁਸਤਕ ਸੰਧਿਆ ਬਾਦੰ ॥

ਅਰਥ—ਪੁਸਤਕਾਂ ਪੜ੍ਹਨੀਆਂ, ਸੰਧਿਆ ਕਰਨੀ ਤੇ ਵਾਦ ਕਰਨੇ।

## ਸਿਲ ਪੂਜਸਿ ਬਗੁਲ ਸਮਾਧੰ ॥

ਅਰਥ—ਪੱਥਰਾਂ ਨੂੰ ਪੂਜਣਾ ਤੇ ਬਗਲ ਸਮਾਧੀ ਲਾਉਣੀ।

## ਮੁਖਿ ਝੂਠ ਬਿਭੂਖਣ ਸਾਰੰ ॥

ਅਰਥ—ਮੂੰਹੋਂ ਝੂਠ ਤੇ ਸੁਚੇ ਗਹਿਣੇ ਵਾਂਗੂੰ ਸਰੇਸ਼ਟ ਭਾਵ—ਸੱਚ ਬਣਾ ਕੇ ਬੋਲਣਾ।

## ਤ੍ਰੈਪਾਲ ਤਿਹਾਲ ਬਿਚਾਰੰ ॥

ਅਰਥ—'ਤ੍ਰੈ' ਪਦੀ ਗਾਇਤ੍ਰੀ ਨੂੰ ਤਿੰਨੇ ਵੇਲੇ ਵਿਚਾਰਨਾ ।

**ਗਲਿ ਮਾਲਾ ਤਿਲਕੁ ਲਿਲਾਟੰ ॥**

ਅਰਥ—ਗਲ ਵਿਚ ਮਾਲਾ (ਪਾਣੀ ਤੇ) ਮੱਥੇ ਉਤੇ ਤਿਲਕ ਲਾਉਣਾ ।

**ਦੁਇ ਧੋਤੀ ਬਸਤ੍ਰ ਕਪਾਟੰ ॥**

ਅਰਥ—ਦੋ ਧੋਤੀਆਂ (ਰਖਣੀਆਂ ਤੇ) ਕਪਾਟੰ=ਮੱਥੇ ਉਤੇ ਬਸਤ੍ਰ ਰਖਣਾ ।

**ਜੇ ਜਾਣਸਿ ਬ੍ਰਹਮੰ ਕਰਮੰ ॥**

ਅਰਥ—(ਪਰ) ਜਿਹੜਾ ਬ੍ਰਹਮ (ਦੇ ਜਾਣਨ ਦੇ) ਕਰਮਾਂ ਨੂੰ ਜਾਣਦਾ ਹੈ ।

**ਸਭਿ ਫੋਕਟ ਨਿਸਚਉ ਕਰਮੰ ॥**

ਅਰਥ—ਉਸ ਦੇ ਨਿਸਚੇ (ਵਿਚ ਤਾਂ ਪਿਛੇ ਕਹੇ ਹੋਏ) ਸਾਰੇ ਕਰਮ ਹੀ ਫੋਕਟ=ਝੂਠੇ ਹਨ ।

**ਕਹੁ ਨਾਨਕ ਨਿਹਚਉ ਧਿਆਵੈ ॥**

ਅਰਥ—ਸਤਿਗੁਰੂ ਜੀ ਆਖਦੇ ਹਨ, ਨਿਸਚੇ ਕਰ ਕੇ ਵਾਹਿਗੁਰੂ ਨੂੰ ਧਿਆਵੇ । ਤਾਂ ਉਸ ਨੂੰ ਜਾਣ ਸਕੀਦਾ (ਹੈ ਪਰ) ।

**ਵਿਣੁ ਸਤਿਗੁਰ ਵਾਟ ਨ ਪਾਵੈ ॥੨॥**

ਅਰਥ—ਸਤਿਗੁਰੂ ਤੋਂ ਬਿਨਾਂ (ਧਿਆਉਣ ਦਾ) ਰਸਤਾ ਨਹੀਂ ਪਾਇਆ ਜਾਂਦਾ ॥੨॥

ਪਉੜੀ ॥

**ਕਪੜੁ ਰੂਪੁ ਸੁਹਾਵਣਾ**

## ਛਡਿ ਦੁਨੀਆ ਅੰਦਰਿ ਜਾਵਣਾ ॥

ਅਰਥ—ਕਪੜੇ ਤੇ ਸੁੰਦਰ ਰੂਪ ਤਾਂ ਦੁਨੀਆਂ ਅੰਦਰ ਹੀ ਛੱਡ ਕੇ ਚਲੇ ਜਾਣਾ ਹੈ ।

## ਮੰਦਾ ਚੰਗਾ ਆਪਣਾ
## ਆਪੇ ਹੀ ਕੀਤਾ ਪਾਵਣਾ ॥

ਅਰਥ—ਆਪਣਾ ਕੀਤਾ ਹੋਇਆ ਮੰਦਾ ਚੰਗਾ ਜੋ ਕੰਮ ਹੈ ਉਸ ਦਾ ਫਲ ਆਪੇ ਹੀ ਪਾਣਾ ਹੈ ।

## ਹੁਕਮ ਕੀਏ ਮਨਿ ਭਾਵਦੇ
## ਰਾਹਿ ਭੀੜੈ ਅਗੈ ਜਾਵਣਾ ॥

ਅਰਥ—ਜਿਨ੍ਹਾਂ ਨੇ ਮਨ ਭਾਉਂਦੇ ਹੁਕਮ ਕੀਤੇ ਹਨ, ਉਹਨਾਂ ਨੇ ਭੀੜੇ ਰਾਹ ਥਾਣੀ ਜਾਣਾ ਹੈ ।

## ਨੰਗਾ ਦੋਜਕਿ ਚਾਲਿਆ
## ਤਾ ਦਿਸੈ ਖਰਾ ਡਰਾਵਣਾ ॥

ਅਰਥ—ਜੀਵ ਜਦ ਨੰਗਾ ਹੋ ਕੇ ਨਰਕਾਂ ਨੂੰ ਚਲਿਆ ਤਾਂ ਵਡਾ ਡਰਾਉਣ ਵਾਲਾ ਜਮ ਇਸ ਨੂੰ ਦਿਸੇਗਾ ।

## ਕਰਿ ਅਉਗਣ ਪਛੋਤਾਵਣਾ ॥੧੪॥

ਅਰਥ—ਔਗੁਣ ਕਰਨ ਵਾਲਾ ਪਛੋਤਾਉਂਦਾ ਹੈ ॥੧੪॥

ਸਲੋਕੁ ਮਃ ੧ ॥

## ਦਇਆ ਕਪਾਹ ਸੰਤੋਖੁ ਸੂਤੁ

## ਜਤੁ ਗੰਢੀ ਸਤੁ ਵਟੁ ॥

ਅਰਥ—ਦਇਆ ਦੀ ਕਪਾਹ, ਸੰਤੋਖ ਦਾ ਸੂਤਰ, ਜਤ ਦੀਆਂ ਗੰਢਾਂ ਤੇ ਸਤ ਦਾ ਵਟ ਚੜ੍ਹਿਆ ਹੋਇਆ ਹੈ ।

## ਏਹੁ ਜਨੇਊ ਜੀਅ ਕਾ
## ਹਈ ਤ ਪਾਡੇ ਘਤੁ ॥

ਅਰਥ—ਹੇ ਪਾਂਡੇ ! ਜੀਵ ਦਾ ਜੰਞੂ ਇਹ ਹੈ, ਜੇਕਰ ਤੇਰੇ ਪਾਸ ਹੈ ਤਾਂ ਸਾਡੇ ਗਲ ਵਿਚ ਘਤੁ-ਪਾਓ ।

## ਨਾ ਏਹੁ ਤੁਟੈ ਨ ਮਲੁ ਲਗੈ
## ਨਾ ਏਹੁ ਜਲੈ ਨ ਜਾਇ ॥

ਅਰਥ—ਇਹ ਜੰਞੂ ਨਾ ਤੁਟੇਗਾ, ਨਾ ਇਸ ਨੂੰ ਮੈਲ ਲਗੇਗੀ ਅਤੇ ਨਾ ਹੀ ਇਹ ਸੜਦਾ ਅਤੇ ਨਾ ਹੀ ਜਾਂਦਾ ਹੈ ।

## ਧੰਨੁ ਸੁ ਮਾਣਸ ਨਾਨਕਾ
## ਜੋ ਗਲਿ ਚਲੇ ਪਾਇ ॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਹ ਮਨੁਖ ਧੰਨ ਹਨ ਜੋ ਇਹ ਜੰਞੂ ਗਲ ਵਿਚ ਪਾਏ ਚਲੇ ਹਨ ।

## ਚਉਕੜਿ ਮੁਲਿ ਅਣਾਇਆ
## ਬਹਿ ਚਉਕੈ ਪਾਇਆ ॥

ਅਰਥ—ਇਸ ਤੋਂ ਬਿਨਾਂ ਆਹ ਜੰਞੂ ਤਾਂ ਚਹੁੰ ਦਮੜੀਆਂ ਦਾ ਮੁਲ ਮੰਗਵਾਇਆ ਹੈ ਅਤੇ ਚਉਕੇ ਵਿਚ ਬਹਿ ਕੇ ਬ੍ਰਾਹਮਣ ਨੇ ਗਲ ਵਿਚ

ਪਾਇਆ ਹੈ ।

## ਸਿਖਾ ਕੰਨਿ ਚੜਾਈਆ
## ਗੁਰੁ ਬ੍ਰਾਹਮਣੁ ਥਿਆ ॥

ਅਰਥ—ਅਤੇ ਕੰਨ ਵਿਚ ਸਿਖਿਆ ਦਾ ਮੰਤਰ ਚੜ੍ਹਾਇਆ ਅਤੇ ਗੁਰੂ ਬ੍ਰਾਹਮਣ ਹੋਇਆ ਹੈ ।

## ਓਹੁ ਮੁਆ ਓਹੁ ਝੜਿ ਪਇਆ
## ਵੇਤਗਾ ਗਇਆ ॥੧॥

ਅਰਥ—ਜਦ ਉਹ ਮਨੁਖ ਮੋਇਆ ਤਾਂ ਓਹ ਜੰਞੂ ਝੜ ਪਿਆ ਅਤੇ ਫਿਰ ਜੀਵ 'ਵੇਤਗਾ' ਜੰਞੂ ਤੋਂ ਬਿਨਾਂ ਹੋ ਕੇ ਪ੍ਰਲੋਕ ਵਿਚ ਗਿਆ ॥੧॥

ਮਃ ੧ ॥

## ਲਖ ਚੋਰੀਆ ਲਖ ਜਾਰੀਆ
## ਲਖ ਕੂੜੀਆ ਲਖ ਗਾਲਿ ॥

ਅਰਥ—ਲੱਖਾਂ ਚੋਰੀਆਂ ਕਰਦੇ, ਲਖ ਜਾਰੀਆਂ ਕਰਦੇ, ਲੱਖਾਂ ਝੂਠੀਆਂ (ਗੱਲਾਂ ਸੁਣਾਉਂਦੇ) ਅਤੇ ਲੱਖਾਂ ਹੀ ਗਾਲੀਆਂ (ਕਢਦੇ ਹਨ)।

## ਲਖ ਠਗੀਆ ਪਹਿਨਾਮੀਆ
## ਰਾਤਿ ਦਿਨਸੁ ਜੀਅ ਨਾਲਿ ॥

ਅਰਥ—ਲੱਖਾਂ ਹੀ ਠੱਗੀਆਂ ਅਤੇ ਪਹਿਨਾਮਗੀਆਂ (ਜੰਞੂ ਪਾ ਕੇ ਵੀ) ਜੀਵ ਦੇ ਨਾਲ ਰਾਤ ਦਿਨ ਲਗੀਆਂ ਰਹਿੰਦੀਆਂ ਹਨ ।

## ਤਗੁ ਕਪਾਹਹੁ ਕਤੀਐ

**ਬਾਮ੍ਣੁ ਵਟੇ ਆਇ ॥**

ਅਰਥ—ਤਗੁ=ਜੰਞੂ ਕਪਾਹ ਤੋਂ ਕੱਤਿਆ ਜਾਂਦਾ ਤੇ ਬ੍ਰਾਹਮਣ ਆਇ ਕੇ ਵਟਦਾ ਹੈ।

**ਕੁਹਿ ਬਕਰਾ ਰਿੰਨਿ੍ ਖਾਇਆ**
**ਸਭੁ ਕੋ ਆਖੈ ਪਾਇ ॥**

ਅਰਥ—ਜਦ ਬਕਰਾ ਕੁਹ ਕੇ ਰਿੰਨ੍ਹਿਆ ਤੇ ਖਾਧਾ ਤਾਂ ਸਭ ਕੋਈ ਆਖਦਾ ਹੈ ਕਿ ਜੰਞੂ ਪਾਇਆ ਹੈ।

**ਹੋਇ ਪੁਰਾਣਾ ਸੁਟੀਐ**
**ਭੀ ਫਿਰਿ ਪਾਈਐ ਹੋਰੁ ॥**

ਅਰਥ—(ਜਦ ਉਹ) ਪੁਰਾਣਾ ਹੋਇਆ ਤਾਂ ਸੁਟਿਆ ਜਾਂਦਾ ਹੈ ਅਤੇ ਫਿਰ ਹੋਰ ਪਾਇਆ (ਇਕੁਰ ਹੀ ਉਹ ਟੁੱਟਾ ਹੋਰ ਪਾਇਆ)।

**ਨਾਨਕ ਤਗੁ ਨ ਤੁਟਈ**
**ਜੇ ਤਗਿ ਹੋਵੈ ਜੋਰੁ ॥੨॥**

ਅਰਥ—ਸਤਿਗੁਰੂ ਜੀ ਆਖਦੇ ਹਨ, ਜੇਕਰ ਜੰਞੂ ਵਿਚ ਜ਼ੋਰ ਹੋਵੇ ਤਾਂ ਜੰਞੂ ਕਦੇ ਵੀ ਨਾ ਟੁੱਟੇਗਾ ॥੨॥

ਮ: ੧ ॥

**ਨਾਇ ਮੰਨਿਐ ਪਤਿ ਊਪਜੈ**
**ਸਾਲਾਹੀ ਸਚੁ ਸੂਤੁ ॥**

ਅਰਥ—ਨਾਮ ਦੇ ਮੰਨਣ ਰੂਪ ਪਤਿ=ਕਪਾਹ ਪੈਦਾ ਹੋਵੇ ਅਤੇ ਸੱਚੇ ਦੀ ਸਲਾਹਣਾ ਸੂਤਰ ਹੋਵੇ।

# ਦਰਗਹ ਅੰਦਰਿ ਪਾਈਐ
# ਤਗੁ ਨ ਤੂਟਸਿ ਪੂਤ ॥੩॥

ਅਰਥ—ਐਸਾ ਪੂਤ=ਪਵਿਤਰ ਜੰਞੂ ਪਾਈਏ ਤਾਂ ਦਰਗਾਹ ਅੰਦਰ ਜਾ ਕੇ ਵੀ ਨਹੀਂ ਟੁੱਟਦਾ ॥੩॥

ਮ: ੧ ॥

# ਤਗੁ ਨ ਇੰਦ੍ਰੀ ਤਗੁ ਨ ਨਾਰੀ ॥

ਅਰਥ—ਇੰਦ੍ਰੀ=ਲਿੰਗ ਇੰਦਰੇ ਨੂੰ ਜੰਞੂ ਨਹੀਂ ਪਾਇਆ ਅਰਥਾਤ ਪਰ ਇਸਤਰੀ ਵਲੋਂ ਨਹੀਂ ਰੋਕਿਆ ਤੇ ਨਾ ਹੀ ਇਸਤਰੀ ਨੂੰ ਜੰਞੂ ਪਾਇਆ ਹੈ ।

# ਭਲਕੇ ਥੁਕ ਪਵੈ ਨਿਤ ਦਾੜੀ ॥

ਅਰਥ—ਇਹਨਾਂ ਵਿਕਾਰਾਂ ਕਰਕੇ ਦਾਹੜੀ ਉਤੇ ਸਦਾ ਰੋਜ਼ ਦਾ ਰੋਜ਼ ਥੁਕਾਂ ਪੈਣਗੀਆਂ ਅਰਥਾਤ ਵਿਕਾਰਾਂ ਵਲੋਂ ਨਾ ਰੁਕਣ ਕਰਕੇ ਰੋਜ ਹੀ ਲਾਹਨਤਾਂ ਮਿਲਦੀਆਂ ਹਨ ।

# ਤਗੁ ਨ ਪੈਰੀ ਤਗੁ ਨ ਹਥੀ ॥

ਅਰਥ—ਪੈਰਾਂ ਵਿਚ ਜੰਞੂ ਨਹੀਂ, ਹੱਥਾਂ ਵਿਚ ਜੰਞੂ ਨਹੀਂ ।

# ਤਗੁ ਨ ਜਿਹਵਾ ਤਗੁ ਨ ਅਖੀ ॥

ਅਰਥ—ਜੀਭ ਵਿਚ ਜੰਞੂ ਨਹੀਂ, ਅੱਖਾਂ ਵਿਚ ਜੰਞੂ ਨਹੀਂ ਪਾਇਆ।

# ਵੇਤਗਾ ਆਪੇ ਵਤੈ ॥

ਅਰਥ—ਆਪ ਤਾਂ ਜੰਞੂ ਤੋਂ ਬਿਨਾਂ ਵਤੈ=ਫਿਰਦਾ ਹੈਂ ।

# ਵਟਿ ਧਾਗੇ ਅਵਰਾ ਘਤੈ ॥

ਅਰਥ—ਅਤੇ ਧਾਗੇ ਵਟ ਕੇ ਹੋਰਨਾਂ ਦੇ ਗਲ ਪਾਉਂਦਾ ਹੈਂ ।

**ਲੈ ਭਾੜਿ ਕਰੇ ਵੀਆਹੁ ॥**

ਅਰਥ—*ਭਾੜਾ ਲੈ ਕੇ ਵਿਆਹ ਕਰਾਉਂਦਾ ਹੈਂ ।

**ਕਢਿ ਕਾਗਲੁ ਦਸੇ ਰਾਹੁ ॥**

ਅਰਥ—ਅਤੇ ਕਾਗਲੁ=ਪਤ੍ਰੀ ਕਢ ਕੇ (ਦੂਜਿਆਂ ਨੂੰ) ਰਾਹੁ ਦਸਦਾ ਹੈਂ ।

**ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥**

ਅਰਥ— ਹੇ ਲੋਕੋ ! ਸੁਣੋ ਅਤੇ ਇਹ ਅਸਚਰਜ ਦੇਖੋ ।

**ਮਨਿ ਅੰਧਾ ਨਾਉ ਸੁਜਾਣੁ ॥੪॥**

---

** ਹਿੰਦੀ ਅਰ ਪੰਜਾਬੀ ਦੋਹਾਂ ਕੋਸ਼ਾਂ ਵਿਚ ਭਾੜ ਦਾ ਇਹ ਅਰਥ ਹੈ— ਉਹ ਮਜ਼ਦੂਰੀ ਜਾਂ ਭਾੜਾ ਜੋ ਵੇਸਵਾ ਨੂੰ ਬੁਰੇ ਕੰਮ ਦੇ ਬਦਲੇ ਦਿਤਾ ਜਾਵੇ । ਅਰ ਇਹ ਵੀ ਦਸਿਆ ਹੈ ਕਿ ਪੇਸ਼ੇ ਦੀ ਮਜ਼ਦੂਰੀ ਕੰਜਰੀ ਲਈ ਭਾੜਾ ਨਹੀਂ, ਪਰ ਉਹਨਾਂ ਲਈ ਜੋ ਉਸ ਤੋਂ ਮੰਦਾ ਕਰਮ ਕਰਵਾ ਕੇ ਉਸ ਦੀ ਮਜ਼ਦੂਰੀ ਆਪ ਖਾਂਦੇ ਹਨ । ਇਸ ਖਿਆਲ ਤੋਂ ਨਤੀਜਾ ਨਿਕਲ ਸਕਦਾ ਹੈ ਕਿ ਬ੍ਰਾਹਮਣਾਂ ਦਾ ਵਿਆਹ ਸਮੇਂ ਦਾ ਦਾਨ ਲੈਣਾ ਕੈਸਾ ਬੁਰਾ ਹੈ । ਕਿਉਂ ? ਵਿਆਹ ਪਵਿੱਤਰ ਮਰਿਆਦਾ ਹੈ । ਇਸ ਪਵਿਤਰ ਕੰਮ ਦੀ ਮਜ਼ਦੂਰੀ ਲੈਣੀ ਉਸ ਮਰਿਆਦਾ ਦੀ ਪਵਿਤਰਤਾ ਦਾ ਖ਼ੂਨ ਕਰਨਾ ਹੈ, ਅਰ ਉਸ ਪਵਿੱਤਰਤਾ ਨੂੰ ਵੇਸਵਾ ਦੇ ਪੇਸ਼ੇ ਦੇ ਤੁਲ ਕਰ ਦੇਣਾ ਹੈ । ਕਿਉਂਕਿ ਸੁਹਾਗਣ ਤੇ ਵੇਸਵਾ ਵਿਚ ਪਵਿਤਰਤਾ ਦਾ ਹੀ ਫਰਕ ਹੈ ਅਰ ਉਹ ਪਵਿਤਰਤਾ ਮੁਲ ਲੈਣੇ ਤੇ ਉੱਡ ਜਾਂਦੀ ਹੈ । ਭਾੜਾ ਬ੍ਰਾਹਮਣਾਂ ਦੀ ਮਜ਼ਦੂਰੀ ਨੂੰ ਇਸ ਕਰ ਕੇ ਵੀ ਕਿਹਾ ਹੈ ਕਿ ਓਹ ਦਾਨ ਵੀ ਨਹੀਂ ਹੈ । ਦਾਨ ਪ੍ਰਸੰਨਤਾ ਨਾਲ ਦੇਈਦਾ ਹੈ, ਪਰ ਇਹ ਬ੍ਰਾਹਮਣ ਗਲ ਵਿਚ ਅੰਗੂਠ ਦੇ ਕੇ ਲੈਂਦੇ ਹਨ ।*

*ਜਦ ਬ੍ਰਾਂਹਮਣ ਦੇ ਟਕੇ ਲੈਣੇ ਪਾਪ ਰੂਪ ਹਨ, ਤਦ ਧੀਆਂ ਵੇਚਣ ਵਾਲੇ ਗੁਰਮਤਿ ਵਿਚ ਕੈਸੇ ਨੀਚ ਸਮਝਣੇ ਚਾਹੀਦੇ ਹਨ ?*

ਅਰਥ—ਕਿ ਮਨ ਦੇ ਅੰਨ੍ਹੇ ਦਾ ਨਾਉ ਚਤਰ ਹੈ ॥੪॥

ਪਉੜੀ ॥

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ**
**ਤਾ ਸਾਈ ਕਾਰ ਕਰਾਇਸੀ ॥**

ਅਰਥ—ਜਦ ਸਾਹਿਬ ਦਿਆਲ ਹੋਵੇ ਕ੍ਰਿਪਾ ਕਰੇ ਤਾਂ ਤੇ ਉਹ ਆਪ ਭਗਤੀ ਦੀ ਕਾਰ ਕਰਾਵੇਗਾ ।

**ਸੋ ਸੇਵਕੁ ਸੇਵਾ ਕਰੇ**
**ਜਿਸ ਨੋ ਹੁਕਮੁ ਮਨਾਇਸੀ ॥**

ਅਰਥ—ਜਿਸ ਨੂੰ ਆਪਣਾ ਹੁਕਮ ਮਨਾਵੇਗਾ ਓਹੀ ਸੇਵਕ ਸੇਵਾ ਕਰੇਗਾ ।

**ਹੁਕਮਿ ਮੰਨਿਐ ਹੋਵੈ ਪਰਵਾਣੁ**
**ਤਾ ਖਸਮੈ ਕਾ ਮਹਲੁ ਪਾਇਸੀ ॥**

ਅਰਥ—ਹੁਕਮ ਮੰਨ ਕੇ ਪਰਵਾਣ ਹੋਵੇ ਤਾਂ ਵਾਹਿਗੁਰੂ ਦਾ ਸ੍ਰੂਪ ਪਾਵੇਗਾ ।

**ਖਸਮੈ ਭਾਵੈ ਸੋ ਕਰੇ**
**ਮਨਹੁ ਚਿੰਦਿਆ ਸੋ ਫਲੁ ਪਾਇਸੀ ॥**

ਅਰਥ—ਜੋ ਵਾਹਿਗੁਰੂ ਨੂੰ ਭਾਵੇ ਉਹ ਕੰਮ ਕਰੇ ਤਾਂ ਮਨ ਇੱਛਤ ਫਲ ਪਾਵੇਗਾ ।

**ਤਾ ਦਰਗਹ ਪੈਧਾ ਜਾਇਸੀ ॥੧੫॥**

ਅਰਥ—ਤਾਂ ਹੀ ਦਰਗਾਹ ਵਿਚ ਵਡਿਆਇਆ ਜਾਵੇਗਾ ॥੧੫॥

ਸਲੋਕ ਮ: ੧ ॥

## ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥

ਅਰਥ—ਗਊ ਤੇ ਬ੍ਰਾਹਮਣ ਨੂੰ ਕਰੁ=ਡੰਡ ਲਾਉਂਦਾ ਹੈ ਅਤੇ ਗੋਹੇ ਲੇਪਨ ਨਾਲ ਤਰਨਾ ਚਾਹੁੰਦਾ ਹੈ ਤਾਂਤੇ ਹੇ ਭਾਈ! ਗੋਹੇ ਦੇ ਲੇਪਨ ਕਰ ਕੇ ਤਰਿਆ ਨਹੀਂ ਜਾਣਾ।

## ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥

ਅਰਥ—ਧੋਤੀ, ਟਿੱਕਾ ਤੇ ਜਪਮਾਲੀ ਹੱਥ ਵਿਚ ਲੈ ਕੇ ਮੰਤਰ ਪੜ੍ਹਦਾ ਹੈ ਪਰ ਧਾਨ ਮਲੇਛਾਂ ਵਾਲਾ ਖਾਂਦਾ ਹੈ।

## ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥

ਅਰਥ—ਅੰਦਰ ਬਹਿ ਕੇ ਪੂਜਾ ਕਰਦਾ ਤੇ ਬਾਹਰ ਬਹਿ ਕੇ ਕਤੇਬਾਂ ਪੜ੍ਹਦਾ ਹੈ ਤਾਂ ਤੇ ਹੇ ਭਾਈ! ਇਹ ਸੰਜਮ ਤੁਰਕਾਂ ਦਾ ਹੈ।

## ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥੧॥

ਅਰਥ—ਪਖੰਡਾਂ ਨੂੰ ਛੱਡ ਦੇਹੁ, ਨਾਮ ਜਪਣੇ ਕਰਕੇ ਤਰ ਜਾਵੇਂਗਾ ॥੧॥

ਮ: ੧ ॥

## ਮਾਣਸ ਖਾਣੇ ਕਰਹਿ ਨਿਵਾਜ ॥

ਅਰਥ—'ਮਨੁਖ' ਵੱਢੀ ਖਾਣੇ ਨਿਵਾਜਾਂ ਕਰਦੇ ਹਨ ।

## ਛੁਰੀ ਵਗਾਇਨਿ ਤਿਨ ਗਲਿ ਤਾਗ ॥

ਅਰਥ—ਜਿਨ੍ਹਾਂ ਦੇ ਗਲ ਵਿਚ ਤਾਗ=ਜੰਞੂ ਹਨ, ਉਹਨਾਂ ਦਾ ਕੰਮ ਜੀਵਾਂ ਦੇ ਗਲਾਂ ਉਤੇ ਛੁਰੀਆਂ ਵਗਾਉਣੀਆਂ ਹੈ ।

## ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥

ਅਰਥ—ਅਤੇ ਉਹਨਾਂ ਦੇ ਘਰੀਂ ਜਾ ਕੇ ਬ੍ਰਾਹਮਣ ਨਾਦ=ਸੰਖ ਪੂਰਦੇ ਹਨ ।

## ਉਨ੍ਹਾ ਭਿ ਆਵਹਿ ਓਈ ਸਾਦ ॥

ਅਰਥ—(ਇਸ ਲਈ) ਉਹਨਾਂ (ਬ੍ਰਾਹਮਣਾਂ ਨੂੰ) ਵੀ ਓਹੀ ਸਵਾਦ ਆਉਂਦਾ ਹੈ, ਭਾਵ ਮਲੇਛਾਂ ਦੇ ਧਾਨ ਦਾ ਸਵਾਦ ਹੀ ਬ੍ਰਾਹਮਣਾਂ ਵਿਚ ਹੈ ।

## ਕੂੜੀ ਰਾਸਿ ਕੂੜਾ ਵਾਪਾਰੁ ॥

ਅਰਥ—ਝੂਠ ਦੀ ਰਾਸ ਵਾਲੇ ਝੂਠਾ ਹੀ ਵਪਾਰ ਕਰਦੇ ਹਨ ।

## ਕੂੜੁ ਬੋਲਿ ਕਰਹਿ ਆਹਾਰੁ ॥

ਅਰਥ—ਅਤੇ ਝੂਠ ਬੋਲ ਕੇ ਹੀ ਅਹਾਰ ਕਰਦੇ ਹਨ ।

## ਸਰਮ ਧਰਮ ਕਾ ਡੇਰਾ ਦੂਰਿ ॥

ਅਰਥ—ਸ਼ਰਮ ਤੇ ਧਰਮ ਦਾ ਡੇਰਾ ਦੂਰ ਹੈ ।

## ਨਾਨਕ ਕੂੜੁ ਰਹਿਆ ਭਰਪੂਰਿ ॥

ਅਰਥ—ਸਤਿਗੁਰੂ ਜੀ ਆਖਦੇ ਹਨ, ਝੂਠ ਹੀ ਭਰਪੂਰ ਹੋ ਰਿਹਾ ਹੈ ।

## ਮਥੈ ਟਿਕਾ ਤੇੜਿ ਧੋਤੀ ਕਖਾਈ ॥

ਅਰਥ—ਮੱਥੇ ਉਤੇ ਟਿੱਕਾ ਅਤੇ ਤੇੜ ਖਾਕੀ ਧੋਤੀ ਬ੍ਰਹਮ ਚਾਰੀਆਂ ਵਾਲੀ ਹੈ ।

**ਹਥਿ ਛੁਰੀ ਜਗਤ ਕਾਸਾਈ ॥**

ਅਰਥ—ਹੱਥ ਵਿਚ ਅਨਿਆਈ ਦੀ ਛੁਰੀ ਪਕੜ ਕੇ ਜਗਤ ਉਤੇ ਕਸਾਈ ਬਣਿਆ ਹੋਇਆ ਹੈ ।

**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥**

ਅਰਥ—ਨੀਲੇ ਕਪੜੇ ਪਾ ਕੇ ਪਰਵਾਣ ਹੁੰਦਾ ਹੈ ।

**ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥**

ਅਰਥ—ਅਤੇ ਮਲੇਛਾਂ ਦਾ ਧਾਨ ਲੈ ਕੇ ਪੁਰਾਣਾਂ ਦੀ ਪੂਜਾ ਕਰਦਾ ਹੈਂ।

**ਅਭਾਖਿਆ ਕਾ ਕੁਠਾ ਬਕਰਾ ਖਾਣਾ ॥**

ਅਰਥ—ਕਲਮੇ ਦਾ ਕੋਹਿਆ ਹੋਇਆ ਬਕਰਾ ਖਾਣਾ ਕਰਦਾ ਤੇ ਆਖਦਾ ਹੈ ਕਿ ਹੇ ਭਾਈਓ ਮੇਰੇ !

**ਚਉਕੇ ਉਪਰਿ ਕਿਸੈ ਨ ਜਾਣਾ ॥**

ਅਰਥ—ਚੌਂਕੇ ਉਤੇ ਕਿਸੇ ਭੀ ਨਾ ਜਾਣਾ ।

**ਦੇ ਕੈ ਚਉਕਾ ਕਢੀ ਕਾਰ ॥**

ਅਰਥ—ਚੌਂਕਾ ਦੇ ਕੇ ਚੁਫੇਰੇ ਲਕੀਰ ਕਢੀ ਹੋਈ ਹੈ ।

**ਉਪਰਿ ਆਇ ਬੈਠੇ ਕੂੜਿਆਰ ॥**

ਅਰਥ—ਅਤੇ ਉਤੇ ਝੂਠੇ ਬ੍ਰਾਹਮਣ ਆਇ ਬੈਠਦੇ ਹਨ ਅਤੇ ਆਖਦੇ

ਹਨ ।

**ਮਤੁ ਭਿਟੈ ਵੇ ਮਤੁ ਭਿਟੈ ॥**
**ਇਹੁ ਅੰਨੁ ਅਸਾਡਾ ਫਿਟੈ ॥**

ਅਰਥ—ਹੇ ਭਾਈ ! ਚੌਂਕੇ ਦੇ ਨਾਲ ਨਾ ਲਗੋ, ਹੇ ਭਾਈ ! ਮਤ ਭਿਟੈ= ਨਾ ਲਗੋ ਕਿਉਂਕਿ ਤੁਹਾਡੇ ਨਾਲ ਲਗਿਆਂ ਇਹ ਸਾਡਾ ਅੰਨ ਫਿਟ (ਖਰਾਬ ਹੋ) ਜਾਵੇਗਾ ।

**ਤਨਿ ਫਿਟੈ ਫੇੜ ਕਰੇਨਿ ॥**

ਅਰਥ—ਇਹੋ ਜਿਹੇ ਤਨ ਦੇ ਫਿਟੇ ਹੋਏ ਹੰਕਾਰ ਕਰਦੇ ਹਨ ।

**ਮਨਿ ਜੂਠੈ ਚੁਲੀ ਭਰੇਨਿ ॥**

ਅਰਥ—ਅਤੇ ਮਨ ਦੇ ਜੂਠੇ ਚੁਲੀਆਂ ਭਰਦੇ ਹਨ ।

**ਕਹੁ ਨਾਨਕ ਸਚੁ ਧਿਆਈਐ ॥**

ਅਰਥ—ਸਤਿਗੁਰੂ ਜੀ ਆਖਦੇ ਹਨ—ਸੱਚ ਨਾਮ ਧਿਆਈਏ ।

**ਸੁਚਿ ਹੋਵੈ ਤਾ ਸਚੁ ਪਾਈਐ ॥੨॥**

ਅਰਥ—ਪਰ ਹਿਰਦੇ ਦੀ ਸੁਚ ਹੋਵੇ ਤਾਂ ਸੱਚ ਨਾਮ ਪਾਈਦਾ ਹੈ ॥੨॥

ਪਉੜੀ ॥

**ਚਿਤੈ ਅੰਦਰਿ ਸਭੁ ਕੋ**
**ਵੇਖਿ ਨਦਰੀ ਹੇਠਿ ਚਲਾਇਦਾ ॥**

ਅਰਥ—ਵਾਹਿਗੁਰੂ ਦੇ ਚੇਤੇ ਅੰਦਰ ਹੀ ਸਭ ਕੋਈ ਹੈ ਅਤੇ ਨਦਰੀ ਆਪਣੀ ਵੇਖਿ=ਨਜ਼ਰ ਹੇਠਾਂ ਹੀ ਚਲਾਉਂਦਾ ਹੈ ।

## ਆਪੇ ਦੇ ਵਡਿਆਈਆ
## ਆਪੇ ਹੀ ਕਰਮ ਕਰਾਇਦਾ ॥

ਅਰਥ—ਆਪੇ ਹੀ ਵਡਿਆਈਆਂ ਦੇਂਦਾ ਹੈ ਅਤੇ ਆਪੇ ਹੀ ਕਰਮ ਕਰਾਉਂਦਾ ਹੈ ।

## ਵਡਹੁ ਵਡਾ ਵਡ ਮੇਦਨੀ
## ਸਿਰੇ ਸਿਰਿ ਧੰਧੈ ਲਾਇਦਾ ॥

ਅਰਥ—ਵਡਿਆਂ ਤੋਂ ਵਡੇ ਦੀ ਬਣਾਈ ਹੋਈ ਮੇਦਨੀ=ਦੁਨੀਆਂ ਵੀ ਵਡੀ (ਹੈ ਅਤੇ ਜੀਵਾਂ ਨੂੰ) ਸਿਰ ਸਿਰ ਪ੍ਰਤੀ ਧੰਧਿਆਂ ਵਿਚ ਲਾਉਂਦਾ ਹੈ ।

## ਨਦਰਿ ਉਪਠੀ ਜੇ ਕਰੇ
## ਸੁਲਤਾਨਾ ਘਾਹੁ ਕਰਾਇਦਾ ॥

ਅਰਥ—ਜੇਕਰ ਉਹ ਆਪਣੀ ਪੁਠੀ ਨਜ਼ਰ ਕਰੇ ਤਾਂ ਪਾਤਸ਼ਾਹ ਕੋਲੋਂ ਵੀ ਘਾਹ ਖੁਦਾਉਣਾ ਕਰਦਾ ਹੈ ।

## ਦਰਿ ਮੰਗਨਿ ਭਿਖ ਨ ਪਾਇਦਾ ॥੧੬॥

ਅਰਥ—ਅਤੇ ਫਿਰ ਦਰਵਾਜ਼ੇ ਤੋਂ ਮੰਗਿਆਂ ਹੋਇਆਂ ਨੂੰ ਵੀ ਭਿਖਿਆ ਕੋਈ ਨਹੀਂ ਪਾਉਂਦਾ ਹੈ ॥੧੬॥

ਸਲੋਕੁ ਮ: ੧ ॥

ਲੋਕਾਂ ਵਿਚ ਇਹ ਆਮ ਖਿਆਲ ਓਹਨਾਂ ਦਿਨਾਂ ਹੋਇਆ ਕਰਦਾ ਸੀ ਕਿ ਸਰਾਧ ਕੀਤਾ ਹੋਇਆ ਪਿਤਰਾਂ ਨੂੰ ਜਾ ਮਿਲਦਾ ਹੈ (ਭਾਵੇਂ ਅਜ ਕਲ੍ਹ ਵੀ ਹੈ ਪਰ ਉਨ੍ਹਾਂ ਦਿਨਾਂ ਨਾਲੋਂ ਘਟ ਹੈ) ਉਸ ਦੀ ਬਾਬਤ ਗੁਰੂ

ਜੀ ਫੈਸਲਾ ਕਰਦੇ ਹਨ, ਕਿ ਉਹ ਨਹੀਂ ਮਿਲਦਾ ਜੈਸਾ ਕਿ 'ਪਿਤਰ ਭੀ ਬਪੁਰੇ ਕਹੁ ਕਿਆ ਪਾਵੈ ਕਊਆ ਕੂਕਰ ਖਾਹੀ' ਭਲਾ ਜੇਕਰ ਦੁਰਜਨ ਤੋਸ ਨਯਾਸ ਅਨੁਸਾਰ ਮੰਨ ਲਵੋ ਤਾਂ ਜੋ ਸਿੱਟਾ ਨਿਕਲਦਾ ਹੈ ਉਸ ਦਾ ਇਸ ਸਲੋਕ ਵਿਚ ਵਰਨਣ ਹੈ, ਇਸ ਦੇ ਆਦਿ ਵਿਚ 'ਜੇ' ਪਦ ਸੰਸੇ ਵਾਚਕ ਹੋਣ ਕਰ ਕੇ ਦੁਰਜਨ ਤੋਸ ਨਯਾਯ ਦੀ ਪੂਰਨ ਸਿੱਧੀ ਹੁੰਦੀ ਹੈ।

## ਜੇ ਮੋਹਾਕਾ ਘਰੁ ਮੁਹੈ
## ਘਰੁ ਮੁਹਿ ਪਿਤਰੀ ਦੇਇ॥

ਅਰਥ—ਜੇਕਰ ਮੋਹਾਕਾ=ਚੋਰ ਲੋਕਾਂ ਦੇ ਘਰਾਂ ਨੂੰ ਮੁਹੈ=ਚੁਰਾਵੇ ਅਤੇ ਘਰਾਂ ਦੇ ਚੁਰਾਏ ਧਨ ਵਿਚੋਂ ਪਿਤਰਾਂ ਦੇ ਨਾਮ ਦੇ ਦੇਵੇ ਤਾਂ ਜਿਸ ਦੀ ਚੀਜ਼ ਚੁਰਾਈ ਹੈ ਉਸ ਦੇ ਪਿਤਰ ਵੀ ਉਥੇ ਹਨ ਅਤੇ ਚੁਰਾ ਕੇ ਦੇਣ ਵਾਲੇ ਦੇ ਪਿਤਰ ਵੀ ਉਥੇ ਹਨ, ਜਦ ਚੀਜ਼ ਦਾ ਪਾਰਸਲ ਗਿਆ ਤਾਂ ਝਗੜਾ ਪੈ ਜਾਵੇਗਾ ਇਕ ਕਹੇਗਾ ਇਹ ਮੇਰੇ ਪੁੱਤਰ ਨੇ ਦਿਤਾ ਹੈ ਦੂਜਾ ਕਹੇਗਾ ਮੇਰੇ ਪੁੱਤਰ ਨੇ ਮੈਨੂੰ ਦਾਨ ਕਰ ਕੇ ਭੇਜੀ ਹੈ ਇਸ ਦਸ਼ਾ ਵਿਚ ਹੁੰਦਿਆਂ ਹੋਇਆਂ ਉਹ ਦਿਤੀ ਹੋਈ।

## ਅਗੈ ਵਸਤੁ ਸਿਞਾਣੀਐ
## ਪਿਤਰੀ ਚੋਰ ਕਰੇਇ॥

ਅਰਥ—ਚੀਜ਼ ਅੱਗੇ ਜਾ ਕੇ ਸਿਞਾਣੀ ਜਾਵੇਗੀ (ਤਾਂ ਦੇਣ ਵਾਲਾ ਆਪ ਤਾਂ ਚੋਰ ਸੀ ਪਰ ਨਾਲ ਹੀ) ਪਿਤਰਾਂ ਨੂੰ ਚੋਰ ਕਰੇਇ=ਬਣਾਵੇਗਾ। ਜਦ ਇਹ ਫੈਸਲਾ ਹੋ ਗਿਆ ਕਿ ਚੀਜ਼ ਜ਼ਰੂਰ ਚੋਰੀ ਦੀ ਹੈ ਤਾਂ ਫਿਰ ਪੁਛ ਹੋਵੇਗੀ ਭਿਜਵਾਈ ਕਿਨ? ਤਾਂ ਉਥੇ ਭੇਜਣ ਵਾਲੇ ਦੇ ਪਿਤਰ ਵੀ ਵਿਚੇ ਹੋਵਣਗੇ ਤਾਂ ਆਖਿਆ ਜਾਵੇਗਾ ਇਸ ਦੇ ਪੁੱਤਰ ਨੇ ਭਿਜਵਾਈ ਹੈ, ਜਦ ਇਹ ਸਿਧ ਹੋ ਗਿਆ ਤਾਂ ਉਸ—

## ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥

ਅਰਥ—ਦਲਾਲ ਦੇ ਹੱਥ ਵੱਢੇ ਜਾਣਗੇ (ਧਰਮਰਾਜਾ) ਇਹ ਮੁਸਫੀ=ਇਨਸਾਫ ਕਰੇਗਾ। (ਬਸ ਸਿਧਾਂਤ ਨਿਕਲ ਆਇਆ ਕਿ ਇਕ ਚੋਰ ਨੇ ਆਪਣੇ ਪਿਤਰ ਵੀ ਚੋਰ ਕੀਤੇ ਤੇ ਭਿਜਵਾਣੇ ਵਾਲੇ ਦੇ ਹੱਥ ਵਢਵਾਏ ਪਰ ਇਹ ਉਹ ਪੱਖ ਹੈ, ਜਦ ਮਿਲ ਜਾਵੇ ਅਤੇ ਜਦ ਮਿਲੇ ਹੀ ਨਾ, ਫਿਰ ਵੀ ਕੋਈ ਫਲ ਨਹੀਂ, ਇਸ ਤਰ੍ਹਾਂ ਸਰਾਧ ਦਾ ਕਰਨਾ ਕੋਈ ਅਰਥ ਨਹੀਂ ਰਖਦਾ)। ਹੁਣ ਬਾਕੀ ਰਿਹਾ ਮਿਲਦਾ ਹੈ ਜਾਂ ਨਹੀਂ ਮਿਲਦਾ ਇਸ ਦਾ ਉੱਤਰ ਵੀ ਦੂਜੇ ਪਦ ਨਾਲ ਕਰ ਦਿਤਾ ਹੈ ਕਿ :—

## ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਜੇਕਰ ਅਗੇ ਮਿਲੇਗਾ ਵੀ ਤਾਂ ਉਸ ਨੂੰ ਮਿਲੇਗਾ ਜਿਹੜਾ ਖਟ ਘਾਲ ਕੇ ਦੇਵੇਗਾ, ਅਰਥਾਤ ਕਮਾਈ ਕਰ ਕੇ ਵੰਡ ਕੇ ਖਾਵੇ ਤਾਂ ਉਸ ਨੂੰ ਉਸ ਦਾ ਫਲ ਮਿਲੇ ਤਾਂ ਮਿਲੇ ਨਹੀਂ ਤਾਂ ਅਨੰਦ ॥੧॥

ਮ: ੧ ॥

## ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥

ਅਰਥ—ਜਿਵੇਂ ਜੋਰੂ=ਇਸਤਰੀ ਦੇ ਸਿਰ ਵਾਰੰਵਾਰ ਨਾਵਣੀ=ਰਿਤੂ ਆਉਂਦੀ ਹੈ (ਅਤੇ ਇਸੇ ਕਰਕੇ ਇਸਤਰੀ ਨੂੰ ਸੂਦਰ ਲਿਖਿਆ ਹੈ)।

## ਜੂਠੇ ਜੂਠਾ ਮੁਖਿ ਵਸੈ

## ਨਿਤ ਨਿਤ ਹੋਇ ਖੁਆਰੁ ॥

ਅਰਥ—ਇਵੇਂ ਹੀ ਜਿਨ੍ਹਾਂ ਝੂਠਿਆਂ ਦੇ ਮੂੰਹ ਵਿਚ ਝੂਠ ਵਸਦਾ ਹੈ ਓਹ ਰੋਜ਼ ਦਾ ਰੋਜ਼ ਖੁਆਰ ਹੁੰਦੇ ਹਨ ।

## ਸੂਚੇ ਏਹਿ ਨ ਆਖੀਅਹਿ
## ਬਹਨਿ ਜਿ ਪਿੰਡਾ ਧੋਇ ॥

ਅਰਥ—ਜਿਹੜੇ ਪਿੰਡਾ ਧੋ ਕੇ ਬਹਿ ਜਾਂਦੇ ਹਨ ਇਹ ਸੁੱਚੇ ਨਹੀਂ ਆਖੇ ਜਾਂਦੇ ।

## ਸੂਚੇ ਸੇਈ ਨਾਨਕਾ
## ਜਿਨ ਮਨਿ ਵਸਿਆ ਸੋਇ ॥੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਨ੍ਹਾਂ ਦੇ ਮਨ ਵਿਚ ਓਹੀ ਵਸਿਆ ਹੈ ਓਹੀ ਸੁਚੇ ਹਨ ॥੨॥

ਪਉੜੀ ॥

## ਤੁਰੇ ਪਲਾਣੇ ਪਉਣ ਵੇਗ
## ਹਰ ਰੰਗੀ ਹਰਮ ਸਵਾਰਿਆ ॥

ਅਰਥ—ਪੌਣ ਵਾਂਗੂੰ ਵੇਗ=ਛੇਤੀ ਚਲਣ ਵਾਲੇ, ਤੁਰੇ=ਘੋੜਿਆਂ ਨੂੰ ਪਲਾਣੇ=ਕਾਠੀਆਂ ਨਾਲ ਸਵਾਰਿਆ ਹੋਵੇ ਅਤੇ ਹਰੇਕ ਰੰਗੀ=ਤਰ੍ਹਾਂ ਦੀਆਂ ਹਰਮ=ਇਸਤਰੀਆਂ ਹੋਵਣ ।

## ਕੋਠੇ ਮੰਡਪ ਮਾੜੀਆ
## ਲਾਇ ਬੈਠੇ ਕਰਿ ਪਾਸਾਰਿਆ ॥

ਅਰਥ—ਅਤੇ ਕੋਠੇ, ਮੰਡਪ ਤੇ ਮਾੜੀਆਂ ਵਿਚ ਮਜਲਸ ਤੇ ਪਸਾਰਿਆਂ ਨੂੰ ਲਾਇ ਕਰ ਕੇ ਬੈਠੇ ।

**ਚੀਜ ਕਰਨਿ ਮਨਿ ਭਾਵਦੇ**
**ਹਰਿ ਬੁਝਨਿ ਨਾਹੀ ਹਾਰਿਆ ॥**

ਅਰਥ—ਮਨ ਭਾਉਂਦੇ ਚੀਜ਼=ਚੋਜ ਕਰੇ ਅਤੇ ਹਰੀ ਨੂੰ ਨਾ ਬੁਝਿਆ ਹੋਵੇ ਤਾਂ ਉਸ ਨੇ ਭੰਗ ਦੇ ਭਾੜੇ ਹੀ ਜਨਮ ਹਾਰਿਆ ਹੈ ।

**ਕਰਿ ਫੁਰਮਾਇਸਿ ਖਾਇਆ**
**ਵੇਖਿ ਮਹਲਤਿ ਮਰਣੁ ਵਿਸਾਰਿਆ ॥**

ਅਰਥ—ਹੁਕਮ ਕਰ ਕੇ ਖਾਂਦਾ ਅਤੇ ਮਲਾਹਿਤਾ (ਧੰਨ ਸੰਪਤਾ) ਨੂੰ ਵੇਖ ਕੇ ਮਰਨਾ ਵਿਸਾਰਿਆ ਹੈ ।

**ਜਰੁ ਆਈ ਜੋਬਨਿ ਹਾਰਿਆ ॥੧੭॥**

ਅਰਥ—ਜਰ=ਬੁਢੇਪੇ ਦੀ ਉਮਰ ਨੇੜੇ ਆਈ ਹੈ ਅਤੇ ਜੁਆਨੀ ਨੂੰ ਉਸ ਨੇ ਵਿਸ਼ਿਆਂ ਵਿਚ ਹਾਰਿਆ ਹੈ ॥੧੭॥

ਸਲੋਕੁ ਮਃ ੧ ॥

**ਜੇ ਕਰਿ ਸੂਤਕੁ ਮੰਨੀਐ**
**ਸਭ ਤੈ ਸੂਤਕੁ ਹੋਇ ॥**

ਅਰਥ—ਜੇਕਰ ਜਨਮ ਦਾ ਸੂਤਕ ਮੰਨੀਏ ਤਾਂ ਸਭਨਾਂ ਕੰਮਾਂ ਤੋਂ ਸੂਤਕ ਪੈਦਾ ਹੋਵੇਗਾ ।

**ਗੋਹੇ ਅਤੈ ਲਕੜੀ**
**ਅੰਦਰਿ ਕੀੜਾ ਹੋਇ ॥**

ਅਰਥ—ਕਿਉਂਕਿ ਗੋਹੇ ਅਤੇ ਲਕੜੀਆਂ ਅੰਦਰ ਵੀ ਕੀੜਾ ਹੁੰਦਾ ਹੈ। ਤਾਂ ਤੇ ਉਹਨਾਂ ਵਿਚ ਕੀੜੇ ਜੰਮਣ ਕਰ ਕੇ ਸੂਤਕ ਤੇ ਮਰਨ ਕਰ ਕੇ ਪਾਤਕ ਹੁੰਦਾ ਹੈ।

**ਜੇਤੇ ਦਾਣੇ ਅੰਨ ਕੇ**
**ਜੀਆ ਬਾਝੁ ਨ ਕੋਇ॥**

ਅਰਥ—ਅੰਨ ਦੇ ਜਿੰਨੇ ਦਾਣੇ ਹਨ ਜੀਵਾਂ ਤੋਂ ਬਿਨਾਂ ਕੋਈ ਦਾਣਾ ਨਹੀਂ ਹੈ।

**ਪਹਿਲਾ ਪਾਣੀ ਜੀਉ ਹੈ**
**ਜਿਤੁ ਹਰਿਆ ਸਭੁ ਕੋਇ॥**

ਅਰਥ—ਪਹਿਲਾਂ ਤਾਂ ਪਾਣੀ ਵਿਚ ਹੀ ਜੀਵ ਹੈ, ਜਿਸ ਕਰਕੇ ਸਭ ਕੋਈ ਹਰਿਆ ਹੁੰਦਾ ਹੈ।

**ਸੂਤਕੁ ਕਿਉ ਕਰਿ ਰਖੀਐ**
**ਸੂਤਕੁ ਪਵੈ ਰਸੋਇ॥**

ਅਰਥ—ਤਾਂ ਤੇ ਹੇ ਭਾਈ! ਇਹ ਸੂਤਕ ਕਿਸ ਤਰ੍ਹਾਂ ਰਖੀਐ=ਹਟਾਈਏ ਇਹ ਸੂਤਕ ਤਾਂ ਰਸੋਈ (ਲੰਗਰ ਖਾਨੇ) ਵਿਚ ਵੀ ਪੈਂਦਾ ਹੈ।

**ਨਾਨਕ ਸੂਤਕੁ ਏਵ ਨ ਉਤਰੈ**
**ਗਿਆਨੁ ਉਤਾਰੇ ਧੋਇ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ ਏਵ=ਇਸ ਤਰ੍ਹਾਂ ਸੂਤਕ ਨਹੀਂ ਉਤਰਦਾ ਕਿਉਂਕਿ ਜੋ ਸੂਤਕ ਹੈ, (ਉਸ ਨੂੰ) ਗਿਆਨ ਧੋ ਕੇ ਉਤਾਰਦਾ ਹੈ ॥੧॥

(ਅਸਲ ਸੂਤਕ ਦੱਸਦੇ ਹਨ) ।

ਮ: ੧ ॥

**ਮਨ ਕਾ ਸੂਤਕੁ ਲੋਭੁ ਹੈ**
**ਜਿਹਵਾ ਸੂਤਕੁ ਕੂੜੁ ॥**

ਅਰਥ—ਮਨ ਦਾ ਸੂਤਕ ਲੋਭ ਹੈ ਅਤੇ ਜੀਭ ਵਿਚ ਝੂਠ ਬੋਲਣਾ ਸੂਤਕ ਹੈ ।

**ਅਖੀ ਸੂਤਕੁ ਵੇਖਣਾ**
**ਪਰ ਤ੍ਰਿਅ ਪਰ ਧਨ ਰੂਪੁ ॥**

ਅਰਥ—ਪਰਾਏ ਧਨ ਤੇ ਪਰਾਈ ਇਸਤਰੀ ਦੇ ਰੂਪ ਨੂੰ ਬੁਰੀ ਨਜ਼ਰ ਨਾਲ ਵੇਖਣਾ ਅੱਖਾਂ ਦਾ ਸੂਤਕ ਹੈ ।

**ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥**

ਅਰਥ—ਲਾਇਤਬਾਰੀ=ਚੁਗਲੀ ਖਾਣ ਤੇ ਸੁਣਨ ਕਰ ਕੇ ਕੰਨੀ ਸੂਤਕ ਪੈਂਦਾ ਹੈ ਇਹ ਸੂਤਕ ਕੰਨਾਂ ਦਾ ਹੈ ।

**ਨਾਨਕ ਹੰਸਾ ਆਦਮੀ**
**ਬਧੇ ਜਮ ਪੁਰਿ ਜਾਹਿ ॥੨॥**

ਅਰਥ—ਗੁਰੂ ਜੀ ਆਖਦੇ ਹਨ—ਇਹਨਾਂ ਸੂਤਕਾਂ ਕਰਕੇ ਹੰਸ ਰੂਪ ਆਦਮੀ ਜਮਪੁਰੀ ਨੂੰ ਬੱਧੇ ਜਾਂਦੇ ਹਨ ॥੨॥

ਮ: ੧ ॥

**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥**

ਅਰਥ—ਸਭਨਾਂ ਵਿਚ ਭਰਮ ਹੀ ਸੂਤਕ ਹੈ ਜਿਸ ਕਰਕੇ ਦਵੈਤ

ਵਿਚ ਜਾਇ ਲਗੀਦਾ ਹੈ ।

**ਜੰਮਣੁ ਮਰਣਾ ਹੁਕਮੁ ਹੈ**
**ਭਾਣੈ ਆਵੈ ਜਾਇ ॥**

ਅਰਥ—ਅਤੇ ਜੰਮਣਾ ਮਰਨਾ ਤਾਂ ਹੁਕਮ ਹੈ ਅਤੇ ਭਾਣੇ ਵਿਚ ਹੀ ਆਉਣਾ ਜਾਣਾ ਹੁੰਦਾ ਹੈ ।

**ਖਾਣਾ ਪੀਣਾ ਪਵਿਤ੍ਰੁ ਹੈ**
**ਦਿਤੋਨੁ ਰਿਜਕੁ ਸੰਬਾਹਿ ॥**

ਅਰਥ—ਖਾਣਾ, ਪੀਣਾ, ਪਵਿਤ੍ਰ ਹੈ, ਜੋ ਵਾਹਿਗੁਰੂ ਨੇ ਰਿਜਕ ਸੰਬਾਹਿ=ਪੁਚਾਇ ਦਿਤਾ ਹੈ ।

**ਨਾਨਕ ਜਿਨ੍ਹੀ ਗੁਰਮੁਖਿ ਬੁਝਿਆ**
**ਤਿਨ੍ਹਾ ਸੂਤਕੁ ਨਾਹਿ ॥੩॥**

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਨ੍ਹਾਂ ਗੁਰਮੁਖਾਂ ਨੇ ਇਹ ਸਮਝਿਆ ਹੈ ਤਿਨ੍ਹਾਂ ਨੂੰ ਸੂਤਕ ਨਹੀਂ ਹੁੰਦਾ ਹੈ ॥੩॥

ਪਉੜੀ ॥

**ਸਤਿਗੁਰੁ ਵਡਾ ਕਰਿ ਸਾਲਾਹੀਐ**
**ਜਿਸੁ ਵਿਚਿ ਵਡੀਆ ਵਡਿਆਈਆ ॥**

ਅਰਥ—ਜਿਸ ਵਿਚ ਵਡੀਆਂ ਵਡਿਆਈਆਂ ਹਨ, ਉਸ ਸਤਿਗੁਰੂ ਨੂੰ ਵਡਾ ਜਾਣ ਕਰ ਕੇ ਸਲਾਹੀਏ ।

**ਸਹਿ ਮੇਲੇ ਤਾ ਨਦਰੀ ਆਈਆ ॥**

ਅਰਥ—(ਜੇਕਰ) ਪਤੀ ਮੇਲੇ ਤਾਂ (ਉਹ ਵਡਿਆਈਆਂ) ਨਜ਼ਰ ਆਈਆਂ ਹਨ।

**ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥**

ਅਰਥ—ਜਦ ਉਸ ਦਾ ਭਾਣਾ ਮੰਨਿਆ ਤਾਂ ਮਨ ਵਿਚ ਆਇ ਵਸਦੀਆਂ ਹਨ।

**ਕਰਿ ਹੁਕਮੁ ਮਸਤਕਿ ਹਥੁ ਧਰਿ**
**ਵਿਚਹੁ ਮਾਰਿ ਕਢੀਆ ਬੁਰਿਆਈਆ ॥**

ਅਰਥ—ਹੁਕਮ ਰੂਪੀ ਹੱਥ ਸਿਰ ਉਤੇ ਧਰ ਕੇ ਹਿਰਦੇ ਵਿਚੋਂ ਬੁਰਿਆਈਆਂ ਮਾਰ ਕਢੀਆਂ ਹਨ।

**ਸਹਿ ਤੁਠੈ ਨਉ ਨਿਧਿ ਪਾਈਆ ॥੧੯॥**

ਅਰਥ—ਪਤੀ ਪ੍ਰਸੰਨ ਹੋਇਆ ਤਾਂ ਨੌ ਨਿਧੀਆਂ ਪਾਈਆਂ ਹਨ ॥੧੯॥

ਸਲੋਕੁ ਮ: ੧ ॥

**ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥**

ਅਰਥ—ਪਹਿਲਾਂ ਨਹਾ ਧੋ ਕੇ ਆਪ ਸੁਚਾ ਹੋਇਆ ਅਤੇ ਫਿਰ ਸੁਚੇ ਚੌਂਕੇ ਵਿਚ ਆਇ ਬੈਠਾ।

**ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥**

ਅਰਥ—ਸੁਚੇ ਰਸੋਈਏ ਨੇ ਅਗੇ ਲਿਆ ਕੇ ਥਾਲ ਰਖਿਆ ਜਿਸ ਨੂੰ ਕੋਈ ਵੀ ਜਾ ਕੇ ਨਹੀਂ ਛੋਹਿਆ ਸੀ।

**ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥**

ਅਰਥ—ਸੁਚੇ ਹੋ ਕੇ ਹੀ ਪ੍ਰਸ਼ਾਦਿ ਛਕਿਆ ਅਤੇ ਫਿਰ ਸਲੋਕ ਪੜ੍ਹਨ

ਲਗਾ ।

**ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥**

ਅਰਥ—ਫਿਰ ਉਸ ਖਾਧੇ ਹੋਏ ਨੂੰ ਗੰਦੀ ਜਗ੍ਹਾ ਤੇ ਜਾ ਕੇ ਸਟਿਆ। ਇਹ ਦੋਖ (ਅੰਨ ਨੂੰ) ਕਿਸ ਤਰ੍ਹਾਂ ਲਗਾ (ਜੋ ਗੰਦੀ ਜਗ੍ਹਾ ਤੇ ਸੁਟਿਆ ਗਿਆ ਹੈ ਕਿਉਂਕਿ) ।

**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥**

ਅਰਥ—ਅੰਨ ਦੇਵਤਾ, ਪਾਣੀ ਦੇਵਤਾ ਤੇ ਅਗਨੀ ਦੇਵਤਾ ਅਤੇ ਲੂਣ ਤੇ ਪੰਜਵਾਂ ਇਹਨਾਂ ਵਿਚ ਘਿਉ ਪਾਇਆ :—

**ਤਾ ਹੋਆ ਪਾਕੁ ਪਵਿਤੁ ॥**

ਅਰਥ—ਤਾਂ ਪਾਕ=ਭੋਜਨ ਪਵਿਤ੍ਰ ਹੋਇਆ (ਸੀ ਤਾਂ ਐਸੇ ਪਵਿਤਰ ਨੂੰ ਗੰਦੀ ਥਾਂ ਕਿਉਂ ਸੁਟਿਆ ?)

**ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥**

ਅਰਥ—ਉਹ ਪਵਿਤਰ ਭੋਜਨ ਪਾਪੀ ਸਰੀਰ ਨਾਲ ਗਡਿਆ= ਮਿਲਿਆ ਤਾਂ ਕਰਕੇ ਇਸ ਉਤੇ ਥੁਕਾਂ ਪਈਆਂ ਹਨ ।

**ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**

ਅਰਥ—ਜਿਸ ਮੂੰਹ ਵਿਚੋਂ ਨਾਮ ਨਹੀਂ ਉਚਰਿਆ ਜਾਂਦਾ ਅਤੇ ਨਾਮ ਤੋਂ ਬਿਨਾਂ ਹੀ ਰਸ ਖਾਂਦਾ ਹੈ ।

## ਨਾਨਕ ਏਵੈ ਜਾਣੀਐ
## ਤਿਤੁ ਮੁਖਿ ਥੁਕਾ ਪਾਹਿ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ, ਇਸ ਤਰ੍ਹਾਂ ਜਾਣੀਦਾ ਹੈ ਜੋ ਇਹ ਥੁਕਾਂ ਉਸ ਦੇ ਮੂੰਹ ਉਤੇ ਪੈਂਦੀਆਂ ਹਨ ॥੧॥

ਮ: ੧ ॥

## ਭੰਡਿ ਜੰਮੀਐ ਭੰਡਿ ਨਿੰਮੀਐ
## ਭੰਡਿ ਮੰਗਣੁ ਵੀਆਹੁ ॥

ਅਰਥ—ਭੰਡਿ=ਇਸਤਰੀ ਦੇ ਗਰਭ ਵਿਚ ਨਿੰਮੀ ਦਾ, ਇਸਤਰੀ ਤੋਂ ਹੀ ਜੰਮੀਦਾ ਤੇ ਇਸਤਰੀ ਨਾਲ ਹੀ ਮੰਗਣੀ ਤੇ ਵਿਆਹ ਹੁੰਦਾ ਹੈ ।

## ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਅਰਥ—ਇਸਤਰੀਆਂ ਤੋਂ ਹੀ ਦੋਸਤੀਆਂ ਹੁੰਦੀਆਂ ਤੇ ਇਸਤਰੀਆਂ ਤੋਂ ਵਰਤਣ ਵਿਹਾਰ ਦੇ ਰਾਹ ਚਲਦੇ ਹਨ ।

## ਭੰਡੁ ਮੁਆ ਭੰਡੁ ਭਾਲੀਐ
## ਭੰਡਿ ਹੋਵੈ ਬੰਧਾਨੁ ॥

ਅਰਥ—ਇਸਤਰੀ ਮਰ ਜਾਵੇ ਤਾਂ ਇਸਤਰੀ ਨੂੰ ਹੀ ਭਾਲੀਦਾ ਹੈ ਅਤੇ ਇਸਤਰੀ ਤੋਂ ਹੀ 'ਬੰਧਾਨ' (ਸੰਸਾਰ ਦੀ) ਮਰਿਆਦਾ ਚਲਦੀ ਹੈ ।

## ਸੋ ਕਿਉ ਮੰਦਾ ਆਖੀਐ
## ਜਿਤੁ ਜੰਮਹਿ ਰਾਜਾਨ ॥

ਅਰਥ—(ਤਾਂ ਤੇ) ਉਸ ਨੂੰ ਮੰਦਾ ਕਿਉਂ ਆਖੀਏ, ਜਿਸ ਤੋਂ ਰਾਜੇ

ਮਹਾਰਾਜੇ ਜਾਂ ਅਵਤਾਰ ਜੰਮੇ ਹਨ ।

**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**

ਅਰਥ—ਫਿਰ ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ ਤਾਂਤੇ ਇਹ ਕਹਿਣਾ ਪੈਂਦਾ ਹੈ ਕਿ ਇਸਤਰੀ ਤੋਂ ਬਿਨਾਂ ਕੋਈ ਨਹੀਂ ।

**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥**

ਅਰਥ—ਸਤਿਗੁਰੂ ਜੀ ਆਖਦੇ ਹਨ—ਇਕ ਓਹੀ ਸੱਚਾ ਹੀ ਇਸਤਰੀ ਤੋਂ ਬਿਨਾਂ ਹੈ ।

**ਜਿਤੁ ਮੁਖਿ ਸਦਾ ਸਾਲਾਹੀਐ**
**ਭਾਗਾ ਰਤੀ ਚਾਰਿ ॥**

ਅਰਥ—ਜਿਸ ਦੇ ਕੋਲ ਚਾਰਿ=ਸੁੰਦਰ ਭਾਗਾਂ ਦੀ ਰਤੀ ਹੈ ਓਹੀ ਮੂੰਹੋਂ ਵਾਹਿਗੁਰੂ ਨੂੰ ਸਦਾ ਸਲਾਹੁੰਦਾ ਹੈ ।

**ਨਾਨਕ ਤੇ ਮੁਖ ਊਜਲੇ**
**ਤਿਤੁ ਸਚੈ ਦਰਬਾਰਿ ॥੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਸੱਚੇ ਦਰਬਾਰ ਵਿਚ ਓਹੀ ਉੱਜਲ ਮੁਖ ਵਾਲੇ ਹਨ ॥੨॥

ਪਉੜੀ ॥

**ਸਭੁ ਕੋ ਆਖੈ ਆਪਣਾ**
**ਜਿਸੁ ਨਾਹੀ ਸੋ ਚੁਣਿ ਕਢੀਐ ॥**

ਅਰਥ—ਸਭ ਕੋਈ ਵਾਹਿਗੁਰੂ ਨੂੰ ਆਪਣਾ ਹੀ ਆਖਦਾ ਹੈ, ਜਿਸ ਦੇ ਮਨ ਵਿਚ ਇਹ ਵਿਚਾਰ ਨਹੀਂ ਉਹ ਦੁਨੀਆਂ ਤੋਂ ਚੁਣ ਕੇ ਬਾਹਰ

ਕਢੀਏ ਤਾਂ ਕੋਈ ਨਹੀਂ ਨਿਕਲਦਾ ।

**ਕੀਤਾ ਆਪੋ ਆਪਣਾ**
**ਆਪੇ ਹੀ ਲੇਖਾ ਸੰਢੀਐ ॥**

ਅਰਥ—ਜੋ ਆਪੋ ਆਪਣਾ ਕੀਤਾ ਹੋਇਆ ਕਰਮ ਹੈ, ਉਸ ਅਨੁਸਾਰ ਆਪੇ ਹੀ ਲੇਖਾ ਸੰਢੀਐ=ਭਰੀਦਾ ਹੈ ।

**ਜਾ ਰਹਣਾ ਨਾਹੀ ਐਤੁ ਜਗਿ**
**ਤਾ ਕਾਇਤੁ ਗਾਰਬਿ ਹੰਢੀਐ ॥**

ਅਰਥ—ਜਦ ਇਸ ਜਗਤ ਵਿਚ ਹੀ ਨਹੀਂ ਰਹਿਣਾ ਤਾਂ ਕਿਉਂ ਹੰਕਾਰ ਵਿਚ ਹੰਢੀਐ=ਫਿਰੀਏ ।

**ਮੰਦਾ ਕਿਸੈ ਨ ਆਖੀਐ**
**ਪੜਿ ਅਖਰੁ ਏਹੋ ਬੁਝੀਐ ॥**

ਅਰਥ—ਮੰਦਾ ਕਿਸੇ ਨੂੰ ਨਾ ਆਖੀਏ, ਅਖਰ=ਵਿਦਿਆ ਪੜ੍ਹ ਕੇ ਇਹੋ ਹੀ ਸਮਝੀਏ ।

**ਮੂਰਖੈ ਨਾਲਿ ਨ ਲੁਝੀਐ ॥੧੯॥**

ਅਰਥ—ਅਤੇ ਮੂਰਖਾਂ ਨਾਲ ਵੀ ਨਾ ਝਗੜੀਏ (ਕਿਉਂਕਿ ਵਿਅਰਥ ਸਮਾਂ ਜਾਂਦਾ ਹੈ) ॥੧੯॥

ਸਲੋਕੁ ਮ: ੧ ॥

**ਨਾਨਕ ਫਿਕੈ ਬੋਲਿਐ**
**ਤਨੁ ਮਨੁ ਫਿਕਾ ਹੋਇ ॥**

ਅਰਥ—ਸਤਿਗੁਰੂ ਜੀ ਆਖਦੇ ਹਨ—ਫਿਕਾ ਬੋਲੀਏ ਤਾਂ ਮਨ ਤਨ ਫਿਕਾ ਹੁੰਦਾ ਹੈ ।

## ਫਿਕੋ ਫਿਕਾ ਸਦੀਐ
## ਫਿਕੇ ਫਿਕੀ ਸੋਇ ॥

ਅਰਥ—ਫਿਕਾ ਬੋਲਣ ਵਾਲੇ ਨੂੰ ਫਿਕਾ ਹੀ ਸਦੀਦਾ ਹੈ ਤੇ ਫਿਕੇ ਦੀ ਫਿੱਕੀ ਹੀ ਸੋਭਾ ਹੁੰਦੀ ਹੈ ।

## ਫਿਕਾ ਦਰਗਹ ਸਟੀਐ
## ਮੁਹਿ ਥੁਕਾ ਫਿਕੇ ਪਾਇ ॥

ਅਰਥ—ਫਿਕਾ ਪੁਰਸ਼ ਦਰਗਾਹ ਵਿਚੋਂ ਸੁਟਿਆ ਜਾਂਦਾ ਹੈ ਤੇ ਫਿਕੇ ਦੇ ਮੂੰਹ ਉਤੇ ਥੁਕਾਂ ਪੈਂਦੀਆਂ ਹਨ ।

## ਫਿਕਾ ਮੂਰਖੁ ਆਖੀਐ
## ਪਾਣਾ ਲਹੈ ਸਜਾਇ ॥੧॥

ਅਰਥ—ਜੋ ਮੂਰਖ ਫਿਕਾ ਆਖਿਆ ਜਾਂਦਾ ਹੈ, ਉਹ ਪਾਣਾ=ਜੁਤੀਆਂ ਦੀ ਮਾਰ ਦੀ ਸਜ਼ਾ ਲੈਂਦਾ ਹੈ ॥੧॥

ਮ: ੧ ॥

## ਅੰਦਰਹੁ ਝੂਠੇ ਪੈਜ ਬਾਹਰਿ
## ਦੁਨੀਆ ਅੰਦਰਿ ਫੈਲੁ ॥

ਅਰਥ—ਜੋ ਅੰਦਰੋਂ ਝੂਠੇ ਤੇ ਬਾਹਰੋਂ ਪੈਜ=ਪਾਜ ਬਣਾ ਕੇ ਦੁਨੀਆਂ ਅੰਦਰ ਫੈਲੁ=ਫੈਲਾਵ ਕਰਦੇ ਹਨ ।

## ਅਠਸਠਿ ਤੀਰਥ ਜੇ ਨਾਵਹਿ

**ਉਤਰੈ ਨਾਹੀ ਮੈਲੁ ॥**

ਅਰਥ—ਜੇਕਰ (ਉਹ) ਅਠਾਹਠ ਤੀਰਥਾਂ ਉਤੇ ਵੀ ਨ੍ਹਾਉਣ ਤਾਂ ਅੰਦਰ ਦੀ ਮੈਲ ਨਹੀਂ ਉਤਰੇਗੀ ।

**ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ**
**ਤੇ ਭਲੇ ਸੰਸਾਰਿ ॥**

ਅਰਥ—ਜਿਨ੍ਹਾਂ ਦੇ ਅੰਦਰ ਤਾਂ ਪਟ=ਸਫਾਈ ਤੇ ਬਾਹਰੋਂ ਗੁਦੜ ਹੈ ਉਹ ਸੰਸਾਰ ਵਿਚ ਭਲੇ ਪੁਰਸ਼ ਹਨ ।

**ਤਿਨ੍ ਨੇਹੁ ਲਗਾ ਰਬ ਸੇਤੀ ਦੇਖਨੇ੍ ਵੀਚਾਰਿ ॥**

ਅਰਥ—ਕਿਉਂਕਿ ਤਿਨ੍ਹਾਂ ਦਾ ਰੱਬ ਨਾਲ ਨੇਹੁ ਲਗਾ ਹੈ ਅਤੇ ਦੇਖਨੇ੍=ਦਰਸ਼ਨ ਕਰਨ ਦਾ ਵਿਚਾਰ ਕਰਦੇ ਹਨ ।

**ਰੰਗਿ ਹਸਹਿ ਰੰਗਿ ਰੋਵਹਿ**
**ਚੁਪ ਭੀ ਕਰਿ ਜਾਹਿ ॥**

ਅਰਥ—ਉਹ ਪ੍ਰੇਮ ਵਿਚ ਹੀ ਹੱਸਦੇ ਤੇ ਪ੍ਰੇਮ ਵਿਚ ਹੀ ਰੋਂਦੇ ਅਤੇ ਪ੍ਰੇਮ ਵਿਚ ਚੁੱਪ ਵ਼ੀ ਕਰ ਜਾਂਦੇ ਹਨ ।

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥**

ਅਰਥ—ਸਚੇ ਨਾਹ=ਪਤੀ ਤੋਂ ਬਿਨਾਂ ਉਹਨਾਂ ਨੂੰ ਕਿਸੇ ਦੀ ਪਰਵਾਹ ਨਹੀਂ ਹੈ ।

**ਦਰਿ ਵਾਟ ਉਪਰਿ ਖ਼ਰਚੁ ਮੰਗਾ**
**ਜਬੈ ਦੇਇ ਤ ਖਾਹਿ ॥**

ਅਰਥ—ਵਾਹਿਗੁਰੂ ਦੇ ਦਰ ਉਪਰ ਪੁਚਾਉਣ ਵਾਲੀ ਭਗਤੀ ਰੂਪ ਵਾਟ=ਡੰਡੀ ਅਤੇ ਨਾਮ ਰੂਪ ਖਰਚ ਮੰਗਦੇ ਹਨ ਅਤੇ ਜਦੋਂ ਦੇਂਦਾ ਤਦੋਂ ਹੀ ਖਾਂਦੇ ਹਨ ।

## ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ ॥

ਅਰਥ—ਉਹਨਾਂ ਦਾ ਆਸਰਾ ਵੀ ਇਕੋ ਹੈ ਅਤੇ ਕਲਮ=ਹੁਕਮ ਵੀ ਇਕੋ ਹੀ ਮੰਨਦੇ ਹਨ ਅਤੇ ਜੋ ਮੈਂ ਤੂੰ ਨਾਲ ਮੇਲ ਰਖਣ ਵਾਲੇ ਹਨ ।

## ਦਰਿ ਲਏ ਲੇਖਾ ਪੀੜਿ ਛੁਟੈ
## ਨਾਨਕਾ ਜਿਉ ਤੇਲੁ ॥੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਵੇਂ ਤੇਲ ਵਾਸਤੇ ਤਿਲਾਂ ਨੂੰ ਪੀੜੀ ਦਾ ਹੈ ਇਵੇਂ ਹੀ ਦਰਗਾਹ ਵਿਚ ਹਮਾਂ ਤੁਮਾਂ ਵਾਲੇ ਨੂੰ ਜਮ ਨਰਕਾਂ ਰੂਪ ਕੋਹਲੂ ਵਿਚ ਪੀੜ ਲਇਗਾ ਤਾਂ ਲੇਖੇ ਤੋਂ ਛੁਟੇਗਾ ॥੨॥

ਪਉੜੀ ॥

## ਆਪੇ ਹੀ ਕਰਣਾ ਕੀਓ
## ਕਲ ਆਪੇ ਹੀ ਤੈ ਧਾਰੀਐ ॥

ਅਰਥ—(ਵਾਹਿਗੁਰੂ ਨੇ) ਆਪੇ ਹੀ ਪ੍ਰਪੰਚ ਕੀਤਾ ਹੈ ਅਤੇ ਆਪੇ ਹੀ ਕਲ=ਸ਼ਕਤੀ ਧਾਰੀ ਹੈ ।

## ਦੇਖਹਿ ਕੀਤਾ ਆਪਣਾ
## ਧਰਿ ਕਚੀ ਪਕੀ ਸਾਰੀਐ ॥

ਅਰਥ—ਆਪਣਾ ਕੀਤਾ ਦੇਖਦਾ ਹੈ ਅਤੇ ਕੱਚੀਆਂ (ਪਾਪੀ) ਪਕੀਆਂ (ਪੁੰਨੀ) 'ਸਾਰੀਐ' (ਜੀਵ ਰੂਪ ਨਰਦਾਂ) ਧਾਰੀਆਂ (ਹੋਈਆਂ) ਹਨ ।

**ਜੋ ਆਇਆ ਸੋ ਚਲਸੀ**
**ਸਭੁ ਕੋਈ ਆਈ ਵਾਰੀਐ ॥**

ਅਰਥ—ਜੋ ਕੋਈ ਆਇਆ ਹੈ, ਉਹ ਜਾਵੇਗਾ ਸਭਨਾਂ ਦੀ ਵਾਰੀ ਆਉਂਦੀ ਜਾਂਦੀ ਹੈ ।

**ਜਿਸ ਕੇ ਜੀਅ ਪਰਾਣ ਹਹਿ**
**ਕਿਉ ਸਾਹਿਬੁ ਮਨਹੁ ਵਿਸਾਰੀਐ ॥**

ਅਰਥ—ਜਿਸ ਦੇ ਦਿਤੇ ਹੋਏ ਜੀਵ ਕੋਲ ਪ੍ਰਾਣ ਹਨ, ਉਸ ਸਾਹਿਬ ਨੂੰ ਮਨੋਂ ਕਿਉਂ ਵਿਸਾਰੀਏ (ਭਾਵ—ਨਾ ਭੁਲਾਈਏ) ।

**ਆਪਣ ਹਥੀ ਆਪਣਾ**
**ਆਪੇ ਹੀ ਕਾਜੁ ਸਵਾਰੀਐ ॥੨੦॥**

ਅਰਥ—ਆਪਣਾ ਕੰਮ ਆਪਣੇ ਹੱਥੀਂ ਆਪੇ ਹੀ ਸਵਾਰ ਲਈਏ ॥੨੦॥

ਸਲੋਕੁ ਮਹਲਾ ੨ ॥

**ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥**

ਅਰਥ—ਇਹ ਆਸਕੀ=ਪ੍ਰੀਤੀ ਕਾਹਦੀ ਹੈ ਜੋ ਦੂਜੇ ਨਾਲ ਮਨ ਜਾਇ ਲਗੇ ।

**ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥**

ਅਰਥ—ਸਤਿਗੁਰੂ ਜੀ ਆਖਦੇ ਹਨ, ਆਸਕ=ਪ੍ਰੀਤ ਵਾਲੇ ਉਹ ਕਾਂਢੀਐ=ਕਹੀਦੇ ਹੈਨ ਜੋ ਸਦਾ ਹੀ ਮਸ਼ੂਕ ਵਿਚ ਸਮਾਇ ਰਹੇ ਹਨ ।

**ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥**

ਅਰਥ—ਜੋ ਚੰਗੇ ਨੂੰ ਚੰਗਾ ਕਰ ਕੇ ਮੰਨਦਾ ਤੇ ਮੰਦੇ ਕੰਮ ਵਿਚ ਮੰਦਾ ਹੋਇਆ ਮੰਨਦਾ ਹੈ ।

**ਆਸਕੁ ਏਹੁ ਨ ਆਖੀਐ**
**ਜਿ ਲੇਖੈ ਵਰਤੈ ਸੋਇ ॥੧॥**

ਅਰਥ—ਜਿਹੜਾ ਇਹਨਾਂ ਲੇਖਿਆਂ ਵਿਚ ਵਰਤਦਾ ਹੈ, ਉਹ ਆਸ਼ਕ ਨਹੀਂ ਆਖੀਦਾ ਹੈ ॥੧॥

ਮਹਲਾਂ ੨ ॥

**ਸਲਾਮੁ ਜਬਾਬੁ ਦੋਵੈ ਕਰੇ**
**ਮੁੰਢਹੁ ਘੁਥਾ ਜਾਇ ॥**

ਅਰਥ—ਜੋ ਸਲਾਮ ਤੇ ਜਬਾਬ ਦੋਵੇਂ ਕਰਦਾ ਹੈ, ਉਹ ਮੁਢੋਂ ਹੀ ਭੁਲਿਆ ਜਾਂਦਾ ਹੈ ।

**ਨਾਨਕ ਦੋਵੈ ਕੂੜੀਆ**
**ਥਾਇ ਨ ਕਾਈ ਪਾਇ ॥੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਦੀਆਂ ਦੋਵੇਂ ਗੱਲਾਂ ਝੂਠੀਆਂ ਹਨ ਕਿਉਂਕਿ ਇਹਨਾਂ ਵਿਚੋਂ ਕੋਈ ਵੀ ਕਬੂਲ ਨਹੀਂ ਪੈਂਦੀ ਹੈ ॥੨॥

ਪਉੜੀ ॥

**ਜਿਤੁ ਸੇਵਿਐ ਸੁਖੁ ਪਾਈਐ**
**ਸੋ ਸਾਹਿਬੁ ਸਦਾ ਸਮ੍ਹਾਲੀਐ ॥**

ਅਰਥ—ਜਿਸ ਦੇ ਸੇਵਨੇ ਕਰ ਕੇ ਸੁਖ ਪਾਈਦਾ ਹੈ, ਉਹ ਸਾਹਿਬ ਸਦਾ ਹੀ ਸਮ੍ਹਾਲੀਏ ।

## ਜਿਤੁ ਕੀਤਾ ਪਾਈਐ ਆਪਣਾ
## ਸਾ ਘਾਲ ਬੁਰੀ ਕਿਉ ਘਾਲੀਐ ॥

ਅਰਥ—ਜਿਸ ਬੁਰੀ ਘਾਲ ਦਾ ਆਪਣਾ ਕੀਤਾ ਪਾਈਦਾ ਹੈ, ਉਹ ਘਾਲ ਬੁਰੀ ਕਿਉਂ ਕਮਾਉਣੀ ਹੈ ।

## ਮੰਦਾ ਮੂਲਿ ਨ ਕੀਚਈ
## ਦੇ ਲੰਮੀ ਨਦਰਿ ਨਿਹਾਲੀਐ ॥

ਅਰਥ—ਮੰਦਾ ਕੰਮ ਕਦੇ ਵੀ ਨਾ ਕਰੀਏ ਅਤੇ ਲੰਮੀ ਨਦਰ ਦੇ ਕੇ ਦੇਖੀਏ ।

## ਜਿਉ ਸਾਹਿਬ ਨਾਲਿ ਨ ਹਾਰੀਐ
## ਤੇਵੇਹਾ ਪਾਸਾ ਢਾਲੀਐ ॥

ਅਰਥ—ਜਿਸ ਤਰ੍ਹਾਂ ਸਾਹਿਬ ਨਾਲ ਨਾ ਹਾਰੀਏ, ਉਸ ਤਰ੍ਹਾਂ ਦਾ ਪਾਸਾ ਢਾਲੀਏ ।

## ਕਿਛੁ ਲਾਹੇ ਉਪਰਿ ਘਾਲੀਐ ॥੨੧॥

ਅਰਥ—ਜਿਸ ਕਮਾਈ ਉਪਰ ਕੁਝ ਲਾਭ ਹੋਵੇ ਉਹ ਕਰੀਏ ॥੨੧॥

ਸਲੋਕੁ ਮਹਲਾ ੨ ॥

## ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥

ਅਰਥ—ਨੌਕਰ ਹੋਵੇ ਨੌਕਰੀ ਕਰਨ ਲਗੇ ਤੇ ਨਾਲੇ ਹੰਕਾਰ ਅਤੇ

ਝਗੜਾ ਕਰੇ ।

## ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥

ਅਰਥ—ਤਦ ਭਾਵੇਂ ਉਹ ਬਹੁਤੀਆਂ ਵੀ ਗੱਲਾਂ ਕਿਉਂ ਨਾ ਕਰੇ, ਖਸਮ ਦੀ ਖ਼ੁਸ਼ੀ ਦਾ ਸਵਾਦ ਨਹੀਂ ਪਾਵੇਗਾ ।

## ਆਪੁ ਗਵਾਇ ਸੇਵਾ ਕਰੇ
## ਤਾ ਕਿਛੁ ਪਾਏ ਮਾਨੁ ॥

ਅਰਥ—ਹੰਕਾਰ ਦੂਰ ਕਰ ਕੇ ਸੇਵਾ ਕਰੇ ਤਾਂ ਕੁਝ ਮਾਨ ਪਾਏਗਾ ।

## ਨਾਨਕ ਜਿਸ ਨੋ ਲਗਾ ਤਿਸੁ ਮਿਲੈ
## ਲਗਾ ਸੋ ਪਰਵਾਨੁ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਕੰਮ ਨੂੰ ਕਰਨ ਲਗਾ (ਹੈ ਜੇਕਰ) ਉਸ (ਦੇ ਰੂਪ ਨਾਲ ਹੀ) ਮਿਲ ਜਾਵੇ ਤਾਂ ਉਹ ਲਗਣਾ ਪ੍ਰਵਾਨ ਹੁੰਦਾ ਹੈ ॥੧॥

ਮਹਲਾ ੨ ॥

## ਜੋ ਜੀਇ ਹੋਇ ਸੁ ਉਗਵੈ
## ਮੁਹ ਕਾ ਕਹਿਆ ਵਾਉ ॥

ਅਰਥ—ਜੋ ਗੱਲ ਜੀਆਂ ਵਿਚ ਹੁੰਦੀ ਹੈ, ਉਹ ਪ੍ਰਗਟ ਹੁੰਦੀ ਹੈ ਅਤੇ ਮੂੰਹ ਦਾ ਕਹਿਣਾ ਵਾਧੂ ਹੈ ।

## ਬੀਜੇ ਬਿਖੁ ਮੰਗੈ ਅੰਮ੍ਰਿਤੁ
## ਵੇਖਹੁ ਏਹੁ ਨਿਆਉ ॥੨॥

ਅਰਥ—ਜੋ ਬੀਜਦਾ ਤਾਂ ਬਿਖ ਫਲ ਤੇ ਮੰਗਦਾ ਹੈ ਅੰਮ੍ਰਿਤ ਫਲ, ਵੇਖੋ ਭਾਈ ਇਹ ਕਿਸ ਤਰ੍ਹਾਂ ਦਾ ਨਿਆਉਂ ਹੈ ॥੨॥

ਮਹਲਾ ੨ ॥

## ਨਾਲਿ ਇਆਣੇ ਦੋਸਤੀ
## ਕਦੇ ਨ ਆਵੈ ਰਾਸਿ ॥

ਅਰਥ—ਇਆਣੇ=ਮਨ ਨਾਲ ਦੋਸਤੀ ਕਰਨੀ ਕਦੇ ਵੀ ਰਾਸ ਨਹੀਂ ਆਉਂਦੀ ਹੈ ।

## ਜੇਹਾ ਜਾਣੈ ਤੇਹੋ ਵਰਤੈ
## ਵੇਖਹੁ ਕੋ ਨਿਰਜਾਸਿ ॥

ਅਰਥ—ਕਿਉਂਕਿ ਮਨ ਤਾਂ ਜੇਹਾ ਵਰਤਾਵ ਜਾਣਦਾ ਹੈ ਤੇਹਾ ਹੀ ਵਰਤਦਾ ਹੈ, ਭਾਵੇਂ ਕੋਈ ਨਿਰਣਾ ਕਰ ਕੇ ਵੇਖ ਲਵੇ ।

## ਵਸਤੂ ਅੰਦਰਿ ਵਸਤੁ ਸਮਾਵੈ
## ਦੂਜੀ ਹੋਵੈ ਪਾਸਿ ॥

ਅਰਥ—ਹਿਰਦੇ ਵਸਤੂ ਅੰਦਰ ਆਤਮ ਗਿਆਨ ਵਸਤੂ ਤਦ ਸਮਾਵੇਗੀ ਜਦ ਦੂ=ਦਵੈਤ, ਜੀ=ਹਿਰਦੇ ਵਿਚੋਂ ਪਾਸੇ ਹੋਵੇ ।

## ਸਾਹਿਬ ਸੇਤੀ ਹੁਕਮੁ ਨ ਚਲੈ
## ਕਹੀ ਬਣੈ ਅਰਦਾਸਿ ॥

ਅਰਥ—ਮਾਲਕ ਨਾਲ ਹੁਕਮ ਦਾ ਜ਼ੋਰ ਨਹੀਂ ਚਲਦਾ, ਕੇਵਲ ਬੇਨਤੀ ਹੀ ਕਰਨੀ ਬਣਦੀ ਹੈ ।

## ਕੂੜਿ ਕਮਾਣੈ ਕੂੜੋ ਹੋਵੈ

## ਨਾਨਕ ਸਿਫਤਿ ਵਿਗਾਸਿ ॥੩॥

ਅਰਥ—ਸਤਿਗੁਰੂ ਜੀ ਆਖਦੇ ਹਨ—ਝੂਠੇ ਕੰਮ ਕਰਨ ਵਾਲਿਆਂ ਨੂੰ ਝੂਠਾ ਫਲ ਪ੍ਰਾਪਤ ਹੁੰਦਾ ਹੈ ਅਤੇ ਵਾਹਿਗੁਰੂ ਦੀ ਸਿਫਤ ਕਰਨ ਵਾਲਿਆਂ ਨੂੰ ਵਿਗਾਸਿ=ਅਨੰਦ ਹੁੰਦਾ ਹੈ ॥੩॥

ਮਹਲਾ ੨ ॥

## ਨਾਲਿ ਇਆਣੇ ਦੋਸਤੀ
## ਵਡਾਰੂ ਸਿਉ ਨੇਹੁ ॥

ਅਰਥ—ਜਿਹੜੀ ਇਆਣੇ=ਮਨ ਨਾਲ ਦੋਸਤੀ ਤੇ ਵਡਾਰੂ=ਇਸਤਰੀ ਨਾਲ ਪ੍ਰੀਤ ਕਰਨੀ ਹੈ ਉਹ ਇਸ ਤਰ੍ਹਾਂ ਹੈ—

## ਪਾਣੀ ਅੰਦਰਿ ਲੀਕ ਜਿਉ
## ਤਿਸ ਦਾ ਥਾਉ ਨ ਥੇਹੁ ॥੪॥

ਅਰਥ—ਜਿਵੇਂ ਪਾਣੀ ਅੰਦਰ ਲੀਕ ਹੋਵੇ, ਤਾਂ ਉਸ ਦਾ ਥਾਉਂ ਟਿਕਾਣਾ ਨਹੀਂ ਲੱਭਦਾ ॥੪॥

ਮਹਲਾ ੨ ॥

## ਹੋਇ ਇਆਣਾ ਕਰੇ ਕੰਮੁ
## ਆਣਿ ਨ ਸਕੈ ਰਾਸਿ ॥

ਅਰਥ—ਜੋ ਇਆਣਾ=ਮਨ ਦੇ ਵਸ ਹੋ ਕੇ ਕੰਮ ਕਰੇਗਾ, ਉਹ ਕੰਮ ਨੂੰ ਰਾਸ ਨਾ ਆਣਿ=ਲਿਆ ਸਕੇਗਾ ।

## ਜੇ ਇਕ ਅਧ ਚੰਗੀ ਕਰੇ
## ਦੂਜੀ ਭੀ ਵੇਰਾਸਿ ॥੫॥

ਅਰਥ—ਜੇਕਰ ਕੋਈ ਇਕ ਅੱਧ ਗੱਲ ਚੰਗੀ ਕਰੇਗਾ ਤਾਂ ਦੂਜੀ ਵਿਰਾਸਿ=ਨਿਕੰਮੀ ਕਰੇਗਾ ॥੫॥

ਪਉੜੀ ॥

## ਚਾਕਰੁ ਲਗੈ ਚਾਕਰੀ
## ਜੇ ਚਲੈ ਖਸਮੈ ਭਾਇ ॥

ਅਰਥ—ਜੋ ਨੌਕਰ ਹੋ ਕੇ ਨੌਕਰੀ ਵਿਚ ਲਗੇ ਅਤੇ ਜਿਹੜਾ ਖਸਮ ਦੇ, ਭਾਇ=ਅਨੁਸਾਰ ਹੋ ਕੇ ਚਲੇਗਾ ।

## ਹੁਰਮਤਿ ਤਿਸ ਨੋ ਅਗਲੀ
## ਓਹੁ ਵਜਹੁ ਭਿ ਦੂਣਾ ਖਾਇ ॥

ਅਰਥ—ਤਿਸ ਨੂੰ ਹੁਰਮਤਿ=ਇਜ਼ਤ ਵੀ, ਅਗਲੀ=ਬਹੁਤੀ ਮਿਲੇਗੀ ਅਤੇ ਉਹ ਵਜਹੁ=ਤਨਖਾਹ ਵੀ ਦੂਣੀ ਖਾਵੇਗਾ ।

## ਖਸਮੈ ਕਰੇ ਬਰਾਬਰੀ
## ਫਿਰਿ ਗੈਰਤਿ ਅੰਦਰਿ ਪਾਇ ॥

ਅਰਥ—ਜੋ ਖਸਮ ਨਾਲ ਬਰਾਬਰੀ ਕਰਦਾ ਹੈ, ਉਹ ਫਿਰ ਗੈਰਤਿ=ਗਿਲਾਨੀ ਅੰਦਰ ਪਾਇਆ ਜਾਂਦਾ ਹੈ ਭਾਵ—ਖਸਮ ਦੀ ਉਸ ਉਤੇ ਕ੍ਰੋਪੀ ਹੁੰਦੀ ਹੈ ।

## ਵਜਹੁ ਗਵਾਏ ਅਗਲਾ
## ਮੁਹੇ ਮੁਹਿ ਪਾਣਾ ਖਾਇ ॥

ਅਰਥ—(ਉਹ) ਅਗਲਾ=ਅਗੇ ਨੂੰ ਮਿਲਣ ਵਾਲੀ ਵਜਹੁ=ਤਨਖਾਹ ਵੀ ਗੁਆਉਂਦਾ ਹੈ ਅਤੇ ਮੂੰਹੋਂ ਮੂੰਹ ਜੁਤੀਆਂ ਵੀ ਖਾਂਦਾ ਹੈ ।

## ਜਿਸ ਦਾ ਦਿਤਾ ਖਾਵਣਾ
## ਤਿਸੁ ਕਹੀਐ ਸਾਬਾਸਿ ॥

ਅਰਥ—ਜਿਸ ਦਾ ਦਿਤਾ ਖਾਣਾ ਹੈ, ਤਿਸ ਦਾ ਧੰਨਵਾਦ ਕਹੀਏ।

## ਨਾਨਕ ਹੁਕਮੁ ਨ ਚਲਈ
## ਨਾਲਿ ਖਸਮ ਚਲੈ ਅਰਦਾਸਿ ॥੨੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਖਸਮ ਨਾਲ ਹੁਕਮ ਨਹੀਂ ਚਲਦਾ, ਕੇਵਲ ਬੇਨਤੀ ਕਰਨੀ ਹੀ ਚਲਦੀ ਹੈ ॥੨੨॥

ਸਲੋਕੁ ਮਹਲਾ ੨ ॥

## ਏਹ ਕਿਨੇਹੀ ਦਾਤਿ
## ਆਪਸ ਤੇ ਜੋ ਪਾਈਐ ॥

ਅਰਥ—ਇਹ ਕਾਹਦੀ ਦਾਤਿ=ਕਰਾਮਾਤ ਹੈ ਜੋ ਆਪਣੇ ਆਪ ਤੋਂ ਪਾਈਦੀ ਹੈ।

## ਨਾਨਕ ਸਾ ਕਰਮਾਤਿ
## ਸਾਹਿਬ ਤੁਠੈ ਜੋ ਮਿਲੈ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਰਾਮਾਤ ਉਹ ਹੈ ਜੋ ਸਾਹਿਬ ਦੀ ਪ੍ਰਸੰਨਤਾ ਤੇ ਮਿਲੇ ॥੧॥

ਮਹਲਾ ੨ ॥

## ਏਹ ਕਿਨੇਹੀ ਚਾਕਰੀ
## ਜਿਤੁ ਭਉ ਖਸਮ ਨ ਜਾਇ ॥

ਅਰਥ—ਇਹ ਨੌਕਰੀ ਕਾਹਦੀ ਹੈ ? ਜਿਸ ਦੇ ਕੀਤਿਆਂ ਸਾਹਿਬ ਦਾ ਡਰ ਨਾ ਜਾਵੇ ।

## ਨਾਨਕ ਸੇਵਕੁ ਕਾਢੀਐ
## ਜਿ ਸੇਤੀ ਖਸਮ ਸਮਾਇ ॥੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਸੇਵਕ ਉਹ ਕਾਢੀਐ=ਕਹੀਦਾ ਹੈ, ਜਿਹੜਾ ਖਸਮ ਦੇ ਨਾਲ ਹੀ ਸਮਾਇ ਰਹੇ ॥੨॥

ਪਉੜੀ ॥

## ਨਾਨਕ ਅੰਤ ਨ ਜਾਪਨੀ੍
## ਹਰਿ ਤਾ ਕੇ ਪਾਰਾਵਾਰ ॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਹਰੀ ਦੇ ਪਾਰ ਉਰਾਰ ਦਾ ਅੰਤ ਨਹੀਂ ਜਾਣੀਦਾ ਹੈ ।

## ਆਪਿ ਕਰਾਏ ਸਾਖਤੀ
## ਫਿਰਿ ਆਪਿ ਕਰਾਏ ਮਾਰ ॥

ਅਰਥ—ਉਹ ਆਪੇ ਹੀ ਸਖਤੀ ਕਰਾਉਂਦਾ ਹੈ ਅਤੇ ਫਿਰ ਆਪੇ ਮਾਰ ਕਰਾਉਂਦਾ ਹੈ ।

## ਇਕਨ੍ਾ ਗਲੀ ਜੰਜੀਰੀਆ
## ਇਕਿ ਤੁਰੀ ਚੜਹਿ ਬਿਸੀਆਰ ॥

ਅਰਥ—ਇਕਨਾਂ ਦੇ ਗਲਾਂ ਵਿਚ ਜ਼ੰਜੀਰੀਆਂ (ਪਈਆਂ ਹੋਈਆਂ ਹਨ ਅਤੇ) ਇਕ ਬਿਸੀਅਰ=ਵਡੇ ਵਡੇ ਤੁਰੀ=ਘੋੜਿਆਂ ਉਤੇ ਚੜ੍ਹਦੇ ਹਨ ।

## ਆਪਿ ਕਰਾਏ ਕਰੇ ਆਪਿ
## ਹਉ ਕੈ ਸਿਉ ਕਰੀ ਪੁਕਾਰ ॥

ਅਰਥ—ਆਪ ਹੀ ਕਰਦਾ ਤੇ ਆਪ ਹੀ ਕਰਾਉਂਦਾ ਹੈ ਤਾਂ ਤੇ ਮੈਂ ਕਿਸ ਅਗੇ ਪੁਕਾਰ ਕਰਾਂ ।

## ਨਾਨਕ ਕਰਣਾ ਜਿਨਿ ਕੀਆ
## ਫਿਰਿ ਤਿਸ ਹੀ ਕਰਣੀ ਸਾਰ ॥੨੩॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਨੇ ਪ੍ਰਪੰਚ ਕੀਤਾ ਹੈ, ਫਿਰ ਵੀ ਉਸੇ ਨੇ ਹੀ ਸੰਭਾਲ ਕਰਨੀ ਹੈ ॥੨੩॥

ਸਲੋਕੁ ਮ: ੧ ॥

## ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥

ਅਰਥ—ਉਸ ਨੇ ਆਪੇ ਹੀ ਸਰੀਰਾਂ ਰੂਪੀ ਭਾਂਡੇ ਬਣਾਏ ਹਨ ਅਤੇ ਆਪੇ ਹੀ ਪੂਰਨ ਹੋ ਕੇ ਖਾਣ ਨੂੰ ਦੇਂਦਾ ਹੈ ।

## ਇਕਨ੍ਹੀ ਦੁਧੁ ਸਮਾਈਐ
## ਇਕਿ ਚੁਲ੍ਹੈ ਰਹਨ੍ਹਿ ਚੜੇ ॥

ਅਰਥ—ਇਕਨਾਂ ਵਿਚ ਸ਼ੁਭ ਗੁਣਾਂ ਰੂਪ ਦੁਧ ਸਮਾਇਆ ਹੋਇਆ ਹੈ ਅਤੇ ਇਕ ਰਾਗ ਦਵੈਖ ਰੂਪ ਚੁਲ੍ਹੇ ਉਤੇ ਚੜ੍ਹੇ ਰਹਿੰਦੇ ਹਨ ।

## ਇਕਿ ਨਿਹਾਲੀ ਪੈ ਸਵਨ੍ਹਿ
## ਇਕਿ ਉਪਰਿ ਰਹਨਿ ਖੜੇ ॥

ਅਰਥ—ਇਕ ਨਿਹਾਲੀ=ਤੁਲਾਈਆਂ ਉਤੇ ਸੌਂਦੇ ਹਨ ਅਤੇ ਇਕ

ਉਪਰ ਖੜੇ ਰਹਿੰਦੇ ਭਾਵ ਪਹਿਰਾ ਦੇਂਦੇ ਹਨ ।

## ਤਿਨ੍ਹਾ ਸਵਾਰੇ ਨਾਨਕਾ
## ਜਿਨ੍ ਕਉ ਨਦਰਿ ਕਰੇ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਨ੍ਹਾਂ ਨੂੰ ਮਿਹਰ ਦੀ ਨਜ਼ਰ ਕਰੇ ਤਾਂ ਉਹਨਾਂ ਨੂੰ ਸਵਾਰਦਾ ਹੈ ॥੧॥

ਮਹਲਾ ੨ ॥

## ਆਪੇ ਸਾਜੇ ਕਰੇ ਆਪਿ
## ਜਾਈ ਭਿ ਰਖੈ ਆਪਿ ॥

ਅਰਥ—ਉਸ ਨੇ ਆਪੇ (ਹੀ ਸੂਖਮ ਤਤ੍ਵ) ਸਾਜੇ ਅਤੇ ਉਹਨਾਂ ਨੂੰ ਸਥੂਲ ਵੀ ਆਪੇ ਕਰਿਆ ਅਤੇ ਜਾਈ=ਜਗ੍ਹਾ ਵੀ ਆਪੇ (ਬਣਾ) ਰਖੀ ਹੈ ।

## ਤਿਸੁ ਵਿਚਿ ਜੰਤ ਉਪਾਇ ਕੈ
## ਦੇਖੈ ਥਾਪਿ ਉਥਾਪਿ ॥

ਅਰਥ—ਉਸ ਜਗ੍ਹਾ ਵਿਚ ਜੀਵਾਂ ਨੂੰ ਪੈਦਾ ਕਰ ਕੇ ਫਿਰ ਬਣਾਏ ਹੋਏ ਨੂੰ ਢਾਹ ਕੇ ਵੇਖਦਾ ਹੈ ।

## ਕਿਸ ਨੋ ਕਹੀਐ ਨਾਨਕਾ
## ਸਭੁ ਕਿਛੁ ਆਪੇ ਆਪਿ ॥੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਦ ਸਭ ਕੁਝ ਆਪੇ ਹੀ ਆਪ ਹੈ ਤਾਂ ਕਿਸੇ ਨੂੰ ਕੀ ਆਖੀਏ ॥੨॥

ਪਉੜੀ ॥

## ਵਡੇ ਕੀਆ ਵਡਿਆਈਆ

**ਕਿਛੁ ਕਹਣਾ ਕਹਣੁ ਨ ਜਾਇ ॥**

ਅਰਥ—ਵਡੇ ਵਾਹਿਗੁਰੂ ਦੀਆਂ ਵਡਿਆਈਆਂ ਦਾ ਕੁਝ ਕਹਿਣਾ=ਜਸ ਨਹੀਂ ਕਿਹਾ ਜਾਂਦਾ ।

**ਸੋ ਕਰਤਾ ਕਾਦਰ ਕਰੀਮੁ**
**ਦੇ ਜੀਆ ਰਿਜਕੁ ਸੰਬਾਹਿ ॥**

ਅਰਥ—ਉਹ ਕਰਨ ਵਾਲਾ ਕਾਦਰ ਕਰੀਮੁ=ਕ੍ਰਿਪਾ ਕਰ ਕੇ ਜੀਵਾਂ ਨੂੰ ਰਿਜਕ ਸੰਬਾਹਿ=ਪੁਚਾਇ ਦੇਂਦਾ ਹੈ ।

**ਸਾਈ ਕਾਰ ਕਮਾਵਣੀ**
**ਧੁਰਿ ਛੋਡੀ ਤਿੰਨੈ ਪਾਇ ॥**

ਅਰਥ—ਜੋ ਧੁਰ ਤੋਂ ਉਸ ਨੇ ਕਾਰ ਪਾਇ ਛਡੀ ਹੈ, ਓਹੀ ਜੀਵ ਕਮਾਉਣੀ ਕਰਦਾ ਹੈ ।

**ਨਾਨਕ ਏਕੀ ਬਾਹਰੀ**
**ਹੋਰ ਦੂਜੀ ਨਾਹੀ ਜਾਇ ॥**

ਅਰਥ—ਸਤਿਗੁਰੂ ਜੀ ਆਖਦੇ ਹਨ—ਇਕ ਤੋਂ ਬਿਨਾਂ ਹੋਰ ਦੂਜੀ ਜਗ੍ਹਾ ਨਹੀਂ ਹੈ ।

**ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ ॥**

ਅਰਥ—ਜੋ ਉਸ ਦੀ ਮਰਜ਼ੀ ਹੈ ਓਹੀ ਕਰਦਾ ਹੈ ॥੨੪॥੧॥

ਸੁਧੁ ॥

ੴ ਸਤਿਗੁਰ ਪ੍ਰਸਾਦਿ ॥

# ਸਲੋਕ ਮਹਲਾ ੯ ॥

## ਗੁਨ ਗੋਬਿੰਦ ਗਾਇਓ ਨਹੀ

ਅਰਥ—ਗੋ=ਵੇਦਾਂ ਕਰ ਕੇ ਬਿੰਦ=ਜਾਨਣ ਯੋਗ ਵਾਹਿਗੁਰੂ ਦੇ ਗੁਣਾਂ ਨੂੰ ਗਾਇਨ ਹੀ ਨਹੀਂ ਕੀਤਾ, ਜਿਸ ਤੇ—

## ਜਨਮੁ ਅਕਾਰਥ ਕੀਨੁ ॥

ਅਰਥ—ਇਸ ਨੇ ਆਪਣੇ ਅਮੋਲਕ ਮਨੁਖਾ ਜਨਮ ਨੂੰ ਅਕਾਰਥ=ਨਿਸਫਲ ਹੀ ਗਵਾ ਲੈਣਾ ਕੀਨ=ਕੀਤਾ ਹੈ ।

## ਕਹੁ ਨਾਨਕ ਹਰਿ ਭਜੁ ਮਨਾ

ਅਰਥ—ਸਤਿਗੁਰੂ ਦੇਵ ਜੀ ਕਥਨ ਕਰਦੇ ਹਨ—ਹੇ ਮਨਾ ! ਤੂੰ ਹਰੀ ਦਾ ਇਸ ਤਰ੍ਹਾਂ ਸਿਮਰਨ ਕਰ—

## ਜਿਹ ਬਿਧਿ ਜਲ ਕਉ ਮੀਨੁ ॥੧॥

ਅਰਥ—ਜਿਹਿ ਬਿਧਿ=ਜਿਸ ਤਰ੍ਹਾਂ ਮੀਨ=ਮੱਛੀ ਜਲ ਨੂੰ ਹਰ ਵੇਲੇ ਸਿਮਰਦੀ ਰਹਿੰਦੀ ਹੈ ॥੧॥

## ਬਿਖਿਅਨ ਸਿਉ ਕਾਹੇ ਰਚਿਓ

ਅਰਥ—ਹੇ ਪੁਰਸ਼ਾ ! ਵਿਸ਼ੇ ਵਿਕਾਰਾਂ ਨਾਲ ਤੂੰ ਕਿਸ ਵਾਸਤੇ ਇਤਨਾ ਰਚਿਓ=ਤਦਾਕਾਰ ਹੋ ਰਿਹਾ ਹੈਂ, ਜਿਸ ਤੇ—

## ਨਿਮਖ ਨ ਹੋਹਿ ਉਦਾਸੁ ॥

ਅਰਥ—ਤੂੰ ਇਕ ਨਿਮਖ ਮਾਤ੍ਰ ਸਮਾਂ ਵੀ ਇਹਨਾਂ ਵਿਸ਼ਿਆਂ ਵਲੋਂ ਉਦਾਸ ਭਾਵ ਉਚਾਟ ਨਹੀਂ ਹੁੰਦਾ।

## ਕਹੁ ਨਾਨਕ ਭਜੁ ਹਰਿ ਮਨਾ

ਅਰਥ—ਸਤਿਗੁਰੂ ਜੀ ਕਥਨ ਕਰਦੇ ਹਨ—ਹੇ ਮਨਾ ! ਉਦਾਸੀ ਨੂੰ ਧਾਰਨ ਕਰ ਕੇ ਹਰੀ ਦਾ ਸਿਮਰਨ ਕਰ। ਦੇਖ ! ਜੇਕਰ ਸਿਮਰਨ ਕਰੇਂਗਾ ਤਾਂ—

## ਪਰੈ ਨ ਜਮ ਕੀ ਫਾਸ ॥੨॥

ਅਰਥ—ਤੇਰੇ ਗਲੇ ਵਿਚ ਜਮਾਂ ਦੀ ਫਾਸ=ਫਾਹੀ ਆ ਕੇ ਨਹੀਂ ਪਰੈ=ਪਵੇਗੀ ॥੨॥

## ਤਰਨਾਪੋ ਇਉ ਹੀ ਗਇਓ

ਅਰਥ—ਦੇਖ ! ਇਹਨਾਂ ਵਿਸ਼ਿਆਂ ਵਿਚ ਤੇਰਾ ਤਰਨਾਪੋ= ਜੋਬਨਪਣਾ ਇਉਂ ਹੀ=ਨਿਸਫਲ ਹੀ ਚਲਾ ਗਿਆ ਹੈ। ਅਤੇ ਹੁਣ—

## ਲੀਓ ਜਰਾ ਤਨੁ ਜੀਤਿ ॥

ਅਰਥ—ਤੇਰੇ ਤਨੁ=ਸਰੀਰ ਨੂੰ ਜਰਾ=ਬੁਢੇਪੇ ਨੇ ਜਿੱਤ ਲੈਣਾ ਕੀਤਾ ਹੈ।

## ਕਹੁ ਨਾਨਕ ਭਜੁ ਹਰਿ ਮਨਾ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ ! ਤੂੰ ਹਰੀ ਦਾ ਸਿਮਰਨ ਕਰ ।

## ਅਉਧ ਜਾਤੁ ਹੈ ਬੀਤਿ ॥੩॥

ਅਰਥ—ਦੇਖ ! ਹਰੀ ਦਾ ਸਿਮਰਨ ਨਾ ਕਰਨ ਕਰ ਕੇ ਤੇਰੀ ਸਾਰੀ ਅਉਧ=ਉਮਰਾ ਨਿਸਫਲ ਬਤੀਤ ਹੁੰਦੀ ਜਾ ਰਹੀ ਹੈ ॥੩॥

## ਬਿਰਧਿ ਭਇਓ ਸੂਝੈ ਨਹੀ

ਅਰਥ—ਦੇਖ ! ਹੁਣ ਤੂੰ ਬੁੱਢਾ ਹੋ ਗਿਆ ਹੈਂ ਅਤੇ ਅੱਖਾਂ ਕਰ ਕੇ ਤੈਨੂੰ ਕੁਝ ਸੁਝਦਾ ਨਹੀਂ ਭਾਵ ਨਿਗਾਹ ਨਹੀਂ ਆਉਂਦਾ ।

## ਕਾਲੁ ਪਹੂਚਿਓ ਆਨਿ ॥

ਅਰਥ—ਹੁਣ ਤਾਂ ਕਾਲ ਤੇਰੇ ਨਜ਼ਦੀਕ ਆਨ=ਆ ਕੇ ਪਹੁੰਚ ਗਿਆ ਹੈ ।

## ਕਹੁ ਨਾਨਕ ਨਰ ਬਾਵਰੇ

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹੇ, ਬਾਵਰੇ=ਝੱਲੇ ਪੁਰਸ਼ਾ !

## ਕਿਉ ਨ ਭਜੈ ਭਗਵਾਨੁ ॥੪॥

ਅਰਥ—*ਖਟ ਭਗਾਂ ਸੰਪੰਨ ਜੋ ਭਗਵਾਨ ਹੈ, ਤੂੰ ਉਸ ਨੂੰ ਕਿਉਂ ਨਹੀਂ ਭਜਦਾ ॥੪॥

## ਧਨੁ ਦਾਰਾ ਸੰਪਤਿ ਸਗਲ

*ਪ੍ਰਭੂ ਦੇ ਖਟ ਭਗ ਇਹ ਹਨ— [ਗੁਰ ਪ੍ਰਤਾਪ ਸੂਰਜ

## ਜਿਨਿ ਅਪੁਨੀ ਕਰਿ ਮਾਨਿ ॥

ਅਰਥ—ਧਨੁ, ਦਾਰਾ=ਇਸਤਰੀ, ਸੰਪਤਿ=ਹਾਥੀ ਊਂਠ, ਘੋੜਾ ਆਦਿਕ ਸਾਰੀ ਜੋ ਸੰਪਦਾ ਹੈ, ਜਿਸ ਨੂੰ ਤੂੰ ਆਪਣੀ ਕਰ ਕੇ ਮੰਨੀ ਬੈਠਾ ਹੈਂ।

## ਇਨ ਮੈ ਕਛੁ ਸੰਗੀ ਨਹੀ
## ਨਾਨਕ ਸਾਚੀ ਜਾਨਿ ॥੫॥

ਅਰਥ—ਸਤਿਗੁਰੂ ਦੇਵ ਜੀ ਕਥਨ ਕਰਦੇ ਹਨ—ਹੇ ਪੁਰਸ਼ਾ! ਤੂੰ ਇਹ ਗੱਲ ਸੱਚੀ ਜਾਣਨਾ ਕਰ ਕਿ ਇਹਨਾਂ ਪਦਾਰਥਾਂ ਵਿਚੋਂ ਕੋਈ ਵੀ ਤੇਰਾ ਸੰਗੀ=ਸਾਥੀ ਨਹੀਂ ਹੈ।

## ਪਤਿਤ ਉਧਾਰਨ ਭੈ ਹਰਨ

ਅਰਥ—ਉਹ ਪ੍ਰਭੂ ਪਤਿਤ=ਪਾਪੀਆਂ ਦੇ ਤਾਰਨ ਵਾਲਾ ਅਤੇ ਸੇਵਕਾਂ ਦੇ ਭੈ=ਡਰ ਦੇ ਹਰਨੇ ਵਾਲਾ ਹੈ।

## ਹਰਿ ਅਨਾਥ ਕੇ ਨਾਥ ॥

ਅਰਥ—ਹਰੀ ਪ੍ਰਭੂ ਅਨਾਥ=ਗਰੀਬਾਂ ਦਾ ਨਾਥ=ਸੁਆਮੀ ਹੈ।

## ਕਹੁ ਨਾਨਕ ਤਿਹ ਜਾਨੀਐ
## ਸਦਾ ਬਸਤੁ ਤੁਮ ਸਾਥਿ ॥੬॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਐਸਾ ਜੋ ਹਰੀ ਸਦਾ ਤੇਰੇ ਸੰਗ ਬਸਤੁ=ਵਸ ਰਿਹਾ ਹੈ, ਤਿਸ ਨੂੰ ਤੂੰ ਜਾਨਣਾ ਕਰ ॥੬॥

## ਤਨੁ ਧਨੁ ਜਿਹ ਤੋ ਕਉ ਦੀਓ

ਅਰਥ—ਹੇ ਪੁਰਸ਼ਾ! ਜਿਸ ਪ੍ਰਭੂ ਨੇ ਤੋਕਉ=ਤੈਨੂੰ ਤਨ=ਸਰੀਰ ਧਨ ਆਦਿਕ ਪਦਾਰਥ ਸਭ ਕੁਝ ਦੇਣਾ ਕੀਤਾ ਹੈ।

## ਤਾਂ ਸਿਉ ਨੇਹੁ ਨ ਕੀਨ ॥

ਅਰਥ—ਉਸ ਨਾਲ ਤਾਂ ਤੂੰ ਨੇਹੁ=ਪਿਆਰ ਕੀਤਾ ਹੀ ਨਹੀਂ ਹੈ।

## ਕਹੁ ਨਾਨਕ ਨਰ ਬਾਵਰੇ

ਅਰਥ—ਸਤਿਗੁਰੂ ਦੇਵ ਜੀ ਕਥਨ ਕਰਦੇ ਹਨ—ਹੇ ਬਾਵਰੇ=ਝੱਲੇ ਪੁਰਸ਼ਾ! ਪਦਾਰਥਾਂ ਦੇ ਵਿਯੋਗ ਨਾਲ।

## ਅਬ ਕਿਉ ਡੋਲਤ ਦੀਨ ॥੭॥

ਅਰਥ—ਹੁਣ ਤੂੰ ਦੀਨ ਮਨ ਹੋਇਆ ਕਿਉਂ ਡੋਲਦਾ ਫਿਰਦਾ ਹੈਂ। ਵਾ ਦੀਨ=ਧਰਮ ਦੀ ਤਰਫੋਂ ਕਿਉਂ ਡੋਲਦਾ ਹੈਂ?

## ਤਨੁ ਧਨੁ ਸੰਪੈ ਸੁਖ ਦੀਓ

ਅਰਥ—ਫਿਰ ਜਿਸ ਪ੍ਰਭੂ ਨੇ ਤਨ, ਧਨ, ਸੰਪੈ=ਸੰਪਦਾ ਆਦਿਕ ਬਹੁਤ ਸੁਖ ਦਿਤੇ ਹਨ।

## ਅਰੁ ਜਿਹ ਨੀਕੇ ਧਾਮ ॥

ਅਰਥ—ਅਤੇ ਤੇਰੇ ਰਹਿਣ ਵਾਸਤੇ ਨੀਕੇ=ਚੰਗੇ ਧਾਮ=ਘਰ ਦੇਣਾ ਕੀਤੇ ਹਨ।

## ਕਹੁ ਨਾਨਕ ਸੁਨੁ ਰੇ ਮਨਾ

# ਸਿਮਰਤ ਕਾਹਿ ਨ ਰਾਮੁ ॥੮॥

ਅਰਥ—ਸਤਿਗੁਰੂ ਦੇਵ ਜੀ ਕਥਨ ਕਰਦੇ ਹਨ—ਹੇ ਮਨਾ! ਤੂੰ ਸੁਣਨਾ ਕਰ ਜਿਸ ਨੇ ਇਤਨਾ ਕੁਝ ਤੈਨੂੰ ਦਿਤਾ ਹੈ ਤਿਸ ਰਾਮ=ਪ੍ਰਭੂ ਨੂੰ ਤੂੰ ਕਿਸ ਲਈ ਨਹੀਂ ਸਿਮਰਦਾ ॥੮॥

# ਸਭ ਸੁਖ ਦਾਤਾ ਰਾਮੁ ਹੈ

ਅਰਥ—ਇਕ ਰਾਮ=ਪ੍ਰਭੂ ਹੀ ਸਾਰਿਆਂ ਸੁਖਾਂ ਦੇ ਦਾਤਾ=ਦੇਣੇ ਵਾਲਾ ਹੈ।

# ਦੂਸਰ ਨਾਹਿਨ ਕੋਇ॥

ਅਰਥ—ਵਾਹਿਗੁਰੂ ਤੋਂ ਬਿਨਾਂ ਸੁਖਾਂ ਦੇ ਦੇਣੇ ਵਾਲਾ ਦੂਸਰਾ ਤਾਂ ਕੋਈ ਹੈ ਹੀ ਨਾਹਿਨ=ਨਹੀਂ।

# ਕਹੁ ਨਾਨਕ ਸੁਨਿ ਰੇ ਮਨਾ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ! ਤੂੰ ਧਿਆਨ ਦੇ ਕੇ ਸੁਣਨਾ ਕਰ।

# ਤਿਹ ਸਿਮਰਤ ਗਤਿ ਹੋਇ ॥੯॥

ਅਰਥ—ਤਿਸ ਵਾਹਿਗੁਰੂ ਦੇ ਨਾਮਾਂ ਨੂੰ ਸਿਮਰਨੇ ਕਰ ਕੇ ਹੀ ਜੀਵ ਨੂੰ ਗਤਿ=ਮੁਕਤੀ ਦੀ ਪ੍ਰਾਪਤੀ ਹੁੰਦੀ ਹੈ ॥੯॥

# ਜਿਹ ਸਿਮਰਤ ਗਤਿ ਪਾਈਐ

ਅਰਥ—ਜਿਸ ਪ੍ਰਭੂ ਦੇ ਨਾਮ ਨੂੰ ਸਿਮਰਨ ਕਰਕੇ ਗਤਿ=ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

## ਤਿਹ ਭਜੁ ਰੇ ਤੈ ਮੀਤ ॥

ਅਰਥ—ਹੇ ਮਿੱਤਰਾ ! ਤੈ=ਤੂੰ ਤਿਸ ਸੁਖ ਸਰੂਪ ਵਾਹਿਗੁਰੂ ਨੂੰ ਭਜਨਾ ਕਰ ।

## ਕਹੁ ਨਾਨਕ ਸੁਨੁ ਰੇ ਮਨਾ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ ! ਤੂੰ ਸੁਣਨਾ ਕਰ ।

## ਅਉਧ ਘਟਤ ਹੈ ਨੀਤ ॥੧੦॥

ਅਰਥ—ਦੇਖ ਨਿਤਾਪ੍ਰਤੀ ਤੇਰੀ ਅਉਧ=ਉਮਰਾ ਘਟਦੀ ਜਾ ਰਹੀ ਹੈ ॥੧੦॥

*ਯਥਾ :- ਦਿਨ ਤੇ ਪਹਰ ਪਹਰ ਤੇ ਘਰੀਆਂ*
*ਆਵ ਘਟੈ ਤਨਿ ਛੀਜੈ ॥*

*[ਧਨਾਸਰੀ ਕਬੀਰ ਜੀ*

## ਪਾਂਚ ਤਤ ਕੋ ਤਨੁ ਰਚਿਓ
## ਜਾਨਹੁ ਚਤੁਰ ਸੁਜਾਨ ॥

ਅਰਥ—ਹੇ ਸੁਜਾਨ=ਚਤੁਰ ਪੁਰਸ਼ੋ ! ਤੁਸੀਂ ਜਾਣਨਾ ਕਰੋ, ਇਹ ਤਨੁ=ਸਰੀਰ ਪੰਜਾਂ ਤੱਤਾਂ ਕਰ ਕੇ ਰਚਿਆ ਹੋਇਆ ਹੈ ।

## ਜਿਹ ਤੇ ਉਪਜਿਓ ਨਾਨਕਾ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਿਸ ਅਕਾਲ ਪੁਰਖ ਵਾਹਿਗੁਰੂ ਤੋਂ ਇਹ ਸੰਸਾਰ ਉਤਪੰਨ ਹੋਇਆ ਹੈ ।

## ਲੀਨ ਤਾਹਿ ਮੈ ਮਾਨੁ ॥੧੧॥

ਅਰਥ—ਅੰਤ ਨੂੰ ਤਿਸ ਪ੍ਰਭੂ ਮੈ=ਵਿਖੇ ਹੀ ਲੀਨ ਹੋਇਆ ਮਾਨ= ਮੰਨਣਾ ਕਰੋ ॥੧੧॥

## ਘਟ ਘਟ ਮੈ ਹਰਿ ਜੂ ਬਸੈ
## ਸੰਤਨ ਕਹਿਓ ਪੁਕਾਰਿ ॥

ਅਰਥ—ਸੰਤਾਂ ਨੇ ਇਹ ਬਚਨ ਪੁਕਾਰ ਪੁਕਾਰ ਕੇ ਕਿਹਾ ਹੈ ਕਿ ਉਹ ਹਰਿ ਜੀ ਘਟਾਂ ਘਟਾਂ ਵਿਖੇ ਵਸ ਰਿਹਾ ਹੈ ।

## ਕਹੁ ਨਾਨਕ ਤਿਹ ਭਜੁ ਮਨਾ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ ! ਐਸੇ ਪ੍ਰਭੂ ਨੂੰ ਭਜਨਾ ਕਰ, ਤਾਂ ਤੂੰ—

## ਭਉ ਨਿਧਿ ਉਤਰਹਿ ਪਾਰਿ ॥੧੨॥

ਅਰਥ—ਭਉਨਿਧਿ=ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਵੇਂਗਾ ॥੧੨॥

## ਸੁਖੁ ਦੁਖੁ ਜਿਹ ਪਰਸੈ ਨਹੀ
## ਲੋਭੁ ਮੋਹੁ ਅਭਿਮਾਨੁ ॥

ਅਰਥ—ਜਿਸ ਮਨੁੱਖ ਨੂੰ ਸੁਖ, ਦੁਖ, ਲੋਭ ਪਦਾਰਥਾਂ ਦੇ ਇਕੱਠਿਆਂ ਕਰਨ ਦਾ ਤੇ ਮੋਹ ਸਬੰਧੀਆਂ ਦਾ, ਅਭਿਮਾਨੁ=ਵਿੱਦਿਆ ਦਾ ਵਾ ਜਾਤੀ ਦਾ । ਇਤਿਆਦਿਕ ਕੋਈ ਵੀ ਵਿਕਾਰ ਸਪਰਸ਼ ਨਹੀਂ ਕਰਦਾ ।

## ਕਹੁ ਨਾਨਕ ਸੁਨੁ ਰੇ ਮਨਾ

## ਸੋ ਮੂਰਤਿ ਭਗਵਾਨ ॥੧੩॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ! ਤੂੰ ਸੁਣਨਾ ਕਰ ਉਹ ਗਿਆਨ-ਵਾਨ ਪੁਰਸ਼ ਭਗਵਾਨ ਦਾ ਮੂਰਤ=ਸਰੂਪ ਹੀ ਹੈ ॥੧੩॥

## ਉਸਤਤਿ ਨਿੰਦਿਆ ਨਾਹਿ ਜਿਹਿ
## ਕੰਚਨ ਲੋਹ ਸਮਾਨਿ ॥

ਅਰਥ—ਜਿਸ ਪੁਰਸ਼ ਦੇ ਹਿਰਦੇ ਵਿਚ ਉਸਤਤੀ ਨਿੰਦਿਆ ਰੂਪ ਦੁੰਦ ਵਾਦ ਨਹੀਂ ਹੈ ਅਤੇ ਲੋਹੇ ਕੰਚਨ=ਸੋਨੇ ਨੂੰ ਇਕ ਸਮਾਨ ਜਾਨਣਾ ਕੀਤਾ ਹੈ ।

## ਕਹੁ ਨਾਨਕ ਸੁਨਿ ਰੇ ਮਨਾ
## ਮੁਕਤਿ ਤਾਹਿ ਤੈ ਜਾਨਿ ॥੧੪॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ! ਤੂੰ ਸੁਣਨਾ ਕਰ, ਤਿਸ ਪੁਰਸ਼ ਨੂੰ ਮੁੰਕਤ ਰੂਪ ਹੀ ਜਾਣਨਾ ਕਰ ॥੧੪॥

## ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥

ਅਰਥ—ਫਿਰ ਜਿਸ ਦੇ ਹਿਰਦੇ ਵਿਖੇ ਹਰਖ ਸੋਗ ਰੂਪ ਦੁੰਦ ਵਾਦ ਦੀ ਪ੍ਰਾਪਤੀ ਨਹੀਂ ਹੈ ਅਤੇ ਜਿਸ ਦੀ ਦ੍ਰਿਸ਼ਟੀ ਵਿਖੇ ਬੈਰੀ=ਵੈਰੀ ਤੇ ਮਿੱਤਰ ਇਕ ਸਮਾਨ ਹਨ ।

## ਕਹੁ ਨਾਨਕ ਸੁਨਿ ਰੇ ਮਨਾ
## ਮੁਕਤਿ ਤਾਹਿ ਤੈ ਜਾਨਿ ॥੧੫॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਹੇ ਮਨਾ! ਸੁਣਨਾ ਕਰ, ਤਿਸ ਪੁਰਸ਼ ਨੂੰ ਤੂੰ ਮੁਕਤ ਰੂਪ ਜਾਣਨਾ ਕਰ ॥੧੫॥

## ਭੈ ਕਾਹੂ ਕਉ ਦੇਤ ਨਹਿ

ਅਰਥ—ਜੋ ਗਿਆਨ-ਵਾਨ ਪੁਰਸ਼ ਕਿਸੇ ਹੋਰ ਪੁਰਸ਼ ਨੂੰ ਭੈ ਦਿੰਦਾ ਨਹੀਂ ਹੈ, ਅਤੇ—

## ਨਹਿ ਭੈ ਮਾਨਤ ਆਨ ॥

ਅਰਥ—ਨਾ ਹੀ ਆਨਿ=ਹੋਰ ਕਿਸੇ ਦਾ ਡਰ ਆਪ ਮੰਨਦਾ ਹੈ।

## ਕਹੁ ਨਾਨਕ ਸੁਨਿ ਰੇ ਮਨਾ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਹੇ ਮਨਾ! ਤੂੰ ਸੁਣਨਾ ਕਰ।

## ਗਿਆਨੀ ਤਾਹਿ ਬਖਾਨਿ ॥੧੬॥

ਅਰਥ—ਤਿਸ ਪੁਰਸ਼ ਨੂੰ ਅਸਲੀ ਗਿਆਨਵਾਨ ਕਥਨ ਕੀਤਾ ਹੈ ॥੧੬॥

## ਜਿਹਿ ਬਿਖਿਆ ਸਗਲੀ ਤਜੀ

ਅਰਥ—ਤਿਸ ਪੁਰਸ਼ ਨੇ ਬਿਖਿਆ=ਵਿਸ਼ਿਆਂ ਦੀ ਜਾਂ ਮਾਇਆ ਦੀ ਸਾਰੀ ਵਾਸ਼ਨਾ ਤਿਆਗਣਾ ਕੀਤੀ ਹੈ ਅਤੇ—

## ਲੀਓ ਭੇਖ ਬੈਰਾਗ ॥

ਅਰਥ—ਅਸਲ ਵੈਰਾਗ ਵਾਲਾ ਭੇਖ ਧਾਰਨ ਕੀਤਾ ਹੈ।

ਇਥੇ ਵੈਰਾਗੀਆਂ ਵਾਲਾ ਪ੍ਰਤੱਖ ਭੇਖ ਧਾਰਨ ਨਾ ਸਮਝ ਲੈਣਾ।

## ਕਹੁ ਨਾਨਕ ਸੁਨੁ ਰੇ ਮਨਾ
## ਤਿਹ ਨਰ ਮਾਥੈ ਭਾਗੁ ॥੧੭॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ ! ਤੂੰ ਸੁਣਨਾ ਕਰ। ਐਸਾ ਜੋ ਅੰਤ੍ਰੀਵ ਵੈਰਾਗ ਨੂੰ ਧਾਰਨ ਕਰਨੇ ਵਾਲਾ ਵੈਰਾਗੀ ਹੈ, ਤਿਸ ਮਨੁੱਖ ਦੇ ਮੱਥੇ ਦੇ ਉੱਤਮ ਭਾਗ ਸਮਝਣਾ ਕਰੋ ॥੧੭॥

## ਜਿਹਿ ਮਾਇਆ ਮਮਤਾ ਤਜੀ
## ਸਭ ਤੇ ਭਇਓ ਉਦਾਸੁ ॥

ਅਰਥ—ਫਿਰ ਜਿਸ ਪੁਰਸ਼ ਨੇ ਮਾਇਆ ਦੀ ਮਮਤਾ, ਵਾ-ਮਾਇਆ ਦੀ ਤ੍ਰਿਸ਼ਨਾ ਤੇ ਹੰਗਤਾ ਮਮਤਾ ਤਿਆਗਣਾ ਕੀਤੀ ਹੈ ਅਤੇ ਸਭਨਾਂ ਤੋਂ ਉਦਾਸ ਚਿੱਤ ਹੋਇਆ ਹੈ।

## ਕਹੁ ਨਾਨਕ ਸੁਨੁ ਰੇ ਮਨਾ
## ਤਿਹ ਘਟਿ ਬ੍ਰਹਮ ਨਿਵਾਸੁ ॥੧੮॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ ! ਸੁਣਨਾ ਕਰ, ਤਿਸ ਪੁਰਸ਼ ਦੇ ਘਟਿ=ਹਿਰਦੇ ਵਿਖੇ ਹੀ ਬ੍ਰਹਮ=ਸਰਬ ਵਿਆਪਕ ਪ੍ਰਭੂ ਦਾ ਨਿਵਾਸ ਹੈ ॥੧੮॥

## ਜਿਹਿ ਪ੍ਰਾਨੀ ਹਉਮੈ ਤਜੀ

ਅਰਥ—ਫਿਰ ਜਿਸ ਪ੍ਰਾਣ-ਧਾਰੀ ਪੁਰਸ਼ ਨੇ ਮਾਇਆ ਦੀ ਹੰਗਤਾ ਮਮਤਾ ਤਿਆਗਣਾ ਕੀਤੀ ਹੈ। ਅਤੇ—

## ਕਰਤਾ ਰਾਮੁ ਪਛਾਨਿ ॥

ਅਰਥ—ਕਰਤੇ ਰਾਮ ਪ੍ਰਭੂ ਨੂੰ ਪਛਾਣਨਾ ਕੀਤਾ ਹੈ ।

## ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥

ਅਰਥ—ਸਤਿਗੁਰੂ ਜੀ ਕਥਨ ਕਰਦੇ ਹਨ—ਹੇ ਮਨਾ! ਤੂੰ ਇਹ ਵਾਰਤਾ ਸੱਚੀ ਕਰ ਕੇ ਮੰਨਣਾ ਕਰ ਕਿ ਉਹ ਪੁਰਸ਼ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ ॥੧੯॥

## ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥

ਅਰਥ—ਕਲਿ ਮੈ=ਕਲਜੁਗ ਵਿਖੇ ਕੇਵਲ ਹਰੀ ਦਾ ਨਾਮ ਹੀ ਜਨਮ ਮਰਨ ਦੇ ਭੈ=ਡਰ ਨੂੰ ਨਾਸਨ=ਨਾਸ ਕਰਨ ਵਾਲਾ, ਅਤੇ ਦੁਰਮਤਿ=ਖੋਟੀ ਮਤ ਦੇ ਹਰਨੇ ਵਾਲਾ ਹੈ ।

## ਨਿਸਿ ਦਿਨੁ ਜੋ ਨਾਨਕ ਭਜੈ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਐਸੇ ਹਰੀ ਪ੍ਰਭੂ ਦੇ ਨਾਮਾਂ ਨੂੰ ਜੋ ਵੀ ਨਿਸ+ਦਿਨ=ਰਾਤ ਦਿਨੇ ਭਜਦਾ ਭਾਵ ਸਿਮਰਦਾ ਹੈ ।

## ਸਫਲ ਹੋਹਿ ਤਿਹ ਕਾਮ ॥੨੦॥

ਅਰਥ—ਤਿਹ=ਤਿਸ ਪੁਰਸ਼ ਦੇ ਸੰਸਾਰਕ ਅਤੇ ਪ੍ਰਮਾਰਥਕ ਸਾਰੇ ਕੰਮ ਸਫਲ, ਭਾਵ ਪੂਰਨ ਹੋ ਜਾਂਦੇ ਹਨ ॥੨੦॥

## ਜਿਹਬਾ ਗੁਨ ਗੋਬਿੰਦ ਭਜਹੁ

ਅਰਥ—ਜਿਹਬਾ=ਜ਼ਬਾਨ ਨਾਲ ਗੋਬਿੰਦ ਪ੍ਰਭੂ ਦੇ ਗੁਣਾਂ ਨੂੰ

ਭਜਹੁ=ਉਚਾਰਨਾ ਕਰੋ । ਅਤੇ—

## ਕਰਨ ਸੁਨਹੁ ਹਰਿ ਨਾਮੁ ॥

ਅਰਥ—ਕੰਨਾਂ ਕਰ ਕੇ ਹਰੀ ਨਾਮ ਨੂੰ ਸੁਣਨਾ ਕਰੋ ।

## ਕਹੁ ਨਾਨਕ ਸੁਨਿ ਰੇ ਮਨਾ

ਅਰਥ—ਸਤਿਗੁਰੂ ਜੀ ਕਥਨ ਕਰਦੇ ਹਨ—ਹੇ ਮਨਾ ! ਤੂੰ ਸੁਣਨਾ ਕਰ ਜੋ ਜਿਹਵਾ ਕਰ ਕੇ ਪ੍ਰਭੂ ਦੇ ਗੁਣਾਂ ਨੂੰ ਉਚਾਰਦੇ ਤੇ ਕੰਨਾਂ ਕਰ ਕੇ ਹਰੀ ਨਾਮ ਨੂੰ ਹੀ ਸੁਣਦੇ ਹਨ, ਉਹ ਮਨੁਖ—

## ਪਰਹਿ ਨ ਜਮ ਕੈ ਧਾਮ ॥੨੧॥

ਅਰਥ—ਜਮਾਂ ਦੇ ਧਾਮ=ਘਰ ਭਾਵ ਨਰਕਾਂ ਵਿਖੇ ਨਹੀਂ ਪੈਂਦੇ ॥੨੧॥

## ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥

ਅਰਥ—ਜੋ ਪ੍ਰਾਣ-ਧਾਰੀ ਪੁਰਸ਼ ਜਮੀਨ ਆਦਿਕ ਦੀ ਮਮਤਾ ਪਦਾਰਥਾਂ ਦੇ ਇਕੱਠਿਆਂ ਕਰਨ ਦਾ ਲੋਭ, ਮੋਹ ਸਬੰਧੀਆਂ ਦਾ ਅਤੇ ਵਿਦਿਆ ਦਾ ਹੰਕਾਰ ਇਤਿਆਦਿਕ ਸਾਰਿਆਂ ਵਿਕਾਰਾਂ ਨੂੰ ਤਜੈ=ਤਿਆਗਦਾ ਹੈ ।

## ਕਹੁ ਨਾਨਕ ਆਪਨ ਤਰੈ
## ਅਉਰਨ ਲੇਤ ਉਧਾਰ ॥੨੨॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਉਹ ਪੁਰਸ਼ ਆਪ ਵੀ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਤੇ ਹੋਰਨਾਂ ਨੂੰ (ਜੋ ਵੀ ਉਸ ਦਾ ਸੰਗੀ ਹੁੰਦਾ ਹੈ ਉਸ ਨੂੰ) ਵੀ ਉਧਾਰ ਲੈਂਦਾ ਹੈ ॥੨੨॥

# ਜਿਉ ਸੁਪਨਾ ਅਰੁ ਪੇਖਨਾ
# ਐਸੇ ਜਗ ਕਉ ਜਾਨਿ ॥

ਅਰਥ—੧. ਜਿਸ ਤਰ੍ਹਾਂ ਰਾਤ ਨੂੰ ਸੁਪਨੇ ਵਿਚ ਆਏ ਹੋਏ ਪਦਾਰਥ ਅਤੇ ਪੇਖਨਾ=ਬਾਜ਼ੀਗਰ ਦਾ ਤਮਾਸ਼ਾ ਮਿਥਿਆ ਹੁੰਦਾ ਹੈ ।

੨. ਮ੍ਰਿਗ ਤ੍ਰਿਸ਼ਨਾ ਦਾ ਜਲ ਜਿਵੇਂ ਦੇਖਣੇ ਵਿਖੇ ਆਉਂਦਾ ਹੈ, ਪਰ ਅਸਲ ਵਿਚ ਉਥੇ ਜਲ ਹੁੰਦਾ ਨਹੀਂ ।

ਹੇ ਭਾਈ ! ਇਸੇ ਤਰ੍ਹਾਂ ਹੀ ਐਸੇ ਇਸ ਜਗਤ ਕਉ=ਨੂੰ ਤੂੰ ਮਿਥਿਆ ਜਾਣਨਾ ਕਰ ।

# ਇਨ ਮੈ ਕਛੁ ਸਾਚੋ ਨਹੀ
# ਨਾਨਕ ਬਿਨੁ ਭਗਵਾਨ ॥੨੩॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਇਕ ਭਗਵਾਨ ਤੋਂ ਬਿਨਾਂ ਇਸ ਸੰਸਾਰ ਵਿਖੇ ਕੋਈ ਵੀ ਪਦਾਰਥ ਸੱਚਾ ਨਹੀਂ ਹੈ ॥੨੩॥

# ਨਿਸਿ ਦਿਨੁ ਮਾਇਆ ਕਾਰਨੇ
# ਪ੍ਰਾਨੀ ਡੋਲਤ ਨੀਤ ॥

ਅਰਥ—ਮਾਇਆ ਦੀ ਪ੍ਰਾਪਤੀ ਦੇ ਕਾਰਨੇ=ਵਾਸਤੇ ਇਹ ਪ੍ਰਾਣਧਾਰੀ ਪੁਰਸ਼ ਰਾਤ ਦਿਨੇ ਨਿਤਾ ਪ੍ਰਤੀ ਡੋਲਤ=ਭਟਕਦਾ ਫਿਰਦਾ ਹੈ ।

# ਕੋਟਨ ਮੈ ਨਾਨਕ ਕੋਊ
# ਨਾਰਾਇਨੁ ਜਿਹ ਚੀਤਿ ॥੨੪॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਕਰੋੜਾਂ ਵਿਚੋਂ

ਕੋਈ ਵਿਰਲਾ ਹੀ ਪੁਰਸ਼ ਹੈ, ਜਿਸ ਦੇ ਚਿੱਤ ਵਿਖੇ ਨਰਾਇਨੁ=ਪ੍ਰਭੂ ਦਾ ਨਾਮ ਹੈ ॥੨੪॥

## ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਅਰਥ—ਜਿਸ ਪ੍ਰਕਾਰ ਜਲ ਦੇ ਵਿਚੋਂ ਪਾਣੀ ਦੇ ਬੁਦ-ਬੁਦੇ ਨਿਤ ਪ੍ਰਤਿ ਉਪਜਦੇ ਤੇ ਬਿਨਸਦੇ ਰਹਿੰਦੇ ਹਨ ।

## ਜਗ ਰਚਨਾ ਤੈਸੇ ਰਚੀ
## ਕਹੁ ਨਾਨਕ ਸੁਨਿ ਮੀਤ ॥੨੫॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਮਿੱਤਰਾ ! ਸੁਣਨਾ ਕਰ । ਤਿਸ ਬੁਦਬੁਦੇ ਦੀ ਨਿਆਈਂ ਇਸ ਸੰਸਾਰ ਦੀ ਰਚਨਾ ਵਾਹਿਗੁਰੂ ਨੇ ਕੀਤੀ ਹੈ । ਭਾਵ ਬੁਦ-ਬੁਦੇ ਦੀ ਨਿਆਈਂ ਇਹ ਜਗਤ ਕਦੀ ਉਤਪਤ ਹੋ ਜਾਂਦਾ ਹੈ ਅਤੇ ਕਦੀ ਨਾਸ ਹੋ ਜਾਂਦਾ ਹੈ ॥੨੫

## ਪ੍ਰਾਨੀ ਕਛੂ ਨ ਚੇਤਈ
## ਮਦਿ ਮਾਇਆ ਕੈ ਅੰਧੁ ॥

ਅਰਥ—ਮਾਇਆ ਰੂਪੀ ਮਦ=ਸ਼ਰਾਬ ਦੀ ਮਸਤੀ ਕਰ ਕੇ ਅੰਧਾ ਹੋਇਆ ਹੋਇਆ ਇਹ ਪ੍ਰਾਣੀ ਕਛੂ=ਕੁਝ ਸਮਾਂ ਵੀ ਵਾਹਿਗੁਰੂ ਨਾਮ ਨੂੰ ਚੇਤਦਾ ਨਹੀਂ ਹੈ ।

## ਕਹੁ ਨਾਨਕ ਬਿਨੁ ਹਰਿ ਭਜਨ
## ਪਰਤ ਤਾਹਿ ਜਮ ਫੰਧ ॥੨੬॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹਰੀ ਪ੍ਰਭੂ ਦਾ

ਭਜਨ=ਸਿਮਰਨ ਕੀਤੇ ਬਿਨਾਂ ਤਾਹਿ=ਤਿਸ ਬੇਮੁਖ ਜੀਵ ਦੇ ਗਲ ਵਿਖੇ ਅੰਤਮ ਸਮੇਂ ਜਮਾਂ ਦਾ ਫੰਧ=ਫਾਹ ਪੈਂਦਾ ਹੈ ॥੨੬॥

## ਜਉ ਸੁਖ ਕਉ ਚਾਹੈ ਸਦਾ
## ਸਰਨਿ ਰਾਮ ਕੀ ਲੇਹ ॥

ਅਰਥ—੧. ਹੇ ਪੁਰਸ਼ਾ ! ਜੇ ਤੂੰ ਸਦਾ ਹੀ ਸੁਖਾਂ ਨੂੰ ਲਿਆ ਚਾਹੁੰਦਾ ਹੈਂ ।

੨. ਸਦਾ ਸੁਖ=ਨਿਤ ਸੁਖ ਭਾਵ ਆਤਮਕ ਸੁਖ ਨੂੰ ਲਿਆ ਚਾਹੁੰਦਾ ਹੈਂ ਤਾਂ ਸਾਰਿਆਂ ਵਿਖੇ ਰਾਮ=ਰਮੇ ਹੋਏ ਅਕਾਲ ਪੁਰਖ ਦੀ ਸ਼ਰਨ ਲੈਣਾ ਕਰ ।

## ਕਹੁ ਨਾਨਕ ਸੁਨਿ ਰੇ ਮਨਾ
## ਦੁਰਲਭ ਮਾਨੁਖ ਦੇਹ ॥੨੭॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ ! ਤੂੰ ਸੁਣਨਾ ਕਰ, ਇਹ ਮਨੁੱਖਾ ਦੇਹ ਫਿਰ ਪ੍ਰਾਪਤ ਹੋਣੀ ਬੜੀ ਕਠਨ ਹੈ । ਇਸ ਕਰਕੇ ਇਸੇ ਮਨੁੱਖਾ ਜਨਮ ਵਿਖੇ ਤੂੰ ਪ੍ਰਭੂ ਦਾ ਸਿਮਰਨ ਕਰ ਲੈ ॥੨੭॥

## ਮਾਇਆ ਕਾਰਨਿ ਧਾਵਹੀ
## ਮੂਰਖ ਲੋਗ ਅਜਾਨ ॥

ਅਰਥ—੧. ਅਜਾਨ=ਅਗਿਆਤ ਜੋ ਮੂਰਖ ਲੋਕ ਹੈਨ, ਓਹ ਮਾਇਆ ਦੀ ਪ੍ਰਾਪਤੀ ਕਾਰਨਿ=ਵਾਸਤੇ ਹਰ ਪਾਸੇ ਧਾਵਹੀ=ਭੱਜੇ ਫਿਰਦੇ ਹਨ ।

੨. ਪ੍ਰਮਾਰਥ ਗਿਆਤ ਤੋਂ ਰਹਿਤ ਹੋਣ ਕਰਕੇ ਮੂਰਖ ਹਨ ਅਤੇ ਸ਼ਾਸਤ੍ਰ ਗਿਆਤ ਤੋਂ ਰਹਿਤ ਹੋਣ ਕਰਕੇ ਅਨਜਾਣ ਹਨ ।

## ਕਹੁ ਨਾਨਕ ਬਿਨੁ ਹਰਿ ਭਜਨ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹਰੀ ਦੇ ਭਜਨ ਸਿਮਰਨ ਤੋਂ ਬਿਨਾਂ ਹੋ ਕੇ—

## ਬਿਰਥਾ ਜਨਮੁ ਸਿਰਾਨ ॥੨੮॥

ਅਰਥ—ਆਪਣੇ ਅਮੋਲਕ ਮਨੁਖਾ ਜਨਮ ਨੂੰ ਬਿਰਥਾ=ਵਿਅਰਥ ਹੀ ਸਿਰਾਨ=ਬਤੀਤ ਕਰਦੇ ਹਨ ॥੨੮॥

## ਜੋ ਪ੍ਰਾਨੀ ਨਿਸਿ ਦਿਨੁ ਭਜੈ

ਅਰਥ—ਜੋ ਪ੍ਰਾਣ-ਧਾਰੀ ਪੁਰਸ਼ ਰਾਤ ਦਿਨੇ ਵਾਹਿਗੁਰੂ ਦਾ ਭਜਨ ਸਿਮਰਨ ਕਰਦੇ ਹਨ ।

## ਰੂਪ ਰਾਮ ਤਿਹ ਜਾਨੁ ॥

ਅਰਥ—ਤਿਹ=ਤਿਨ੍ਹਾਂ ਗੁਰਮੁਖਾਂ ਨੂੰ ਰਾਮ ਸਰੂਪ ਕਰ ਕੇ ਜਾਣਨਾ ਕਰ ।

## ਹਰਿ ਜਨ ਹਰਿ ਅੰਤਰੁ ਨਹੀ
## ਨਾਨਕ ਸਾਚੀ ਮਾਨੁ ॥੨੯॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਇਹ ਗੱਲ ਸੱਚੀ ਕਰ ਕੇ ਮੰਨਣਾ ਕਰ ਕਿ ਹਰੀ ਦੇ ਸੇਵਕ ਜਨਾਂ ਵਿਖੇ ਅਤੇ ਹਰੀ ਵਿਚ ਰੰਚਕ ਮਾਤਰ ਵੀ ਅੰਤਰਾ, ਭੇਦ ਨਹੀਂ ਹੈ ॥੨੯॥

## ਮਨੁ ਮਾਇਆ ਮੈ ਫਧਿ ਰਹਿਓ

ਅਰਥ—ਜਿਸ ਤੇ ਮਨਮੁਖਾਂ ਦਾ ਮਨ ਮਾਇਆ ਵਿਖੇ ਫਧਿ ਰਹਿਓ=ਫਸ ਰਿਹਾ ਹੈ ।

## ਬਿਸਰਿਓ ਗੋਬਿੰਦ ਨਾਮੁ ॥

ਅਰਥ—ਇਸੀ ਤੇ ਮਨਮੁਖਾਂ ਨੂੰ ਗੋਬਿੰਦ ਦਾ ਨਾਮ ਬਿਸਰਿਓ=ਭੁੱਲ ਗਿਆ ਹੈ ।

## ਕਹੁ ਨਾਨਕ ਬਿਨੁ ਹਰਿ ਭਜਨ

ਅਰਥ—ਸਤਿਗੁਰੂ ਦੇਵ ਜੀ ਕਥਨ ਕਰਦੇ ਹਨ—ਹਰੀ ਦੇ ਭਜਨ ਸਿਮਰਨ ਕਰਨ ਤੋਂ ਬਿਨਾਂ—

## ਜੀਵਨ ਕਉਨੇ ਕਾਮ ॥੩੦॥

ਅਰਥ—ਇਹ ਪ੍ਰਾਣੀ ਦਾ ਜਿਊਂਣਾ ਕਉਨੇ ਕਾਮ=ਕਿਸ ਕੰਮ, ਭਾਵ ਵਿਅਰਥ ਹੀ ਹੈ ॥੩੦॥

## ਪ੍ਰਾਨੀ ਰਾਮੁ ਨ ਚੇਤਈ
## ਮਦਿ ਮਾਇਆ ਕੈ ਅੰਧੁ ॥

ਅਰਥ—ਜਿਹੜੇ ਪ੍ਰਾਣ ਧਾਰੀ ਪੁਰਸ਼ ਰਾਮ ਨਾਮ ਦਾ ਚਿੰਤਨ ਨਹੀਂ ਕਰਦੇ ਅਤੇ ਮਾਇਆ ਦੀ ਮਦਿ=ਮਸਤੀ ਵਿਖੇ ਲੱਗ ਕੇ ਅੰਧੁ=ਅੰਨ੍ਹੇ ਹੋ ਰਹੇ ਹਨ ।

## ਕਹੁ ਨਾਨਕ ਹਰਿ ਭਜਨ ਬਿਨੁ
## ਪਰਤ ਤਾਹਿ ਜਮ ਫੰਧ ॥੩੧॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹਰੀ ਦੇ ਭਜਨ, ਸਿਮਰਨ ਕੀਤੇ ਤੋਂ ਬਿਨਾਂ ਤਿਨ੍ਹਾਂ ਪੁਰਸ਼ਾਂ ਨੂੰ ਜਮਾਂ ਦੇ ਫੰਧ=ਫਾਹ ਪਰਤ=ਪੈਂਦੇ ਹਨ ॥੩੧॥

## ਸੁਖ ਮੈ ਬਹੁ ਸੰਗੀ ਭਏ

ਅਰਥ—ਜਿਸ ਵੇਲੇ ਬਿਅੰਤ ਮਾਇਆ ਹੋਣ ਕਰਕੇ ਜੀਵ ਨੂੰ ਸੰਸਾਰਕ ਸੁਖ ਪ੍ਰਾਪਤ ਹੁੰਦੇ ਹਨ ਤਾਂ ਉਹਨਾਂ ਸੰਸਾਰਕ ਸੁਖਾਂ ਵਿਖੇ ਜੀਵ ਦੇ ਬਹੁਤ ਸਾਰੇ ਸੰਗੀ ਹੋ ਜਾਂਦੇ ਹਨ। ਪਰ—

## ਦੁਖ ਮੈ ਸੰਗਿ ਨ ਕੋਇ ॥

ਅਰਥ—ਦੁੱਖਾਂ ਵਿਖੇ ਭਾਵ ਅਪਦਾ ਕਾਲ ਵਿਖੇ ਜੀਵ ਦਾ ਕੋਈ ਵੀ ਮਨੁੱਖ ਸੰਗੀ ਨਹੀਂ ਹੁੰਦਾ।

## ਕਹੁ ਨਾਨਕ ਹਰਿ ਭਜੁ ਮਨਾ
## ਅੰਤਿ ਸਹਾਈ ਹੋਇ ॥੩੨॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨ! ਤੂੰ ਉਸ ਹਰੀ ਦਾ ਸਿਮਰਨ ਕਰ ਜੋ ਅੰਤ ਸਮੇਂ ਜੀਵ ਦੀ ਸਹਾਇਤਾ ਕਰਨ ਵਾਲਾ ਹੁੰਦਾ ਹੈ ॥੩੨॥

## ਜਨਮ ਜਨਮ ਭਰਮਤ ਫਿਰਿਓ

ਅਰਥ—ਹੇ ਪੁਰਸ਼ਾ! ਤੂੰ ਜਨਮਾਂ ਜਨਮਾਤਰਾਂ ਵਿਖੇ ਭਰਮਦਾ ਫਿਰਦਾ ਰਿਹਾ। ਪਰ ਤੇਰੇ ਹਿਰਦੇ ਵਿਚੋਂ—

## ਮਿਟਿਓ ਨ ਜਮ ਕੋ ਤ੍ਰਾਸੁ ॥

ਅਰਥ—ਜਮਾਂ ਦਾ ਤ੍ਰਾਸੁ=ਡਰ ਮਿਟਿਆ ਨਹੀਂ ਹੈ । ਭਾਵ—ਜਮਾਂ ਦਾ ਡਰ ਦੂਰ ਨ ਹੋਇਆ ਓਹ ਬਣਿਆ ਹੀ ਰਿਹਾ।

## ਕਹੁ ਨਾਨਕ ਹਰਿ ਭਜੁ ਮਨਾ

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ ! ਤੂੰ ਹਰੀ ਦਾ ਸਿਮਰਨ ਕਰ । ਦੇਖ ! ਜੇ ਸਿਮਰਨ ਕਰੇਂਗਾ ਤਾਂ ਤੂੰ—

## ਨਿਰਭੈ ਪਾਵਹਿ ਬਾਸੁ ॥੩੩॥

ਅਰਥ—ਨਿਰਭੈ=ਨਿਰਭਉ ਪ੍ਰਮਾਤਮਾ ਵਿਖੇ ਵਾ:-ਨਿਰਭੈਤਾ ਵਿਖੇ ਵਸਣਾ ਪਾਵੇਂਗਾ ॥੩੩॥

ਹੇ ਪੁਰਸ਼ਾ ! ਤੂੰ ਵਾਹਿਗੁਰੂ ਅੱਗੇ ਮਾਨ ਦੀ ਨਵਿਰਤੀ ਲਈ ਇਸ ਤਰ੍ਹਾਂ ਪ੍ਰਾਰਥਨਾ ਕਰ, ਕਿ ਹੇ ਪ੍ਰਭੂ !

## ਜਤਨ ਬਹੁਤੁ ਮੈ ਕਰਿ ਰਹਿਓ

ਅਰਥ—ਮੈਂ ਬਹੁਤ ਸਾਰੇ ਜਤਨ=ਉਪਾਅ (ਸਾਧਨ) ਵੀ ਕਰ ਕੇ ਰਹਿ ਗਿਆ ਹਾਂ । ਪਰ—

## ਮਿਟਿਓ ਨ ਮਨ ਕੋ ਮਾਨੁ ॥

ਅਰਥ—ਮਨ ਦਾ ਮਾਨੁ=ਹੰਕਾਰ ਮਿਟਿਆ ਨਹੀਂ ਹੈ ।

## ਦੁਰਮਤਿ ਸਿਉ ਨਾਨਕ ਫਧਿਓ

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹੇ ਪੁਰਸ਼ਾ ! ਤੂੰ ਇਸ ਤਰ੍ਹਾਂ ਕਹੋ ਕਿ ਪ੍ਰਭੂ ! ਮੈਂ ਦੁਰਮਤਿ ਸਿਉ=ਖੋਟੀ ਬੁੱਧੀ ਨਾਲ ਫਸਿਆ ਹੋਇਆ ਹਾਂ ।

## ਰਾਖਿ ਲੇਹੁ ਭਗਵਾਨ ॥੩੪॥

ਅਰਥ—ਹੇ ਭਗਵਾਨ ! ਆਪ ਹੀ ਕਿਰਪਾ ਕਰ ਕੇ ਮੈਨੂੰ ਮਾਨ ਆਦਿਕ ਵਿਕਾਰਾਂ ਵਲੋਂ ਅਤੇ ਸੰਸਾਰਕ ਧੰਦਿਆਂ ਵਲੋਂ ਰੱਖ ਲੈਣਾ ਕਰੋ ॥੩੪॥

## ਬਾਲ ਜੁਆਨੀ ਅਰੁ ਬਿਰਧਿ ਫੁਨਿ

ਅਰਥ—ਬਾਲ=ਬਾਲਕ, ਅਰੁ=ਅਤੇ, ਜੁਆਨੀ=ਜੋਬਨ, ਫੁਨਿ=ਪੁਨਾ ਬਿਰਧ=ਬੁਢੇਪਾ ।

## ਤੀਨਿ ਅਵਸਥਾ ਜਾਨਿ ॥

ਅਰਥ—ਹੇ ਪੁਰਸ਼ਾ ! ਇਤਿਆਦਿਕ ਤਿੰਨ ਅਵਸਥਾ ਜਾਣਨਾ ਕਰ । ਪਰ—

## ਕਹੁ ਨਾਨਕ ਹਰਿ ਭਜਨ ਬਿਨੁ

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਇਕ ਹਰੀ ਪ੍ਰਭੂ ਦੇ ਸਿਮਰਨ ਕੀਤੇ ਤੋਂ ਬਿਨਾਂ ।

## ਬਿਰਥਾ ਸਭ ਹੀ ਮਾਨੁ ॥੩੫॥

ਅਰਥ—ਹੇ ਪੁਰਸ਼ਾ ! ਤੂੰ ਸਾਰੀਆਂ ਹੀ ਅਵਸਥਾ ਨੂੰ ਬਿਰਥਾ ਮਾਨ=ਨਿਸਫਲ ਮੰਨਣਾ ਕਰ ॥੩੫॥

## ਕਰਣੋ ਹੁਤੋ ਸੁ ਨਾ ਕੀਓ

ਅਰਥ—ਹੇ ਪੁਰਸ਼ਾ ! ਇਸ ਮਨੁਖਾ ਜਨਮ ਨੂੰ ਪਾ ਕੇ ਜੋ ਕੁਝ ਸੇਵਾ ਟਹਿਲ, ਪਰਉਪਕਾਰਤਾ, ਭਜਨ-ਸਿਮਰਨ ਆਦਿਕ ਸ਼ੁਭ ਕਰਮਾਂ ਨੂੰ ਕਰਨਾ ਹੈਸੀ, ਓਹ ਤਾਂ ਤੂੰ ਕੁਝ ਕੀਤਾ ਹੀ ਨਾ, ਬਸ—

## ਪਰਿਓ ਲੋਭ ਕੈ ਫੰਧ ॥

ਅਰਥ—ਪਦਾਰਥਾਂ ਦੇ ਲੋਭ ਦੇ ਫਾਹ ਵਿਖੇ ਹੀ ਤੂੰ ਪਿਆ ਰਿਹਾ ਹੈਂ।

ਅਥਵਾ—ਲੋਭ ਕਰਕੇ ਫਾਹ ਰੂਪ ਧੰਦਿਆਂ ਵਿਖੇ ਪਿਆ ਰਿਹਾ ਹੈਂ।

## ਨਾਨਕ ਸਮਿਓ ਰਮਿ ਗਇਓ

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹੇ ਪੁਰਸ਼ਾ! ਬੁਢੇਪਾ ਆਉਣ ਕਰਕੇ ਜਪ ਤਪ ਆਦਿਕ ਸਾਧਨਾਂ ਦੇ ਕਰਨ ਦਾ ਜੋ ਜਵਾਨੀ ਦਾ ਅਮੋਲਕ ਸਮਾਂ ਸੀ ਉਹ ਸਮਾਂ ਤੇਰਾ ਵਿਅਰਥ ਹੀ ਰਮਿ ਗਇਓ=ਚਲਾ ਗਿਆ ਭਾਵ ਬਤੀਤ ਹੋ ਗਿਆ ਹੈ।

## ਅਬ ਕਿਉ ਰੋਵਤ ਅੰਧ ॥੩੬॥

ਅਰਥ—ਹੇ ਅੰਧ=ਅੰਨ੍ਹੇ ਮਨ ! ਹੁਣ ਬੁਢੇਪੇ ਦੇ ਆਉਣ ਪਰ ਤੂੰ ਕਿਉਂ ਰੋਂਦਾ ਹੈ ॥੩੬॥

## ਮਨੁ ਮਾਇਆ ਮੈ ਰਮਿ ਰਹਿਓ

ਅਰਥ—ਜਿਸ ਜੀਵ ਦਾ ਮਨ ਮਾਇਆ ਵਿਖੇ ਇਸ ਤਰ੍ਹਾਂ ਰਮਿ ਰਿਹਾ ਭਾਵ ਖਚਤ ਹੋ ਰਿਹਾ ਹੈ

## ਨਿਕਸਤ ਨਾਹਿਨ ਮੀਤ ॥

ਅਰਥ—ਹੇ ਮਿਤਰਾ ! ਜੋ ਮਾਇਆ ਵਿਚੋਂ ਨਿਕਲਦਾ ਹੀ ਨਹੀਂ ਹੈ।

## ਨਾਨਕ ਮੂਰਤਿ ਚਿਤ੍ਰ ਜਿਉ
## ਛਾਡਿਤ ਨਾਹਿਨ ਭੀਤਿ ॥੩੭॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਿਵੇਂ ਭੀਤ=ਕੰਧ ਉੱਪਰ ਚਿੱਤਰੀ ਹੋਈ ਮੂਰਤੀ ਕੰਧ ਨੂੰ ਛੱਡਦੀ ਨਹੀਂ, ਇਸ ਤਰ੍ਹਾਂ ਜੀਵ ਮਾਇਆ ਨੂੰ ਛੱਡਦਾ ਨਹੀਂ ਹੈ ॥੩੭॥

## ਨਰ ਚਾਹਤ ਕਛੁ ਅਉਰ
## ਅਉਰੈ ਕੀ ਅਉਰੈ ਭਈ ॥

ਅਰਥ—ਮਨੁੱਖ ਤਾਂ ਕੁਝ ਹੋਰ ਚਾਹੁੰਦਾ ਹੈ, ਪਰ ਵਾਹਿਗੁਰੂ ਦੇ ਹੁਕਮ ਅਨੁਸਾਰ ਕੁਝ ਹੋਰ ਦੀ ਹੋਰ ਹੀ ਵਾਰਤਾ ਹੋ ਜਾਂਦੀ ਹੈ।

## ਚਿਤਵਤ ਰਹਿਓ ਠਗਉਰ
## ਨਾਨਕ ਫਾਸੀ ਗਲਿ ਪਰੀ ॥੩੮॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਇਹ ਜੀਵ ਸਾਰੀ ਉਮਰਾ ਠਗਉਰ=ਠੱਗਣ ਵਾਲੀ ਮਾਇਆ ਨੂੰ ਵਾ:-ਠੱਗੀਆਂ ਨੂੰ ਹੀ ਚਿਤਵਦਾ ਰਿਹਾ, ਜਿਸ ਕਰਕੇ ਅੰਤਮ ਸਮੇਂ ਇਸ ਦੇ ਗਲ ਵਿਖੇ ਜਮਾਂ ਦੀ ਫਾਹੀ ਪੈ ਗਈ ॥੩੮॥

## ਜਤਨ ਬਹੁਤ ਸੁਖ ਕੇ ਕੀਏ

ਅਰਥ—ਫਿਰ ਇਸ ਮਨੁੱਖ ਨੇ ਸੰਸਾਰਕ ਸੁਖਾਂ ਦੀ ਪ੍ਰਾਪਤੀ ਦੇ ਯਤਨ ਤਾਂ ਬਹੁਤ ਕੀਤੇ ਹਨ। ਪਰ—

## ਦੁਖ ਕੋ ਕੀਓ ਨ ਕੋਇ ॥

ਅਰਥ—ਦੁੱਖ ਦੀ ਪ੍ਰਾਪਤੀ ਦਾ ਇਸ ਨੇ ਕੋਈ ਯਤਨ ਨਹੀਂ ਕੀਤਾ।

## ਕਹੁ ਨਾਨਕ ਸੁਨਿ ਰੇ ਮਨਾ

## ਹਰਿ ਭਾਵੈ ਸੋ ਹੋਇ ॥੩੯॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨਾ! ਤੂੰ ਸੁਣਨਾ ਕਰ ਜੋ ਹਰੀ ਨੂੰ ਭਾਉਂਦਾ ਹੈ, ਹੁੰਦਾ ਓਹੀ ਕੁਝ ਹੈ ॥੩੯॥

## ਜਗਤੁ ਭਿਖਾਰੀ ਫਿਰਤੁ ਹੈ
## ਸਭ ਕੋ ਦਾਤਾ ਰਾਮੁ ॥

ਅਰਥ—ਕੀ ਕੰਗਾਲ ਤੇ ਕੀ ਰਾਜਾ, ਸਾਰਾ ਜਗਤ ਹੀ ਭਿਖਾਰੀ= ਮੰਗਤਾ ਹੋਇਆ ਫਿਰ ਰਿਹਾ ਹੈ, ਪਰ ਇਹਨਾਂ ਸਾਰਿਆਂ ਦਾ ਦਾਤਾ ਇਕ ਰਾਮ ਪ੍ਰਭੂ ਹੀ ਹੈ।

## ਕਹੁ ਨਾਨਕ ਮਨ ਸਿਮਰੁ ਤਿਹ
## ਪੂਰਨ ਹੋਵਹਿ ਕਾਮ ॥੪੦॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਨ! ਤੂੰ ਤਿਸ ਵਾਹਿਗੁਰੂ ਨੂੰ ਸਿਮਰਨਾ ਕਰ। ਜੇ ਸਿਮਰੇਂਗਾ ਤਾਂ ਫਿਰ ਤੇਰੇ ਸਾਰੇ ਕੰਮ ਪੂਰੇ ਹੋ ਜਾਣਗੇ ॥੪੦॥

## ਝੂਠੈ ਮਾਨੁ ਕਹਾ ਕਰੈ
## ਜਗੁ ਸੁਪਨੇ ਜਿਉ ਜਾਨੁ ॥

ਅਰਥ—ਹੇ ਪੁਰਸ਼ਾ! ਤੂੰ ਇਹਨਾਂ ਝੂਠਿਆਂ ਪਦਾਰਥਾਂ ਦਾ ਮਾਨ ਕਿਸ ਵਾਸਤੇ ਪਿਆ ਕਰਦਾ ਹੈਂ। ਇਸ ਜਗਤ ਨੂੰ ਤੂੰ ਸੁਪਨੇ ਦੀ ਨਿਆਈਂ ਮਿਥਿਆ ਜਾਣਨਾ ਕਰ।

## ਇਨ ਮੈ ਕਛੁ ਤੇਰੋ ਨਹੀ

## ਨਾਨਕ ਕਹਿਓ ਬਖਾਨਿ ॥੪੧॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਅਸਾਂ ਨੇ ਤੈਨੂੰ ਵਿਚਾਰ ਕੇ ਕਿਹਾ ਹੈ "ਕਿ ਹੇ ਭਾਈ ! ਇਹਨਾਂ ਵਿਚੋਂ ਕੁਝ ਵੀ ਤੇਰਾ ਨਹੀਂ ਹੈ" ॥੪੧॥

## ਗਰਬੁ ਕਰਤੁ ਹੈ ਦੇਹ ਕੋ
## ਬਿਨਸੈ ਛਿਨ ਮੈ ਮੀਤ ॥

ਅਰਥ—ਹੇ ਮਿਤਰ ਮਨ ! ਜਿਸ ਦੇਹ ਕੋ=ਦਾ ਗਰਬੁ=ਹੰਕਾਰ ਕਰਤ ਹੈ=ਕਰਦਾ ਹੈਂ, ਇਹ ਤਾਂ ਇਕ ਛਿਨ=ਕਾਲ ਵਿਖੇ ਬਿਨਸੈ=ਨਾਸ ਹੋ ਜਾਣ ਵਾਲੀ ਹੈ ।

## ਜਿਹਿ ਪ੍ਰਾਨੀ ਹਰਿ ਜਸੁ ਕਹਿਓ
## ਨਾਨਕ ਤਿਹਿ ਜਗੁ ਜੀਤਿ ॥੪੨॥

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜਿਸ ਪ੍ਰਾਣੀ ਨੇ ਹਰੀ ਪ੍ਰਭੂ ਦੇ ਜਸ ਨੂੰ ਰਸਨਾ ਨਾਲ ਕਿਹਾ ਹੈ, ਤਿਸ ਨੇ ਹੀ ਜਗਤ ਨੂੰ ਜਿੱਤ ਲੈਣਾ ਕੀਤਾ ਹੈ ॥੪੨॥

## ਜਿਹ ਘਟਿ ਸਿਮਰਨੁ ਰਾਮ ਕੋ
## ਸੋ ਨਰੁ ਮੁਕਤਾ ਜਾਨੁ ॥

ਅਰਥ—ਜਿਸ ਦੇ ਘਟਿ=ਅੰਤਹਕਰਨ ਵਿਖੇ ਰਾਮ ਨਾਮ ਦਾ ਸਿਮਰਨ ਹੈ, ਉਸ ਪੁਰਸ਼ ਨੂੰ ਤੂੰ ਮੁਕਤ ਰੂਪ ਕਰ ਕੇ ਜਾਣਨਾ ਕਰ ।

## ਤਿਹਿ ਨਰ ਹਰਿ ਅੰਤਰੁ ਨਹੀ

## ਨਾਨਕ ਸਾਚੀ ਮਾਨੁ ॥੪੩॥

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹੇ ਮਨਾ! ਇਹ ਗੱਲ ਤੂੰ ਸੱਚੀ ਕਰਕੇ ਮੰਨਣਾ ਕਰ, ਕਿ ਤਿਹ ਨਰੁ=ਤਿਸ ਨਾਮਰਸੀਏ ਪੁਰਸ਼ ਵਿਖੇ ਤੇ ਹਰੀ ਵਿਖੇ ਕੋਈ ਅੰਤਰੁ=ਭੇਦ ਨਹੀਂ ਹੈ, ਭਾਵ ਉਹ ਇਕ ਰੂਪ ਹੀ ਹਨ ॥੪੩॥

## ਏਕ ਭਗਤਿ ਭਗਵਾਨ
## ਜਿਹ ਪ੍ਰਾਨੀ ਕੈ ਨਾਹਿ ਮਨਿ ॥

ਅਰਥ—ਜਿਸ ਪ੍ਰਾਣੀ ਦੇ ਮਨ ਵਿਖੇ ਇਕ ਖਟ ਭਗਾਂ ਸੰਪੰਨ ਭਗਵਾਨ ਦੀ ਪ੍ਰੇਮਾ ਭਗਤੀ ਨਹੀਂ ਹੈ।

## ਜੈਸੇ ਸੂਕਰ ਸੁਆਨ
## ਨਾਨਕ ਮਾਨੋ ਤਾਹਿ ਤਨੁ ॥੪੪॥

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—'ਤਾਹਿ ਤਨ'=ਤਿਸ ਸਰੀਰ ਨੂੰ ਸੂਕਰੁ=ਸੂਰ ਤੇ ਸੁਆਨ=ਕੁੱਤੇ ਦੇ ਜੈਸੇ=ਸਦਰਸ਼ ਮੰਨਣਾ ਕਰੋ ॥੪੪॥

## ਸੁਆਮੀ ਕੋ ਗ੍ਰਿਹੁ ਜਿਉ ਸਦਾ
## ਸੁਆਨ ਤਜਤ ਨਹੀ ਨਿਤ ॥

ਅਰਥ—ਜਿਸ ਤਰ੍ਹਾਂ ਸੁਆਨ=ਕੁੱਤਾ ਆਪਣੇ ਸੁਆਮੀ=ਮਾਲਕ ਦਾ ਗ੍ਰਿਹੁ=ਘਰ ਛੱਡਦਾ ਨਹੀਂ ਹੈ ਅਤੇ ਨਿਤਾ ਪ੍ਰਤੀ ਆਪਣੇ ਮਾਲਕ ਦੇ ਹੀ ਦਰਵਾਜ਼ੇ ਤੇ ਬੈਠਾ ਰਹਿੰਦਾ ਹੈ। ਚਾਹੇ ਮਾਲਕ ਆਪ ਰੋਟੀ ਖਾਂਦਾ ਹੋਇਆ ਕੁੱਤੇ ਨੂੰ ਇਕ ਗ੍ਰਾਹੀ ਪਾ ਦੇਵੇ ਤਾਂ ਵੀ ਉਹ ਖੁਸ਼ ਰਹਿੰਦਾ ਹੈ।

## ਨਾਨਕ ਇਹ ਬਿਧਿ ਹਰਿ ਭਜਉ
## ਇਕ ਮਨਿ ਹੁਇ ਇਕ ਚਿਤਿ ॥੪੫॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਇਸ ਤਰ੍ਹਾਂ ਪੂਰਬੋਕਤ ਤਰੀਕੇ ਨਾਲ ਇਕ ਮਨ+ਹੁਇ=ਇਕਾਗਰ ਮਨ ਹੋ ਕੇ ਇਕ ਚਿਤਿ=ਚੇਤਨ ਦੇਵ ਅਕਾਲ ਪੁਰਖ ਦੇ ਨਾਮ ਨੂੰ ਭਜਨਾ ਕਰ ॥੪੫॥

## ਤੀਰਥ ਬਰਤ ਅਰੁ ਦਾਨ ਕਰਿ
## ਮਨ ਮੈ ਧਰੈ ਗੁਮਾਨੁ ॥

ਅਰਥ—ਚਾਹੇ ਅਨੇਕਾਂ ਤੀਰਥਾਂ ਤੇ ਜਾ ਕੇ ਇਸ਼ਨਾਨ ਕਰ ਆਵੇ, ਵਰਤ ਰੱਖ ਲਵੇ ਤੇ ਚਾਹੇ ਅਨੇਕਾਂ ਦਾਨ ਕਰ ਲਵੇ । ਜੇਕਰ ਇਹਨਾਂ ਕਰਮਾਂ ਨੂੰ ਕਰ ਕੇ ਮਨ ਵਿਖੇ ਗੁਮਾਨ=ਹੰਕਾਰ ਨੂੰ ਧਾਰਨ ਕਰਦਾ ਹੈ—ਮੈਂ ਤੀਰਥਾਂ ਤੇ ਇਸ਼ਨਾਨ ਕੀਤਾ ਹੈ, ਮੈਂ ਇਤਨਾ ਪੁੰਨ ਦਾਨ ਕੀਤਾ ਹੈ ।

## ਨਾਨਕ ਨਿਹਫਲ ਜਾਤ ਤਿਹ
## ਜਿਉ ਕੁੰਚਰ ਇਸਨਾਨੁ ॥੪੬॥

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਤਿਹ=ਤਿਸ ਹੰਕਾਰੀ ਦੇ ਸਭ ਕਰਮ ਧਰਮ, ਪੁੰਨ ਦਾਨ ਇਸ ਤਰ੍ਹਾਂ ਨਿਸਫਲ ਚਲੇ ਜਾਂਦੇ ਹਨ, ਜਿਸ ਤਰ੍ਹਾਂ ਕੁੰਚਰੁ=ਹਾਥੀ ਨੂੰ ਇਸ਼ਨਾਨ ਕਰਾਇਆ ਨਿਸਫਲ ਚਲਿਆ ਜਾਂਦਾ ਹੈ ॥੪੬॥

## ਸਿਰੁ ਕੰਪਿਓ ਪਗ ਡਗਮਗੇ
## ਨੈਨ ਜੋਤਿ ਤੇ ਹੀਨ ॥

ਅਰਥ—ਬੁਢੇਪੇ ਦੇ ਆਉਣ ਕਰਕੇ ਸਿਰ ਵੀ ਕੰਬਣ ਲੱਗ ਪਿਆ, ਪਗ=ਪੈਰ ਵੀ ਡਗਮਗੇ=ਲੜ ਖੜੇ ਭਾਵ ਡਾਵਾਂ ਡੋਲ ਹੋ ਕੇ ਚਲਣ ਲੱਗ ਪਏ, ਹੁਣ ਤਾਂ ਸੋਟੀ ਬਿਨਾਂ ਇਕ ਕਦਮ ਨਹੀਂ ਪੁਟਿਆ ਜਾਂਦਾ ਅਤੇ ਨੈਣ ਵੀ ਜੋਤਿ=ਪ੍ਰਕਾਸ਼ ਤੋਂ ਖਾਲੀ ਹੋ ਗਏ, ਭਾਵ ਦਿਸਣੋਂ ਵੀ ਰਹਿ ਗਿਆ ਹੈ ।

## ਕਹੁ ਨਾਨਕ ਇਹ ਬਿਧਿ ਭਈ
## ਤਊ ਨ ਹਰਿ ਰਸਿ ਲੀਨ ॥੪੭॥

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਇਹ ਬਿਧਿ ਭਈ= ਅਜਿਹੀ ਨਾਜ਼ਕ ਅਵਸਥਾ ਸਰੀਰ ਪਰ ਆ ਕੇ ਪ੍ਰਾਪਤ ਹੋ ਵੀ ਗਈ ਹੈ ਪਰ ਇਸ ਮੂਰਖ ਅੰਨ੍ਹੇ ਨੇ ਤਾਂ ਵੀ ਹਰੀ ਪ੍ਰਭੂ ਦੇ ਨਾਮ-ਰਸ ਨੂੰ ਲੈਣਾ ਨਹੀਂ ਕੀਤਾ ॥੪੭॥

## ਨਿਜ ਕਰਿ ਦੇਖਿਓ ਜਗਤੁ ਮੈ
## ਕੋ ਕਾਹੂ ਕੋ ਨਾਹਿ ॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਅਸਾਂ ਨੇ ਇਹ ਆਪ ਨਿਜ ਕਰਿ=ਆਪਣਾ ਬਣਾ ਕਰਕੇ ਦੇਖਿਆ ਹੈ, ਸਭ ਕੋਈ ਆਪੋ ਆਪਣੇ ਮਤਲਬ ਦੇ ਯਾਰ ਹਨ ।

## ਨਾਨਕ ਥਿਰੁ ਹਰਿ ਭਗਤਿ ਹੈ
## ਤਿਹ ਰਾਖੋ ਮਨ ਮਾਹਿ ॥੪੮॥

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਇਕ ਹਰੀ ਪ੍ਰਭੂ ਅਕਾਲ ਪੁਰਖ ਵਾਹਿਗੁਰੂ ਦੀ ਪ੍ਰੇਮਾ ਭਗਤੀ ਹੀ ਜੀਵ ਨੂੰ ਥਿਰੁ=ਇਸਥਿਤ ਕਰਨੇ ਵਾਲੀ ਹੈ । ਇਸ ਲਈ ਹੇ ਭਾਈ ! ਤਿਹ=ਤਿਸ ਵਾਹਿਗੁਰੂ ਦੀ ਪ੍ਰੇਮਾ

ਭਗਤੀ ਨੂੰ ਆਪਣੇ ਮਨ ਵਿਖੇ ਰਖਣਾ ਕਰ ॥੪੮॥

## ਜਗ ਰਚਨਾ ਸਭ ਝੂਠ ਹੈ
## ਜਾਨਿ ਲੇਹੁ ਰੇ ਮੀਤ ॥

ਅਰਥ—ਹੇ ਮਿੱਤਰ! ਇਸ ਵਾਰਤਾ ਨੂੰ ਜਾਣ ਲੈਣਾ ਕਰ ਭਾਵ ਨਿਸਚੇ ਕਰ ਲੈ ਕਿ ਜਗਤ ਦੀ ਸਾਰੀ ਰਚਨਾ ਝੂਠੀ ਭਾਵ ਨਾਸ ਹੋ ਜਾਣੇ ਵਾਲੀ ਹੈ ।

## ਕਹਿ ਨਾਨਕ ਥਿਰੁ ਨਾ ਰਹੈ
## ਜਿਉ ਬਾਲੂ ਕੀ ਭੀਤਿ ॥੪੯॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਬਾਲੂ ਕੀ ਭੀਤਿ= ਰੇਤੇ ਦੀ ਕੰਧ ਦੀ ਨਿਆਈਂ ਕੋਈ ਵੀ ਸੰਸਾਰ ਵਿਖੇ ਥਿਰੁ=ਇਸਥਿਤ ਨਹੀਂ ਰਹਿੰਦਾ ॥੪੯॥

## ਰਾਮੁ ਗਇਓ ਰਾਵਨੁ ਗਇਓ
## ਜਾ ਕਉ ਬਹੁ ਪਰਵਾਰੁ ॥

ਅਰਥ—੧. ਰਾਮ ਗਇਓ=ਜਿਸ ਰਾਮ ਚੰਦਰ ਜੀ ਨੇ ਅਯੁਧਿਆ ਪੁਰੀ ਵਿਖੇ ਰਹਿ ਕੇ ਧਰਮ ਦਾ ਰਾਜ ਕੀਤਾ ਹੈ ।

ਪੁਨਾ—ਜਿਸ ਸ੍ਰੀ ਰਾਮ ਚੰਦਰ ਜੀ ਦੇ ਨਾਮ ਲੈਂਦਿਆਂ ਹੀ ਪਿਤਾ ਦਸਰਥ, (ਸਰਵਣ ਤੇ ਉਸ ਦੇ ਮਾਤਾ ਪਿਤਾ ਨੂੰ ਮਾਰ ਦੇਣ ਰੂਪ) ਤਿੰਨ ਹਤਿਆ ਤੋਂ ਅਸੰਗ ਹੋ ਗਏ ਭਾਵ ਇਹਨਾਂ ਦੇ ਮਾਰਨ ਦਾ ਕੋਈ ਦੋਸ਼ ਨਾ ਲੱਗਾ ।

## ਕਹੁ ਨਾਨਕ ਥਿਰੁ ਕਛੁ ਨਹੀ
## ਸੁਪਨੇ ਜਿਉ ਸੰਸਾਰੁ ॥੫੦॥

ਅਰਥ—ਗੁਰੂ ਜੀ ਕਥਨ ਕਰਦੇ ਹਨ—ਹੇ ਮਾਤਾ ਸਾਹਿਬ ਜੀ ! ਇਸ ਸੰਸਾਰ ਵਿਖੇ ਕੋਈ ਵੀ ਵਸਤੂ ਸਥਿਰ ਰਹਿਣ ਵਾਲੀ ਨਹੀਂ ਹੈ । ਕਿਉਂਕਿ ਸਾਰਾ ਜਗਤ ਸੁਪਨੇ ਦੀ ਨਿਆਈਂ ਮਿਥਿਆ ਹੈ ॥੫੦॥

## ਚਿੰਤਾ ਤਾ ਕੀ ਕੀਜੀਐ
## ਜੋ ਅਨਹੋਨੀ ਹੋਇ ॥

ਅਰਥ—ਹੇ ਮਾਤਾ ਸਾਹਿਬ ਜੀ ! ਚਿੰਤਾ ਤਾਂ ਉਸ ਗੱਲ ਦੀ ਕਰਨੀ ਚਾਹੀਦੀ ਹੈ ਜਿਹੜੀ ਕੋਈ ਅਣਹੋਣੀ ਗੱਲ ਹੋਵੇ ਭਾਵ ਜੋ ਗੱਲ ਅਗੇ ਕਦੇ ਨਾ ਹੋਵੇ ਤੇ ਹੁਣ ਹੋ ਜਾਵੇ । ਇਹ ਜਨਮ ਮਰਨ ਦਾ ਪ੍ਰਵਾਹ ਤਾਂ ਅਨਾਦੀ ਚਲਿਆ ਆ ਰਿਹਾ ਹੈ ।

## ਇਹੁ ਮਾਰਗੁ ਸੰਸਾਰ ਕੋ
## ਨਾਨਕ ਥਿਰੁ ਨਹੀ ਕੋਇ ॥੫੧॥

ਅਰਥ—ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਕਿ ਇਸ ਸੰਸਾਰ ਮਾਰਗ ਵਿਖੇ ਜੋ ਵੀ ਕੋਈ ਆਇਆ ਹੈ ਉਹ ਕੋਈ ਸਥਿਰ ਨਹੀਂ ਰਿਹਾ ਹੈ ॥੫੧॥

ਇਸ ਤੋਂ ਅਗਲਾ ਬਵੰਜਵਾਂ ਸਲੋਕ ਆਪਣੇ ਮਹਿਲ (ਮਾਤਾ) ਗੁਜਰੀ ਜੀ ਦੀ ਚਿੰਤਾ ਦੀ ਨਵਿਰਤੀ ਵਾਸਤੇ ਲਿਖ ਭੇਜਿਆ ।

## ਜੋ ਉਪਜਿਓ ਸੋ ਬਿਨਸਿ ਹੈ
## ਪਰੋ ਆਜੁ ਕੈ ਕਾਲਿ ॥

ਅਰਥ—ਸੰਸਾਰ ਵਿਖੇ ਜੋ ਵੀ ਉਪਜਿਆ ਹੈ ਉਸ ਨੇ ਸਮਾਂ ਪਾ ਕੇ ਬਿਨਸਿ=ਨਾਸ ਹੋ ਜਾਣਾ ਹੈ। ਕਿਸੀ ਨੇ ਆਜੁ=ਅੱਜ ਕਿਸੀ ਨੇ ਕਾਲਿ=ਕਲ੍ਹ ਅਤੇ ਕਿਸੀ ਨੇ ਪਰੋ=ਪਰਸੋਂ ਬਿਨਸ ਜਾਣਾ ਹੈ। ਇਸ ਲਈ ਤੁਸੀਂ ਸਾਡੀ ਕੋਈ ਚਿੰਤਾ ਨਾ ਕਰਨੀ।

## ਨਾਨਕ ਹਰਿ ਗੁਨ ਗਾਇ ਲੇ
## ਛਾਡਿ ਸਗਲ ਜੰਜਾਲ ॥੫੨॥

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਦੁਨੀਆਂ ਦੇ ਸਾਰਿਆਂ ਜੰਜਾਲਾਂ ਨੂੰ ਛੱਡ ਕੇ ਤੁਸੀਂ ਹਰੀ ਪ੍ਰਭੂ ਦੇ ਗੁਣਾਂ ਨੂੰ ਗਾ ਲੈਣਾ ॥੫੨॥

ਦੋਹਰਾ ॥

## ਬਲੁ ਛੁਟਕਿਓ ਬੰਧਨ ਪਰੇ
## ਕਛੂ ਨ ਹੋਤ ਉਪਾਇ ॥

ਅਰਥ—੧. ਹੁਣ ਤਾਂ ਸਰੀਰਕ ਬਲ ਛੁੱਟ ਗਿਆ ਹੈ, ਪੈਰਾਂ ਵਿਚ ਬੰਧਨ=ਬੇੜੀਆਂ ਅਤੇ ਲੋਹੇ ਦੇ ਪਿੰਜਰੇ ਵਿਖੇ ਪਰੇ=ਪਏ ਹੋਏ ਹਾਂ।

੨. ਸਰੀਰਕ ਬਲ ਛੁੱਟ ਗਿਆ ਹੈ ਤੇ ਪੈਰਾਂ ਵਿਖੇ ਬੰਧਨ ਪਏ ਹਨ। ਹੁਣ ਛੁੱਟਣ ਦਾ ਸਾਡੇ ਪਾਸੋਂ ਕੁਝ ਉਪਾਇ=ਯਤਨ ਨਹੀਂ ਹੋ ਰਿਹਾ।

## ਕਹੁ ਨਾਨਕ ਅਬ ਓਟ ਹਰਿ
## ਗਜ ਜਿਉ ਹੋਹੁ ਸਹਾਇ ॥੫੩॥

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਕਿ ਹੁਣ ਹਰਿ=ਹਰ ਤਰ੍ਹਾਂ ਇਕ ਆਪ ਜੀ ਦੀ ਓਟ ਹੈ। ਆਪ ਗਜ=ਹਾਥੀ ਦੀ ਨਿਆਈਂ

ਸਹਾਇਤਾ ਕਰਨ ਵਾਲੇ ਹੋਵੋ ।

ਬਲੁ ਛੁਟਕਿਓ ਬੰਧਨ ਪਰੇ

੩. ਹਿੰਦੁਸਤਾਨ ਦੀ ਰੱਖਿਆ ਕਰਨ ਦਾ ਬਲ ਛੁਟ ਗਿਆ ਹੈ, ਇਸ ਕਰਕੇ ਸਾਰਿਆਂ ਨੂੰ ਬੰਧਨ ਪੈ ਗਏ ਹਨ, ਕਿਉਂਕਿ ਔਰੰਗਜ਼ੇਬ ਨੇ ਠਾਕੁਰ ਦੁਆਰੇ, ਦੇਵੀ ਦੁਆਰੇ, ਸਭ ਢਾਹੁਣੇ ਸ਼ੁਰੂ ਕਰ ਦਿਤੇ ਹਨ । ਇਹਨਾਂ ਮੰਦਰਾਂ ਦੀ ਰੱਖਿਆ ਕਰਨ ਦਾ—

*ਕਛੂ ਨ ਹੋਤ ਉਪਾਇ ॥*

ਇਹਨਾਂ ਹਿੰਦੂ ਰਾਜਿਆਂ ਪਾਸੋਂ ਕੁਝ ਉਪਾਅ ਨਹੀਂ ਹੋ ਰਿਹਾ, ਕਿਉਂਕਿ ਸਾਰੇ ਹਿੰਦੂ ਰਾਜਿਆਂ ਨੂੰ ਔਰੰਗਜ਼ੇਬ ਨੇ ਆਪਣੇ ਅਧੀਨ ਕਰ ਲਿਆ ਹੈ ।

*ਕਹੁ ਨਾਨਕ ਅਬ ਓਟ ਹਰਿ*

*ਗਜ ਜਿਉ ਹੋਹੁ ਸਹਾਇ ॥੫੩॥*

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹੇ ਹਰੀ ਰੂਪ ਗੋਬਿੰਦ ਰਾਇ (ਸਿੰਘ) ਜੀ ! ਹੁਣ ਆਪ ਸਾਰਿਆਂ ਹਿੰਦੂਆਂ ਦਾ ਓਟ-ਆਸਰਾ ਰੂਪ ਹੋ ਕੇ ਗਜ-ਹਾਥੀ ਦੀ ਨਿਆਈਂ ਸਹਾਇਤਾ ਕਰਨ ਵਾਲੇ ਹੋਵੋ ।

# ਬਲੁ ਹੋਆ ਬੰਧਨ ਛੁਟੇ
# ਸਭੁ ਕਿਛੁ ਹੋਤ ਉਪਾਇ ॥

ਅਰਥ—੧. ਸੰਪੂਰਨ ਬਲ ਪ੍ਰਾਪਤ ਹੋਇਆ ਹੋਇਆ ਹੈ । ਵਾ:— ਹੇ ਪਿਤਾ ਜੀ ! ਬਲ, ਪਦਾਰਥ, ਖੁਦ ਆਪ ਜੀ ਤੋਂ ਹੀ ਪੈਦਾ ਹੋਇਆ ਹੈ । ਆਪ ਜੀ ਤੋਂ ਬਲ ਕਿਵੇਂ ਛੁਟ ਕੇ ਪਰੇ ਹਟ ਸਕਦਾ ਹੈ ?

੨. ਫਿਰ ਆਪ ਜੀ ਦੇ ਤਾਂ ਸਾਰੇ ਬੰਧਨ ਛੁੱਟੇ ਹੋਏ ਹਨ । ਗਿਆਨਵਾਨਾਂ ਨੂੰ ਤਾਂ ਬੰਧਨ ਪੈ ਹੀ ਨਹੀਂ ਸਕਦੇ ਪਰ ਆਪ ਜੀ ਤਾਂ

ਗਿਆਨ ਦੇ ਸਮੁੰਦਰ ਹੋ, ਫਿਰ ਆਪ ਜੀ ਤੋਂ ਸਾਰੇ ਉਪਾਅ ਹੋ ਸਕਦੇ ਹਨ।

## ਨਾਨਕ ਸਭੁ ਕਿਛੁ ਤੁਮਰੈ ਹਾਥ ਮੈ
## ਤੁਮ ਹੀ ਹੋਤ ਸਹਾਇ ॥੫੪॥

ਅਰਥ—ਨਾਨਕ=ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਥਨ ਕਰਦੇ ਹਨ—ਹੇ ਜੋਤੀ ਸਰੂਪ ਗੁਰਦੇਵ ਪਿਤਾ! ਸਰਬ ਕਲਾ ਸਮਰੱਥ! ਸਭ ਕੁਝ ਆਪ ਜੀ ਦੇ ਹਾਥ=ਅਧੀਨ ਹੈ। ਫਿਰ ਆਪ ਜੀ ਹੀ ਸਭਨਾਂ ਜੀਵਾਂ ਦੇ ਸਹਾਇਕ ਹੋ ਰਹੇ ਹੋ ॥੫੪॥

ਅਤੇ ਅਗਲੇ ਤਿੰਨ ਸਲੋਕ ਵੀ ਉਚਾਰ ਕੇ ਨਾਲ ਦਿਤੇ—

## ਸੰਗ ਸਖਾ ਸਭਿ ਤਜਿ ਗਏ

ਅਰਥ—ਭਾਈ ਮਤੀ ਦਾਸ ਜੀ ਨੂੰ ਸ਼ਹੀਦੀ ਪ੍ਰਾਪਤ ਕਰਦਿਆਂ ਵੇਖ ਕੇ ਸਾਡੇ ਨਾਲ ਰਹਿਣ ਵਾਲੇ ਜੋ ਸਖਾ=ਮਿੱਤਰ ਸਨ, ਉਹ ਸਾਰੇ ਦੇ ਸਾਰੇ ਹੀ ਸਾਨੂੰ ਤਿਆਗ ਕੇ ਚਲੇ ਗਏ ਹਨ।

## ਕੋਊ ਨ ਨਿਬਹਿਓ ਸਾਥਿ ॥

ਅਰਥ—ਕੋਈ ਵੀ ਮਿੱਤਰ ਸਾਡੇ ਨਾਲ ਨਿਭਿਆ ਨਹੀਂ ਹੈ।

## ਕਹੁ ਨਾਨਕ ਇਹ ਬਿਪਤਿ ਮੈ

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਇਸ ਭਿਆਨਕ ਬਿਪਤਾ ਵਿਖੇ—

## ਟੇਕ ਏਕ ਰਘੁਨਾਥ ॥੫੫॥

ਅਰਥ—ਸਾਨੂੰ ਇਕ ਰਘੁਨਾਥ ਪ੍ਰਭੂ ਦੀ ਹੀ ਟੇਕ=ਓਟ ਹੈ ॥੫੫॥

ਕੋਈ ਵੀ ਦੇਵੀ ਦੇਵਤਾ ਨਾਲ ਨਹੀਂ ਨਿਭਿਆ ਭਾਵ ਕਿਸੀ ਵੀ ਦੇਵੀ ਦੇਵਤੇ ਨੇ ਹਿੰਦੂ ਧਰਮ ਦੀ ਰੱਖਿਆ ਨਹੀਂ ਕੀਤੀ ।

## ਨਾਮੁ ਰਹਿਓ ਸਾਧੂ ਰਹਿਓ

ਅਰਥ—ਇਸ ਵੇਲੇ ਅਸਾਡੀ ਸਹਾਇਤਾ ਕਰਨੇ ਨੂੰ ਸਾਡੇ ਪਾਸ ਇਕ ਪ੍ਰਭੂ ਦਾ ਨਾਮ ਰਿਹਾ ਹੈ । ਦੂਜਾ ਅਸਾਡੀ ਸੇਵਾ ਕਰਨੇ ਨੂੰ ਸਾਧੂ ਰਹਿਓ=ਭਾਈ ਗੁਰਦਿਤਾ ਜੀ ਰਹੇ ਹਨੇ ।

## ਰਹਿਓ ਗੁਰੁ ਗੋਬਿੰਦੁ ॥

ਅਰਥ—ਤੀਜੇ ਗੁਰਤਾ=ਗੱਦੀ ਦੇ ਸੰਭਾਲਣੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਹੇ ਹਨ ।

## ਕਹੁ ਨਾਨਕ ਇਹ ਜਗਤ ਮੈ

ਅਰਥ—ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਇਸ ਜਗਤ ਦੇ (ਮੈ) ਵਿਚ—

## ਕਿਨ ਜਪਿਓ ਗੁਰ ਮੰਤੁ ॥੫੬॥

ਅਰਥ—ਕਿਸੀ ਵਿਰਲੇ ਗੁਰਮੁਖ ਨੇ ਹੀ ਗੁਰਮੰਤ੍ਰ ਨੂੰ ਜਪਣਾ ਕੀਤਾ ਹੈ ॥੫੬॥

ਇਤਨੇ ਅੱਖਰ ਕਹਿ ਕੇ ਅੰਤਰ ਧਿਆਨ ਨਾਲ ਹੀ ਜੇਲ੍ਹ ਵਿਚ ਬੈਠਿਆਂ ਹੋਇਆਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਗੁਰਤਾ-ਗੱਦੀ ਬਖਸ਼ ਦਿਤੀ ।

## ਰਾਮ ਨਾਮੁ ਉਰ ਮੈ ਗਹਿਓ

ਅਰਥ—ਉਸ ਰਾਮ ਦੇ ਨਾਮ ਨੂੰ ਮੈਂ ਆਪਣੇ ਹਿਰਦੇ ਵਿਖੇ ਗਹਿਓ=

ਗ੍ਰਹਿਣ ਕੀਤਾ ਹੈ ।

## ਜਾ ਕੈ ਸਮ ਨਹੀ ਕੋਇ ॥

ਅਰਥ—ਜਾ ਕੈ=ਜਿਸ ਰਾਮ ਦੇ ਸਦ੍ਰਿਸ਼ ਹੋਰ ਕੋਈ ਜਗਤ ਵਿਖੇ ਨਹੀਂ ਹੈ । ਪੁਨਾ—

## ਜਿਹ ਸਿਮਰਤ ਸੰਕਟ ਮਿਟੈ

ਅਰਥ—ਜਿਸ ਰਾਮ ਨਾਮ ਦੇ ਸਿਮਰਨੇ ਕਰ ਕੇ ਦੁਨੀਆਂ ਦੇ ਸਾਰੇ ਸੰਕਟ=ਦੁੱਖ ਨਵਿਰਤ ਹੋ ਜਾਂਦੇ ਹਨ । ਅਤੇ—

## ਦਰਸੁ ਤੁਹਾਰੋ ਹੋਇ ॥੫੭॥੧॥

ਅਰਥ—ਤੁਹਾਰੋ=ਤਿਸ ਅਕਾਲ ਪੁਰਖ ਦਾ ਦਰਸ਼ਨ ਪ੍ਰਾਪਤ ਹੁੰਦਾ ਹੈ ॥੫੭॥੧॥

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥ (੧੦੩)

ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥
ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥ (੧੧੩)

ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥ (੬੨੭)

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥ (੧੨੭੫)

ਰਾਮਕਲੀ ਮਹਲਾ ੧

# ਦਖਣੀ* ਓਅੰਕਾਰੁ

ੴ ਸਤਿਗੁਰ ਪ੍ਰਸਾਦਿ ॥

੧. ਓਅੰਕਾਰਿ ਬ੍ਰਹਮਾ ਉਤਪਤਿ ॥ ੨. ਓਅੰਕਾਰੁ ਕੀਆ ਜਿਨਿ ਚਿਤਿ ॥ ੩. ਓਅੰਕਾਰਿ ਸੈਲ ਜੁਗ ਭਏ ॥ ੪. ਓਅੰਕਾਰਿ ਬੇਦ ਨਿਰਮਏ ॥ ੫. ਓਅੰਕਾਰਿ ਸਬਦਿ ਉਧਰੇ ॥ ੬. ਓਅੰਕਾਰਿ ਗੁਰਮੁਖਿ ਤਰੇ ॥ ੭. ਓਨਮ ਅਖਰ ਸੁਣਹੁ ਬੀਚਾਰੁ ॥ ੮. ਓਨਮ

---

** ਇਹ ਬਾਣੀ ਭੀ ਬਾਵਨ ਅਖਰੀ ਵਾਂਗੂੰ ਪੱਟੀ ਦੀ ਰੀਤ ਉਤੇ ਉਚਾਰੀ ਹੋਈ ਹੈ, ਜਿਕੁਰ ਪੈਂਤੀਸ ਅੱਖਰੀ ਹੁੰਦੀ ਹੈ। ਦੱਖਣੀ ਪਦ ਤੋਂ ਭਾਵ ਇਹ ਹੈ ਕਿ ਦੱਖਣੀ ਪੈਂਤੀ ਦੇ ਅੱਖਰਾਂ ਪਰ ਵਰਣਨ ਹੈ, ਜਿਸ ਦੇ ਪਹਿਲੇ 'ਓ ਨਮਹ ਸਿਧੰ' ਹੁੰਦਾ ਹੈ, ਸੋਈ ਲਿਖਿਆ ਹੈ, 'ਓਨਮ ਅਖਰ ਸੁਣਹੁ ਬੀਚਾਰ'।*

੨—ਕਈ ਸੰਪ੍ਰਦਾਈ ਗਿਆਨੀ ਆਖਦੇ ਹਨ ਕਿ ਨਰਬਦਾ ਨਦੀ ਦੇ ਕੰਢੇ ਦੱਖਣ ਦੇਸ ਵਿਚ ਜਿਥੇ ਓਅੰਕਾਰ ਮਹਾਂਦੇਵ ਦਾ ਮੰਦਰ ਹੈ, ਉਥੇ ਗੁਰੂ ਜੀ ਨੇ ਇਕ ਪੰਡਿਤ-ਗੁਪਾਲ ਨੂੰ ਉਪਦੇਸ਼ ਦਿੱਤਾ ਹੈ, ਇਸ ਲਈ ਇਸ ਬਾਣੀ ਦਾ ਨਾਮ 'ਦਖਣੀ ਓਅੰਕਾਰੁ' ਹੈ।

**ਅਖਰੁ ਤ੍ਰਿਭਵਣ ਸਾਰੁ ॥੧॥**

ਅਰਥ—੧. (ਵਾਹਿਗੁਰੂ ਦੇ) ਓਅੰਕਾਰ=ਫੁਰਨੇ ਤੋਂ ਬ੍ਰਹਮਾ ਪੈਦਾ ਹੋਇਆ ਹੈ। ੨. ਜਿਸ ਨੇ ਓਅੰਕਾਰ=ਨਿਰਗੁਣ ਵਾਹਿਗੁਰੂ ਨੂੰ ਚੇਤੇ ਕੀਤਾ ਹੈ, (ਉਹ ਬ੍ਰਹਮਾ ਹੈ)। ੩. ਓਅੰਕਾਰ=ਫੁਰਨੇ ਤੋਂ ਹੀ ਜੁਗ=ਚਾਰ, ਸੈਲ= ਪਹਾੜ (ਉਦਿਆਚਲ, ਅਸਤਾਚਲ, ਬਿੰਧੀਯਾਚਲ, ਮੰਦ੍ਰਾਚਲ) ਹੋਏ ਹਨ, (ਭਾਵ ਫੁਰਨੇ ਤੋਂ ਹੀ ਸਾਰੀ ਦੁਨੀਆਂ ਬਣੀ ਹੈ)। ੪. ਓਅੰਕਾਰ=ਨਿਰਗੁਨ ਵਾਹਿਗੁਰੂ ਦਾ ਸ਼ਾਖ਼ਿਆਤ ਬੇਦ=ਗਿਆਨ ਪੈਦਾ ਹੋਇਆ ਹੈ। ੫. ਜਿਨ੍ਹਾਂ ਨੂੰ ਉਹ ਗੁਰੂ ਦੇ ਉਪਦੇਸ਼ ਦੁਆਰਾ ਓਅੰਕਾਰ ਨੂੰ ਜਪਣੇ ਕਰ ਕੇ ਉਧਰੇ ਹਨ। ੬. ਗੁਰਮੁਖ ਓਅੰਕਾਰ ਨੂੰ ਜਪ ਕੇ ਸੰਸਾਰ ਸਮੁੰਦਰ ਤੋਂ ਤਰੇ ਹਨ। ੭. ਓਂ (ਤੇ) ਨਮ: (ਇਹਨਾਂ) ਅੱਖਰਾਂ ਦਾ ਵਿਚਾਰ ਸੁਣੋ। ੮. ਤਿੰਨਾਂ ਲੋਕਾਂ ਵਿਚ ਓਅੰਕਾਰ ਅਖਰ=ਨਾਸ ਤੋਂ ਰਹਿਤ (ਤੇ) ਸਾਰ (ਰੂਪ ਹੈ) ॥੧॥

**੧. ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥ ੨. ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥**

ਅਰਥ—੧. (ਹੇ) ਪਾਂਡੇ! ਸੁਣ, ਕਿਉਂ ਧੰਧਿਆਂ (ਨੂੰ) ਲਿਖਦਾ ਹੈਂ। ੨. ਹੇ ਗੁਪਾਲਾ! ਗੁਰਾਂ ਦਵਾਰੇ ਰਾਮ ਦਾ ਨਾਮ ਲਿਖ ॥੧॥ ਰਹਾਉ ॥

**੧. ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥ ੨. ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥ ੩. ਸਮਝੈ ਸੂਝੈ ਪੜਿ ਪੜਿ ਬੂਝੈ**

**ਅੰਤਿ ਨਿਰੰਤਰਿ ਸਾਚਾ ॥ ੪. ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ ॥੨॥**

ਅਰਥ—੧. ਸੱਸੇ (ਦੁਆਰਾ ਆਖਦੇ ਹਨ ਕਿ) ਜਿਸ ਨੇ ਸਹਿਜੇ ਹੀ ਸਾਰੇ ਜਗਤ ਨੂੰ ਪੈਦਾ ਕੀਤਾ (ਹੈ, ਉਹ) ਇਕ ਹੀ ਤਿੰਨਾਂ ਲੋਕਾਂ ਵਿਚ ਜੋਤੀ=ਪ੍ਰਕਾਸ਼ ਕਰਦਾ ਹੈ । ੨. ਜਿਸ ਨੇ ਮਾਣਕ=ਮਨਨ ਕਰਨਾ ਤੇ ਮੋਤੀ=ਸ਼ੁਭ ਗੁਣ ਚੁਣ ਲੈ (ਹਨ, ਤਿਸ ਨੂੰ) ਗੁਰਾਂ ਦਵਾਰੇ (ਆਤਮ ਵਸਤੂ ਪ੍ਰਾਪਤ ਹੁੰਦੀ ਹੈ) । ੩. ਜੇਕਰ ਪੜ੍ਹ ਪੜ੍ਹ ਕੇ ਵਿਚਾਰੇ (ਅੰਤ ਇਹ) ਸਮਝੇ ਕਿ ਅੰਤ ਨੂੰ ਇਕ ਰਸ ਰਹਿਣ ਵਾਲਾ ਸਚਾ ਵਾਹਿਗੁਰੂ ਹੀ ਰਖਿਆ ਕਰੇਗਾ, ਤਾਂਤੇ ਮੈਂ ਉਸ ਦਾ ਨਾਮ ਜਪਾਂ ਤਦ ਜੀਵ ਸੁਝੈ=ਮੁਕਤ ਹੋਵੇਗਾ। ੪. ਤਾਂਤੇ ਗੁਰਾਂ ਦਵਾਰੇ ਸਚੇ ਨਾਮ ਨੂੰ ਸਮਾਲੇ ਅਤੇ ਇਹ ਦੇਖੇ ਜੋ ਸੱਚੇ ਤੋਂ ਬਿਨਾਂ ਸਾਰਾ ਜਗਤ ਕੱਚਾ ਹੈ ॥੨॥

**੧. ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ ॥ ੨. ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ ॥ ੩. ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥ ੪. ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥**

ਅਰਥ—੧. ਧੱਧੇ ਦੁਆਰਾ ਆਖਦੇ ਹਨ ਕਿ ਜੋ ਧਰਮ (ਨੂੰ ਸਰੀਰ ਵਿਚ) ਧਾਰ ਕੇ ਧਰਮ ਦੀ ਪੁਰੀ ਹੋਏ ਹਨ, ਤਿੰਨਾਂ ਗੁਣਕਾਰੀਆਂ ਦਾ ਹੀ ਮਨ ਧੀਰਜ ਵਾਲਾ ਹੋਇਆ ਹੈ । ੨. ਧੱਧੇ ਦਾ ਉਪਦੇਸ਼ ਹੈ ਕਿ ਜੇਕਰ

ਉਹਨਾਂ ਦੀ ਚਰਨ ਧੂੜ ਸਿਰ ਤੇ ਮੂੰਹ ਉਤੇ ਪੈ ਜਾਵੇ (ਤਾਂ) ਮਨੂਰ=ਲੋਹੇ ਦੀ ਮੈਲ ਤੋਂ ਸੋਨਾ ਹੋ ਜਾਵੇਗਾ (ਭਾਵ ਵਿਕਾਰੀਆਂ ਤੋਂ ਪਰਮਹੰਸ ਹੋ ਜਾਵੇਗਾ)। ੩. ਧਰਤੀ ਦੇ ਧਾਰਨ ਵਾਲਾ, ਅਜੋਨੀ (ਵਾਹਿਗੁਰੂ) ਆਪ ਧੰਨ (ਹੈ, ਜਿਸ ਦਾ) ਤੋਲ ਪੂਰਾ ਤੇ ਬੋਲ ਸਚਾ ਹੈ, ਭਾਵ—ਜਿਸ ਦਾ ਭਾਣਾ ਸਚਾ ਤੇ ਅਮੇਟ ਹੈ। ੪. ਉਸ ਕਰਤੇ ਦੀ ਮਰਿਆਦਾ ਕਰਤਾ ਪੁਰਖ ਆਪ ਜਾਣਦਾ ਹੈ, ਕੈ—ਅਥਵਾ ਸੂਰਮਾ ਗੁਰੂ ਜਾਣਦਾ ਹੈ (ਜੋ ਜਗਿਆਸੂ ਦੇ ਵਿਚੋਂ ਕਾਮਾਦਿਕਾਂ ਨੂੰ ਮਾਰਦਾ ਹੈ, ਉਹ ਸੂਰਮਾ ਗੁਰੂ ਹੈ ॥੩॥

**੧. ਗਿਆਨੁ ਗਵਾਇਆ ਦੂਜਾ ਭਾਇਆ ਗਰਬਿ ਗਲੇ ਬਿਖੁ ਖਾਇਆ ॥ ੨. ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ ॥ ੩. ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ਮਨਿ ਤਨਿ ਸਾਚੁ ਸੁਖਾਇਆ ॥ ੪. ਆਪੇ ਗੁਰਮੁਖਿ ਆਪੇ ਦੇਵੈ ਆਪੇ ਅੰਮ੍ਰਿਤੁ ਪੀਆਇਆ ॥੪॥**

ਅਰਥ—੧. ਜਿਨ੍ਹਾਂ ਨੂੰ ਦਵੈਤ ਭਾਵ ਭਾਇਆ ਹੈ, (ਉਹਨਾਂ ਨੇ) ਗਿਆਨ ਗਵਾਇਆ ਤੇ ਵਿਸ਼ਿਆਂ ਨੂੰ ਖਾਧਾ ਹੈ (ਇਸ ਲਈ ਉਹ ਮਾਤਾ ਦੇ) ਗਰਭ ਵਿਚ ਗਲੇ ਹਨ। ੨. ਕਿਉਂਕਿ ਉਹਨਾਂ ਨੂੰ ਗੁਰਾਂ ਦਾ ਬਾਦ= ਉਚਾਰਿਆ ਹੋਇਆ ਰਸਦਾਇਕ ਗੀਤ ਸੁਣਿਆ ਨਹੀਂ ਭਾਉਂਦਾ। ਇਸ ਲਈ ਉਹਨਾਂ ਨੇ ਗਹਿਰ ਗੰਭੀਰ ਨੂੰ ਭੀ ਗਵਾਇਆ ਭਾਵ ਭੁਲਾਇਆ ਹੈ। ੩. ਜਿਨ੍ਹਾਂ ਨੇ ਗੁਰਾਂ ਦਾ ਕਿਹਾ ਹੋਇਆ ਅੰਮ੍ਰਿਤ ਰੂਪ ਸਚਾ ਉਪਦੇਸ਼ ਲਿਆ ਹੈ, ਉਸ ਦੇ ਮਨ ਤਨ ਵਿਚ ਸਦਾ ਸੁਖ ਆਇਆ ਹੈ। ੪.

ਵਾਹਿਗੁਰੂ ਆਪੇ ਹੀ ਗੁਰ+ਮੁਖਿ=ਉੱਤਮ ਗੁਰੂ ਰੂਪ ਹੈ, ਅਤੇ ਆਪੇ ਹੀ ਨਾਮ ਦਾ ਉਪਦੇਸ਼ ਦੇਂਦਾ ਹੈ ਤੇ ਆਪੇ ਹੀ ਜਗਿਆਸੂ ਰੂਪ ਹੋ ਕੇ ਅੰਮ੍ਰਿਤ ਪੀਣ ਲਈ ਆਇਆ ਹੈ ॥੪॥

**੧. ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ੨. ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥ ੩. ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥ ੪. ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥**

ਅਰਥ—੧. ਬਾਹਰੋਂ ਤਾਂ ਸਭ ਕੋਈ ਇਕੋ ਆਖਦਾ ਹੈ, ਪਰ ਅੰਦਰੋਂ ਹੰਗਤਾ, ਮਮਤਾ ਤੇ ਹੰਕਾਰ ਵਿਚ ਲਗੇ ਹੋਏ ਹਨ । ੨. ਅੰਦਰੋਂ ਬਾਹਰੋਂ ਇਕ ਨੂੰ ਪਛਾਨਣ ਤਾਂ ਇਸ ਤਰ੍ਹਾਂ ਹਿਰਦੇ ਵਿਚ ਹੀ ਸਰੂਪ ਪਛਾਣਿਆ ਜਾਂਦਾ ਹੈ । ੩. ਪ੍ਰਭੂ ਨੇੜੇ ਹੈ, ਹਰੀ ਨੂੰ ਦੂਰ ਨਾ ਜਾਣੋ, ਕਿਉਂਕਿ ਸਾਰੀ ਦੁਨੀਆਂ ਵਿਚ ਇਕੋ ਹੀ ਵਿਆਪਕ ਹੈ । ੪. ਸਤਿਗੁਰੂ ਜੀ ਆਖਦੇ ਹਨ—ਏਕੰਕਾਰ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ, ਉਸ ਇਕ ਦੀ ਜੋਤ ਹੀ ਸਾਰੀ ਦੁਨੀਆਂ ਵਿਚ ਸਮਾਈ ਹੋਈ ਹੈ ॥੫॥

**੧. ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ ॥ ੨. ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ ॥**

**੩. ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪੁਛਤਾਈ ॥ ੪. ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ ॥੬॥**

ਅਰਥ—੧. ਇਸ ਕਰਤੇ ਪੁਰਖ ਨੂੰ ਕਿਸ ਤਰ੍ਹਾਂ ਪਕੜ ਰਖੋਗੇ ? ਕਿਉਂਕਿ ਇਹ ਫੜਿਆ ਨਹੀਂ ਜਾਂਦਾ ਤੇ ਵਿਚਾਰਿਆ ਭੀ ਨਹੀਂ ਜਾਂਦਾ ਹੈ । ੨. ਅਤੇ ਪ੍ਰਾਣੀ ਮਾਇਆ ਦੇ ਦੀਵਾਨੇ ਕੀਤੇ ਹੋਏ ਹਨ, ਕਿਉਂਕਿ ਮਾਇਆ ਨੇ ਇਹਨਾਂ ਉਤੇ ਵਿਕਾਰਾਂ ਰੂਪ ਝੂਠੀ ਠਗ ਬੂਟੀ ਪਾਈ ਹੋਈ ਹੈ । ੩. ਜੀਵ ਲਬ ਲੋਭ ਦੇ ਮੁਹਤਾਜ ਹੋ ਕੇ ਇਬ ਤਬ=ਜਿਥੇ ਕਿਥੇ ਵਿਗੂਤੇ=ਖ਼ਰਾਬ ਹੁੰਦੇ ਹਨ । ਤੇ ਫਿਰ ਤਬ=ਅੰਤ ਨੂੰ ਪਛਤਾਉਂਦੇ ਹਨ । ੪. ਜੀਵ ਇਕ ਨਾਮ ਯਾਦ ਕਰੇ ਤਾਂ ਗਤੀ ਦੀ ਮਰਯਾਦਾ ਪਾਵੇਗਾ ਅਤੇ ਆਉਣ ਜਾਣ ਵਲੋਂ ਰਹਿ ਜਾਵੇਗਾ ॥੬॥

**੧. ਏਕੁ ਅਚਾਰੁ ਰੰਗੁ ਇਕੁ ਰੂਪੁ ॥ ੨. ਪਉਣ ਪਾਣੀ ਅਗਨੀ ਅਸਰੂਪੁ ॥ ੩. ਏਕੋ ਭਵਰੁ ਭਵੈ ਤਿਹੁ ਲੋਇ ॥ ੪. ਏਕੋ ਬੂਝੈ ਸੂਝੈ ਪਤਿ ਹੋਇ ॥ ੫. ਗਿਆਨੁ ਧਿਆਨੁ ਲੇ ਸਮਸਰਿ ਰਹੈ ॥ ੬. ਗੁਰਮੁਖਿ ਏਕੁ ਵਿਰਲਾ ਕੋ ਲਹੈ ॥ ੭. ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥ ੮. ਗੁਰੂ ਦੁਆਰੈ ਆਖਿ ਸੁਣਾਏ ॥੭॥**

ਅਰਥ—੧. ਇਕ (ਵਾਹਿਗੁਰੂ ਹੀ) ਕਰਮ ਰੂਪ ਤੇ ਸਾਰੇ ਰੰਗ ਰੂਪ

ਭੀ ਇਕੋ ਹੈ। ੨. (ਉਹ ਇਕੋ ਹੀ) ਪੌਣ ਪਾਣੀ ਤੇ ਅੱਗ ਰੂਪ ਅਸ=ਹੈ। ੩. ਇਕੋ ਹੀ ਭਵਰ=ਜੀਵ ਰੂਪ ਹੋ ਕੇ ਤਿੰਨਾਂ ਲੋਕਾਂ ਵਿਚ ਭੌਂਦਾ ਹੈ। ੪. ਇਕ ਨੂੰ ਵਿਚਾਰ ਦੁਆਰਾ ਸਮਝੇ (ਤਾਂ ਜੀਵ ਦੀ) ਇੱਜ਼ਤ ਹੋਵੇਗੀ। ੫. ਜੋ ਗਿਆਨ ਧਿਆਨ (ਗੁਰਾਂ ਪਾਸੋਂ ਲੈ ਕੇ ਸਮਸਰਿ=ਏਕਤਾ ਵਿਚ ਰਹਿੰਦਾ ਹੈ। ੬. ਉਹ ਕੋਈ ਵਿਰਲਾ ਗੁਰਮੁਖ ਹੀ ਇਕ (ਵਾਹਿਗੁਰੂ ਨੂੰ) ਲਖਦਾ ਜਾਣਦਾ ਹੈ। ੭. ਵਾਹਿਗੁਰੂ ਜਿਸ ਨੂੰ ਕ੍ਰਿਪਾ ਕਰ ਕੇ ਆਪਣਾ ਨਾਮ ਦਿੰਦਾ ਹੈ, ਉਹ ਆਤਮ ਸੁਖ ਪਾਉਂਦਾ ਹੈ। ੮. (ਪਰ ਨਾਮ ਦਾ ਉਪਦੇਸ਼) ਗੁਰੂ ਦੁਆਰੇ ਹੀ ਆਖ ਕੇ ਸੁਣਾਉਂਦਾ ਹੈ ॥੭॥

**੧. ਊਰਮ ਧੂਰਮ ਜੋਤਿ ਉਜਾਲਾ ॥ ੨. ਤੀਨਿ ਭਵਣ ਮਹਿ ਗੁਰ ਗੋਪਾਲਾ ॥ ੩. ਊਗਵਿਆ ਅਸਰੂਪੁ ਦਿਖਾਵੈ ॥ ੪. ਕਰਿ ਕਿਰਪਾ ਅਪੁਨੈ ਘਰਿ ਆਵੈ ॥ ੫. ਊਨਵਿ ਬਰਸੈ ਨੀਝਰ ਧਾਰਾ ॥ ੬. ਊਤਮ ਸਬਦਿ ਸਵਾਰਣਹਾਰਾ ॥ ੭. ਇਸੁ ਏਕੇ ਕਾ ਜਾਣੈ ਭੇਉ ॥ ੮. ਆਪੇ ਕਰਤਾ ਆਪੇ ਦੇਉ ॥੮॥**

ਅਰਥ—੧. ਊਰਮ=ਧਰਤੀ ਧੂਰਮ=ਅਕਾਸ਼ ਵਿਚ ਜਿਸ ਜੋਤੀ ਦਾ ਉਜਾਲਾ ਹੈ। ੨. ਓਹੀ ਗੋਪਾਲ ਤਿੰਨਾਂ ਲੋਕਾਂ ਵਿਚ ਗੁਰ=ਵੱਡਾ ਹੈ। ੩. ਜਦ ਐਸਾ ਗਿਆਨ ਊਗਵਿਆ=ਪੈਦਾ ਹੋਇਆ ਤਾਂ ਵਾਹਿਗੁਰੂ ਆਪਣਾ ਰੂਪ ਦਿਖਾਉਂਦਾ ਅਸ=ਹੈ। ੪. ਅਤੇ ਜਗਿਆਸੂ ਦੇ ਹਿਰਦੇ ਰੂਪ ਆਪਣੇ ਘਰ ਵਿਚ ਫਿਰ ਕਿਰਪਾ ਕਰ ਕੇ ਆਉਂਦਾ ਹੈ। ੫. ਜਦ ਗੁਰੂ

ਰੂਪ ਬਦਲ ਊਨਵਿ=ਨਿਉਂਕੇ ਭਾਵ ਦਿਆਲੂ ਹੋ ਕੇ ਉਪਦੇਸ਼ ਦੀ ਧਾਰਾ ਵਰਸਦਾ ਹੈ । ੬. (ਉਸ ਦਾ) ਉੱਤਮ ਉਪਦੇਸ਼ ਜਗਿਆਸੂ ਨੂੰ ਸਵਾਰਨ ਵਾਲਾ ਹੁੰਦਾ ਹੈ । ੭. ਜੋ ਇਸ ਤਰ੍ਹਾਂ ਇਕ ਦਾ ਭੇਦ ਜਾਣਦਾ ਹੈਂ । ਉਹ ਆਪ ਹੀ ਕਰਤਾ ਪੁਰਖ ਤੇ ਆਪ ਹੀ ਪ੍ਰਕਾਸ਼ ਰੂਪ ਹੋ ਜਾਂਦਾ ਹੈ ॥੮॥

**੧. ਉਗਵੈ ਸੂਰੁ ਅਸੁਰ ਸੰਘਾਰੈ ॥ ੨. ਊਚਉ ਦੇਖਿ ਸਬਦਿ ਬੀਚਾਰੈ ॥ ੩. ਊਪਰਿ ਆਦਿ ਅੰਤਿ ਤਿਹੁ ਲੋਇ ॥ ੪. ਆਪੇ ਕਰੈ ਕਥੈ ਸੁਣੈ ਸੋਇ ॥ ੫. ਓਹੁ ਬਿਧਾਤਾ ਮਨੁ ਤਨੁ ਦੇਇ ॥ ੬. ਓਹੁ ਬਿਧਾਤਾ ਮਨਿ ਮੁਖਿ ਸੋਇ ॥ ੭. ਪ੍ਰਭੁ ਜਗਜੀਵਨੁ ਅਵਰੁ ਨ ਕੋਇ ॥ ੮. ਨਾਨਕ ਨਾਮਿ ਰਤੇ ਪਤਿ ਹੋਇ ॥੯॥**

ਅਰਥ—੧. ਜਦ ਗਿਆਨ ਰੂਪ ਸੂਰਜ ਜਗਿਆਸੂ ਦੇ ਹਿਰਦੇ ਵਿਚ ਚੜ੍ਹਦਾ (ਹੈ, ਤਾਂ ਜਗਿਆਸੂ ਕਾਮਾਦਿਕ) ਦੈਂਤਾਂ ਨੂੰ ਮਾਰਦਾ ਹੈ । ੨. ਅਤੇ ਜਗਿਆਸੂ ਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰ ਕੇ ਉਚੇ ਪਰਮਾਤਮਾ ਨੂੰ ਵੇਖਦਾ ਹੈ । ੩. ਜੋ ਉੱਚਾ ਆਦਿ ਅੰਤ ਵਿਚ ਰਹਿਣ ਵਾਲਾ ਤੇ ਤਿੰਨਾਂ ਲੋਕਾਂ ਵਿਚ ਵਿਆਪਕ ਹੈ । ੪. ਉਹ ਆਪ ਹੀ ਕਥਾ ਕਰਦਾ ਤੇ ਸੁਣਦਾ ਹੈ । ੫. ਉਹ ਕਰਮ ਫਲ ਪ੍ਰਦਾਤਾ ਹੀ ਮਨ ਤਨ ਦੇਂਦਾ ਹੈ । ੬. ਅਤੇ ਓਹੀ ਕਰਮ ਫਲ ਪ੍ਰਦਾਤਾ ਮਨ ਤੇ ਮੁਖ ਵਿਚ ਸੋਭਦਾ ਹੈ । ੭. ਉਸ ਪ੍ਰਭੂ ਜਗ ਜੀਵਨ ਤੋਂ ਬਿਨਾਂ ਹੋਰ ਕੋਈ ਸਮਰਥਾ ਵਾਲਾ

ਨਹੀਂ ਹੈ । ੮. ਸਤਿਗੁਰੂ ਜੀ ਆਖਦੇ ਹਨ—ਤਿਸ ਦੇ ਨਾਮ ਵਿਚ ਪ੍ਰੀਤ ਕਰਨ ਕਰ ਕੇ ਇੱਜ਼ਤ ਹੁੰਦੀ ਹੈ ॥੯॥

**੧. ਰਾਜਨ ਰਾਮ ਰਵੈ ਹਿਤਕਾਰਿ ॥ ੨. ਰਣ ਮਹਿ ਲੂਝੈ ਮਨੂਆ ਮਾਰਿ ॥ ੩. ਰਾਤਿ ਦਿਨੰਤਿ ਰਹੈ ਰੰਗਿ ਰਾਤਾ ॥ ੪. ਤੀਨਿ ਭਵਨ ਜੁਗ ਚਾਰੇ ਜਾਤਾ ॥ ੫. ਜਿਨਿ ਜਾਤਾ ਸੋ ਤਿਸ ਹੀ ਜੇਹਾ ॥ ੬. ਅਤਿ ਨਿਰਮਾਇਲੁ ਸੀਝਸਿ ਦੇਹਾ ॥ ੭. ਰਹਸੀ ਰਾਮੁ ਰਿਦੈ ਇਕ ਭਾਇ ॥ ੮. ਅੰਤਰਿ ਸਬਦੁ ਸਾਚਿ ਲਿਵ ਲਾਇ ॥੧੦॥**

ਅਰਥ—੧. ਜੋ ਰਾਜਨ=ਪਿਆਰੇ ਰਾਮ ਨੂੰ ਹਿਤ ਕਰ ਕੇ ਰਵੈ=ਜਪਦਾ ਹੈ । ੨. ਉਹ ਕਾਮਾਦਿਕਾਂ ਦੇ ਜੁਧ ਵਿਚ ਲੂਝੈ=ਲੜ ਕੇ ਮਨ ਨੂੰ ਮਾਰਦਾ ਹੈ । ੩. ਜੋ ਰਾਤ ਦਿਨ ਪ੍ਰੇਮ ਵਿਚ ਰੱਤਾ ਰਹਿੰਦਾ ਹੈ । ੪. ਉਸ ਨੇ ਤਿੰਨਾਂ ਲੋਕਾਂ ਤੇ ਚਾਰੇ ਜੁਗਾਂ ਵਿਚ ਵਾਹਿਗੁਰੂ ਨੂੰ ਵਿਆਪਕ ਜਾਣਿਆ ਹੈ । ੫. ਜਿਸ ਨੇ ਇਸ ਤਰ੍ਹਾਂ ਜਾਣਿਆ ਹੈ, ਉਹ ਤਿਸ (ਵਾਹਿਗੁਰੂ) ਹੀ ਜੇਹਾ ਹੋਇਆ ਹੈ । ੬. ਉਹ ਮਨ ਦਾ ਬਹੁਤ ਨਿਰਮਲ ਹੋਣ ਕਰ ਕੇ ਸੀਝਸਿ ਦੇਹਾ=ਜੀਵਨ ਮੁਕਤ ਹੁੰਦਾ ਹੈ । ੭. ਜਿਸ ਦੇ ਹਿਰਦੇ ਵਿਚ ਇਕ ਰਾਮ ਦਾ ਪ੍ਰੇਮ ਹੈ, ਉਹ ਰਹਸੀ=ਅਨੰਦ ਹੋਵੇਗਾ । ੮. ਕਿਉਂਕਿ ਉਸ ਨੇ ਸਚੇ ਸਬਦੁ=ਬ੍ਰਹਮ ਅੰਦਰ (ਆਪਣੀ) ਬਿਰਤੀ ਲਾਈ ਹੋਈ ਹੈ ॥੧੦॥

**੧. ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ**

**ਨਹੀ ਸੰਸਾਰੇ ॥ ੨. ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ ॥ ੩. ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ ॥ ੪. ਏਕੁ ਸ਼ਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ ॥੧੧॥**

ਅਰਥ—੧. ਹੇ ਭਾਈ ! ਕਿਸੇ ਉਤੇ ਗੁਸਾ ਨਾ ਕਰੋ, ਤੇ ਨਾਮ ਰੂਪ ਅੰਮ੍ਰਿਤ ਪੀਵੋ, ਕਿਉਂਕਿ ਸੰਸਾਰ ਵਿਚ ਰਹਿਣਾ ਨਹੀਂ ਹੈ । ੨. ਰਾਜੇ, ਰਾਣਿਆਂ ਤੇ ਕੰਗਾਲਾਂ ਕਿਸੇ ਭੀ ਨਹੀਂ ਰਹਿਣਾ, ਕਿਉਂਕਿ ਚਾਰੇ ਜੁਗਾਂ (ਵਿਚ ਜੀਵ ਇਸ ਤਰ੍ਹਾਂ) ਆਉਂਦੇ ਜਾਂਦੇ ਰਹੇ ਹਨ । ੩. ਮੈਂ ਰਹਿਣਾ ਹੈ, ਇਸ ਤਰ੍ਹਾਂ ਕਹਿਣ ਨਾਲ ਕੋਈ ਨਹੀਂ ਰਹਿੰਦਾ, ਤਾਂਤੇ ਕਿਸ ਕੋਲ ਬੇਨਤੀ ਕਰਾਂ ? ੪. ਇਕ ਰਾਮ ਨਾਮ ਰੂਪ ਸ਼ਬਦ ਨਿਰ+ਓਧਰ=ਨਿਰਣੇ ਕਰ ਕੇ ਉਧਾਰਨ ਵਾਲਾ ਹੈ, ਪਰ ਉਹ ਸ਼ਬਦ ਬੁਧੀ ਵਿਚ ਗੁਰੂ ਦੇਵੇ ਤਾਂ ਇੱਜ਼ਤ ਰਹਿੰਦੀ ਹੈ ॥੧੧॥

**੧. ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ ॥ ੨. ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ ॥ ੩. ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ ॥ ੪. ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ ॥੧੨॥**

ਅਰਥ—੧. ਜਿਸ ਸੰਸਾਰਕ ਲੱਜਾ ਵਿਚ ਬੁਧੀ ਮਰਦੀ ਸੀ ਉਹ

ਲੱਜਾ ਮਰ ਗਈ ਹੈ, ਇਸ ਲਈ ਬੁਧੀ ਲੋਕਾਂ ਦੇ ਮੁਲਾਹਜ਼ੇ ਰੂਪ ਘੁੰਡ ਖੋਲ੍ਹ ਕੇ ਚਲੀ ਹੈ । ੨. ਜੋ ਬੁਧੀ ਨੂੰ ਬਉਰੀ ਕਰਨ ਵਾਲੀ ਅਵਿਦਿਆ ਰੂਪ ਦਿਵਾਨੀ ਸੱਸ ਸੀ, ਉਸ ਦੀ ਸ਼ੰਕਾ ਭੀ ਸਿਰ ਤੋਂ ਟਲ ਗਈ ਹੈ । ੩. ਇਸ ਲਈ ਪ੍ਰੇਮ ਕਰਕੇ ਪਤੀ ਨੇ ਰਸੀ=ਖ਼ੁਸ਼ੀ ਨਾਲ ਉਹ ਜੀਵ ਇਸਤ੍ਰੀ ਆਪਣੇ ਸ੍ਵਰੂਪ ਵਿਚ ਬੁਲਾਈ ਹੈ, ਪਰ ਗੁਰਾਂ ਦੇ ਉਪਦੇਸ਼ ਨੂੰ ਮਨ ਵਿਚ ਧਾਰਨ ਕਰਨ ਕਰ ਕੇ ਇਹ ਅਨੰਦ ਮਿਲਿਆ ਹੈ । ੪. ਪਿਆਰੇ ਵਿਚ ਰੱਤੀ ਹੋਈ ਲਾਲੀ=ਦਾਸੀ ਹੋਈ ਹਾਂ, ਅਤੇ ਗੁਰਾਂ ਦਵਾਰਾ ਸਭ ਤਰ੍ਹਾਂ ਦੀ ਚਿੰਤਾ ਤੋਂ ਨਿਸਚਿੰਤ ਹੋਈ ਹਾਂ ॥੧੨॥

**੧. ਲਾਹਾ ਨਾਮੁ ਰਤਨੁ ਜਪਿ ਸਾਰੁ ॥ ੨. ਲਬੁ ਲੋਭੁ ਬੁਰਾ ਅਹੰਕਾਰੁ ॥ ੩. ਲਾੜੀ ਚਾੜੀ ਲਾਇਤਬਾਰੁ ॥ ੪. ਮਨਮੁਖੁ ਅੰਧਾ ਮੁਗਧੁ ਗਵਾਰੁ ॥ ੫. ਲਾਹੇ ਕਾਰਣਿ ਆਇਆ ਜਗਿ ॥ ੬. ਹੋਇ ਮਜੂਰੁ ਗਇਆ ਠਗਾਇ ਠਗਿ ॥ ੭. ਲਾਹਾ ਨਾਮੁ ਪੂੰਜੀ ਵੇਸਾਹੁ ॥ ੮. ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥**

ਅਰਥ—੧. ਰਤਨ ਰੂਪ ਨਾਮ ਦੇ ਜਪਣ ਦਾ ਲਾਭ ਸ੍ਰੇਸ਼ਟ ਹੈ। ੨. ਅਤੇ ਲਬ, ਲੋਭ ਤੇ ਹੰਕਾਰ ਦਾ ਕਰਨਾ ਬੁਰਾ ਹੈ । ੩. ਲਾੜੀ=ਨਿੰਦਾ, ਚਾੜੀ=ਉਸਤਤੀ, ਲਾਇਤਬਾਰ=ਚੁਗਲੀ ਦੇ ਕਰਨ ਵਾਲਾ । ੪. ਮਨਮੁਖ ਅਗਿਆਨੀ ਮੂਰਖਾਂ ਦਾ ਮੂਰਖ ਹੈ । ੫. ਜੀਵ ਜਗਤ ਉਤੇ ਲਾਭ ਲੈਣ ਵਾਸਤੇ ਆਇਆ ਸੀ । ੬. ਪਰ ਇਥੇ ਕੁਟੰਬੀਆਂ ਦਾ ਮਜੂਰ ਹੋ ਕੇ ਧਰਮ ਰੂਪ ਧਨ ਕਾਮਾਦਿਕ ਠੱਗਾਂ ਕੋਲ ਠਗਾ ਕੇ ਗਿਆ ਹੈ । ੭. (ਸ਼ਰਧਾ

ਰੂਪੀ) ਪੂੰਜੀ ਨਾਲ ਜਿਸ ਨੇ ਨਾਮ ਖ਼ਰੀਦਣ ਰੂਪ ਲਾਭ ਲਿਆ ਹੈ। ੮. ਸਤਿਗੁਰੂ ਜੀ ਆਖਦੇ ਹਨ—ਉਸ ਦੀ ਇੱਜ਼ਤ ਸੱਚੀ ਹੈ, ਤੇ ਉਹ ਸੱਚਾ ਪਾਤਸ਼ਾਹ ਹੈ ॥੧੩॥

**੧. ਆਇ ਵਿਗੂਤਾ ਜਗੁ ਜਮ ਪੰਥੁ ॥ ੨. ਆਈ ਨ ਮੇਟਣ ਕੋ ਸਮਰਥੁ ॥ ੩. ਆਥਿ ਸੈਲ ਨੀਚ ਘਰਿ ਹੋਇ ॥ ੪. ਆਥਿ ਦੇਖਿ ਨਿਵੈ ਜਿਸੁ ਦੋਇ ॥ ੫. ਆਥਿ ਹੋਇ ਤਾ ਮੁਗਧੁ ਸਿਆਨਾ ॥ ੬. ਭਗਤਿ ਬਿਹੂਨਾ ਜਗੁ ਬਉਰਾਨਾ ॥ ੭. ਸਭ ਮਹਿ ਵਰਤੈ ਏਕੋ ਸੋਇ ॥ ੮. ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ ॥੧੪॥**

ਅਰਥ—੧. ਜੀਵ ਜਗਤ ਵਿਚ ਆਇਆ ਹੈ, ਤੇ (ਜਾਂਦੀ ਵਾਰੀ) ਜਮਾਂ ਦੇ ਰਸਤੇ ਵਿਚ ਖ਼ਰਾਬ ਹੁੰਦਾ ਹੈ। ੨. ਕਿਉਂਕਿ ਇਸ ਵਿਚ ਆਈ= ਮਾਇਆ ਨੂੰ ਮੇਟਣ ਦੀ ਸਮਰਥਾ (ਭਗਤੀ ਰੂਪ) ਨਹੀਂ ਹੈ। ੩. ਜੇਕਰ ਆਥਿ=ਮਾਇਆ ਨੀਚ ਦੇ ਘਰ ਹੋਵੇ (ਤਾਂ ਉਹ ਭੀ) ਸੈਲ=ਵਡਾ ਬਣ ਜਾਂਦਾ ਹੈ। ੪. ਕਿਉਂਕਿ ਜਿਸ ਕੋਲ ਮਾਇਆ ਦੇਖੀਦੀ ਹੈ, ਉਸ ਅਗੇ ਦੋਵੇਂ (ਹਿੰਦੂ ਮੁਸਲਮਾਨ) ਨੀਉਂਦੇ ਹਨ। ੫. ਮਾਇਆ ਹੋਵੇ ਤਾਂ ਮੂਰਖ ਭੀ ਸਿਆਣਾ ਹੁੰਦਾ ਹੈ। ੬. ਪਰ ਭਗਤੀ ਤੋਂ ਬਿਨਾਂ ਜਗਤ ਪਾਗਲ (ਹੋ ਰਿਹਾ) ਹੈ। ੭. ਸਾਰਿਆਂ ਵਿਚ ਉਹ ਇਕ ਹੀ ਵਰਤਦਾ ਹੈ। ੮. ਪ੍ਰਭੂ ਜਿਸ ਉਤੇ ਗੁਰੂ ਕ੍ਰਿਪਾ ਕਰੇ ਉਸ ਨੂੰ ਪ੍ਰਗਟ ਹੁੰਦਾ ਹੈ ॥੧੪॥

**੧. ਜੁਗਿ ਜੁਗਿ ਥਾਪਿ ਸਦਾ ਨਿਰਵੈਰੁ ॥ ੨. ਜਨਮਿ ਮਰਣਿ ਨਹੀ ਧੰਧਾ ਧੈਰੁ ॥ ੩. ਜੋ ਦੀਸੈ ਸੋ ਆਪੇ ਆਪਿ ॥ ੪. ਆਪਿ ਉਪਾਇ ਆਪੇ ਘਟ ਥਾਪਿ ॥ ੫. ਆਪਿ ਅਗੋਚਰੁ ਧੰਧੈ ਲੋਈ ॥ ੬. ਜੋਗ ਜੁਗਤਿ ਜਗਜੀਵਨੁ ਸੋਈ ॥ ੭. ਕਰਿ ਆਚਾਰੁ ਸਚੁ ਸੁਖੁ ਹੋਈ ॥ ੮. ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥**

ਅਰਥ—੧. ਜੁਗਾਂ-ਜੁਗਾਂ ਦੀ ਥਾਪਨਾ (ਕਰਨ ਵਾਲਾ) ਸਦਾ ਹੀ ਵੈਰ ਤੋਂ ਰਹਿਤ ਹੈ। ੨. (ਅਤੇ ਉਹ) ਜਨਮ ਮਰਨ ਦੇ ਧੰਧਿਆਂ ਵਿਚ ਭੀ ਨਹੀਂ ਧੈਰ=ਦੌੜਦਾ। ੩. ਜੋ ਦਿਸਦਾ ਹੈ ਉਹ ਉਸ ਦਾ ਆਪਣਾ ਆਪ ਹੈ। ੪. ਉਸ ਨੇ ਆਪੇ ਹੀ ਪੈਦਾ ਕੀਤਾ ਤੇ ਆਪੇ ਦੇਹਾਂ ਵਿਚ ਜੋਤ ਥਾਪਦਾ ਹੈ। ੫. ਉਹ ਆਪ ਅਗੋਚਰ=ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਅਤੇ ਦੁਨੀਆਂ ਧੰਧਿਆਂ ਵਿਚ ਹੈ। ੬. ਓਹੀ ਜਗਜੀਵਨ ਜੋਗ=ਲਾਇਕ ਉੱਤਮ ਜੁਗਤੀਆਂ ਦੇਣ ਵਾਲਾ ਹੈ। ੭. ਜੋ ਉਸ ਦੇ ਨਾਮ ਜਪਣ ਰੂਪ ਆਚਾਰ=ਕਰਮ ਕਰਦਾ ਹੈ, ਉਸ ਨੂੰ ਸਦਾ ਸੁਖ ਪ੍ਰਾਪਤ ਹੁੰਦਾ ਹੈ। ੮. ਨਾਮ ਜਪੇ ਤੋਂ ਬਿਨਾਂ ਮੁਕਤੀ ਕਿਸ ਤਰ੍ਹਾਂ ਹੋਵੇਗੀ, (ਭਾਵ ਨਹੀਂ ਹੋਵੇਗੀ) ॥੧੫॥

**੧. ਵਿਣੁ ਨਾਵੈ ਵੇਰੋਧੁ ਸਰੀਰ ॥ ੨. ਕਿਉ ਨ ਮਿਲਹਿ ਕਾਟਹਿ ਮਨ ਪੀਰ ॥ ੩. ਵਾਟ ਵਟਾਊ ਆਵੈ ਜਾਇ ॥ ੪. ਕਿਆ ਲੇ**

**ਆਇਆ ਕਿਆ ਪਲੈ ਪਾਇ ॥ ੫. ਵਿਣੁ ਨਾਵੈ ਤੋਟਾ ਸਭ ਥਾਇ ॥ ੬. ਲਾਹਾ ਮਿਲੈ ਜਾ ਦੇਇ ਬੁਝਾਇ ॥ ੭. ਵਣਜੁ ਵਾਪਾਰੁ ਵਣਜੈ ਵਾਪਾਰੀ ॥ ੮. ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥**

ਅਰਥ—੧. ਨਾਮ ਜਪਣ ਤੋਂ ਬਿਨਾਂ ਸਰੀਰ ਵੇਰੋਧ=ਦੁਖਦਾਈ ਹੈ। ੨. ਤਾਂ ਤੇ ਹੇ ਭਾਈ! ਜੋ ਤੇਰੇ ਮਨ ਦੀ ਪੀੜਾ ਕਟੇਗਾ ਉਸ ਦੇ ਨਾਮ ਜਪਣ ਵਾਲਿਆਂ ਨੂੰ ਕਿਉਂ ਨਹੀਂ ਮਿਲਦਾ ? (ਭਾਵ ਛੇਤੀ ਮਿਲ)। ੩. ਇਹ ਜੀਵ ਤਾਂ ਰਸਤੇ ਦੇ ਵਟਾਊ=ਰਾਹੀ ਵਾਂਗੂੰ ਆਉਂਦਾ ਜਾਂਦਾ ਹੈ। ੪. ਕੀ ਲੈ ਕੇ ਸੰਸਾਰ ਵਿਚ ਆਇਆ ਸੀ ਤੇ ਕੀ ਪਲੇ ਪਾ ਕੇ ਲੈ ਜਾਵੇਗਾ ? ਭਾਵ ਕੁਝ ਨਹੀਂ ਲਿਜਾਵੇਗਾ। ੫. ਨਾਮ ਤੋਂ ਬਿਨਾਂ ਸਭ ਜਗ੍ਹਾਂ ਤੇ ਘਾਟਾ ਹੈ। ੬. ਜਦ ਵਾਹਿਗੁਰੂ ਇਹ ਸਮਝ ਦੇਵੇ ਤਾਂ ਨਾਮ ਦਾ ਲਾਭ ਮਿਲਦਾ ਹੈ। ੭. ਜੋ ਵਪਾਰੀ ਹੋ ਕੇ ਵਣਜਾਂ ਵਪਾਰਾਂ ਨੂੰ ਵਣਜਦਾ ਹੈ। ੮. ਨਾਮ ਤੋਂ ਬਿਨਾਂ ਹੋਣ ਕਰ ਕੇ ਉਸ ਦੀ ਇੱਜ਼ਤ ਕਿਸ ਤਰ੍ਹਾਂ ਸਾਰੀ=ਹੋਵੇਗੀ (ਭਾਵ ਵਾਹਿਗੁਰੂ ਦੀ ਦਰਗਾਹ ਵਿਚ ਇੱਜ਼ਤ ਨਹੀਂ ਪਾਵੇਗਾ) ॥੧੬॥

**੧. ਗੁਣ ਵੀਚਾਰੇ ਗਿਆਨੀ ਸੋਇ ॥ ੨. ਗੁਣ ਮਹਿ ਗਿਆਨੁ ਪਰਾਪਤਿ ਹੋਇ ॥ ੩. ਗੁਣਦਾਤਾ ਵਿਰਲਾ ਸੰਸਾਰਿ ॥ ੪. ਸਾਚੀ ਕਰਣੀ ਗੁਰ ਵੀਚਾਰਿ ॥ ੫. ਅਗਮ ਅਗੋਚਰ**

# ਕੀਮਤਿ ਨਹੀ ਪਾਇ ॥ ੬. ਤਾ ਮਿਲੀਐ ਜਾ ਲਏ ਮਿਲਾਇ ॥ ੭. ਗੁਣਵੰਤੀ ਗੁਣ ਸਾਰੇ ਨੀਤ ॥ ੮. ਨਾਨਕ ਗੁਰਮਤਿ ਮਿਲੀਐ ਮੀਤ ॥੧੭॥

ਅਰਥ—੧. ਜੋ ਗੁਣਾਂ ਨੂੰ ਵਿਚਾਰੇਗਾ ਉਹ ਗਿਆਨੀ ਹੋਵੇਗਾ। ੨. ਕਿਉਂਕਿ ਗੁਣਾਂ ਦੀ ਵਿਚਾਰ ਵਿਚੋਂ ਗਿਆਨ ਪ੍ਰਾਪਤ ਹੁੰਦਾ ਹੈ। ੩. ਪਰ ਉਹਨਾਂ ਗੁਣਾਂ ਦੇ ਦੇਣ ਵਾਲਾ ਕੋਈ ਸੰਸਾਰ ਵਿਚ ਵਿਰਲਾ ਹੈ। ੪. ਗੁਰਾਂ ਦੇ ਉਪਦੇਸ਼ ਦੀ ਵਿਚਾਰ ਕੀਤਿਆਂ ਸਚੀ ਭਗਤੀ ਮਿਲਦੀ ਹੈ। ੫. (ਉਸ) ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾਂਦੀ। ੬. ਜਦ ਉਹ ਆਪਣੇ ਨਾਲ ਮਿਲਾਇ ਲਵੇ ਤਾਂ ਉਸ ਨੂੰ ਮਿਲੀਦਾ ਹੈ। ੭. ਜੋ ਸਦਾ ਹੀ ਗੁਣਾਂ ਨੂੰ ਸੰਭਾਲਦੀ ਹੈ ਉਹ ਗੁਣਾਂ ਵਾਲੀ ਹੈ। ੮. ਸਤਿਗੁਰੂ ਜੀ ਆਖਦੇ ਹਨ—ਗੁਰਾਂ ਦੀ ਸਿਖਿਆ ਦੁਆਰਾ ਉਸ ਵਾਹਿਗੁਰੂ ਮਿੱਤਰ ਨੂੰ ਮਿਲੀਦਾ ਹੈ ॥੧੭॥

# ੧. ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ੨. ਜਿਉ ਕੰਚਨ ਸੋਹਾਗਾ ਢਾਲੈ ॥ ੩. ਕਸਿ ਕਸਵਟੀ ਸਹੈ ਸੁ ਤਾਉ ॥ ੪. ਨਦਰਿ ਸਰਾਫ ਵੰਨੀ ਸਚੜਾਉ ॥ ੫. ਜਗਤੁ ਪਸੂ ਅਹੰ ਕਾਲੁ ਕਸਾਈ ॥ ੬. ਕਰਿ ਕਰਤੈ ਕਰਣੀ ਕਰਿ ਪਾਈ ॥ ੭. ਜਿਨਿ ਕੀਤੀ ਤਿਨਿ ਕੀਮਤਿ

**ਪਾਈ ॥ ੮. ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥੧੮॥**

ਅਰਥ—੧. ਕਾਇਆ ਵਿਚੋਂ ਕਾਮ ਕਰੋਧ ਨੂੰ ਜਗਿਆਸੂ ਗਾਲੇ ਤੇ ਬੁਧੀ ਨੂੰ ਸੁਧ ਕਰੇ । ੨. ਜਿਵੇਂ ਸੁਹਾਗੇ ਨਾਲ ਸੋਨੇ ਨੂੰ ਢਾਲ ਕੇ ਸੁਧ ਕਰੀਦਾ ਹੈ । ੩. ਅਤੇ ਦੁਖ ਸੁਖ ਸਹਿਨ ਰੂਪ (ਅੱਗ ਦੇ) ਤਾਉ ਸਹੇ ਤੇ ਭਾਣਾ ਮੰਨਣ ਰੂਪ ਕਸਵਟੀ ਤੇ ਕਸ ਲਾਵੇ । ੪. ਤਦ ਗੁਰੂ ਸਰਾਫ਼ ਦੀ ਕਿਰਪਾ ਦ੍ਰਿਸ਼ਟੀ ਨਾਲ ਗਿਆਨ ਦੀ ਵੰਨੀ ਚੜ੍ਹਦੀ ਹੈ । ੫. ਹੰਕਾਰੀ ਜਗਤ ਪਸੂ ਰੂਪ ਹੈ ਤੇ ਕਾਲ ਕਸਾਈ ਰੂਪ ਹੈ । ੬. (ਜੀਵ ਦੀ) ਕਰਣੀ ਕੀਤੀ ਅਨੁਸਾਰ ਕਰਤੇ ਪੁਰਖ ਨੇ ਇਸ ਦੇ ਹੱਥਾਂ ਉਤੇ ਦੁਖ ਸੁਖ ਦੀ ਲਿਖਤ ਪਾਈ ਹੈ । ੭. ਜਿਸ ਨੇ ਦੁਨੀਆਂ ਪੈਦਾ ਕੀਤੀ ਹੈ ਉਸੇ ਨੇ ਇਸ ਦੀ ਕੀਮਤ ਪਾਈ ਹੈ । ੮. ਹੋਰ ਉਸ ਦੀ ਗਤੀ ਕੀ ਕਹੀਏ ? ਕੁਝ ਕਿਹਾ ਨਹੀਂ ਜਾਂਦਾ ਹੈ ॥੧੮॥

**੧. ਖੋਜਤ ਖੋਜਤ ਅੰਮ੍ਰਿਤੁ ਪੀਆ ॥ ੨. ਖਿਮਾ ਗਹੀ ਮਨੁ ਸਤਗੁਰਿ ਦੀਆ ॥ ੩. ਖਰਾ ਖਰਾ ਆਖੈ ਸਭੁ ਕੋਇ ॥ ੪. ਖਰਾ ਰਤਨੁ ਜੁਗ ਚਾਰੇ ਹੋਇ ॥ ੫. ਖਾਤ ਪੀਅੰਤ ਮੂਏ ਨਹੀ ਜਾਨਿਆ ॥ ੬. ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥ ੭. ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ੮. ਗੁਰ ਕਿਰਪਾ ਤੇ ਨਾਮੁ**

ਪਛਾਨਿਆ ॥੧੯॥

ਅਰਥ—੧. ਜਿਨ੍ਹਾਂ ਨੇ ਢੂੰਢ ਢੂੰਢ ਕੇ ਨਾਮ ਰੂਪ ਅੰਮ੍ਰਿਤ ਪੀਤਾ ਹੈ। ੨. ਅਤੇ ਸਤਿਗੁਰੂ ਨੂੰ ਮਨ ਦਿਤਾ ਹੈ ਉਹਨਾਂ ਨੇ ਖਿਮਾ ਗ੍ਰਹਿਣ ਕੀਤੀ ਹੈ । ੩. ਆਪਣੇ ਆਪ ਨੂੰ ਤਾਂ ਸਭ ਕੋਈ ਖਰਾ ਖਰਾ ਆਖਦਾ ਹੈ । ੪. ਪਰ ਜਿਸ ਨੇ ਨਾਮ ਰੂਪ ਰਤਨ ਨੂੰ ਮਨ ਵਿਚ ਵਸਾਇਆ ਹੈ ਉਹ ਚਾਰੇ ਜੁਗਾਂ ਵਿਚ ਖਰਾ ਹੁੰਦਾ ਹੈ । ੫. ਖਾਂਦਿਆਂ ਪੀਂਦਿਆਂ ਹੀ ਅੰਤ ਹੋ ਗਏ ਹਨ, ਅਤੇ ਜੀਵ ਭਾਵ ਤੋਂ ਮਰਨਾ ਨਹੀਂ ਜਾਣਿਆ ਹੈ । ੬. ਜਿਨ੍ਹਾਂ ਨੇ ਗੁਰਾਂ ਦਾ ਉਪਦੇਸ਼ ਪਛਾਣਿਆ ਹੈ, ਉਹ ਜੀਵਤ ਭਾਵ ਤੋਂ ਖਿਨ ਵਿਚ ਹੀ ਮਰੇ ਹਨ । ੭. ਉਹਨਾਂ ਦੇ ਮਨ ਨੇ ਮਰਨਾ ਸਤ ਮੰਨਿਆ ਹੈ, ਇਸ ਲਈ ਚਿੱਤ ਅਚਲ ਹੋਇਆ ਹੈ । ੮. ਕਿਉਂਕਿ ਉਹਨਾਂ ਨੇ ਗੁਰਾਂ ਦੀ ਕਿਰਪਾ ਨਾਲ ਰਾਮ ਨੂੰ ਪਛਾਣਿਆ ਹੈ ॥੧੯॥

੧. ਗਗਨ ਗੰਭੀਰੁ ਗਗਨੰਤਰਿ ਵਾਸੁ ॥ ੨. ਗੁਣ ਗਾਵੈ ਸੁਖ ਸਹਜਿ ਨਿਵਾਸੁ ॥ ੩. ਗਇਆ ਨ ਆਵੈ ਆਇ ਨ ਜਾਇ ॥ ੪. ਗੁਰ ਪਰਸਾਦਿ ਰਹੈ ਲਿਵ ਲਾਇ ॥ ੫. ਗਗਨੁ ਅਗੰਮੁ ਅਨਾਥੁ ਅਜੋਨੀ ॥ ੬. ਅਸਥਿਰੁ ਚੀਤੁ ਸਮਾਧਿ ਸਗੋਨੀ ॥ ੭. ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥ ੮. ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥੨੦॥

ਅਰਥ—੧. ਗਗਨ=ਚਿਦਾਕਾਸ ਰੂਪ ਗੰਭੀਰ ਵਾਹਿਗੁਰੂ ਦਾ ਗਗਨ+ਅੰਤਰ=ਹਿਰਦੇ ਅੰਦਰ ਵਾਸਾ ਹੈ । ੨. ਜੋ ਉਸ ਦੇ ਗੁਣ ਗਾਉਂਦਾ ਹੈ ਉਸ ਦਾ ਸਹਜ ਸੁਖ ਵਿਚ ਵਾਸਾ ਹੁੰਦਾ ਹੈ । ੩. ਅਤੇ ਜੋ ਸਰੂਪ ਵਿਚ ਆ ਗਿਆ ਹੈ ਉਹ ਮੁੜ ਕੇ ਆਉਂਦਾ ਨਹੀਂ ਕਿਉਂਕਿ ਉਥੋਂ ਆਇਆ ਹੀ ਨਹੀਂ ਜਾਂਦਾ ਅਤੇ ਗੁਰਾਂ ਦੀ ਕਿਰਪਾ ਨਾਲ ਸ੍ਵਰੂਪ ਲਿਵ ਲਾਈ ਰਹਿੰਦਾ ਹੈ । ੫. ਜਿਨ੍ਹਾਂ ਦਾ ਅਕਾਸ਼ ਵਾਂਗੂੰ ਵਿਆਪਕ, ਗੰਮਤਾ ਤੋਂ ਰਹਿਤ, ਮਾਲਕ ਤੋਂ ਰਹਿਤ, ਜੂਨਾਂ ਤੋਂ ਰਹਿਤ, (ਵਾਹਿਗੁਰੂ ਵਿਚ) । ੬. ਚਿੱਤ ਇਸਥਿਤ ਹੋਇਆ ਹੈ, ਅਤੇ ਉਹਨਾਂ ਦੀ ਸਮਾਧੀ ਸੌ ਗੁਣਾ ਲਗੀ ਹੈ। ੭. ਹਰਿ ਨਾਮ ਯਾਦ ਕਰਨ ਵਾਲਾ ਮੁੜ ਜੂਨਾਂ ਵਿਚ ਨਹੀਂ ਪੈਂਦਾ ਹੈ। ੮. ਤਾਂਤੇ ਗੁਰਾਂ ਦੀ ਸਿਖਿਆ ਲੈਣੀ ਸ੍ਰੇਸ਼ਟ ਹੈ ਅਤੇ ਨਾਮ ਤੋਂ ਬਿਨਾਂ ਹੋਰ (ਸਭ ਕੁਝ ਝੂਠਾ ਹੈ) ॥੨੦॥

**੧. ਘਰ ਦਰ ਫਿਰਿ ਥਾਕੀ ਬਹੁਤੇਰੇ ॥ ੨. ਜਾਤਿ ਅਸੰਖ ਅੰਤ ਨਹੀ ਮੇਰੇ ॥ ੩. ਕੇਤੇ ਮਾਤ ਪਿਤਾ ਸੁਤ ਧੀਆ ॥ ੪. ਕੇਤੇ ਗੁਰ ਚੇਲੇ ਫੁਨਿ ਹੂਆ ॥ ੫. ਕਾਚੇ ਗੁਰ ਤੇ ਮੁਕਤਿ ਨ ਹੂਆ ॥ ੬. ਕੇਤੀ ਨਾਰਿ ਵਰੁ ਏਕੁ ਸਮਾਲਿ ॥ ੭. ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ ॥ ੮. ਦਹ ਦਿਸ ਢੂਢਿ ਘਰੈ ਮਹਿ ਪਾਇਆ ॥ ੯. ਮੇਲੁ ਭਇਆ ਸਤਿਗੁਰੂ ਮਿਲਾਇਆ ॥੨੧॥**

ਅਰਥ—੧. ਦੇਹਾਂ ਰੂਪ ਬਹੁਤੇ ਘਰਾਂ ਦਰ=ਅੰਦਰ ਫਿਰ ਥੱਕੀ ਹਾਂ। ੨. ਮੇਰੇ ਜਾਤਿ=ਜਨਮ ਅਸੰਖ ਹਨ, ਅੰਤ ਨਹੀਂ ਆਉਂਦਾ। ੩. ਕਿੰਨੇ ਹੀ ਜੀਵ ਦੇ ਮਾਂ, ਪਿਓ, ਪੁੱਤਰ, ਧੀਆਂ ਹੋਏ ਹਨ। ੪. ਕਿੰਨੇ ਹੀ ਗੁਰੂ ਅਤੇ ਚੇਲੇ ਹੋਏ ਹਨ। ੫. (ਪ੍ਰਸ਼ਨ—ਗੁਰੂ ਨੂੰ ਮਿਲ ਕੇ ਮੁਕਤੀ ਕਿਉਂ ਨਾ ਹੋਈ ?) ਉੱਤਰ—ਕਚੇ ਗੁਰੂ ਕਰ ਕੇ ਮੁਕਤ ਨਹੀਂ ਹੋਇਆ ਹੈ। ੬. ਜੋ ਜੀਵ ਰੂਪ ਕਿੰਨੀਆਂ ਹੀ ਇਸਤਰੀਆਂ ਦੇ ਇਕ ਪਤੀ ਵਾਹਿਗੁਰੂ ਨੂੰ ਯਾਦ ਕਰਦਾ ਹੈ। ੭. ਉਸ ਗੁਰਮੁਖ ਦਾ ਮਰਨਾ ਜੀਊਣਾ ਪ੍ਰਭੂ ਦੇ ਨਾਲ ਹੁੰਦਾ ਹੈ। ੮. ਦਸੋ ਦਿਸ਼ਾ ਵਿਚ ਢੂੰਢਦਾ ਰਿਹਾ ਹਾਂ, ਪਰ ਪਾਇਆ ਘਰ ਵਿਚੋਂ ਹੈ। ੯. ਉਸ ਨਾਲ ਮੇਲ ਤਦ ਹੋਇਆ ਹੈ, ਜਦ ਸਤਿਗੁਰੂ ਨੇ ਮਿਲਾਇਆ ਹੈ ॥੨੧॥

**੧. ਗੁਰਮੁਖਿ ਗਾਵੈ ਗੁਰਮੁਖਿ ਬੋਲੈ ॥ ੨. ਗੁਰਮੁਖਿ ਤੋਲਿ ਤੁੋਲਾਵੈ ਤੋਲੈ ॥ ੩. ਗੁਰਮੁਖਿ ਆਵੈ ਜਾਇ ਨਿਸੰਗੁ ॥ ੪. ਪਰਹਰਿ ਮੈਲੁ ਜਲਾਇ ਕਲੰਕੁ ॥ ੫. ਗੁਰਮੁਖਿ ਨਾਦ ਬੇਦ ਬੀਚਾਰੁ ॥ ੬. ਗੁਰਮੁਖਿ ਮਜਨੁ ਚਜੁ ਅਚਾਰੁ ॥ ੭. ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥ ੮. ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥**

ਅਰਥ—੧. ਗੁਰਮੁਖ ਉਸ ਦਾ ਜਸ ਗਾਉਂਦਾ ਤੇ ਗੁਰਮੁਖ ਉਸ ਦੇ ਗੁਣ ਬੋਲਦਾ ਹੈ। ੨. ਗੁਰਮੁਖ ਉਸ ਦਾਂ ਤੋਲ=ਵਿਚਾਰ ਆਪ ਤੋਲੈ=

ਕਰਦਾ ਤੇ ਹੋਰਨਾਂ ਤੋਂ ਕਰਾਉਂਦਾ ਹੈ । ੩. ਗੁਰਮੁਖ ਨੂੰ ਰੋਕ ਟੋਕ ਨਹੀਂ ਹੁੰਦੀ ਉਹ ਸਭ ਜਗ੍ਹਾਂ ਤੇ ਨਿਸੰਗ ਹੋ ਕੇ ਆਉਂਦਾ ਜਾਂਦਾ ਹੈ । ੪. ਕਿਉਂਕਿ ਉਹਨਾਂ ਨੇ ਰਾਗ ਦਵੈਸ਼ ਰੂਪ ਮੈਲ ਪਰਹਰਿ=ਤਿਆਗੀ ਤੇ ਅਗਿਆਨ ਰੂਪ ਕਲੰਕ ਨੂੰ ਸਾੜਿਆ ਹੈ । ੫. ਗੁਰਮੁਖਾਂ ਦਾ ਉਪਦੇਸ਼ ਹੀ ਗਿਆਨ ਦੀ ਵਿਚਾਰ ਹੈ । ੬. ਗੁਰਮੁਖਾਂ ਦੇ ਇਸ ਨਾਲ ਹੀ ਭਲੇ ਕਰਮ ਹਨ। ੭. ਗੁਰਮੁਖਾਂ ਦਾ ਉਪਦੇਸ਼ ਅੰਮ੍ਰਿਤ ਤੋਂ ਭੀ ਸਰੇਸ਼ਟ ਹੈ । ੮. ਸਤਿਗੁਰੂ ਜੀ ਆਖਦੇ ਹਨ—ਗੁਰਮੁਖ ਹੀ ਜੀਵ ਨੂੰ ਸੰਸਾਰ ਸਮੁੰਦਰ ਤੋਂ ਪਾਰ ਪਾਉਂਦੇ (ਭਾਵ ਪਾਰ ਉਤਾਰਦੇ ਹਨ) ॥੨੨॥

**੧. ਚੰਚਲੁ ਚੀਤੁ ਨ ਰਹਈ ਠਾਇ ॥ ੨. ਚੋਰੀ ਮਿਰਗੁ ਅੰਗੂਰੀ ਖਾਇ ॥ ੩. ਚਰਨ ਕਮਲ ਉਰ ਧਾਰੇ ਚੀਤ ॥ ੪. ਚਿਰੁ ਜੀਵਨੁ ਚੇਤਨੁ ਨਿਤ ਨੀਤ ॥ ੫. ਚਿੰਤਤ ਹੀ ਦੀਸੈ ਸਭੁ ਕੋਇ ॥ ੬. ਚੇਤਹਿ ਏਕੁ ਤਹੀ ਸੁਖੁ ਹੋਇ ॥ ੭. ਚਿਤਿ ਵਸੈ ਰਾਚੈ ਹਰਿ ਨਾਇ ॥ ੮. ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥**

ਅਰਥ—੧. ਚੰਚਲ ਚਿਤ ਟਿਕਾਣੇ ਸਿਰ ਨਹੀਂ ਰਹਿੰਦਾ ਹੈ । ੨. ਅਤੇ ਹਰਨ ਵਾਂਗੂੰ ਚੋਰੀ ਜਾ ਕੇ ਵਿਸ਼ਿਆਂ ਰੂਪ ਖੇਤੀ ਖਾਂਦਾ ਹੈ । ੩. (ਜੋ ਵਾਹਿਗੁਰੂ ਦੇ) ਚਰਨ ਕਮਲ ਚਿਤ ਵਿਚ ਧਾਰਦੇ ਹਨ । ੪. ਅਤੇ ਸਦਾ ਸਦਾ ਉਸ ਨੂੰ ਯਾਦ ਕਰਦੇ ਹਨ, ਉਹ ਚਿਰ ਜੀਵਨ

ਹੁੰਦੇ ਹਨ। ੫. ਸਭ ਕੋਈ ਯਾਦ ਕਰਦਾ ਹੀ ਦਿਸਦਾ ਹੈ। ੬. ਪਰ ਜੋ ਇਕ ਨੂੰ ਯਾਦ ਕਰਦਾ ਹੈ, ਤਿਸੇ ਨੂੰ ਆਤਮ ਸੁਖ ਪ੍ਰਾਪਤ ਹੁੰਦਾ ਹੈ। ੭. ਜਿਸ ਦੇ ਚਿਤ ਵਿਚ ਵਾਹਿਗੁਰੂ ਵਸਦਾ ਤੇ ਜਿਹਬਾ ਹਰਿ ਨਾਮ ਵਿਚ ਲਗੀ ਹੋਈ ਹੈ। ੮. ਉਹ ਮੁਕਤ ਹੋਇਆ ਤੇ ਇੱਜ਼ਤ ਨਾਲ ਘਰ ਵਿਚ ਜਾਂਦਾ ਹੈ ॥੨੩॥

**੧. ਛੀਜੈ ਦੇਹ ਖੁਲੈ ਇਕ ਗੰਢਿ ॥ ੨. ਛੇਆ ਨਿਤ ਦੇਖਹੁ ਜਗਿ ਹੰਢਿ ॥ ੩. ਧੂਪ ਛਾਵ ਜੇ ਸਮ ਕਰਿ ਜਾਣੈ ॥ ੪. ਬੰਧਨ ਕਾਟਿ ਮੁਕਤਿ ਘਰਿ ਆਣੈ ॥ ੫. ਛਾਇਆ ਛੂਛੀ ਜਗਤੁ ਭੁਲਾਨਾ ॥ ੬. ਲਿਖਿਆ ਕਿਰਤੁ ਧੁਰੇ ਪਰਵਾਨਾ ॥ ੭. ਛੀਜੈ ਜੋਬਨੁ ਜਰੂਆ ਸਿਰਿ ਕਾਲੁ ॥ ੮. ਕਾਇਆ ਛੀਜੈ ਭਈ ਸਿਬਾਲੁ ॥੨੪॥**

ਅਰਥ—੧. (ਜਦ ਪ੍ਰਾਣ ਅਪਾਣ ਵਾਯੂ ਦੀ) ਇਕ ਗੰਢ ਖੁਲ੍ਹੇਗੀ ਤਾਂ ਦੇਹ ਨਾਸ ਹੋਵੇਗੀ। ੨. ਕਿਉਂਕਿ ਦੇਹਾਂ ਰੋਜ਼ ਹੀ ਛੇਆ=ਨਾਸ ਹੁੰਦੀਆਂ ਹਨ, ਭਾਵੇਂ ਜਗਤ ਵਿਚ ਹੰਢਿ=ਫਿਰ ਕੇ ਵੇਖ ਲਵੋ। ੩. ਜੇਕਰ ਧੂਪ= ਦੁਖ ਛਾਵ=ਸੁਖ ਨੂੰ ਇਕੋ ਜੇਹਾ ਕਰ ਕੇ ਜਾਣੇ। ੪. (ਤਾਂ ਜਨਮ ਮਰਨ ਦੇ) ਬੰਧਨ ਕਟ ਕੇ ਮੁਕਤੀ ਰੂਪ ਘਰ ਵਿਚ ਆਵੇਗਾ। ੫. ਛੂਛੀ=ਫੋਕੀ ਛਾਇਆ=ਮਾਇਆ (ਵਿਚ) ਜਗਤ ਭੁਲਾ ਹੋਇਆ ਹੈ। ੬. ਪਰ ਧੁਰ ਤੋਂ ਕਰਮਾਂ ਦਾ ਪਰਵਾਨਾ ਇਸੇ ਤਰ੍ਹਾਂ ਹੀ ਲਿਖਿਆ ਹੋਇਆ ਹੈ। ੭. ਜੁਆਨੀ

ਜਰੂਆ=ਬੁਢੇਪਾ ਆਉਣ ਕਰ ਕੇ ਨਾਸ ਹੁੰਦੀ ਹੈ (ਅਤੇ) ਕਾਲ ਸਦਾ ਹੀ ਸਿਰ ਉਤੇ ਵਸਦਾ ਹੈ। ੮. (ਜਦ ਬੁਢੇਪਾ ਆਇਆ ਤਾਂ) ਦੇਹ ਨਾਸ (ਹੋ ਕੇ) ਸਿਬਾਲ=ਜਾਲੇ ਵਾਂਗੂੰ ਮਾੜੀ ਜੇਹੀ ਹੋ ਜਾਂਦੀ ਹੈ ॥੨੪॥

**੧. ਜਾਪੈ ਆਪਿ ਪ੍ਰਭੂ ਤਿਹੁ ਲੋਇ ॥ ੨. ਜੁਗਿ ਜੁਗਿ ਦਾਤਾ ਅਵਰੁ ਨ ਕੋਇ ॥ ੩. ਜਿਉ ਭਾਵੈ ਤਿਉ ਰਾਖਹਿ ਰਾਖੁ ॥ ੪. ਜਸੁ ਜਾਚਉ ਦੇਵੈ ਪਤਿ ਸਾਖੁ ॥ ੫. ਜਾਗਤੁ ਜਾਗਿ ਰਹਾ ਤੁਧੁ ਭਾਵਾ ॥ ੬. ਜਾ ਤੂ ਮੇਲਹਿ ਤਾ ਤੁਝੈ ਸਮਾਵਾ ॥ ੭. ਜੈ ਜੈ ਕਾਰੁ ਜਪਉ ਜਗਦੀਸ ॥ ੮. ਗੁਰਮਤਿ ਮਿਲੀਐ ਬੀਸ ਇਕੀਸ ॥੨੫॥**

ਅਰਥ—੧. ਪ੍ਰਭੂ ਆਪ ਹੀ ਤਿੰਨਾਂ ਲੋਕਾਂ ਦਾ ਹਾਲ ਜਾਣਦਾ ਹੈ। ੨. ਕਿਉਂਕਿ ਜੁਗਾਂ ਜੁਗਾਂ ਵਿਚ ਉਸ ਤੋਂ ਬਿਨਾਂ ਹੋਰ ਕੋਈ ਦਾਤਾ ਨਹੀਂ ਹੋਇਆ ਹੈ। ੩. ਹੇ ਰਖਣ ਵਾਲੇ! ਜਿਵੇਂ (ਤੈਨੂੰ) ਭਾਵੇ ਤਿਵੇਂ ਹੀ ਰਖ ਲੈ। ੪. ਹੇ ਪਤੀ! ਤੇਰਾ ਜਸ ਕਰਨਾ ਮੰਗਦਾ ਹਾਂ, ਜੋ ਅੰਤ ਨੂੰ ਮੇਰੀ ਸਾਖ=ਉਗਾਹੀ ਦੇਵੇ। ੫. (ਜੇਕਰ) ਤੈਨੂੰ ਭਾਵਾਂ ਤਾਂ ਜਾਗਤ=ਗਿਆਨ ਵਿਚ ਜਾਗਦਾ ਰਹਾਂਗਾ। ੬. ਜਦ ਤੂੰ ਆਪਣੇ ਵਿਚ ਮੇਲੇਂਗਾ ਤਦ ਤੇਰੇ ਵਿਚ ਸਮਾਵਾਂਗਾ। ੭. ਹੇ ਭਾਈਓ! ਜਗਤ ਦੇ ਈਸ਼ਵਰ ਦਾ ਨਾਮ ਜਪੋ ਤੇ ਜੈ ਜੈ ਕਾਰ ਕਰੋ। ੮. ਗੁਰਾਂ ਦੀ ਸਿਖਿਆ ਉਤੇ ਬੀਸ=ਨਿਸਚਾ ਕਰੋਗੇ ਤਾਂ ਉਸ ਨੂੰ ਮਿਲ ਕੇ ਇਕ+ਈਸ=ਇਕ ਈਸ਼ਵਰ ਰੂਪ ਹੋ ਜਾਵੋਗੇ ॥੨੫॥

**੧. ਝਖਿ ਬੋਲਣੁ ਕਿਆ ਜਗ ਸਿਉ ਵਾਦੁ ॥ ੨. ਝੂਰਿ ਮਰੈ ਦੇਖੈ ਪਰਮਾਦੁ ॥ ੩. ਜਨਮਿ ਮੂਏ ਨਹੀ ਜੀਵਣ ਆਸਾ ॥ ੪. ਆਇ ਚਲੇ ਭਏ ਆਸ ਨਿਰਾਸਾ ॥ ੫. ਝੁਰਿ ਝੁਰਿ ਝਖਿ ਮਾਟੀ ਰਲਿ ਜਾਇ ॥ ੬. ਕਾਲੁ ਨ ਚਾਂਪੈ ਹਰਿ ਗੁਣ ਗਾਇ ॥ ੭. ਪਾਈ ਨਵ ਨਿਧਿ ਹਰਿ ਕੈ ਨਾਇ ॥ ੮. ਆਪੇ ਦੇਵੈ ਸਹਜਿ ਸੁਭਾਇ ॥੨੬॥**

ਅਰਥ—੧. ਜਗਤ ਨਾਲ ਵਾਦ=ਝਗੜੇ ਕਰਨ ਰੂਪ ਝਖਾਂ ਮਾਰਨੀਆਂ (ਕਿਸ ਕੰਮ ਹਨ ?) । ੨. ਕਿਉਂਕਿ ਪਰਮਾਦ ਵਾਲੇ ਝੂਰਦੇ ਹੀ ਮਰੇ ਦੇਖੇ ਜਾਂਦੇ ਹਨ । ੩. ਜਿਨ੍ਹਾਂ ਨੂੰ ਜੀਵਨ ਰੂਪ ਵਾਹਿਗੁਰੂ ਦੇ ਨਾਮ ਦੀ ਆਸਾ ਨਹੀਂ ਹੈ, ਉਹ ਜੰਮਦੇ ਮਰਦੇ ਹਨ । ੪. ਉਹ ਆਏ ਤਾਂ ਸੰਸਾਰ ਵਿਚ ਆਸਾ (ਵਾਲੇ ਸਨ, ਪਰ) ਨਿਰਾਸੇ ਹੋ ਕੇ ਚਲੇ ਜਾਂਦੇ ਹਨ । ੫. ਝੱਖਾਂ (ਮਾਰਨ ਵਿਚ) ਖਪ ਖਪ ਕੇ ਮਿੱਟੀ ਵਿਚ ਰਲ ਜਾਂਦੇ ਹਨ । ੬. ਝਖਾਂ (ਅਤੇ ਉਹਨਾਂ ਨੂੰ) ਕਾਲ ਨਹੀਂ ਚਾਪੈ=ਦਬਾਉਂਦਾ ਜੋ ਹਰੀ ਦੇ ਗੁਣ ਗਾਉਂਦੇ ਹਨ । ੭. ਉਨ੍ਹਾਂ ਨੇ ਹਰੀ ਦੇ ਨਾਮ ਰੂਪੀ ਨੌਂ ਨਿਧੀ ਪਾਈ ਹੈ। ੮. ਜਿਨ੍ਹਾਂ ਨੂੰ ਆਪੇ ਹੀ ਸਹਿਜ ਸੁਭਾਵਕ ਦੇਂਦਾ ਹੈ ॥੨੬॥

**੧. ਞਿਆਨੋ ਬੋਲੈ ਆਪੇ ਬੂਝੈ ॥ ੨. ਆਪੇ**

**ਸਮਝੈ ਆਪੇ ਸੂਝੈ ॥ ੩. ਗੁਰ ਕਾ ਕਹਿਆ ਅੰਕਿ ਸਮਾਵੈ ॥ ੪. ਨਿਰਮਲ ਸੂਚੇ ਸਾਚੋ ਭਾਵੈ ॥ ੫. ਗੁਰੁ ਸਾਗਰੁ ਰਤਨੀ ਨਹੀ ਤੋਟ ॥ ੬. ਲਾਲ ਪਦਾਰਥ ਸਾਚੁ ਅਖੋਟ ॥ ੭. ਗੁਰਿ ਕਹਿਆ ਸਾ ਕਾਰ ਕਮਾਵਹੁ ॥ ੮. ਗੁਰ ਕੀ ਕਰਣੀ ਕਾਹੇ ਧਾਵਹੁ ॥ ੯. ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥**

ਅਰਥ—੧. (ਗੁਰੂ ਰੂਪ ਹੋ ਕੇ ਆਪੇ ਹੀ) ਗਿਆਨ ਨੂੰ ਬੋਲਦਾ ਹੈ (ਤੇ ਜਗਿਆਸੂ ਰੂਪ ਹੋ ਕੇ) ਆਪੇ ਹੀ ਵਿਚਰਦਾ ਹੈ । ੨. ਫਿਰ ਆਪੇ ਹੀ ਸਮਝਦਾ ਤੇ ਆਪੇ ਹੀ ਦੇਖਦਾ ਹੈ । ੩. ਜਿਸ ਦੇ ਅੰਕਿ=ਹਿਰਦੇ ਵਿਚ ਗੁਰਾਂ ਦਾ ਕਿਹਾ ਉਪਦੇਸ਼ ਸਮਾਉਂਦਾ ਹੈ । ੪. ਉਹ ਨਿਰਮਲ ਤੋਂ ਭੀ ਸੂਚੇ=ਨਿਰਮਲ ਹੋ ਕੇ ਸਚੇ ਨੂੰ ਭਾਉਂਦਾ ਹੈ । ੫. ਗੁਰੂ (ਰੂਪ) ਸਮੁੰਦਰ ਵਿਚ ਸ਼ੁਭ ਗੁਣਾਂ ਰੂਪ ਰਤਨਾਂ ਦੀ ਤੋਟ ਨਹੀਂ ਹੈ । ੬. ਗੁਰਾਂ ਕੋਲ ਲਾਲ= ਪ੍ਰੇਮ ਪਦਾਰਥ ਅਖੋਟ=ਖੋਟ ਤੋਂ ਰਹਿਤ ਸਚਾ ਹੈ । ੭. ਜੋ ਗੁਰਾਂ ਨੇ ਕਿਹਾ ਹੈ ਉਹ ਕੰਮ ਕਮਾਵੋ । ੮. ਗੁਰੂ ਦੀ ਕਰਣੀ ਵੱਲੇ ਕਿਉਂ ਜਾਂਦੇ ਹੋ ? ੯. ਸਤਿਗੁਰੂ ਜੀ ਆਖਦੇ ਹਨ ਕਿ ਗੁਰਾਂ ਦੀ ਸਿਖਿਆ ਦੁਆਰਾ ਸੱਚ ਵਿਚ ਸਮਾਵੋਗੇ ॥੨੭॥

**੧. ਟੂਟੈ ਨੇਹੁ ਕਿ ਬੋਲਹਿ ਸਹੀ ॥ ੨. ਟੂਟੈ ਬਾਹ ਦੁਹੂ ਦਿਸ ਗਹੀ ॥ ੩. ਟੂਟਿ ਪਰੀਤਿ**

**ਗਈ ਬੁਰ ਬੋਲਿ ॥ ੪. ਦੁਰਮਤਿ ਪਰਹਰਿ ਛਾਡੀ ਢੋਲਿ ॥ ੫. ਟੂਟੈ ਗੰਠਿ ਪੜੈ ਵੀਚਾਰਿ ॥ ੬. ਗੁਰ ਸਬਦੀ ਘਰਿ ਕਾਰਜੁ ਸਾਰਿ ॥ ੭. ਲਾਹਾ ਸਾਚੁ ਨ ਆਵੈ ਤੋਟਾ ॥ ੮. ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੮॥**

ਅਰਥ—੧. ਸਹੀ=ਸਾਹਮਣੇ ਬੋਲਣੇ ਕਰ ਕੇ ਪ੍ਰੇਮ ਟੁੱਟਦਾ ਹੈ। ੨. ਜਿਵੇਂ ਦੋਹਾਂ ਦਿਸ=ਪਾਸਿਆਂ ਤੋਂ ਫੜੀ ਹੋਈ ਬਾਂਹ ਟੁੱਟ ਜਾਂਦੀ ਹੈ। ੩. ਤਿਵੇਂ ਹੀ ਬੁਰਾ ਬੋਲਣੇ ਕਰ ਕੇ ਜੀਵ ਦੀ ਵਾਹਿਗੁਰੂ ਨਾਲੋਂ ਪ੍ਰੀਤ ਟੁੱਟ ਗਈ ਹੈ। ੪. ਦੁਰਮਤਿ=ਖੋਟੀ ਬੁਧੀ (ਵਾਲੀ ਹੋਣ ਕਰ ਕੇ ਜੀਵ ਇਸਤ੍ਰੀ) ਢੋਲਿ=ਪਿਆਰੇ ਪਤੀ ਨੇ ਵੀ ਤਿਆਗ ਛੱਡੀ ਹੈ। ੫. ਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰਨੇ ਕਰ ਕੇ ਟੁੱਟੇ ਹੋਏ ਦੀ ਗੰਢ ਪਵੇਗੀ। ੬. ਜੋ ਗੁਰਾਂ ਦਾ ਉਪਦੇਸ਼ (ਲੈਂਦਾ ਹੈ, ਉਹ ਮੁਕਤੀ ਦਾ ਰੂਪ) ਘਰ ਦਾ ਕੰਮ ਸੁਆਰ ਲੈਂਦਾ ਹੈ। ੭. ਜਿਨ੍ਹਾਂ ਨੇ ਸਚ ਨਾਮ ਦਾ ਲਾਭ ਲਿਆ ਹੈ ਉਹਨਾਂ ਨੂੰ ਘਾਟਾ ਨਹੀਂ ਆਉਂਦਾ। ੮. ਕਿਉਂਕਿ ਤਿੰਨਾਂ ਭਵਨਾਂ ਦਾ ਪ੍ਰੀਤਮ ਠਾਕਰ ਉਹਨਾਂ ਦਾ ਮੋਟਾ=ਬਹੁਤਾ ਪਿਆਰਾ ਹੋਇਆ ਹੈ ॥੨੮॥

**੧. ਠਾਕਹੁ ਮਨੂਆ ਰਾਖਹੁ ਠਾਇ ॥ ੨. ਠਹਕਿ ਮੁਈ ਅਵਗੁਣਿ ਪਛੁਤਾਇ ॥ ੩. ਠਾਕੁਰੁ ਏਕੁ ਸਬਾਈ ਨਾਰਿ ॥ ੪. ਬਹੁਤੇ ਵੇਸ ਕਰੇ ਕੂੜਿਆਰਿ ॥ ੫. ਪਰ ਘਰਿ ਜਾਤੀ**

**ਠਾਕਿ ਰਹਾਈ ॥ ੬. ਮਹਲਿ ਬੁਲਾਈ ਠਾਕ ਨ ਪਾਈ ॥ ੭. ਸਬਦਿ ਸਵਾਰੀ ਸਾਚਿ ਪਿਆਰੀ ॥ ੮. ਸਾਈ ਸੋੁਹਾਗਣਿ ਠਾਕੁਰਿ ਧਾਰੀ ॥੨੯॥**

ਅਰਥ—੧. ਮਨ ਨੂੰ ਰੋਕੋ, ਅਤੇ ਟਿਕਾਣੇ ਸਿਰ ਰਖੋ । ੨. ਜੋ ਠਹਕਿ=ਲਾਗਬਾਜ਼ੀ ਕਰਦੀ ਮੋਈ ਹੈ ਉਹ ਅੰਤ ਨੂੰ ਔਗੁਣਾਂ ਕਰ ਕੇ ਪਛਤਾਉਂਦੀ ਹੈ । ੩. ਇਕ ਵਾਹਿਗੁਰੂ ਮਾਲਕ ਹੈ ਅਤੇ ਸਾਰੀਆਂ ਉਸੇ ਦੀਆਂ ਇਸਤ੍ਰੀਆਂ ਹਨ । ੪. ਜੋ ਪਖੰਡਾਂ ਰੂਪ ਬਹੁਤੇ ਵੇਸ ਕਰਦੀ ਹੈ ਉਹ ਝੂਠੀ ਹੈ । ੫. ਜਿਸ ਨੇ ਦੇਵੀ ਦੇਵਤਿਆਂ ਰੂਪ ਪਰਾਏ ਘਰਾਂ ਵਲ ਜਾਂਦੀ ਬੁਧੀ ਰੋਕ ਰਖੀ ਹੈ । ੬. ਉਸ ਨੂੰ ਪਤੀ ਨੇ ਆਪਣੇ ਸ੍ਵਰੂਪ ਵਿਚ ਬੁਲਾਇ ਲਿਆ ਤੇ ਉਸ ਨੇ ਜਾਂਦੇ ਹੋਇਆਂ ਕਿਧਰੇ ਰੋਕ ਨਹੀਂ ਪਾਈ ਹੈ । ੭. (ਜੋ ਗੁਰਾਂ ਦੇ ਉਪਦੇਸ਼ ਕਰ ਕੇ ਸਵਾਰੀ ਗਈ ਹੈ, ਉਹ) ਸਚ ਸ੍ਵਰੂਪ ਦੀ ਪਿਆਰੀ ਹੈ । ੮. ਅਤੇ ਓਹੀ ਸੁਹਾਗਣੀ ਹੈ, ਕਿਉਂਕਿ ਉਸ ਨੂੰ ਠਾਕੁਰ ਨੇ ਆਪਣੇ ਸ੍ਵਰੂਪ ਵਿਚ ਧਾਰ ਲਿਆ ਹੈ ॥੨੯॥

**੧. ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ ॥ ੨. ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ ॥ ੩. ਡਰਪਿ ਮੁਈ ਘਰਿ ਆਪਣੈ ਡੀਠੀ ਕੰਤਿ ਸੁਜਾਣਿ ॥ ੪. ਡਰੁ ਰਾਖਿਆ ਗੁਰਿ ਆਪਣੈ ਨਿਰਭਉ ਨਾਮੁ**

**ਵਖਾਣਿ ॥ ੫. ਡੂਗਰਿ ਵਾਸੁ ਤਿਖਾ ਘਣੀ ਜਬ ਦੇਖਾ ਨਹੀ ਦੂਰਿ ॥ ੬. ਤਿਖਾ ਨਿਵਾਰੀ ਸਬਦੁ ਮੰਨਿ ਅੰਮ੍ਰਿਤੁ ਪੀਆ ਭਰਪੂਰਿ ॥ ੭. ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ॥ ੮. ਗੁਰੂ ਦੁਆਰੈ ਦੇਵਸੀ ਤਿਖਾ ਨਿਵਾਰੈ ਸੋਇ ॥੩੦॥**

ਅਰਥ—੧. ਹੇ ਸਖੀ! ਜੂਨਾਂ ਵਿਚ ਫਿਰਦਿਆਂ ਫਿਰਦਿਆਂ (ਇੰਦ੍ਰਿਆਂ ਰੂਪ) ਸ਼ਿੰਗਾਰਾਂ ਸਮੇਤ ਸਰੀਰਾਂ ਰੂਪੀ ਕਪੜੇ ਅਨੇਕਾਂ ਹੀ ਫਾੜੇ ਹਨ, ਭਾਵ ਅਨੇਕਾਂ ਜੂਨਾਂ ਭੋਗੀਆਂ ਹਨ । ੨. ਪਰ ਡਾਹ ਪਣਿ=ਈਰਖਾ ਦੇ ਸਾੜ ਕਰ ਕੇ ਕਿਸੇ ਭੀ ਸਰੀਰ ਵਿਚ ਸੁਖ ਨਹੀਂ ਹੋਇਆ, ਅਤੇ ਵਾਹਿਗੁਰੂ ਦੇ ਡਰ ਤੋਂ ਬਿਨਾਂ ਅਨੇਕਾਂ ਜੀਵਾਂ ਦੀਆਂ ਡਾਰਾਂ ਬਿਣਠੀ=ਨਾਸ ਹੋਈਆਂ ਹਨ । ੩. ਜੋ ਆਪਣੇ ਹਿਰਦੇ ਵਿਚ ਵਾਹਿਗੁਰੂ ਦੇ ਡਰ ਤੋਂ, ਡਰ ਕੇ ਜੀਵਤੁ ਭਾਵ ਤੋਂ ਮੋਈ ਹੈ, ਉਸ ਨੂੰ ਸੁਜਾਣ ਪਤੀ ਨੇ ਵੇਖਿਆ ਹੈ । ੪. ਜਿਸ ਨੇ ਆਪਣੇ (ਮਨ ਵਿਚ) ਗੁਰਾਂ ਦਾ ਡਰ ਰਖਿਆ ਹੈ, ਉਸ ਨੇ ਨਿਰਭਉ ਵਾਹਿਗੁਰੂ ਦਾ ਨਾਮ ਜਪਿਆ ਹੈ । ੫. (ਹੰਕਾਰ ਰੂਪ) ਡੂਗਰਿ= ਪਹਾੜ ਵਿਚ ਵਾਸਾ ਹੈ ਅਤੇ ਤ੍ਰਿਸ਼ਨਾ ਰੂਪ ਬਹੁਤੀ ਤਰੇਹ (ਹੈ, ਪਰ) ਜਦ ਅੰਤਰ ਮੁਖ ਹੋ ਕੇ ਦੇਖਿਆ ਤਾਂ ਜਾਣਿਆ ਜੋ ਵਾਹਿਗੁਰੂ ਦੂਰ ਨਹੀਂ ਹੈ । ੬. ਜਦ ਗੁਰਾਂ ਦਾ ਉਪਦੇਸ਼ ਮੰਨ ਕੇ ਭਰਪੂਰਿ=ਵਿਆਪਕ (ਵਾਹਿਗੁਰੂ ਦੇ ਨਾਮ ਰੂਪ) ਅੰਮ੍ਰਿਤ ਨੂੰ ਪੀਤਾ ਉਸ ਨੇ ਤ੍ਰਿਸ਼ਨਾ ਰੂਪ ਤਰੇਹ ਦੂਰ ਕਰ ਦਿਤੀ ਹੈ । ੭. ਸਭ ਕੋਈ ਆਖਦਾ ਹੈ ਕਿ ਮੈਨੂੰ ਸ਼ਾਂਤੀ ਦੇਵੋ, ਸ਼ਾਂਤੀ ਦੇਵੋ, ਪਰ ਜਿਸ ਨੂੰ ਚਾਹੇਗਾ ਤਿਸ ਨੂੰ ਦੇਵੇਗਾ । ੮. ਅਤੇ ਦੇਵੇਗਾ

ਭੀ ਗੁਰਾਂ ਦਵਾਰੇ ਤਦ ਉਸ ਦੀ ਤਰੇਹ ਦੂਰ ਹੋਵੇਗੀ ॥੩੦॥

**੧. ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ ॥ ੨. ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ ॥ ੩. ਅਮਰ ਅਜਾਚੀ ਹਰਿ ਮਿਲੇ ਤਿਨ ਕੈ ਹਉ ਬਲਿ ਜਾਉ ॥ ੪. ਤਿਨ ਕੀ ਧੂੜਿ ਅਘੁਲੀਐ ਸੰਗਤਿ ਮੇਲਿ ਮਿਲਾਉ ॥ ੫. ਮਨੁ ਦੀਆ ਗੁਰਿ ਆਪਣੈ ਪਾਇਆ ਨਿਰਮਲ ਨਾਉ ॥ ੬. ਜਿਨਿ ਨਾਮੁ ਦੀਆ ਤਿਸੁ ਸੇਵਸਾ ਤਿਸੁ ਬਲਿਹਾਰੈ ਜਾਉ ॥ ੭. ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ ॥ ੮. ਗੁਰ ਪਰਸਾਦੀ ਤਿਸੁ ਸੰਮ੍ਲਾ ਤਾ ਤਨਿ ਦੂਖੁ ਨ ਹੋਇ ॥੩੧॥**

ਅਰਥ—੧. ਮੈਂ ਢੂੰਢਣ ਵਾਲੀ ਹੋ ਕੇ ਢੂੰਢਦੀ ਫਿਰਦੀ ਹਾਂ ਕਿ ਕੌਣ ਨਹੀਂ ਢਹਿੰਦਾ ? ਪਰ ਕਰਾਰਿ=ਤਕੜੇ ਤਕੜੇ ਡਿੱਗ ਡਿੱਗ ਪੈਂਦੇ ਹਨ । ੨. ਅਤੇ ਜੋ ਪਾਪਾਂ ਕਰ ਕੇ ਭਾਰੇ ਸਨ, (ਉਹ) ਡਿੱਗਦੇ ਹੋਏ ਡਿੱਗ ਪਏ ਹਨ, ਅਤੇ ਜੋ ਪੁੰਨਾਂ ਕਰ ਕੇ ਹੌਲੇ ਸਨ, ਉਹ ਸੰਸਾਰ ਸਮੁੰਦਰ ਤੋਂ ਪਾਰ ਨਿਕਲੇ ਹਨ । ੩. ਜੋ ਅਜਾਚੀ=ਨਿਸਕਾਮੀ ਹੋ ਕੇ ਅਮਰ ਹਰੀ

ਨੂੰ ਮਿਲੇ ਹਨ ਮੈਂ ਤਿਨ੍ਹਾਂ ਦੇ ਉਪਰੋਂ ਬਲਿਹਾਰ ਜਾਂਦਾ ਹਾਂ । ੪. ਤਿਨ੍ਹਾਂ ਦੀ (ਚਰਨ) ਧੂੜੀ ਲੈਣ ਕਰ ਕੇ ਜਮਾਂ ਤੋਂ ਅਘੁਲੀਐ=ਛੁਟੀਦਾ ਹੈ, ਤਾਂਤੇ ਹੇ ਪ੍ਰਭੂ ! ਮੈਨੂੰ ਉਹਨਾਂ ਦੀ ਸੰਗਤਿ ਨਾਲ ਮਿਲਾਓ । ੫. ਆਪਣੇ ਮਨ ਨੂੰ ਗੁਰਾਂ ਦੀ ਭੇਟ ਦਿੱਤਾ ਹੈ ਅਤੇ ਨਿਰਮਲ ਨਾਮ ਪਾਇਆ ਹੈ । ੬. ਜਿਸ ਗੁਰੂ ਨੇ ਨਾਮ ਦਾ ਦਾਨ ਦਿੱਤਾ ਹੈ ਮੈਂ ਤਿਸ ਦੀ ਸੇਵਾ ਕਰਦਾ ਤੇ ਤਿਸ ਤੋਂ ਬਲਿਹਾਰ ਜਾਂਦਾ ਹਾਂ । ੭. ਜੋ ਦੇਹਾ ਰੂਪ ਘਰ ਉਸਾਰਦਾ ਹੈ, ਓਹੀ ਢਾਹੇਗਾ ਭਾਵ ਨਾਸ ਕਰੇਗਾ, ਕਿਉਂਕਿ ਤਿਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ । ੮. ਗੁਰਾਂ ਦੀ ਕਿਰਪਾ ਨਾਲ ਉਸ ਨੂੰ ਯਾਦ ਕੀਤਾ ਕਰੀਏ ਤਾਂ ਫਿਰ ਸਰੀਰ ਨੂੰ ਦੁੱਖ ਨਹੀਂ ਹੁੰਦਾ ਹੈ ॥੩੧॥

**੧. ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ੨. ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥ ੩. ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ ੪. ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥ ੫. ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ੬. ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥ ੭. ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ੮. ਵਿਛੁੜਿਆ ਮੇਲੈ ਪ੍ਰਭੁ ਨਾਨਕ ਕਰਿ ਸੰਜੋਗ**

॥੩੨॥

ਅਰਥ—ਕੋਈ ਨਹੀਂ ਮੇਰਾ, ਤਾਂਤੇ ਮੈਂ ਕਿਸ ਨੂੰ ਫੜਾਂ, ਨਾ ਕੋਈ ਪਿਛੇ ਹੋਇਆ ਤੇ ਨਾ ਕੋਈ ਅਗੇ ਨੂੰ ਮੇਰਾ ਰਾਖਾ ਹੋਵੇਗਾ । ੨. (ਤਦ ਤਕ) ਆਉਣ ਜਾਣ ਵਿਚ ਖ਼ਰਾਬ ਹੋਈਦਾ ਹੈ ਜਦ ਤਕ ਦਵੈਤ ਦਾ ਰੋਗ ਲਗਾ ਹੋਇਆ ਹੈ । ੩. ਨਾਮ ਤੋਂ ਹੀਣੇ ਜੋ ਆਦਮੀ ਹਨ, ਉਹ ਕਲਰ ਦੀ ਕੰਧ ਵਾਂਗੂੰ ਡਿੱਗ ਪੈਂਦੇ ਹਨ । ੪. ਜੋ ਨਾਮ ਤੋਂ ਬਿਨਾਂ ਹਨ ਉਹ ਕਿਸ ਤਰ੍ਹਾਂ (ਜਮਾਂ ਤੋਂ) ਛੁੱਟਣਗੇ ? ਭਾਵ ਕਿਸੇ ਤਰ੍ਹਾਂ ਨਹੀਂ ਛੁੱਟਣਗੇ ਤੇ ਅੰਤ ਨੂੰ ਰਸਾਤਲਿ=ਨਰਕਾਂ (ਵਿੱਚ) ਜਾਣਗੇ । ੫. ਉਹ ਸਚਾ ਅਗਣਿਤ ਹੈ ਅਤੇ ਜੋ ਅੱਖਰਾਂ ਨੂੰ ਪੜ੍ਹ ਕੇ ਉਸ ਦੀਆਂ ਗਿਣਤੀਆਂ ਗਿਣਾਉਂਦਾ ਹੈ। ੬. (ਉਹ) ਅਗਿਆਨੀ ਤੇ ਮਤਹੀਣ ਹੈ, ਕਿਉਂਕਿ ਉਸ ਦਾ ਗਿਆਨ ਗੁਰਾਂ ਤੋਂ ਬਿਨਾਂ ਸ਼ਾਸਤ੍ਰਾਂ ਦੇ ਪੜ੍ਹਿਆਂ ਨਹੀਂ ਹੁੰਦਾ। ੭. ਜਦ ਸਰੀਰ ਰੂਪੀ ਰਬਾਬ ਨਾਲੋਂ ਪ੍ਰਾਰਬਧ ਰੂਪ ਤੰਦ ਟੁਟੀ (ਤਦ ਤੰਦ ਦੇ) ਵਿਜੋਗ ਕਰ ਕੇ ਫਿਰ ਰਬਾਬ ਨਹੀਂ ਵਜਦੀ (ਹੈ, ਭਾਵ ਫਿਰ ਕੁਝ ਨਹੀਂ ਹੋ ਸਕਦਾ)। ੮. ਸਤਿਗੁਰੂ ਜੀ ਆਖਦੇ ਹਨ, ਇਹਨਾਂ ਵਿਛੜਿਆਂ ਹੋਇਆਂ ਨੂੰ ਫਿਰ ਪ੍ਰਭੂ ਕਰਿ=ਕਰਤਬਾਂ ਕਰਮਾਂ ਦੇ ਸੰਜੋਗ ਕਰ ਕੇ ਮੇਲਦਾ ਹੈ ॥੩੨॥

**੧. ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥ ੨. ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥ ੩. ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥ ੪. ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ ॥**

**੫. ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥ ੬. ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥ ੭. ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ ॥ ੮. ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥੩੩॥**

ਅਰਥ—੧. ਬ੍ਰਿਛਾਂ ਵਿਚੋਂ ਸਰੀਰ (ਰੂਪ) ਬ੍ਰਿਛ ਉਤੇ ਮਨ=ਜੀਵ ਪੰਛੀ ਹੈ, ਜਿਸ ਦੇ ਪੰਜ ਗਿਆਨ ਇੰਦਰੇ ਪੰਖਿ=ਖੰਭ ਹਨ। ੨. ਜੋ ਪੰਛੀ ਏਕ ਸੇ=ਇਕ ਦੇ ਨਾਲ ਮਿਲਣ ਰੂਪ ਤਤੁ=ਚੋਗ ਚੁਗਦਾ ਹੈ, ਤਿਸ ਨੂੰ ਰਤਾ ਜਿੰਨੀ ਭੀ ਫਾਹੀ ਨਹੀਂ ਪੈਂਦੀ ਹੈ। ੩. ਅਤੇ ਜੋ ਬੇਗੁਲ ਬੇਗੁਲੇ=ਕਾਹਲੀ ਕਾਹਲੀ ਉਡਦਾ ਭਾਵ ਸੰਕਲਪ, ਵਿਕਲਪਾਂ ਵਿਚ ਰਹਿੰਦਾ ਹੈ ਅਤੇ ਵਿਸ਼ਿਆਂ ਰੂਪੀ ਚੋਗਾਂ ਨੂੰ ਬਹੁਤਾ ਤਕਦਾ ਹੈ (ਭਾਵ ਵਿਸ਼ਿਆਂ ਵਿਚ ਮਗਨ ਰਹਿੰਦਾ ਹੈ)। ੪. ਉਸ ਦੇ ਜਦ ਇੰਦ੍ਰਿਆਂ ਰੂਪ ਖੰਭ ਟੁਟੇ ਤਾਂ ਗਲ ਵਿਚ ਫਾਹੀ ਪਵੇਗੀ ਪਰ ਇਹ ਸਾਰੀ ਭੀੜਾ ਔਗੁਣਾਂ ਕਰ ਕੇ ਬਣੀ ਹੈ। ੫. ਸਚੇ ਨਾਮ ਤੋਂ ਬਿਨਾਂ ਕਿਵੇਂ ਛੁਟੀਦਾ ਹੈ ਭਾਵ ਨਹੀਂ ਛੁਟੀਦਾ ਅਤੇ ਸ਼ੁਭ ਕਰਮਾਂ ਦੀ ਮਣੀ=ਰਤੀ ਕਰ ਕੇ ਹਰੀ ਦੇ ਗੁਣ ਗਾਉਣੇ ਮਿਲਦੇ ਹਨ। ੬. ਉਹ ਆਪ ਵੱਡਾ ਧਨੀ=ਮਾਲਕ ਆਪੇ ਛੁਡਾਏ ਤਾਂ ਛੁਟੀਦਾ ਹੈ। ੭. ਗੁਰਾਂ ਦੀ ਕ੍ਰਿਪਾ ਨਾਲ ਛੁਟੀਦਾ ਹੈ, ਪਰ ਜਿਸ ਨੂੰ ਵਾਹਿਗੁਰੂ ਆਪਣੀ ਕਿਰਪਾ ਕਰੇ ਉਸ ਨੂੰ ਗੁਰੂ ਮਿਲਦਾ ਹੈ। ੮. ਉਸ ਦੇ ਆਪਣੇ ਹੱਥ ਵਿਚ ਵਡਿਆਈਆਂ ਹਨ ਅਤੇ ਜਿਸ ਨੂੰ ਚਾਹੁੰਦਾ ਹੈ ਤਿਸ ਨੂੰ ਦੇਂਦਾ ਹੈ ॥੩੩॥

**੧. ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ**

**ਹੋਇ ॥ ੨. ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ ॥ ੩. ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ ॥ ੪. ਸੁਰਿ ਨਰ ਨਾਥਹ ਨਾਥੁ ਤੂ ਨਿਧਾਰਾ ਆਧਾਰੁ ॥ ੫. ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ ॥ ੬. ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ ॥ ੭. ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ ॥ ੮. ਅਣਮੰਗਿਆ ਦਾਨੁ ਦੇਵਸੀ ਵਡਾ ਅਗਮ ਅਪਾਰੁ ॥੩੪॥**

ਅਰਥ—੧. ਹੇ ਵਾਹਿਗੁਰੂ ! ਤੇਰੇ ਥਾਨ=ਸਰੂਪ ਤੋਂ ਬਿਨਾਂ ਹੋ ਕੇ ਜੀਵ ਥਰ ਥਰ ਕੰਬਦਾ ਹੈ । ੨. ਹੇ ਸਚ ! ਤੂੰ ਇਕ ਹੀ ਮਾਨ ਜੋਗ ਜੀਵ ਦਾ ਟਿਕਾਣਾ ਹੈਂ, ਜੇਕਰ ਤੂੰ ਜੀਵ ਨੂੰ ਮਿਲੇ ਤਾਂ ਜੀਵ ਦਾ ਕੋਈ ਵੀ ਕੰਮ ਨਹੀਂ ਫੀਟੈ=ਵਿਗੜੇਗਾ । ੩. ਹੇ ਨਾਰਾਇਣ ! ਤੂੰ ਅਚੱਲ ਹੈਂ ਗੁਰੂ ਅਚੱਲ ਹੈ, ਅਤੇ ਤੇਰਾ ਸਚਾ ਵਿਚਾਰ ਵੀ ਅਚੱਲ ਹੈ । ਤੂੰ ਦੇਵਤਿਆਂ, ਮਨੁੱਖਾਂ ਤੇ ਨਾਥਾਂ ਦਾ ਨਾਥ ਅਤੇ ਨਿਆਸਰਿਆਂ ਦਾ ਆਸਰਾ ਹੈਂ । ੫. ਤੂੰ ਦਾਤਾ ਹੋ ਕੇ ਸਾਰੀਆਂ ਜਗ੍ਹਾਂ ਤੇ ਜਗ੍ਹਾਂ ਦੇ ਅੰਦਰ ਰਹਿਣ ਵਾਲਿਆਂ ਨੂੰ ਦਾਨ ਦੇਂਦਾ ਹੈ । ੬. ਜਿਥੇ ਦੇਖਦੇ ਹਾਂ ਉਥੇ ਇਕ ਤੂੰ ਹੀ ਦਿਸਦਾ ਹੈਂ ਅਤੇ ਤੇਰੇ ਪਾਰ ਉਰਾਰ ਦਾ ਅੰਤ ਨਹੀਂ ਹੈ । ੭. ਤੂੰ ਜਗ੍ਹਾਂ ਤੇ ਜਗ੍ਹਾਂ

ਵਾਲਿਆਂ ਅੰਦਰ ਰਵਿ ਰਿਹਾ ਹੈਂ ਗੁਰਾਂ ਦੇ ਉਪਦੇਸ਼ ਦਾ ਵਿਚਾਰ ਕਰ ਕੇ ਇਹ ਜਾਣਿਆ ਹੈ। ੮. ਤੂੰ ਬਿਨਾਂ ਮੰਗਿਆਂ ਹੀ ਦਾਨ ਦੇਵੇਂਗਾ ਅਤੇ ਤੂੰ ਵਡਾ ਤੇ ਅਗਮ ਅਪਾਰ ਹੈਂ ॥੩੪॥

**੧. ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ ॥ ੨. ਦਇਆ ਕਰਹਿ ਪ੍ਰਭ ਮੇਲਿ ਲੈਹਿ ਖਿਨ ਮਹਿ ਢਾਹਿ ਉਸਾਰਿ ॥ ੩. ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ ॥ ੪. ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ ॥੩੫॥**

ਅਰਥ—੧. (ਹੇ ਦਿਆਲੂ! ਤੂੰ ਦਇਆ ਕਰ ਕੇ ਦਾਨ ਕਰਦਾ ਤੇ) ਫਿਰ ਵੇਖਣ ਵਾਲਾ ਹੈਂ। ੨. ਹੇ ਪ੍ਰਭੂ! ਜਿਸ ਉਤੇ ਦਇਆ ਕਰਦਾ ਹੈਂ ਉਸ ਨੂੰ ਆਪਣੇ ਨਾਲ ਮੇਲ ਲੈਂਦਾ ਹੈਂ ਅਤੇ ਖਿਨ ਵਿਚ ਢਾਹੁੰਦਾ ਤੇ ਉਸਾਰਦਾ ਹੈਂ। ੩. ਤੂੰ ਦਾਨਾ ਹੈਂ, ਅਤੇ ਤੂੰ ਹੀ ਬੀਨਾ=ਚਤਰ ਹੈਂ ਅਤੇ ਦਾਨਿਆਂ ਦੇ ਸਿਰ ਦਾਨੀ ਹੈਂ। ੪. ਗੁਰਮੁਖਾਂ ਦੇ ਧਿਆਨ ਵਿਚ ਤੇਰਾ ਇਸ ਤਰ੍ਹਾਂ ਦਾ ਗਿਆਨ ਹੈ ਕਿ ਤੂੰ ਦਲਿਦ੍ਰ ਦੇ ਭੰਨਣ ਵਾਲਾ ਤੇ ਦੁੱਖਾਂ ਦੇ ਦਲਣ ਵਾਲਾ ਹੈਂ ॥੩੫॥

**੧. ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ ॥ ੨. ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ ॥ ੩. ਧਨੁ**

**ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ ॥ ੪. ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥ ੫. ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥ ੬. ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ ॥ ੭. ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ ॥ ੮. ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ ॥੩੬॥**

ਅਰਥ—੧. ਮੂਰਖ ਦਾ ਚਿਤ ਧਨ ਦੇ ਵਿਚ ਲਗਾ ਹੋਇਆ ਹੈ, ਇਸ ਲਈ ਧਨੁ ਦੇ ਗਿਆਂ ਬਹਿ ਕੇ ਝੂਰਦਾ ਹੈ। ੨. ਕਿਸੇ ਵਿਰਲੇ ਨੇ ਹੀ ਸਚ ਨਾਮ ਰੂਪ ਨਿਰਮਲ ਧਨ ਪਿਆਰ ਨਾਲ 'ਕੱਠਾ ਕੀਤਾ ਹੈ। ੩. ਜੇਕਰ ਧਨ ਚਲਾ ਗਿਆ ਹੈ ਤਾਂ ਜਾਣ ਦੇਹ ਅਤੇ ਇਕ ਦੇ ਪ੍ਰੇਮ ਵਿਚ ਲਗ। ੪. ਜਿਸ ਨੇ ਮਨ ਦਿਤਾ ਤੇ ਸਿਰ ਭੀ ਸੌਂਪਿਆ ਹੈ ਅਤੇ ਫਿਰ ਭੀ ਕਰਤੇ ਪੁਰਖ ਦੀ ਓਟ ਰਖੀ ਹੈ। ੫. ਉਹ ਧੰਧਿਆਂ ਵਿਚ ਦੌੜਨ ਵਲੋਂ ਰਹਿ ਗਿਆ ਹੈ ਅਤੇ ਉਸ ਦੇ ਮਨ ਵਿਚ ਬ੍ਰਹਮ ਦਾ ਅਨੰਦ ਪ੍ਰਾਪਤ ਹੋਇਆ ਹੈ। ੬. ਜਦ ਗੋਬਿੰਦ ਰੂਪ ਗੁਰੂ ਮਿਲੇ ਤਾਂ ਦੁਸ਼ਮਣ ਭੀ ਸੱਜਣ ਹੋਏ ਹਨ। ੭. ਆਤਮ ਵਸਤੂ ਤਾਂ ਘਰ ਦੇ ਬਾਰਿ=ਅੰਦਰ ਹੀ ਰਹੀ ਹੈ, ਅਤੇ ਉਸ ਨੂੰ ਬਨ ਬਨ ਵਿਚ ਢੂੰਢਦੀ ਫਿਰਦੀ ਹਾਂ। ੮. ਜਿਨ੍ਹਾਂ ਨੂੰ ਆਤਮ ਵਸਤੂ ਸਤਿਗੁਰੂ ਨੇ ਮਿਲਾਈ ਹੈ, ਉਹਨੂੰ ਮਿਲ ਰਹੀ ਹੈ ਅਤੇ ਜਨਮ ਮਰਨ ਦਾ ਦੁਖ ਦੂਰ ਹੋ ਗਿਆ ਹੈ ॥੩੬॥

੧. ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ ॥ ੨. ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ ॥ ੩. ਨਾ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ ॥ ੪. ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ ॥ ੫. ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰੁ ॥ ੬. ਨਾ ਸਾਜਨ ਸੇ ਰੰਗੁਲੇ ਕਿਸੁ ਪਹਿ ਕਰੀ ਪੁਕਾਰ ॥ ੭. ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ ॥ ੮. ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ ॥੩੭॥

ਅਰਥ—੧. ਨਾਨਾ=ਅਨੇਕਾਂ ਕਰਮਾਂ ਦੇ ਕਰਦਿਆਂ ਜਮਾਂ ਤੋਂ ਨਹੀਂ ਛੁਟੀਦਾ ਹੈ ਅਤੇ ਸ਼ੁਭ ਗੁਣਾਂ ਤੋਂ ਬਿਨਾਂ ਜਮਪੁਰੀ ਵਿਚ ਜਾਈਦਾ ਹੈ। ੨. ਤਿਸ ਜੀਵ ਨੇ ਨਾ ਇਹ ਲੋਕ ਸੁਆਰਿਆ ਹੈ ਤੇ ਨਾ ਹੀ ਉਹ ਪ੍ਰਲੋਕ ਸਵਾਰਿਆ ਹੈ ਇਸ ਲਈ ਫਿਰ ਕੀਤੇ ਔਗੁਣਾਂ ਨੂੰ ਪਛਤਾਉਂਦਾ ਹੈ। ੩. ਨਾ ਤਿਸ ਕੋਲ ਗਿਆਨ ਤੇ ਨਾ ਹੀ ਧਿਆਨ ਹੈ, ਅਤੇ ਨਾ ਹੀ ਤਿਸ ਨੂੰ ਧਰਮ ਦਾ ਧਿਆਨ ਹੈ। ੪. ਨਾਮ ਤੋਂ ਬਿਨਾਂ ਨਿਰਭਉ ਕਿਥੇ ਹੋਵੀਦਾ ਹੈ ? ਭਾਵ ਕਿਧਰੇ ਨਹੀਂ ਹੋਵੀਦਾ ਅਤੇ ਕੀ ਜਾਣੀਏ ਜੋ ਅਭਿਮਾਨੀ ਜੀਵ ਦਾ ਦਰਗਾਹ ਵਿਚ ਕੀ ਹਾਲ ਹੋਵੇਗਾ, ਭਾਵ ਕੁਝ ਨਹੀਂ ਜਾਣੀਦਾ ਹੈ।

੫. ਥਕ ਰਿਹਾ ਹਾਂ, ਕਿਵੇਂ ਪਹੁੰਚਾਂਗਾ (ਕਿਉਂਕਿ ਸੰਸਾਰ ਸਮੁੰਦਰ ਦੀ) ਹਾਥ ਨਹੀਂ ਆਉਂਦੀ ਤੇ ਨਾ ਹੀ ਪਾਰ ਦਾ ਕਿਨਾਰਾ ਗਿਆਨ ਨਜ਼ਰ ਆਉਂਦਾ ਹੈ । ੬. ਉਹ ਪ੍ਰੇਮੀ (ਸੰਤ ਭੀ ਮੇਰੇ) ਸੱਜਣ ਨਹੀਂ ਹਨ, ਤਾਂ ਤੇਂ ਕਿਸ ਕੋਲ ਪੁਕਾਰ ਕਰਾਂ ? ੭. ਸਤਿਗੁਰੂ ਜੀ ਆਖਦੇ ਹਨ—ਜੇਕਰ ਪਤੀ ਪਤੀ ਕਰਾਂ (ਤਾਂ) ਮੇਲਣ ਵਾਲਾ ਪਤੀ ਆਪਣੇ ਨਾਲ ਮੇਲੇਗਾ। ੮. ਜਿਸ ਨੇ ਵਿਛੋੜਿਆ ਹੈ ਓਹੀ ਗੁਰਾਂ ਦੇ ਅਪਾਰ ਪ੍ਰੇਮ ਦੁਆਰਾ ਆਪਣੇ ਨਾਲ ਮੇਲੇਗਾ ॥੩੭॥

**੧. ਪਾਪੁ ਬੁਰਾ ਪਾਪੀ ਕਉ ਪਿਆਰਾ ॥ ੨. ਪਾਪਿ ਲਦੇ ਪਾਪੇ ਪਾਸਾਰਾ ॥ ੩. ਪਰਹਰਿ ਪਾਪੁ ਪਛਾਣੈ ਆਪੁ ॥ ੪. ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥ ੫. ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥ ੬. ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈ ਕਾਲੁ ॥ ੭. ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥ ੮. ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥੩੮॥**

ਅਰਥ—੧. ਭਾਵੇਂ ਪਾਪ ਬੁਰਾ ਹੈ, ਪਰ ਪਾਪੀ ਨੂੰ ਪਿਆਰਾ ਹੈ । ੨. ਇਸ ਲਈ ਪਾਪੀ ਪਾਪ (ਦਾ ਹੀ) ਪਸਾਰਾ ਲਦਦਾ ਹੈ । ੩. ਜੇਕਰ ਪਾਪ ਤਿਆਗ ਕੇ ਆਪਣੇ (ਸੂਰੂਪ) ਨੂੰ ਪਛਾਣੇ । ੪. ਤਾਂ ਉਸ ਨੂੰ ਸੋਗ ਵਿਜੋਗਾਂ ਦਾ ਦੁਖ ਨਹੀਂ (ਹੋਵੇਗਾ) । ੫. ਅਤੇ ਜੋ ਪਾਪੀ ਹੈ ਉਹ ਨਰਕ

ਵਿਚ ਪੈਣ ਵਲੋਂ ਕਿਵੇਂ ਰਹੇਗਾ ? ਤੇ ਜਮਕਾਲ ਕੋਲੋਂ ਕਿਵੇਂ ਬਚੇਗਾ ? (ਭਾਵ ਨਹੀਂ ਬਚੇਗਾ) । ੬. ਉਸ ਦਾ ਆਉਣਾ ਜਾਣਾ ਕਿਵੇਂ ਵੀਸਰੈ=ਹਟੇਗਾ ? (ਭਾਵ ਕਦੇ ਨਹੀਂ ਹਟੇਗਾ, ਕਿਉਂਕਿ ਉਸ ਦੇ ਮਨ ਵਿਚ ਝੂਠ ਤੇ ਬੁਰਾ ਕਰਮ ਵਸਦਾ ਹੈ ਇਸ ਲਈ ਉਸ ਨੂੰ) ਕਾਲ ਖੈ=ਨਾਸ ਕਰੇਗਾ। ੭. ਮਨ ਜੰਜਾਲਾਂ ਵਿਚ ਵੇੜਿਆ=ਫਸਿਆ ਹੋਇਆ ਹੈ, ਪਰ ਫਿਰ ਭੀ ਜੰਜਾਲਾਂ ਵਿਚ ਪੈਂਦਾ ਹੈ । ੮. ਨਾਮ ਤੋਂ ਬਿਨਾਂ ਕਿਸ ਤਰ੍ਹਾਂ ਛੁਟੀਦਾ ਹੈ ? (ਭਾਵ ਕਿਸੇ ਤਰ੍ਹਾਂ ਨਹੀਂ ਛੁਟੀਦਾ ਇਸ ਲਈ) ਪਾਪੀ ਨਰਕਾਂ ਦੀ ਅੱਗ ਵਿਚ ਆਪ ਸੜਦਾ ਤੇ ਦੂਜਿਆਂ ਨੂੰ ਸਾੜਦਾ ਹੈ ॥੩੮॥

**੧. ਫਿਰਿ ਫਿਰਿ ਫਾਹੀ ਫਾਸੈ ਕਊਆ ॥ ੨. ਫਿਰਿ ਪਛੁਤਾਨਾ ਅਬ ਕਿਆ ਹੂਆ ॥ ੩. ਫਾਥਾ ਚੋਗ ਚੁਗੈ ਨਹੀ ਬੂਝੈ ॥ ੪. ਸਤਗੁਰੁ ਮਿਲੈ ਤ ਆਖੀ ਸੂਝੈ ॥ ੫. ਜਿਉ ਮਛੁਲੀ ਫਾਥੀ ਜਮ ਜਾਲਿ ॥ ੬. ਵਿਣੁ ਗੁਰ ਦਾਤੇ ਮੁਕਤਿ ਨ ਭਾਲਿ ॥ ੭. ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ ॥ ੮. ਇਕ ਰੰਗਿ ਰਚੈ ਰਹੈ ਲਿਵ ਲਾਇ ॥ ੯. ਇਵ ਛੂਟੈ ਫਿਰਿ ਫਾਸ ਨ ਪਾਇ ॥੩੯॥**

ਅਰਥ—੧. ਜੀਵ ਰੂਪ ਕਾਂ ਫਿਰ ਫਿਰ (ਕੇ ਜਮਾਂ ਦੀ) ਫਾਹੀ ਵਿਚ ਫਸਦਾ ਹੈ । ੨. ਅਤੇ ਫਿਰ ਪਛਤਾਉਂਦਾ ਹੈ ਕਿ ਹੁਣ ਕੀ ਹੋ ਗਿਆ ਹੈ। ੩. ਮੋਹ ਵਿਚ ਫਸਿਆ ਹੋਇਆ ਵਿਸ਼ਿਆਂ ਰੂਪ ਚੋਗ ਚੁਗਦਾ ਹੈ

ਤੇ ਵਿਚਾਰਦਾ ਨਹੀਂ ਜੋ ਇਹਨਾਂ ਦਾ ਅੰਤ ਫਲ ਦੁਖ ਮਿਲਣਾ ਹੈ। ੪. ਜੇਕਰ ਸਤਿਗੁਰੂ ਨੂੰ ਮਿਲੇ ਤਾਂ ਉਹਨਾਂ ਦੀ ਆਖੀ ਅਨੁਸਾਰ ਸਮਝੇਗਾ। ੫. ਮੱਛੀ ਵਾਂਗੂੰ ਜਮਾਂ ਦੇ ਜਾਲ ਵਿਚ ਜਿੰਦ ਫਸੀ ਹੋਈ ਹੈ। ੬. ਅਤੇ ਨਾਮ ਦੇ ਦਾਤੇ ਗੁਰੂ ਤੋਂ ਬਿਨਾਂ ਕਿਧਰੇ ਵੀ ਮੁਕਤੀ ਨਹੀਂ ਦੇਖੀਦੀ ਹੈ। ੭. ਇਸੇ ਕਰ ਕੇ ਜੀਵ ਮੁੜ ਮੁੜ ਕੇ ਆਉਂਦਾ ਤੇ ਮੁੜ ਮੁੜ ਕੇ ਨਰਕਾਂ ਵਿਚ ਜਾਂਦਾ ਹੈ। ੮. ਇਕ ਦੇ ਪ੍ਰੇਮ ਵਿਚ ਲਗੇ ਤੇ ਉਸ ਨਾਲ ਪ੍ਰੀਤ ਲਾਇ ਰਹੇ। ੯. ਤਾਂ ਇਸ ਤਰ੍ਹਾਂ ਜਮਾਂ ਦੀ ਫਾਹੀ ਤੋਂ ਛੁਟੇਗਾ ਤੇ ਫਿਰ ਫਾਹੀ ਨਹੀਂ ਪਾਵੇਗਾ ॥੩੯॥

**੧. ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥ ੨. ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥ ੩. ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥ ੪. ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ ॥ ੫. ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ ॥ ੬. ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥ ੭. ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥ ੮. ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥**

ਅਰਥ—੧. ਬੁਧੀ ਪਦਾਰਥਾਂ ਨੂੰ ਵੀਰ ਵੀਰ ਕਰਦੀ ਥੱਕ ਰਹੀ ਹੈ ਅਤੇ ਵੀਰ ਬੈਰਾਇ=ਬਿਗਾਨੇ ਹੋ ਗਏ ਹਨ, ਭਾਵ ਪਦਾਰਥਾਂ ਲਈ ਬੁਧੀ ਕੁਰਲਾਉਂਦੀ ਹੈ ਤੇ ਪਦਾਰਥ ਦੂਰ ਭੱਜਦੇ ਜਾਂਦੇ ਹਨ । ੨. ਜਦ ਪਦਾਰਥਾਂ ਰੂਪ ਵੀਰ ਆਪਣੇ ਘਰ ਚਲੇ ਗਏ, ਤਾਂ ਭੈਣ ਉਹਨਾਂ ਦੇ ਬਿਰਹਿ=ਵਿਛੋੜੇ ਵਿਚ ਸੜ ਜਾਂਦੀ ਹੈ । ੩. (ਅਗਿਆਨ ਰੂਪ) ਬਾਬਲ=ਪਿਉ ਦੇ ਸੰਸਾਰ ਰੂਪ ਘਰ ਵਿਚ ਜੋ ਬੁਧੀ ਰੂਪ ਬੇਟੜੀ=ਧੀ ਹੈ, ਉਸ ਬਾਲੜੀ ਦਾ ਬਾਲੈ= ਪਦਾਰਥਾਂ ਨਾਲ ਪ੍ਰੇਮ ਹੈ । ੪. ਹੇ ਕਾਮਣੀ=ਬੁਧੀ ਜੇਕਰ ਤੂੰ ਪਤੀ ਨੂੰ ਮਿਲਣਾ ਚਾਹੁੰਦੀ ਹੈਂ ਤਾਂ ਤੇਹਿ=ਪ੍ਰੇਮ ਕਰ ਕੇ ਸਤਿਗੁਰਾਂ ਦੀ ਸੇਵਾ ਕਰ । ੫. ਕੋਈ ਵਿਰਲਾ ਹੀ ਬੂਝਣਉ=ਸਮਝ ਵਾਲਾ ਗਿਆਨੀ (ਹੁੰਦਾ ਹੈ, ਜਿਸ ਨੂੰ) ਸਚਾ ਸਤਿਗੁਰੂ ਮਿਲਿਆ ਹੈ ਉਹ ਗਿਆਨੀ ਹੁੰਦਾ ਹੈ । ੬. ਵਾਹਿਗੁਰੂ ਦੇ ਹੱਥ ਵਿਚ ਇਹ ਵਡਿਆਈਆਂ ਹਨ, ਅਤੇ ਜਿਸ ਨੂੰ ਚਾਹੁੰਦਾ ਹੈ ਉਸ ਨੂੰ ਦੇਂਦਾ ਹੈ । ੭. ਕੋਈ ਵਿਰਲਾ ਹੀ ਗੁਰਾਂ ਦੀ ਉਪਦੇਸ਼ ਰੂਪ ਬਾਣੀ ਵਿਚਾਰਦਾ ਹੈ, ਅਤੇ ਜੋ ਵੀਚਾਰਦਾ ਹੈ ਉਹ ਗੁਰਮੁਖ ਹੁੰਦਾ ਹੈ । ੮. ਇਹ ਮਹਾਂ ਪੁਰਖ ਸਤਿਗੁਰਾਂ ਦੀ ਬਾਣੀ ਜੋ ਹਿਰਦੇ ਵਿਚ ਧਾਰਦਾ ਹੈ, ਤਿਸ ਦਾ ਨਿਜ ਘਰਿ= ਆਪਣੇ ਸ੍ਰੂਪ ਵਿਚ ਵਾਸਾ ਹੁੰਦਾ ਹੈ ॥੪੦॥

**੧. ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥ ੨. ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ ॥ ੩. ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥ ੪. ਗੁਰਮੁਖਿ ਗਿਆਨੁ**

**ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥ ੫. ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥ ੬. ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥ ੭. ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥ ੮. ਗੁਰ ਪਰਸਾਦੀ ਆਪੋ ਚੀਨ੍ਹੈ ਜੀਵਤਿਆ ਇਵ ਮਰੀਐ ॥੪੧॥**

ਅਰਥ—੧. ਵਾਹਿਗੁਰੂ ਭੰਨ ਭੰਨ ਕੇ ਘੜਦਾ ਹੈ, ਅਤੇ ਘੜੇ ਘੜਾਇਆਂ ਭਾਵ ਬਣਿਆਂ ਹੋਇਆਂ ਨੂੰ ਭੰਨਦਾ ਹੈ । ੨. ਢੱਠਿਆਂ ਨੂੰ ਉਸਾਰਦਾ ਤੇ ਉਸਰਿਆਂ ਨੂੰ ਢਾਹੁੰਦਾ ਹੈ । ੩. ਭਰੇ ਹੋਏ ਸਰ=ਤਲਾਵਾਂ ਨੂੰ ਸੋਖੈ=ਸੁਕਾਉਂਦਾ ਹੈ ਅਤੇ ਭੀ=ਫਿਰ (ਸੁਕਿਆਂ ਨੂੰ) ਪੋਖੈ=ਲਬਾ ਲਬ ਭਰਦਾ ਹੈ, ਐਸੀ ਸਮਰਥਾ ਵਾਲਾ ਜੋ ਵੇਪਰਵਾਹ ਹੈ । ੪. ਜੀਵ ਭਰਮ ਵਸ ਹੋ ਕੇ ਉਸ ਤੋਂ ਭੁਲ ਕੇ ਪਾਗਲ ਹੋਏ ਹੋਏ ਹਨ, ਪਰ ਭਾਗਾਂ ਤੋਂ ਬਿਨਾਂ ਉਸ ਦਾ ਮਿਲਾਪ ਕਿਸ ਤਰ੍ਹਾਂ ਪਾਈਦਾ ਹੈ ? ਭਾਵ ਨਹੀਂ ਪਾਈਦਾ ਹੈ। ੫. ਗੁਰਮੁਖਾਂ ਨੇ ਗਿਆਨ=ਜਾਣਿਆ ਹੈ ਜੋ ਜੀਵਾਂ ਦੀ ਪ੍ਰਾਰਬਧ ਰੂਪ ਡੋਰੀ ਪ੍ਰਭੂ ਨੇ ਫੜੀ ਹੋਈ ਹੈ ਅਤੇ ਜਿਸ ਨੂੰ ਆਪਣੇ ਵਲ ਖਿੱਚੇਗਾ, ਤਿਸੇ ਨੇ ਹੀ ਉਸ ਵਲ ਜਾਣਾ ਹੈ । ੬. ਜੋ ਹਰੀ ਦੇ ਗੁਣ ਗਾਉਣ ਦੇ ਪ੍ਰੇਮ ਵਿਚ ਰੱਤਾ ਹੋਇਆ ਹੈ, ਉਹ ਫਿਰ ਨਹੀਂ ਪਛਤਾਉਂਦਾ ਹੈ । ੭. ਭੱਭੇ ਦਾ ਉਪਦੇਸ਼ ਹੈ ਕਿ ਜੀਵ ! ਜਿਸ ਨੂੰ ਭਾਲਦਾ ਹੈ ਗੁਰਾਂ ਦੁਆਰਾ ਉਸ ਦੀ ਵਿਚਾਰ

ਸਮਝੇ ਤਾਂ ਆਪਣੇ ਸੂਰੂਪ ਵਿਚ ਵਾਸਾ ਪਾਈਦਾ ਹੈ । ੮. ਭੱਭੇ ਦੁਆਰਾ ਆਖ਼ਦੇ ਹਨ ਕਿ ਸੰਸਾਰ ਸਮੁੰਦਰ ਤੋਂ ਪਾਰ ਹੋਣ ਦਾ ਰਸਤਾ ਔਖਾ ਹੈ, ਜੇਕਰ ਆਸਾ ਤੋਂ ਨਿਰਾਸ ਹੋਈਏ ਤਦ ਤਰੀਦਾ ਹੈ । ਗੁਰਾਂ ਦੀ ਕਿਰਪਾ ਨਾਲ ਆਪਣੇ (ਸੂਰੂਪ) ਨੂੰ ਪਛਾਣੇ ਤਾਂ ਇਸ ਤਰ੍ਹਾਂ ਜੀਵਤ੍ਰ ਭਾਵ ਤੋਂ ਮਰੀਦਾ ਹੈ ॥੪੧॥

**੧. ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥ ੨. ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥ ੩. ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ ॥ ੪. ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥ ੫. ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥ ੬. ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ ॥ ੭. ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥ ੮. ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ ॥੪੨॥**

ਅਰਥ—੧. ਮਾਇਆ ਧਾਰੀ ਜੀਵ ਮਾਇਆ ਮਾਇਆ ਕਰਦੇ ਮਰ ਗਏ ਹਨ ਤੇ ਮਾਇਆ ਕਿਸੇ ਦੇ ਭੀ ਨਾਲ ਨਹੀਂ ਗਈ । ੨. ਹੰਸ=ਜੀਵਾਤਮਾ, ਡੁਮਣੋ=ਉਦਾਸ ਹੋ ਕੇ ਉਠ ਚਲੇਗਾ ਤੇ ਜਿਸ ਵਿਚ ਬੁੱਧੀ

ਭੁਲੀ ਹੋਈ ਹੈ ਉਹ ਮਾਇਆ ਇਥੇ ਹੀ ਰਹਿ ਜਾਂਦੀ ਆਥਿ=ਹੈ । ੩. ਜੋ ਭੂਠਾ ਮਨ=ਜੀਵ ਹੈ, ਉਸ ਨੂੰ ਜਮਾਂ ਨੇ ਤਾੜਿਆ ਹੈ, ਤੇ ਉਸ ਦੇ ਨਾਲ ਔਗੁਣ ਚਲਦੇ ਹਨ । ੪. ਜੇਕਰ ਜੀਵ ਦੇ ਨਾਲ ਸ਼ੁਭ ਗੁਣ ਹੋਵਣ ਤਾਂ ਮਨ (ਸੰਕਲਪਾਂ ਵਲੋਂ) ਉਲਟ ਕੇ ਆਪਣੇ ਸ੍ਵਰੂਪ ਵਿਚ ਮਰੇਗਾ । ੫. ਜੋ ਮੇਰੀ ਮੇਰੀ ਕਰਦੇ ਮੋਏ ਹਨ, ਉਹਨਾਂ ਨੂੰ ਨਾਮ ਤੋਂ ਬਿਨਾਂ ਹੋਣ ਕਰ ਕੇ ਦੁਖ, ਭਾਲਿ=ਮਿਲੇਗਾ। ੬. ਕਿਲ੍ਹੇ, ਮੰਦਰ ਤੇ ਮਹਿਲ ਕਿਥੇ ਜਾਣਗੇ, ਭਾਵ ਇਸ ਤਰ੍ਹਾਂ ਨਾਸ ਹੋ ਜਾਣਗੇ ਜਿਵੇਂ ਬਾਜੀਗਰ ਦੀ ਦੀਬਾਣੁ=ਸਭਾ ਨਾਸ ਹੋ ਜਾਂਦੀ ਹੈ । ੭. ਸਤਿਗੁਰੂ ਜੀ ਆਖਦੇ ਹਨ— ਜੋ ਸਚੇ ਨਾਮ ਜਪਣ ਤੋਂ ਬਿਨਾਂ ਹੈ, ਉਹ ਝੂਠਾ ਪੁਰਸ਼ ਆਉਣ ਜਾਣ (ਭਾਵ ਜੰਮਣ ਮਰਨ ਵਿਚ ਰਹਿੰਦਾ ਹੈ) । ੮. ਚਤਰ ਵਾਹਿਗੁਰੂ ਆਪੇ ਹੀ ਸ+ਰੂਪ=ਰੂਪਾਂ ਸਹਿਤ ਹੈ ਅਤੇ ਆਪਣੇ (ਜੀਵਾਂ ਦੇ ਕਰਮ) ਜਾਨਣ ਵਿਚ ਚਤਰ ਹੈ ॥੪੨॥

## ੧. ਜੋ ਆਵਹਿ ਸੇ ਜਾਹਿ ਫੁਨਿ ਆਇ ਗਏ ਪਛੁਤਾਹਿ ॥ ੨. ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ ॥ ੩. ਸੇ ਜਨ ਉਬਰੇ ਜਿਨ ਹਰਿ ਭਾਇਆ ॥ ੪. ਧੰਧਾ ਮੁਆ ਵਿਗੂਤੀ ਮਾਇਆ ॥ ੫. ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ ॥ ੬. ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ ॥ ੭. ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ

**ਓਟ ॥ ੮. ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ ॥੪੩॥**

ਅਰਥ—੧. ਜੋ ਸੰਸਾਰ ਵਿਚ ਆਉਂਦੇ ਹਨ ਉਹ ਫਿਰ ਜਾਂਦੇ ਹਨ ਅਤੇ ਆਉਣ ਜਾਣ ਵਿਚ ਹੀ ਪਛਤਾਉਂਦੇ ਹਨ। ੨. ਜੋ ਚੁਰਾਸੀ ਲੱਖ ਜੂਨਾਂ ਵਾਲੀ ਮੇਦਨੀ=ਦੁਨੀਆਂ ਹੈ ਉਹ ਘਟਦੀ ਨਹੀਂ ਤੇ ਨਾ ਹੀ ਉਤਾਂਹ ਵਧਦੀ ਹੈ। ੩. ਜਿਨ੍ਹਾਂ ਨੂੰ ਹਰਿ ਦਾ ਨਾਮ ਭਾਇਆ ਹੈ, ਉਹ ਜਨ ਬਚੇ ਹਨ। ੪. ਉਹਨਾਂ ਦਾ ਧੰਧਾ ਮਾਇਆ ਤੇ ਮਾਇਆ ਖ਼ਰਾਬ ਹੋਈ ਹੈ। ੫. ਜੋ ਦਿਸਦਾ ਹੈ ਉਹ ਚਲਾ ਜਾਏਗਾ (ਤਾਂਤੇ) ਕਿਸ ਨੂੰ ਆਪਣਾ ਮਿੱਤਰ ਕਰਾਂ ਭਾਵ ਮਿੱਤਰ ਬਣਾਵਾਂ ? ੬. ਅਤੇ ਉਸ ਦੇ ਅਗੇ ਤਨ ਮਨ ਦੀ ਭੇਟ ਦੇਵਾਂ ਤੇ ਆਪਣਾ ਜੀਉ ਭੀ ਸੌਂਪਾਂ। ੭. ਹੇ ਕਰਤਾ ਪੁਰਖ! ਤੂੰ ਅਚਲ ਮਾਲਕ ਹੈਂ ਤਿਸੇ ਕਰ ਕੇ ਹੀ ਮੈਂ ਆਪ ਦੀ ਓਟ ਲਈ ਹੈ। ੮. ਜਦ ਗੁਰਾਂ ਦੇ ਉਪਦੇਸ਼ ਦੀ ਰਤੀ=ਪ੍ਰੀਤੀ ਦੀ ਚੋਟ ਮਨ ਨੂੰ ਵੱਜੀ ਤਾਂ ਸ਼ੁਭ ਗੁਣਾਂ ਦੀ ਮਾਰੀ ਹੋਈ ਸੱਟ ਕਰ ਕੇ ਹਉਮੈ ਮੋਈ ਹੈ ॥੪੩॥

**੧. ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ ੨. ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥ ੩. ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ ॥ ੪. ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ ॥ ੫. ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ ॥ ੬. ਤਿਨ ਹੀ ਜੈਸੀ ਥੀ**

**ਰਹਾਂ ਜਪਿ ਜਪਿ ਰਿਦੈ ਮੁਰਾਰਿ ॥ ੭. ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ ॥ ੮. ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ ॥੪੪॥**

ਅਰਥ—੧. ਰਾਣਾ (ਰਾਜਾ) ਭੀ ਕੋਈ ਨਹੀਂ ਰਹੇਗਾ ਅਤੇ ਤੁੰਗ=ਵਡੇ ਧਨ ਦੇ ਰੰਗੁ=ਅਨੰਦ ਵਾਲੇ ਤੇ ਫ਼ਕੀਰ ਭੀ ਨਹੀਂ ਰਹੇਗਾ। ੨. ਆਪੋ ਆਪਣੀ ਵਾਰੀ ਨਾਲ ਚਲੇ ਜਾਣਗੇ ਤੇ ਕੋਈ ਭੀ ਇਥੇ ਰਹਿਣ ਦਾ ਧੀਰਜ ਨਹੀਂ ਬੰਨੇਗਾ। ੩. (ਗਿਆਨ) ਮਾਰਗ ਵਡਾ ਔਖਾ ਤੇ ਭੀਹਾਵਲਾ=ਡਰਾਉਣਾ ਹੈ ਕਿਉਂਕਿ ਇਸ ਰਾਹ ਵਿਚ ਤ੍ਰਿਸ਼ਨਾ ਰੂਪ ਅਸਗਾਹ ਸਰੋਵਰ ਤੇ (ਕਾਮਾਦਿਕ) ਡੂਗਰ=ਪਹਾੜ ਹਨ। ੪. ਅਤੇ ਮੇਰੇ ਸਰੀਰ ਵਿਚ ਬਹੁਤ ਔਗੁਣ ਹਨ, ਇਸ ਲਈ ਝੂਰ ਕੇ ਮਰਦੀ ਹਾਂ, ਕਿ ਗੁਣਾਂ ਤੋਂ ਬਿਨਾਂ ਘਰੁ=ਸ੍ਵਰੂਪ ਵਿਚ ਕਿਸ ਤਰ੍ਹਾਂ ਜਾਵਾਂਗੀ ? ੫. (ਉੱਤਰ ਜੇਕਰ) ਗੁਣਵਾਨਾਂ ਕੋਲੋਂ ਗੁਣ ਲੈ ਤਦ ਤੈਨੂੰ ਪ੍ਰਭੂ ਮਿਲੇਗਾ, (ਪ੍ਰਸ਼ਨ) ਤਿਨ੍ਹਾਂ ਪਿਆਰਿਆਂ ਨੂੰ ਕਿਸ ਤਰ੍ਹਾਂ ਮਿਲਾਂ ? ੬. (ਉੱਤਰ) ਤਿਨ੍ਹਾਂ ਹੀ ਜੇਹੀ ਹੋ ਰਹੁ, ਅਤੇ ਹਿਰਦੇ ਵਿਚ ਮੁਰਾਰੀ ਦੇ ਜਾਪ ਨੂੰ ਜਪ। ੭. ਭਾਵੇਂ ਜੀਵ ਔਗੁਣਾਂ ਵਿਚ ਭਰਪੂਰ ਹੈ ਪਰ ਗੁਣ ਭੀ ਇਸ ਦੇ ਨਾਲ ਵਸਦੇ ਹਨ। ੮. ਪਰ ਸਤਿਗੁਰੂ ਦੀ ਕ੍ਰਿਪਾ ਤੋਂ ਬਿਨਾਂ ਗੁਣ ਨਹੀਂ ਜਾਪਦੇ, ਅਤੇ ਜਿੰਨਾਂ ਚਿਰ ਗੁਰਾਂ ਦੇ ਉਪਦੇਸ਼ ਦੀ ਜੀਵ ਵਿਚਾਰ ਨਾ ਕਰੇ ਉਨਾਂ ਚਿਰ ਗੁਰਾਂ ਦੀ ਕਿਰਪਾ ਨਹੀਂ ਹੁੰਦੀ ਹੈ ॥੪੪॥

**੧. ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ ॥ ੨. ਕਾਰ ਕਮਾਵਹਿ ਸਿਰਿ ਧਣੀ**

**ਲਾਹਾ ਪਲੈ ਪਾਇ ॥ ੩. ਲਬੁ ਲੋਭੁ ਬੁਰਿਆਈਆ ਛੋਡੇ ਮਨਹੁ ਵਿਸਾਰਿ ॥ ੪. ਗੜਿ ਦੋਹੀ ਪਾਤਿਸਾਹ ਕੀ ਕਦੇ ਨ ਆਵੈ ਹਾਰਿ ॥ ੫. ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥ ੬. ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ ॥ ੭. ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ੮. ਆਪਿ ਕਰੇ ਕਿਸੁ ਆਖੀਐ ਅਵਰੁ ਨ ਕੋਇ ਕਰੇਇ ॥੪੫॥**

ਅਰਥ—੧. ਚੁਰਾਸੀ ਲਖ ਜੂਨਾਂ ਰੂਪ ਫ਼ੌਜੀਆਂ ਨੇ ਆਪਣੇ ਘਰ ਸੰਭਾਲੇ ਹਨ, ਜੋ ਪ੍ਰਾਰਬਧ ਰੂਪ ਵਜਹੁ=ਤਨਖ਼ਾਹ ਲਿਖਾਇਕੇ ਆਏ ਹਨ। ੨. ਜੋ ਵਾਹਿਗੁਰੂ ਮਾਲਕ (ਦੀ ਆਗਿਆ) ਸਿਰ ਤੇ ਧਰ ਕੇ ਭਗਤੀ ਰੂਪ ਕਾਰ ਕਮਾਉਂਦੇ ਹਨ, ਉਹਨਾਂ ਦੇ ਪਲੇ ਆਤਮ ਸੁਖ ਰੂਪ ਲਾਭ ਪੈਂਦਾ ਹੈ। ੩. (ਜਿਨ੍ਹਾਂ ਨੇ) ਮਨ ਵਿਚੋਂ ਲਬ ਲੋਭ ਤੇ ਬੁਰਿਆਈਆਂ ਨੂੰ ਵਿਸਾਰ ਛਡਿਆ ਹੈ। ੪ ਅਤੇ ਸਰੀਰ ਰੂਪੀ ਕਿਲ੍ਹੇ ਵਿਚ ਵਾਹਿਗੁਰੂ ਪਾਤਸ਼ਾਹ ਦੀ ਭਗਤੀ ਰੂਪ ਦੁਹਾਈ ਫੇਰੀ ਹੈ, ਉਨ੍ਹਾਂ ਨੂੰ ਕਦੇ ਵੀ ਹਾਰ ਨਹੀਂ ਆਉਂਦੀ ਹੈ। ੫. ਜੋ ਖਸਮ ਦਾ ਨੌਕਰ ਕਹੀਦਾ ਹੈ ਅਤੇ ਸਾਹਮਣੇ ਉੱਤਰ ਦੇਂਦਾ ਹੈ। ੬. ਉਹ ਆਪਣਾ ਵਜਹੁ=ਰੁਜੀਨਾ ਗੁਆਉਂਦਾ ਹੈ, ਅਤੇ ਤਖਤ=ਦਰਬਾਰ ਵਿਚ ਭੀ ਨਹੀਂ ਬੈਠੇਗਾ (ਭਾਵ ਭਾਣਾ ਨਾ ਮੰਨਣ ਵਾਲਾ) ਵਾਹਿਗੁਰੂ ਤੇ ਭਰੋਸਾ ਨਾ ਰਖ ਕੇ ਦਰ ਦਰ ਭੌਂਦਾ ਤੇ ਸਤਿਸੰਗ ਨਹੀਂ

ਕਰਦਾ ਹੈ । ੭. ਵਾਹਿਗੁਰੂ ਪ੍ਰੀਤਮ ਦੇ ਹੱਥ ਵਿਚ ਵਡਿਆਈਆਂ ਹਨ ਅਤੇ ਜਿਸ ਨੂੰ ਚਾਹੁੰਦਾ ਹੈ ਤਿਸ ਨੂੰ ਦੇਂਦਾ ਹੈ । ੮. ਉਹ ਸਭ ਕੁਝ ਆਪ ਕਰਦਾ ਹੈ, ਤਾਂ ਤੇ ਕਿਸ ਨੂੰ ਆਖੀਏ ? ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਕੁਝ ਨਹੀਂ ਕਰਦਾ ਹੈ ॥੪੫॥

**੧. ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ੨. ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ ॥ ੩. ਵਣੁ ਤ੍ਰਿਣੁ ਢੂਢਤ ਫਿਰਿ ਰਹੀ ਮਨ ਮਹਿ ਕਰਉ ਬੀਚਾਰੁ ॥ ੪. ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥਿ ਭੰਡਾਰੁ ॥ ੫. ਊਤਮੁ ਹੋਵਾ ਪ੍ਰਭੁ ਮਿਲੈ ਇਕ ਮਨਿ ਏਕੈ ਭਾਇ ॥ ੬. ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ ਪਰਥਾਇ ॥ ੭. ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ ॥ ੮. ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ ॥੪੬॥**

ਅਰਥ—੧. ਬੀਜਉ=ਦੂਜਾ ਕੋਈ ਨਹੀਂ ਸੁਝਦਾ ਜੋ ਵਾਹਿਗੁਰੂ ਦੇ ਬਰਾਬਰ ਦੁਲੀਚਾ ਪਾਇ=ਗੱਦੀ ਲਾ ਕੇ ਬੈਠੇ । ੨. ਸਚੇ ਨਰ ਨਰਹ=ਵਾਹਿਗੁਰੂ ਦਾ ਸਚਾ ਨਾਮ ਨਰਕਾਂ (ਦੇ ਦੁਖ ਤੋਂ ਬਚਾਉਣ) ਵਾਲਾ ਹੈ । ੩. ਉਸ ਨੂੰ ਬਨਾਂ ਤੇ ਕੱਖਾਂ ਵਿਚ ਢੂੰਢਦੀ ਫਿਰਦੀ ਰਹੀ ਹਾਂ, ਪਰ

ਜਦ ਮਨ ਵਿਚ ਵਿਚਾਰ ਕੀਤੀ ਤਾਂ ਜਾਣਿਆ । ੪. ਕਿ ਲਾਲ ਰਤਨ ਤੇ ਬਹੁਤੇ ਮਾਣਕਾਂ ਦਾ ਖ਼ਜ਼ਾਨਾ ਸਤਿਗੁਰੂ ਦੇ ਹੱਥ ਵਿਚ ਹੈ । ੫. ਜੇ ਗੁਰਾਂ ਕੋਲੋਂ ਸ਼ੁਭ ਸਿਖਿਆ ਲੈ ਕੇ ਉੱਤਮ ਹੋਵਾਂ ਤੇ ਮਨ ਵਿਚ ਇਕ ਦਾ ਪ੍ਰੇਮ ਹੋਵੇ ਤਾਂ ਪ੍ਰਭੂ ਮਿਲੇਗਾ । ੬. ਸਤਿਗੁਰੂ ਜੀ ਆਖਦੇ ਹਨ— ਜਿਹੜੇ ਪ੍ਰੀਤਮ ਨੂੰ ਪ੍ਰੇਮ ਕਰਕੇ ਮਿਲੇ ਹਨ, ਉਹਨਾਂ ਨੇ ਪਰਥਾਇ=ਪ੍ਰਲੋਕ ਦਾ ਲਾਭ ਲਿਆ ਹੈ । ੭. ਜਿਸ ਨੇ ਤੱਤਾਂ ਨੂੰ ਰਚ ਕੇ ਰਚਨਾ ਨੂੰ ਰਚਿਆ ਹੈ, ਅਤੇ ਜਿਸ ਨੇ ਸੂਖਮ ਸਰੀਰਾਂ ਨੂੰ ਸਿਰਿਆ=ਪੈਦਾ ਕੀਤਾ ਹੈ । ੮. ਜਿਸ ਦੇ ਪਾਰ ਉਰਾਰ ਦਾ ਅੰਤ ਨਹੀਂ ਹੈ, ਉਸ ਬੇਅੰਤ ਨੂੰ ਗੁਰਾਂ ਦੁਆਰੇ ਧਿਆਈਏ ਤਾਂ ਸੁਖ ਹੁੰਦਾ ਹੈ ॥੪੬॥

**੧. ੜਾੜੈ ਰੂੜਾ ਹਰਿ ਜੀਉ ਸੋਈ ॥ ੨. ਤਿਸੁ ਬਿਨੁ ਰਾਜਾ ਅਵਰੁ ਨ ਕੋਈ ॥ ੩. ੜਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ ॥ ੪. ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ ॥ ੫. ਸੋ ਸਾਹੁ ਸਾਚਾ ਜਿਸੁ ਹਰਿ ਧਨੁ ਰਾਸਿ ॥ ੬. ਗੁਰਮੁਖਿ ਪੂਰਾ ਤਿਸੁ ਸਾਬਾਸਿ ॥ ੭. ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ ॥ ੮. ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ ॥੪੭॥**

ਅਰਥ—੧. ੜਾੜੇ ਦੁਆਰਾ ਆਖਦੇ ਹਨ—ਉਹ ਹਰੀ ਜੀ ਰੂੜਾ-ਸੁੰਦਰ ਹੈ। ੨. ਉਸ ਤੋਂ ਬਿਨਾਂ ਹੋਰ ਕੋਈ ਰਾਜਾ ਭਾਵ ਮਾਲਕ ਨਹੀਂ ਹੈ। ੜਾੜੇ ਦਾ ਉਪਦੇਸ਼ ਹੈ ਕਿ ਤੁਸੀਂ ਕਾਮਾਦਿਕਾਂ ਸੱਪਾਂ ਦੀ ਜ਼ਹਿਰ ਝਾੜਨ ਵਾਲਾ ਗਾਰੜੂ (ਮੰਤ੍ਰ) ਗੁਰਾਂ ਦਾ ਉਪਦੇਸ਼ ਸੁਣੋ, ਫਿਰ ਤੁਹਾਡੇ ਮਨ ਵਿਚ ਹਰੀ ਆਇ ਵਸੇਗਾ। ੪. ਗੁਰਾਂ ਦੀ ਕਿਰਪਾ ਨਾਲ ਹਰਿ ਨਾਮ ਪਾਈਦਾ ਹੈ, ਕੋਈ ਭਰਮ ਵਿਚ ਨਾ ਭੁਲੋ, ਗੁਰੂ ਤੋਂ ਬਿਨਾਂ ਹਰਿ ਨਾਮ ਕਿਧਰੋਂ ਨਹੀਂ ਮਿਲੇਗਾ। ੫. ਜਿਸ ਦੇ ਪਾਸ ਹਰਿ ਨਾਮ ਦੀ ਪੂੰਜੀ ਹੈ ਉਹ ਸਚਾ ਸ਼ਾਹੂਕਾਰ ਹੈ। ੬. ਜਿਸ ਨੂੰ ਗੁਰਾਂ ਦੁਆਰੇ ਪੂਰਾ ਨਾਮ ਧਨ ਮਿਲਿਆ ਹੈ ਤਿਸ ਨੂੰ ਦਰਗਾਹ ਵਿਚ ਸ਼ਾਬਾਸ਼ ਮਿਲਦੀ ਹੈ। ੭. ਜਿਸ ਨੇ ਗੁਰਾਂ ਦੀ ਉਪਦੇਸ਼ ਰੂਪ ਸੁੰਦਰ ਬਾਣੀ ਦੀ ਵਿਚਾਰ ਕਰ ਕੇ ਹਰੀ ਪਾਇਆ ਹੈ। ੮. ਉਸ ਦਾ ਹੰਕਾਰ ਗਿਆ ਹੈ, ਕਿਉਂਕਿ ਉਸ ਜੀਵ ਇਸਤਰੀ ਨੇ ਹਰੀ ਪਤੀ ਨੂੰ ਪਾਇਆ ਹੈ ॥੪੭॥

**੧. ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥ ੨. ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥ ੩. ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥ ੪. ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥ ੫. ਸਾਜਨੁ ਮੀਤੁ ਸੁਜਾਣੁ ਤੂ ਤੂ ਸਰਵਰੁ ਤੂ ਹੰਸੁ ॥ ੬. ਸਾਚਉ ਠਾਕੁਰੁ ਮਨਿ ਵਸੈ ਹਉ ਬਲਿਹਾਰੀ ਤਿਸੁ ॥ ੭. ਮਾਇਆ ਮਮਤਾ ਮੋਹਣੀ ਜਿਨਿ**

**ਕੀਤੀ ਸੋ ਜਾਣੁ ॥ ੮. ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ ॥੪੮॥**

ਅਰਥ—੧. ਸੋਨਾ ਚਾਂਦੀ ਜੋ ਇਕੱਠਾ ਕਰੀਦਾ ਹੈ, (ਇਹ) ਜ਼ਹਿਰ ਰੂਪ ਕੱਚਾ ਧਨ ਸਵਾਹ ਹੋ ਜਾਵੇਗਾ। ੨. ਇਸ ਧਨ ਨੂੰ 'ਕੱਠਾ ਕਰ ਕੇ ਸ਼ਾਹੂਕਾਰ ਸਦਾਉਂਦਾ ਹੈ ਅਤੇ ਦਵੈਤ ਵਿਚ ਖੁਆਰ ਹੁੰਦਾ ਹੈ। ੩. ਪਰ ਜਗਿਆਸੂ ਰੂਪ ਸਚਿਆਂ ਨੇ ਸਚੇ ਵਾਹਿਗੁਰੂ ਦਾ ਅਮੋਲਕ ਸਚਾ ਨਾਮ ਧਨ 'ਕੱਠਾ ਕੀਤਾ ਹੈ। ੪. ਜਿਨ੍ਹਾਂ ਦਾ ਹਿਰਦਾ ਉਜਲ ਤੇ ਬੋਲ ਸਚੇ ਹਨ, ਉਹਨਾਂ ਦੀ ਸਚੀ ਇੱਜ਼ਤ ਨਿਰਮਲ ਹਰੀ ਕੋਲ ਹੁੰਦੀ ਹੈ। ੫. ਤਾਂ ਤੇ ਹੇ ਜੀਵ! ਬੇਨਤੀ ਕਰ, ਹੇ ਵਾਹਿਗੁਰੂ! ਤੂੰ ਸੱਜਣ, ਮਿਤ੍ਰ ਤੇ ਚਤਰ ਹੈਂ ਤੂੰ ਅਨ ਸਰੋਵਰ ਰੂਪ ਸਤਿਸੰਗ ਹੈਂ, ਤੇ ਤੂੰ ਹੰਸ ਰੂਪ ਸੰਤ ਹੈਂ। ੬. ਹੇ ਸਚੇ ਠਾਕੁਰ! ਜਿਸ ਦੇ ਮਨ ਵਿਚ ਤੂੰ ਵਸਦਾ ਹੈਂ, ਮੈਂ ਤਿਸ ਤੋਂ ਬਲਿਹਾਰੀ ਹਾਂ। ੭. ਜਿਸ ਨੇ ਮੋਹਣੀ ਮਾਇਆ ਦੀ ਮਮਤਾ ਪੈਦਾ ਕੀਤੀ ਹੈ, ਹੇ ਜੀਵ! ਤੂੰ ਉਸ ਨੂੰ ਜਾਣ। ੮. ਕੋਈ ਸੁਜਾਣ ਪੁਰਖ ਹੀ ਬਿਖਿਆ (ਜ਼ਹਿਰ)=ਦੁਖ ਤੇ ਅੰਮ੍ਰਿਤ=ਸੁਖ ਨੂੰ ਇਕੋ ਜਿਹਾ ਸਮਝਦਾ ਹੈ ॥੪੮॥

**੧. ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥ ੨. ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥ ੩. ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ ॥ ੪. ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ ॥ ੫. ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ**

# ਸਰੀਰਿ ॥ ੬. ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ ॥ ੭. ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ ॥ ੮. ਜੰਤ ਉਪਾਇ ਵਿਚਿ ਪਾਇਆਨੁ ਕਰਤਾ ਅਲਗੁ ਅਪਾਰੁ ॥੪੯॥

ਅਰਥ—੧. ਖਿਮਾਂ ਤੋਂ ਬਿਨਾਂ ਹੋਣ ਕਰ ਕੇ ਲੱਖਾਂ ਤੇ ਅਸੰਖਾਂ *ਖੂਹਣੀਆਂ ਨਾਸ ਹੋ ਗਈਆਂ ਹਨ । ੨. ਗਿਣਤੀ ਨਹੀਂ ਆਉਂਦੀ ? ਤਾਂਤੇ ਕਿਸ ਤਰ੍ਹਾਂ ਗਿਣਾਂ ਕਿਉਂਕਿ ਬੇਅੰਤ ਹੀ ਖਪ ਖਪ ਕੇ ਮੋਏ ਹਨ। ੩. ਜੋ ਆਪਣਾ ਖਸਮ ਪਛਾਣਦੇ ਹਨ, ਉਹ ਖੁਲ੍ਹੇ ਹਨ, ਤੇ ਫਿਰ ਬੰਧਨਾਂ (ਵਿਚ) ਨਹੀਂ ਪੈਂਦੇ । ੪. ਹੇ ਮਹਲੀ=ਜਗਿਆਸੂ ! ਤੂੰ ਗੁਰਾਂ ਦੇ ਉਪਦੇਸ਼ ਕਰ ਕੇ ਖਰਾ ਹੋਵੇਂਗਾ, ਅਤੇ ਖਿਮਾ ਤੇ ਸਚੇ ਦਾ ਪ੍ਰੇਮ ਧਾਰਨ ਕਰ ਕੇ ਆਤਮ ਸੁਖ ਪਾਵੇਂਗਾ। ੫. ਤੂੰ ਵਾਹਿਗੁਰੂ ਦੇ ਨਾਮ ਰੂਪੀ ਖਰਾ ਧਨ ਇਕੱਠਾ ਕਰਨ ਵਿਚ ਆਪਣਾ ਧਿਆਨ ਖ਼ਰਚ, ਤਦ ਤੇਰੇ ਸਰੀਰ ਵਿਚ ਉਹ ਆਪੇ ਹੀ ਆਇ ਵਸੇਗਾ । ੬. ਜੇਕਰ ਮਨ ਤਨ ਕਰਕੇ ਮੂੰਹੋਂ ਨਾਮ ਜਪੇ ਤਾਂ ਤੇਰਾ ਮਨ ਸਦਾ ਹੀ ਗੁਣਾਂ ਨੂੰ ਅੰਦਰ ਧਾਰ ਕੇ ਧੀਰਜ ਵਾਲਾ ਹੋਵੇਗਾ। ੭. ਜੋ ਹਉਮੈ ਵਿਚ ਖਪਨਾ ਖਪਾਉਨਾ ਹੈ, ਇਹ ਦ੍ਵੈਤ ਰੂਪ ਵਸਤੂ ਦੇ ਵਿਕਾਰ ਹਨ । ੮. ਜੀਵਾਂ ਨੂੰ ਪੈਦਾ ਕਰਕੇ ਇਨ੍ਹਾਂ ਵਿਚ ਦਵੈਤ ਨੂੰ ਪਾਇਆ ਹੈ ਅਤੇ ਅਪਾਰ ਕਰਤਾ ਪੁਰਖ ਆਪ ਇਨ੍ਹਾਂ ਤੋਂ ਅਲੱਗ ਹੈ ॥੪੯॥

---

**੨੧੮੭੦ ਹਾਥੀ, ੨੧੮੭੦ ਰਥ, ੬੫੬੧੦ ਘੋੜੇ ਅਤੇ ੧੦੯੩੫੦ ਪੈਦਲ, ਇੰਨੀ ਸੈਨਾ ਦਾ ਨਾਮ ਇਕ ਖੂਹਣੀ ਹੈ ।*

੧. ਸ੍ਰਿਸਟੇ ਭੇਉ ਨ ਜਾਣੈ ਕੋਇ ॥ ੨. ਸ੍ਰਿਸਟਾ ਕਰੈ ਸੁ ਨਿਹਚਉ ਹੋਇ ॥ ੩. ਸੰਪੈ ਕਉ ਈਸਰੁ ਧਿਆਈਐ ॥ ੪. ਸੰਪੈ ਪੁਰਬਿ ਲਿਖੇ ਕੀ ਪਾਈਐ ॥ ੫. ਸੰਪੈ ਕਾਰਣਿ ਚਾਕਰ ਚੋਰ ॥ ੬. ਸੰਪੈ ਸਾਥਿ ਨ ਚਾਲੈ ਹੋਰ ॥ ੭. ਬਿਨੁ ਸਾਚੇ ਨਹੀ ਦਰਗਹ ਮਾਨੁ ॥ ੮. ਹਰਿ ਰਸੁ ਪੀਵੈ ਛੁਟੈ ਨਿਦਾਨਿ ॥੫੦॥

ਅਰਥ—੧. 'ਸ੍ਰਿਸਟੇ' ਵਾਹਿਗੁਰੂ ਦਾ ਭੇਦ ਕੋਈ ਨਹੀਂ ਜਾਣਦਾ। ੨. ਜੋ ਵਾਹਿਗੁਰੂ ਕਰਦਾ ਹੈ, ਉਹੋ ਹੀ ਹੁੰਦਾ ਹੈ। ੩. ਜੇਕਰ 'ਸੰਪੈ' ਧਨ ਨੂੰ ਲੈਣ ਵਾਸਤੇ 'ਈਸਰ' ਸ਼ਿਵਾ ਨੂੰ ਧਿਆਈਏ। ਤਾਂ ਧਨ ਨਹੀਂ ਪਾਈਦਾ। ੪. ਕਿਉਂਕਿ ਧਨ ਪਿਛਲੇ ਲੇਖ ਦੇ ਲਿਖੇ ਅਨੁਸਾਰ ਹੀ ਪਾਈਦਾ ਹੈ। ੫. ਧਨ ਵਾਸਤੇ ਨੌਕਰ ਤੇ ਚੋਰ ਹੁੰਦੇ ਹਨ। ੬. ਪਰ ਧਨ ਕਿਸੇ ਦੇ ਨਾਲ ਨਹੀਂ ਚਲਦਾ ਤੇ ਹੋਰਨਾਂ ਦਾ ਹੋ ਜਾਂਦਾ ਹੈ। ੭. ਸਚੇ ਨਾਮ ਤੋਂ ਬਿਨਾਂ ਦਰਗਾਹ ਵਿਚ ਮਾਨ ਨਹੀਂ ਹੁੰਦਾ ਹੈ। ੮. ਜੋ ਹਰਿ ਨਾਮ ਰਸ ਪੀਵੇਗਾ ਉਹ ਨਿਦਾਨਿ=ਅੰਤ ਨੂੰ ਜਮਾਂ ਦੀ ਫਾਹੀ ਤੋਂ ਛੁਟੇਗਾ ॥੫੦॥

੧. ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ ੨. ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥ ੩. ਹਾਰ ਡੋਰ ਕੰਕਨ ਘਣੇ ਕਰਿ ਥਾਕੀ ਸੀਗਾਰੁ ॥ ੪.

**ਮਿਲਿ ਪ੍ਰੀਤਮ ਸੁਖੁ ਪਾਇਆ ਸਗਲ ਗੁਣਾ ਗਲਿ ਹਾਰੁ ॥ ੫. ਨਾਨਕ ਗੁਰਮੁਖਿ ਪਾਈਐ ਹਰਿ ਸਿਉ ਪ੍ਰੀਤਿ ਪਿਆਰੁ ॥ ੬. ਹਰਿ ਬਿਨੁ ਕਿਨਿ ਸੁਖੁ ਪਾਇਆ ਦੇਖਹੁ ਮਨਿ ਬੀਚਾਰਿ ॥ ੭. ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥ ੮. ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥੫੧॥**

ਅਰਥ—੧. ਹੇ ਸਖੀ ! ਮੈਂ ਵੇਖਦੀ ਵੇਖਦੀ ਹੈਰਾਨ ਹੋ ਰਹੀ ਹਾਂ । ੨. ਜਿਸ ਮੈ=ਮਮਤਾ ਕਰ ਕੇ ਮੈਂ ਮੈਂ ਕਰਦੀ ਸੀ ਉਹ ਮਮਤਾ ਮੋਈ ਹੈ ਅਤੇ ਗੁਰਾਂ ਦੇ ਉਪਦੇਸ਼ ਨੂੰ ਰਵੈ=ਉਚਾਰਨ ਕਰਕੇ ਮਨ ਵਿਚ ਗਿਆਨ ਹੋਇਆ ਹੈ । ੩. ਹਾਰ=ਹਰਿ ਹਰਿ ਕਰਨਾ, ਡੋਰ=ਬ੍ਰਿਤੀ ਇਕਾਗਰ, ਤੇ ਕੰਕਨ=ਕਰਿ ਕਰਿ ਕਰਤਾ ਕੰਗਣਾ ਪਹਿਰੇ—(ਇਤ ਆਦਿਕ ਸਾਧਨਾ ਰੂਪ) ਬਹੁਤੇ ਹੀ ਸ਼ਿੰਗਾਰ ਕਰ ਥੱਕੀ ਹਾਂ ਪਰ ਸੁਖ ਨਹੀਂ ਪਾਇਆ । ੪. ਪਰ ਵਾਹਿਗੁਰੂ ਪ੍ਰੀਤਮ ਨੂੰ ਮਿਲ ਕੇ ਸੁਖ ਪਾਇਆ ਹੈ, ਅਤੇ ਜਦ ਸਾਰੇ ਸ਼ੁਭ ਗੁਣਾਂ ਦਾ ਗਲ ਵਿਚ ਹਾਰ ਪਾਇਆ ਤਦ ਪ੍ਰੀਤਮ ਮਿਲਿਆ ਹੈ। ੫. ਸਤਿਗੁਰੂ ਜੀ ਆਖਦੇ ਹਨ—ਗੁਰਾਂ ਦਵਾਰੇ ਹਰੀ ਨਾਲ ਪ੍ਰੀਤ ਪਿਆਰ ਕਰਨਾ ਪਾਈਦਾ ਹੈ । ੬. ਹਰੀ ਤੋਂ ਬਿਨਾਂ ਕਿਸ ਨੇ ਸੁਖ ਪਾਇਆ (ਹੈ ?) ਮਨ ਵਿਚ ਵਿਚਾਰ ਕੇ ਦੇਖੋ, ਭਾਵ ਕਿਸੇ ਨੇ ਭੀ ਸੁਖ ਨਹੀਂ ਪਾਇਆ ਹੈ । ੭. ਤਾਂਤੇ ਹਰਿ (ਨਾਮ ਦਾ) ਪੜ੍ਹਨਾ ਕਰੋ, ਹਰਿ ਨਾਮ ਦਾ ਸਮਝਣਾ ਕਰੋ ਅਤੇ ਹਰੀ ਨਾਲ ਪਿਆਰ ਰਖੋ । ੮. ਹਰਿ ਨਾਮ ਜੇਹਬਾ ਨਾਲ ਜਪੀਏ, ਹਰਿ ਨਾਮ ਮਨ ਵਿਚ ਧਿਆਈਏ, (ਕਿਉਂਕਿ) ਜੀਵ ਦਾ ਆਸਰਾ

ਹਰੀ ਦਾ ਨਾਮ ਹੈ ॥੫੧॥

੧. ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥ ੨. ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ ॥ ੩. ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ ॥ ੪. ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ ॥ ੫. ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥ ੬. ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰਿ ॥ ੭. ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ ॥ ੮. ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥੫੨॥

ਅਰਥ—੧. ਹੇ ਸਖੀ ! ਜੋ ਕਰਤਾਰ ਨੇ ਲੇਖ ਲਿਖਿਆ ਹੈ, ਉਹ ਨਹੀਂ ਮਿਟਦਾ। ੨. ਜਿਸ ਨੇ ਆਪੇ ਹੀ ਕਾਰਣ-ਪ੍ਰਪੰਚ ਕੀਤਾ ਹੈ ਉਹ ਜੀਵ ਦੇ ਹਿਰਦੇ ਵਿਚ ਕ੍ਰਿਪਾ ਕਰ ਕੇ ਸਮਝ ਵਾਲੀ ਬੁਧੀ ਰੂਪ ਪੈਰ ਧਰੇਗਾ। ੩. ਕਰਤੇ ਪੁਰਖ ਦੇ ਹੱਥ ਵਿਚ ਸਭ ਵਡਿਆਈਆਂ ਹਨ, ਉਸ ਦੀ ਵਿਚਾਰ ਗੁਰਾਂ ਪਾਸੋਂ ਪੁਛੋ। ੪. ਤਾਂਤੇ ਬੇਨਤੀ ਕਰੋ, ਹੇ ਵਾਹਿਗੁਰੂ ! ਤੇਰਾ

ਲਿਖਿਆ ਮੋੜ ਨਹੀਂ ਸਕੀਦਾ ਹੈ ਇਸ ਲਈ ਜਿਵੇਂ ਤੈਨੂੰ ਭਾਉਂਦਾ ਹੈ, ਤਿਵੇਂ ਕਰ। ੫. ਸਤਿਗੁਰੂ ਜੀ ਆਖਦੇ ਹਨ—ਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰ ਕੇ ਤੇਰੀ ਕ੍ਰਿਪਾ ਦੀ ਨਜ਼ਰ ਕਰ ਕੇ ਆਤਮ ਸੁਖ ਪਾਇਆ ਹੈ। ੬. ਜੋ ਮਨ ਮੁਖਤਾਈ ਦੇ ਕਰਮਾਂ ਵਿਚ ਭੁਲੇ ਹੋਏ ਹਨ ਉਹ ਵਿਸ਼ਿਆਂ ਰੂਪ ਅੱਗ ਵਿਚ ਸੜ ਮੋਏ ਹਨ, ਅਤੇ ਗੁਰਾਂ ਦੇ ਉਪਦੇਸ਼ ਦੀ ਵਿਚਾਰ ਵਾਲੇ ਬਚੇ ਹਨ। ੭. ਜਿਹੜਾ ਵਾਹਿਗੁਰੂ ਪੁਰਖ ਨਜ਼ਰ ਨਹੀਂ ਆਉਂਦਾ ਹੈ, ਤਿਸਦਾ ਸਰੂਪ ਕਿਸ ਤਰ੍ਹਾਂ ਦਾ ਕਰ ਕੇ ਕਿਹਾ ਜਾਵੇ। ੮. ਆਪਣੇ ਗੁਰਾਂ ਤੋਂ ਬਲਿਹਾਰੀ ਹਾਂ, ਜਿਸ ਨੇ ਹਿਰਦੇ ਵਿਚ ਹੀ ਦਿਖਾਇ ਦਿਤਾ ਹੈ ॥੫੨॥

**੧. ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥ ੨. ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ॥ ੩. ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ ੪. ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥**

ਅਰਥ—੧. ਉਹ ਪਾਂਧਾ ਪੜ੍ਹਿਆ ਹੋਇਆ ਆਖੀਦਾ ਹੈ, ਜੋ ਸ਼ਾਂਤੀ ਸੁਭਾਵ ਕਰ ਕੇ ਵਿਦਿਆ ਵਿਚਾਰਦਾ ਹੈ। ੨. ਅਤੇ ਵਿਦਿਆ ਨੂੰ ਸੋਧੈ=ਵਿਚਾਰ ਕੇ ਤੱਤ (ਸੁਰੂਪ ਨੂੰ) ਜਾਣਦਾ ਤੇ ਰਾਮ ਨਾਮ (ਨਾਲ) ਪ੍ਰੀਤ ਲਾਉਂਦਾ ਹੈ। ੩. ਅਤੇ ਜੋ ਮਨਮੁਖ ਵਿਦਿਆ ਬਿਕ੍ਰਦਾ=ਵੇਚਦਾ ਤੇ ਬਿਖ=ਧਨ ਖਟਦਾ (ਹੈ, ਉਹ) ਜ਼ਹਿਰ ਖਾਂਦਾ ਹੈ। ੪. (ਕਿਉਂਕਿ ਉਹ) ਮੂਰਖ ਸੂਝ=ਸਮਝ ਨੂੰ ਨਹੀਂ ਚੀਨਈ=ਪਛਾਣਦਾ (ਇਸ ਲਈ ਉਸ ਨੂੰ)

ਸਬਦ=ਬ੍ਰਹਮ ਦੀ ਕੋਈ ਬੂਝ=ਸਮਝ ਨਹੀਂ ਹੁੰਦੀ ਹੈ ॥੫੩॥

**੧. ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥ ੨. ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥ ੩. ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥ ੪. ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥**

ਅਰਥ—੧. (ਉਹ) ਪਾਂਧਾ ਗੁਰਮੁਖ ਆਖੀਦਾ ਹੈ, ਜੋ ਚਾਟੜਿਆਂ ਨੂੰ ਇਹ ਸਿਖਿਆ ਦੇਂਦਾ ਹੈ। ੨. ਕਿ ਕਾਕਿਓ ! ਨਾਮ ਜਪੋ, ਤੇ ਵਾਹਿਗੁਰੂ ਦਾ ਨਾਮ ਧਨ 'ਕੱਠਾ ਕਰੋ, (ਤਦ) ਜਗਤ ਵਿਚ ਲਾਭ ਲਵੋਗੇ। ੩. ਮਨ ਵਿਚ ਜੋ ਸਚ ਸਰੂਪ ਦੀ ਸ਼ਰਧਾ ਹੈ, ਇਹ ਸੱਚੀ ਪੱਟੀ ਹੈ, (ਕਿਉਂਕਿ ਇਸ ਪੱਟੀ ਤੋਂ ਹੀ) ਉਸ ਸਾਰ=ਸ੍ਰੇਸ਼ਟ ਰੂਪ ਸਬਦ=ਬ੍ਰਹਮ ਨੂੰ ਪੜ੍ਹੀਦਾ ਹੈ। ੪. ਸਤਿਗੁਰੂ ਜੀ ਆਖਦੇ ਹਨ—ਉਹ ਪੜ੍ਹਿਆ ਹੋਇਆ ਹੈ ਅਤੇ ਉਹ ਚਤਰ ਹੈ ਜਿਸ ਦੇ ਗਲ ਵਿਚ ਰਾਮ ਨਾਮ ਦਾ ਹਾਰ ਹੈ ॥੫੪॥੧॥

ਰਾਮਕਲੀ ਮਹਲਾ ੧

# *ਸਿਧ ਗੋਸਟਿ

ੴ ਸਤਿਗੁਰ ਪ੍ਰਸਾਦਿ ॥

**੧. ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥ ੨. ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥ ੩. ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥ ੪. ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥੧॥**

ਸਿਧਾਂ ਦੀ ਚਰਚਾ ਗੁਰੂ ਜੀ ਸੰਗਤ ਵਿਚ ਸੁਣਾਉਂਦੇ ਹਨ—

ਅਰਥ—੧. ਸਿਧ ਸਭਾ (ਲਾਇ) ਕਰ ਕੇ ਆਸਣਾਂ ਉਤੇ ਬੈਠੇ ਜਨ, ਤੇ ਗੁਰੂ ਜੀ ਨੇ ਜਾ ਕੇ ਕਿਹਾ ਹੇ ਸੰਤ ਸਭਾ! ਤੁਹਾਨੂੰ ਜੈਕਾਰ ਹੋਵੇ। ੨. (ਇਹ) ਸੁਣ ਕੇ ਸਿਧਾਂ ਨੇ ਕਿਹਾ—ਤੁਸਾਂ ਅਧਿਕਾਰ ਅਨੁਸਾਰ

*ਇਹ ਚਰਚਾ ਵਟਾਲੇ ਦੇ ਕੋਲ ਅਚਲ ਵਿਚ ਸ਼ਿਵ ਰਾਤ੍ਰੀ ਦੇ ਮੇਲੇ ਉਤੇ ਹੋਈ ਜੋ ਉਥੋਂ ਆ ਕੇ ਗੁਰੂ ਜੀ ਨੇ ਕਰਤਾਰਪੁਰ ਵਿਚ ਸੰਗਤਿ ਨੂੰ ਸੁਣਾਈ ਤੇ ਉਪਦੇਸ਼ ਦਿਤਾ ਸੀ। ੨. ਕਈ ਕਹਿੰਦੇ ਹਨ ਸੁਮੇਰ ਪਰਬਤ ਉਤੇ ਹੋਈ ਸੀ।

ਨਮਸ਼ਕਾਰ ਕਿਉਂ ਨਹੀਂ ਕੀਤੀ ? ਗੁਰੂ ਜੀ ਨੇ ਉੱਤਰ ਦਿਤਾ, ਸਾਡੀ ਤਿਸ ਅਗੇ ਬੇਨਤੀ ਹੈ, ਜੋ ਸੱਚਾ ਅਪਰ ਅਪਾਰ ਹੈ। ੩. ਸਿਰ ਵੱਢ ਕੇ ਤਿਸ ਦੇ ਅਗੇ ਧਰਦਾ ਤੇ ਤਿਸ ਦੇ ਅਗੇ ਤਨ ਮਨ ਭੇਟ ਦੇਂਦਾ ਹਾਂ (ਭਾਵ ਹੰਕਾਰ ਤੋਂ ਬਿਨਾਂ ਹੋ ਕੇ ਸੇਵਾ ਕਰਦਾ ਹਾਂ।) ੪. ਸਤਿਗੁਰੂ ਜੀ ਆਖਦੇ ਹਨ—ਜੇਕਰ ਸੰਤ ਮਿਲੇ ਤਾਂ ਸਚ ਸ੍ਵਰੂਪ ਵਾਹਿਗੁਰੂ ਪਾਈਦਾ ਹੈ (ਅਤੇ) ਪ੍ਰੇਮ (ਦੇ ਸੁਭਾਵ ਕਰ ਕੇ ਤਿਸ ਦੀ ਪ੍ਰਾਪਤੀ ਰੂਪ) ਜਸ ਸਹਜੇ ਹੀ ਲਈਦਾ ਹੈ ॥੧॥

**੧. ਕਿਆ ਭਵੀਐ ਸਚਿ ਸੂਚਾ ਹੋਇ ॥ ੨. ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥**

੧. (ਸਿਧਾਂ ਨੇ ਕਿਹਾ—ਚਲੋ ਤੀਰਥ ਯਾਤਰਾ ਕਰੀਏ ? ਗੁਰੂ ਜੀ ਨੇ ਕਿਹਾ—ਤੀਰਥਾਂ ਤੇ) ਭੌਣ ਕਰ ਕੇ ਕੀ ਹੁੰਦਾ ਹੈ ? ਭਾਵ ਕੁਝ ਨਹੀਂ ਹੁੰਦਾ, (ਕਿਉਂਕਿ) ਸਚ ਨਾਮ ਜਪ ਕੇ ਹੀ ਸੁੱਚਾ ਹੋਵੀਦਾ ਹੈ। ੨. ਸਚੇ ਸਬਦ=ਨਾਮ ਜਪੇ ਤੋਂ ਬਿਨਾਂ ਕੋਈ ਭੀ ਮੁਕਤ ਨਹੀਂ ਹੋਇਆ ॥੧॥ ਰਹਾਉ ॥

(ਇਹ ਸੁਣ ਕੇ ਸਿਧਾਂ ਪ੍ਰਸ਼ਨ ਕੀਤੇ):—

**੧. ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥ ੨. ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥ ੩. ਕਹ ਬੈਸਹੁ ਕਹ ਰਹੀਐ**

**ਬਾਲੇ ਕਹ ਆਵਹੁ ਕਹ ਜਾਹੋ ॥ ੪. ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥**

ਅਰਥ—੧. ਪ੍ਰਸ਼ਨ—ਤੁਸੀਂ ਕੌਣ ਹੋ ? ਨਾਮ ਕੀ ਹੈ ? ਤੁਹਾਡਾ ਕਿਹੜਾ ਰਸਤਾ ਹੈ ? ਅਤੇ ਕੀ ਸੁਆਉ=ਮਤਲਬ ਹੈ ?

੨. ਉੱਤਰ—(ਮੈਂ ਸਚ ਆਖਣਾ ਵਾਲਾ ਹਾਂ), ਮੇਰੀ ਸੰਤਾਂ ਅਗੇ ਅਰਦਾਸ ਹੀ, ਮੇਰਾ ਨਾਮ ਹੈ, ਜੋ ਸੰਤ ਜਨਾਂ ਦਾ ਰਾਹ ਹੈ, ਮੈਂ ਸੰਤ ਜਨਾਂ ਉਤੋਂ ਬਲਿਹਾਰ ਜਾਂਦਾ ਹਾਂ ਇਹੀ ਮਤਲਬ ਹੈ ।

੩. ਪ੍ਰਸ਼ਨ—ਹੇ ਬਾਲੇ ! ਕਿਥੇ ਬਹਿੰਦੇ ਹੋ ? ਕਿਥੇ ਰਹਿੰਦੇ ਹੋ ? ਕਿਥੋਂ ਆਏ ਹੋ ਤੇ ਕਿਥੇ ਜਾਉਗੇ ? । ੪. ਸਤਿਗੁਰੂ ਜੀ ਆਖਦੇ ਹਨ—ਹੇ ਬੈਰਾਗੀ=ਪ੍ਰੇਮੀਓ ! ਸੁਣੋ, ਸਿਧ ਬੋਲੇ ਕਿ ਤੇਰਾ ਰਾਹ ਕਿਹੜਾ ਹੈ ? ॥੨॥

**੧. ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥ ੨. ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥ ੩. ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥ ੪. ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੩॥**

ਅਰਥ—੧. ਉੱਤਰ—ਜੋ ਘਟਾਂ ਘਟਾਂ ਵਿਚ ਬੈਠਾ ਹੋਇਆ ਹੈ ਉਸ ਦੇ ਨਾਮ ਵਿਚ ਇਕ ਰਸ ਰਹਿੰਦੇ ਹਾਂ, ਸਤਿਗੁਰੂ ਦੇ ਭਾਣੇ ਵਿਚ ਚਲਦੇ

ਹੋਏ । ੨. ਸਹਿਜੇ ਹੀ ਇਥੇ ਆਏ ਹਾਂ ਅਤੇ ਜਿਧਰ ਹੁਕਮ ਹੋਵੇਗਾ ਉਧਰੇ ਜਾਵਾਂਗੇ। ਸਤਿਗੁਰੂ ਜੀ ਆਖਦੇ ਹਨ—ਕਿਉਂਕਿ ਸਦਾ ਹੀ ਉਸ ਦੀ ਰਜਾਇ (ਦਾ ਮੰਨਣਾ ਸਾਡਾ) ਰਾਹੁ=ਭੇਖ ਹੈ । ੩. ਜੋ ਨਾਰਾਇਣ ਆਸਣ ਤੇ ਅਚੱਲ ਰਹਿੰਦਾ ਹੈ, ਉਸ ਵਿਚ ਬੈਹਣਾ ਕੀਤਾ ਹੈ ਇਸ ਤਰ੍ਹਾਂ ਦੀ ਸਿਖਿਆ ਗੁਰਾਂ ਪਾਸੋਂ ਪਾਈ ਹੈ । ੪. ਜੋ ਗੁਰਮੁਖਾਂ ਨੂੰ ਪੁਛ ਕੇ ਆਪਣਾ ਸਰੂਪ ਪਛਾਣਦਾ ਹੈ ਉਸ ਸਚੇ=ਨਿਸਚੇ ਕਰ ਕੇ ਸਚੇ ਵਿਚ ਸਮਾਉਂਦਾ ਹੈ ॥੩॥

## ੧. ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥ ੨. ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥

ਅਰਥ—੧. ਪ੍ਰਸ਼ਨ—ਦੁਨੀਆਂ ਸਮੁੰਦਰ ਅਤਰ ਕਹੀਦਾ ਹੈ, ਇਸ ਦਾ ਪਾਰ ਕਿਸ ਤਰ੍ਹਾਂ ਪਾਈਏ ? ੨. ਚਰਪਟ ਅਉਧੂ=ਜੋਗੀ ਬੋਲਿਆ (ਹੇ ਗੁਰੂ) ਨਾਨਕ ! (ਇਸ ਦਾ) ਵਿਚਾਰ ਕੇ ਸਚਾ ਉੱਤਰ ਦੇਹੁ।

## ੧. ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥ ੨. ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪॥

ਅਰਥ—੧. ਉੱਤਰ—ਜੋ 'ਆਪੇ' ਆਖੈ=ਪ੍ਰਸ਼ਨ ਕਰੇ ਅਤੇ ਆਪ ਸਭ ਕੁਝ ਸਮਝਦਾ ਹੋਵੇ ਉਸ ਨੂੰ ਕੀ ਉੱਤਰ ਦੇਣਾ ਹੈ । ੨. ਹੇ ਚਰਪਟ ਨਾਥ ! ਮੈਂ ਸਚ ਆਖਦਾ ਹਾਂ ਤੁਸੀਂ ਪਾਰਗਰਾਮੀ=ਸੰਸਾਰ ਸਮੁੰਦਰ ਤੋਂ ਪਾਰ ਹੋ ਤਾਂਤੇ ਤੁਹਾਨੂੰ ਕੀ ਬੈਸਣ=ਉੱਤਰ ਦੇਣਾ ਹੈ । (ਚਰਪਟ ਜੀ ਨੇ ਕਿਹਾ ਆਪ ਦਾ ਕਥਨ ਸਚ ਹੈ, ਤਦ ਭੀ ਮੈਂ ਆਪ ਤੋਂ ਸੁਨਣਾ ਚਾਹੁੰਦਾ ਹਾਂ

ਕ੍ਰਿਪਾ ਕਰੋ ॥੪॥

**੧. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ੨. ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ ੩. ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥ ੪. ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥**

ਅਰਥ—੧. ਜਿਵੇਂ ਜਲ ਵਿਚੋਂ ਕਮਲ ਨਿਰਲੇਪ ਰਹਿੰਦਾ ਹੈ, ਇਵੇਂ ਸੰਸਾਰਕ ਵਿਸ਼ਿਆਂ ਤੋਂ ਨਿਰਲੇਪ ਰਹੇ, ਅਤੇ ਜਿਵੇਂ ਮੁਰਗਾਬੀ ਨੈ+ਸਾਣੇ=ਨਦੀ ਦੇ ਸਾਹਮਣੇ ਜਾਂਦੀ ਹੈ, ਇਵੇਂ ਹੀ ਵਾਹਿਗੁਰੂ ਦੇ ਹੁਕਮ ਰੂਪੀ ਨਦੀ ਦੇ ਸਾਹਮਣੇ ਚਲੇ, ਭਾਵ ਹੁਕਮ ਨੂੰ ਸਿਰ ਧਰ ਚਲੇ । ੨. ਸਤਿਗੁਰੂ ਜੀ ਆਖਦੇ ਹਨ—ਗੁਰਾਂ ਦੇ ਉਪਦੇਸ਼ ਵਿਚ ਸੁ+ਰਤਿ= ਸਰੇਸ਼ਟ ਪ੍ਰੀਤ ਲਾ ਕੇ ਨਾਮ ਜਪੀਏ ਤਾਂ ਸੰਸਾਰ ਸਮੁੰਦਰ ਤੋਂ ਤਰੀਦਾ ਹੈ । ੩. ਜਿਸ ਦੇ ਮਨ ਵਿਚ ਇਕ ਵਸਿਆ ਹੈ, ਉਹ ਆਸਾ ਵਿਚੋਂ ਨਿਰਾਸ (ਹੋ ਕੇ) ਇਕਾਂਤ ਰਹਿੰਦਾ ਹੈ । ੪. ਅਤੇ ਜੋ ਅਗਮ ਅਗੋਚਰ (ਨੂੰ ਆਪ) ਵੇਖ ਕੇ ਹੋਰਨਾਂ ਨੂੰ ਵਿਖਾਉਂਦਾ ਹੈ । ਸਤਿਗੁਰੂ ਜੀ ਆਖਦੇ ਹਨ—ਮੈਂ ਉਸ ਦਾ ਦਾਸ ਹਾਂ ॥੫॥

**੧. ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥ ੨. ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥**

**੩. ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥ ੪. ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥**

ਅਰਥ—੧. ਪ੍ਰਸ਼ਨ—ਹੇ ਸੁਆਮੀ! ਸਾਡੀ ਬੇਨਤੀ ਸੁਣ, ਅਸੀਂ ਸਚਾ ਵਿਚਾਰ ਪੁਛਦੇ ਹਾਂ। ੨. ਗੁਸਾ ਨਾ ਕਰਨਾ, ਉੱਤਰ ਦੇਣਾ ਵਾਹਿਗੁਰੂ ਨੂੰ ਕਿਵੇਂ ਪਾਈਦਾ ਹੈ? ਉੱਤਰ—ਗੁਰਾਂ ਦਵਾਰੇ ਪਾਈਦਾ ਹੈ। ੩. ਪ੍ਰਸ਼ਨ—ਇਹ ਚੰਚਲ ਮਨ ਸਚ ਸ੍ਵਰੂਪ ਵਿਚ ਕਿਵੇਂ ਬੈਠੇਗਾ? ਉੱਤਰ—ਸਤਿਗੁਰੂ ਜੀ ਆਖਦੇ ਹਨ—ਨਾਮ ਦੇ ਆਸਰੇ ਕਰ ਕੇ ਬੈਠੇਗਾ। ੪. ਪ੍ਰਸ਼ਨ—ਕਰਤਾ ਪੁਰਖ ਜੀਵ ਨੂੰ ਆਪਣੇ ਮੇਲ ਵਿਚ ਕਦ ਮਿਲਾਏਗਾ? ਉੱਤਰ—ਜਦ ਜੀਵ ਦਾ ਸੱਚ ਨਾਮ ਵਿਚ ਪਿਆਰ ਲਗੇਗਾ॥੬॥

ਇਸ ਦੇ ਮਗਰੋਂ ਲੋਹਾਰੀਪਾ ਸਿਧ ਨੇ ਆਪਣਾ ਸਿਧਾਂਤ ਕਿਹਾ:—

**੧. ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥ ੨. ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥ ੩. ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥ ੪. ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥੭॥**

ਅਰਥ—੧. ਹਾਟੀ=ਘਰਾਂ ਬਾਰਾਂ ਤੇ ਬਾਟੀ=ਰਸਤਿਆਂ ਤੋਂ ਵਖਰੇ ਹੋ ਕੇ ਉਦਿਆਨੇ=ਉਜਾੜ ਦੇ ਰੁਖਾਂ ਬਿਰਖਾਂ ਵਿਚ ਰਹਿੰਦੇ ਹਾਂ। ੨. ਕੰਦ ਮੂਲ=ਫਲਾਂ ਫੁਲਾਂ ਦਾ ਆਹਾਰ ਖਾਈਦਾ ਹੈ ਅਤੇ ਅਉਧੂ=ਸੁਧ ਸ੍ਵਰੂਪ ਦਾ

ਗਿਆਨ ਬੋਲਦੇ ਹਾਂ । ੩. ਤੀਰਥਾਂ ਤੇ ਨ੍ਹਾਈਦਾ ਹੈ । (ਇਸ ਤਰ੍ਹਾਂ ਕਰ ਕੇ ਜੋਗਾ ਨੰਦ ਰੂਪ ਸੁਖ ਫਲ ਪਾਈਦਾ ਹੈ, ਤਦ ਫਿਰ ਕੋਈ ਮੈਲ ਨਹੀਂ ਲਗੇਗੀ) । ੪. ਗੋਰਖ ਦਾ ਪੂਤ=ਚੇਲਾ ਲੋਹਾਰੀਪਾ ਬੋਲਿਆ, ਹੇ ਗੁਰੂ ਨਾਨਕ ! ਤੁਸੀਂ ਭੀ ਜੋਗ ਵਿਚ ਜੁੜਨ ਦਾ ਸਾਈ=ਓਹੀ ਬਿਧੀ ਆਪ ਧਾਰੋ ॥੭॥

**੧. ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ ॥ ੨. ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥ ੩. ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥ ੪. ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥**

ਅਰਥ—੧. ਸਤਿਗੁਰੂ ਜੀ ਆਖਦੇ ਹਨ—ਹੇ ਲੁਹਾਰੀਪਾ ! ਘਰਾਂ ਬਾਰਾਂ ਤੋਂ ਰਹੇ ਤੇ ਰਸਤਿਆਂ ਤੋਂ ਭੀ ਦੂਰ ਰਹੇ, ਅਤੇ ਨੀਂਦ ਭੀ ਨਾ ਆਵੇ, ਅਤੇ ਪਰਾਏ ਘਰਾਂ ਵਿਚ ਚਿੱਤ ਭੀ ਨਾ ਡੋਲੇ । ੨. (ਪਰ ਸਾਰੇ ਸਾਧਨ ਐਵੇਂ ਨਹੀਂ ਹੁੰਦੇ ਕਿਉਂਕਿ) ਨਾਮ ਤੋਂ ਬਿਨਾਂ ਮਨ ਕਿਸੇ ਓਟ ਕਰ ਕੇ ਨਹੀਂ ਟਿਕਦਾ ਅਤੇ ਮਨ ਦੇ ਟਿਕੇ ਤੋਂ ਬਿਨਾਂ ਭੁਖ ਨਹੀਂ ਜਾਂਦੀ ਭਾਵ ਤ੍ਰਿਸ਼ਨਾ ਦੂਰ ਨਹੀਂ ਹੁੰਦੀ ਤੇ ਨਾ ਹੀ ਵਾਹਿਗੁਰੂ ਦਾ ਦਰਸ਼ਨ ਹੁੰਦਾ ਹੈ, ਇਸ ਲਈ ਅਸੀਂ ਤੁਹਾਡੇ ਭੇਖ ਤੋਂ ਪਰੇਡੇ ਹੀ ਚੰਗੇ ਹਾਂ, ਸਾਨੂੰ ਤਾਂ) । ੩. ਗੁਰੂ ਨੇ ਪਟਣ=ਸ਼ਹਿਰਾਂ ਤੇ ਹੱਟੀਆਂ ਦੇ ਅੰਦਰ ਹੀ ਰਹਿੰਦਿਆਂ ਹੋਇਆਂ ਘਰੁ=ਸ੍ਵਰੂਪ ਦਿਖਾਇਆ ਹੈ, ਅਤੇ ਸਹਿਜੇ ਹੀ ਸਚ ਨਾਮ ਦਾ ਵਪਾਰ ਕੀਤਾ ਹੈ । ੪. ਇਸ ਤਰ੍ਹਾਂ ਅਵਿਦਿਆ ਰੂਪ ਨੀਂਦ ਖੰਡਿਤ=ਨਾਸ ਕੀਤੀ ਹੈ ਤੇ ਥੋੜਾ

ਜਿਹਾ ਅਹਾਰ ਕੀਤਾ ਹੈ, ਸਤਿਗੁਰੂ ਜੀ ਆਖਦੇ ਹਨ—ਇਸ ਤਰ੍ਹਾਂ ਤਤ (ਮਿਥਿਆ ਦਾ) ਵਿਚਾਰ ਕਰਦੇ ਹਾਂ ॥੮॥

**੧. ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥ ੨. ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥ ੩. ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ॥ ੪. ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ ॥੯॥**

ਅਰਥ—੧. ਹੇ ਤਪਾ ! ਸਾਡੇ ਦਰਸ਼ਨ ਦਾ ਭੇਖ (ਸਰੀਰ ਤੇ ਧਾਰਨ) ਕਰੋ (ਤੁਹਾਨੂੰ) ਜੋਗੀਆਂ ਦੇ ਇੰਦ੍ਰ=ਗੁਰੂ ਬਣਾਵਾਂਗੇ, ਤਾਂਤੇ ਕੰਨ ਮੁੰਦਰਾਂ ਪਾਵੋ, ਹੱਥ ਵਿਚ ਝੋਲੀ ਫੜੋ, ਅਤੇ ਸਰੀਰ ਤੇ ਖਫਨੀ ਪਹਿਰੋ। ੨. ਜੋ *ਛੇ ਦਰਸ਼ਨਾਂ ਵਿਚੋਂ ਇਕ ਜੋਗ ਪੰਥਾ=ਦਰਸ਼ਨ ਹੈ, ਇਸ ਦੇ ਬਾਰਾਂ ਭੇਖਾਂ ਅੰਦਰੋਂ ਤੁਸੀਂ ਇਕ ਪੰਥ ਨੂੰ ਧਾਰਨ ਕਰੋ (ਭਾਵ 'ਆਈ ਪੰਥ' ਨੂੰ ਧਾਰੋ)। ੩. ਇਸ ਤਰ੍ਹਾਂ ਦਾ ਭੇਖ ਧਾਰ ਕੇ ਮਨ ਨੂੰ ਸਮਝਾਈਏ ਤਾਂ ਫਿਰ ਜਮਾਂ ਦੀ ਚੋਟ ਨਹੀਂ ਖਾਈਦੀ ਹੈ। ੪. ਇਸ ਤਰ੍ਹਾਂ ਸੁਣ ਕੇ ਸਤਿਗੁਰੂ ਜੀ ਬੋਲੇ (ਅਸਾਂ) ਗੁਰਾਂ ਕੋਲੋਂ ਪੁਛ ਕੇ ਇਸ ਤਰ੍ਹਾਂ ਦੇ ਜੋਗ ਦੀ ਜੁਗਤੀ ਪਾਈ ਹੋਈ ਹੈ ॥੯॥

**੧. ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ॥ ੨. ਕਾਮੁ ਕ੍ਰੋਧੁ ਅਹੰਕਾਰੁ**

*ਜੋਗੀ, ਜੰਗਮ, ਜੈਨੀ, ਸੰਨਿਆਸੀ, ਵੈਸ਼ਨਵ, ਮਦਾਰੀ।

**ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥ ੩. ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥ ੪. ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥੧੦॥**

ਅਰਥ—੧. ਜੋ ਆਪਣੇ ਅੰਦਰ ਬ੍ਰਹਮ ਨੂੰ ਇਕ ਰਸ ਜਾਣਿਆ ਹੈ, ਇਹ ਭੇਖ ਧਾਰਿਆ ਹੈ, ਜੋ ਹੰਗਤਾ ਮਮਤਾ ਨੂੰ ਦੂਰ ਕੀਤਾ (ਹੈ, ਇਹ) ਮੁੰਦਰਾਂ ਹਨ। ੨. ਜੋ ਕਾਮ ਕ੍ਰੋਧ ਹੰਕਾਰ ਦੂਰ ਕਰ ਕੇ ਗੁਰਾਂ ਦੇ ਉਪਦੇਸ਼ ਦੀ ਸਮਝ ਪਾਈ ਹੈ। ੩. ਇਹ ਖਿੰਥਾ ਹੈ, ਅਤੇ ਜੋ ਵਾਹਿਗੁਰੂ ਭਰਪੂਰ ਹੋ ਰਿਹਾ ਜਾਣਿਆ ਹੈ, ਇਹ ਝੋਲੀ ਹੈ, ਸਤਿਗੁਰੂ ਜੀ ਆਖਦੇ ਹਨ—ਜੋ ਇਹ ਨਿਸਚਾ ਕੀਤਾ ਹੈ ਕਿ ਇਕ ਹਰੀ ਤਾਰੇਗਾ (ਇਹ ਸਾਡਾ ਆਈ ਪੰਥ ਹੈ)। ੪. ਸਾਹਿਬ ਸਚਾ ਹੈ, ਤੇ ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ, ਪਰ ਗੁਰਾਂ ਦੀ ਬਾਤ ਖਰੀ=ਸਚੀ ਸਿਖਿਆ ਨੂੰ ਪਰਖੇ ਤਾਂ ਇਹ ਜੋਗ ਮਿਲਦਾ ਹੈ ॥੧੦॥

**੧. ਊਂਧਉ ਖਪਰੁ ਪੰਚ ਭੂ ਟੋਪੀ ॥ ੨. ਕਾਂਇਆ ਕੜਾਸਣੁ ਮਨੁ ਜਾਗੋਟੀ ॥ ੩. ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ੪. ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥**

ਅਰਥ—੧. ਜੋ ਊਂਧਉ=ਮੂਧੇ (ਹਿਰਦੇ ਨੂੰ ਸਿਧਾ ਕੀਤਾ ਹੈ, ਇਹ) ਖਪਰ ਹੈ, ਅਤੇ ਜੋ ਪੰਜਾਂ ਭੂ=ਤੱਤਾਂ ਦੀ ਰਹਿਤ ਧਾਰੀ ਹੈ, ਇਹ ਟੋਪੀ ਹੈ। ੨. ਜੋ ਕਾਇਆ ਦਾ ਕੜਨਾ ਹੈ, ਇਹ ਕੜਾਸਣ (ਜੋ ਛਾਤੀ ਤੇ

ਕਾਲਾ ਰੱਸਾ ਬੱਧਾ ਹੁੰਦਾ ਹੈ ਉਸ ਨੂੰ ਕੜਾਸਣ ਆਖਦੇ ਹਨ) ਹੈ, ਅਤੇ ਮਨ ਦਾ ਰੋਕਣਾ, ਜਾਗੋਟੀ=ਲੰਗੋਟ ਹੈ। ੩. ਜੋ ਸਤ ਸੰਤੋਖ ਆਦਿਕ ਸੰਜਮ ਹਨ ਇਹ ਨਾਲ ਰਹਿਣ ਵਾਲੇ ਚੇਲੇ ਹਨ। ੪. ਸਤਿਗੁਰੂ ਜੀ ਆਖਦੇ ਹਨ—ਜੋ ਗੁਰਾਂ ਦਵਾਰਾ ਨਾਮ ਸੰਭਾਲਦੇ (ਹਾਂ ਇਹ ਭਿਖਿਆ ਮੰਗਦੇ ਹਾਂ) ॥੧੧॥

**੧. ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥ ੨. ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥ ੩. ਕਵਨੁ ਸੁ ਆਵੈ ਕਵਨੁ ਸੁ ਜਾਇ ॥ ੪. ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥**

ਅਰਥ—੧. ਪ੍ਰਸ਼ਨ—ਉਹ ਕੌਣ ਹੈ, ਜੋ ਗੁਪਤ ਰਹਿੰਦਾ ਹੈ ? ਉਹ ਕੌਣ ਹੈ ਜੋ ਮੁਕਤ ਹੈ ? ੨. ਉਹ ਕੌਣ ਹੈ ਜੋ ਅੰਦਰ ਬਾਹਰ ਜੁੜਿਆ ਹੋਇਆ ਹੈ ? ੩. ਉਹ ਕੌਣ ਹੈ ਜੋ ਆਉਂਦਾ ਹੈ ? ਤੇ ਉਹ ਕੌਣ ਹੈ ਜੋ ਜਾਂਦਾ ਹੈ ? ੪. ਅਤੇ ਉਹ ਕੌਣ ਹੈ ਜਿਸ ਨੇ ਤਿੰਨਾਂ ਲੋਕਾਂ ਵਿਚ ਸਮਾਇ ਰਿਹਾ ਜਾਣਿਆ ਹੈ ? ॥੧੨॥

**੧. ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥ ੨. ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥ ੩. ਮਨਮੁਖਿ ਬਿਨਸੈ ਆਵੈ ਜਾਇ ॥ ੪. ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥**

ਅਰਥ—੧. ਉੱਤਰ—ਜੋ ਵਾਹਿਗੁਰੂ ਘਟਾਂ ਘਟਾਂ ਵਿਚ ਵਸਦਾ

ਹੈ ਉਹ ਗੁਪਤ ਹੈ, ਤੇ ਗੁਰਮੁਖ ਮੁਕਤ ਹੈ । ੨. ਉਹ ਸਬਦਿ=ਬ੍ਰਹਮ ਅੰਦਰ ਬਾਹਰ ਜੁੜਿਆ ਹੋਇਆ ਹੈ । ੩. ਮਨਮੁਖ ਮਰਨ (ਜੰਮਣ ਵਿਚ) ਆਉਂਦਾ ਜਾਂਦਾ ਹੈ । ੪. ਸਤਿਗੁਰੂ ਜੀ ਆਖਦੇ ਹਨ—ਗੁਰਮੁਖ ਨੇ ਸਚ ਸਰੂਪ ਨੂੰ ਤਿੰਨਾਂ ਲੋਕਾਂ ਵਿਚ ਸਮਾਇਆ ਜਾਣਿਆ ਹੈ ॥੧੩॥

**੧. ਕਿਉ ਕਰਿ ਬਾਧਾ ਸਰਪਨਿ ਖਾਧਾ ॥ ੨. ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥ ੩. ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ ੪. ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥**

ਅਰਥ—੧. ਪ੍ਰਸ਼ਨ—ਇਹ ਜੀਵ ਕਿਸ ਤਰ੍ਹਾਂ ਕਰ ਕੇ ਬੱਧਾ ਹੈ, ਇਸ ਨੂੰ ਮਾਇਆ ਰੂਪ ਸਪਣੀ ਨੇ ਕਿਸ ਕਰ ਕੇ ਖਾਧਾ ਹੈ ? ੨. ਇਸ ਨੇ ਜਨਮ ਕਿਸ ਤਰ੍ਹਾਂ ਗੁਆਇਆ ? ਤੇ ਕਿਸ ਤਰ੍ਹਾਂ ਲਾਧਾ=ਸਫਲ ਕੀਤਾ ਹੈ ? ੩. ਕਿਸ ਤਰ੍ਹਾਂ ਮਨ ਨਿਰਮਲ ਹੁੰਦਾ ਹੈ ? ਤੇ ਕਿਸ ਤਰ੍ਹਾਂ ਅੰਧੇਰਾ ਮਿਟਦਾ ਹੈ ? ੪. ਇਹਨਾਂ ਦਾ ਸਿਧਾਂਤ ਵਿਚਾਰੇਗਾ ਉਹ ਸਾਡਾ ਗੁਰੂ ਹੈ ॥੧੪॥

**੧. ਦੁਰਮਤਿ ਬਾਧਾ ਸਰਪਨਿ ਖਾਧਾ ॥ ੨. ਮਨਮੁਖਿ ਖੋਇਆ ਗੁਰਮੁਖਿ ਲਾਧਾ ॥ ੩. ਸਤਿਗੁਰੁ ਮਿਲੈ ਅੰਧੇਰਾ ਜਾਇ ॥ ੪. ਨਾਨਕ ਹਉਮੈ ਮੇਟਿ ਸਮਾਇ ॥੧੫॥**

ਅਰਥ—੧. ਉੱਤਰ—ਖੋਟੀ ਬੁਧੀ ਕਰ ਕੇ ਬੱਧਾ ਹੈ ਅਤੇ ਇਸ ਕਰ ਕੇ ਇਸ ਨੂੰ ਸੱਪਣੀ ਨੇ ਖਾਧਾ ਹੈ। ੨. ਮਨਮੁਖ ਨੇ ਆਪਣਾ ਜਨਮ ਗਵਾਇਆ ਤੇ ਗੁਰਮੁਖ ਨੇ ਜਨਮ ਸਫਲ ਕੀਤਾ ਹੈ। ੩. ਸਤਿਗੁਰੂ ਨੂੰ ਮਿਲੇ ਤਾਂ ਅਗਿਆਨ ਰੂਪ ਅੰਨੇਰਾ ਜਾਂਦਾ ਹੈ। ੪. ਸਤਿਗੁਰੂ ਜੀ ਆਖਦੇ ਹਨ—ਹਉਮੈ ਮੇਟੇ ਤਾਂ ਨਿਰਮਲ ਹੋ ਕੇ ਵਿਚ ਸਮਾਉਂਦਾ ਹੈ ॥੧੫॥

**੧. ਸੁੰਨ ਨਿਰੰਤਰਿ ਦੀਜੈ ਬੰਧੁ ॥ ੨. ਉਡੈ ਨ ਹੰਸਾ ਪੜੈ ਨ ਕੰਧੁ ॥ ੩. ਸਹਜ ਗੁਫਾ ਘਰੁ ਜਾਣੈ ਸਾਚਾ ॥ ੪. ਨਾਨਕ ਸਾਚੇ ਭਾਵੈ ਸਾਚਾ ॥੧੬॥**

ਅਰਥ—੧. ਸੁੰਨ=ਅਫੁਰ (ਅੰਦਰ ਮਨ ਨੂੰ) ਇਕ ਰਸ ਬੰਨ੍ਹ ਦੇਈਏ। ੨. ਤਾਂ ਫਿਰ ਹੰਸਾ=ਜੀਵ ਨਹੀਂ ਉਡਦਾ ਤੇ ਨਾ ਹੀ ਕੰਧ=ਸਰੀਰਾਂ ਵਿਚ ਮੁੜ ਕੇ ਪੈਂਦਾ ਹੈ। ੩. ਸਹਿਜੇ ਹੀ ਸਰੀਰ ਰੂਪ ਗੁਫਾ ਵਿਚ ਘਰ=ਸਰੂਪ ਨੂੰ ਜਾਣੋ। ੪. ਸਤਿਗੁਰੂ ਜੀ ਆਖਦੇ ਹਨ ਕਿ ਤਦ ਸਚਾ ਹੋ ਕੇ ਸਚੇ ਨੂੰ ਭਾਵੇਗਾ ॥੧੬॥

**੧. ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ ੨. ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ ੩. ਕਿਸੁ ਵਖਰ ਕੇ ਤੁਮ ਵਣਜਾਰੇ ॥ ੪. ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥**

ਅਰਥ—੧. ਪ੍ਰਸ਼ਨ—ਕਿਸ ਵਾਸਤੇ ਘਰ ਨੂੰ ਛਡ ਕੇ ਉਦਾਸੀ ਹੋਏ

ਹੋ ? ੨. ਕਿਸ ਵਾਸਤੇ ਇਸ ਭੇਖ ਵਿਚ ਵਾਸਾ ਕੀਤਾ ਹੈ ? ੩. ਕਿਸ ਸੌਦੇ ਦੇ ਤੁਸੀਂ ਵਣਜਾਰੇ ਹੋ ? ੪. ਕਿਸ ਤਰ੍ਹਾਂ ਆਪਣੇ ਸਾਥ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾਵੋਗੇ ॥੧੭॥

**੧. ਗੁਰਮੁਖਿ ਖੋਜਤ ਭਏ ਉਦਾਸੀ ॥ ੨. ਦਰਸਨ ਕੈ ਤਾਈ ਭੇਖ ਨਿਵਾਸੀ ॥ ੩. ਸਾਚ ਵਖਰ ਕੇ ਹਮ ਵਣਜਾਰੇ ॥ ੪. ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥**

ਅਰਥ—੧. ਉੱਤਰ—ਗੁਰਮੁਖ ਨੂੰ ਖੋਜਣ ਲਈ ਉਦਾਸੀ ਹੋਏ ਹਾਂ। ੨. ਸੰਤਾਂ ਦੇ ਦਰਸ਼ਨ ਕਰਨ ਵਾਸਤੇ ਇਸ ਭੇਖ ਵਿਚ ਵਾਸਾ ਕੀਤਾ ਹੈ। ੩. ਅਸੀਂ ਸਚੇ ਨਾਮ ਰੂਪੀ ਸੌਦੇ ਦੇ ਵਣਜਾਰੇ ਹਾਂ। ੪. ਸਤਿਗੁਰੂ ਜੀ ਆਖਦੇ ਹਨ—ਗੁਰਾਂ ਦਵਾਰਾ ਸਾਥ ਨੂੰ ਪਾਰ ਉਤਾਰਾਂਗੇ ॥੧੮॥

**੧. ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥ ੨. ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥ ੩. ਕਿਤੁ ਬਿਧਿ ਆਸਾ ਮਨਸਾ ਖਾਈ ॥ ੪. ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥ ੫. ਬਿਨੁ ਦੰਤਾ ਕਿਉ ਖਾਈਐ ਸਾਰੁ ॥ ੬. ਨਾਨਕ ਸਾਚਾ ਕਰਹੁ ਬੀਚਾਰੁ ॥੧੯॥**

ਅਰਥ—੧. ਪ੍ਰਸ਼ਨ—ਹੇ ਪੁਰਖਾ! ਕਿਸ ਤਰ੍ਹਾਂ ਜੀਵ ਨੂੰ ਜਨਮ ਮਰਨ ਵਲੋਂ ਵਟਾਇਆ ਹੈ ? ੨. ਤੁਸਾਂ ਇਸ ਮਨ ਨੂੰ ਕਿਸ ਵਸਤੂ ਵਿਚ

ਲਾਇਆ ਹੈ ? ੩. ਕਿਸ ਤਰ੍ਹਾਂ ਮਨਸਾ ਬੁਧੀ ਵਿਚੋਂ ਆਸਾ ਨਾਸ ਕੀਤੀ ਹੈ ? ੪. ਕਿਸ ਤਰ੍ਹਾਂ ਇਕ ਰਸ ਵਾਹਿਗੁਰੂ ਦੀ ਜੋਤ ਪਾਈਦੀ ਹੈ ? ੫. ਦੰਦਾਂ ਤੋਂ ਬਿਨਾਂ ਸਾਰ=ਲੋਹਾ ਕਿਸ ਤਰ੍ਹਾਂ ਖਾਈਦਾ ਹੈ ? ੬. ਹੇ ਗੁਰੂ ਨਾਨਕ ! ਵਿਚਾਰ ਕੇ ਇਹਨਾਂ ਦਾ ਸੱਚਾ ਉੱਤਰ ਉਚਾਰਨ ਕਰੋ ॥੧੯॥

**੧. ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ੨. ਅਨਹਤਿ ਰਾਤੇ ਇਹੁ ਮਨੁ ਲਾਇਆ ॥ ੩. ਮਨਸਾ ਆਸਾ ਸਬਦਿ ਜਲਾਈ ॥ ੪. ਗੁਰਮੁਖਿ ਜੋਤਿ ਨਿਰੰਤਰਿ ਪਾਈ ॥ ੫. ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ੬. ਨਾਨਕ ਤਾਰੇ ਤਾਰਣਹਾਰੁ ॥੨੦॥**

ਅਰਥ—੧. ਉੱਤਰ—ਸਤਿਗੁਰਾਂ ਦੇ (ਉਪਦੇਸ਼ ਕਰਕੇ) ਜਨਮ ਗਵਨ=ਮਰਨ ਮਿਟਾਇਆ ਹੈ । ੨. ਨਾਸ ਤੋਂ ਰਹਿਤ ਵਾਹਿਗੁਰੂ ਦੇ ਪ੍ਰੇਮ ਵਿਚ ਇਹ ਮਨ ਲਾਇਆ ਹੈ । ੩. ਗੁਰਾਂ ਦੇ ਉਪਦੇਸ਼ ਕਰ ਕੇ ਬੁਧੀ ਵਿਚੋਂ ਆਸਾ ਸਾੜੀ ਹੈ । ੪. ਗੁਰਾਂ ਦਵਾਰੇ ਨਿਰੰਤਰ ਵਾਹਿਗੁਰੂ ਦੀ ਜੋਤ ਪਾਈ ਹੈ । ੫. ਤਿੰਨੇ ਗੁਣ ਮੇਟੀਏ ਤਾਂ ਲੋਹਾ ਖਾਈਦਾ ਹੈ । ੬. ਸਤਿਗੁਰੂ ਜੀ ਆਖਦੇ ਹਨ—ਤਾਰਨ ਵਾਲਾ ਵਾਹਿਗੁਰੂ ਇਸ ਤਰ੍ਹਾਂ ਤਾਰਦਾ ਹੈ ॥੨੦॥

**੧. ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥ ੨. ਗਿਆਨ ਕੀ**

**ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥ ੩. ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ ॥ ੪. ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥ ੫. ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥ ੬. ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥੨੧॥**

ਅਰਥ—੧. ਪ੍ਰਸ਼ਨ—ਆਦਿ ਪੁਰਖ ਵਾਹਿਗੁਰੂ ਦਾ ਕੀ ਵਿਚਾਰ ਕਥਨ ਕੀਤਾ ਜਾਂਦਾ ਹੈ ? ਅਤੇ ਉਹ ਅਫੁਰ ਕਿਸ ਘਰ ਵਿਚ ਵਸਦਾ ਹੈ ? ੨. ਗਿਆਨ ਦੀ ਕਿਹੜੀ ਮੁੰਦ੍ਰਾ=ਨਿਸ਼ਾਨੀ ਕਹੀਦੀ ਹੈ ? ਅਤੇ ਘਟਾਂ ਘਟਾਂ ਵਿਚ ਕਿਸ ਦਾ ਵਾਸਾ ਹੈ ? ੩. ਕਾਲ ਦਾ ਠੀਗਾ=ਡੰਡਾ ਕਿਸ ਤਰ੍ਹਾਂ ਸਾੜੀਦਾ ਹੈ ? ਅਤੇ ਕਿਸ ਤਰ੍ਹਾਂ ਨਿਰਭਉ (ਘਰ ਵਿਚ) ਜਾਈਦਾ ਹੈ ? ੪. ਸਹਜ=ਗਿਆਨ ਤੇ ਸੰਤੋਖ ਆਦਿਕ ਗੁਣਾਂ ਦਾ ਆਸਣ=ਅਸਥਾਨ (ਕਿਸ ਤਰ੍ਹਾਂ) ਜਾਣੀਦਾ ਹੈ ? (ਅਤੇ ਕਾਮਾਦਿਕ) ਵੈਰੀਆਂ ਨੂੰ ਕਿਸ ਤਰ੍ਹਾਂ ਮਾਰੀਦਾ ਹੈ ? ੫. ਇਹਨਾਂ ਦੋ ਤੁਕਾਂ ਵਿਚ ਉਪਦੇਸ਼ ਦੇਂਦੇ ਹਨ ਗੁਰਾਂ ਦੇ ਉਪਦੇਸ਼ ਕਰ ਕੇ ਹਉਮੈ ਰੂਪ ਜ਼ਹਿਰ ਨੂੰ ਮਾਰੇ ਤਾਂ ਆਪਣੇ ਸ੍ਰੂਪ ਵਿਚ ਵਾਸਾ ਹੋਵੇਗਾ। ੬. ਜਿਸ ਨੇ ਰਚਨਾ ਨੂੰ ਰਚਿਆ ਹੈ ਜੋ ਤਿਸ ਬ੍ਰਹਮ ਨੂੰ ਪਛਾਣਦਾ ਹੈ ਸਤਿਗੁਰੂ ਜੀ ਆਖਦੇ ਹਨ—ਮੈਂ ਤਿਸ ਦਾ ਦਾਸ ਹਾਂ ॥੨੧॥

(ਇੰਨੇ ਨੂੰ ਦੂਜੇ ਸਿਧ ਨੇ ਪ੍ਰਸ਼ਨ ਕੀਤੇ ਤੇ ਆਖਿਆ ਪਹਿਲੇ ਮੈਨੂੰ ਉੱਤਰ ਦੇਵੋ, ਇਸ ਲਈ ਇਸ ਦੇ ਉੱਤਰ ੨੩ਵੀਂ ਪੌੜੀ ਵਿਚ ਹਨ)।

**੧. ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥ ੨. ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ ॥ ੩. ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ ॥ ੪. ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ ॥ ੫. ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥ ੬. ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੨॥**

ਅਰਥ—੧. ਹੋਰ ਪ੍ਰਸ਼ਨ—ਜੀਵ ਕਿਥੋਂ ਆਉਂਦਾ ਹੈ ? ਅਤੇ ਫਿਰ ਇਹ ਕਿਥੇ ਜਾਂਦਾ ਹੈ ? ਤੇ ਇਹ ਜਾ ਕੇ ਫਿਰ ਕਿਥੇ ਸਮਾਇ ਰਹਿੰਦਾ ਹੈ ? ੨. ਇਸ ਸ਼ਬਦ ਦਾ ਜਿਸ ਨੂੰ ਅਰਥ ਆਵੇਗਾ ਤਿਸ ਨੂੰ ਮੈਂ ਗੁਰੂ ਵਾਂਗੂੰ ਜਾਣਾਂਗਾ ਕਿਉਂਕਿ ਉਸ ਨੂੰ ਤਿਲ ਜਿੰਨਾ ਭੀ ਤਮਾਂ ਨਹੀਂ ਹੈ। ੩. ਜੀਵ ਤਤ ਸ੍ਵਰੂਪ ਵਾਹਿਗੁਰੂ ਨੂੰ ਕਿਸ ਤਰ੍ਹਾਂ ਪਾਵੇਗਾ ? ਅਤੇ ਅਵਿਗਤ (ਵਾਹਿਗੁਰੂ ਨਾਲ) ਗੁਰਮੁਖਾਂ ਦਾ ਕਿਸ ਤਰ੍ਹਾਂ ਪਿਆਰ ਲਗਾ ਹੈ। ੪. ਹੇ ਗੁਰੂ ਨਾਨਕ ! ਇਨ੍ਹਾਂ ਦਾ ਵਿਚਾਰ ਕਹੁ (ਉੱਤਰ ਪੰਜਵੇਂ ਪ੍ਰਸ਼ਨ ਦਾ ਉੱਤਰ—ਗੁਰਮੁਖ ਜਾਣਦਾ ਹੈ ਕਿ ਵਾਹਿਗੁਰੂ) ਆਪੇ ਹੀ ਸੁਰਤਾ=ਜਾਣਨ

ਵਾਲਾ ਤੇ ਆਪੇ ਹੀ ਕਰਨ ਵਾਲਾ ਹੈ । ਇਸ ਤਰ੍ਹਾਂ ਪਿਆਰ ਲੱਗਾ ਹੈ। ੫. ਜੀਵ ਹੁਕਮ ਕਰਨ ਵਾਲੇ ਵਿਚੋਂ ਆਉਂਦਾ ਹੈ ਤੇ ਫਿਰ ਹੁਕਮ ਕਰਨ ਵਾਲੇ ਵਾਹਿਗੁਰੂ ਵਿਚ ਹੀ ਜਾਂਦਾ (ਅਤੇ ਜਾ ਕੇ ਉਸੇ) ਹੁਕਮ ਕਰਨ ਵਾਲੇ ਵਿਚ ਸਮਾਈ ਕਰ ਰਹਿੰਦਾ ਹੈ । ੬. ਪੂਰੇ ਗੁਰਾਂ ਤੋਂ ਸਚ ਨਾਮ ਦਾ ਉਪਦੇਸ਼ ਲੈ ਕੇ ਕਮਾਵੇ ਤਾਂ ਇਸ ਤਰ੍ਹਾਂ ਦੀ ਮਿਤਿ=ਮਰਯਾਦਾ ਕਰ ਕੇ ਬ੍ਰਹਮ ਦੀ ਪ੍ਰਾਪਤੀ ਪਾਈਦੀ ਹੈ ॥੨੨॥

**੧. ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥ ੨. ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥ ੩. ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥ ੪. ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥ ੫. ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥ ੬. ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥**

ਅਰਥ—੧. ਇੱਕਵੀਂ ਪੌੜੀ ਦੇ ਉੱਤਰ ਆਦਿ (ਪੁਰਖ) ਦਾ ਵਿਚਾਰ ਅਸਚਰਜ ਕਹੀਦਾ ਹੈ (ਉਸ) ਅਫੁਰ ਨੇ ਇਕ ਰਸ ਸਭਨਾਂ ਵਿਚ ਵਾਸਾ ਲਿਆ ਹੋਇਆ ਹੈ । ੨. ਕਲਪਨਾ ਤੋਂ ਰਹਿਤ ਹੋ ਜਾਣਾ ਹੀ ਗੁਰਾਂ ਦੇ

ਗਿਆਨ ਦੀ ਨਿਸ਼ਾਨੀ ਕਹੀਦੀ ਹੈ, ਸਾਰੇ ਜੀਵਾਂ ਦੇ ਘਟ ਘਟ ਵਿਚ ਸਚਾ ਵਾਹਿਗੁਰੂ ਵਸਦਾ ਹੈ। ੩. ਗੁਰਾਂ ਦੇ ਬਚਨਾਂ ਨੂੰ ਮੰਨ ਕੇ ਵਾਹਿਗੁਰੂ ਵਿਚ ਸਮਾਈਏ ਤਾਂ ਕਾਲ ਦਾ ਡੰਡਾ ਸਾੜੀਦਾ ਹੈ, ਤਤ ਸ੍ਰੂਪ ਨਿਰੰਜਨ ਦੇ ਸਹਜ=ਗਿਆਨ ਨੂੰ ਲਖੀਏ ਤਾਂ ਨਿਰਭਉ ਘਰ ਵਿਚ ਜਾਈਦਾ ਹੈ। ੪. ਸਤਿਗੁਰੂ ਜੀ ਆਖਦੇ ਹਨ—ਭਗਤੀ ਤੋਂ ਬਿਨਾਂ ਦੂਜੀ ਕਾਰ ਨਾ ਕਰੀਏ ਤਾਂ ਸੰਤੋਖ ਆਦਿਕਾਂ ਦਾ ਸਥਾਨ ਜਾਣੀਦਾ ਹੈ, ਅਤੇ ਜੋ ਸਿਖ ਹੋ ਕੇ ਗੁਰਾਂ ਦੀ ਸੇਵਾ ਕਰੇਗਾ ਉਹ ਕਾਮਾਦਿਕ ਵੈਰੀਆਂ ਨੂੰ ਮਾਰਨ ਦਾ ਖੋਜ=ਰਸਤਾ ਲਏਗਾ । ੫. ਅਗੇ ਸਾਧਾਰਨ ਉਪਦੇਸ਼ ਹੈ—ਜੋ ਅਸਚਰਜ ਹੁਕਮੀ ਦੇ ਹੁਕਮ ਨੂੰ ਪਛਾਣੇਗਾ ਉਹੀ ਜੀਵ ਸਚ ਵਿਚ ਜੁੜਨ ਦੀ ਜੁਗਤੀ ਜਾਣੇਗਾ। ੬. ਜੋ ਆਪਾ ਭਾਵ ਮੇਟ ਕੇ ਹਿਰਦੇ ਅੰਦਰ ਸਚ ਨਾਮ ਨੂੰ ਧਾਰ ਕੇ ਨਿਰਾਲਮ=ਅਸੰਗ ਹੋਇਆ ਹੈ ਓਹੀ ਜੋਗੀ ਕਹੀਦਾ ਹੈ ॥੨੩॥

**੧. ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥ ੨. ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥ ੩. ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥ ੪. ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥ ੫. ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥**

**੬. ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥**

ਅਰਥ—੧. ਗਤੀ ਤੋਂ ਰਹਿਤ ਨਿਰਮਲ ਨਿਰਗੁਨ ਤੋਂ ਪੈਦਾ ਹੋ ਕੇ ਸਰਗੁਨ ਸੰਸਾਰ ਹੋਇਆ ਹੈ। ੨. ਸਤਿਗੁਰਾਂ ਦੇ ਪਰਚੈ=ਪ੍ਰੇਮ ਕਰ ਕੇ ਪਰਮਪਦ ਪਾਈਦਾ ਹੈ ਅਤੇ ਸਚੇ (ਨਾਮ ਜਪਣ ਵਾਲੇ ਨੂੰ) ਬ੍ਰਹਮ ਨੇ ਆਪਣੇ ਵਿਚ ਸਮਾਇ ਲਿਆ ਹੈ। ੩. ਇਕ ਵਾਹਿਗੁਰੂ ਨੂੰ ਉਹ ਇਕ ਸਚ=ਨਿਸਚਾ ਕਰ ਕੇ ਜਾਣਦਾ ਹੈ ਜਿਸ ਨੇ ਹਿਰਦੇ ਵਿਚੋਂ ਹਉਮੈ ਤੇ ਦ੍ਵੈਤ ਭਾਵ ਨੂੰ ਦੂਰ ਕੀਤਾ ਹੈ। ੪. ਉਹ ਜੋਗੀ ਹੈ, ਜੋ ਗੁਰਾਂ ਦੇ ਉਪਦੇਸ਼ ਨੂੰ ਪਛਾਣਦਾ ਤੇ ਜਿਸ ਦੇ ਅੰਤਹਕਰਣ ਰੂਪ ਕਮਲ ਵਿਚ ਗਿਆਨ ਦਾ ਪ੍ਰਕਾਸ਼ ਹੋਇਆ ਹੈ। ੫. ਹਿਰਦੇ ਅੰਦਰ ਸਾਰਿਆਂ ਉਤੇ ਦਇਆ ਕਰਨੀ ਜਾਣੇ ਅਤੇ ਜੀਵਤ੍ਵ ਭਾਵ ਤੋਂ ਮਰੇ ਤਾਂ ਉਸ ਨੂੰ ਸਭ ਕੁਝ ਬ੍ਰਹਮ ਰੂਪ ਹੀ ਸੁਝੇਗਾ। ੬. ਸਤਿਗੁਰੂ ਜੀ ਆਖਦੇ ਹਨ—ਇਹ ਵਡਿਆਈ ਤਿਸ ਨੂੰ ਮਿਲੇਗੀ ਜੋ ਸਾਰੇ ਜੀਵਾਂ ਨੂੰ ਆਪਣੇ ਵਰਗਾ ਹੀ ਪਛਾਣੇਗਾ ॥੨੪॥

**੧. ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥ ੨. ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥ ੩. ਆਵਾ ਗਉਣੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥ ੪. ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥ ੫. ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ**

**ਸੁ ਮੁਕਤੁ ਭਇਆ ॥ ੬. ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥੨੫॥**

ਅਰਥ—੧. ਜਗਤ ਸਚੇ ਤੋਂ ਹੀ ਪੈਦਾ ਹੋਇਆ ਤੇ ਸਚ ਦੇ ਹੁਕਮ ਵਿਚ ਹੀ ਸਮਾਵੇਗਾ ਅਤੇ ਜੋ ਸਚੇ ਨਾਮ ਨੂੰ ਜਪ ਕੇ ਸੁੱਚੇ ਹੋਏ ਹਨ, ਉਹ ਇਕ ਵਾਹਿਗੁਰੂ ਨਾਲ ਮਿਲ ਕੇ ਉਸੇ ਦਾ ਮਾਇਆ=ਰੂਪ ਹੋਏ ਹਨ । ੨. ਝੂਠੇ ਪੁਰਸ਼ ਆਉਂਦੇ ਜਾਂਦੇ ਹਨ ਤੇ ਠਹਿਰਨਾ ਨਹੀਂ ਪਾਂਦੇ, ਦਵੈਤ ਭਾਵ ਕਰਕੇ ਉਹਨਾਂ ਦਾ ਆਉਣਾ ਜਾਣਾ ਬਣਿਆ ਹੋਇਆ ਹੈ । ੩. ਗੁਰਾਂ ਦੇ ਉਪਦੇਸ਼ ਲੈਣ ਵਾਲਿਆਂ ਦਾ ਆਉਣਾ ਜਾਣਾ ਮਿਟਦਾ ਹੈ ਕਿਉਂਕਿ ਉਹਨਾਂ ਨੂੰ ਵਾਹਿਗੁਰੂ ਨੇ ਆਪੇ ਹੀ ਪਰਖ ਕੇ ਬਖ਼ਸ਼ ਲਿਆ ਹੈ । ੪. ਉਹਨਾਂ ਨੂੰ ਦਵੈਤ ਭਾਵ ਦੀ ਇਕ ਬੇਦਨ=ਪੀੜਾ ਲਾਈ ਹੋਈ ਹੈ, ਜਿਨ੍ਹਾਂ ਰਸਾਇਣ ਅੰਮ੍ਰਿਤ ਰੂਪ ਨਾਮ ਵਿਸਰਿਆ ਹੈ । ੫. ਉਹ ਸਮਝਦਾ ਹੈ, ਜਿਸ ਨੂੰ ਆਪ ਸਮਝਾਉਂਦਾ ਹੈ, ਅਤੇ ਉਹ ਗੁਰਾਂ ਦੇ ਉਪਦੇਸ਼ ਦੁਆਰਾ ਮੁਕਤ ਹੋਇਆ ਹੈ । ੬. ਸਤਿਗੁਰੂ ਜੀ ਆਖਦੇ ਹਨ—ਜਿਸ ਨੇ ਹਉਮੈ ਤੇ ਦਵੈਤ ਭਾਵ ਨੂੰ ਤਿਆਗਿਆ ਹੈ ਉਸ ਨੂੰ ਤਾਰਣ ਵਾਲਾ ਵਾਹਿਗੁਰੂ ਤਾਰਦਾ ਹੈ ॥੨੫॥

**੧. ਮਨਮੁਖਿ ਭੂਲੈ ਜਮ ਕੀ ਕਾਣਿ ॥ ੨. ਪਰ ਘਰੁ ਜੋਹੈ ਹਾਣੇ ਹਾਣਿ ॥ ੩. ਮਨਮੁਖਿ ਭਰਮਿ ਭਵੈ ਬੇਬਾਣਿ ॥ ੪. ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥ ੫. ਸਬਦੁ ਨ ਚੀਨੈ ਲਵੈ ਕੁਬਾਣਿ ॥ ੬. ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥**

ਅਰਥ—੧. ਵਾਹਿਗੁਰੂ ਦੇ ਨਾਮ ਤੋਂ ਭੁਲੇ ਹੋਏ ਮਨਮੁਖਾਂ ਨੂੰ ਜਮ ਦੀ ਕਾਣਿ=ਕਨੌਡ ਹੈ। ੨. ਜੋ ਦੇਵੀ ਦੇਵਤਿਆਂ ਰੂਪ ਪਰਾਏ ਘਰਾਂ ਨੂੰ ਦੇਖਦਾ ਹੈ ਉਸ ਨੂੰ ਘਾਟਾ ਹੀ ਘਾਟਾ ਹੈ। ੩. ਮਨਮੁਖ ਭਰਮ ਕਰ ਕੇ ਸੰਸਾਰ ਰੂਪ ਬੇਬਾਣਿ=ਉਜਾੜ ਵਿਚ ਭੌਂਦੇ ਹਨ। ੪. ਕਿਉਂਕਿ ਉਹ ਮਸਾਣਾਂ ਵਿਚ ਬੈਠ ਕੇ ਮੰਤਰ ਸਾਧਨ ਰੂਪ ਵੇ+ਮਾਰਗਿ= ਖੋਟੇ ਰਸਤਿਆਂ ਵਿਚ ਠਗੇ ਗਏ ਹਨ। ੫. ਬ੍ਰਹਮ ਨੂੰ ਨਹੀਂ ਜਾਣਦੇ ਤੇ ਕੁ+ਬਾਣਿ ਖੋਟੀ ਬਾਣੀ ਲਵੈ=ਬੋਲਦੇ ਹਨ। ੬. ਸਤਿਗੁਰੂ ਜੀ ਆਖਦੇ ਹਨ—ਜੋ ਸਚ ਨਾਮ ਵਿਚ ਰਤੇ ਹੋਏ ਹਨ, ਉਹ ਆਤਮ ਸੁਖ ਨੂੰ ਜਾਣਦੇ ਹਨ ॥੨੬॥

**੧. ਗੁਰਮੁਖਿ ਸਾਚੇ ਕਾ ਭਉ ਪਾਵੈ ॥ ੨. ਗੁਰਮੁਖਿ ਬਾਣੀ ਅਘੜੁ ਘੜਾਵੈ ॥ ੩. ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ੪. ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥ ੫. ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ੬. ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥**

ਅਰਥ—੧. ਗੁਰਮੁਖ ਮਨ ਨੂੰ ਸਚੇ ਵਾਹਿਗੁਰੂ ਦਾ ਡਰ ਪਾਉਂਦੇ ਹਨ। ੨. ਗੁਰਮੁਖ ਅਘੜ=ਨਿਕੰਮੀ ਬਾਣੀ ਘੜਾਉਂਦੇ ਹਨ ਭਾਵ ਮਿੱਠੀ ਬਾਣੀ ਬੋਲਦੇ ਹਨ। ੩. ਗੁਰਮੁਖ ਨਿਰਮਲ ਹਰੀ ਦੇ ਗੁਣ ਗਾਉਂਦੇ ਹਨ। ੪. ਇਸ ਲਈ ਗੁਰਮੁਖ ਪਵਿਤਰ ਪਰਮ ਪਦਵੀ ਪਾਉਂਦੇ ਹਨ। ੫. ਕਿਉਂਕਿ ਗੁਰਮੁਖ ਰੋਮ ਰੋਮ ਵਿਚ ਵਿਆਪਕ ਜਾਣ ਕੇ ਹਰੀ ਨੂੰ ਧਿਆਉਂਦੇ ਹਨ। ੬. ਸਤਿਗੁਰੂ ਜੀ ਆਖਦੇ ਹਨ—ਇਸੇ ਕਰ ਕੇ ਗੁਰਮੁਖ ਸਚ ਸਰੂਪ ਵਿਚ ਸਮਾਉਂਦੇ ਹਨ ॥੨੭॥

੧. ਗੁਰਮੁਖਿ ਪਰਚੈ ਬੇਦ ਬੀਚਾਰੀ ॥ ੨. ਗੁਰਮੁਖਿ ਪਰਚੈ ਤਰੀਐ ਤਾਰੀ ॥ ੩. ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ੪. ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥ ੫. ਗੁਰਮੁਖਿ ਪਾਈਐ ਅਲਖ ਅਪਾਰੁ ॥ ੬. ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥

ਅਰਥ—੧. ਗੁਰਮੁਖ ਬੇਦ=ਗਿਆਨ ਦੀ ਵਿਚਾਰ ਵਿਚ ਪਰਚੇ ਹੋਏ ਹਨ । ੨. ਗੁਰਮੁਖ ਉਸ ਕੰਮ ਵਿਚ ਪਰਚੇ ਹੋਏ ਹਨ, ਜਿਸ ਕਰ ਕੇ ਮਾਇਆ ਰੂਪ, ਤਾਰੀ=ਨਦੀ ਤੋਂ ਤਰੀਦਾ ਹੈ । ੩. ਗੁਰਮੁਖ ਉਸ ਸਬਦਿ= ਬ੍ਰਹਮ ਦੇ ਗਿਆਨ ਵਿਚ ਪਰਚੇ ਹੋਏ ਹਨ । ੪. ਗੁਰਮੁਖ ਅੰਤਰ ਮੁਕਤਾ ਦੀ ਬਿਧੀ ਵਿਚ ਪਰਚੇ ਹੋਏ ਜਾਣੀਦੇ ਹਨ । ੫. ਗੁਰਮੁਖਾਂ ਨੇ ਅਲਖ ਅਪਾਰ (ਵਾਹਿਗੁਰੂ ਨੂੰ) ਪਾਇਆ ਹੈ । ੬. ਸਤਿਗੁਰੂ ਜੀ ਆਖਦੇ ਹਨ— ਇਸ ਲਈ ਗੁਰਮੁਖਾਂ ਦਾ ਮਿਲਾਪ ਹੀ ਮੁਕਤੀ ਦਾ ਦਰਵਾਜ਼ਾ ਹੈ ॥੨੮॥

੧. ਗੁਰਮੁਖਿ ਅਕਥੁ ਕਥੈ ਬੀਚਾਰਿ ॥ ੨. ਗੁਰਮੁਖਿ ਨਿਬਹੈ ਸਪਰਵਾਰਿ ॥ ੩. ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ੪. ਗੁਰਮੁਖਿ ਪਾਈਐ ਸਬਦਿ ਅਚਾਰਿ ॥ ੫. ਸਬਦਿ ਭੇਦਿ ਜਾਣੈ ਜਾਣਾਈ ॥ ੬. ਨਾਨਕ ਹਉਮੈ ਜਾਲਿ ਸਮਾਈ ॥੨੯॥

ਅਰਥ—੧. ਗੁਰਮੁਖ ਅਕਥ ਵਾਹਿਗੁਰੂ ਦੀ ਕਥਾ ਦਾ ਵਿਚਾਰ ਕਰਦੇ ਹਨ। ੨. ਗੁਰਮੁਖ ਪਰਵਾਰ ਸਮੇਤ ਨਿਬਹੈ=ਤਾਰਦੇ ਹਨ। ੩. ਗੁਰਮੁਖਾਂ ਨੇ ਪ੍ਰਿਆਰ ਨਾਲ ਹਿਰਦੇ ਅੰਦਰ ਵਾਹਿਗੁਰੂ ਨੂੰ ਜਪਿਆ ਹੈ। ੪. ਗੁਰਮੁਖਾਂ ਨੇ ਬ੍ਰਹਮ (ਪ੍ਰਾਪਤੀ ਦਾ) ਕਰਤਬ ਪਾਇਆ ਹੈ। ੫. ਗੁਰਮੁਖ ਆਪ ਬ੍ਰਹਮ ਦੇ ਭੇਦ ਜਾਣਦੇ ਤੇ ਦੂਜਿਆਂ ਨੂੰ ਜਣਾਉਂਦੇ ਹਨ। ੬. ਸਤਿਗੁਰੂ ਜੀ ਆਖਦੇ ਹਨ—ਕਿਉਂਕਿ ਉਹਨਾਂ ਦੇ ਹਿਰਦੇ ਅੰਦਰੋਂ ਹਉਮੈ ਰੂਪ, ਜਾਲਿ=ਲਾਟ ਨਾਸ ਹੋਈ ਹੈ ॥੨੯॥

**੧. ਗੁਰਮੁਖਿ ਧਰਤੀ ਸਾਚੈ ਸਾਜੀ ॥ ੨. ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥ ੩. ਗੁਰ ਕੈ ਸਬਦਿ ਰਪੈ ਰੰਗੁ ਲਾਇ ॥ ੪. ਸਾਚਿ ਰਤਉ ਪਤਿ ਸਿਉ ਘਰਿ ਜਾਇ ॥ ੫. ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥ ੬. ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥੩੦॥**

ਅਰਥ—੧. ਗੁਰਮੁਖ ਜਾਣਦੇ ਹਨ ਕਿ ਸਚੇ ਵਾਹਿਗੁਰੂ ਨੇ ਧਰਤੀ ਬਣਾਈ ਹੈ। ੨. ਉਸ ਧਰਤੀ ਵਿਚ ਓਪਤਿ ਖਪਤ=ਜੰਮਣ ਮਰਨ ਰੂਪ ਉਸ ਦੀ ਬਾਜੀ=ਖੇਡ ਬਣੀ ਹੋਈ ਹੈ। ੩. ਗੁਰਾਂ ਦੇ ਉਪਦੇਸ਼ ਵਿਚ ਰੰਗੇ ਜਾਣ ਦਾ ਗੁਰਮੁਖ ਹੋਰਨਾਂ ਨੂੰ ਪ੍ਰੇਮ ਲਾਉਂਦੇ ਹਨ। ੪. ਜੋ ਗੁਰਾਂ ਦੇ ਸੱਚੇ ਉਪਦੇਸ਼ ਵਿਚ ਰੰਗਿਆ ਹੈ, ਉਹ ਇੱਜ਼ਤ ਨਾਲ ਸ੍ਵਰੂਪ ਵਿਚ ਜਾਂਦਾ ਹੈ। ੫. ਗੁਰਾਂ ਦੇ ਸਚੇ ਉਪਦੇਸ਼ ਲਏ ਤੋਂ ਬਿਨਾਂ ਜੀਵ ਇੱਜ਼ਤ ਨਹੀਂ ਪਾਵੇਗਾ। ੬. ਸਤਿਗੁਰੂ ਜੀ ਆਖਦੇ ਹਨ—ਜੀਵ ਨਾਮ ਜਪੇ ਤੋਂ ਬਿਨਾਂ ਕਿਸ ਤਰ੍ਹਾਂ ਸਚ ਸਰੂਪ ਵਾਹਿਗੁਰੂ ਵਿਚ ਸਮਾਵੇਗਾ? ਭਾਵ ਕਦੇ ਨਹੀਂ

ਸਮਾਵੇਗਾ ॥੩੦॥

੧. ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ੨. ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ ੩. ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ੪. ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥ ੫. ਗੁਰਮੁਖਿ ਤਾਰੇ ਪਾਰਿ ਉਤਾਰੇ ॥ ੬. ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥

ਅਰਥ—੧. ਗੁਰਮੁਖਾਂ ਕੋਲ ਹੀ ਅੱਠ ਸਿੱਧੀਆਂ ਤੇ ਸਾਰੀਆਂ ਬੁਧੀਆਂ ਹਨ । ੨. ਗੁਰਮੁਖਾਂ ਦਵਾਰੇ ਸਚ ਸਰੂਪ ਦੀ ਸੁਧ ਹੁੰਦੀ ਤੇ ਸੰਸਾਰ ਸਮੁੰਦਰ ਤੋਂ ਤਰੀਦਾ ਹੈ । ੩. ਗੁਰਮੁਖ ਸਰ ਅਪਸਰ=ਭਲੇ ਬੁਰੇ ਦੀ ਬਿਧੀ ਜਾਣਦਾ ਹੈ । ੪. ਗੁਰਮੁਖ ਪ੍ਰਵਿਰਤੀ ਤੇ ਨਿਰਵਿਰਤੀ ਦਾ ਸਾਰਾ ਭੇਦ ਪਛਾਣਦਾ ਹੈ । ੫. ਗੁਰਮੁਖ ਤਾਰੇ=ਜਹਾਜ਼ ਵਾਂਗੂੰ ਸੰਸਾਰ ਸਮੁੰਦਰ ਤੋਂ ਪਾਰ ਉਤਰਦਾ ਹੈ । ੬. ਸਤਿਗੁਰੂ ਜੀ ਆਖਦੇ ਹਨ—ਗੁਰਮੁਖ ਉਪਦੇਸ਼ ਦੇ ਕੇ ਅਵਿਦਿਆ ਰੂਪ ਨਿਸ=ਰਾਤ ਤੋਂ ਤਾਰ ਭਾਵ ਬਚਾ ਲੈਂਦਾ ਹੈ ॥੩੧॥

੧. ਨਾਮੇ ਰਾਤੇ ਹਉਮੈ ਜਾਇ ॥ ੨. ਨਾਮਿ ਰਤੇ ਸਚਿ ਰਹੇ ਸਮਾਇ ॥ ੩. ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ੪. ਨਾਮਿ ਰਤੇ ਪਾਵਹਿ ਮੋਖ ਦੁਆਰੁ ॥ ੫. ਨਾਮਿ ਰਤੇ ਤ੍ਰਿਭਵਣ ਸੋਝੀ

**ਹੋਇ ॥ ੬. ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥**

ਅਰਥ—੧. ਜੋ ਨਾਮ ਵਿਚ ਰੱਤੇ ਹਨ, ਉਹਨਾਂ ਦੀ ਹਉਮੈ ਜਾਂਦੀ ਹੈ। ੨. ਜੋ ਨਾਮ ਵਿਚ ਰੱਤੇ ਹਨ, ਉਹ ਸਚ ਸਰੂਪ ਵਿਚ ਸਮਾਇ ਰਹੇ। ੩. ਜੋ ਨਾਮ ਵਿਚ ਰੱਤੇ ਹੋਏ ਹਨ; ਉਹ ਵਾਹਿਗੁਰੂ ਨਾਲ ਜੁੜਨ ਦੀ ਜੁਗਤੀ ਵਿਚਾਰਦੇ ਹਨ। ੪. ਜੋ ਨਾਮ ਵਿਚ ਰਤੇ ਹੋਏ ਹਨ, ਉਹ ਮੁਕਤੀ ਦਾ ਦਰਵਾਜ਼ਾ ਗਿਆਨ ਪਾਉਂਦੇ ਹਨ। ੫. ਜੋ ਨਾਮ ਵਿਚ ਰੱਤੇ ਹੋਏ ਹਨ, ਉਹਨਾਂ ਨੂੰ ਤਿੰਨਾਂ ਲੋਕਾਂ ਦੀ ਸੋਝੀ ਹੁੰਦੀ ਹੈ। ੬. ਜੋ ਸਦਾ ਹੀ ਨਾਮ ਵਿਚ ਰੱਤੇ ਰਹਿੰਦੇ ਹਨ, ਉਹ ਸੁਖ (ਸ੍ਰੂਪ) ਹੋਏ ਹਨ ॥੩੨॥

**੧. ਨਾਮਿ ਰਤੇ ਸਿਧ ਗੋਸਟਿ ਹੋਇ ॥ ੨. ਨਾਮਿ ਰਤੇ ਸਦਾ ਤਪੁ ਹੋਇ ॥ ੩. ਨਾਮਿ ਰਤੇ ਸਚੁ ਕਰਣੀ ਸਾਰੁ ॥ ੪. ਨਾਮਿ ਰਤੇ ਗੁਣ ਗਿਆਨ ਬੀਚਾਰੁ ॥ ੫. ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥ ੬. ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੩੩॥**

ਅਰਥ—੧. ਜੋ ਨਾਮ ਵਿਚ ਰੱਤੇ ਹੋਏ ਹਨ, ਉਹਨਾਂ ਦਾ ਪ੍ਰਸਿੱਧ (ਰੂਪ ਹਰੀ ਨਾਲ) ਗੋਸਟਿ=ਮਿਲਾਪ ਹੁੰਦਾ ਹੈ। ੨. ਜੋ ਨਾਮ ਵਿਚ ਰੱਤੇ ਹੋਏ ਹਨ, ਉਹਨਾਂ ਦਾ ਸਦਾ ਹੀ ਤਪ ਹੁੰਦਾ ਹੈ। ੩. ਜੋ ਨਾਮ ਵਿਚ ਰੱਤੇ ਹੋਏ ਹਨ, ਉਹਨਾਂ ਦੀ ਕਰਨੀ ਸਚੀ ਤੇ ਸ੍ਰੇਸ਼ਟ ਹੈ। ੪. ਜੋ ਨਾਮ ਵਿਚ ਰੱਤੇ ਹੋਏ ਹਨ, ਉਹ ਗਿਆਨਾਦਿਕ ਗੁਣਾਂ ਨੂੰ ਵਿਚਾਰਦੇ ਹਨ

। ੫. ਨਾਮ ਤੋਂ ਬਿਨਾਂ ਬੋਲਣਾ ਸਭ ਨਿਕੰਮਾ ਹੈ । ੬. ਸਤਿਗੁਰੂ ਜੀ ਆਖਦੇ ਹਨ—ਜੋ ਨਾਮ ਵਿਚ ਰਤੇ ਹੋਏ ਹਨ, ਸਭ ਜਗ੍ਹਾਂ ਤੇ ਉਹਨਾਂ ਨੂੰ ਜੈ ਜੈ ਕਾਰ ਹੁੰਦੀ ਹੈ ॥੩੩॥

**੧. ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ੨. ਜੋਗ ਜੁਗਤਿ ਸਚਿ ਰਹੈ ਸਮਾਇ ॥ ੩. ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ ੪. ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ ੫. ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ ੬. ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥**

ਅਰਥ—੧. ਪੂਰੇ ਗੁਰਾਂ ਪਾਸੋਂ ਨਾਮ ਪਾਇਆ ਜਾਂਦਾ ਹੈ । ੨. ਜਿਨ੍ਹਾਂ ਨਾਮ ਪਾਇਆ ਹੈ ਉਹ ਸਚ ਸਰੂਪ ਨਾਲ ਜੁੜਨ ਦੀ ਜੁਗਤੀ ਵਿਚ ਸਮਾਇ ਰਹੇ ਹਨ । ੩. ਬਾਰਾਂ* (ਭੇਖਾਂ ਵਿਚ) ਜੋਗੀ, ਤੇ ਛਿਅ** ਚਾਰਿ=ਦਸਾਂ ਨਾਮਾਂ ਵਿਚ ਸੰਨਿਆਸੀ ਭੁਲੇ ਹੋਏ ਹਨ । ੪. ਜੋ ਗੁਰਾਂ ਦੇ ਉਪਦੇਸ਼ ਕਰ ਕੇ ਜੀਵਤ੍ਵ ਭਾਵ ਤੋਂ ਮਰਿਆ ਹੈ, ਉਹ ਮੁਕਤੀ ਦਾ ਦਰਵਾਜ਼ਾ ਗਿਆਨ

---

** ਹੇਤੁ, ਪਾਵ, ਆਈ ਗਮਯ, ਪਾਗਲ, ਗੋਪਾਲ, ਕੰਬੜੀ, ਬਨ, ਧ੍ਰਜ, ਚੋਲੀ, ਰਾਵਲ, ਦਾਸ ਇਹ ਜੋਗੀਆਂ ਦੇ ਬਾਰਾਂ ਭੇਖਾਂ ਦੇ ਨਾਮ ਹਨ।*

*** ਤੀਰਥੀ, ਆਸ੍ਰਮੀ, ਬਨੀ, ਅਰੰਨਜੀ, ਗਿਰੀ, ਪਰਬਤੀ, ਸਾਗਰ, ਸਰਸ੍ਵਤੀ, ਪੁਰੀ, ਭਾਰਤੀ ।*

ਪਾਏਗਾ । ੫. ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਸਭ ਦਵੈਤ ਭਾਵ ਵਿਚ ਲਗੇ ਹੋਏ ਹਨ, ਹੇ ਭਾਈ ! ਹਿਰਦੇ ਵਿਚ ਵਿਚਾਰ ਕੇ ਦੇਖੋ, ੬. ਸਤਿਗੁਰੂ ਜੀ ਆਖਦੇ ਹਨ—ਉਹ ਵਡੇ ਭਾਗਾਂ ਵਾਲੇ ਵਡਭਾਗੀ ਹਨ ਜਿਨ੍ਹਾਂ ਨੇ ਸਚ ਨਾਮ, ਉਰ=ਹਿਰਦੇ ਵਿਚ ਧਾਰ ਰਖਿਆ ਹੈ ॥੩੪॥

**੧. ਗੁਰਮੁਖਿ ਰਤਨੁ ਲਹੈ ਲਿਵ ਲਾਇ ॥ ੨. ਗੁਰਮੁਖਿ ਪਰਖੈ ਰਤਨੁ ਸੁਭਾਇ ॥ ੩. ਗੁਰਮੁਖਿ ਸਾਚੀ ਕਾਰ ਕਮਾਇ ॥ ੪. ਗੁਰਮੁਖਿ ਸਾਚੇ ਮਨੁ ਪਤੀਆਇ ॥ ੫. ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ੬. ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥**

ਅਰਥ—੧. ਗੁਰਮੁਖ ਵੈਰਾਗ ਰੂਪ ਰਤਨ ਲੈ ਕੇ ਵਾਹਿਗੁਰੂ ਵਿਚ ਲਿਵ ਲਾਇ ਰਹੇ ਹਨ । ੨. ਗੁਰਮੁਖ ਸੁਭਾਵਕ ਹੀ ਬ੍ਰਹਮ ਰੂਪ ਰਤਨ ਨੂੰ ਪਰਖਦੇ ਹਨ । ੩. ਗੁਰਮੁਖ (ਭਗਤੀ ਰੂਪ) ਸੱਚੀ ਕਾਰ ਕਮਾਉਂਦੇ ਹਨ । ੪. ਗੁਰਮੁਖਾਂ ਦਾ ਮਨ ਸਚੇ ਵਿਚ ਪਤੀਜ ਗਿਆ ਹੈ । ੫. ਗੁਰਮੁਖ ਜਿਸ ਨੂੰ ਚਾਹੇ ਤਿਸ ਨੂੰ ਅਲਖ (ਵਾਹਿਗੁਰੂ) ਵਿਖਾਉਂਦਾ ਹੈ । ੬. ਸਤਿਗੁਰੂ ਜੀ ਆਖਦੇ ਹਨ—ਗੁਰਮੁਖ ਜਮਾਂ ਦੀ ਚੋਟ ਨਹੀਂ ਖਾਂਦਾ ਹੈ ॥੩੫॥

**੧. ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ੨. ਗੁਰਮੁਖਿ ਲਾਗੈ ਸਹਜਿ ਧਿਆਨੁ ॥ ੩. ਗੁਰਮੁਖਿ ਪਾਵੈ ਦਰਗਹ ਮਾਨੁ ॥ ੪. ਗੁਰਮੁਖਿ**

**ਭਉ ਭੰਜਨੁ ਪਰਧਾਨੁ ॥ ੫. ਗੁਰਮੁਖਿ ਕਰਣੀ ਕਾਰ ਕਰਾਏ ॥ ੬. ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥**

ਅਰਥ—੧. ਗੁਰਮੁਖ ਨਾਮ ਜਪਦੇ, ਦਾਨ ਦੇਂਦੇ ਤੇ ਇਸ਼ਨਾਨ ਕਰਦੇ ਹਨ। ੨. ਗੁਰਮੁਖਾਂ ਦਾ ਸਹਜਿ=ਬ੍ਰਹਮ ਵਿਚ ਧਿਆਨ ਲਗਦਾ ਹੈ। ੩. ਗੁਰਮੁਖ ਦਰਗਾਹ ਵਿਚ ਮਾਨ ਪਾਉਂਦਾ ਹੈ। ੪. ਗੁਰਮੁਖ ਜਨਮ ਮਰਨ ਦੇ ਡਰ ਨਾਸ ਕਰਨ ਵਿਚ ਪ੍ਰਧਾਨ ਹੈ। ੫. ਗੁਰਮੁਖ ਜਗਿਆਸੂਆਂ ਕੋਲੋਂ ਭਗਤੀ ਦੀ ਕਾਰ ਕਰਾਉਂਦੇ ਹਨ। ੬. ਸਤਿਗੁਰੂ ਜੀ ਆਖਦੇ ਹਨ— ਵਾਹਿਗੁਰੂ ਗੁਰਮੁਖਾਂ ਦੇ ਮੇਲ ਮਿਲਾਉਂਦਾ ਹੈ ॥੩੬॥

**੧. ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ੨. ਗੁਰਮੁਖਿ ਪਾਵੈ ਘਟਿ ਘਟਿ ਭੇਦ ॥ ੩. ਗੁਰਮੁਖਿ ਵੈਰ ਵਿਰੋਧ ਗਵਾਵੈ ॥ ੪. ਗੁਰਮੁਖਿ ਸਗਲੀ ਗਣਤ ਮਿਟਾਵੈ ॥ ੫. ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ੬. ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥**

ਅਰਥ—੧. ਗੁਰਮੁਖ ਹੀ ਸ਼ਾਸਤ੍ਰ, ਸਿੰਮ੍ਰਤੀਆਂ ਤੇ ਵੇਦ ਰੂਪ ਹੈ। ੨. ਕਿਉਂਕਿ ਗੁਰਮੁਖ ਘਟ ਘਟ ਦੇ ਭੇਦ ਨੂੰ ਪਾਉਂਦਾ ਹੈ। ੩. ਗੁਰਮੁਖ ਵੈਰ ਵਿਰੋਧ ਗਵਾਉਂਦਾ ਹੈ। ੪. ਗੁਰਮੁਖ ਸਾਰੀਆਂ ਗਿਣਤੀਆਂ ਮਿਟਾਉਂਦਾ ਹੈ। ੫. ਗੁਰਮੁਖ ਰਾਮ ਨਾਮ ਦੇ ਪ੍ਰੇਮ ਵਿਚ ਰੱਤਾ ਹੋਇਆ ਹੈ। ੬. ਸਤਿਗੁਰੂ ਜੀ ਆਖਦੇ ਹਨ—ਗੁਰਮੁਖ ਨੇ ਵਾਹਿਗੁਰੂ ਖਸਮ

ਨੂੰ ਪਛਾਣਿਆ ਹੈ ॥੩੭॥

**੧. ਬਿਨੁ ਗੁਰ ਭਰਮੈ ਆਵੈ ਜਾਇ ॥ ੨. ਬਿਨੁ ਗੁਰ ਘਾਲ ਨ ਪਵਈ ਥਾਇ ॥ ੩. ਬਿਨੁ ਗੁਰ ਮਨੂਆ ਅਤਿ ਡੋਲਾਇ ॥ ੪. ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥ ੫. ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ ੬. ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥**

ਅਰਥ—੧. ਗੁਰੂ ਨੂੰ ਮਿਲੇ ਤੋਂ ਬਿਨਾਂ ਜੀਵ ਭਰਮ ਵਸ ਹੋ ਕੇ ਆਉਂਦਾ ਜਾਂਦਾ ਹੈ। ੨. ਗੁਰੂ ਨੂੰ ਮਿਲੇ ਤੋਂ ਬਿਨਾਂ ਘਾਲਣਾ ਕਬੂਲ ਨਹੀਂ ਪੈਂਦੀ ਹੈ। ੩. ਗੁਰੂ ਨੂੰ ਮਿਲੇ ਤੋਂ ਬਿਨਾਂ ਮਨ ਬਹੁਤ ਡੋਲਦਾ ਹੈ। ੪. ਗੁਰੂ ਨੂੰ ਮਿਲੇ ਤੋਂ ਬਿਨਾਂ ਜੀਵ ਵਿਸ਼ਿਆਂ ਨੂੰ ਖਾਂਦਿਆਂ ਖਾਂਦਿਆਂ ਰੱਜਦਾ ਨਹੀਂ ਹੈ। ੫. ਗੁਰੂ ਨੂੰ ਮਿਲੇ ਤੋਂ ਬਿਨਾਂ ਕਾਲ ਰੂਪ ਬਿਸੀਅਰ=ਸੱਪ ਲੜਦਾ ਤੇ ਜੀਵ ਮਰਨ ਜੰਮਣ ਦੇ ਰਸਤੇ ਵਲ ਜਾਂਦਾ ਹੈ, ਭਾਵ ਚੁਰਾਸੀ ਭੋਗਦਾ ਹੈ। ੬. ਸਤਿਗੁਰੂ ਜੀ ਆਖਦੇ ਹਨ—ਗੁਰੂ ਤੋਂ ਬਿਨਾਂ ਘਾਟਾ ਹੀ ਘਾਟਾ ਹੈ ॥੩੮॥

**੧. ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥ ੨. ਅਵਗਣ ਮੇਟੈ ਗੁਣਿ ਨਿਸਤਾਰੈ ॥ ੩. ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ॥ ੪. ਗੁਰਮੁਖਿ ਕਦੇ ਨ ਆਵੈ ਹਾਰਿ ॥ ੫. ਤਨੁ**

**ਹਟੜੀ ਇਹੁ ਮਨੁ ਵਣਜਾਰਾ ॥ ੬. ਨਾਨਕ ਸਹਜੇ ਸਚੁ ਵਾਪਾਰਾ ॥੩੯॥**

ਅਰਥ—੧. ਜਿਸ ਨੂੰ ਗੁਰੂ ਮਿਲਦਾ ਹੈ ਉਸ ਨੂੰ ਪਾਰ ਉਤਾਰਦਾ ਹੈ। ੨. ਕਿਉਂਕਿ ਉਸ ਦੇ ਔਗੁਣ ਮੇਟ ਕੇ ਗੁਣ ਦੇ ਕੇ ਗੁਰੂ ਤਾਰਦਾ ਹੈ। ੩. ਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰ ਕੇ ਮੁਕਤੀ ਰੂਪ ਵਡਾ ਸੁਖ ਪਾਈਦਾ ਹੈ। ੪. ਗੁਰਮੁਖ ਨੂੰ ਕਦੇ ਭੀ ਹਾਰ ਨਹੀਂ ਆਉਂਦੀ ਹੈ। ੫. ਸਰੀਰ ਨੂੰ ਹੱਟੀ ਤੇ ਇਹ ਮਨ ਵਣਜਾਰਾ ਕਰਕੇ। ੬. ਸਤਿਗੁਰੂ ਜੀ ਆਖਦੇ ਹਨ—ਗੁਰਮੁਖ ਸਹਜੇ (ਹੀ) ਸਚ ਨਾਮ ਦਾ ਵਪਾਰ (ਕਰਦੇ ਹਨ) ॥੩੯॥

**੧. ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ੨. ਲੰਕਾ ਲੂਟੀ ਦੈਤ ਸੰਤਾਪੈ ॥ ੩. ਰਾਮਚੰਦਿ ਮਾਰਿਓ ਅਹਿ ਰਾਵਣੁ ॥ ੪. ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥ ੫. ਗੁਰਮੁਖਿ ਸਾਇਰਿ ਪਾਹਣ ਤਾਰੇ ॥ ੬. ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥**

ਅਰਥ—੧. ਗੁਰਮੁਖਾਂ ਨੇ ਸੰਸਾਰ ਸਮੁੰਦਰ ਤੋਂ ਪਾਰ ਉਤਰਨ ਲਈ ਵਿਧਾਤੇ (ਦੇ ਨਾਮ ਦਾ) ਸੇਤ=ਪੁਲ ਬੰਨ੍ਹਿਆ ਹੈ। ੨. (ਅਤੇ ਦੇਹਾਭਿਮਾਨ ਰੂਪ) ਲੰਕਾ ਲੁਟੀ ਤੇ ਕਾਮਾਦਿਕ ਦੈਂਤ ਸੰ+ਤਾਪੈ=ਭਲੀ ਪ੍ਰਕਾਰ ਸਾੜੇ ਹਨ। ੩. ਚੰਦਿ=ਪ੍ਰਕਾਸ਼ ਰੂਪ ਵਾਹਿਗੁਰੂ ਦੇ ਨਾਮ ਰੂਪੀ ਰਾਮ ਨੇ ਅਹਿ=ਹੰਕਾਰ ਰੂਪੀ ਰਾਵਣ ਨੂੰ ਮਾਰਿਆ ਹੈ। ੪. ਪਰ ਗੁਰਮੁਖਾਂ ਰੂਪੀ ਬਭੀਖਣ ਦੇ

ਭੇਦਾਂ ਦਾ ਪਰਚਾਇਣ=ਪ੍ਰਕਾਰ ਦਸਣ ਕਰ ਕੇ ਮਾਰਿਆ ਹੈ, ਭਾਵ ਗੁਰਮੁਖਾਂ ਨੇ ਨਾਮ ਜਪਣ ਦਾ ਭੇਦ ਦਸਿਆ, ਤਾਂ ਨਾਮ ਨੇ ਹੰਕਾਰ ਨੂੰ ਨਾਸ ਕੀਤਾ ਹੈ । ੫. ਗੁਰਮੁਖਾਂ ਨੇ ਪਾਪਾਂ ਕਰ ਕੇ ਪੱਥਰ ਵਰਗੇ ਭਾਰਿਆਂ ਨੂੰ ਸੰਸਾਰ ਸਮੁੰਦਰ ਤੋਂ ਤਾਰਿਆ ਹੈ । ੬. ਗੁਰਮੁਖਾਂ ਨੇ, ਕੋਟਿ ਤੇਤੀਸ=ਅਨੇਕਾਂ ਹੀ ਜੀਵ ਉਧਾਰੇ ਹਨ ॥੪੦॥

**੧. ਗੁਰਮੁਖਿ ਚੂਕੈ ਆਵਣ ਜਾਣੁ ॥ ੨. ਗੁਰਮੁਖਿ ਦਰਗਹ ਪਾਵੈ ਮਾਣੁ ॥ ੩. ਗੁਰਮੁਖਿ ਖੋਟੇ ਖਰੇ ਪਛਾਣੁ ॥ ੪. ਗੁਰਮੁਖਿ ਲਾਗੈ ਸਹਜਿ ਧਿਆਨੁ ॥ ੫. ਗੁਰਮੁਖਿ ਦਰਗਹ ਸਿਫਤਿ ਸਮਾਇ ॥ ੬. ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥**

ਅਰਥ—੧. ਗੁਰਮੁਖ ਦਾ ਆਉਣਾ ਜਾਣਾ ਦੂਰ ਹੋਇਆ ਹੈ । ੨. ਗੁਰਮੁਖ ਦਰਗਾਹ ਵਿਚ ਮਾਣ ਪਾਉਂਦਾ ਹੈ । ੩. ਗੁਰਮੁਖ ਖੋਟੇ ਖਰੇ ਗੁਣ ਦੀ ਪਛਾਣ ਕਰਦਾ ਹੈ । ੪. ੫. ਗੁਰਮੁਖ ਦੀ ਸਿਫਤ=ਵਾਹਿਗੁਰੂ ਦੀ ਦਰਗਾਹ ਵਿਚ ਸਮਾਈ ਹੋਈ ਹੈ । ੬. ਸਤਿਗੁਰੂ ਜੀ ਆਖਦੇ ਹਨ— ਗੁਰਮੁਖਾਂ ਨੂੰ ਜਮਾਂ ਦਾ ਬੰਧਨ ਨਹੀਂ ਪੈਂਦਾ ਹੈ ॥੪੧॥

**੧. ਗੁਰਮੁਖਿ ਨਾਮੁ ਨਿਰੰਜਨ ਪਾਏ ॥ ੨. ਗੁਰਮੁਖਿ ਹਉਮੈ ਸਬਦਿ ਜਲਾਏ ॥ ੩. ਗੁਰਮੁਖਿ ਸਾਚੇ ਕੇ ਗੁਣ ਗਾਏ ॥ ੪. ਗੁਰਮੁਖਿ**

**ਸਾਚੈ ਰਹੈ ਸਮਾਏ ॥ ੫. ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥ ੬. ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥**

ਅਰਥ—੧. ਗੁਰਮੁਖ ਨਿਰੰਜਨ ਦਾ ਨਾਮ ਪਾਉਂਦਾ ਹੈ। ੨. ਗੁਰਮੁਖ ਉਪਦੇਸ਼ ਦੇ ਕੇ ਜਗਿਆਸੂ ਦੀ ਹਉਮੈ ਸਾੜਦਾ ਹੈ। ੩. ਗੁਰਮੁਖ ਸਚੇ ਵਾਹਿਗੁਰੂ ਦੇ ਗੁਣ ਗਾਉਂਦਾ ਹੈ। ੪. ਗੁਰਮੁਖ ਸਚੇ ਵਿਚ ਸਮਾਇ ਰਹਿੰਦਾ ਹੈ। ੫. ਸਚਾ ਨਾਮ ਜਪਣ ਕਰ ਕੇ ਗੁਰਮੁਖਾਂ ਦੀ ਉੱਤਮ ਇੱਜ਼ਤ ਹੁੰਦੀ ਹੈ। ੬. ਸਤਿਗੁਰੂ ਜੀ ਆਖਦੇ ਹਨ—ਗੁਰਮੁਖ ਨੂੰ ਸਾਰੇ ਲੋਕਾਂ ਦੀ ਸੋਝੀ ਹੁੰਦੀ ਹੈ ॥੪੨॥

**੧. ਕਵਣ ਮੂਲੁ ਕਵਣ ਮਤਿ ਵੇਲਾ ॥ ੨. ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ੩. ਕਵਣ ਕਥਾ ਲੇ ਰਹਹੁ ਨਿਰਾਲੇ ॥ ੪. ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ ੫. ਏਸੁ ਕਥਾ ਕਾ ਦੇਇ ਬੀਚਾਰੁ ॥ ੬. ਭਵਜਲੁ ਸਬਦਿ ਲੰਘਾਵਣਹਾਰੁ ॥੪੩॥**

ਅਰਥ—੧. ਪ੍ਰਸ਼ਨ—(ਸੰਸਾਰ ਦਾ) ਮੂਲ-ਕਾਰਣ ਕਿਹੜਾ ਹੈ? ਤੇ ਵਾਹਿਗੁਰੂ ਪ੍ਰਾਪਤੀ ਦੀ ਸਿਖਿਆ ਦਾ ਕਿਹੜਾ ਵੇਲਾ ਹੈ? ੨. ਜਿਸ ਦਾ ਤੂੰ ਚੇਲਾ ਹੈਂ ਉਹ ਤੇਰਾ ਗੁਰੂ ਕਿਹੜਾ ਹੈ? ੩. ਕਿਹੜੀ

ਕਥਾ=ਸਿਖਿਆ ਲੈ ਕੇ ਸੰਸਾਰ ਤੋਂ ਨਿਰਾਲੇ ਰਹੇ ਹੋ ? ੪. ਸਤਿਗੁਰੂ ਜੀ ਆਖਦੇ ਹਨ—ਫਿਰ ਸਿੱਧ ਇਸ ਤਰ੍ਹਾਂ ਬੋਲੇ—ਹੇ ਬਾਲੇ! ਤੁਸੀਂ ਸੁਣੋ । ੫. ਅਤੇ ਇਸ ਕਥਾ ਦਾ ਵਿਚਾਰ ਕੇ ਉੱਤਰ ਦੇਹੁ । ੬. ਕਿ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਕਿਹੜਾ ਸ਼ਬਦ ਹੈ ॥੪੩॥

**੧. ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ੨. ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ੩. ਅਕਥ ਕਥਾ ਲੇ ਰਹਉ ਨਿਰਾਲਾ ॥ ੪. ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ੫. ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ੬. ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥**

ਅਰਥ—੧. ਉੱਤਰ—ਪਵਨ=ਸਵਾਸਾਂ ਦਾ ਅਰੰਭ ਹੋਣਾ ਹੀ ਸੰਸਾਰ ਦਾ ਕਾਰਣ ਹੈ ਅਤੇ ਸਤਿਗੁਰਾਂ ਦਾ ਮਿਲਾਪ ਹੀ ਵਾਹਿਗੁਰੂ ਪ੍ਰਾਪਤੀ ਦੀ ਸਿਖਿਆ ਦਾ ਵੇਲਾ ਹੈ । ੨. ਬ੍ਰਹਮ ਗੁਰੂ (ਹੈ ? ਕਿਉਂਕਿ) ਸ੍ਰੇਸ਼ਟ ਪ੍ਰੀਤ ਨਾਲ ਉਸ ਦੇ ਜਾਪ ਦੀ ਧੁਨੀ ਉਚਾਰਦੀ ਸਿਖਿਆ ਲੈ ਕੇ ਸੰਸਾਰ ਤੋਂ ਨਿਰਾਲਾ ਰਹਿੰਦਾ ਹਾਂ । ੪. ਸਤਿਗੁਰੂ ਜੀ ਆਖਦੇ ਹਨ—ਜੋ ਜੁਗਾਂ ਜੁਗਾਂ ਵਿਚ ਵਿਆਪਕ ਗੁਰੂ=ਪੂਜਨੀਕ ਗੁਪਾਲ ਹੈ । ੫. ਉਸ ਇਕ ਦੀ ਜਿਸ ਨੇ ਕਥਾ ਵਿਚਾਰੀ ਹੈ, ਉਸ ਦਾ ਉਪਦੇਸ਼ । ੬. ਹਉਮੈ ਦੀ ਅੱਗ ਬੁਝਾ ਕੇ ਗੁਰਮੁਖ ਬਣਾਉਂਦਾ ਹੈ, ਤਾਂ ਤੇ ਏਹੀ ਸ਼ਬਦ ਭਉਜਲ ਤੋਂ ਤਾਰਨ ਵਾਲਾ ਹੈ ॥੪੪॥

**੧. ਮੈਣ ਕੇ ਦੰਤ ਕਿਉ ਖਾਈਐ ਸਾਰੁ ॥**

**੨. ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥ ੩. ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ ੪. ਕਵਨ ਗੁਫਾ ਜਿਤੁ ਰਹੈ ਅਵਾਹਨੁ ॥ ੫. ਇਤ ਉਤ ਕਿਸ ਕਉ ਜਾਣਿ ਸਮਾਵੈ ॥ ੬. ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥**

ਅਰਥ—੧. ਪ੍ਰਸ਼ਨ—ਸਕਾਮ ਕਰਮਾਂ ਰੂਪ ਮੋਮ ਦੇ ਦੰਦਾਂ ਨਾਲ ਅਗਿਆਨ ਰੂਪ ਲੋਹਾ ਕਿਸ ਤਰ੍ਹਾਂ ਖਾਈਦਾ ਹੈ। ੨. ਜਿਸ ਕਰ ਕੇ ਹੰਕਾਰ ਜਾਵੇ ਉਹ ਭੋਜਨ ਕਿਹੜਾ ਹੈ ? ੩. ਹਿਵੈ=ਬਰਫ਼ ਦਾ ਘਰ ਜੋ ਸ਼ਾਂਤੀ ਹੈ, ਉਸ ਦੇ ਅੰਦਰ ਕਿਸ ਤਰ੍ਹਾਂ ਵਾਸ ਹੋਵੇਗਾ ? ਅਤੇ ਕਾਮਾਦਿਕ ਅੱਗ ਦਾ ਪਿਰਾਹਨੁ=ਚੋਲਾ ਕਿਸ ਤਰ੍ਹਾਂ ਦੂਰ ਹੋਵੇਗਾ ? ੪. ਉਹ ਕਿਹੜੀ ਗੁਫਾ ਹੈ ਜਿਸ ਵਿਚ (ਵਸ ਕੇ ਜੀਵ) ਅਵਾਹਨ=ਅਚੱਲ ਰਹੇਗਾ। ੫. ਇਥੇ ਉਥੇ ਲੋਕ ਪ੍ਰਲੋਕ ਵਿਚ ਕਿਸ ਨੂੰ ਸਮਾਇਆ ਜਾਣੀਏ ? ੬. ਉਹ ਧਿਆਨ ਕਿਹੜਾ ਹੈ ? ਜਿਸ ਦੇ ਧਾਰਨ ਕਰ ਕੇ ਮਨ ਮਨਹਿ=ਵਾਹਿਗੁਰੂ ਵਿਚ ਸਮਾਵੇਗਾ ? ॥੪੫॥

**੧. ਹਉ ਹਉ ਮੈ ਮੈ ਵਿਚਹੁ ਖੋਵੈ ॥ ੨. ਦੂਜਾ ਮੇਟੈ ਏਕੋ ਹੋਵੈ ॥ ੩. ਜਗੁ ਕਰੜਾ ਮਨਮੁਖੁ ਗਾਵਾਰੁ ॥ ੪. ਸਬਦੁ ਕਮਾਈਐ ਖਾਈਐ ਸਾਰੁ ॥ ੫. ਅੰਤਰਿ ਬਾਹਰਿ ਏਕੋ**

**ਜਾਣੈ ॥ ੬. ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥**

ਅਰਥ—੧. ਉੱਤਰ—ਜਦ ਹੰਗਤਾ ਮਮਤਾ ਤੇ ਮੈਂ ਮੇਰੀ ਹਿਰਦੇ ਵਿਚੋਂ ਨਾਸ ਕਰੇ। ੨. ਅਤੇ ਦ੍ਵੈਤ ਭਾਵ ਮਿਟਾਵੇ ਤਾਂ ਏਕਤਾ ਰੂਪ ਗੁਫਾ ਵਿਚ ਜੀਵ ਇਸਥਿਤ ਹੋਵੇਗਾ। ੩. ਮਨਮੁਖਤਾ ਕਰ ਕੇ ਮੂਰਖ, ਜਗੁ=ਜੀਵਾਂ ਲਈ ਜੋ ਅਗਿਆਨ ਲੋਹੇ ਵਾਂਗੂੰ ਕਰੜਾ ਹੈ। ੪. ਉਹ ਲੋਹਾ ਗੁਰਾਂ ਦਾ ਉਪਦੇਸ਼ ਕਮਾਈਏ ਤਾਂ ਖਾਈਦਾ ਹੈ। ੫. ਅੰਦਰ ਬਾਹਰ ਇਕ ਬ੍ਰਹਮ ਨੂੰ ਸਮਾਇਆ ਜਾਣੇ। ੬. ਸਤਿਗੁਰੂ ਜੀ ਆਖਦੇ ਹਨ—ਅਤੇ ਸਤਿਗੁਰੂ ਦੇ ਭਾਣੇ ਵਿਚ ਚਲੇ ਤਾਂ ਤ੍ਰਿਸ਼ਨਾ ਰੂਪ ਅੱਗ ਮਰੇਗੀ ਅਤੇ ਸ਼ਾਂਤੀ ਘਰ ਅੰਦਰ ਵਾਸਾ ਹੋਵੇਗਾ ॥੪੬॥

**੧. ਸਚ ਭੈ ਰਾਤਾ ਗਰਬੁ ਨਿਵਾਰੈ ॥ ੨. ਏਕੋ ਜਾਤਾ ਸਬਦੁ ਵੀਚਾਰੈ ॥ ੩. ਸਬਦੁ ਵਸੈ ਸਚੁ ਅੰਤਰਿ ਹੀਆ ॥ ੪. ਤਨੁ ਮਨੁ ਸੀਤਲੁ ਰੰਗਿ ਰੰਗੀਆ ॥ ੫. ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ੬. ਨਾਨਕ ਨਦਰੀ ਨਦਰਿ ਪਿਆਰੇ ॥੪੭॥**

ਅਰਥ—੧. ਸਚੇ ਦੇ ਭੈ ਵਿਚ ਰੱਤਾ ਜਾਵੇ ਤਾਂ ਇਸ ਭੋਜਨ ਕਰਕੇ ਗਰਬ=ਹੰਕਾਰ ਦੂਰ ਹੋਵੇਗਾ। ੨. ਵਿਚਾਰ ਕਰਕੇ ਲੋਕ ਪ੍ਰਲੋਕ ਵਿਚ ਇਕ ਬ੍ਰਹਮ ਨੂੰ ਸਮਾਇਆ ਜਾਣੇ। ੩. ਗੁਰਾਂ ਦੇ ਉਪਦੇਸ਼ (ਰੂਪ ਧਿਆਨ ਕਰਕੇ) 'ਹੀਆ' ਮਨ ਸਚ ਸਰੂਪ ਅੰਦਰ ਵਸੇਗਾ। ੪. ਅਤੇ ਉਸ ਦੇ ਪ੍ਰੇਮ ਵਿਚ

ਰੰਗਿਆ (ਹੋਣ ਕਰਕੇ) ਮਨ ਤਨ ਸੀਤਲ ਹੋਵੇਗਾ । ਸਤਿਗੁਰੂ ਜੀ ਆਖਦੇ ਹਨ—ਹੇ ਪਿਆਰੇ ! ਨਦਰੀ ਦੀ ਕ੍ਰਿਪਾ ਦ੍ਰਿਸ਼ਟੀ (ਤਦ) । ੫. ਕਾਮ ਕ੍ਰੋਧ ਤੇ ਵਿਸ਼ਿਆਂ ਦੀ ਅੱਗ ਦੂਰ ਹੋਵੇਗੀ । ੬. (ਜਦ) ਸਤਿਗੁਰੂ ਜੀ ਆਖਦੇ ਹਨ—ਪਿਆਰੇ ਵਾਹਿਗੁਰੂ ਦੀ ਕ੍ਰਿਪਾ ਦੀ ਨਜ਼ਰ ਹੋਵੇਗੀ ॥੪੭॥

**੧. ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥ ੨. ਕਵਨ ਮੁਖਿ ਸੂਰਜੁ ਤਪੈ ਤਪਾਇਆ ॥ ੩. ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥ ੪. ਕਵਨ ਬੁਧਿ ਗੁਰਮੁਖਿ ਪਤਿ ਰਹੈ ॥ ੫. ਕਵਨੁ ਜੋਧੁ ਜੋ ਕਾਲੁ ਸੰਘਾਰੈ ॥ ੬. ਬੋਲੈ ਬਾਣੀ ਨਾਨਕੁ ਬੀਚਾਰੈ ॥੪੮॥**

ਅਰਥ—੧. (ਪ੍ਰਸ਼ਨ) ਕਿਸ ਦੁਆਰੇ (ਹਿਰਦੇ ਰੂਪ) ਘਰ ਵਿਚ ਹਿਵੈ= ਸ਼ਾਂਤੀ ਰੂਪ ਚੰਦ੍ਰਮਾ ਇਸਥਿਤ ਹੁੰਦਾ ਹੈ ? ੨. ਕਿਸ ਦੁਆਰੇ ਗਿਆਨ ਸੂਰਜ ਚੜ੍ਹਾਇਆਂ ਚੜ੍ਹਦਾ ਤੇ ਅਗਿਆਨ ਰੂਪ ਅੰਧੇਰਾ ਮਿਟਦਾ ਹੈ ? ੩. (ਜੀਵ) ਕਿਸ ਮੁਖਿ=ਦੁਆਰਾ ਕਾਲ ਨੂੰ ਸਦਾ ਹੀ ਤਾੜਦਾ ਰਹਿੰਦਾ ਹੈ ? ੪. ਕਿਸ ਬੁਧੀ ਕਰਕੇ ਗੁਰਮੁਖ ਦੀ ਇੱਜ਼ਤ ਰਹਿੰਦੀ ਹੈ । ੫. ਜੋ ਕਾਲ ਨੂੰ ਮਾਰਦਾ ਹੈ ਉਹ ਕਿਹੜਾ ਸੂਰਮਾ ਹੈ ? ੬. ਸਤਿਗੁਰੂ ਜੀ ਆਖਦੇ ਹਨ—ਹੇ ਪਿਆਰਿਓ ! ਸਿਧ ਵਿਚਾਰਨ ਵਾਸਤੇ ਇਹ ਬਾਣੀ ਬੋਲੇ ਸਨ ॥੪੮॥

**੧. ਸਬਦੁ ਭਾਖਤ ਸਸਿ ਜੋਤਿ ਅਪਾਰਾ ॥**

**੨. ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ ੩. ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ ੪. ਆਪੇ ਪਾਰਿ ਉਤਾਰਣਹਾਰਾ ॥ ੫. ਗੁਰ ਪਰਚੈ ਮਨੁ ਸਾਚਿ ਸਮਾਇ ॥ ੬. ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥**

ਅਰਥ—੧. (ਉੱਤਰ) ਗੁਰਾਂ ਦਾ ਉਪਦੇਸ਼ ਭਾਖਤ=ਉਚਾਰਨੇ ਕਰਕੇ ਹਿਰਦੇ ਵਿਚ ਸਤੋਗੁਨ ਰੂਪ ਚੰਦ੍ਰਮਾ ਦੀ ਅਪਾਰ ਜੋਤ ਪ੍ਰਕਾਸ਼ਦੀ ਹੈ। ੨. ਸਸਿ=ਸਤੋਗੁਨ ਵਿਚ ਹਿਰਦਾ ਵਸੇ ਤਾਂ ਗਿਆਨ ਸੂਰਜ ਪ੍ਰਕਾਸ਼ਦਾ ਤੇ ਅਗਿਆਨ ਦਾ ਅੰਧੇਰਾ ਨਾਸ ਹੁੰਦਾ ਹੈ । ੩. ਨਾਮ ਦੇ ਆਸਰੇ ਹੋ ਕੇ ਦੁਖ ਸੁਖ ਨੂੰ ਇਕੋ ਜੇਹਾ ਜਾਣੇ ਤਾਂ ਜੀਵ ਕਾਲ ਨੂੰ ਤਾੜੇਗਾ । ੪. (ਵਾਹਿਗੁਰੂ) ਆਪੇ ਹੀ ਪਾਰ ਉਤਾਰਨ ਵਾਲਾ ਹੈ । ਇਸ ਮਨੌਤ ਵਾਲੀ ਬੁਧੀ ਕਰਕੇ ਗੁਰਮੁਖਾਂ ਦੀ ਇੱਜ਼ਤ ਰਹਿੰਦੀ ਹੈ । ੫. ਗੁਰਾਂ ਦੇ ਪਰਚੇ ਕਰਕੇ ਸਚ ਵਿਚ ਸਮਾਵੇ । ੬. ਤਾਂ ਸਤਿਗੁਰੂ ਜੀ ਆਖਦੇ ਹਨ—ਫਿਰ ਕਾਲ ਨਹੀਂ ਖਾਂਦਾ ਐਸਾ ਪੁਰਸ਼ ਹੀ ਕਾਲ ਨੂੰ ਮਾਰਨ ਵਾਲਾ ਸੂਰਮਾ ਹੈ ॥੪੯॥

**੧. ਨਾਮ ਤਤੁ ਸਭ ਹੀ ਸਿਰਿ ਜਾਪੈ ॥ ੨. ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ੩. ਤਤੋ ਤਤੁ ਮਿਲੈ ਮਨੁ ਮਾਨੈ ॥ ੪. ਦੂਜਾ ਜਾਇ ਇਕਤੁ ਘਰਿ ਆਨੈ ॥ ੫. ਬੋਲੈ ਪਵਨਾ**

**ਗਗਨੁ ਗਰਜੈ ॥ ੬. ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥**

ਅਰਥ—੧. ਤਤ ਸਰੂਪ ਦਾ ਨਾਮ ਸਾਰਿਆਂ ਦੇ ਸ਼੍ਰੋਮਣੀ ਜਾਪਦਾ ਹੈ। ੨. ਨਾਮ ਜਪੇ ਤੋਂ ਬਿਨਾਂ ਕਾਲ ਦਾ ਦੁਖ ਭਲੀ ਤਰ੍ਹਾਂ ਦੁਖਾਉਂਦਾ ਹੈ। ੩. ਜਦ ਨਾਮ ਜਪਣ ਵਿਚ ਮਨ ਮੰਨੇ (ਤਾਂ) ਤਤੋ=ਜੀਵ ਤਤ ਸਰੂਪ (ਵਾਹਿਗੁਰੂ ਵਿਚ) ਮਿਲੇਗਾ। ੪. ਇਸ ਤਰ੍ਹਾਂ ਦ੍ਵੈਤ ਜਾਵੇ ਤਾਂ ਮਨ ਏਕਤਾ ਦੇ ਘਰ ਵਿਚ ਆਉਂਦਾ ਹੈ। ੫. ਜਿਸ ਦੀ ਸਤਾ ਕਰਕੇ ਪੌਣ ਬੋਲਦੀ ਤੇ ਅਕਾਸ਼ ਗੱਜਦਾ ਹੈ। ੬. ਸਤਿਗੁਰੂ ਜੀ ਆਖਦੇ ਹਨ—ਉਸ ਅਚੱਲ ਸਰੂਪ ਵਿਚ ਗਿਆਨ ਕਰਕੇ ਮਿਲਣਾ ਹੁੰਦਾ ਹੈ ॥੫੦॥

**੧. ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ੨. ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ ੩. ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ੪. ਆਦਿ ਪੁਰਖੁ ਨਿਰੰਜਨ ਦੇਉ ॥ ੫. ਜੋ ਜਨੁ ਨਾਮ ਨਿਰੰਜਨ ਰਾਤਾ ॥ ੬. ਨਾਨਕ ਸੋਈ ਪੁਰਖੁ ਬਿਧਾਤਾ ॥੫੧॥**

ਅਰਥ—੧. ਅੰਤਰਿ=ਸੁਪਨ (ਅਵਸਥਾ ਵਿਚ ਵੀ) ਸੁੰਨੰ=ਅਫੁਰ ਹੈ, ਅਤੇ 'ਬਾਹਰ' ਜਾਗ੍ਰਤ ਅਵਸਥਾ ਵਿਚ ਭੀ ਅਫੁਰ ਹੈ, ਅਤੇ ਤੀਸਰੇ ਭਵਨ ਸੁਖੋਪਤੀ ਵਿਚ ਭੀ ਅਫੁਰ ਹੀ ਅਫੁਰ (ਵਿਆਪਕ ਹੈ)। ੨. ਪਰ ਜੋ ਮਨੁਖ ਚੌਥੀ ਤੁਰੀਆ ਅਵਸਥਾ ਵਿਚ ਹੋ ਕੇ ਅਫੁਰ ਨੂੰ ਜਾਣਦਾ ਹੈ,

ਤਿਸਨੂੰ ਪਾਪ ਪੁੰਨ ਨਹੀਂ ਲਗਦਾ (ਭਾਵ ਉਸ ਦਸਾਂ ਵਿਚ ਜੀਵਨ ਮੁਕਤ ਹੋ ਜਾਈਦਾ ਹੈ ।) ੩. ਜੋ ਘਟਾਂ ਘਟਾਂ ਵਿਚ ਅਫੁਰ ਦਾ ਭੇਦ ਜਾਣਦਾ ਹੈ । ੪. ਉਹ ਆਦਿ ਰੂਪ ਮਾਇਆ ਤੋਂ ਰਹਿਤ ਦੇਉ=ਪ੍ਰਕਾਸ਼ ਰੂਪ (ਨੂੰ ਸਭ ਜੁਗਾਂ ਤੇ) ਪੁਰਖ=ਪੂਰਨ ਵੇਖਦਾ ਹੈ । ੫. ਜੋ ਪੁਰਸ਼ ਨਿਰੰਜਨ ਦੇ ਨਾਮ ਵਿਚ ਰੱਤਾ ਹੋਇਆ ਹੈ । ੬. ਸਤਿਗੁਰੂ ਜੀ ਆਖਦੇ ਹਨ—ਓਹੀ ਪੁਰਖ ਬਿਧਾਤੇ ਦਾ ਰੂਪ ਹੈ ॥੫੧॥

**੧. ਸੁੰਨੋ ਸੁੰਨੁ ਕਹੈ ਸਭੁ ਕੋਈ ॥ ੨. ਅਨਹਤ ਸੁੰਨੁ ਕਹਾ ਤੇ ਹੋਈ ॥ ੩. ਅਨਹਤ ਸੁੰਨਿ ਰਤੇ ਸੇ ਕੈਸੇ ॥ ੪. ਜਿਸ ਤੇ ਉਪਜੇ ਤਿਸ ਹੀ ਜੈਸੇ ॥ ੫. ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ੬. ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥**

ਅਰਥ—੧ (ਪ੍ਰਸ਼ਨ) ਸਭ ਕੋਈ ਅਫੁਰ ਹੀ ਅਫੁਰ ਕਹਿੰਦਾ ਹੈ । ੨. ਪਰ ਉਹ ਨਾਸ ਤੋਂ ਰਹਿਤ ਅਫੁਰ ਕਿਥੋਂ ਪ੍ਰਾਪਤ ਹੁੰਦਾ ਹੈ ? ੩. ਜੋ ਨਾਸ ਤੋਂ ਰਹਿਤ ਅਫੁਰ ਵਿਚ ਰੱਤੇ ਹੋਏ ਹਨ, ਉਹ ਕਿਸ ਤਰ੍ਹਾਂ ਦੇ ਹਨ ? ੪. (ਉੱਤਰ) ਜਿਸ ਤੋਂ ਪੈਦਾ ਹੋਏ ਸਨ, ਤਿਸੇ ਜਿਹੇ ਹਨ । ੫. ਉਹ ਮਰ ਕੇ ਜਾਂਦੇ ਨਹੀਂ ਤੇ ਜੰਮ ਕੇ ਆਉਂਦੇ ਨਹੀਂ ਹਨ । ੬. (ਕਿਉਂਕਿ) ਸਤਿਗੁਰੂ ਜੀ ਆਖਦੇ ਹਨ—ਉਨ੍ਹਾਂ ਨੇ ਗੁਰਾਂ ਦ੍ਵਾਰੇ ਮਨ ਨੂੰ ਸਮਝਾਇਆ ਹੈ ॥੫੨॥

**੧. ਨਉ ਸਰ ਸੁਭਰ ਦਸਵੈ ਪੂਰੇ ॥ ੨.**

ਤਹ ਅਨਹਤ ਸੁੰਨ ਵਜਾਵਹਿ ਤੂਰੇ ॥ ੩. ਸਾਚੈ ਰਾਚੇ ਦੇਖਿ ਹਜੂਰੇ ॥ ੪. ਘਟਿ ਘਟਿ ਸਾਚੁ ਰਹਿਆ ਭਰਪੂਰੇ ॥ ੫. ਗੁਪਤੀ ਬਾਣੀ ਪਰਗਟੁ ਹੋਇ ॥ ੬. ਨਾਨਕ ਪਰਖਿ ਲਏ ਸਚੁ ਸੋਇ ॥੫੩॥

ਅਰਥ—੧. ਨੌ (ਗੋਲਕਾਂ ਰੂਪ) ਸਰ=ਤਲਾਵਾਂ ਨੂੰ ਪ੍ਰੇਮ ਰੂਪ ਜਲ ਨਾਲ ਸੁਭਰ=ਲਬਾਲਬ ਕਰੇ ਤੇ ਦਸਵੇਂ ਹਿਰਦੇ ਤਾਲਾਵ ਨੂੰ ਨਾਮ ਰੂਪ ਜਲ ਨਾਲ ਪੂਰੇ । ੨. ਤਦ ਤਿਸ ਨੂੰ ਨਾਸ ਤੋਂ ਰਹਿਤ ਅਫੁਰ ਵਾਹਿਗੁਰੂ ਤੂਰੇ= ਛੇਤੀ ਨਾਲ ਵਜਾਵਹਿ=ਪ੍ਰਗਟ ਹੋ ਆਉਂਦਾ ਹੈ । ੩. ਜੋ ਸਚੇ ਨੂੰ ਹਜੂਰ ਵੇਖਣ ਵਿਚ ਲਗਾ ਹੋਇਆ ਹੈ । ੪. ਉਸ ਨੇ ਜਾਣਿਆ ਕਿ ਸਚ (ਸਰੂਪ) ਘਟ ਘਟ ਵਿਚ ਭਰਪੂਰ ਹੋ ਰਿਹਾ ਹੈ । ੫. ਉਸ ਨੂੰ ਬ੍ਰਹਮ ਵਿਦਿਆ ਰੂਪ ਗੁਪਤ ਬਾਣੀ ਪ੍ਰਗਟ ਹੋਈ ਹੈ । ੬. ਸਤਿਗੁਰੂ ਜੀ ਆਖਦੇ ਹਨ— ਇਸ ਲਈ ਓਹੀ (ਪੁਰਸ਼) ਸਚ ਸਰੂਪ ਨੂੰ ਪਰਖ ਲੈਂਦਾ ਹੈ ॥੫੩॥

੧. ਸਹਜ ਭਾਇ ਮਿਲੀਐ ਸੁਖੁ ਹੋਵੈ ॥ ੨. ਗੁਰਮੁਖਿ ਜਾਗੈ ਨੀਦ ਨ ਸੋਵੈ ॥ ੩. ਸੁੰਨ ਸਬਦੁ ਅਪਰੰਪਰਿ ਧਾਰੈ ॥ ੪. ਕਹਤੇ ਮੁਕਤੁ ਸਬਦਿ ਨਿਸਤਾਰੈ ॥ ੫. ਗੁਰ ਕੀ ਦੀਖਿਆ ਸੇ ਸਚਿ ਰਾਤੇ ॥ ੬. ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥

ਅਰਥ—੧. ਸ਼ਾਂਤਿ ਸੁਭਾਵ ਵਿਚ ਮਿਲੀਏ ਤਾਂ ਸੁਖ ਹੁੰਦਾ ਹੈ। ੨. ਜੋ ਗੁਰਮੁਖ ਗਿਆਨ ਵਿਚ ਜਾਗੇ ਹਨ ਉਹ ਅਵਿਦਿਆ ਨੀਂਦ ਵਿਚ ਨਹੀਂ ਸੌਂਦੇ ਹਨ। ੩. ਜੋ ਗੁਰਾਂ ਦੇ ਉਪਦੇਸ਼ ਕਰਕੇ ਅਪਰੰਪਰ ਅਫੁਰ ਨੂੰ ਹਿਰਦੇ ਵਿਚ ਧਾਰਦਾ ਹੈ। ੪. ਉਹ ਆਪ ਤਾਂ ਮੁਕਤ ਕਹੀਦਾ ਹੈ, ਤੇ ਦੂਜਿਆਂ ਨੂੰ ਉਪਦੇਸ਼ ਦੇ ਕੇ ਤਾਰਦਾ ਹੈ। ੫. ਜੋ ਕੋਈ ਉਨ੍ਹਾਂ ਗੁਰਾਂ ਦੀ ਦੀਖਿਆ ਲੈ ਕੇ ਸਚ ਵਿਚ ਰੱਤੇ ਹਨ। ੬. ਸਤਿਗੁਰੂ ਜੀ ਆਖਦੇ ਹਨ—ਉਨ੍ਹਾਂ ਨੇ ਆਪੁ=ਹੰਕਾਰ ਗਵਾਇਆ ਹੈ, ਇਸ ਲਈ ਵਾਹਿਗੁਰੂ ਨਾਲ ਮਿਲਣ ਵਿਚ ਉਨ੍ਹਾਂ ਦੀ ਕੋਈ ਭ੍ਰਾਂਤੀ ਨਹੀਂ ਹੈ, ਭਾਵ ਉਹ ਵਾਹਿਗੁਰੂ ਨੂੰ ਜ਼ਰੂਰ ਮਿਲਣਗੇ ॥੫੪॥

**੧. ਕੁਬੁਧਿ ਚਵਾਵੈ ਸੋ ਕਿਤੁ ਠਾਇ ॥ ੨. ਕਿਉ ਤਤੁ ਨ ਬੂਝੈ ਚੋਟਾ ਖਾਇ ॥ ੩. ਜਮ ਦਰਿ ਬਾਧੇ ਕੋਇ ਨ ਰਾਖੈ ॥ ੪. ਬਿਨੁ ਸਬਦੈ ਨਾਹੀ ਪਤਿ ਸਾਖੈ ॥ ੫. ਕਿਉ ਕਰਿ ਬੂਝੈ ਪਾਵੈ ਪਾਰੁ ॥ ੬. ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥**

ਅਰਥ—੧. (ਪ੍ਰਸ਼ਨ) ਜਿਥੇ ਜਾ ਕੇ ਕੁਬੁਧੀ ਨਾਸ ਹੋਵੇ ਉਹ ਕਿਹੜੀ ਜਗ੍ਹਾ ਹੈ ? ੨. ਕਿਸ ਤਰ੍ਹਾਂ ਤਤ ਸ੍ਰੂਪ ਨੂੰ ਸਮਝੇ ਜਿਸ ਕਰਕੇ ਚੋਟਾਂ ਨਾ ਖਾਵੇਗਾ ? ੩. ਜਮਾਂ ਦੇ ਦਰ ਤੇ ਬਧੇ ਹੋਏ ਦਾ ਕੋਈ ਰਾਖਾ ਨਹੀਂ ਹੁੰਦਾ, ਸੋ ਕਿਵੇਂ ਹੋਵੇ ? ੪. ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਜੀਵ ਦੀ ਇਥੇ ਇੱਜ਼ਤ ਤੇ ਪ੍ਰਲੋਕ ਵਿਚ ਸਾਖ ਨਹੀਂ, ਸੋ ਕਿਸ ਤਰ੍ਹਾਂ ਹੋਵੇਗੀ। ੫. ਕਿਸ ਤਰ੍ਹਾਂ ਵਾਹਿਗੁਰੂ ਨੂੰ ਸਮਝੇਗਾ ਜਿਸ ਕਰਕੇ ਇਹ ਸੰਸਾਰ ਸਮੁੰਦਰ ਤੋਂ ਪਾਰ

ਪਵੇਗਾ। ੬. ਸਤਿਗੁਰੂ ਜੀ ਆਖਦੇ ਹਨ—ਮਨਮੁਖ ਮੂਰਖ ਵਾਹਿਗੁਰੂ ਨੂੰ ਨਹੀਂ ਸਮਝਦਾ ਹੈ ॥੫੫॥

**੧. ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ੨. ਸਤਿਗੁਰੁ ਭੇਟੈ ਮੋਖ ਦੁਆਰ ॥ ੩. ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ੪. ਦੁਰਮਤਿ ਵਿਛੁੜਿ ਚੋਟਾ ਖਾਇ ॥ ੫. ਮਾਨੈ ਹੁਕਮੁ ਸਭੇ ਗੁਣ ਗਿਆਨ ॥ ੬. ਨਾਨਕ ਦਰਗਹ ਪਾਵੈ ਮਾਨੁ ॥੫੬॥**

ਅਰਥ—੧. (ਉੱਤਰ) ਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰਨੇ ਕਰਕੇ ਖੋਟੀ ਬੁਧੀ ਨਾਸ ਹੁੰਦੀ ਹੈ। ੨. ਸਤਿਗੁਰੂ ਨੂੰ ਮਿਲੇ ਤਾਂ ਮੁਕਤੀ ਦਾ ਦਰਵਾਜ਼ਾ—ਗਿਆਨ ਪਾਉਂਦਾ ਹੈ ਤੇ ਫਿਰ ਚੋਟਾਂ ਨਹੀਂ ਖਾਂਦਾ। ੩. ਤਤ ਸਰੂਪ ਨੂੰ ਨਹੀਂ ਪਛਾਣਦਾ ਤੇ ਮਨਮੁਖਤਾ ਵਿਚ ਸੜਦਾ ਜਾਂਦਾ ਹੈ (ਇਸ ਲਈ ਇਸ ਦਾ ਕੋਈ ਰਾਖਾ ਨਹੀਂ ਹੁੰਦਾ, ਜੇਕਰ ਮਨਮੁਖਤਾ ਛਡ ਦੇਵੇ ਤਾਂ ਇਸ ਦੀ ਰਖਿਆ ਹੁੰਦੀ ਹੈ)। ੪. ਖੋਟੀ ਬੁਧੀ ਕਰਕੇ ਵਿਛੜਿਆ ਹੋਇਆ ਮਾਰ ਖਾਂਦਾ ਹੈ ਤੇ ਇੱਜ਼ਤ ਨਹੀਂ ਹੁੰਦੀ ਜੇਕਰ ਖੋਟੀ ਬੁਧੀ ਨਾਸ ਕਰੇ, ਅਤੇ। ੫. ਵਾਹਿਗੁਰੂ ਦੇ ਹੁਕਮ ਨੂੰ ਮੰਨੇ ਤਾਂ ਸਾਰੇ ਗੁਣਾਂ ਦਾ ਗਿਆਨ ਪਾਵੇਗਾ। ੬. ਸਤਿਗੁਰੂ ਜੀ ਆਖਦੇ ਹਨ—ਤਦ ਦਰਗਾਹ ਵਿਚ ਮਾਨ ਪਾਵੇਗਾ ॥੫੬॥

**੧. ਸਾਚੁ ਵਖਰੁ ਧਨੁ ਪਲੈ ਹੋਇ ॥ ੨. ਆਪਿ ਤਰੈ ਤਾਰੇ ਭੀ ਸੋਇ ॥ ੩. ਸਹਜਿ ਰਤਾ**

**ਬੂਝੈ ਪਤਿ ਹੋਇ ॥ ੪. ਤਾ ਕੀ ਕੀਮਤਿ ਕਰੈ ਨ ਕੋਇ ॥ ੫. ਜਹ ਦੇਖਾ ਤਹ ਰਹਿਆ ਸਮਾਇ ॥ ੬. ਨਾਨਕ ਪਾਰਿ ਪਰੈ ਸਚ ਭਾਇ ॥੫੭॥**

ਅਰਥ—੧. ਜਿਸ ਦੇ ਹਿਰਦੇ ਰੂਪ ਪੱਲੇ ਵਿਚ ਸਚੇ ਨਾਮ ਦਾ ਸੌਦਾ ਤੇ ਸ਼ਰਧਾ ਰੂਪ ਧਨ ਪੱਲੇ ਹੋਵੇਗਾ । ੨. ਉਹ ਆਪ ਤਰ ਕੇ ਹੋਰਨਾਂ ਨੂੰ ਵੀ ਤਾਰੇਗਾ । ੩. ਗੁਰਾਂ ਨੂੰ ਪੁਛ ਕੇ ਜਿਸ ਦਾ ਮਨ ਬ੍ਰਹਮ ਵਿਚ ਰੱਤਾ ਹੋਇਆ ਹੈ ਉਸ ਦੀ ਇੱਜ਼ਤ ਹੁੰਦੀ ਹੈ । ੪. ਤਿਸ ਦੀ ਕੀਮਤ=ਉਪਮਾ ਕੋਈ ਭੀ ਨਹੀਂ ਕਰ ਸਕਦਾ । ੫. ਜਿਥੇ ਵੇਖਦੇ ਹਾਂ ਉਥੇ ਹੀ ਵਾਹਿਗੁਰੂ ਸਮਾਇ ਰਿਹਾ ਹੈ । ੬. ਸਤਿਗੁਰੂ ਜੀ ਆਖਦੇ ਹਨ—ਸਚੇ ਪ੍ਰੇਮ ਕਰਕੇ ਜੀਵ ਸੰਸਾਰ ਤੋਂ ਪਾਰ ਪਵੇਗਾ ॥੫੭॥

**੧. ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥ ੨. ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥ ੩. ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥ ੪. ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥ ੫. ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥ ੬. ਆਪੇ ਦਾਨਾ**

**ਆਪੇ ਬੀਨਾ ਪੂਰੈ ਭਾਗਿ ਸਮਾਏ ॥੫੮॥**

ਅਰਥ—੧. (ਪ੍ਰਸ਼ਨ) ਉਸ ਬ੍ਰਹਮ ਦਾ ਵਾਸਾ ਕਿਥੇ ਕਹੀਦਾ ਹੈ ? ਅਤੇ ਜਿਸ ਉਪਦੇਸ਼ ਕਰਕੇ ਸੰਸਾਰ ਸਮੁੰਦਰ ਤੋਂ ਤਰੀਦਾ ਹੈ ਉਹ ਉਪਦੇਸ਼ ਕਿਹੜਾ ਹੈ ? ੨. ਤ੍ਰੈਸਤ=ਦਸ ਉਂਗਲ ਪੌਣ ਜੋ ਨਾਸਾਂ ਥਾਣੀ ਬਾਹਰ ਜਾਂਦੀ ਹੈ ਉਸ ਦਾ ਦਸੋ ਕੌਣ ਆਸਰਾ ਹੈ ? ੩. ਬੋਲੈ ਖੇਲੈ=ਚੰਚਲ ਮਨ ਕਿਸ ਤਰ੍ਹਾਂ ਅਚੱਲ ਹੋਵੇਗਾ ? ਅਤੇ ਜੀਵ ਨੂੰ ਅਲਖ ਵਾਹਿਗੁਰੂ ਆਪਣਾ ਆਪ ਕਿਸ ਤਰ੍ਹਾਂ ਲਖਾਵੇਗਾ ? ੪. (ਉੱਤਰ) ਸਤਿਗੁਰੂ ਜੀ ਪ੍ਰਣਵੈ= ਆਖਦੇ ਹਨ—ਹੇ ਸੁਆਮੀ ! ਸੁਣ, ਜੀਵ ਆਪਣੇ ਮਨ ਨੂੰ ਝੂਠ ਸਚ ਦਾ ਨਿਰਨਾ ਸਮਝਾਵੇ ਤਾਂ ਚੰਚਲ ਮਨ ਅਚੱਲ ਹੋਵੇਗਾ । ੫. ਗੁਰਮੁਖਾਂ ਦੇ ਉਪਦੇਸ਼ ਵਿਚ ਨਿਸਚਾ ਤੇ ਪ੍ਰੀਤ ਲਗੇ ਤਾਂ ਨਦਰੀ ਆਪਣੀ ਕ੍ਰਿਪਾ ਕਰਕੇ ਆਪਣੇ ਨਾਲ ਮਿਲਾਵੇਗਾ ਇਸ ਤਰ੍ਹਾਂ ਅਲਖ ਆਪਣਾ ਆਪ ਲਖਾਉਂਦਾ ਹੈ । ੬. ਜੋ ਆਪ ਹੀ ਦਨਾ ਤੇ ਆਪ ਹੀ ਚਤਰ ਹੈ ਜੀਵ ਉਸ ਵਿਚ ਪੂਰੇ ਭਾਗਾਂ ਕਰਕੇ ਸਮਾਉਂਦਾ ਹੈ ॥੫੮॥

**੧. ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ ੨. ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥ ੩. ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ ੪. ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥ ੫. ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ**

**ਏਕੋ ਜਾਣੈ ॥ ੬. ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥**

ਅਰਥ—੧. ਉਸ ਬ੍ਰਹਮ ਦਾ ਵਾਸਾ ਅਲਖੰ=ਨਹੀਂ ਲਖਿਆ ਜਾਂਦਾ, ਕਿਉਂਕਿ ਜਿਥੇ ਵੇਖਦੇ ਹਾਂ ਉਥੇ ਹੀ ਉਹ ਇਕ ਰਸ ਵਸਦਾ ਹੋਇਆ ਹੈ, ਤਾਂਤੇ ਕੋਈ ਖ਼ਾਸ ਜਗ੍ਹਾਂ ਨਹੀਂ ਹੈ। ੨. ਜਿਸ ਨੇ ਜੀਵਾਂ ਵਿਚ ਅਕਲ (ਰੂਪ) ਕਲਾ ਧਰੀ ਹੋਈ ਹੈ, ਉਸ ਅਫੁਰ ਵਿਚ ਹੀ ਪ੍ਰਾਣਾਂ ਦੇ ਵਸਨ ਦਾ ਨਿਵਾਸਾ=ਸਥਾਨ ਹੈ, ਉਹੀ ੩. ਅਫੁਰ ਜਦ ਆਪਣੀ ਕ੍ਰਿਪਾ ਦੀ ਨਜ਼ਰ ਕਰੇ ਤਾਂ ਜੀਵ ਦੇ (ਹਿਰਦੇ) ਵਿਚੋਂ ਭਰਮ ਚੁਕਾਵੇਗਾ। ੪. ਤਦ ਜੀਵ ਮਨ ਬਾਣੀ ਸਰੀਰ (ਕਰਕੇ) ਨਿਰਮਲ ਹੋਵੇਗਾ ਅਤੇ ਨਿਰਮਲ ਨਾਮ ਨੂੰ ਮਨ ਵਿਚ ਵਸਾਵੇਗਾ। ੫. ਅਤੇ ਇਧਰ ਉਧਰ ਇਕੋ ਨੂੰ ਸਮਾਇਆ ਜਾਣੇਗਾ, ਤਾਂਤੇ ਇਸ ਤਰ੍ਹਾਂ ਕਰਕੇ ਗੁਰਾਂ ਦੇ ਉਪਦੇਸ਼ ਦੁਆਰਾ ਸੰਸਾਰ ਸਮੁੰਦਰ ਤੋਂ ਤਰੀਦਾ ਹੈ। ੬. ਸਤਿਗੁਰੂ ਜੀ ਆਖਦੇ ਹਨ— ਜਿਸ ਦਾ ਵਰਨ ਚਿੰਨ ਤੇ ਮਾਇਆ ਦੀ ਛਾਇਆ ਵੀ ਨਹੀਂ ਹੈ, ਤਦ ਜੀਵ ਉਸ ਬ੍ਰਹਮ ਨੂੰ ਪਛਾਣ ਲੈਂਦਾ ਹੈ ॥੫੯॥

**੧. ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ ੨. ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥ ੩. ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥ ੪. ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ**

**ਨਾਮਿ ਲਗੈ ਪਿਆਰੋ ॥ ੫. ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥ ੬. ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥**

ਅਰਥ—੧. ਹੇ ਅਉਧੂ=ਜੋਗੀ ! ਦਸ ਉਂਗਲ ਪ੍ਰਾਣਾਂ ਦਾ ਅਹਾਰ ਸਚਾ ਅਫੁਰ ਹੈ, (ਭਾਵ ਚੇਤਨ ਸੱਤਾ ਦੇ ਆਸਰੇ ਪ੍ਰਾਣ ਆਉਂਦੇ ਜਾਂਦੇ ਹਨ)। ੨. ਗੁਰਾਂ ਦ੍ਵਾਰਾ ਉਸ ਦਾ ਨਾਮ ਬੋਲੇ ਤਾਂ ਮਿਥਿਆ ਨੂੰ ਛੱਡ ਕੇ ਤਤ ਨੂੰ ਵਿਰੋਲੈ='ਕੱਠਾ ਕਰ ਲੈਂਦਾ ਹੈ, ਅਤੇ ਅਲਖ ਅਪਾਰ ਨੂੰ ਪਛਾਣ ਲੈਂਦਾ ਹੈ। ੩. ਜਦ ਗੁਰਾਂ ਦੇ ਉਪਦੇਸ਼ ਨੂੰ ਮਨ ਵਿਚ ਵਸਾਏ ਤਾਂ ਤਿੰਨਾਂ ਗੁਣਾਂ ਦੀ ਮਨੌਤ ਮਿਟਾਵੇਗਾ ਤਦ ਹੰਕਾਰ ਚੁਕ ਜਾਵੇਗਾ। ੪. ਅੰਦਰ ਬਾਹਰ ਇਕੋ ਨੂੰ ਵਿਆਪਕ ਜਾਣੇ ਤਾਂ ਹਰੀ ਨਾਮ ਨਾਲ ਪਿਆਰ ਲਗੇਗਾ। ੫. ਜਦ ਸੁਖਮਨਾ=ਰਜੋ, ਇੜਾ=ਸਤੋ, ਪਿੰਗਲਾ=ਤਮੋ (ਇਨ੍ਹਾਂ ਤਿੰਨਾਂ ਦਾ ਭੇਦ) ਸਮਝੇ ਤਾਂ ਅਲਖ ਆਪਣਾ ਆਪ ਲਖਾਵੇਗਾ। ੬. ਸਤਿਗੁਰੂ ਜੀ ਆਖਦੇ ਹਨ—ਜੋ ਤਿੰਨਾਂ ਗੁਣਾਂ ਤੋਂ ਉਤੇ ਹੈ, ਉਸ ਸਚ ਵਿਚ ਸਤਿਗੁਰਾਂ ਦੇ ਉਪਦੇਸ਼ ਕਰਕੇ ਸਮਾਵੇਗਾ ॥੬੦॥

**੧. ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥ ੨. ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥ ੩. ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥ ੪.**

**ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥ ੫. ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥ ੬. ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥**

ਅਰਥ—੧. (ਪ੍ਰਸ਼ਨ)—ਜੋ ਮਨ ਦਾ ਮਾਲਕ ਪੌਣ ਕਹੀਦਾ ਹੈ, ਉਹ ਪੌਣ ਕੀ ਰਸ ਖਾਂਦਾ ਹੈ ? ੨. ਹੇ ਅਉਧੂ=ਜੋਗੀ, ਸੁਧ ਰੂਪ ! ਗਿਆਨ ਦੀ ਨਿਸ਼ਾਨੀ ਕੀ ਹੈ ? (ਅਤੇ) ਸਿਧ ਦੀ ਕਿਹੜੀ ਕਮਾਈ ਹੈ ? (ਅਰਥਾਤ ਮੁਕਤੀ ਦਾ ਕਿਹੜਾ ਸਾਧਨ ਹੈ) ? ੩. ਗੁਰੂ ਜੀ ਨੇ ਕਿਹਾ ਪੌਣ ਦਾ ਅਹਾਰ ਸਟਾ ਸੁੰਨ, ਤੇ ਗਿਆਨ ਦੀ ਨਿਸ਼ਾਨੀ ਇਹ ਦੋਵੇਂ ਪਿਛੇ ਕਹੇ ਹਨ, ਹੁਣ ਮੁਕਤੀ ਦਾ ਸਾਧਨ ਸੁਣੋ :— ਹੇ ਅਉਧੂ=ਜੋਗੀ ! ਗੁਰਾਂ ਦੇ ਉਪਦੇਸ਼ ਬਿਨਾਂ ਆਤਮ ਰਸ (ਭਾਵ ਮੁਕਤੀ, ਅਨੰਦ) ਨਹੀਂ ਆਉਂਦਾ ਅਤੇ ਹੰਗਤਾ ਮਮਤਾ ਤੇ ਤ੍ਰਿਸ਼ਨਾ ਰੂਪ ਪਿਆਸ ਨਹੀਂ ਜਾਂਦੀ ਹੈ । ੪. ਜੋ ਗੁਰਾਂ ਦੇ ਉਪਦੇਸ਼ ਵਿਚ ਰੱਤੇ ਹੋਏ ਹਨ, ਉਨ੍ਹਾਂ ਨੇ ਅੰਮ੍ਰਿਤ ਰੂਪ ਆਤਮ ਰਸ ਪਾਇਆ ਹੈ ਅਤੇ ਉਹ ਸਚੇ (ਆਤਮ ਰਸ ਕਰਕੇ) ਰੱਜ ਰਹੇ ਹਨ। ੫. (ਪ੍ਰਸ਼ਨ)—ਉਹ ਬੁਧੀ ਕਿਹੜੀ ਹੈ, ਜਿਸ ਕਰਕੇ ਅਚੱਲ ਹੋ ਕੇ ਰਹੀਦਾ ਹੈ ? ਅਤੇ ਕਿਸ ਭੋਜਨ ਨੂੰ ਖਾ ਕੇ ਤ੍ਰਿਪਤ ਹੋਵੀਦਾ ਹੈ ? ੬ (ਉੱਤਰ)—ਸਤਿਗੁਰੂ ਜੀ ਆਖਦੇ ਹਨ—ਦੁਖ ਸੁਖ ਨੂੰ ਇਕੋ ਜਿਹਾ ਕਰਕੇ ਜਾਣੀਏ ਤਾਂ ਅਚੱਲ ਰਹੀਦਾ ਹੈ, ਅਤੇ ਸਤਿਗੁਰੂ ਦੇ ਉਪਦੇਸ਼ ਰੂਪ ਭੋਜਨ ਕਰਕੇ ਤ੍ਰਿਪਤ ਹੋਈਦਾ ਹੈ, ਤੇ ਫਿਰ ਕਾਲ ਨਹੀਂ ਖਾਂਦਾ ਹੈ ॥੬੧॥

**੧. ਰੰਗਿ ਨ ਰਾਤਾ ਰਸਿ ਨਹੀ ਮਾਤਾ ॥**

੨. ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥
੩. ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥
੪. ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥
੫. ਅਕਥ ਕਥਾ ਲੇ ਸਮ ਕਰਿ ਰਹੈ ॥ ੬. ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥

ਅਰਥ—੧. (ਪ੍ਰਸ਼ਨ)—ਜੋ ਪ੍ਰੇਮ ਵਿਚ ਰੱਤਾ ਨਹੀਂ ਉਹ ਕਿਵੇਂ ਰੰਗੀਵੇ ? ਜੋ ਅਨੰਦ ਵਿਚ ਮਸਤ ਨਹੀਂ ਹੋਇਆ ਉਹ ਕਿਵੇਂ ਮਸਤ ਹੋਵੇ ? ੨. ਜੋ ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਸੜ ਬਲ ਕੇ ਤੱਤਾ (ਹੋਇਆ ਹੋਇਆ ਹੈ ਉਹ ਕਿਵੇਂ ਠੰਡਾ ਹੋਵੇ ?) ੩. ਜਿਸ ਨੇ ਬਿੰਦ ਨਹੀਂ ਰਖਿਆ (ਉਹ ਕਿਵੇਂ ਰਖੇ) ? ਜਿਸ ਨੇ ਗੁਰਾਂ ਦਾ ਉਪਦੇਸ਼ ਨਹੀਂ ਉਚਾਰਿਆ (ਉਹ ਕਿਵੇਂ ਉਚਾਰੇ) ? ੪. ਜਿਸ ਨੇ ਸਵਾਸਾਂ ਨੂੰ ਨਹੀਂ ਸਾਧਿਆ=ਰੋਕਿਆ (ਉਹ ਕਿਵੇਂ ਰੋਕੇ) ? ਜਿਸ ਨੇ ਸਚ ਨੂੰ ਨਹੀਂ ਅਰਾਧਿਆ (ਉਹ ਕਿਵੇਂ ਅਰਾਧੇਗਾ) ? ੫. ਉੱਤਰ—(ਜੋ) ਅਕੱਥ ਦੀ ਕਥਾ ਲੈ ਕੇ ਏਕਤਾ ਵਿਚ ਰਹਿਣਾ ਹੈ (ਇਵੇਂ ਹੀ ਪੌਣ ਰੋਕੀਦੀ ਹੈ) । ੬. ਸਤਿਗੁਰੂ ਜੀ ਆਖਦੇ ਹਨ—ਤਦ ਹੀ ਰਾਮ ਨੂੰ ਵਿਆਪਕ ਲਖੀਦਾ ਹੈ ॥੬੨॥

੧. ਗੁਰ ਪਰਸਾਦੀ ਰੰਗੇ ਰਾਤਾ ॥ ੨. ਅੰਮ੍ਰਿਤੁ ਪੀਆ ਸਾਚੇ ਮਾਤਾ ॥ ੩. ਗੁਰ ਵੀਚਾਰੀ ਅਗਨਿ ਨਿਵਾਰੀ ॥ ੪. ਅਪਿਉ ਪੀਓ ਆਤਮ ਸੁਖੁ ਧਾਰੀ ॥ ੫. ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ ੬.

## ਨਾਨਕ ਬੂਝੈ ਕੋ ਵੀਚਾਰੀ ॥੬੩॥

ਅਰਥ—੧. ਗੁਰੂ ਦੀ ਕ੍ਰਿਪਾ ਨਾਲ ਪ੍ਰੇਮ ਵਿਚ ਰੰਗੀਦਾ ਹੈ । ੨. ਜੇਕਰ ਗੁਰਾਂ ਦਾ ਉਪਦੇਸ਼ ਰੂਪ ਅੰਮ੍ਰਿਤ ਪੀਵੇ ਤਾਂ ਸਚੇ ਅਨੰਦ ਵਿਚ ਮਸਤ ਹੋਵੇਗਾ । ੩. ਗੁਰਾਂ ਦੇ ਉਪਦੇਸ਼ ਦੀ ਵਿਚਾਰ (ਕਰੇ ਤਾਂ ਤ੍ਰਿਸ਼ਨਾ) ਅੱਗ ਦੂਰ ਕਰ ਕੇ ਸ਼ਾਂਤ ਹੋਵੇਗਾ । ੪. ਜੋ ਉਪਦੇਸ਼ ਰੂਪ ਅੰਮ੍ਰਿਤ ਦਾ ਪੀਣਾ ਹੈ, (ਇਹ ਬਿੰਦ ਦਾ ਰੋਕਣਾ ਹੈ), ਆਤਮਾ ਨੂੰ ਸੁਖ ਦਾ ਧਾਰੀ=ਧਾਰਨੇ ਵਾਲਾ ਜਾਣੇ (ਤਾਂ ਉਪਦੇਸ਼ ਨੂੰ ਵਿਚਾਰਨ ਵਾਲਾ ਹੋਵੇਗਾ ।) ੫. ਜੋ ਇਹ ਜਾਨਣਾ ਹੈ ਕਿ ਗੁਰਮੁਖਾਂ ਦੀ ਸੰਗਤ ਰੂਪ ਤਾਰੀ=ਬੇੜੀ ਕਰ ਕੇ ਤਰਨਾ ਹੁੰਦਾ ਹੈ, ਏਹੀ ਸਚ ਦਾ ਅਰਾਧਨਾ ਹੈ । ੬. ਸਤਿਗੁਰੂ ਜੀ ਆਖਦੇ ਹਨ—ਪਰ ਇਸ ਗੱਲ ਨੂੰ ਕੋਈ ਵਿਚਾਰ ਵਾਲਾ ਹੀ ਸਮਝਦਾ ਹੈ ॥੬੩॥

**੧. ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥ ੨. ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥ ੩. ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥ ੪. ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥ ੫. ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥ ੬.**

**ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥**

ਅਰਥ—੧. (ਪ੍ਰਸ਼ਨ)—ਇਹ ਮਨ 'ਮੈਗਲ' ਹਾਥੀ ਕਿਥੇ ਵਸਦਾ ਹੈ ? ਅਤੇ ਇਹ ਪੌਣ ਕਿਥੇ ਵਸਦੀ ਹੈ ? ੨. ਹੇ ਅਉਧੂ ! ਉਹ ਬ੍ਰਹਮ ਕਿਥੇ ਵਸਦਾ ਹੈ ? (ਜਿਸ ਉਪਦੇਸ਼ ਨੂੰ ਲੈ ਕੇ ਚੁਰਾਸੀ ਵਿਚ) ਜੀਵ ਦਾ ਭੌਣਾ ਚੁਕਦਾ ਹੈ ਤਿਸ ਨੂੰ (ਕਿਵੇਂ ਜਾਣੇ) ? ੩. (ਉੱਤਰ)—ਜੀਵ ਸਤਿਗੁਰਾਂ ਨੂੰ ਮਿਲੇ ਤੇ ਗੁਰੂ ਦੀ ਕ੍ਰਿਪਾ ਦੀ ਨਜ਼ਰ ਕਰੇ ਤਦ ਇਹ ਜੀਵ ਆਪਣੇ ਸ੍ਵਰੂਪ ਵਿਚ ਵਾਸਾ ਪਾਵੇਗਾ । ੪. ਅਤੇ ਆਪਣੇ ਹੰਕਾਰ ਨੂੰ ਖਾਵੇ ਤਾਂ ਨਿਰਮਲ ਹੋਵੇਗਾ ਅਤੇ ਦੌੜਦੇ ਮਨ ਨੂੰ ਰੋਕ ਰਖੇ ਤਾਂ ਇਸ ਦਾ ਭੌਣਾ ਮਿਟ ਜਾਵੇਗਾ। ੫. (ਪ੍ਰਸ਼ਨ)—ਆਪਣੇ ਮੂਲ ਨੂੰ ਕਿਵੇਂ ਪਛਾਣੇਗਾ ? ਆਤਮਾ ਨੂੰ ਕਿਵੇਂ ਜਾਣੇਗਾ ? ਸਤੋਗੁਨੀ ਹਿਰਦੇ ਵਿਚ ਗਿਆਨ ਸੂਰਜ ਕਿਵੇਂ ਸਮਾਵੇਗਾ ? ੬. (ਉੱਤਰ)—ਸਤਿਗੁਰੂ ਜੀ ਆਖਦੇ ਹਨ—ਗੁਰਾਂ ਦਵਾਰਾ ਹਿਰਦੇ ਵਿਚੋਂ ਹਉਮੈ ਨਾਸ ਕਰੇ ਤਦ ਸਤੋਗੁਨੀ ਹਿਰਦੇ ਵਿਚ ਸਹਜਿ=ਗਿਆਨ ਸੂਰਜ ਸਮਾਵੇਗਾ ॥੬੪॥

**੧. ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥ ੨. ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥ ੩. ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ ੪. ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ**

**ਤ੍ਰਿਪਤਾਸਿ ਰਹੈ ॥ ੫. ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥ ੬. ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥**

ਅਰਥ—੧. ਇਹ ਮਨ ਅਚੱਲ ਹੋ ਕੇ ਹਿਰਦੇ ਵਿਚ ਵਸਦਾ ਹੈ, ਗੁਰਾਂ ਦਵਾਰੇ ਆਪਣੇ ਮੂਲ ਰਕਤ ਬੀਰਜ ਨੂੰ ਪਛਾਣੇਗਾ । ੨. ਨਾਭਿ=ਧੁੰਨੀ ਰੂਪ ਘਰ ਵਿਚ ਪੌਣ ਆਸਣ ਲਾ ਕੇ ਵਸਦੀ ਹੈ ਅਤੇ ਗੁਰਾਂ ਦਵਾਰੇ ਵਿਚਾਰ ਕਰਕੇ ਤਤ=ਆਤਮਾ ਨੂੰ ਸਹੈ=ਜਾਣੀਦਾ ਹੈ । ੩. ਉਹ ਬ੍ਰਹਮ ਇਕ ਰਸ ਆਪਣੇ ਸੰਸਾਰ ਰੂਪ ਘਰ (ਵਿਚ ਵਸਦਾ) ਆਛੈ=ਹੈ ਅਤੇ ਤਿੰਨਾਂ ਲੋਕਾਂ ਵਿਚ ਜੋਤਿ=ਪ੍ਰਕਾਸ਼ ਕਰਦਾ ਹੈ, ਪਰ ਉਸ ਨੂੰ ਗੁਰਾਂ ਦੇ ਉਪਦੇਸ਼ ਕਰਕੇ ਲਖੀਦਾ ਹੈ । ੪. ਸਚੇ ਨਾਮ ਦੀ ਭੁਖ ਲੱਗੇ ਤਾਂ ਦੁਖਾਂ ਨੂੰ ਖਾਵੇਗਾ ਅਤੇ ਸੱਚੇ ਨਾਮ ਦੀ ਭੁੱਖ ਕਰਕੇ ਹੀ ਆਸਾ ਤੋਂ ਤ੍ਰਿਪਤ ਹੋ ਰਹੇਗਾ । ੫. ਗੁਰਾਂ ਦਵਾਰਾ ਨਾਮ ਤੋਂ ਰਹਿਤ ਬਾਣੀ ਜਾਣੀ ਹੈ, ਅਤੇ ਕਿਸੇ ਵਿਰਲੇ ਨੂੰ ਇਸ ਦਾ ਅਰਥ ਆਉਂਦਾ ਹੈ । ੬. ਸਤਿਗੁਰੂ ਜੀ ਆਖਦੇ ਹਨ—ਜੋ ਉਸ ਸਚ ਸਰੂਪ ਦੇ ਨਾਮ ਨੂੰ ਉਚਾਰਦਾ ਤੇ ਸਚ ਦੇ ਪ੍ਰੇਮ ਵਿਚ ਰਪੈ=ਰੰਗਿਆ ਗਿਆ ਹੈ, ਉਸ ਦਾ ਰੰਗ ਕਦੇ ਭੀ ਨਹੀਂ ਜਾਂਦਾ ਹੈ ॥੬੫॥

**੧. ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥ ੨. ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥ ੩. ਰੂਪੁ ਨ ਹੋਤੋ ਰੇਖ ਨ ਕਾਈ**

**ਤਾ ਸਬਦਿ ਕਹਾ ਲਿਵ ਲਾਈ ॥ ੪. ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥ ੫. ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥ ੬. ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥**

ਅਰਥ—੧. (ਪ੍ਰਸ਼ਨ)—ਜਦ ਇਹ ਹਿਰਦਾ ਤੇ ਦੇਹ ਨਹੀਂ ਹੁੰਦੀ ਸੀ ਤਦ ਇਹ ਮਨ ਕਿਥੇ ਰਹਿੰਦਾ ਸੀ ? ੨. ਜਦ ਨਾਭਿ=ਧੁੰਨੀ ਦੀ ਕਮਲ=ਜਗ੍ਹਾ ਦਾ, ਅਸਥੰਭ=ਆਸਰਾ ਨਹੀਂ ਹੁੰਦਾ ਸੀ ਤਦ ਪੌਣ ਕਿਸ ਘਰ ਦੇ ਆਸਰੇ ਸਹਿਤ ਹੋ ਕੇ ਵਸਦਾ ਸੀ ? ੩. ਜਦ ਰੂਪ ਨਹੀਂ ਹੁੰਦਾ ਸੀ ਤੇ ਰੇਖ ਭੀ ਕੋਈ ਨਹੀਂ ਸੀ, ਤਦ ਬ੍ਰਹਮ ਨੇ ਕਿਥੇ ਲਿਵ ਲਾਈ ਹੋਈ ਸੀ, ਭਾਵ (ਕਿਥੇ ਵਿਆਪਕ ਸੀ) ? ੪. ਜਦ ਰਕਤ ਬਿੰਦ ਦੀ ਮੜੀ=ਦੇਸ ਨਹੀਂ ਹੁੰਦੀ ਸੀ ਤਦ ਦੀ ਮਰਯਾਦਾ ਦੀ ਕੀਮਤ ਨਹੀਂ ਪਾਈ ਜਾਂਦੀ। ੫. ਜਦ ਵਰਨਾਂ ਭੇਖਾਂ ਦੇ ਰੂਪ ਹੀ ਨਹੀਂ ਜਾਪਦੇ ਅਸ=ਹੈਸਨ, ਤਦ ਸਚਾ ਕਿਸ ਤਰ੍ਹਾਂ ਜਾਣਿਆ ਜਾਂਦਾ ਸੀ ? ੬. ਸਤਿਗੁਰੂ ਜੀ ਸਾਧਾਰਨ ਉੱਤਰ ਦੇਂਦੇ ਹਨ ਕਿ ਜੋ ਵੈਰਾਗੀ ਨਾਮ ਵਿਚ ਰੱਤੇ ਹੋਏ ਹਨ, ਉਨ੍ਹਾਂ ਦੇ ਭਾਣੇ ਵਿਚ ਭੀ ਸੱਚਾ ਹੈ, ਅਤੇ ਓਦੋਂ ਭੀ ਇਕੋ ਸੱਚਾ ਸੀ ॥੬੬॥

**੧. ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ ੨. ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ**

**ਪਵਨੁ ਅਨਰਾਗੀ ॥ ੩. ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ ੪. ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ ੫. ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥ ੬. ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥**

ਅਰਥ—੧. (ਉੱਤਰ)—ਹੇ ਜੋਗੀ ! ਜਦ ਹਿਰਦਾ ਤੇ ਦੇਹ ਨਹੀਂ ਹੁੰਦੀ ਸੀ ਤਦ ਮਨ ਸਭ ਕਰਮਾਂ ਵਲੋਂ ਵੈਰਾਗੀ ਹੋ ਕੇ ਅਫੁਰ ਵਿਚ ਰਹਿੰਦਾ ਸੀ। ੨. ਜਦ ਧੁੰਨੀ (ਰੂਪ) ਜਗ੍ਹਾਂ ਦਾ ਆਸਰਾ ਨਹੀਂ ਹੁੰਦਾ ਸੀ ਤਦ ਪੌਣ (ਅਵਿਦਿਆ ਰੂਪੀ) ਆਪਣੇ ਘਰ ਵਿਚ ਪ੍ਰੇਮੀ ਹੋ ਕੇ ਵਸਦੀ ਸੀ। ੩. ਜਦ ਰੂਪ ਰੇਖ ਨਹੀਂ ਸੀ ਤੇ ਜਾਤੀ ਭੀ ਨਹੀਂ ਹੁੰਦੀ ਸੀ, ਤਦ ਅਕੁਲੀਣਿ=ਕੁਲ ਤੋਂ ਰਹਿਤ ਜੋ ਬ੍ਰਹਮ ਹੈ ਉਹ ਸਾਰ ਰੂਪ ਹੋ ਕੇ ਰਹਿੰਦਾ ਸੀ। ੪. ਜਦ ਗਉਨੁ=ਪੌਣ ਤੇ ਅਕਾਸ਼ (ਆਦਿਕ ਤੱਤ) ਨਹੀਂ ਹੁੰਦੇ ਸਨ ਤਦ ਤਿੰਨਾਂ ਲੋਕਾਂ ਦਾ ਪ੍ਰਕਾਸ਼ਕ ਨਿਰੰਕਾਰ ਆਪਣੇ (ਰੂਪ ਵਿਚ ਰਹਿੰਦਾ ਸੀ)। ਵਰਨਾਂ ਭੇਖਾਂ ਦਾ ਜਦ ਰੂਪ ਨਹੀਂ ਹੁੰਦਾ ਹੈਸੀ ਤਦ ਇਕੋ ਇਕ ਅਸਚਰਜ (ਰੂਪ) ਬ੍ਰਹਮ ਹੁੰਦਾ ਸੀ। ੬. ਸਤਿਗੁਰੂ ਜੀ ਆਖਦੇ ਹਨ—ਸਚ ਨਾਮ ਤੋਂ ਬਿਨਾਂ ਕੋਈ ਸੁਚਾ ਨਹੀਂ ਹੈ, ਅਤੇ ਇਹ ਕਹਾਣੀ ਅਕੱਥ ਹੈ ॥੬੭॥

**੧. ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ**

**ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ੨. ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ ੩. ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ ੪. ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ੫. ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥ ੬. ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥**

ਅਰਥ—੧. (ਪ੍ਰਸ਼ਨ)—ਕਿਸ ਕਿਸ ਬਿਧੀ ਕਰਕੇ ਜੀਵ ਜਗਤ ਵਿਚ ਪੈਦਾ ਹੁੰਦਾ ਹੈ ? ਅਤੇ ਪੁਰਖ ਕਿਸ ਕਿਸ ਦੁਖ ਕਰਕੇ ਨਾਸ ਹੋ ਜਾਂਦਾ ਹੈ ? ੨. (ਉੱਤਰ)—ਹਉਮੈ ਵਿਚ ਹੋਣ ਕਰਕੇ ਜਗਤ ਵਿਚ ਜੀਵ ਪੈਦਾ ਹੁੰਦਾ ਹੈ ਅਤੇ ਨਾਮ ਦੇ ਵਿਸਾਰਨੇ ਕਰਕੇ ਪੁਰਖ ਦੁਖ ਪਾਉਂਦਾ ਹੈ । ੩. ਜੋ ਗੁਰਾਂ ਦੇ ਸਨਮੁਖ ਹੋਵੇਗਾ, ਉਹ ਗਿਆਨ (ਦ੍ਵਾਰਾ) ਤਤੁ=ਬ੍ਰਹਮ ਨੂੰ ਵਿਚਾਰੇਗਾ ਤੇ ਗੁਰਾਂ ਦੇ ਉਪਦੇਸ਼ (ਦ੍ਵਾਰਾ) ਹਉਮੈ ਨੂੰ ਸਾੜੇਗਾ । ੪. ਜੋ ਨਿਰਮਲ ਬਾਣੀ ਗੁਰਾਂ ਦਾ ਉਪਦੇਸ਼ ਲੈ ਕੇ ਮਨ ਤਨ ਕਰਕੇ ਨਿਰਮਲ ਹੋਏ ਹਨ ਉਹ ਸਚੇ ਬ੍ਰਹਮ ਵਿਚ ਸਮਾਏ ਰਹਿੰਦੇ ਹਨ। ੫. ਜੋ ਨਾਮ ਜਪਦਾ ਹੋਇਆ ਨਾਮੀ ਦਾ ਬੈਰਾਗੀ=ਪ੍ਰੇਮੀ ਹੋ ਰਿਹਾ ਹੈ, ਉਸ ਨੇ ਸਚ ਨੂੰ ਹਿਰਦੇ ਵਿਚ ਧਾਰ ਰਖਿਆ ਹੈ । ੬. ਸਤਿਗੁਰੂ ਜੀ ਆਖਦੇ ਹਨ—ਨਾਮ ਜਪੇ ਤੋਂ ਬਿਨਾਂ ਵਾਹਿਗੁਰੂ ਨਾਲ ਜੁੜਨਾ ਕਦੇ ਨਹੀਂ

ਹੁੰਦਾ, ਹਿਰਦੇ ਵਿਚ ਵਿਚਾਰਕੇ ਦੇਖੋ ॥੬੮॥

੧. ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥
੨. ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥
੩. ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥
੪. ਗੁਰਮੁਖਿ ਨਿਜ ਘਰਿ ਵਾਸਾ ਹੋਇ ॥
੫. ਗੁਰਮੁਖਿ ਜੋਗੀ ਜੁਗਤਿ ਪਛਾਣੈ ॥
੬. ਗੁਰਮੁਖਿ ਨਾਨਕ ਏਕੋ ਜਾਣੈ ॥੬੯॥

ਅਰਥ—੧. ਗੁਰਾਂ ਦਵਾਰੇ ਕੋਈ ਪੁਰਸ਼ ਹੀ ਸਚ (ਸਰੂਪ) ਬ੍ਰਹਮ ਨੂੰ ਵਿਚਾਰਦਾ ਹੈ । ੨. ਗੁਰਾਂ ਦਵਾਰੇ (ਬ੍ਰਹਮ ਵਿਦਿਆ ਰੂਪ) ਸਚੀ ਬਾਣੀ ਪ੍ਰਗਟ ਹੁੰਦੀ ਹੈ । ੩. ਗੁਰਾਂ ਦਵਾਰੇ ਕਿਸੇ ਵਿਰਲੇ ਦਾ ਪ੍ਰੇਮ ਵਿਚ ਮਨ ਭਿੱਜਦਾ ਹੈ, ਅਤੇ ਉਹੋ ਕੋਈ ਸਮਝਦਾ ਹੈ । ੪. ਕਿ ਗੁਰਾਂ ਦਵਾਰਾ ਹੀ ਆਪਣੇ ਸ੍ਵਰੂਪ ਵਿਚ ਵਾਸਾ ਹੁੰਦਾ ਹੈ । ੫. ਗੁਰਾਂ ਦਵਾਰੇ ਹੀ ਜੁੜਨ ਦੀ ਜੁਗਤੀ ਪਛਾਣੀ ਦੀ ਹੈ । ੬. ਸਤਿਗੁਰੂ ਜੀ ਆਖਦੇ ਹਨ—ਗੁਰਾਂ ਦਵਾਰੇ ਹੀ ਇਕੋ ਨੂੰ ਜਾਣੀਦਾ ਹੈ ॥੬੯॥

੧. ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥
੨. ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
੩. ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ੪. ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥ ੫. ਬਿਨੁ ਸਤਿਗੁਰ ਭੇਟੇ ਮਹਾ

**ਗਰਬਿ ਗੁਬਾਰਿ ॥ ੬. ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥**

ਅਰਥ—੧. ਸਤਿਗੁਰੂ ਦੀ ਸੇਵਾ ਕੀਤੇ ਤੋਂ ਬਿਨਾਂ ਜੋਗ ਨਹੀਂ ਹੁੰਦਾ ਹੈ। ੨. ਸਤਿਗੁਰੂ ਨੂੰ ਮਿਲੇ ਤੋਂ ਬਿਨਾਂ ਕੋਈ ਮੁਕਤ ਨਹੀਂ ਹੁੰਦਾ ਹੈ। ੩. ਸਤਿਗੁਰੂ ਦੇ ਭੇਟੇ=ਮਿਲੇ ਤੋਂ ਬਿਨਾਂ ਨਾਮ ਨਹੀਂ ਪਾਇਆ ਜਾਂਦਾ। ੪. ਸਤਿਗੁਰੂ ਨੂੰ ਮਿਲੇ ਤੋਂ ਬਿਨਾਂ ਵਡਾ ਦੁਖ ਪਾਈਦਾ ਹੈ। ੫. ਸਤਿਗੁਰੂ ਨੂੰ ਮਿਲੇ ਤੋਂ ਬਿਨਾਂ ਹੰਕਾਰ (ਰੂਪ) ਵਡਾ ਹਨੇਰਾ ਰਹਿੰਦਾ ਹੈ। ੬. ਸਤਿਗੁਰੂ ਜੀ ਆਖਦੇ ਹਨ—ਜੋ ਗੁਰੂ ਤੋਂ ਬਿਨਾਂ ਹੈ, ਉਹ ਜਨਮ ਹਾਰ ਕੇ ਮੋਇਆ ਹੈ ॥੭੦॥

**੧. ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ੨. ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥ ੩. ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ੪. ਗੁਰਮੁਖਿ ਦਰਗਹ ਨ ਆਵੈ ਹਾਰਿ ॥ ੫. ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ੬. ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥**

ਅਰਥ—੧. ਗੁਰਮੁਖ ਨੇ ਹਉਮੈ ਨੂੰ ਮਾਰ ਕੇ ਮਨ ਨੂੰ ਜਿੱਤਿਆ ਹੈ। ੨. ਅਤੇ ਗੁਰਮੁਖ ਨੇ ਸਚ ਨਾਮ ਨੂੰ ਹਿਰਦੇ ਵਿਚ ਧਾਰ ਰਖਿਆ ਹੈ। ੩. ਗੁਰਮੁਖਾਂ ਨੇ ਜਗਤ ਨੂੰ ਜਿੱਤਿਆ ਤੇ ਜਮਕਾਲ ਨੂੰ ਮਾਰ ਬਿਦਾਰਿ= ਸੁਟਿਆ ਹੈ। ੪. ਗੁਰਮੁਖ ਨੂੰ ਦਰਗਾਹ ਵਿਚ ਹਾਰ ਨਹੀਂ ਆਉਂਦੀ

ਹੈ। ੫. ਜੋ ਆਪਣੇ ਆਪ ਨੂੰ ਗੁਰਮੁਖਾਂ ਦੇ ਮੇਲ ਵਿਚ ਮਿਲਾਵੇਗਾ ਉਹ ਇਸ ਸਿਧਾਂਤ ਨੂੰ ਜਾਣੇਗਾ । ੬. ਸਤਿਗੁਰੂ ਜੀ ਆਖਦੇ ਹਨ—ਉਹ ਗੁਰਮੁਖ ਹੀ ਬ੍ਰਹਮ ਨੂੰ ਪਛਾਣੇਗਾ ॥੭੧॥

**੧. ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ ੨. ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ ੩. ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ੪. ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥ ੫. ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥ ੬. ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥**

ਅਰਥ—੧. ਹੇ ਜੋਗੀ ! ਇਸ ਸਬਦੈ=ਚਰਚੇ ਦਾ ਨਿਬੇੜਾ=ਸਿਧਾਂਤ ਸੁਣ, ਕਿ ਨਾਮ ਤੋਂ ਬਿਨਾਂ ਜੋਗ ਨਹੀਂ ਹੁੰਦਾ । ੨. ਜੋ ਨਾਮ ਵਿਚ ਰੱਤੇ ਹਨ, ਉਹ ਦਿਨ ਰਾਤ ਮਸਤ ਰਹਿੰਦੇ ਹਨ ਅਤੇ ਨਾਮ ਜਪਣੇ ਕਰਕੇ ਹੀ ਸੁਖ ਹੁੰਦਾ ਹੈ । ੩. ਨਾਮ ਜਪਣੇ ਕਰਕੇ ਹੀ ਸਾਰੇ ਗੁਣ ਪ੍ਰਗਟ ਹੁੰਦੇ ਹਨ ਅਤੇ ਨਾਮ ਜਪਣੇ ਕਰਕੇ ਹੀ ਸਭ ਸੋਝੀ ਪਾਈਦੀ ਹੈ । ੪. ਜੋ ਨਾਮ ਜਪਣ ਤੋਂ ਬਿਨਾਂ ਬਹੁਤੇ ਭੇਖ ਕਰਦੇ ਹਨ, ਉਹਨਾਂ ਨੇ ਸਚੇ ਵਲੋਂ ਆਪਣੀ ਬੁਧੀ ਖੁਆਈ= ਭੁਲਾਈ ਹੈ । ੫. ਅਉਧੂ ! ਸਤਿਗੁਰਾਂ ਤੋਂ ਨਾਮ ਪਾਈਏ ਤਾਂ ਜੋਗ ਦੀ ਜੁਗਤੀ ਪ੍ਰਾਪਤ ਹੁੰਦੀ ਹੈ । ੬. ਸਤਿਗੁਰੂ ਜੀ ਆਖਦੇ

ਹਨ—ਹੇ ਸਿਧੋ! ਮਨ ਵਿਚ ਵਿਚਾਰ ਕਰ ਕੇ ਦੇਖੋ, ਨਾਮ ਤੋਂ ਬਿਨਾਂ ਮੁਕਤ ਨਹੀਂ ਹੋਈਦਾ ਹੈ ॥੭੨॥

*(ਵਾਹਿਗੁਰੂ ਦੇ ਸਨਮੁਖ ਬੇਨਤੀ ਕਰਦੇ ਹਨ)—*

**੧. ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥ ੨. ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥ ੩. ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥ ੪. ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥ ੫. ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥ ੬. ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥**

ਅਰਥ—੧. ਹੇ ਵਾਹਿਗੁਰੂ! ਤੇਰੀ ਗਤੀ ਦੀ ਮਰਿਯਾਦਾ ਤੂੰ ਹੀ ਜਾਣਦਾ ਹੈਂ (ਤਾਂਤੇ ਤੈਥੋਂ ਬਿਨ੍ਹਾਂ) ਕੋਈ ਕੀ ਆਖ ਕੇ ਸੁਣਾਵੇ ? ਭਾਵ ਕੁਝ ਨਹੀਂ ਸੁਣਾ ਸਕਦਾ। ੨. ਤੂੰ ਆਪ ਹੀ ਗੁਪਤ ਤੇ ਆਪ ਹੀ ਪ੍ਰਗਟ ਹੈਂ ਅਤੇ ਆਪੇ ਹੀ ਸਾਰੇ ਅਨੰਦ ਭੋਗਦਾ ਹੈਂ। ੩. ਸਾਧਿਕ=ਸਿਧੀਆਂ ਦੀ ਇਛਾ ਵਾਲੇ ਜਗਿਆਸੂ ਤੇ ਸਿਧੀਆਂ ਵਾਲੇ ਸਿਧ, ਅਤੇ ਗੁਰੂ ਤੇ ਚੇਲੇ ਇਤ ਆਦਿਕ ਬਹੁਤ ਤੇਰੇ ਫੁਰਮਾਣੈ=ਹੁਕਮ ਨੂੰ ਢੂੰਢਦੇ ਫਿਰਦੇ ਹਨ।

੪. ਮੈਂ ਤੇਰਾ ਨਾਮ ਮੰਗਦਾ ਹਾਂ, ਤਾਂਤੇ ਇਹ ਭਿਖਿਆ (ਮੇਰੀ ਝੋਲੀ) ਪਾਵੋ, ਮੈਂ ਤੇਰੇ ਦਰਸ਼ਨ ਤੋਂ ਕੁਰਬਾਨ ਜਾਂਦਾ ਹਾਂ। ੫. ਹੇ ਅਬਿਨਾਸ਼ੀ ਪ੍ਰਭੂ! ਇਹ ਸਾਰਾ ਜਗਤ ਤੂੰ ਖੇਲ ਬਣਾਇਆ ਹੋਇਆ ਹੈ, ਪਰ ਇਸ ਗੱਲ ਦੀ ਸੋਝੀ ਗੁਰਮੁਖਾਂ ਨੂੰ ਹੋਈ ਹੈ। ੬. ਸਤਿਗੁਰੂ ਜੀ ਆਖਦੇ ਹਨ— ਤੂੰ ਆਪੇ ਹੀ ਸਾਰੇ ਜੁਗਾਂ ਵਿਚ ਵਰਤਦਾ ਹੈਂ ਕਿਉਂਕਿ ਤੈਥੋਂ ਬਿਨਾਂ ਹੋਰ ਕੋਈ ਦੂਜਾ ਤੇਰੇ ਜਿੱਡਾ ਨਹੀਂ ਹੈ ॥੭੩॥੧॥

ੴ ਸਤਿਗੁਰ ਪ੍ਰਸਾਦਿ ॥

# *ਗਉੜੀ ਬਾਵਨ ਅਖਰੀ

## ਮਹਲਾ ੫ ॥

ਸਲੋਕੁ ॥

**ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥**

*ਸ੍ਰੀ ਗੁਰੂ ਅਰਜਨ ਦੇਵ ਜੀ ਬਵੰਜਾ ਅੱਖਰਾਂ ਦਵਾਰਾ ਉਪਦੇਸ਼ ਕਰਦੇ ਹਨ । ਇਸੇ ਲਈ ਇਸ ਦਾ ਨਾਮ 'ਬਾਵਨ ਅਖਰੀ' ਹੈ ਭਾਵੇਂ ਗੁਰਮੁਖੀ ਵਿਚ ਪੈਂਤੀ ਅੱਖਰ ਹੁੰਦੇ ਹਨ ਪਰ ਗੁਰੂ ਜੀ ਨੇ ਇਥੇ ਸੰਸਕ੍ਰਿਤ ਨਿਯਮ ਅਨੁਸਾਰ ੩੩-ਤੇਤੀ ਵਯੰਜਨ ਤੇ ੧੬-ਸੋਲ੍ਹਾਂ ਸ੍ਵਰ (ਅਚ) ਅਤੇ ੩-ਤਿੰਨ ਦੁੱਤ ਖਨ, ੜ੍ਰ, ਗਜ ਰਲਾ ਕੇ ਬਵੰਜਾ ਦਵਾਰਾ ਉਪਦੇਸ਼ ਕਥਨ ਕੀਤਾ ਹੈ, ਇਸ ਦਾ ਆਦਿ ਅੰਤ ਸਲੋਕ ਮੰਗਲ ਰੂਪ ਹੈ । ਇਸ ਵਿਚ ਸਲੋਕ ਰੂਪ ਮੂਲ ਦਾ ਟੀਕਾ ਪਉੜੀ ਵਿਚ ਕੀਤਾ ਹੈ ।

ਕਈ ਗਿਆਨੀ ਇਹ ਕਹਿੰਦੇ ਹਨ ਕਿ ਇਕ ਵੇਰੀ ਮਾਤਾ ਗੰਗਾ ਜੀ ਨੇ ਜੜਾਊ ਗਹਿਣੇ ਦੀ ਪ੍ਰਾਰਥਨਾ ਕੀਤੀ ਤਾਂ ਗੁਰੂ ਜੀ ਨੇ ਪ੍ਰਲੋਕ ਦਾ ਸਾਥੀ ਜੜਾਊ ਗਹਿਣਾ ਉਚਾਰਨ ਕਰ ਕੇ ਮਾਤਾ ਗੰਗਾ ਦੇ ਕੰਠ ਕਰਾਇਆ, ਇਸ ਵਿਚ ਪਉੜੀ ਗਹਿਣਾ ਤੇ ਸਲੋਕ ਹੀਰੇ ਆਦਿਕ ਜੜਤ ਹੈ । ਆਦਿ ਦਾ ਸਲੋਕ ਡੱਬਾ ਤੇ ਅੰਤ ਦਾ ਸਲੋਕ ਢੱਕਣ ਹੈ ।

ਅਰਥ—ਸ੍ਰੀ ਗੁਰੂ ਨਾਨਕ ਦੇਵ ਹੀ ਮਾਤਾ ਤੇ ਗੁਰੂ ਹੀ ਪਿਤਾ ਅਤੇ ਗੁਰਦੇਵ ਹੀ ਸੁਆਮੀ ਪ੍ਰਮੇਸ਼ਰ ਹਨ ।

**ਗੁਰਦੇਵ ਸਖਾ ਅਗਿਆਨ ਭੰਜਨੁ**
**ਗੁਰਦੇਵ ਬੰਧਿਪ ਸਹੋਦਰਾ ॥**

ਅਰਥ—ਗੁਰਦੇਵ ਹੀ ਅਗਿਆਨ ਦੇ ਨਾਸ ਕਰਨ ਵਾਲਾ ਮਿੱਤਰ ਹੈ ਅਤੇ ਗੁਰਦੇਵ ਹੀ ਸਹੋਦਰਾ=ਸੱਕਾ ਭਰਾ ਹੈ ।

**ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ**
**ਗੁਰਦੇਵ ਮੰਤੁ ਨਿਰੋਧਰਾ ॥**

ਅਰਥ—ਗੁਰਦੇਵ ਹਰਿਨਾਮ ਦੇ ਉਪਦੇਸ਼ ਕਰਨ ਵਾਲਾ ਦਾਤਾ ਹੈ ਅਤੇ ਗੁਰਦੇਵ ਦਾ ਮੰਤ੍ਰ ਨਿਰਣੇ ਕਰ ਕੇ ਉਧਾਰ ਕਰਦਾ ਹੈ ।

**ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ**
**ਗੁਰਦੇਵ ਪਾਰਸ ਪਰਸ ਪਰਾ ॥**

ਅਰਥ—ਗੁਰਦੇਵ ਸ਼ਾਂਤਿ ਤੇ ਸਤਜ ਅਤੇ ਗਿਆਨ ਸਰੂਪ ਹੈ ਅਤੇ ਗੁਰਦੇਵ ਦਾ ਪਰਸਨਾ ਪਾਰਸ ਨਾਲੋਂ ਭੀ ਵਡੇ ਗੁਣ ਵਾਲਾ ਹੈ ।

**ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ**
**ਗੁਰ ਗਿਆਨ ਮਜਨੁ ਅਪਰੰਪਰਾ ॥**

ਅਰਥ—ਗੁਰਦੇਵ ਤੀਰਥ=ਚਲਦੇ ਭਾਵ—ਟੁਰਨ ਵਾਲੇ ਅੰਮ੍ਰਿਤ ਦਾ ਸਰੋਵਰ ਹਨ, ਗੁਰਾਂ ਦੇ ਗਿਆਨ ਧਾਰਨ ਕਰਨ ਰੂਪ ਇਸ਼ਨਾਨ ਕਰਨ ਨਾਲ ਦੇਵਤਿਆਂ ਦਾ ਭੀ ਪੂਰਾ ਰੂਪ ਵਾਹਿਗੁਰੂ ਮਿਲਦਾ ਹੈ ।

**ਗੁਰਦੇਵ ਕਰਤਾ ਸਭਿ ਪਾਪ ਹਰਤਾ**
**ਗੁਰਦੇਵ ਪਤਿਤ ਪਵਿਤ ਕਰਾ ॥**

ਅਰਥ—ਗੁਰਦੇਵ ਸਾਰੇ ਪਾਪਾਂ ਦੇ ਨਾਸ ਕਰਨ ਵਾਲਾ ਹੈ ਤੇ ਗੁਰਦੇਵ ਨੇ ਪਾਪੀਆਂ ਨੂੰ ਪਵਿਤ੍ਰ ਕੀਤਾ ਹੈ ।

**ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ**
**ਗੁਰਦੇਵ ਮੰਤੁ ਹਰਿ ਜਪਿ ਉਧਰਾ ॥**

ਅਰਥ—ਗੁਰਦੇਵ ਹੀ ਆਦਿ ਜੁਗਾਦਿ ਤੇ ਜੁਗਾਂ ਜੁਗਾਂ ਵਿਚ ਵਿਆਪਕ ਹਨ, ਗੁਰਦੇਵ ਦੇ ਉਪਦੇਸ਼ ਦੁਆਰਾ ਹਰੀ ਨੂੰ ਜਪਣ ਵਾਲਿਆਂ ਦਾ ਉਧਾਰ ਹੋਇਆ ਹੈ ।

**ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ**
**ਹਮ ਮੂੜ ਪਾਪੀ ਜਿਤੁ ਲਗਿ ਤਰਾ ॥**

ਅਰਥ—ਹੇ ਪ੍ਰਭੂ ! ਕਿਰਪਾ ਕਰ ਕੇ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਮੇਲ, ਜਿਸ ਦੇ ਨਾਲ ਲਗ ਕੇ ਹਮ=ਸਾਰੇ ਮੂਰਖ ਪਾਪੀ ਤਰ ਜਾਵਣ ।

**ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ**
**ਗੁਰਦੇਵ ਨਾਨਕ ਹਰਿ ਨਮਸਕਰਾ ॥੧॥**

ਅਰਥ—ਪਾਰਬ੍ਰਹਮ ਪਰਮੇਸ਼ਰ ਦਾ ਰੂਪ ਸਤਿਗੁਰੂ ਨਾਨਕ ਦੇਵ ਜੀ ਹਨ, ਤਾਂਤੇ ਹਰੀ ਰੂਪ ਗੁਰ ਨਾਨਕ ਦੇਵ ਜੀ ਨੂੰ ਨਮਸ਼ਕਾਰ ਹੈ ॥੧॥

ਸਲੋਕੁ ॥

**ਆਪਹਿ ਕੀਆ ਕਰਾਇਆ**

## ਆਪਹਿ ਕਰਨੈ ਜੋਗੁ ॥

ਅਰਥ—ਆਪੇ ਹੀ ਪੰਜਾਂ ਤੱਤਾਂ ਨੂੰ ਕੀਤਾ ਤੇ ਉਹਨਾਂ ਪਾਸੋਂ ਸੰਸਾਰ ਪੈਦਾ ਕਰਾਇਆ ਹੈ ਕਿਉਂਕਿ ਆਪ ਹੀ ਕਰਨ ਦੇ ਲਾਇਕ ਹੈ ।

## ਨਾਨਕ ਏਕੋ ਰਵਿ ਰਹਿਆ
## ਦੂਸਰ ਹੋਆ ਨ ਹੋਗੁ ॥੧॥

ਅਰਥ—ਸ੍ਰੀ ਗੁਰੂ ਜੀ ਕਹਿੰਦੇ ਹਨ—ਉਹ ਇਕੋ ਪ੍ਰਭੂ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ, ਤੇ ਦੂਜਾ ਨਾ ਕੋਈ ਪਿਛੇ ਹੋਇਆ ਅਤੇ ਨਾ ਕੋਈ ਅਗੇ ਨੂੰ ਹੋਵੇਗਾ ॥੧॥

ਪਉੜੀ ॥

## ਓਅੰ ਸਾਧ ਸਤਿਗੁਰ ਨਮਸਕਾਰੰ ॥

ਅਰਥ—ਓਅੰਕਾਰ ਦੇ ਸਰੂਪ ਸਰੇਸ਼ਟ ਸਤਿਗੁਰੂ (ਗੁਰੂ ਨਾਨਕ ਦੇਵ ਜੀ ਨੂੰ ਨਮਸ਼ਕਾਰ ਹੈ) । (ਕਿਉਂਕਿ ਉਹਨਾਂ ਨੇ)

## ਆਦਿ ਮਧਿ ਅੰਤਿ ਨਿਰੰਕਾਰੰ ॥

ਅਰਥ—ਆਦਿ ਮਧ=ਵਿਚਾਲੇ ਤੇ ਅੰਤ ਵਿਚ ਭੀ ਨਿਰੰਕਾਰ (ਨੂੰ ਹੀ ਵਿਆਪਕ ਜਾਣਿਆ ਹੈ, ਭਾਵ—ਤਿੰਨਾਂ ਕਾਲ਼ਾਂ ਵਿਚ ਨਿਰੰਕਾਰ ਦੀ ਲਖਤਾ ਹੈ) ।

## ਆਪਹਿ ਸੁੰਨ ਆਪਹਿ ਸੁਖ ਆਸਨ ॥
## ਆਪਹਿ ਸੁਨਤ ਆਪ ਹੀ ਜਾਸਨ ॥

ਅਰਥ—ਆਪ ਹੀ ਸੁੰਨ=ਅਫੁਰ+ਨਿਰੰਕਾਰ ਹੈ ਤੇ ਆਪ ਹੀ ਸੁਖਦਾਈ ਆਸਨ=ਸਥਾਨ ਸੰਸਾਰ ਹੈ । ਆਪਣੇ ਜਸ ਨੂੰ ਆਪ ਹੀ ਜਾਣਦਾ ਹੈ ।

**ਆਪਨ ਆਪੁ ਆਪਹਿ ਉਪਾਇਓ ॥**
**ਆਪਹਿ ਬਾਪ ਆਪ ਹੀ ਮਾਇਓ ॥**

ਅਰਥ—ਆਪੇ=ਸੁਤੇ ਸਿਧ ਹੀ ਆਪਣੇ ਆਪ ਤੋਂ ਸੰਸਾਰ ਪੈਦਾ ਕੀਤਾ ਸੂ । ਆਪ ਹੀ ਪਿਤਾ ਤੇ ਆਪ ਹੀ ਮਾਤਾ ਹੈ ।

**ਆਪਹਿ ਸੂਖਮ ਆਪਹਿ ਅਸਥੂਲਾ ॥**
**ਲਖੀ ਨ ਜਾਈ ਨਾਨਕ ਲੀਲਾ ॥੧॥**

ਅਰਥ—ਆਪ ਹੀ ਸੂਖਮ ਤੇ ਆਪ ਹੀ ਅਸਥੂਲ ਰੂਪ ਹੈ । ਗੁਰੂ ਨਾਨਕ ਜੀ ਕਹਿੰਦੇ ਹਨ—ਉਸ ਦੀ ਲੀਲ੍ਹਾ, ਲਖੀ=ਜਾਣੀ ਨਹੀਂ ਜਾਂਦੀ ॥੧॥

**ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥**
**ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥**

ਅਰਥ—ਹੇ ਪ੍ਰਭੂ ! ਦੀਨ ਦਿਆਲ ਕ੍ਰਿਪਾ ਕਰ । ਮੇਰਾ ਮਨ ਤੇਰੇ ਸੰਤਾਂ ਦੀ ਧੂੜੀ ਹੋਵੇ ।

ਸਲੋਕੁ ॥

**ਨਿਰੰਕਾਰ ਆਕਾਰ ਆਪਿ**
**ਨਿਰਗੁਨ ਸਰਗੁਨ ਏਕ ॥**

ਅਰਥ—ਇਕ ਨਿਰਗੁਣ ਨਿਰੰਕਾਰ ਆਪੇ ਅਕਾਰ ਨੂੰ ਧਾਰ ਕੇ ਸਰਗੁਣ ਹੋਇਆ ।

**ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥**

ਅਰਥ—ਉਸ ਇਕ ਤੋਂ ਅਨੇਕ ਹੋਣ ਵਾਲੇ ਇਕੋ ਇਕ ਨੂੰ ਗੁਰੂ ਨਾਨਕ ਜੀ ਵਖਾਣ ਕਰਦੇ ਹਨ ॥੧॥

ਪਉੜੀ ॥

**ਓਅੰ ਗੁਰਮੁਖਿ ਕੀਓ ਅਕਾਰਾ ॥**

**ਏਕਹਿ ਸੂਤਿ ਪਰੋਵਨਹਾਰਾ ॥**

ਅਰਥ—ਗੁਰਮੁਖ ਜਾਣਦੇ ਹਨ ਕਿ ਓਅੰਕਾਰ ਨੇ ਅਕਾਰ=ਜਗਤ ਨੂੰ ਕੀਤਾ ਹੈ ਅਤੇ ਓਹੀ ਚੇਤਨ ਸਤਾ ਰੂਪ ਇਕੋ ਸੂਤ੍ਰ ਵਿਚ ਸਾਰਿਆਂ ਨੂੰ ਪ੍ਰੋਣ ਵਾਲਾ ਹੈ ।

**ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥**

**ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥**

ਅਰਥ—ਅਤੇ ਉਸ ਨੇ ਵਖੋ ਵੱਖਰੇ ਤਿੰਨਾਂ ਗੁਣਾਂ ਦਾ ਵਿਸਥਾਰ ਕੀਤਾ ਹੈ । ਓਹੀ ਨਿਰਗੁਣ ਰੂਪ ਤੋਂ ਸਰਗੁਣ=ਵਿਰਾਟ ਰੂਪ ਹੋ ਕੇ ਨਜ਼ਰ ਆਉਂਦਾ ਹੈ ।

**ਸਗਲ ਭਾਤਿ ਕਰਿ ਕਰਹਿ ਉਪਾਇਓ ॥**

ਅਰਥ—ਸਾਰੀਆਂ ਤਰਕੀਬਾਂ ਕਰ ਕੇ (ਉਸ ਨੇ ਜਗਤ ਨੂੰ) ਪੈਦਾ ਕਰਿਆ ਹੈ ।

**ਜਨਮ ਮਰਨ ਮਨ ਮੋਹੁ ਬਢਾਇਓ ॥**

ਅਰਥ—ਅਤੇ ਜਨਮ ਮਰਨ ਬਨਾਉਣ ਵਾਸਤੇ ਜੀਵ ਦੇ ਮਨ ਵਿਚ ਮੋਹ ਵਧਾ ਦਿਤਾ ਹੈ ।

**ਦੁਹੂ ਭਾਤਿ ਤੇ ਆਪਿ ਨਿਰਾਰਾ ॥**

ਅਰਥ—ਆਪ ਫਿਰ ਦੋਹਾਂ ਤਰ੍ਹਾਂ ਤੋਂ ਵੱਖਰਾ ਹੈ ।

## ਨਾਨਕ ਅੰਤੁ ਨ ਪਾਰਾਵਾਰਾ ॥੨॥

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਉਸ ਦੇ ਉਰਾਰ ਪਾਰ ਦਾ ਅੰਤ ਨਹੀਂ ਜਾਣਿਆ ਜਾਂਦਾ ॥੨॥

ਸਲੋਕੁ ॥

## ਸੋਈ ਸਾਹ ਭਗਵੰਤ ਸੇ
## ਸਚੁ ਸੰਪੈ ਹਰਿ ਰਾਸਿ ॥

ਅਰਥ—ਜਿਨ੍ਹਾਂ ਕੋਲ ਸਚੇ ਹਰਿ ਨਾਮ, ਸੰਪੈ=ਧਨ ਦੀ ਰਾਸ=ਪੂੰਜੀ ਹੈ ਸੋਈ ਸਾਹ ਭਗਵੰਤ ਸੇ=ਵਰਗੇ ਹਨ ।

## ਨਾਨਕ ਸਚੁ ਸੁਚਿ ਪਾਈਐ
## ਤਿਹ ਸੰਤਨ ਕੈ ਪਾਸਿ ॥੧॥

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਤਿਨ੍ਹਾਂ ਸੰਤਾਂ ਦੇ ਪਾਸੋਂ ਪਵਿਤ੍ਰ ਕਰਨ ਵਾਲਾ ਸੱਚਾ ਨਾਮ ਪਾਈਦਾ ਹੈ ॥੧॥

ਪਵੜੀ ॥

## ਸਸਾ ਸਤਿ ਸਤਿ ਸਤਿ ਸੋਊ ॥

ਅਰਥ—ਸੱਸੇ ਅਖਰ ਦਵਾਰਾ ਕਹਿੰਦੇ ਹਨ ਕਿ ਸੋਊ ਸਤਿ ਸਰੂਪ ਸਤਿ ਹੈ ਸਤਿ ਹੈ ।

## ਸਤਿ ਪੁਰਖ ਤੇ ਭਿੰਨ ਨ ਕੋਊ ॥

ਅਰਥ—ਉਸ ਸਤਿ ਸ਼ਰੂਪ ਤੋਂ ਵਖਰਾ ਕੋਈ ਪੁਰਖ ਨਹੀਂ ਹੈ ।

## ਸੋਊ ਸਰਨਿ ਪਰੈ ਜਿਹ ਪਾਯੰ ॥

ਅਰਥ—ਓਈ ਉਸ ਦੀ ਸ਼ਰਨੀ ਪੈਂਦਾ ਹੈ, ਜਿਸ ਨੂੰ ਪਾਉਂਦਾ ਹੈ।

**ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥**

ਅਰਥ—ਅਤੇ ਫਿਰ ਉਹ ਮਨ ਵਿਚ ਉਸ ਦੇ ਨਾਮ ਨੂੰ ਸਿਮਰ ਸਿਮਰ ਕੇ ਗੁਣਾਂ ਨੂੰ ਗਾਉਂਦਾ ਸੁਣਾਉਂਦਾ ਹੈ।

**ਸੰਸੈ ਭਰਮੁ ਨਹੀ ਕਛੁ ਬਿਆਪਤ ॥**

ਅਰਥ—ਉਸ ਨੂੰ ਫਿਰ ਸੰਸਾ ਜਾਂ ਭਰਮ ਕੁਝ ਨਹੀਂ ਲਗਦਾ ਹੈ।

**ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥**

ਅਰਥ—(ਕਿਉਂਕਿ) ਉਸ ਨੂੰ (ਵਾਹਿਗੁਰੂ) ਦਾ ਪ੍ਰਤਾਪ ਪ੍ਰਗਟ ਜਾਪਦਾ ਹੈ।

**ਸੋ ਸਾਧੂ ਇਹ ਪਹੁਚਨਹਾਰਾ ॥**

ਅਰਥ—(ਜੋ) ਇਥੇ ਪਹੁੰਚਣ ਵਾਲਾ ਹੈ ਉਹ ਸਾਧੂ ਹੈ।

**ਨਾਨਕ ਤਾ ਕੈ ਸਦ ਬਲਿਹਾਰਾ ॥੩॥**

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਅਸੀਂ ਉਸ ਤੋਂ ਸਦਾ ਹੀ ਬਲਿਹਾਰ ਜਾਂਦੇ ਹਾਂ ॥੩॥

ਸਲੋਕੁ ॥

**ਧਨੁ ਧਨੁ ਕਹਾ ਪੁਕਾਰਤੇ**
**ਮਾਇਆ ਮੋਹ ਸਭ ਕੂਰ ॥**

ਅਰਥ—ਧਨ ਧਨ=ਮਾਇਆ ਮਾਇਆ ਕੀ ਪੁਕਾਰਦੇ ਹੋ, ਕਿਉਂਕਿ ਮਾਇਆ ਦਾ ਮੋਹ ਸਭ ਝੂਠਾ ਹੈ।

**ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥੧॥**

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਕਿ ਨਾਮ ਤੋਂ ਬਿਨਾਂ ਸਾਰੇ ਧੂੜੀ ਹੁੰਦੇ ਜਾਂਦੇ ਹਨ ॥੧॥

ਪਵੜੀ ॥

**ਧਧਾ ਧੂਰਿ ਪੁਨੀਤ ਤੇਰੇ ਜਨੂਆ ॥**

ਅਰਥ—ਧੱਧੇ ਦੁਵਾਰਾ ਕਹਿੰਦੇ ਹਨ—ਕਿ ਹੇ ਜੀਵ! ਤੇਰੇ ਤਾਈਂ ਜਨਾਂ ਦੀ ਧੂੜ ਪਵਿਤ੍ਰ ਕਰੇਗੀ।

**ਧਨਿ ਤੇਊ ਜਿਹ ਰੁਚ ਇਆ ਮਨੂਆ ॥**

ਅਰਥ—ਜਿਨ੍ਹਾਂ ਦਾ ਮਨ ਇਸ ਧੂੜੀ ਵਿਚ ਲਗਾ ਹੈ ਉਹ ਜਨ ਧੰਨ ਹਨ।

**ਧਨੁ ਨਹੀ ਬਾਛਹਿ ਸੁਰਗ ਨ ਆਛਹਿ ॥**

ਅਰਥ—ਕਿਉਂਕਿ ਉਹ ਧਨ ਨਹੀਂ ਮੰਗਦੇ ਤੇ ਨਾ ਹੀ ਸਵਰਗ ਨੂੰ ਚਾਹੁੰਦੇ ਹਨ।

**ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥**

ਅਰਥ—ਕੇਵਲ ਪਤੀ ਨਾਲ ਬਹੁਤ ਪ੍ਰੀਤ ਕਰਨ ਵਾਲੇ ਸਾਧਾਂ ਦੀ ਚਰਨ ਧੂੜ ਵਿਚ ਲਗੇ ਹੋਏ ਹਨ।

**ਧੰਧੇ ਕਹਾ ਬਿਆਪਹਿ ਤਾਹੂ ॥**

ਅਰਥ—ਉਹਨਾਂ ਪੁਰਸ਼ਾਂ ਨੂੰ ਸੰਸਾਰਕ ਧੰਧੇ ਕਦ ਬਿਆਪਦੇ ਹਨ।

**ਜੋ ਏਕ ਛਾਡਿ ਅਨ ਕਤਹਿ ਨ ਜਾਹੂ ॥**

ਅਰਥ—ਜੋ ਇਕ ਨੂੰ ਛੱਡ ਕੇ ਹੋਰ ਕਿਧਰੇ ਨਹੀਂ ਜਾਂਦੇ।

**ਜਾ ਕੈ ਹੀਐ ਦੀਓ ਪ੍ਰਭ ਨਾਮ ॥**

ਅਰਥ—ਜਿਸ ਦੇ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਵਾਸ ਦਿਤਾ ਹੈ।

## ਨਾਨਕ ਸਾਧ ਪੂਰਨ ਭਗਵਾਨ ॥੪॥

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਸਾਧ ਪੂਰਨ ਭਗਵਾਨ ਦਾ ਸ੍ਰੂਪ ਹੈ ॥੪॥

ਸਲੋਕ ॥

## ਅਨਿਕ ਭੇਖ ਅਰੁ ਙਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ ॥

ਅਰਥ—ਮਨ ਦੇ ਹਠ ਕਰ ਕੇ ਅਨੇਕਾਂ ਭੇਖ ਧਾਰ ਕੇ, ਤੇ ਗਿਆਨ (ਕਰ ਕੇ ਜਾਂ) ਧਿਆਨ (ਲਾਉਣ ਕਰ ਕੇ ਵਾਹਿਗੁਰੂ ਨੂੰ) ਕੋਈ ਨਹੀਂ ਮਿਲਿਆ ਹੈ।

## ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥੧॥

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਕਿ ਜਿਸ ਉਤੇ ਵਾਹਿਗੁਰੂ ਦੀ ਕ੍ਰਿਪਾ ਹੋਈ ਹੈ ਓਹੀ ਭਗਤ ਤੇ ਗਿਆਨੀ ਹੈ ॥੧॥

ਪਉੜੀ ॥

## ਙੰਙਾ ਙਿਆਨੁ ਨਹੀ ਮੁਖ ਬਾਤਉ ॥

ਅਰਥ—ਙੰਙੇ ਅੱਖਰ ਦਵਾਰਾ ਕਹਿੰਦੇ ਹਨ ਕਿ ਮੂਹੋਂ ਗੱਲਾਂ ਕਰਨ ਨਾਲ ਗਿਆਨ ਨਹੀਂ ਹੁੰਦਾ।

## ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥

ਅਰਥ—ਭਾਵੇਂ ਸ਼ਾਸਤ੍ਰਾਂ (ਦੀਆਂ) ਅਨੇਕ ਤਰ੍ਹਾਂ ਦੀਆਂ ਜੁਗਤੀਆਂ

ਕਰੇ (ਪਰ ਗਿਆਨ ਨਹੀਂ ਮਿਲਦਾ)।

**ਗਿਆਨੀ ਸੋਇ ਜਾ ਕੈ ਦ੍ਰਿੜ ਸੋਊ ॥**

ਅਰਥ—ਜਿਸ ਦੇ ਹਿਰਦੇ ਵਿਚ ਸੋ ਵਾਹਿਗੁਰੂ ਦ੍ਰਿੜ ਹੈ ਓਹੀ ਗਿਆਨੀ ਹੈ।

**ਕਹਤ ਸੁਨਤ ਕਛੁ ਜੋਗੁ ਨ ਹੋਊ ॥**

ਅਰਥ—ਜ਼ਬਾਨੀ ਕਹਿਣ ਸੁਨਣ ਨਾਲ ਵਾਹਿਗੁਰੂ ਨਾਲ ਕੁਝ ਜੁੜਨਾ ਨਹੀਂ ਹੁੰਦਾ।

**ਗਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ ॥**

ਅਰਥ—ਜਿਸ ਦੇ ਹਿਰਦੇ ਵਿਚ ਆਗਿਆ=ਭਾਣਾ ਮੰਨਣ ਦੀ ਰਹਿਤ ਦ੍ਰਿੜ ਹੈ ਸੋ ਗਿਆਨੀ ਹੈ।

**ਉਸਨ ਸੀਤ ਸਮਸਰਿ ਸਭ ਤਾ ਕੈ ॥**

ਅਰਥ—ਉਸ ਨੂੰ ਸਭ ਦੁਖ ਸੁਖ ਇਕੋ ਜਿਹਾ ਭਾਸਦਾ ਹੈ।

**ਗਿਆਨੀ ਤਤੁ ਗੁਰਮੁਖਿ ਬੀਚਾਰੀ ॥**

ਅਰਥ—ਤਤ ਮਿਥਜਾ ਦੇ ਵਿਚਾਰ ਵਾਲਾ ਗੁਰਮੁਖ ਗਿਆਨੀ ਹੈ।

**ਨਾਨਕ ਜਾ ਕਉ ਕਿਰਪਾ ਧਾਰੀ ॥੫॥**

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਜਿਸ ਉਤੇ ਵਾਹਿਗੁਰੂ ਨੇ ਕ੍ਰਿਪਾ ਕੀਤੀ ਹੈ ਉਸ ਨੂੰ ਇਹ ਦਸ਼ਾ ਮਿਲੀ ਹੈ ਤੇ ਉਹੀ ਗਿਆਨੀ ਹੈ ॥੫॥

ਸਲੋਕੁ ॥

**ਆਵਨ ਆਏ ਸ੍ਰਿਸਟਿ ਮਹਿ**
**ਬਿਨੁ ਬੂਝੇ ਪਸੁ ਢੋਰ ॥**

ਅਰਥ—ਕਹਿਣ ਮਾਤ੍ਰ ਸ੍ਰਿਸ਼ਟੀ ਵਿਚ ਆਏ ਹਨ, ਪਰ ਵਾਹਿਗੁਰੂ ਨੂੰ ਜਾਣੇ ਤੋਂ ਬਿਨਾਂ ਪਸੁ=ਬਲਦ ਤੇ ਢੋਰ=ਖੋਤੇ ਹਨ, ਵਾ ਪਸੁ ਢੋਰ=ਮੁਰਦੇ ਪਸ਼ੂ ਹਨ ।

## ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥੧॥

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਵਾਹਿਗੁਰੂ ਨੂੰ ਗੁਰਾਂ ਦਵਾਰਾ ਉਹ ਜਾਣਦਾ ਹੈ ਜਿਸ ਦੇ ਮੱਥੇ ਦੇ ਉੱਤਮ ਭਾਗ ਹਨ ॥੧॥

ਪਉੜੀ ॥

## ਯਾ ਜੁਗ ਮਹਿ ਏਕਹਿ ਕਉ ਆਇਆ ॥

ਅਰਥ—ਇਸ ਜੁਗ ਵਿਚ ਜੀਵ ਇਕ ਵਾਹਿਗੁਰੂ ਨੂੰ ਮਿਲਣ ਲਈ ਆਇਆ ਹੈ ।

## ਜਨਮਤ ਮੋਹਿਓ ਮੋਹਨੀ ਮਾਇਆ ॥

ਅਰਥ—(ਪਰ) ਜੰਮਦੇ (ਜੀਵ ਨੂੰ) ਮੋਹਨੀ ਮਾਇਆ ਨੇ ਠੱਗ ਲਿਆ ਹੈ ।

## ਗਰਭ ਕੁੰਟ ਮਹਿ ਉਰਧ ਤਪ ਕਰਤੇ ॥

ਅਰਥ—ਮਾਤਾ ਦੇ ਗਰਭ ਰੂਪ ਕੁੰਡ ਵਿਚ ਪੁੱਠਾ ਲਮਕ ਕੇ ਤਪ ਕਰਦਾ ਸੀ ।

## ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥

ਅਰਥ—ਅਤੇ ਸਵਾਸ ਸਵਾਸ ਪ੍ਰਭੂ ਨੂੰ ਸਿਮਰਦਾ ਰਹਿੰਦਾ ਸੀ।

## ਉਰਝਿ ਪਰੇ ਜੋ ਛੋਡਿ ਛਡਾਨਾ ॥

ਅਰਥ—ਜੋ (ਪਦਾਰਥ) ਛਡ ਛਡਾਣ ਜਾਣਾ ਸੀ ਉਸ ਵਿਚ ਫਸ

ਰਿਹਾ ਹੈ ।

## ਦੇਵਨਹਾਰੁ ਮਨਹਿ ਬਿਸਰਾਨਾ ॥

ਅਰਥ—ਅਤੇ ਦੇਣ ਵਾਲੇ ਵਾਹਿਗੁਰੂ ਨੂੰ ਮਨ ਤੋਂ ਵਿਸਾਰ ਦਿਤਾ ਸੂ ।

## ਧਾਰਹੁ ਕਿਰਪਾ ਜਿਸਹਿ ਗੁਸਾਈ ॥

ਅਰਥ—(ਸਨਮੁਖ ਬੇਨਤੀ ਕਰਦੇ ਹਨ) ਹੇ ਵਾਹਿਗੁਰੂ ! ਜਿਸ ਉਤੇ ਤੁਸੀਂ ਕ੍ਰਿਪਾ ਕਰੋ ।

## ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥੬॥

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਉਸ ਨੂੰ ਤੁਸੀਂ ਇਥੇ ਸੰਸਾਰ ਤੇ ਉਥੇ (ਮਾਤਾ ਦੇ ਗਰਭ ਵਿਚ) ਵਿਸਰਦੇ ਨਹੀਂ ਹੋ ॥੬॥

ਸਲੋਕੁ ॥

## ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ ॥

ਅਰਥ—ਆਉਂਦਾ ਭੀ ਹੁਕਮ ਵਿਚ ਤੇ ਮਰਦਾ ਭੀ ਹੁਕਮ ਵਿਚ ਹੈ, ਵਾਹਿਗੁਰੂ ਦੇ ਹੁਕਮ ਤੋਂ ਬਾਹਰ ਕੋਈ ਭੀ ਨਹੀਂ ਹੈ ।

## ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥੧॥

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਜਿਸ ਦੇ ਮਨ ਵਿਚ ਉਹ ਵਾਹਿਗੁਰੂ ਵਸੇ, ਉਸ ਦਾ ਆਵਣਾ ਜਾਣਾ ਮਿਟ ਜਾਂਦਾ ਹੈ ॥੧॥

ਪਉੜੀ ॥

## ਏਊ ਜੀਅ ਬਹੁਤੁ ਗ੍ਰਭ ਵਾਸੇ ॥

ਅਰਥ—ਇਹ ਜੀਵ ਬਹੁਤੇ ਗਰਭਾਂ ਵਿਚ ਵਸਿਆ ਹੈ ।

## ਮੋਹ ਮਗਨ ਮੀਠ ਜੋਨਿ ਫਾਸੇ ॥

ਅਰਥ—ਕਿਉਂਕਿ ਮੋਹ ਦੀ ਮਸਤੀ ਨੂੰ ਪਿਆਰੀ ਜਾਨਣ ਕਰ ਕੇ ਜੂਨਾਂ ਵਿਚ ਫਸਦਾ ਹੈ ।

## ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥

ਅਰਥ—ਇਸ ਤ੍ਰਿਗੁਣੀ ਮਾਇਆ (ਨੇ ਜੀਵ) ਵਸ ਕੀਤੇ (ਹੋਏ ਹਨ)।

## ਆਪਨ ਮੋਹ ਘਟੇ ਘਟਿ ਦੀਨੇ ॥

ਅਰਥ—(ਤੇ) ਹਰ ਇਕ ਦੇ ਸਰੀਰ ਵਿਚ ਆਪਣਾ ਮੋਹ ਦਿਤਾ ਹੋਇਆ ਸੂ ।

## ਏ ਸਾਜਨ ਕਛੁ ਕਹਹੁ ਉਪਾਇਆ ॥

ਅਰਥ—ਹੇ ਸਜਣੋ ! ਕੁਝ ਉਪਾਉ ਦਸੋ ?

## ਜਾ ਤੇ ਤਰਉ ਬਿਖਮ ਇਹ ਮਾਇਆ ॥

ਅਰਥ—ਜਿਸ ਦੇ ਕਰਨੇ ਕਰ ਕੇ ਇਹ ਕਠਿਨ ਮਾਇਆ ਤੋਂ ਤਰ= ਬਚ ਜਾਈਏ ।

## ਕਰਿ ਕਿਰਪਾ ਸਤਸੰਗਿ ਮਿਲਾਏ ॥

ਅਰਥ—(ਜਿਸ ਨੂੰ ਵਾਹਿਗੁਰੂ) ਕਿਰਪਾ ਕਰ ਕੇ ਸਤਿਸੰਗ ਵਿਚ ਮਿਲਾ ਦੇਵੇ ।

## ਨਾਨਕ ਤਾ ਕੈ ਨਿਕਟਿ ਨ ਮਾਏ ॥੭॥

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਉਸ ਦੇ ਨੇੜੇ ਮਾਇਆ ਨਹੀਂ ਆਉਂਦੀ ਹੈ। ਅਰਥ ਇਹ ਸਿਧ ਹੋਇਆ ਕਿ ਸਤਿਸੰਗ ਕਰਨ ਵਾਲਾ ਮਾਇਆ ਤੋਂ ਬਚ ਜਾਂਦਾ ਹੈ ॥੭॥

ਸਲੋਕੁ ॥

## ਕਿਰਤ ਕਮਾਵਨ ਸੁਭ ਅਸੁਭ
## ਕੀਨੇ ਤਿਨਿ ਪ੍ਰਭਿ ਆਪਿ ॥

ਅਰਥ—ਚੰਗੇ ਮੰਦੇ ਕਰਮ ਕਰਨ ਲਈ ਉਸ ਪ੍ਰਭੂ ਨੇ ਆਪ ਹੀ ਬਣਾਏ ਹਨ (ਭਾਵ—ਸਭ ਉਸੇ ਦੀ ਰਚਨਾ ਹੈ)।

## ਪਸੁ ਆਪਨ ਹਉ ਹਉ ਕਰੈ
## ਨਾਨਕ ਬਿਨੁ ਹਰਿ ਕਹਾ ਕਮਾਤਿ ॥੧॥

ਅਰਥ—(ਜੀਵ) ਪਸੂ ਆਪ ਮੈਂ ਮੈਂ ਕਰਦਾ ਹੈ। (ਜੇਕਰ ਵਿਚਾਰ ਕਰੀਏ ਤਾਂ) ਸਤਿਗੁਰੂ ਜੀ ਕਹਿੰਦੇ ਹਨ—ਕਿ ਜੀਵ ਹਰੀ ਤੋਂ ਬਿਨਾਂ ਕੀ ਕਮਾ ਸਕਦਾ ਹੈ (ਭਾਵ ਉਸ ਤੋਂ ਬਿਨਾਂ ਇਹ ਕੁਝ ਨਹੀਂ ਕਰ ਸਕਦਾ) ॥੧॥

ਪਉੜੀ ॥

## ਏਕਹਿ ਆਪਿ ਕਰਾਵਨਹਾਰਾ ॥

ਅਰਥ—ਇਕੋ (ਵਾਹਿਗੁਰੂ) ਆਪ ਕਰਾਉਣ ਵਾਲਾ ਹੈ।

## ਆਪਹਿ ਪਾਪ ਪੁੰਨ ਬਿਸਥਾਰਾ ॥

ਅਰਥ—ਅਤੇ ਉਸ ਨੇ ਆਪੇ ਹੀ ਪੁੰਨ ਤੇ ਪਾਪ ਦਾ ਵਿਸਥਾਰ ਕੀਤਾ

ਹੈ ।

**ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥**

ਅਰਥ—ਇਸ ਜੀਵ ਨੂੰ ਜਿਧਰ ਜਿਧਰ ਉਸ ਨੇ ਆਪ ਹੀ ਲਾਇਆ ਹੈ (ਉਧਰ ਲਗਾ ਹੋਇਆ ਹੈ) ।

**ਸੋ ਸੋ ਪਾਇਓ ਜੁ ਆਪਿ ਦਿਵਾਇਓ ॥**

ਅਰਥ—ਜੀਵ ਨੇ ਉਹ ਉਹ (ਪਦਾਰਥ) ਪਾਇਆ ਹੈ ਜੋ ਵਾਹਿਗੁਰੂ ਨੇ ਆਪ ਦਿਤਾ ਹੈ ।

**ਉਆ ਕਾ ਅੰਤੁ ਨ ਜਾਨੈ ਕੋਊ ॥**

ਅਰਥ—ਉਸ ਵਾਹਿਗੁਰੂ ਦਾ ਅੰਤ ਕੋਈ ਨਹੀਂ ਜਾਣਦਾ ਹੈ ।

**ਜੋ ਜੋ ਕਰੈ ਸੋਊ ਫੁਨਿ ਹੋਊ ॥**

ਅਰਥ—ਜੋ ਜੋ ਉਹ ਕਰਦਾ ਹੈ ਫਿਰ ਓਹੀ ਹੁੰਦਾ ਹੈ ।

**ਏਕਹਿ ਤੇ ਸਗਲਾ ਬਿਸਥਾਰਾ ॥**

ਅਰਥ—ਇਕ ਵਾਹਿਗੁਰੂ ਤੋਂ ਹੀ ਸਾਰਾ ਵਿਸਥਾਰ ਹੋਇਆ ਹੈ ।

**ਨਾਨਕ ਆਪਿ ਸਵਾਰਨਹਾਰਾ ॥੮॥**

ਅਰਥ—ਸਤਿਗੁਰੂ ਜੀ ਆਖਦੇ ਹਨ—ਵਾਹਿਗੁਰੂ ਆਪ ਹੀ ਸਾਰਿਆਂ ਦੇ ਬਣਾਉਣ ਵਾਲਾ ਹੈ ॥੮॥

ਸਲੋਕੁ ॥

**ਰਾਚਿ ਰਹੇ ਬਨਿਤਾ ਬਿਨੋਦ**

**ਕੁਸਮ ਰੰਗ ਬਿਖ ਸੋਰ ॥**

ਅਰਥ—ਜਿਨ੍ਹਾਂ ਇਸਤ੍ਰੀਆਂ ਦੇ ਕੌਤਕਾਂ ਵਿਚ ਜੀਵ ਲਗ ਰਹੇ ਹਨ ਤਿਨ੍ਹਾਂ ਦਾ ਰੰਗ ਫੁਲ ਵਾਂਗੂੰ ਚਾਰ ਦਿਨ ਰਹਿਣ ਵਾਲਾ ਤੇ ਜ਼ਹਿਰ ਤੇ ਸ਼ੋਰੇ ਵਾਂਗੂੰ ਨਾਸ ਕਰਨ ਵਾਲਾ ਹੈ, ਵਾ ਤਿਨ੍ਹਾਂ ਦਾ ਪਿਆਰ ਕਸੁੰਭੇ ਦੇ ਰੰਗ ਵਾਂਗੂੰ ਹੈ ਤੇ ਵਿਖ ਵਾਂਗੂੰ ਮਾਰਨ ਵਾਲਾ ਤੇ ਸ਼ੋਰੇ ਵਾਂਗੂੰ ਗਾਲਣ ਵਾਲਾ ਹੈ ।

## ਨਾਨਕ ਤਿਹ ਸਰਨੀ ਪਰਉ
## ਬਿਨਸਿ ਜਾਇ ਮੈ ਮੋਰ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਹੇ ਭਾਈ! ਇਹਨਾਂ ਦਾ ਪਿਆਰ ਛੱਡ ਕੇ ਉਸ ਵਾਹਿਗੁਰੂ ਦੀ ਸ਼ਰਨੀ ਪਵੋ ਜਿਸ ਕਰ ਕੇ ਮੈਂ ਮੇਰੀ ਨਾਸ ਹੋ ਜਾਵੇ ॥੧॥

ਪਉੜੀ ॥

## ਰੇ ਮਨ ਬਿਨੁ ਹਰਿ ਜਹ ਰਚਹੁ
## ਤਹ ਤਹ ਬੰਧਨ ਪਾਹਿ ॥

ਅਰਥ—ਹੇ ਮਨ! ਹਰਿ ਨਾਮ ਤੋਂ ਬਿਨਾਂ ਜਿਥੇ ਲਗੇਗਾ ਉਥੇ ਹੀ ਬੰਧਨਾਂ ਵਿਚ ਪਵੇਗਾ ।

## ਜਿਹ ਬਿਧਿ ਕਤਹੂ ਨ ਛੂਟੀਐ
## ਸਾਕਤ ਤੇਊ ਕਮਾਹਿ ॥

ਅਰਥ—ਮਨਮੁਖ (ਮੁੜ ਮੁੜ ਕੇ) ਉਹ ਕੰਮ ਕਮਾਉਂਦਾ ਹੈ ਜਿਸ ਬਿਧੀ ਕਰ ਕੇ ਕਦੇ ਭੀ ਨਾ ਛੁਟਣਾ ਹੋਵੇ ।

## ਹਉ ਹਉ ਕਰਤੇ ਕਰਮ ਰਤ

## ਤਾ ਕੋ ਭਾਰੁ ਅਫਾਰ ॥

ਅਰਥ—ਜੋ ਕਰਮਾਂ ਵਿਚ ਪ੍ਰੀਤ ਕਰ ਕੇ ਮੈਂ ਮੈਂ ਕਰਦਾ ਹੈ (ਭਾਵ—ਸਕਾਮ ਕਰਮ ਕਰਦਾ ਹੈ) ਉਸ ਦੇ ਸਿਰ ਉਤੇ ਬਹੁਤਾ ਭਾਰ ਹੁੰਦਾ ਹੈ।

## ਪ੍ਰੀਤਿ ਨਹੀ ਜਉ ਨਾਮ ਸਿਉ
## ਤਉ ਏਊ ਕਰਮ ਬਿਕਾਰ ॥

ਅਰਥ—ਕਿਉਂਕਿ ਜੇਕਰ ਨਾਮ ਨਾਲ ਪ੍ਰੀਤੀ ਨਹੀਂ ਤਾਂ ਇਹ ਕਰਮ ਵਿਕਾਰ ਰੂਪ ਹਨ।

## ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥

ਅਰਥ—ਜਿਨ੍ਹਾਂ ਨੂੰ ਮਾਇਆ ਦਾ ਪ੍ਰੇਮ ਮਿੱਠਾ ਹੈ, ਉਹ ਜਮਾਂ ਦੀ ਰੱਸੀ ਨਾਲ ਬੰਨੇ ਜਾਂਦੇ ਹਨ।

## ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ ॥

ਅਰਥ—ਕਿਉਂਕਿ ਭਰਮ ਵਿਚ ਮੋਹੇ ਹੋਏ ਹੋਣ ਕਰਕੇ ਉਹ ਸਦਾ ਹੀ ਨਾਲ ਰਹਿਣ ਵਾਲੇ ਪ੍ਰਭੂ ਨੂੰ ਨਹੀਂ ਜਾਣਦੇ ਹਨ।

## ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥

ਅਰਥ—ਕਰਮਾਂ ਦੇ ਲੇਖੇ ਗਿਣਨ ਕਰਕੇ ਨਹੀਂ ਛੁਟੀਦਾ ਹੈ ਕਿਉਂਕਿ ਇਹ ਤਾਂ ਕੱਚੀ ਕੰਧ ਸੁਧ ਨਹੀਂ ਹੋਣੀ (ਭਾਵ—ਇਸ ਵਿਚ ਕੋਈ ਨਾ ਕੋਈ ਵਿਕਾਰ ਹੁੰਦਾ ਹੀ ਜਾਣਾ ਹੈ।)

## ਜਿਸਹਿ ਬੁਝਾਏ ਨਾਨਕਾ
## ਤਿਹ ਗੁਰਮੁਖਿ ਨਿਰਮਲ ਬੁਧਿ ॥੯॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਨੂੰ ਵਾਹਿਗੁਰੂ ਆਪ

ਸਮਝਾ ਦੇਵੇ ਉਸ ਗੁਰਮੁਖ ਦੀ ਬੁਧੀ ਨਿਰਮਲ ਹੁੰਦੀ ਹੈ ॥੯॥

ਸਲੋਕੁ ॥

## ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥

ਅਰਥ—ਜਿਸ ਨੂੰ ਸਾਧੂਆਂ ਦਾ ਸੰਗ ਹੋਇਆ ਹੈ ਉਸ ਦੇ ਬੰਧਨ ਟੁਟ ਗਏ ਹਨ ।

## ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ (ਕਿਉਂ) ਜੋ ਸੰਤ ਇਕ ਵਾਹਿਗੁਰੂ ਦੇ ਪ੍ਰੇਮ ਵਿਚ ਰੱਤੇ ਹੋਏ ਹਨ, ਉਹਨਾਂ ਦੀ ਸੰਗਤ ਕਰਨ ਵਾਲਿਆਂ ਨੂੰ ਗੂੜਾ ਰੰਗ=ਆਤਮ ਅਨੰਦ (ਪ੍ਰਾਪਤ ਹੋਇਆ ਹੈ) ॥੧॥

ਪਉੜੀ ॥

## ਰਾਰਾ ਰੰਗਹੁ ਇਆ ਮਨੁ ਅਪਨਾ ॥

ਅਰਥ—ਰਾਰੇ ਅੱਖਰ ਦਵਾਰਾ ਕਹਿੰਦੇ ਹਨ ਕਿ ਇਹ ਆਪਣਾ ਮਨ (ਵਾਹਿਗੁਰੂ ਦੇ ਪ੍ਰੇਮ ਵਿਚ) ਰੰਗੋ।

## ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥

ਅਰਥ—ਅਤੇ ਜਿਹਬਾ ਨਾਲ ਹਰਿ ਹਰਿ ਨਾਮ ਦੇ ਜਾਪ ਨੂੰ ਜਪਣਾ ਕਰੋ (ਇਸ ਦਾ ਫਲ ਇਹ ਹੋਵੇਗਾ) ।

## ਰੇ ਰੇ ਦਰਗਹ ਕਹੈ ਨ ਕੋਊ ॥

ਅਰਥ—ਦਰਗਾਹ ਵਿਚ ਓਇ ਓਇ ਕੋਈ ਨ ਕਹੇਗਾ ।

## ਆਉ ਬੈਠੁ ਆਦਰੁ ਸੁਭ ਦੇਊ ॥

ਅਰਥ—ਸਗੋਂ ਆਓ ਜੀ ਬੈਠੋ ਇਸ ਤਰ੍ਹਾਂ ਸਭ ਆਦਰ ਦੇਵਣਗੇ।

## ਉਆ ਮਹਲੀ ਪਾਵਹਿ ਤੂ ਬਾਸਾ ॥

ਅਰਥ—ਉਸ ਸ੍ਵਰੂਪ ਵਿਚ ਤੂੰ ਵਾਸਾ ਪਾਵੇਂਗਾ।

## ਜਨਮ ਮਰਨ ਨਹ ਹੋਇ ਬਿਨਾਸਾ ॥

ਅਰਥ—ਜਿਥੇ ਜਨਮ ਮਰਨ ਵਿਚ ਨਾਸ ਨਹੀਂ ਹੋਵੇਗਾ (ਭਾਵ ਜਨਮ ਮਰਨ ਦਾ ਦੁਖ ਨਹੀਂ)।

## ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥

ਅਰਥ—ਜਿਸ ਦੇ ਮੱਥੇ ਉਤੇ ਧੁਰੋਂ ਹੀ ਕਰਮ ਲਿਖਿਆ ਹੋਇਆ ਹੈ।

## ਹਰਿ ਸੰਪੈ ਨਾਨਕ ਘਰਿ ਤਾ ਕੈ ॥੧੦॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਦੇ ਹਿਰਦੇ ਰੂਪੀ ਘਰ ਵਿਚ ਹਰਿ ਨਾਮ ਧਨ ਪ੍ਰਾਪਤ ਹੁੰਦਾ ਹੈ ॥੧੦॥

ਸਲੋਕੁ ॥

## ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥

ਅਰਥ—ਮੂਰਖ ਅਗਿਆਨੀ ਲਾਲਚ, ਝੂਠ ਤੇ ਵਿਕਾਰਾਂ ਦੇ ਮੋਹ ਵਿਚ ਲਗੇ ਹੋਏ ਹਨ।

## ਲਾਗਿ ਪਰੇ ਦੁਰਗੰਧ ਸਿਉ
## ਨਾਨਕ ਮਾਇਆ ਬੰਧ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਮਾਇਆ ਦੇ ਬੰਧਨਾਂ ਕਰਕੇ, ਦੁਰਗੰਧ=ਖੋਟੀ ਵਾਸ਼ਨਾ ਵਿਚ ਲਗੇ ਪਏ ਹਨ।

ਪਉੜੀ ॥

**ਲਲਾ ਲਪਟਿ ਬਿਖੈ ਰਸ ਰਾਤੇ ॥**

ਅਰਥ—ਲੱਲੇ ਦਵਾਰਾ ਕਹਿੰਦੇ ਹਨ—ਕਿ ਜੀਵ ਵਿਸ਼ੇ ਰਸਾਂ ਵਿਚ ਲੰਪਟ ਹੋ ਕੇ ਰੱਤੇ ਹੋਏ ਹਨ।

**ਅਹੰਬੁਧਿ ਮਾਇਆ ਮਦ ਮਾਤੇ ॥**

ਅਰਥ—ਹੰਕਾਰ ਬੁਧੀ ਕਰਕੇ ਮਾਇਆ ਦੇ ਰਸ ਵਿਚ ਮਸਤ ਹਨ।

**ਇਆ ਮਾਇਆ ਮਹਿ ਜਨਮਹਿ ਮਰਨਾ ॥**

ਅਰਥ—ਇਸ ਮਾਇਆ ਵਿਚ ਲਗਣ ਵਾਲੇ ਦਾ ਜੰਮਣ ਮਰਨ ਹੁੰਦਾ ਹੈ।

**ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥**

ਅਰਥ—(ਪਰ ਚੰਗਾ) ਜਿਉਂ ਜਿਉਂ ਵਾਹਿਗੁਰੂ ਦਾ ਹੁਕਮ, ਤਿਉਂ ਤਿਉਂ ਹੀ ਜੀਵ ਕਰਦਾ ਹੈ ਭਾਵ—ਕੇਵਲ ਰੁੜ੍ਹਦੇ ਨੂੰ ਤੀਲੇ ਦੇ ਸਹਾਰੇ ਵਾਂਗੂੰ ਹੈ, ਪਰ ਜੇਕਰ ਜੀਵ ਦਾ ਨਿਸਚਾ ਹੋ ਜਾਵੇ ਤਾਂ ਇਥੇ ਹੰਗਤਾ ਦਾ ਨਾਸ ਹੋ ਜਾਂਦਾ ਹੈ।

**ਕੋਊ ਊਨ ਨ ਕੋਊ ਪੂਰਾ ॥**

ਅਰਥ—(ਕਿਉਂਕਿ ਆਪਣੇ ਆਪ ਤਾਂ) ਨਾ ਕੋਈ ਊਣਾ ਤੇ ਨਾ ਕੋਈ ਪੂਰਾ ਹੈ।

**ਕੋਊ ਸੁਘਰੁ ਨ ਕੋਊ ਮੂਰਾ ॥**

ਅਰਥ—ਨਾ ਕੋਈ ਚਤਰ ਤੇ ਨਾ ਕੋਈ ਮੂਰਖ ਹੈ।

**ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥**

ਅਰਥ—ਹੇ ਵਾਹਿਗੁਰੂ ! ਜਿਧਰ ਜਿਧਰ ਲਾਵੋਗੇ, ਜੀਵ ਨੇ ਉਧਰ ਉਧਰ ਹੀ ਲਗਣਾ ਹੈ ।

## ਨਾਨਕ ਠਾਕੁਰ ਸਦਾ ਅਲਿਪਨਾ ॥੧੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਵਾਹਿਗੁਰੂ ਸਾਰਿਆਂ ਦੇ ਵਿਚ ਹੁੰਦਾ ਹੋਇਆ ਭੀ ਸਦਾ ਅਲੇਪ ਹੈ ॥੧੧॥

ਸਲੋਕੁ ॥

## ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥

ਅਰਥ—ਪਿਆਰਾ ਗੁਬਿੰਦ ਗੋਪਾਲ ਪ੍ਰਭੂ, ਗਹਿਰ ਅਥਾਹ=ਬਹੁਤ ਡੂੰਘਾ ਤੇ ਗੰਭੀਰ=ਹਿੱਲਣ ਤੋਂ ਬਿਨਾਂ ਹੈ ।

## ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਉਸਦੇ (ਸਾਨੀ) ਦੂਸਰਾ ਕੋਈ ਨਹੀਂ ਹੈ, ਇਕੋ ਵਾਹਿਗੁਰੂ ਹੀ ਬੇਪ੍ਰਵਾਹ ਹੈ ॥੧॥

ਪਉੜੀ ॥

## ਲਲਾ ਤਾ ਕੈ ਲਵੈ ਨ ਕੋਊ ॥

ਅਰਥ—ਲੱਲੇ ਦਵਾਰਾ ਕਹਿੰਦੇ ਹਨ ਕਿ ਉਸ ਦੇ ਬਰਾਬਰ ਕੋਈ ਨਹੀਂ ਹੈ ।

## ਏਕਹਿ ਆਪਿ ਅਵਰ ਨਹ ਹੋਊ ॥

ਅਰਥ—ਇਕੋ ਆਪ ਹੀ ਹੈ ਅਤੇ ਅਗੇ ਨੂੰ ਵੀ ਹੋਰ ਕੋਈ ਨਹੀਂ ਹੋਵੇਗਾ ।

**ਹੋਵਨਹਾਰੁ ਹੋਤ ਸਦ ਆਇਆ ॥**

ਅਰਥ—ਹੋਵਣ ਵਾਲਾ ਵਾਹਿਗੁਰੂ ਪਿਛੇ ਸਦਾ ਹੁੰਦਾ ਆਇਆ ਹੈ।

**ਉਆ ਕਾ ਅੰਤੁ ਨ ਕਾਹੂ ਪਾਇਆ ॥**

ਅਰਥ—ਅਤੇ ਉਸ ਦਾ ਅੰਤ ਕਿਸੇ ਭੀ ਨਹੀਂ ਪਾਇਆ ਹੈ।

**ਕੀਟ ਹਸਤਿ ਮਹਿ ਪੂਰ ਸਮਾਨੇ ॥**

ਅਰਥ—ਕੀੜੀ ਤੇ ਹਾਥੀ ਵਿਚ ਸਮਾਨ ਸਤਾ ਕਰ ਕੇ ਹੀ ਪੂਰਨ ਹੈ।

**ਪ੍ਰਗਟ ਪੁਰਖ ਸਭ ਠਾਊ ਜਾਨੇ ॥**

ਅਰਥ—(ਉਹ) ਪੁਰਖ (ਵਾਹਿਗੁਰੂ) ਸਭ ਜਗ੍ਹਾ ਤੇ ਪ੍ਰਗਟ ਜਾਣੀਦਾ ਹੈ।

**ਜਾ ਕਉ ਦੀਨੋ ਹਰਿ ਰਸੁ ਅਪਨਾ ॥**

ਅਰਥ—ਜਿਸ ਨੂੰ ਹਰੀ ਨੇ ਆਪਣਾ ਰਸ ਦਿਤਾ ਹੈ।

**ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥੧੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਗੁਰਮੁਖ ਨੇ ਹਰਿ ਹਰਿ ਨਾਮ ਜਪਣਾ ਕੀਤਾ ਹੈ ॥੧੨॥

ਸਲੋਕੁ ॥

**ਆਤਮ ਰਸੁ ਜਿਹ ਜਾਨਿਆ**
**ਹਰਿ ਰੰਗ ਸਹਜੇ ਮਾਣੁ ॥**

ਅਰਥ—ਜਿਸ ਨੇ ਆਤਮ ਰਸ ਜਾਣਿਆ ਹੈ ਉਹ ਸਹਿਜੇ ਹੀ ਹਰੀ

ਦੇ ਰੰਗ ਨੂੰ ਭੋਗਦਾ ਹੈ ।

## ਨਾਨਕ ਧਨਿ ਧਨਿ ਧੰਨਿ
## ਜਨ ਆਏ ਤੇ ਪਰਵਾਣੁ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਹ ਧੰਨ ਹਨ, ਧੰਨ ਹਨ ਅਤੇ ਆਵਣਾ ਭੀ ਉਹਨਾਂ ਦਾ ਪ੍ਰਵਾਨ=ਸਫਲ ਹੈ ॥੧॥

ਪਉੜੀ ॥

## ਆਇਆ ਸਫਲ ਤਾਹੂ ਕੋ ਗਨੀਐ ॥

ਅਰਥ—ਉਸ ਦਾਂ ਆਇਆ ਸਫਲ ਗਿਣੀਦਾ ਹੈ ।

## ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥

ਅਰਥ—ਜਿਸ ਦੀ ਜਿਹਬਾ ਤੋਂ ਹਰਿ ਜਸ ਉਚਾਰਨ ਹੁੰਦਾ ਹੈ ।

## ਆਇ ਬਸਹਿ ਸਾਧੂ ਕੈ ਸੰਗੇ ॥

ਅਰਥ—ਜੋ ਸਾਧੂਆਂ ਦੇ ਸੰਗ ਵਿਚ ਆਇ ਵਸਦੇ ਹਨ ।

## ਅਨਦਿਨੁ ਨਾਮੁ ਧਿਆਵਹਿ ਰੰਗੇ ॥

ਅਰਥ—ਅਤੇ ਦਿਨ ਰਾਤ ਪ੍ਰੇਮ ਨਾਲ ਨਾਮ ਧਿਆਉਂਦੇ ਹਨ।

## ਆਵਤ ਸੋ ਜਨੁ ਨਾਮਹਿ ਰਾਤਾ ॥

ਅਰਥ—(ਸੰਸਾਰ ਵਿਚ) ਆ ਕੇ ਉਹ ਪੁਰਸ਼ ਨਾਮ ਵਿਚ ਲਗਾ ਹੈ ।

## ਜਾ ਕਉ ਦਇਆ ਮਇਆ ਬਿਧਾਤਾ ॥

ਅਰਥ—ਜਿਸ ਉਤੇ ਕਿਰਪਾ ਰੂਪ ਬਿਧਾਤੇ ਦੀ ਦਇਆ ਹੋਈ ਹੈ।

## ਏਕਹਿ ਆਵਨ ਫਿਰਿ ਜੋਨਿ ਨ ਆਇਆ ॥

ਅਰਥ—ਉਹ ਇਕੋ ਵੇਰੀ ਆ ਕੇ ਫਿਰ ਜੋਨੀਆਂ ਵਿਚ ਨਹੀਂ ਆਇਆ ਹੈ ।

## ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥

ਅਰਥ—ਕਿਉਂਕਿ ਸਤਿਗੁਰੂ ਜੀ ਆਖਦੇ ਹਨ—ਕਿ ਉਹ ਹਰੀ ਦੇ ਦਰਸਿ=ਸਰੂਪ ਵਿਚ ਸਮਾ ਗਿਆ ਹੈ ॥੧੩॥

ਸਲੋਕੁ ॥

## ਯਾਸੁ ਜਪਤ ਮਨਿ ਹੋਇ ਅਨੰਦੁ
## ਬਿਨਸੈ ਦੂਜਾ ਭਾਉ ॥

ਅਰਥ—ਜਿਸ ਵਾਹਿਗੁਰੂ ਦੇ ਜਪਣੇ ਕਰਕੇ ਮਨ ਵਿਚ ਅਨੰਦ ਹੋਵੇ ਅਤੇ ਦ੍ਵੈਤ ਨਾਸ ਹੋ ਜਾਵੇ ।

## ਦੂਖ ਦਰਦ ਤ੍ਰਿਸਨਾ ਬੁਝੈ
## ਨਾਨਕ ਨਾਮਿ ਸਮਾਉ ॥੧॥

ਅਰਥ—ਅਤੇ ਦੁਖ ਦਰਿਦ੍ਰ ਤੇ ਤ੍ਰਿਸ਼ਨਾ ਬੁਝ ਜਾਵੇ ਸਤਿਗੁਰੂ ਜੀ ਆਖਦੇ ਹਨ ਉਸ ਨਾਮ ਵਿਚ ਸਮਾਈ ਕਰ ॥੧॥

ਪਉੜੀ ॥

## ਯਯਾ ਜਾਰਉ ਦੁਰਮਤਿ ਦੋਊ ॥

ਅਰਥ—ਯੱਯੇ ਦ੍ਵਾਰਾ ਕਹਿੰਦੇ ਹਨ—ਕਿ ਦਵੈਤ ਵਾਲੀ ਖੋਟੀ ਮਤਿ ਸਾੜ ਦੇਵੋ ।

## ਤਿਸਹਿ ਤਿਆਗਿ ਸੁਖ ਸਹਜੇ ਸੋਊ ॥

ਅਰਥ—ਉਸ ਨੂੰ ਛੱਡ ਕੇ ਆਤਮ ਸੁਖ ਵਿਚ ਸੌਣਾ ਹੁੰਦਾ ਹੈ।

**ਯਯਾ ਜਾਇ ਪਰਹੁ ਸੰਤ ਸਰਨਾ ॥**

ਅਰਥ—ਯੱਯੇ ਦਵਾਰਾ ਕਹਿੰਦੇ ਹਨ—ਕਿ ਸੰਤਾਂ ਦੀ ਸਰਨੀ ਜਾ ਕੇ ਪਵੋ ।

**ਜਿਹ ਆਸਰ ਇਆ ਭਵਜਲੁ ਤਰਨਾ ॥**

ਅਰਥ—ਜਿਨ੍ਹਾਂ ਦੇ ਆਸਰੇ ਕਰ ਕੇ ਇਸ ਸੰਸਾਰ ਤੋਂ ਤਰਨਾ ਹੁੰਦਾ ਹੈ ।

**ਯਯਾ ਜਨਮਿ ਨ ਆਵੈ ਸੋਊ ॥**

ਅਰਥ—ਉਹ ਫਿਰ ਜਨਮ ਮਰਨ ਵਿਚ ਨਹੀਂ ਆਉਂਦਾ ਹੈ ।

**ਏਕ ਨਾਮ ਲੇ ਮਨਹਿ ਪਰੋਊ ॥**

ਅਰਥ—ਜੋ ਇਕ ਵਾਹਿਗੁਰੂ ਦਾ ਨਾਮ ਮਨ ਵਿਚ ਪ੍ਰੋ ਲੈਂਦਾ ਹੈ।

**ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥**

ਅਰਥ—ਯੱਯੇ ਦਵਾਰਾ ਕਹਿੰਦੇ ਹਨ—ਪੂਰੇ ਗੁਰਾਂ ਦੀ ਓਟ ਲੈਣ ਕਰਕੇ ਜਨਮ ਨਹੀਂ ਹਾਰੀਦਾ ।

**ਨਾਨਕ ਤਿਹ ਸੁਖੁ ਪਾਇਆ<br>ਜਾ ਕੈ ਹੀਅਰੈ ਏਕ ॥੧੪॥**

ਅਰਥ—ਸਤਿਗੁਰੂ ਜੀ ਆਖਦੇ ਹਨ ਕਿ ਜਿਸ ਦੇ ਹਿਰਦੇ ਵਿਚ ਇਕ ਦਾ ਨਾਮ ਹੈ ਉਸ ਨੇ ਸੁਖ ਪਾਇਆ ਹੈ ॥੧੪॥

ਸਲੋਕੁ ॥

**ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ ॥**

ਅਰਥ—ਲੋਕ ਪ੍ਰਲੋਕ ਦੇ ਮਿੱਤਰ ਵਾਹਿਗੁਰੂ ਜੀ ਤਨ ਦੇ ਅੰਦਰ ਮਨ ਵਿਚ ਵਸ ਰਹੇ ਹਨ ।

**ਗੁਰਿ ਪੂਰੈ ਉਪਦੇਸਿਆ**
**ਨਾਨਕ ਜਪੀਐ ਨੀਤ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਪੂਰੇ ਗੁਰਾਂ (ਨੇ ਇਹ) ਉਪਦੇਸ਼ ਦਿਤਾ ਹੈ ਕਿ ਉਸ ਨੂੰ ਰੋਜ਼ ਜਪੀਏ ॥੧॥

ਪਉੜੀ ॥

**ਅਨਦਿਨੁ ਸਿਮਰਹੁ ਤਾਸੁ ਕਉ**
**ਜੋ ਅੰਤਿ ਸਹਾਈ ਹੋਇ ॥**

ਅਰਥ—ਜੋ ਅੰਤ ਨੂੰ ਸਹਾਈ ਹੁੰਦਾ ਹੈ ਦਿਨ ਰਾਤ ਉਸ ਨੂੰ ਸਿਮਰੋ ।

**ਇਹ ਬਿਖਿਆ ਦਿਨ ਚਾਰਿ ਛਿਅ**
**ਛਾਡਿ ਚਲਿਓ ਸਭੁ ਕੋਇ ॥**

ਅਰਥ—ਇਹ ਮਾਇਆ ਤਾਂ ਚਾਰਿ ਛਿਅ=ਦਸਾਂ ਦਿਨਾਂ ਨੂੰ ਸਭ ਕੋਈ ਛੱਡ ਕੇ ਚਲਾ ਜਾਵੇਗਾ ।

**ਕਾ ਕੋ ਮਾਤ ਪਿਤਾ ਸੁਤ ਧੀਆ ॥**

ਅਰਥ—ਕਿਸ ਦੇ ਮਾਂ, ਪਿਉ, ਪੁੱਤਰ ਤੇ ਧੀਆਂ ਹਨ ।

**ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥**

ਅਰਥ—ਇਸਤਰੀ ਆਦਿਕ ਤੇ ਹੋਰ ਭੀ ਘਰ ਵਿਚੋਂ ਨਾਲ ਕੁਝ ਨਹੀਂ ਲਿਆ ਜਾਵੇਗਾ ।

## ਐਸੀ ਸੰਚਿ ਜੁ ਬਿਨਸਤ ਨਾਹੀ ॥

ਅਰਥ—ਐਸੀ ਨਾਮ ਰੂਪ ਮਾਇਆ 'ਕੱਠੀ ਕਰੋ ਜੋ ਨਾਸ ਨਾ ਹੋਵੇ।

## ਪਤਿ ਸੇਤੀ ਅਪੁਨੈ ਘਰਿ ਜਾਹੀ ॥

ਅਰਥ—ਅਤੇ ਜਿਸ ਕਰਕੇ ਇੱਜ਼ਤ ਨਾਲ ਸ੍ਵਰੂਪ ਵਿਚ ਜਾਵੇਂਗਾ।

## ਸਾਧਸੰਗਿ ਕਲਿ ਕੀਰਤਨੁ ਗਾਇਆ ॥

ਅਰਥ—ਜਿਸ ਜਿਸ ਨੇ ਸਾਧ ਸੰਗ ਵਿਚ ਕਲਿ=ਸੁੰਦਰ ਵਾਹਿਗੁਰੂ ਦਾ ਕੀਰਤਨ ਗਾਵਿਆ ਹੈ।

## ਨਾਨਕ ਤੇ ਤੇ ਬਹੁਰਿ ਨ ਆਇਆ ॥੧੫॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਹ ਫਿਰ ਜਨਮ ਮਰਨ ਵਿਚ ਨਹੀਂ ਆਇਆ ਹੈ ॥੧੫॥

ਸਲੋਕੁ ॥

## ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥

ਅਰਥ—ਬਹੁਤ ਸੋਹਣਾ, ਉੱਚੀ ਕੁਲ ਵਾਲਾ, ਚਤਰ, ਮੁਖੋਂ ਗਿਆਨ ਭੀ ਕਰੇ, ਧਨਵਾਨ ਭੀ ਹੋਵੇ।

## ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥

ਅਰਥ—ਪਰ ਸਤਿਗੁਰੂ ਜੀ ਆਖਦੇ ਹਨ—ਜੇਕਰ ਭਗਵਾਨ ਨਾਲ ਪ੍ਰੀਤ ਨਹੀਂ ਤਾਂ ਉਹ ਮੁਰਦਾ ਕਹੀਦਾ ਹੈ ॥੧॥

ਪਉੜੀ ॥

## ਙੰਙਾ ਖਟੁ ਸਾਸਤ੍ਰ ਹੋਇ ਙਿਆਤਾ ॥

ਅਰਥ—ਙੰਙੇ (ਦਵਾਰਾ ਆਖਦੇ ਹਨ) ਕਿ ਛੇਆਂ ਸ਼ਾਸਤ੍ਰਾਂ (ਸ਼ਾਖ, ਪਤੰਜਲ, ਨਯਾਯ, ਵੈਸੰਖਕ, ਮੀਮਾਸਾ, ਵੇਦਾਂਤ) ਦੇ ਜਾਨਣ ਵਾਲਾ ਭੀ ਹੋਵੇ ।

## ਪੂਰਕੁ ਕੁੰਭਕ ਰੇਚਕ ਕਰਮਾਤਾ ॥

ਅਰਥ—ਅਤੇ [1]ਪੂਰਕ, [2]ਕੁੰਭਕ, [3]ਰੇਚਕ, ਆਦਿਕ ਪ੍ਰਾਣਾਯਾਮ ਕਰਦਾ ਹੋਵੇ ।

## ਙਿਆਨ ਧਿਆਨ ਤੀਰਥ ਇਸਨਾਨੀ ॥

ਅਰਥ—ਗਿਆਨ ਕਰਦਾ, ਧਿਆਨ ਲਾਉਂਦਾ ਅਤੇ ਤੀਰਥਾਂ ਤੇ ਇਸ਼ਨਾਨ ਕਰਦਾ ਹੋਵੇ ।

## ਸੋਮਪਾਕ ਅਪਰਸ ਉਦਿਆਨੀ ॥

ਅਰਥ—ਆਪਣੇ ਹੱਥੀਂ ਪਕਾ ਕੇ ਖਾਵੇ, ਕਿਸੇ ਦੇ ਨਾਲ ਨਾ ਛੋਂਹਦਾ ਅਤੇ ਉਜਾੜ ਵਿਚ ਵਸਦਾ ਹੋਵੇ । (ਇੰਨੇ ਕੰਮ ਕਰਦਿਆਂ ਭੀ ਜੇਕਰ)

## ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥

---

*੧. ਇੜਾ (ਖੱਬੀ ਨਾਸਕਾ) ਦੇ ਰਸਤੇ ੧੨ ਵੇਰੀ ਓਅੰ ਜਪ ਕਰ ਕੇ ਸਨੇ ਸਵਾਸਾਂ ਨੂੰ ਅੰਦਰ ਨੂੰ ਖਿਚਣ ਦਾ ਨਾਮ 'ਪੂਰਕ' ਹੈ ।*

*੨. ੧੬ ਵੇਰੀ ਓਅੰ ਦੇ ਜਪ ਨਾਲ ਸਵਾਸਾਂ ਨੂੰ ਦਸਮ ਦੁਆਰ ਵਿਚ ਠਹਿਰਾਉਣ ਦਾ ਨਾਮ 'ਕੁੰਭਕ' ਹੈ ।*

*੩. ਪਿੰਗਲਾ (ਸੱਜੀ ਨਾਸਕਾ) ਦੇ ਰਸਤੇ ੧੦ ਵੇਰੀ ਓਅੰ ਜਪ ਨਾਲ ਸੁਆਸ ਬਾਹਰ ਛਡਣੇ ਦਾ ਨਾਮ 'ਰੇਚਕ' ਹੈ ।*

ਅਰਥ—ਮਨ ਦਾ ਪ੍ਰੇਮ ਰਾਮ ਨਾਮ ਨਾਲ ਨਹੀਂ ਹੋਇਆ ।

**ਜੋ ਕਛੁ ਕੀਨੋ ਸੋਊ ਅਨੇਤਾ ॥**

ਅਰਥ—ਤਾਂ ਜੋ ਕੁਝ ਉਸ ਨੇ ਕੀਤਾ ਉਹ ਸਭ ਨਾਸ ਹੋ ਗਿਆ ਹੈ ।

**ਉਆ ਤੇ ਊਤਮੁ ਗਨਉ ਚੰਡਾਲਾ ॥**

ਅਰਥ—ਉਸ ਕਰਮ ਕਾਂਡੀ ਨਾਲੋਂ ਉਹ ਚੰਡਾਲ ਉੱਤਮ ਗਿਣੋ ।

**ਨਾਨਕ ਜਿਹ ਮਨਿ ਬਸਹਿ ਗੁਪਾਲਾ ॥੧੬॥**

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਦੇ ਮਨ ਵਿਚ ਗੋਪਾਲ ਵਸਦਾ ਹੈ ॥੧੬॥

ਸਲੋਕੁ ॥

**ਕੁੰਟ ਚਾਰਿ ਦਹ ਦਿਸਿ ਭ੍ਰਮੇ**
**ਕਰਮ ਕਿਰਤਿ ਕੀ ਰੇਖ ॥**

ਅਰਥ—ਕੀਤੇ ਕਰਮਾਂ ਦੀ ਰੇਖਾ (ਲੇਖ) ਅਨੁਸਾਰ ਚਾਰੇ ਕੁੰਟ=ਖਾਣੀਆਂ ਅਤੇ ਦਸੇ ਦਿਸ਼ਾਂ ਵਿਚ ਫਿਰ ਰਹੇ ਹਨ ।

**ਸੂਖ ਦੂਖ ਮੁਕਤਿ ਜੋਨਿ**
**ਨਾਨਕ ਲਿਖਿਓ ਲੇਖ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਲਿਖੇ ਲੇਖ ਅਨੁਸਾਰ ਹੀ ਦੁਖ ਸੁਖ ਅਤੇ ਜੋਨੀਆਂ ਤੋਂ ਛੁਟਕਾਰਾ ਪਾਈਦਾ ਹੈ ॥੧॥

ਪਵੜੀ ॥

**ਕਕਾ ਕਾਰਨ ਕਰਤਾ ਸੋਊ ॥**

ਅਰਥ—ਕੱਕੇ ਦਵਾਰਾ ਕਹਿੰਦੇ ਹਨ—ਓਹੀ ਵਾਹਿਗੁਰੂ ਕਾਰਨ ਦੇ ਬਨਾਉਣ ਵਾਲਾ ਹੈ।

## ਲਿਖਿਓ ਲੇਖੁ ਨ ਮੇਟਤ ਕੋਊ ॥

ਅਰਥ—ਉਸ ਦੇ ਲਿਖੇ ਲੇਖ ਨੂੰ ਕੋਈ ਨਹੀਂ ਮਿਟਾ ਸਕਦਾ।

## ਨਹੀ ਹੋਤ ਕਛੁ ਦੋਊ ਬਾਰਾ ॥

ਅਰਥ—ਦੂਜੀ ਵੇਰੀ ਕੁਝ ਨਹੀਂ ਹੁੰਦਾ।

## ਕਰਨੈਹਾਰੁ ਨ ਭੂਲਨਹਾਰਾ ॥

ਅਰਥ—(ਕਿਉਂਕਿ ਉਹ) ਕਰਨ ਵਾਲਾ ਭੁਲਣ ਵਾਲਾ ਨਹੀਂ ਹੈ (ਜੋ ਕਿਛੁ ਪਾਇਆ ਸੁ ਏਕਾ ਵਾਰ) ॥

## ਕਾਹੂ ਪੰਥੁ ਦਿਖਾਰੈ ਆਪੈ ॥

ਅਰਥ—ਕਿਸੇ ਨੂੰ ਆਪਣਾ ਰਸਤਾ ਦਿਖਾਉਂਦਾ ਹੈ।

## ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥

ਅਰਥ—ਅਤੇ ਕੋਈ ਜੰਗਲਾਂ ਵਿਚ ਭੌਂਦਾ ਹੋਇਆ ਪਛਤਾਉਂਦਾ ਹੈ।

## ਆਪਨ ਖੇਲੁ ਆਪ ਹੀ ਕੀਨੋ ॥

ਅਰਥ—ਆਪਣਾ ਖੇਲ ਉਸ ਨੇ ਆਪ ਹੀ ਕੀਤਾ ਹੋਇਆ ਹੈ।

## ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਜੋ ਜੋ ਉਹ ਦੇਂਦਾ ਹੈ ਉਹ ਉਹ ਜੀਵ ਲੈਂਦਾ ਹੈ ॥੧੭॥

ਸਲੋਕੁ ॥

## ਖਾਤ ਖਰਚਤ ਬਿਲਛਤ ਰਹੇ
## ਟੂਟਿ ਨ ਜਾਹਿ ਭੰਡਾਰ ॥

ਅਰਥ—ਖਾਂਦਿਆਂ ਖਰਚਦਿਆਂ ਤੇ ਬਿਲਾਸ ਕਰਦੇ ਰਹੀਏ ਤਾਂ ਭੀ ਮੁਕ ਨਹੀਂ ਜਾਂਦਾ (ਭਾਵ—ਇਹ ਹੈ ਕਿ ਨਾਮ ਨੂੰ ਜਪਦੇ ਜਪਾਉਂਦੇ ਰਹੀਏ ਤਾਂ ਨਾਮ ਦਾ ਘਾਟਾ ਨਹੀਂ ਪੈਂਦਾ)।

## ਹਰਿ ਹਰਿ ਜਪਤ ਅਨੇਕ ਜਨ
## ਨਾਨਕ ਨਾਹਿ ਸੁਮਾਰ ॥੧॥

ਅਰਥ—ਸਤਿਗੁਰੂ ਜੀ ਕਹਿੰਦੇ ਹਨ ਕਿ ਅਨੇਕਾਂ ਭਗਤ ਹਰਿ ਨਾਮ ਜਪਦੇ ਹਨ ਪਰ ਅਜੇ ਭੀ ਨਾਮਾਂ ਦੀ ਗਿਣਤੀ ਨਹੀਂ ਆ ਸਕਦੀ ॥੧॥

ਪਉੜੀ ॥

## ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ ॥

ਅਰਥ—ਖੱਖੇ ਦਵਾਰਾ ਕਹਿੰਦੇ ਹਨ—ਕਿ ਉਸ ਸਮਰਥ ਦੇ ਪਾਸ ਕੁਝ ਘਾਟਾ ਨਹੀਂ (ਪਰ)।

## ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥

ਅਰਥ—ਜੋ ਉਸ ਨੇ ਦੇਣਾ ਹੈ ਤ੍ਹਾਂ ਦੇ ਰਿਹਾ ਹੈ (ਅਤੇ ਜੇਕਰ ਜੀਵ ਕੁਝ ਵਾਧਾ ਚਾਹ ਕੇ ਕਿਧਰੇ ਜਾਣਾ ਚਾਹੇ ਤਾਂ ਭਾਵੇਂ ਜਿਥੇ ਕਿਥੇ ਜਾਵੇ (ਮਿਲਣਾ ਓਹੀ ਹੈ)।

## ਖਰਚੁ ਖਜਾਨਾ ਨਾਮ ਧਨੁ
## ਇਆ ਭਗਤਨ ਕੀ ਰਾਸਿ ॥

ਅਰਥ—ਨਾਮ ਧਨ ਦੇ ਖ਼ਜ਼ਾਨੇ ਨੂੰ ਹੀ ਭਗਤਾਂ ਨੇ ਖ਼ਰਚਣਾ ਹੈ ਕਿਉਂਕਿ ਉਹਨਾਂ ਦੀ ਰਾਸ ਹੀ ਏਹੀ ਹੈ ।

**ਖਿਮਾ ਗਰੀਬੀ ਅਨਦ ਸਹਜ**
**ਜਪਤ ਰਹਹਿ ਗੁਣਤਾਸ ॥**

ਅਰਥ—ਭਗਤ ਜਨਾ ਤਾਂ ਸੁਭਾਵਕ ਹੀ ਖਿਮਾ ਤੇ ਗਰੀਬੀ ਨੂੰ ਧਾਰ ਕੇ ਅਨੰਦ ਨਾਲ ਗੁਣਾਂ ਦੇ ਸਮੁੰਦਰ ਨੂੰ ਜਪਦੇ ਰਹਿੰਦੇ ਹਨ ।

**ਖੇਲਹਿ ਬਿਗਸਹਿ ਅਨਦ ਸਿਉ**
**ਜਾ ਕਉ ਹੋਤ ਕ੍ਰਿਪਾਲ ॥**

ਅਰਥ—ਜਿਨ੍ਹਾਂ ਉਤੇ ਵਾਹਿਗੁਰੂ ਕ੍ਰਿਪਾਲ ਹੁੰਦਾ ਹੈ ਉਹ ਅਨੰਦ ਨਾਲ ਪ੍ਰੇਮ ਦੀ ਖੇਡ ਖੇਡਦੇ ਹੋਏ ਬਿਗਸਦੇ (ਅਨੰਦ ਹੁੰਦੇ) ਹਨ ।

**ਸਦੀਵ ਗਨੀਵ ਸੁਹਾਵਨੇ**
**ਰਾਮ ਨਾਮ ਗ੍ਰਿਹਿ ਮਾਲ ॥**

ਅਰਥ—ਜਿਨ੍ਹਾਂ ਦੇ ਹਿਰਦੇ ਰੂਪ ਘਰ ਵਿਚ ਰਾਮ ਨਾਮ ਦਾ ਮਾਲ ਹੈ ਉਹ ਸਦਾ ਹੀ ਗਨੀਵ=ਸ਼ਾਹੂਕਾਰ ਸ਼ੋਭਦੇ ਹਨ (ਭਾਵ ਕੰਗਾਲ ਨਹੀਂ ਹੁੰਦੇ) ।

**ਖੇਦੁ ਨ ਦੂਖੁ ਨ ਡਾਨੁ ਤਿਹ**
**ਜਾ ਕਉ ਨਦਰਿ ਕਰੀ ॥**

ਅਰਥ—ਜਿਨ੍ਹਾਂ ਉਤੇ ਵਾਹਿਗੁਰੂ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ ਉਨ੍ਹਾਂ ਨੂੰ ਨਾ ਕਿਸੇ ਦੁਖ ਦਾ ਖੇਦ (ਦੁਖ) ਤੇ ਨਾ ਹੀ ਕੋਈ ਡੰਨ ਹੈ ।

## ਨਾਨਕ ਜੋ ਪ੍ਰਭ ਭਾਣਿਆ
## ਪੂਰੀ ਤਿਨਾ ਪਰੀ ॥੧੯॥

ਅਰਥ—ਸਤਿਗੁਰੂ ਜੀ ਆਖਦੇ ਹਨ—ਜੋ ਪ੍ਰਭੂ ਨੂੰ ਭਾਏ ਹਨ ਉਹਨਾਂ ਦੀ ਪੂਰੀ ਪਈ ਹੈ (ਭਾਵ—ਸਭ ਕਾਰਜ ਰਾਸ ਹੋਏ ਹਨ) ॥੧੯॥

ਸਲੋਕੁ ॥

## ਗਨਿ ਮਿਨਿ ਦੇਖਹੁ ਮਨੈ ਮਾਹਿ
## ਸਰਪਰ ਚਲਨੋ ਲੋਗ ॥

ਅਰਥ—ਗਿਣ ਮਿਣ ਕੇ (ਵਿਚਾਰ ਵਚੂਰ ਕੇ) ਮਨ ਵਿਚ ਵੇਖ ਲਵੋ ਕਿ ਲੋਗ=ਸੰਸਾਰ ਤੋਂ ਜ਼ਰੂਰ ਚਲੇ ਜਾਣਾ ਹੈ ।

## ਆਸ ਅਨਿਤ ਗੁਰਮੁਖਿ ਮਿਟੈ
## ਨਾਨਕ ਨਾਮ ਅਰੋਗ ॥੧॥

ਅਰਥ—(ਇਸ ਕਰਕੇ) ਅਨਿੱਤ ਸੰਸਾਰ ਦੀ ਆਸਾ ਗੁਰਮੁਖਾਂ ਨੇ ਮਿਟਾ ਦਿਤੀ ਹੈ ਅਤੇ ਸਤਿਗੁਰੂ ਜੀ ਆਖਦੇ ਹਨ—ਕਿ ਨਾਮ ਜਪ ਕੇ ਅਰੋਗ ਹੋਏ ਹਨ ॥੧॥

ਪਉੜੀ ॥

## ਗਗਾ ਗੋਬਿਦ ਗੁਣ ਰਵਹੁ
## ਸਾਸਿ ਸਾਸਿ ਜਪਿ ਨੀਤ ॥

ਅਰਥ—ਗੱਗੇ ਦਵਾਰਾ ਕਹਿੰਦੇ ਹਨ—ਕਿ ਗੋਬਿੰਦ ਦੇ ਗੁਣਾਂ ਰੂਪ ਜਾਪ ਨੂੰ ਸਵਾਸ ਸਵਾਸ ਰੋਜ਼ ਹੀ ਰਵਹੁ=ਜਪੋ ।

**ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥**

ਅਰਥ—ਕਿਉਂਕਿ ਹੇ ਮਿੱਤਰੋ ! ਇਸ ਦੇਹ ਦਾ ਕੀ ਭਰੋਸਾ ਹੈ ਤਾਂਤੇ ਦੇਰੀ ਨਾ ਕਰੋ ।

**ਨਹ ਬਾਰਿਕ ਨਹ ਜੋਬਨੈ**
**ਨਹ ਬਿਰਧੀ ਕਛੁ ਬੰਧੁ ॥**

ਅਰਥ—ਨਾ ਬਾਲਕ, ਨਾ ਜੁਆਨੀ ਅਤੇ ਨਾ ਹੀ ਕੋਈ ਬੁਢੇਪੇ ਦਾ ਬੰਧਾਨ ਹੈ (ਭਾਵ ਮੌਤ ਦਾ ਕੋਈ ਖਾਸ ਵੇਲਾ ਨਹੀਂ ਬੱਧਾ ਹੋਇਆ) ।

**ਓਹ ਬੇਰਾ ਨਹ ਬੂਝੀਐ**
**ਜਉ ਆਇ ਪਰੈ ਜਮ ਫੰਧੁ ॥**

ਅਰਥ—ਓਹ ਵੇਲਾ ਨਹੀਂ ਜਾਣਿਆ ਜਾਂਦਾ ਕਿ ਜਿਸ ਵੇਲੇ ਜਮਾਂ ਦੀ ਫਾਹੀ ਆ ਪੈਣੀ ਹੈ ।

**ਗਿਆਨੀ ਧਿਆਨੀ ਚਤੁਰ ਪੇਖਿ**
**ਰਹਨੁ ਨਹੀ ਇਹ ਠਾਇ ॥**

ਅਰਥ—ਦੇਖੋ ਗਿਆਨੀ ਧਿਆਨੀ ਅਤੇ ਚਤਰ ਭੀ ਇਸ ਜਗ੍ਹਾ ਤੇ ਨਹੀਂ ਰਹੇ ਵਾ—ਨਹੀਂ ਰਹਿਣਗੇ ।

**ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ ॥**

ਅਰਥ—ਛੱਡ ਛੱਡ ਕੇ ਸਾਰੀ ਦੁਨੀਆਂ ਜਿਸ ਨੂੰ ਚਲੀ ਗਈ ਹੈ, ਮੂਰਖ ਉਸ ਵਿਚ ਲਗ ਰਿਹਾ ਹੈ ।

**ਗੁਰ ਪ੍ਰਸਾਦਿ ਸਿਮਰਤ ਰਹੈ**

## ਜਾਹੂ ਮਸਤਕਿ ਭਾਗ ॥

ਅਰਥ—ਜਿਸ ਦੇ ਮੱਥੇ ਉਤੇ ਉੱਤਮ ਭਾਗ ਹਨ ਉਹ ਗੁਰਾਂ ਦੀ ਕ੍ਰਿਪਾ ਦਵਾਰਾ ਨਾਮ ਸਿਮਰਦਾ ਰਹਿੰਦਾ ਹੈ ।

## ਨਾਨਕ ਆਏ ਸਫਲ ਤੇ
## ਜਾ ਕਉ ਪ੍ਰਿਅਹਿ ਸੁਹਾਗ ॥੧੯॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਹਨਾਂ ਦਾ ਆਉਣਾ ਸਫਲ ਹੈ ਜਿਨ੍ਹਾਂ ਨੂੰ ਪਤੀ ਵਾਹਿਗੁਰੂ ਦਾ ਸੁਹਾਗ=ਅਨੰਦ ਮਿਲਿਆ ਹੈ ॥੧੯॥

ਸਲੋਕੁ ॥

## ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ ॥

ਅਰਥ—ਵੇਦ ਸ਼ਾਸਤ੍ਰ ਸਭ ਵਿਚਾਰ ਕੇ ਦੇਖੇ ਹਨ—ਉਹ ਭੀ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਕਹਿੰਦੇ ਹਨ ।

## ਆਦਿ ਜੁਗਾਦੀ ਹੁਣਿ ਹੋਵਤ
## ਨਾਨਕ ਏਕੈ ਸੋਇ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਆਦਿ ਅਤੇ ਜੁਗਾਂ ਦੇ ਆਦਿ ਵਿਚ ਸੀ ਤੇ ਹੁਣ ਭੀ ਹੈ ਅਤੇ ਅਗੇ ਨੂੰ ਭੀ ਇਕੋ ਓਹੀ ਹੋਵੇਗਾ ॥੧॥

ਪਉੜੀ ॥

## ਘਘਾ ਘਾਲਹੁ ਮਨਹਿ ਏਹ
## ਬਿਨੁ ਹਰਿ ਦੂਸਰ ਨਾਹਿ ॥

ਅਰਥ—ਘੱਘੇ ਦਵਾਰਾ ਆਖਦੇ ਹਨ—ਕਿ ਮਨ ਵਿਚ ਇਹ ਨਿਸਚਾ ਘਾਲਹੁ=ਕਰੋ ਕਿ ਹਰੀ ਤੋਂ ਬਿਨਾਂ ਦੂਜਾ ਕੋਈ ਨਹੀਂ ਹੈ ।

**ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥**

ਅਰਥ—ਨਾ ਕੋਈ ਹੋਇਆ ਹੈ, ਤੇ ਨਾ ਕੋਈ ਹੋਵੇਗਾ ਜਿਥੇ ਕਿਥੇ ਓਹੀ ਸਮਾ ਰਿਹਾ ਹੈ ।

**ਘੂਲਹਿ ਤਉ ਮਨ ਜਉ ਆਵਹਿ ਸਰਨਾ ॥**

ਅਰਥ—ਜੇਕਰ ਮਨ ਵਾਹਿਗੁਰੂ ਦੀ ਸ਼ਰਨ ਆਵੇ ਤਾਂ ਜਮਾਂ ਤੋਂ ਘੂਲਹਿ=ਛੁਟੇਗਾ ।

**ਨਾਮ ਤਤੁ ਕਲਿ ਮਹਿ ਪੁਨਹਚਰਨਾ ॥**

ਅਰਥ—ਕਿਉਂਕਿ ਤਤ ਸਰੂਪ ਦਾ ਨਾਮ ਹੀ ਕਲਿਜੁਗ ਵਿਚ ਪਾਪਾਂ ਦੇ ਨਾਸ ਕਰਨ ਵਾਲਾ *ਪ੍ਰਾਸਚਿਤ ਹੈ ।

**ਘਾਲਿ ਘਾਲਿ ਅਨਿਕ ਪਛੁਤਾਵਹਿ ॥**

ਅਰਥ—ਅਨੇਕਾਂ ਘਾਲਾਂ=ਪ੍ਰਾਸ਼ਚਿਤ ਨੂੰ ਘਾਲ ਕੇ=ਕਰ ਕੇ ਅੰਤ ਨੂੰ ਪਛਤਾਉਂਦੇ ਹਨ ।

**ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ ॥**

ਅਰਥ—ਕਿਉਂਕਿ ਹਰੀ ਭਗਤੀ ਤੋਂ ਬਿਨਾਂ ਇਸਥਿਤੀ=ਮਨ ਦੀ ਸ਼ਾਂਤੀ ਕਿਥੋਂ ਪਾਵਣਗੇ ? ਕਿਉਂਕਿ (ਮਨ ਦੀ ਸ਼ਾਂਤੀ ਬਿਨਾਂ ਪਛਤਾਵਾ ਨਹੀਂ ਹਟਦਾ) ।

---

** ਜੋ ਕਿਸੇ ਪਾਪ ਦੇ ਹਟਾਉਣ ਲਈ ਕੰਮ ਕੀਤਾ ਜਾਵੇ, ਉਸ ਦਾ ਨਾਮ 'ਪ੍ਰਾਸਚਿਤ' ਹੈ, ਅਤੇ ਸਿਖ ਪੰਥ ਵਿਚ ਇਸੇ ਦਾ ਨਾਮ ਹੀ 'ਤਨਖ਼ਾਹ' ਹੈ ।*

## ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥

ਅਰਥ—ਉਸ ਦੇ ਘੋਲਿ=ਵਿਚਾਰ ਕੇ ਨਾਮ ਰੂਪ ਅੰਮ੍ਰਿਤ ਦਾ ਪਵਿਤ੍ਰ ਰਸ ਪੀਤਾ ਹੈ ।

## ਨਾਨਕ ਹਰਿ ਗੁਰਿ ਜਾ ਕਉ ਦੀਆ ॥੨੦॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਹਰੀ ਰੂਪ ਗੁਰੂ ਨੇ ਜਿਸ ਨੂੰ ਦਿਤਾ ਹੈ ॥੨੦॥

ਸਲੋਕੁ ॥

## ਫਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥

ਅਰਥ—ਸਭਨਾਂ ਦਿਨਾਂ ਦੇ ਸਵਾਸ ਗਿਣ ਕੇ ਪਾਏ ਹਨ ਉਹਨਾਂ ਵਿਚੋਂ ਤਿਲ ਸਾਰ=ਜਿੰਨੇ ਭੀ ਵਧਦੇ ਘਟਦੇ ਨਹੀਂ ਹਨ ।

## ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥

ਅਰਥ—ਜੋ ਭਰਮ ਦੇ ਮੋਹੇ=ਠਗੇ ਹੋਏ ਜੀਵਨਾ ਲੋੜਦੇ ਹਨ । ਸਤਿਗੁਰੂ ਜੀ ਆਖਦੇ ਹਨ—ਓਹ ਮੂਰਖ ਹਨ ॥੧॥

ਪਉੜੀ ॥

## ਫੰਫਾ ਫ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥

ਅਰਥ—ਫੰਫੇ ਦਵਾਰਾ ਆਖਦੇ ਹਨ—ਜੋ ਪ੍ਰਭੂ ਵਲੋਂ ਮਾਇਆ ਨੂੰ ਸਾਕਤ=ਕੀਤੇ ਹਨ ਤਿੰਨਾਂ ਨੂੰ ਕਾਲ ਪਕੜਦਾ ਹੈ ।

## ਅਨਿਕ ਜੋਨਿ ਜਨਮਹਿ ਮਰਹਿ

## ਆਤਮ ਰਾਮੁ ਨ ਚੀਨ ॥

ਅਰਥ—ਕਿਉਂਕਿ ਉਹਨਾਂ ਆਤਮ=ਵਿਆਪਕ ਰਾਮ ਨੂੰ ਨਹੀਂ ਜਾਣਿਆ ਇਸ ਲਈ ਜੰਮਦੇ ਮਰਦੇ ਹਨ ।

## ਗਿਆਨ ਧਿਆਨ ਤਾਹੂ ਕਉ ਆਏ ॥

ਅਰਥ—ਉਸੇ ਨੂੰ ਗਿਆਨ ਤੇ ਧਿਆਨ (ਆਦਿਕ ਸ਼ੁਭ ਕਰਮ) ਆਏ ਹਨ ।

## ਕਰਿ ਕਿਰਪਾ ਜਿਹ ਆਪਿ ਦਿਵਾਏ ॥

ਅਰਥ—ਕ੍ਰਿਪਾ ਕਰ ਕੇ ਜਿਸ ਨੂੰ ਵਾਹਿਗੁਰੂ ਨੇ ਆਪ ਦਿਵਾਏ ਹਨ ।

## ਗਣਤੀ ਗਣੀ ਨਹੀ ਕੋਊ ਛੂਟੈ ॥

ਅਰਥ—ਗਿਣਤੀ ਗਿਣਨ ਕਰਕੇ ਕੋਈ ਨਹੀਂ ਛੁਟਦਾ ਹੈ ।

## ਕਾਚੀ ਗਾਗਰਿ ਸਰਪਰ ਫੂਟੈ ॥

ਅਰਥ—ਸਰੀਰ ਤਾਂ ਕੱਚੀ ਗਾਗਰ ਵਾਂਗੂੰ ਜ਼ਰੂਰ ਭੱਜ ਜਾਵੇਗਾ।

## ਸੋ ਜੀਵਤ ਜਿਹ ਜੀਵਤ ਜਪਿਆ ॥

ਅਰਥ—ਜਿਸ ਨੇ ਜੀਵਨ ਰੂਪ ਵਾਹਿਗੁਰੂ ਨੂੰ ਜਪਿਆ ਹੈ ਸੋ ਜੀਉਂਦਾ ਹੈ ।

## ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥

ਅਰਥ—ਕਿਉਂਕਿ ਸਤਿਗੁਰੂ ਜੀ ਕਹਿੰਦੇ ਹਨ—ਉਹਨਾਂ ਕੋਲੋਂ ਵਾਹਿਗੁਰੂ ਛੁਪਿਆ ਨਹੀਂ ਰਹਿੰਦਾ ਸਗੋਂ ਪ੍ਰਗਟ ਹੋ ਜਾਂਦਾ ਹੈ ॥੨੧॥

ਸਲੋਕੁ ॥

## ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥

ਅਰਥ—ਚਿਤ ਵਿਚ ਵਾਹਿਗੁਰੂ ਦੇ ਚਰਨ ਕਵਲਾਂ ਨੂੰ ਚਿਤਵਨੇ (ਕਰ ਕੇ ਹਿਰਦਾ) ਕਵਲ ਮੂਧੇ ਤੋਂ ਸਿਧਾ ਹੋ ਕੇ ਖਿੜਦਾ ਅਨੰਦ ਹੁੰਦਾ ਹੈ ।

## ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ ਕਿ ਸੰਤਾਂ ਦੇ ਮਤਾਂਤ=ਉਪਦੇਸ਼ ਕਰਕੇ ਗੋਬਿੰਦ ਜੀ ਆਪੇ ਹੀ ਪ੍ਰਗਟ ਹੁੰਦੇ ਹਨ ॥੧॥

ਪਉੜੀ ॥

## ਚਚਾ ਚਰਨ ਕਮਲ ਗੁਰ ਲਾਗਾ ॥

ਅਰਥ—ਚਚੇ ਦਵਾਰਾ ਕਹਿੰਦੇ ਹਨ ਕਿ ਜੋ ਸਿਖ ਗੁਰਾਂ ਦੇ ਚਰਨ ਕਮਲੀ ਲਗਾ ਹੈ ।

## ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥

ਅਰਥ—ਉਹ ਸੰਜੋਗ=ਮਿਲਾਪ ਭੀ ਧੰਨ ਤੇ ਸਿਖ ਭੀ ਧੰਨ ਤੇ ਦਿਨ ਭੀ ਚੰਗਾ ਸੁੰਦਰ ਹੈ ।

## ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥

ਅਰਥ—ਚਾਰੇ ਖਾਣੀਆਂ ਵਿਚ ਹੋ ਕੇ ਦਸੇ ਦਿਸਾਂ ਤੋਂ ਭਟਕਦਾ ਆਇਆ ਹੈ ।

## ਭਈ ਕ੍ਰਿਪਾ ਤਬ ਦਰਸਨੁ ਪਾਇਓ ॥

ਅਰਥ—ਪਰ ਜਦ ਕ੍ਰਿਪਾ ਹੋਈ ਤਦ ਦਰਸ਼ਨ ਪਾਇਆ ਹੈ ।

## ਚਾਰ ਬਿਚਾਰ ਬਿਨਸਿਓ ਸਭ ਦੂਆ ॥

ਅਰਥ—ਸੁੰਦਰ ਵਿਚਾਰ ਕਰਨ ਕਰ ਕੇ ਸਭ ਦਵੈਤ ਭਾਵ ਨਾਸ ਹੋਇਆ ਹੈ ।

## ਸਾਧਸੰਗਿ ਮਨੁ ਨਿਰਮਲ ਹੂਆ ॥

ਅਰਥ—ਸਾਧ ਸੰਗ ਕਰਨ ਕਰ ਕੇ ਮਨ ਭੀ ਨਿਰਮਲ ਹੋਇਆ ਹੈ।

## ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥

ਅਰਥ—ਜਿਸ ਨੇ ਇਕ ਵਾਹਿਗੁਰੂ ਨੂੰ ਦੇਖਿਆ ਹੈ (ਉਸ ਨੇ) ਚਿੰਤਾ ਵਿਸਾਰ ਦਿਤੀ ਹੈ ।

## ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਨੇ ਬੁਧੀ ਰੂਪੀ ਅੱਖਾਂ ਵਿਚ ਗਿਆਨ ਰੂਪੀ ਸੁਰਮਾ ਪਾਇਆ ਹੈ ਉਸ ਨੂੰ ਇਕ ਦਿਸਿਆ ਹੈ ॥੨੨॥

ਸਲੋਕੁ ॥

## ਛਾਤੀ ਸੀਤਲ ਮਨੁ ਸੁਖੀ
## ਛੰਤ ਗੋਬਿਦ ਗੁਨ ਗਾਇ ॥

ਅਰਥ—ਗੋਬਿੰਦ ਦੇ ਗੁਣਾਂ ਦੇ ਛੰਦ ਗਾਉਣੇ ਕਰਕੇ ਛਾਤੀ ਭੀ ਸੀਤਲ ਤੇ ਮਨ ਭੀ ਸੁਖੀ ਹੁੰਦਾ ਹੈ ।

## ਐਸੀ ਕਿਰਪਾ ਕਰਹੁ ਪ੍ਰਭ
## ਨਾਨਕ ਦਾਸ ਦਸਾਇ ॥੧॥

ਅਰਥ—ਤਾਂਤੇ ਹੇ ਪ੍ਰਭੂ ! ਐਸੀ ਕ੍ਰਿਪਾ ਕਰਹੁ, ਸਤਿਗੁਰੂ ਜੀ ਆਖਦੇ ਹਨ—ਜੋ ਤੇਰੇ ਦਾਸਾਂ ਦੇ ਦਾਸ ਹੋਵੀਏ ॥੧॥

ਪਉੜੀ ॥

## ਛਛਾ ਛੋਹਰੇ ਦਾਸ ਤੁਮਾਰੇ ॥

ਅਰਥ—ਛਛੇ ਦਵਾਰਾ ਕਹਿੰਦੇ ਹਨ—ਜੋ ਤੁਹਾਡੇ ਛੋਟੇ ਦਾਸ ਹਨ।

## ਦਾਸ ਦਾਸਨ ਕੇ ਪਾਨੀਹਾਰੇ ॥

ਅਰਥ—ਉਹਨਾਂ ਦਾਸਾਂ ਦੇ ਅਸੀਂ ਪਾਣੀ ਭਰਨ ਵਾਲੇ ਹਾਂ।

## ਛਛਾ ਛਾਰੁ ਹੋਤ ਤੇਰੇ ਸੰਤਾ ॥

ਅਰਥ—ਛਛੇ ਦਵਾਰਾ ਕਹਿੰਦੇ ਹਨ—ਤੇਰੇ ਸੰਤਾਂ ਦੇ ਚਰਨਾਂ ਦੀ ਧੂੜੀ ਹੁੰਦੇ ਹਾਂ।

## ਅਪਨੀ ਕ੍ਰਿਪਾ ਕਰਹੁ ਭਗਵੰਤਾ ॥

ਅਰਥ—ਤਾਂਤੇ ਹੇ ਭਗਵੰਤ ! ਆਪਣੀ ਕਿਰਪਾ ਕਰ।

## ਛਾਡਿ ਸਿਆਨਪ ਬਹੁ ਚਤੁਰਾਈ ॥

ਅਰਥ—ਬਹੁਤੀਆਂ ਚਤੁਰਾਈਆਂ ਤੇ ਸਿਆਣਪਾਂ ਛਡ ਕੇ।

## ਸੰਤਨ ਕੀ ਮਨ ਟੇਕ ਟਿਕਾਈ ॥

ਅਰਥ—ਮਨ ਵਿਚ ਸੰਤਾਂ ਦੀ ਓਟ ਪਕੜੀ ਹੈ।

## ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥

ਅਰਥ—ਇਸ ਲਈ ਉਸ ਨੇ ਖੇਹ ਦੀ ਪੁਤਲੀ ਦੇਹ ਵਲੋਂ ਪਰਮ ਗਤੀ ਪਾਈ ਹੈ ।

## ਨਾਨਕ ਜਾ ਕਉ ਸੰਤ ਸਹਾਈ ॥੨੩॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿਉਂਕਿ ਉਸ ਨੂੰ ਸੰਤ ਸਹਾਇਤਾ ਕਰਨ ਵਾਲੇ ਹੋਏ ਹਨ ॥੨੩॥

ਸਲੋਕੁ ॥

## ਜੋਰ ਜੁਲਮ ਫੂਲਹਿ ਘਨੋ
## ਕਾਚੀ ਦੇਹ ਬਿਕਾਰ ॥

ਅਰਥ—ਜ਼ੋਰ ਦੇ ਨਾਲ ਬਹੁਤੇ ਜ਼ੁਲਮ ਕਰ ਕੇ ਫੁਲਦਾ ਹੈ, ਅਤੇ ਕੱਚੀ ਨਾਸ ਹੋਣ ਵਾਲੀ ਦੇਹ ਨੂੰ ਪਾ ਕੇ ਵਿਕਾਰ ਕਰਦਾ ਹੈ ।

## ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥

ਅਰਥ—ਹੰਕਾਰ ਦੀ ਬੁਧੀ ਦੇ ਜੋ ਬੰਧਨ ਪਏ ਹਨ ਸਤਿਗੁਰੂ ਜੀ ਆਖਦੇ ਹਨ—ਉਸ ਤੋਂ ਨਾਮ ਹੀ ਛੁਡਾਉਣ ਵਾਲਾ ਹੈ ॥੧॥

ਪਉੜੀ ॥

## ਜਜਾ ਜਾਨੈ ਹਉ ਕਛੁ ਹੂਆ ॥

ਅਰਥ—ਜੱਜੇ ਦਵਾਰਾ ਕਹਿੰਦੇ ਹਨ ਜੋ ਇਹ ਜਾਣਦਾ ਹੈ, ਮੈਂ ਕੁਝ ਹੋ ਗਿਆ ਹਾਂ (ਭਾਵ—ਹੰਕਾਰ ਕਰਦਾ ਹੈ) ।

## ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥

ਅਰਥ—ਉਹ ਇਸ ਤਰ੍ਹਾਂ ਬੱਝਦਾ ਹੈ ਜਿਸ ਤਰ੍ਹਾਂ ਭਰਮ ਕਰ ਕੇ

*ਨਲਨੀ ਉਤੋਂ, ਸੂਆ=ਤੋਤਾ ਬੱਝ ਜਾਂਦਾ ਹੈ ।

## ਜਉ ਜਾਨੈ ਹਉ ਭਗਤੁ ਗਿਆਨੀ ॥

ਅਰਥ—ਜੇਕਰ ਜਾਣਦਾ ਹੈ ਕਿ ਮੈਂ ਭਗਤ ਜਾਂ ਗਿਆਨੀ ਹਾਂ।

## ਆਗੈ ਠਾਕੁਰਿ ਤਿਲੁ ਨਹੀ ਮਾਨੀ ॥

ਅਰਥ—ਤਾਂ ਠਾਕੁਰ=ਵਾਹਿਗੁਰੂ ਅਤੇ ਉਸ ਦੀ ਤਿਲ ਜਿੰਨੀ ਭੀ ਨਹੀਂ ਮੰਨੀ ਜਾਂਦੀ । ਭਾਵ—ਗਿਆਨ ਧਿਆਨ ਦੀ ਕੋਈ ਪੇਸ਼ ਨਹੀਂ ਜਾਂਦੀ ।

## ਜਉ ਜਾਨੈ ਮੈ ਕਥਨੀ ਕਰਤਾ ॥

ਅਰਥ—ਜੋ ਇਹ ਜਾਣਦਾ ਹੈ ਕਿ ਮੈਂ ਕਥਾ ਕਰਨ ਵਾਲਾ ਹਾਂ ।

## ਬਿਆਪਾਰੀ ਬਸੁਧਾ ਜਿਉ ਫਿਰਤਾ ॥

ਅਰਥ—ਤਾਂ ਉਹ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਪ੍ਰਿਥਵੀ ਉਤੇ ਵਪਾਰੀ ਫਿਰਦਾ ਹੈ (ਕਥਾ ਰੂਪ ਸੌਦਾ ਵੇਚਦਾ ਹੈ) ।

---

*ਤੋਤੇ ਨੂੰ ਪਕੜਨ ਵਾਲੇ ਇਕ ਕਟੋਰੇ ਆਦਿਕ ਭਾਂਡੇ ਵਿਚ ਪਾਣੀ ਪਾ ਕੇ ਉਸ ਦੇ ਦੋਹੀਂ ਪਾਸੀਂ ਦੋ ਨਿਕੀਆਂ ਨਿਕੀਆਂ ਸੋਟੀਆਂ ਗੱਡ ਕੇ ਉਪਰ ਇਕ ਸੀਖ ਜਾਂ ਤਾਰ ਰਖ ਦੇਂਦੇ ਹਨ, ਤੇ ਉਸ ਦੇ ਵਿਚ ਨੜਾ ਪ੍ਰੋ ਦੇਂਦੇ ਹਨ, ਅਤੇ ਕੋਲ ਮਿਰਚਾਂ ਆਦਿਕ ਚੋਗਾ ਦੇਂਦੇ ਹਨ । ਚੋਗੇ ਦੇ ਖਾਣ ਲਈ ਤੋਤਾ ਆਉਂਦਾ ਹੈ, ਅਤੇ ਉਸ ਨੜੇ ਦੇ ਉੱਪਰ ਬੈਠ ਜਾਂਦਾ ਹੈ, ਤੋਤੇ ਦੇ ਭਾਰ ਪੈਣ ਕਰਕੇ ਉਹ ਨੜਾ ਫਿਰ ਜਾਂਦਾ ਹੈ, ਅਤੇ ਤੋਤਾ ਪੁਠਾ ਹੋ ਜਾਣ ਕਰਕੇ ਹੇਠਾਂ ਪਾਣੀ ਵੇਖ ਕੇ ਟੀਂ ਟੀਂ ਕਰਦਾ ਕਰਦਾ ਉਥੇ ਹੀ ਫਸਿਆ ਰਹਿੰਦਾ ਹੈ ਤੇ ਉਪਰੋਂ ਫੰਧਕ ਪਕੜ ਲੈਂਦਾ ਹੈ, ਇਸ ਦਾ ਨਾਮ ਨਲਨੀ ਹੈ ।

**ਸਾਧਸੰਗਿ ਜਿਹ ਹਉਮੈ ਮਾਰੀ ॥**

ਅਰਥ—ਜਿਸ ਨੇ ਸਾਧ ਸੰਗਤ ਕਰ ਕੇ ਹਉਮੈ ਮਾਰ ਦਿਤੀ ਹੈ।

**ਨਾਨਕ ਤਾ ਕਉ ਮਿਲੈ ਮੁਰਾਰੀ ॥੨੪॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਨੂੰ ਵਾਹਿਗੁਰੂ ਮਿਲਦਾ ਹੈ ॥੨੪॥

ਸਲੋਕੁ ॥

**ਝਾਲਾਘੇ ਉਠਿ ਨਾਮੁ ਜਪਿ**
**ਨਿਸਿ ਬਾਸੁਰ ਆਰਾਧਿ ॥**

ਅਰਥ—ਸਵੇਰੇ ਉਠ ਕੇ ਨਾਮ ਜਪ ਅਤੇ ਦਿਨ ਰਾਤ ਵਾਹਿਗੁਰੂ ਨੂੰ ਯਾਦ ਕਰ। ਇਸ ਦਾ ਫਲ ਇਹ ਹੋਵੇਗਾ ਕਿ—

**ਕਾਰ੍ਹਾ ਤੁਝੈ ਨ ਬਿਆਪਈ**
**ਨਾਨਕ ਮਿਟੈ ਉਪਾਧਿ ॥੧॥**

ਅਰਥ—ਨਾ ਤਾਂ ਤੈਨੂੰ ਕੋਈ ਝੋਰਾ ਬਿਆਪੇਗਾ ਅਤੇ ਸਤਿਗੁਰੂ ਜੀ ਆਖਦੇ ਹਨ ਕਿ ਉਪਾਧੀਆਂ ਭੀ ਮਿਟ ਜਾਣਗੀਆਂ ॥੧॥

ਪਉੜੀ ॥

**ਝਝਾ ਝੂਰਨੁ ਮਿਟੈ ਤੁਮਾਰੋ ॥**

ਅਰਥ—ਝੱਝੇ ਦਵਾਰਾ ਕਹਿੰਦੇ ਹਨ—ਤੇਰਾ ਝੂਰਨਾ ਮਿਟ ਜਾਵੇਗਾ।

**ਰਾਮ ਨਾਮ ਸਿਉ ਕਰਿ ਬਿਉਹਾਰੋ ॥**

ਅਰਥ—ਤਾਂਤੇ ਤੂੰ ਰਾਮ ਦੇ ਨਾਮ ਨਾਲ ਵਿਉਹਾਰ ਕਰ (ਭਾਵ—

ਨਾਮੁ ਵਰਤਣਿ ਨਾਮੋ ਵਾਲੇਵਾ ਨਾਮੁ ਨਾਨਕ ਪ੍ਰਾਨ ਅਧਾਰਾ) ।

ਝੂਰਤ ਝੂਰਤ ਸਾਕਤ ਮੂਆ ॥

ਅਰਥ—ਸਾਕਤ ਝੂਰਦਾ ਝੂਰਦਾ ਮਰ ਗਿਆ ਹੈ ।

ਜਾ ਕੈ ਰਿਦੈ ਹੋਤ ਭਾਉ ਬੀਆ ॥

ਅਰਥ—ਸੋ ਜਿਸ ਦੇ ਹਿਰਦੇ ਵਿਚ ਦ੍ਵੈਤ ਭਾਵ ਹੋਇਆ ਹੈ ।

ਝਰਹਿ ਕਸੰਮਲ ਪਾਪ ਤੇਰੇ ਮਨੂਆ ॥

ਅਰਥ—ਤੇਰੇ ਮਨ ਵਿਚੋਂ ਕਸੰਮਲ=ਭਾਰੀ ਪਾਪ ਝੜ ਜਾਣਗੇ।

ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥

ਅਰਥ—ਸੰਤਾਂ ਦੇ ਸੰਗ ਵਿਚ ਅੰਮ੍ਰਿਤ ਰੂਪ ਕਥਾ ਦੇ ਸੁਣਨੇ ਕਰ ਕੇਂ,

ਝਰਹਿ ਕਾਮ ਕ੍ਰੋਧ ਦੂਸਟਾਈ ॥

ਅਰਥ—ਉਸ ਦੇ ਕਾਮ ਕ੍ਰੋਧ ਆਦਿ ਦੁਸ਼ਟ ਝੜ ਜਾਂਦੇ ਹਨ ।

ਨਾਨਕ ਜਾ ਕਉ ਕ੍ਰਿਪਾ ਗੁਸਾਈ ॥੨੫॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਦੇ ਉਪਰ ਗੁਸਾਂਈ ਦੀ ਕ੍ਰਿਪਾ ਹੈ ॥੨੫॥

ਸਲੋਕੁ ॥

ਜਤਨ ਕਰਹੁ ਤੁਮ ਅਨਿਕ ਬਿਧਿ
ਰਹਨੁ ਨ ਪਾਵਹੁ ਮੀਤ ॥

ਅਰਥ—ਹੇ ਮਿੱਤਰੋ ! ਭਾਵੇਂ ਤੁਸੀਂ ਅਨੇਕ ਤਰ੍ਹਾਂ ਦੇ ਜਤਨ ਕਰੋ

(ਪਰ ਇਸ ਸੰਸਾਰ ਵਿਚ) ਰਹਿਣਾ ਨਹੀਂ ਪਾਵੋਗੇ ।

**ਜੀਵਤ ਰਹਹੁ ਹਰਿ ਹਰਿ ਭਜਹੁ**
**ਨਾਨਕ ਨਾਮ ਪਰੀਤਿ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਜੇਕਰ ਹਰੀ ਨਾਲ ਪ੍ਰੀਤ ਕਰ ਕੇ ਹਰਿ ਨਾਮ ਜਪੋਗੇ ਤਾਂ ਜੀਉਂਦੇ ਰਹੋਗੇ ॥੧॥

ਪਵੜੀ ॥

**ਵੰਵਾ ਵਾਣਹੁ ਦ੍ਰਿੜੁ ਸਹੀ**
**ਬਿਨਸਿ ਜਾਤ ਏਹ ਹੇਤ ॥**

ਅਰਥ—ਵੰਵੇ ਦਵਾਰਾ ਕਹਿੰਦੇ ਹਨ ਕਿ ਇਹ ਗੱਲ ਪੱਕੀ ਤੇ ਸੱਚੀ ਜਾਣੋ ਕਿ ਇਹ ਮਾਇਆ ਦਾ ਪਿਆਰ ਨਾਸ ਹੋ ਜਾਵੇਗਾ ।

**ਗਣਤੀ ਗਣਉ ਨ ਗਣਿ ਸਕਉ**
**ਊਠਿ ਸਿਧਾਰੇ ਕੇਤ ॥**

ਅਰਥ—ਭਲਾ ਜੇਕਰ ਗਿਣਤੀਆਂ ਗਿਣੋ ਤਦ ਭੀ ਨਹੀਂ ਗਿਣ ਸਕੋਗੇ ਕਿ ਕਿੰਨੇ ਕੁ ਉਠ ਕੇ ਚਲੇ ਗਏ ਹਨ ਭਾਵ—ਬਿਅੰਤ ਹੀ ਨਾਸ ਹੋ ਗਏ ਹਨ ।

**ਜੋ ਪੇਖਉ ਸੋ ਬਿਨਸਤਉ**
**ਕਾ ਸਿਉ ਕਰੀਐ ਸੰਗੁ ॥**

ਅਰਥ—ਜੋ ਵੇਖੀਦਾ ਹੈ ਉਹ ਨਾਸ ਹੋਣ ਵਾਲਾ ਹੈ, ਤਾਂਤੇ ਕਿਸ ਨਾਲ ਸਾਥ ਕਰੀਏ ?

## ਵਾਣਹੁ ਇਆ ਬਿਧਿ ਸਹੀ
## ਚਿਤ ਝੂਠਉ ਮਾਇਆ ਰੰਗੁ ॥

ਅਰਥ—ਇਸੇ ਤਰ੍ਹਾਂ ਚਿੱਤ ਵਿਚ ਮਾਇਆ ਦੇ ਰੰਗ ਨੂੰ ਝੂਠਾ ਜਾਣੋ ।

## ਵਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ ॥

ਅਰਥ—ਇਸ ਗੱਲ ਨੂੰ ਓਹੀ ਜਾਣਦਾ ਹੈ ਜਿਸ ਨੇ ਭਰਮ ਵਲੋਂ ਮਨ ਨੂੰ ਵੱਖ ਕੀਤਾ ਅਤੇ ਓਹੀ ਸੰਤ ਹੈ ।

## ਅੰਧ ਕੂਪ ਤੇ ਤਿਹ ਕਢਹੁ
## ਜਿਹ ਹੋਵਹੁ ਸੁਪ੍ਰਸੰਨ ॥

ਅਰਥ—ਜਿਸ ਦੇ ਉਤੇ ਉਹ ਵਾਹਿਗੁਰੂ ਖ਼ੁਸ਼ ਹੁੰਦਾ ਹੈ ਉਸ ਨੂੰ ਅੰਨ੍ਹੇ ਖੂਹ (ਸੰਸਾਰ) ਵਿਚੋਂ ਕੱਢ ਲੈਂਦਾ ਹੈ ।

## ਵਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ ॥

ਅਰਥ—ਜਿਸ ਦੇ ਹੱਥ ਵਿਚ ਸਮਰਥਾ ਹੈ, ਅਤੇ ਕਾਰਨ ਰੂਪ ਤੱਤਾਂ ਨੂੰ ਕਰਨ ਦੇ ਭੀ ਜੋ ਸਮਰਥ ਹੈ ।

## ਨਾਨਕ ਤਿਹ ਉਸਤਤਿ ਕਰਉ
## ਵਾਹੂ ਕੀਓ ਸੰਜੋਗ ॥੨੬॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਸੇ ਦੀ ਉਸਤਤ ਕਰੋ ਕਿਉਂਕਿ ਉਸੇ ਨੇ ਹੀ ਇਸ ਮਨੁਖਾ ਦੇਹ ਦਾ ਸੰਜੋਗ ਕੀਤਾ ਹੈ ॥੨੬॥

ਸਲੋਕੁ ॥

## ਟੂਟੇ ਬੰਧਨ ਜਨਮ ਮਰਨ

**ਸਾਧ ਸੇਵ ਸੁਖੁ ਪਾਇ ॥**

ਅਰਥ—ਸਾਧੂਆਂ ਦੀ ਸੇਵਾ ਕਰ ਕੇ ਬੰਧਨ ਟੁਟ ਗਏ ਤੇ ਸੁਖ ਪਾਇਆ ਹੈ ।

**ਨਾਨਕ ਮਨਹੁ ਨ ਬੀਸਰੈ**
**ਗੁਣ ਨਿਧਿ ਗੋਬਿਦ ਰਾਇ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਗੁਣਾਂ ਦਾ ਸਮੁੰਦਰ ਵਾਹਿਗੁਰੂ ਮਨ ਵਿਚੋਂ ਨਹੀਂ ਵਿਸਰਦਾ ਹੈ ॥੧॥

ਪਉੜੀ ॥

**ਟਹਲ ਕਰਹੁ ਤਉ ਏਕ ਕੀ**
**ਜਾ ਤੇ ਬ੍ਰਿਥਾ ਨ ਕੋਇ ॥**

ਅਰਥ—ਜੇਕਰ ਸੇਵਾ ਕਰੋ, ਤਾਂ ਇਕ ਦੀ ਕਰੋ, ਜਿਸ ਤੋਂ ਕੋਈ ਵੀ ਖ਼ਾਲੀ ਨਹੀਂ ਰਹਿੰਦਾ ਹੈ ।

**ਮਨਿ ਤਨਿ ਮੁਖਿ ਹੀਐ ਬਸੈ**
**ਜੋ ਚਾਹਹੁ ਸੋ ਹੋਇ ॥**

ਅਰਥ—ਜੇਕਰ ਮਨ, ਤਨ, ਮੁਖ ਤੇ ਹਿਰਦੇ ਵਿਚ ਓਹ ਵਸ ਜਾਵੇ, ਤਾਂ ਜੋ ਚਾਹੋਗੇ ਓਹੀ ਹੋਵੇਗਾ ।

**ਟਹਲ ਮਹਲ ਤਾ ਕਉ ਮਿਲੈ**
**ਜਾ ਕਉ ਸਾਧ ਕ੍ਰਿਪਾਲ ॥**

ਅਰਥ—ਜਿਸ ਨੂੰ ਸਾਧਾਂ ਦੀ ਕ੍ਰਿਪਾ ਹੁੰਦੀ ਹੈ ਉਸ ਨੂੰ ਟਹਲ ਤੇ

ਮਹਲ ਦੋਵੇਂ ਮਿਲਦੇ ਹਨ ।

**ਸਾਧੂ ਸੰਗਤਿ ਤਉ ਬਸੈ**
**ਜਉ ਆਪਨ ਹੋਹਿ ਦਇਆਲ ॥**

ਅਰਥ—ਜਦ ਆਪ ਵਾਹਿਗੁਰੂ ਦਿਆਲ ਹੋਵੇ ਤਾਂ ਸਾਧਾਂ ਦੀ ਸੰਗਤ ਵਿਚ ਵੱਸੀ ਦਾ ਹੈ ।

**ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥**

ਅਰਥ—ਬਹੁਤੇ ਲੋਕਾਂ ਰੂਪ ਘਰ ਦੇਖੇ ਦਾਖੇ ਹਨ, ਪਰ ਬਿਨਾਂ ਨਾਮ ਤੋਂ ਸੁਖ ਕਿਧਰੇ ਨਹੀਂ ਹੈ ।

**ਟਲਹਿ ਜਾਮ ਕੇ ਦੂਤ ਤਿਹ**
**ਜੁ ਸਾਧੂ ਸੰਗਿ ਸਮਾਹਿ ॥**

ਅਰਥ—ਜੋ ਸਾਧਾਂ ਦੀ ਸੰਗਤ ਵਿਚ ਹਨ, ਉਹਨਾਂ ਦੇ ਸਿਰ ਤੋਂ ਜਮ ਦੇ ਦੂਤ ਟਲ ਗਏ ਹਨ ।

**ਬਾਰਿ ਬਾਰਿ ਜਾਉ ਸੰਤ ਸਦਕੇ ॥**

ਅਰਥ—ਵਾਰੰਵਾਰ ਸੰਤਾਂ ਤੋਂ ਸਦਕੇ=ਬਲਿਹਾਰ ਜਾਂਦੇ ਹਨ ।

**ਨਾਨਕ ਪਾਪ ਬਿਨਾਸੇ ਕਦਿ ਕੇ ॥੨੭॥**

ਅਰਥ—(ਜਿਨ੍ਹਾਂ ਦੀ ਕਿਰਪਾ ਕਰਕੇ) ਸਤਿਗੁਰੂ ਜੀ ਆਖਦੇ ਹਨ—ਕਦੋਂ ਕਨੇ ਪਾਪ ਨਾਸ ਹੋ ਗਏ ਹਨ (ਭਾਵ—ਬਹੁਤ ਚਿਰ ਦੇ ਪਾਪ ਨਾਸ ਹੋ ਗਏ ਹਨ) ॥੨੭॥

ਸਲੋਕੁ ॥

**ਠਾਕ ਨ ਹੋਤੀ ਤਿਨਹੁ ਦਰਿ**

## ਜਿਹ ਹੋਵਹੁ ਸੁਪ੍ਰਸੰਨ ॥

ਅਰਥ—ਹੇ ਵਾਹਿਗੁਰੂ! ਜਿਸ ਦੇ ਉਤੇ ਤੁਸੀਂ ਆਪ ਪ੍ਰਸੰਨ ਹੁੰਦੇ ਹੋ, ਉਹਨਾਂ ਨੂੰ ਆਪ ਦੇ ਦਰ ਤੇ ਰੋਕ ਨਹੀਂ ਹੁੰਦੀ ਹੈ।

## ਜੋ ਜਨ ਪ੍ਰਭਿ ਅਪੁਨੇ ਕਰੇ
## ਨਾਨਕ ਤੇ ਧਨਿ ਧੰਨਿ ॥੧॥

ਅਰਥ—ਹੇ ਪ੍ਰਭੂ! ਜਿਹੜੇ ਤੁਸਾਂ ਆਪਣੇ ਦਾਸ ਬਣਾ ਲਏ ਹਨ, ਸਤਿਗੁਰੂ ਜੀ ਆਖਦੇ ਹਨ—ਉਹ ਪੁਰਸ਼ ਧੰਨ ਹਨ, ਧੰਨ ਹਨ।

ਪਉੜੀ ॥

## ਠਠਾ ਮਨੂਆ ਠਾਹਹਿ ਨਾਹੀ ॥

ਅਰਥ—ਠੱਠੇ ਦਵਾਰਾ ਆਖਦੇ ਹਨ—ਕਿ ਉਹ ਕਿਸੇ ਦਾ ਮਨ ਢਾਹੁੰਦੇ ਨਹੀਂ ਹਨ।

## ਜੋ ਸਗਲ ਤਿਆਗਿ ਏਕਹਿ ਲਪਟਾਹੀ ॥

ਅਰਥ—ਜੋ ਸਭ ਕੁਝ ਛਡ ਕੇ ਇਕ ਨਾਮ ਵਿਚ ਲਗੇ ਹੋਏ ਹਨ।

## ਠਹਕਿ ਠਹਕਿ ਮਾਇਆ ਸੰਗਿ ਮੂਏ ॥

ਅਰਥ—ਜੋ ਮਾਇਆ ਦੇ ਨਾਲ ਹੀ, ਠਹਕ ਠਹਕ=ਲਗ ਲਗ ਕੇ ਮਰੇ ਹਨ।

## ਉਆ ਕੈ ਕੁਸਲ ਨ ਕਤਹੂ ਹੂਏ ॥

ਅਰਥ—ਉਹਨਾਂ ਨੂੰ ਕਿਧਰੇ ਭੀ ਸੁਖ ਨਹੀਂ ਹੁੰਦਾ ਹੈ।

## ਠਾਂਢਿ ਪਰੀ ਸੰਤਹ ਸੰਗਿ ਬਸਿਆ ॥

ਅਰਥ—ਜੋ ਸੰਤਾਂ ਦੀ ਸੰਗਤ ਵਿਚ ਵਸਿਆ ਹੈ, ਉਸ ਦੇ ਮਨ ਵਿਚ ਠੰਡ ਪਈ ਹੈ ।

**ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥**

ਅਰਥ—(ਕਿਉਂਕਿ) ਉਸ ਜੀਵ ਦਾ ਮਨ ਨਾਮ ਅੰਮ੍ਰਿਤ ਵਿਚ ਲਗ ਗਿਆ ਹੈ ।

**ਠਾਕੁਰ ਅਪੁਨੇ ਜੋ ਜਨੁ ਭਾਇਆ ॥**

ਅਰਥ—ਜੋ ਪੁਰਸ਼ ਆਪਣੇ ਠਾਕੁਰ ਨੂੰ ਭਾਇਆ ਹੈ ।

**ਨਾਨਕ ਉਆ ਕਾ ਮਨੁ ਸੀਤਲਾਇਆ ॥੨੮॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਦਾ ਮਨ ਠੰਡਾ ਹੋ ਗਿਆ ਹੈ ॥੨੮॥

ਸਲੋਕੁ ॥

**ਡੰਡਉਤਿ ਬੰਦਨ ਅਨਿਕ ਬਾਰ**
**ਸਰਬ ਕਲਾ ਸਮਰਥ ॥**

ਅਰਥ—ਜੋ ਸਾਰੀਆਂ ਸ਼ਕਤੀਆਂ ਵਿਚ ਸਮਰਥ ਹੈ ਉਸ ਨੂੰ ਅਨੇਕਾਂ ਵੇਰੀ ਡੰਡੌਤ ਬੰਧਨਾਂ (ਡੰਡੇ ਵਾਂਗੂੰ ਲੰਮਾ ਪੈ ਕੇ ਮਥਾ ਟੇਕਣਾ) ਹੈ ।

**ਡੋਲਨ ਤੇ ਰਾਖਹੁ ਪ੍ਰਭੂ**
**ਨਾਨਕ ਦੇ ਕਰਿ ਹਥ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਹੇ ਪ੍ਰਭੂ ! ਆਪਣੀ ਕ੍ਰਿਪਾ ਰੂਪ ਹੱਥ ਦੇ ਕੇ ਮਨ ਨੂੰ ਭਟਕਣ ਤੋਂ ਰੱਖ ਲਵੋ ॥੧॥

ਪਉੜੀ ॥

**ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥**

ਅਰਥ—ਡੱਡੇ ਦਵਾਰਾ ਕਹਿੰਦੇ ਹਨ—ਇਹ ਡੇਰਾ ਨਹੀਂ, ਜਿਥੇ ਡੇਰਾ ਹੈ ਉਥੇ ਜਾਣਾ ਹੈ ।

**ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥**

ਅਰਥ—ਹੇ ਭਾਈ! ਉਸ ਡੇਰੇ ਦਾ ਸਾਧਨ ਗੁਰਾਂ ਦੇ ਉਪਦੇਸ਼ ਦੁਆਰਾ ਪਛਾਨ (ਭਾਵ—ਉਥੇ ਜਿਸ ਸਾਧਨ ਦੀ ਲੋੜ ਹੈ ਉਸ ਨੂੰ ਕਰ)।

**ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥**

ਅਰਥ—ਇਸ ਡੇਰੇ ਨੂੰ ਬਹੁਤ ਸ੍ਰਮ=ਦੁਖ ਨਾਲ ਬਣਾਉਂਦਾ ਹੈ ।

**ਜਾ ਕਾ ਤਸੂ ਨਹੀ ਸੰਗਿ ਚਾਲੈ ॥**

ਅਰਥ—ਜਿਸ ਦਾ ਅੰਤ ਨੂੰ ਇਕ ਤਸੂ=ਦੋ ਉਂਗਲ ਭੀ ਨਾਲ ਕੁਝ ਨਹੀਂ ਜਾਂਦਾ ਹੈ ।

**ਉਆ ਡੇਰਾ ਕੀ ਸੋ ਮਿਤਿ ਜਾਨੈ ॥**

ਅਰਥ—ਉਸ ਡੇਰੇ ਦੀ ਮਰਯਾਦਾ ਉਹ ਜਾਣਦਾ ਹੈ ।

**ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥**

ਅਰਥ—ਜਿਸ ਉਤੇ ਪੂਰਨ ਭਗਵਾਨ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ ।

**ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥**

ਅਰਥ—ਜਿਸ ਪੁਰਸ਼ ਨੇ ਸਾਧ ਸੰਗਤ ਕਰ ਕੇ ਨਾ ਹਿੱਲਣੇ ਵਾਲਾ ਡੇਰਾ ਪਾਇਆ ਹੈ ।

## ਨਾਨਕ ਤੇ ਜਨ ਨਹ ਡੋਲਾਇਆ ॥੨੯॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਹ ਪੁਰਸ਼ ਫਿਰ ਕਦੇ ਨਹੀਂ ਡੋਲਦਾ ਹੈ (ਭਾਵ—ਉਸ ਦਾ ਮਨ ਪਦਾਰਥਾਂ ਦਾ ਮੋਹ ਨਹੀਂ ਕਰਦਾ ਹੈ) ॥੨੯॥

ਸਲੋਕੁ ॥

## ਢਾਹਨ ਲਾਗੇ ਧਰਮ ਰਾਇ
## ਕਿਨਹਿ ਨ ਘਾਲਿਓ ਬੰਧ ॥

ਅਰਥ—ਜਦ ਧਰਮ ਰਾਜਾ ਦੇ ਦੂਤ ਢਾਹੁਣ ਲਗੇ ਤਾਂ ਕਿਸੇ ਨੇ ਭੀ ਬੰਨ੍ਹਾ ਨਹੀਂ ਪਾਇਆ ਹੈ।

## ਨਾਨਕ ਉਬਰੇ ਜਪਿ ਹਰੀ
## ਸਾਧਸੰਗਿ ਸਨਬੰਧ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਨੇ ਸਾਧ ਸੰਗਤ ਨਾਲ ਸਨਬੰਧ ਕੀਤਾ ਹੈ, ਉਹ ਹਰੀ ਨੂੰ ਜਪ ਕੇ ਬਚੇ ਹਨ ॥੧॥

ਪਉੜੀ ॥

## ਢਢਾ ਢੂਢਤ ਕਹ ਫਿਰਹੁ
## ਢੂਢਨੁ ਇਆ ਮਨ ਮਾਹਿ ॥

ਅਰਥ—ਢੱਢੇ ਦਵਾਰਾ ਕਹਿੰਦੇ ਹਨ—ਕਿਥੇ ਢੂੰਢਦੇ ਫਿਰਦੇ ਹੋ? ਇਸ ਮਨ ਦੇ ਵਿਚ ਢੂੰਢੋ।

## ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥

ਅਰਥ—ਕਿਉਂਕਿ ਪ੍ਰਭੂ ਤਾਂ ਤੁਹਾਡੇ ਨਾਲ ਵਸਦਾ ਹੈ, ਬਨ ਬਨ

ਵਿਚ ਕਿਉਂ ਫਿਰਦੇ ਹੋ ?

**ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ ॥**

ਅਰਥ—ਸਾਧ ਸੰਗਤ ਕਰ ਕੇ ਹੰਕਾਰ ਬੁਧੀ ਦੀ ਡਰਾਉਣ ਵਾਲੀ ਢੇਰੀ ਢਾਹ ਦੇਵੋ ।

**ਸੁਖੁ ਪਾਵਹੁ ਸਹਜੇ ਬਸਹੁ**
**ਦਰਸਨੁ ਦੇਖਿ ਨਿਹਾਲ ॥**

ਅਰਥ—ਤਦ ਸ਼ਾਂਤੀ ਵਿਚ ਵਸਦੇ ਹੋਏ ਸੁਖ ਪਾਵੋਗੇ (ਅਤੇ ਵਾਹਿਗੁਰੂ ਦੇ) ਦਰਸ਼ਨ ਨੂੰ ਦੇਖ ਕੇ ਨਿਹਾਲ ਹੋ ਜਾਵੋਗੇ ।

**ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥**

ਅਰਥ—ਜਿਸ ਪੁਰਸ਼ ਦੇ ਹਿਰਦੇ ਵਿਚ ਹੰਕਾਰ ਦੀ ਢੇਰੀ ਹੈ ਉਹ ਜੰਮਦਾ ਮਰਦਾ ਅਤੇ ਗਰਭ ਜੋਨੀ ਦਾ ਦੁਖ ਪਾਉਂਦਾ ਹੈ ।

**ਮੋਹ ਮਗਨ ਲਪਟਤ ਰਹੈ**
**ਹਉ ਹਉ ਆਵੈ ਜਾਇ ॥**

ਅਰਥ—ਕਿਉਂਕਿ ਉਹ ਮੋਹ ਦੀ ਮਸਤੀ ਕਰਕੇ ਵਿਸ਼ਿਆਂ ਵਿਚ ਲਗਾ ਰਹਿੰਦਾ ਹੈ, ਇਸੇ ਕਰਕੇ ਹੀ ਇਹ ਮੈ ਮੈ ਹੀ ਆਉਣ ਜਾਣ (ਦਾ ਕਾਰਣ ਹੈ) ।

**ਢਹਤ ਢਹਤ ਅਬ ਢਹਿ ਪਰੇ**
**ਸਾਧ ਜਨਾ ਸਰਨਾਇ ॥**

ਅਰਥ—ਜੋ ਡਿਗਦੇ ਡਿਗਦੇ ਸਾਧ ਜਨਾਂ ਦੀ ਸਰਨੀ ਆ ਕੇ ਇਸ ਜਨਮ ਵਿਚ ਡਿਗ ਪਏ ਹਨ ।

## ਦੂਖ ਕੇ ਫਾਹੇ ਕਾਟਿਆ
## ਨਾਨਕ ਲੀਏ ਸਮਾਇ ॥੩੦॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਹਨਾਂ ਦੇ ਦੁਖਾਂ ਦੇ ਫਾਹੇ ਕਟੇ ਗਏ ਹਨ ਅਤੇ ਵਾਹਿਗੁਰੂ ਨੇ ਉਹਨਾਂ ਨੂੰ ਆਪਣੇ ਵਿਚ ਸਮਾ ਲਿਆ ਹੈ ॥੩੦॥

ਸਲੋਕੁ ॥

## ਜਹ ਸਾਧੂ ਗੋਬਿਦ ਭਜਨੁ
## ਕੀਰਤਨੁ ਨਾਨਕ ਨੀਤ ॥

ਅਰਥ—(ਧਰਮਰਾਜ ਕਹਿੰਦਾ ਹੈ) ਜਿਥੇ ਸਾਧੂ ਗੋਬਿੰਦ ਦਾ ਭਜਨ ਕਰਦੇ ਹਨ ਅਤੇ ਰੋਜ਼, ਨਾਨਕ=ਪ੍ਰਮਾਤਮਾ ਦਾ ਕੀਰਤਨ ਹੁੰਦਾ ਹੈ ।

## ਣਾ ਹਉ ਣਾ ਤੂੰ ਣਹ ਛੁਟਹਿ
## ਨਿਕਟਿ ਨ ਜਾਈਅਹੁ ਦੂਤ ॥੧॥

ਅਰਥ—ਹੇ ਦੂਤੋ ! ਉਹਨਾਂ ਦੇ ਨੇੜੇ ਨਾ ਜਾਣਾ, ਕਿਉਂਕਿ ਜੇਕਰ ਚਲੇ ਗਏ ਤਾਂ ਨਾ ਮੈਂ, ਨਾ ਤੁਸੀਂ, ਅਤੇ ਨਾ ਹੀ ਇਹ ਜਮਪੁਰੀ ਛੁਟੇਗੀ (ਭਾਵ ਸੰਤ ਸਾਨੂੰ ਸਭਨਾਂ ਨੂੰ ਕੈਦ ਕਰ ਲੈਣਗੇ) ॥੧॥

ਪਉੜੀ ॥

## ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥

ਅਰਥ—ਣਾਣੇ ਦਵਾਰਾ ਕਹਿੰਦੇ ਹਨ—ਕਿ ਜੋ ਕੋਈ ਆਤਮ=ਮਨ ਨੂੰ ਜਿੱਤੇ ਓਹੀ ਕਾਮਾਦਿਕਾਂ ਦੇ ਰਣ ਤੋਂ ਜਿੱਤਦਾ ਹੈ ।

## ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ ॥

ਅਰਥ—ਅਤੇ ਹੰਗਤਾ, ਮਮਤਾ ਤੇ ਦ੍ਵੈਤ ਭਾਵਨਾ ਨਾਲ ਲੜ ਕੇ ਜੋ ਜੀਵਤ੍ਰ ਭਾਵ ਤੋਂ ਮਰੇਗਾ (ਉਹ) ਦੋਹੂੰ ਲੋਕਾਂ ਵਿਚ ਸੋਭਾ ਵਾਲਾ ਹੋਵੇਗਾ।

## ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥

ਅਰਥ—ਜੋ ਪੂਰੇ ਗੁਰਾਂ ਦੇ ਉਪਦੇਸ਼ ਕਰ ਕੇ ਮਣੀ=ਹੰਗਤਾ ਨੂੰ ਮਿਟਾਇਕੇ ਜੀਵਤ੍ਰ ਭਾਵ ਤੋਂ ਮਰੇ ਹਨ।

## ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥

ਅਰਥ—ਅਤੇ ਮਨ ਨੂੰ ਜਿੱਤ ਕੇ ਹਰੀ ਨਾਲ ਮਿਲੇ ਹਨ ਉਹਨਾਂ ਦਾ ਸੂਰਮਤਾਈ ਵਾਲਾ ਵੇਸ ਹੈ।

## ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥

ਅਰਥ—ਸੰਸਾਰਕ ਸਨਬੰਧੀਆਂ ਵਿਚੋਂ ਆਪਣਾ ਕੋਈ ਨਾ ਜਾਣੇ ਤੇ ਇਕੋ ਦੀ ਓਟ ਅਤੇ ਆਸਰਾ ਰਖੇ।

## ਰੈਣਿ ਦਿਣਸੁ ਸਿਮਰਤ ਰਹੈ
## ਸੋ ਪ੍ਰਭੁ ਪੁਰਖੁ ਅਪਾਰ ॥

ਅਰਥ—ਅਤੇ ਉਸ ਅਪਾਰ ਪੁਰਖ ਪ੍ਰਭੂ ਨੂੰ ਦਿਨ ਰਾਤ ਸਿਮਰਦਾ ਰਹੇ।

## ਰੇਣ ਸਗਲ ਇਆ ਮਨੁ ਕਰੈ
## ਏਊ ਕਰਮ ਕਮਾਇ ॥

ਅਰਥ—ਇਸ ਮਨ ਨੂੰ ਸਾਰਿਆਂ ਦੀ ਧੂੜੀ ਕਰੇ ਤੇ ਇਹੀ ਕਰਮ ਕਮਾਵੇ (ਭਾਵ—ਗ਼ਰੀਬੀ ਧਾਰੇ)।

## ਹੁਕਮੈ ਬੂਝੈ ਸਦਾ ਸੁਖੁ
## ਨਾਨਕ ਲਿਖਿਆ ਪਾਇ ॥੩੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਲਿਖਿਆ ਹੋਇਆ ਹੁਕਮ ਜਾਣ ਕੇ (ਭਾਵ—ਭਾਣਾ ਅਮੇਟ ਸਮਝ ਕੇ) ਸਦਾ ਹੀ ਸੁਖ ਪਾਵੇਗਾ ॥੩੧॥

ਸਲੋਕੁ ॥

## ਤਨੁ ਮਨੁ ਧਨੁ ਅਰਪਉ ਤਿਸੈ
## ਪ੍ਰਭੂ ਮਿਲਾਵੈ ਮੋਹਿ ॥

ਅਰਥ—ਜੋ ਮੈਨੂੰ ਪ੍ਰਭੂ ਮਿਲਾਂਵੇਗਾ, ਉਸ ਨੂੰ ਮੈਂ ਤਨ, ਮਨ ਤੇ ਧਨ ਭੇਟ ਦੇਵਾਂਗਾ ।

## ਨਾਨਕ ਭ੍ਰਮ ਭਉ ਕਾਟੀਐ
## ਚੂਕੈ ਜਮ ਕੀ ਜੋਹ ॥੧॥

ਅਰਥ—ਕਿਉਂਕਿ ਸਤਿਗੁਰੂ ਜੋਹ=ਜੀ ਆਖਦੇ ਹਨ—ਪ੍ਰਭੂ ਦੇ ਮਿਲਣੇ ਕਰਕੇ ਭਰਮ ਤੇ ਜਮਾਂ ਦੀ ਤਾੜਨਾ ਦਾ ਡਰ ਕਟਿਆ ਜਾਂਦਾ ਹੈ ॥੧॥

ਪਉੜੀ ॥

## ਤਤਾ ਤਾ ਸਿਉ ਪ੍ਰੀਤਿ ਕਰਿ
## ਗੁਣ ਨਿਧਿ ਗੋਬਿਦ ਰਾਇ ॥

ਅਰਥ—ਤੱਤੇ ਦੁਆਰਾ ਕਹਿੰਦੇ ਹਨ—ਜੋ ਗੁਣਾਂ ਦਾ ਸਮੁੰਦਰ ਗੋਬਿੰਦ ਰਾਜਾ ਹੈ, ਉਸ ਨਾਲ ਪ੍ਰੀਤ ਕਰ ।

**ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ ॥**

ਅਰਥ—ਤਦ ਮਨ ਇੱਛਤ ਫਲ ਪਾਵੇਂਗਾ ਤੇ ਤੇਰੀ ਈਰਖਾ ਰੂਪ ਤਪਤ ਭੀ ਚਲੀ ਜਾਵੇਗੀ ।

**ਤ੍ਰਾਸ ਮਿਟੈ ਜਮ ਪੰਥ ਕੀ**
**ਜਾਸੁ ਬਸੈ ਮਨਿ ਨਾਉ ॥**

ਅਰਥ—ਜਿਸ ਦੇ ਮਨ ਵਿਚ ਨਾਮ ਵਸਿਆ ਹੈ ਉਸ ਦਾ ਜਮਾਂ ਦੇ ਰਸਤੇ ਦਾ ਡਰ ਮਿਟ ਜਾਂਦਾ ਹੈ ।

**ਗਤਿ ਪਾਵਹਿ ਮਤਿ ਹੋਇ ਪ੍ਰਗਾਸ**
**ਮਹਲੀ ਪਾਵਹਿ ਠਾਉ ॥**

ਅਰਥ—ਬੁਧੀ ਵਿਚ ਗਿਆਨ ਹੋ ਜਾਣ ਕਰਕੇ ਮੁਕਤੀ ਪਾਵੋਂਗੇ ਅਤੇ ਸ੍ਵਰੂਪ ਵਿਚ ਠਹਿਰਨਾ ਪਾਵੋਂਗੇ ।

**ਤਾਹੂ ਸੰਗਿ ਨ ਧਨੁ ਚਲੈ**
**ਗ੍ਰਿਹ ਜੋਬਨ ਨਹ ਰਾਜ ॥**

ਅਰਥ—ਉਸ ਪ੍ਰਲੋਕ ਵਿਚ ਘਰ, ਜੁਆਨੀ, ਰਾਜ ਅਤੇ ਧਨ ਨਾਲ ਨਹੀਂ ਜਾਂਦਾ ਹੈ ।

**ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥**

ਅਰਥ—ਤਾਂਤੇ ਸੰਤਾਂ ਦੀ ਸੰਗਤ ਵਿਚ ਮਿਲ ਕੇ ਨਾਮ ਸਿਮਰਦੇ ਰਹੋ ਇਹੋ ਤੇਰੇ ਕੰਮ ਆਵੇਗਾ ।

**ਤਾਤਾ ਕਛੂ ਨ ਹੋਈ ਹੈ**

**ਜਉ ਤਾਪ ਨਿਵਾਰੈ ਆਪ ॥**

ਅਰਥ—ਜੇਕਰ ਆਪਾ ਭਾਵ ਦਾ ਤਾਪ ਨਿਵਾਰ ਦੇਈਏ ਤਾਂ ਕੁਝ ਤਾਤਾ=ਦੁਖ ਨਹੀਂ ਹੁੰਦਾ ।

**ਪ੍ਰਤਿਪਾਲੈ ਨਾਨਕ ਹਮਹਿ**
**ਆਪਹਿ ਮਾਈ ਬਾਪ ॥੩੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਫਿਰ ਵਾਹਿਗੁਰੂ ਆਪੇ ਹੀ ਮਾਤਾ ਪਿਤਾ ਵਾਂਗੂੰ ਹਮਹਿ=ਸਾਰਿਆਂ ਦੀ ਪਾਲਨਾ ਕਰਦਾ ਜਾਣੀਦਾ ਹੈ ॥੩੨॥

ਸਲੋਕੁ ॥

**ਥਾਕੇ ਬਹੁ ਬਿਧਿ ਘਾਲਤੇ**
**ਤ੍ਰਿਪਤਿ ਨ ਤ੍ਰਿਸਨਾ ਲਾਥ ॥**

ਅਰਥ—ਬਹੁਤ ਤਰ੍ਹਾਂ ਦੀ ਕਮਾਈ ਕਰਦੇ ਥਕ ਗਏ ਹਾਂ, ਪਰ ਤ੍ਰਿਪਤੀ ਨਹੀਂ ਹੋਈ ਅਤੇ ਤ੍ਰਿਸ਼ਨਾ ਨਹੀਂ ਲਥੀ ਹੈ ।

**ਸੰਚਿ ਸੰਚਿ ਸਾਕਤ ਮੂਏ**
**ਨਾਨਕ ਮਾਇਆ ਨ ਸਾਥ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਸਾਕਤ ਮਾਇਆ 'ਕੱਠੀ ਕਰਦੇ-ਕਰਦੇ ਮਰ ਗਏ ਹਨ, ਪਰ 'ਕੱਠੀ ਕੀਤੀ ਹੋਈ ਉਹਨਾਂ ਦੇ ਨਾਲ ਨਹੀਂ ਗਈ ਹੈ ॥੧॥

ਪਉੜੀ ॥

**ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥**

ਅਰਥ—ਥੱਥੇ ਦਵਾਰਾ ਕਹਿੰਦੇ ਹਨ—ਰਹਿਣ ਵਾਲ਼ਾ ਕੋਈ ਨਹੀਂ ਤਾਂਤੇ ਕਿਉਂ ਪੈਰ ਪਸਾਰਦੇ ਹੋ ?

**ਅਨਿਕ ਬੰਚ ਬਲ ਛਲ ਕਰਹੁ**
**ਮਾਇਆ ਏਕ ਉਪਾਵ ॥**

ਅਰਥ—ਇਕ ਮਾਇਆ ਦੇ ਉਪਾਵ ਵਾਸਤੇ ਅਨੇਕਾਂ ਤਰ੍ਹਾਂ ਦੇ ਵਲ ਛਲ ਨਾਲ ਠਗਣਾ ਕਰਦੇ ਹੋ

**ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥**

ਅਰਥ—ਦੁੱਖਾਂ ਨਾਲ ਥੈਲੀ 'ਕੱਠੀ ਕਰਦੇ ਹੋ ਅਤੇ ਹੇ ਮੂਰਖੋ ! ਇਸੇ ਵਿਚ ਹੀ ਥੱਕ ਪੈਂਦੇ ਹੋ ।

**ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ ॥**

ਅਰਥ—ਪਰ ਇਹ ਵਿਚਾਰ ਲਵੋ ਕਿ ਅੰਤ ਸਮੇਂ ਦੀ ਵੇਰੀ ਇਹ ਮਾਇਆ ਮਨ ਦੇ ਕਿਸੇ ਕੰਮ ਨਹੀਂ ਆਉਣੀ ਹੈ ।

**ਥਿਤਿ ਪਾਵਹੁ ਗੋਬਿਦ ਭਜਹੁ**
**ਸੰਤਹ ਕੀ ਸਿਖ ਲੇਹੁ ॥**

ਅਰਥ—ਸੰਤਾਂ ਦੀ ਸਿਖਿਆ ਲੈ ਕੇ ਗੋਬਿੰਦ ਨੂੰ ਭਜੋ ਤਾਂ ਇਸਥਿਤੀ ਪਾਵੋਗੇ ।

**ਪ੍ਰੀਤਿ ਕਰਹੁ ਸਦ ਏਕ ਸਿਉ**
**ਇਆ ਸਾਚਾ ਅਸਨੇਹੁ ॥**

ਅਰਥ—ਸਦਾ ਹੀ ਇਕ ਦੇ ਨਾਲ ਪ੍ਰੀਤ ਕਰੋ, ਇਹੋ ਸੱਚਾ ਪ੍ਰੇਮ ਹੈ।

## ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥

ਅਰਥ—*ਕਾਰਨ, ਕਰਨ ਅਤੇ ਉਹਨਾਂ ਕੋਲੋਂ ਕਾਰਜ ਕਰਾਉਣ ਆਦਿਕ ਦੀਆਂ ਸਭ ਬਿਧੀਆਂ ਇਕ ਵਾਹਿਗੁਰੂ ਦੇ ਹੱਥ ਵਿਚ ਹਨ ।

## ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥੩੩॥

ਅਰਥ—ਸਤਿਗੁਰੂ ਜੀ ਆਖਦੇ ਹਨ—ਹੇ ਵਾਹਿਗੁਰੂ! ਜਿਧਰ ਜਿਧਰ ਇਹਨਾਂ ਅਨਾਥਾਂ ਜੀਵਾਂ ਨੂੰ ਲਾਉਂਦੇ ਹੋ ਉਧਰ ਉਧਰ ਇਹ ਲਗਦੇ ਹਨ ॥੩੩॥

ਸਲੋਕੁ ॥

## ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ ॥

ਅਰਥ—ਦਾਸਾਂ ਨੇ ਇਕ ਵਾਹਿਗੁਰੂ ਨੂੰ ਹੀ ਸਭ ਕੁਝ ਦੇਵਣ ਵਾਲਾ ਦੇਖਿਆ ਹੈ ।

## ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ ॥੧॥

*ਜਿਸ ਤੋਂ ਕੋਈ ਚੀਜ਼ ਪੈਦਾ ਹੋਵੇ ਉਹ ਕਾਰਨ, ਅਤੇ ਜਿਸ ਦੁਆਰਾ ਹੋਵੇ ਉਹ ਕਰਨ, ਅਤੇ ਜੋ ਪੈਦਾ ਹੋਵੇ ਉਹ ਕਾਰਜ ਹੁੰਦਾ ਹੈ । ਦ੍ਰਿਸ਼ਟਾਂਤ—ਮਿੱਟੀ ਆਦਿਕਾਂ ਤੋਂ ਘੜਾ ਹੁੰਦਾ ਹੈ ਤਾਂ ਤੇ ਮਿੱਟੀ ਆਦਿਕ 'ਕਾਰਨ' ਹਨ ਅਤੇ ਚੱਕ ਤੋਂ ਪੈਦਾ ਹੋਈ ਜੋ ਭੌਣ ਰੂਪ ਕ੍ਰਿਆ ਹੈ, ਉਸ ਦੁਆਰਾ ਘੜਾ ਪੈਦਾ ਹੁੰਦਾ ਹੈ ਇਸ ਲਈ ਇਸ ਭੌਣ ਕ੍ਰਿਆ ਦਾ ਨਾਮ 'ਕਰਨ' ਹੈ ਅਤੇ ਉਸ ਤੋਂ ਜੋ ਘੜਾ ਪੈਦਾ ਹੋਇਆ ਹੈ ਇਹ 'ਕਾਰਜ' ਹੈ । ਕਈ ਇਕ ਮੱਤਾਂ ਵਾਲੇ ਇਸ ਕਰਨ ਦਾ ਨਾਮ ਵਿਆਪਾਰ ਭੀ ਕਹਿੰਦੇ ਹਨ ।

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਦਰਸਨ ਕਰਨ ਦਾ ਆਸਰਾ ਕਰ ਕੇ ਦਾਸ ਸਵਾਸ ਸਵਾਸ ਉਸ ਨੂੰ ਸਿਮਰਦੇ ਰਹਿੰਦੇ ਹਨ ॥੧॥

ਪਉੜੀ ॥

**ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥**

ਅਰਥ—ਦਦੇ ਦੁਆਰਾ ਕਹਿੰਦੇ ਹਨ—ਕਿ ਸਭ ਕਿਸੇ ਨੂੰ ਦੇਵਣ ਵਾਲਾ ਦਾਤਾ ਇਕੋ ਹੈ ।

**ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥**

ਅਰਥ—ਦੇਂਦਿਆਂ ਹੋਇਆਂ ਉਸ ਦੇ ਖ਼ਜ਼ਾਨੇ ਵਿਚ ਘਾਟਾ ਨਹੀਂ ਆਉਂਦਾ ਕਿਉਂਕਿ ਉਸ ਦੇ ਬੇਅੰਤ ਹੀ ਖ਼ਜ਼ਾਨੇ ਭਰੇ ਹੋਏ ਹਨ ।

**ਦੈਨਹਾਰੁ ਸਦ ਜੀਵਨਹਾਰਾ ॥**

ਅਰਥ—ਦੇਵਣ ਵਾਲਾ ਵਾਹਿਗੁਰੂ ਸਦਾ ਹੀ ਜੀਵਨ ਵਾਲਾ ਹੈ।

**ਮਨ ਮੂਰਖ ਕਿਉ ਤਾਹਿ ਬਿਸਾਰਾ ॥**

ਅਰਥ—ਹੇ ਮੂਰਖ ਮਨ! ਤੂੰ ਕਿਉਂ ਉਸ ਨੂੰ ਵਿਸਾਰਿਆ ਹੈ ?

**ਦੋਸੁ ਨਹੀ ਕਾਹੂ ਕਉ ਮੀਤਾ ॥**

ਅਰਥ—ਹੇ ਮਿੱਤਰ! ਕਿਸੇ ਨੂੰ ਦੋਸ਼ ਨਹੀਂ ।

**ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥**

ਅਰਥ—ਪ੍ਰਭੂ ਨੇ ਹੀ ਮਾਇਆ ਦਾ ਮੋਹ ਬੰਨ੍ਹਣ ਵਾਲਾ ਕੀਤਾ ਹੈ।

**ਦਰਦ ਨਿਵਾਰਹਿ ਜਾ ਕੇ ਆਪੇ ॥**

ਅਰਥ—ਜਿਸ ਦੇ ਆਪੇ ਹੀ ਦਰਿਦਰ ਨਿਵਾਰ ਦੇਂਦਾ ਹੈ ।

## ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥੩੪॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਹ ਗੁਰਾਂ ਦੁਆਰੇ ਰੱਜੇ ਹਨ ॥੩੪॥

ਸਲੋਕੁ ॥

## ਧਰ ਜੀਅਰੇ ਇਕ ਟੇਕ ਤੂ
## ਲਾਹਿ ਬਿਡਾਨੀ ਆਸ ॥

ਅਰਥ—ਹੇ ਜੀਵ! ਤੂੰ ਬਿਗਾਨੀ ਆਸਾ ਲਾਹ ਕੇ ਇਕ ਦੀ ਓਟ ਧਾਰਨ ਕਰ ।

## ਨਾਨਕ ਨਾਮੁ ਧਿਆਈਐ
## ਕਾਰਜੁ ਆਵੈ ਰਾਸਿ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਨਾਮ ਧਿਆਈਏ ਤਾਂ ਸਾਰੇ ਕਾਰਜ ਰਾਸ ਆ ਜਾਂਦੇ ਹਨ ।

ਪਉੜੀ ॥

## ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥

ਅਰਥ—ਧੱਧੇ ਦੁਆਰਾ ਕਹਿੰਦੇ ਹਨ—ਸੰਤਾਂ ਦੀ ਸੰਗਤ ਵਿਚ ਵਾਸ ਹੋਵੇ ਤਾਂ ਧਾਵਨਾ ਮਿਟ ਜਾਂਦੀ ਹੈ ।

## ਧੁਰ ਤੇ ਕਿਰਪਾ ਕਰਹੁ ਆਪਿ
## ਤਉ ਹੋਇ ਮਨਹਿ ਪਰਗਾਸੁ ॥

ਅਰਥ—ਹੇ ਵਾਹਿਗੁਰੂ! ਜੇਕਰ ਤੁਸੀਂ ਆਪ ਸ਼ੁਰੂ ਤੋਂ ਹੀ ਕ੍ਰਿਪਾ ਕਰੋ ਤਾਂ ਜੀਵ ਦੇ ਮਨ ਵਿਚ ਇਸ ਗੱਲ ਦਾ ਚਾਨਣਾ ਹੋਵੇਗਾ ।

## ਧਨੁ ਸਾਚਾ ਤੇਊ ਸਚ ਸਾਹਾ ॥

ਅਰਥ—ਜਿਸ ਦੇ ਕੋਲ ਸੱਚਾ ਧਨ ਹੈ, ਓਹੀ ਸੱਚਾ ਸ਼ਾਹ ਹੈ ।

## ਹਰਿ ਹਰਿ ਪੂੰਜੀ ਨਾਮ ਬਿਸਾਹਾ ॥

ਅਰਥ—ਜਿਸ ਨੇ ਸਵਾਸਾਂ ਰੂਪ ਪੂੰਜੀ ਨਾਲ ਹਰਿ ਹਰਿ ਨਾਮ ਖ਼ਰੀਦਿਆ ਹੈ (ਉਸ ਦੇ ਕੋਲ ਸੱਚਾ ਧਨ ਹੈ) ।

## ਧੀਰਜੁ ਜਸੁ ਸੋਭਾ ਤਿਹ ਬਨਿਆ ॥

ਅਰਥ—ਧੀਰਜ, ਜਸ ਤੇ ਸੋਭਾ ਵਾਲਾ ਓਹੀ ਬਣਿਆ ਹੈ ।

## ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥

ਅਰਥ—ਜਿਸ ਨੇ ਕੰਨਾਂ ਨਾਲ ਹਰਿ ਹਰਿ ਨਾਮ ਸੁਣਿਆ ਹੈ।

## ਗੁਰਮੁਖਿ ਜਿਹ ਘਟਿ ਰਹੇ ਸਮਾਈ ॥

ਅਰਥ—ਜਿਸ ਦੇ ਹਿਰਦੇ ਵਿਚ ਗੁਰਮੁਖਤਾ ਸਮਾਈ ਰਹਿੰਦੀ ਹੈ।

## ਨਾਨਕ ਤਿਹ ਜਨ ਮਿਲੀ ਵਡਾਈ ॥੩੫॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਜਨ ਨੂੰ ਵਡਿਆਈ ਮਿਲੀ ਹੈ ॥੩੫॥

ਸਲੋਕੁ ॥

## ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਨੇ ਪ੍ਰੇਮ ਨਾਲ ਅੰਦਰੋਂ ਮਨ ਕਰ ਕੇ ਨਾਮ ਜਪਿਆ ਹੈ, ਅਤੇ ਬਾਹਰੋਂ ਬਾਣੀ ਨਾਲ ਨਾਮ ਜਪਦਾ ਹੈ ।

## ਗੁਰਿ ਪੂਰੈ ਉਪਦੇਸਿਆ

## ਨਰਕੁ ਨਾਹਿ ਸਾਧਸੰਗਿ ॥੧॥

ਅਰਥ—ਇਹ ਪੂਰੇ ਗੁਰਾਂ ਨੇ ਉਪਦੇਸ਼ ਦਿਤਾ ਤੇ ਆਖਿਆ ਹੈ ਕਿ ਉਸ ਸਾਧ ਸੰਗੀ ਨੂੰ ਨਰਕ ਨਹੀਂ ਭਾਵ—ਉਹ ਨਰਕਾਂ ਵਿਚ ਨਹੀਂ ਜਾਵੇਗਾ ॥੧॥

ਪਉੜੀ ॥

## ਨੰਨਾ ਨਰਕਿ ਪਰਹਿ ਤੇ ਨਾਹੀ ॥

ਅਰਥ—ਨੰਨੇ ਦੁਆਰਾ ਕਹਿੰਦੇ ਹਨ—ਉਹ ਪੁਰਸ਼ ਨਰਕ ਵਿਚ ਨਹੀਂ ਪੈਂਦੇ ।

## ਜਾ ਕੈ ਮਨਿ ਤਨਿ ਨਾਮੁ ਬਸਾਹੀ ॥

ਅਰਥ—ਜਿਸ ਦੇ ਮਨ ਤਨ ਵਿਚ ਨਾਮ ਵਸਦਾ ਹੈ ।

## ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥

ਅਰਥ—ਜੋ ਗੁਰਮੁਖ ਖ਼ਜ਼ਾਨੇ ਰੂਪ ਵਾਹਿਗੁਰੂ ਦਾ ਨਾਮ ਜਪਦੇ ਹਨ।

## ਬਿਖੁ ਮਾਇਆ ਮਹਿ ਨਾ ਓਇ ਖਪਤੇ ॥

ਅਰਥ—ਉਹ ਮਾਇਆ ਦੇ ਵਿਸ਼ਿਆਂ ਵਿਚ ਨਹੀਂ ਖਪਦੇ ।

## ਨੰਨਾਕਾਰੁ ਨ ਹੋਤਾ ਤਾ ਕਹੁ ॥

ਅਰਥ—ਉਹਨਾਂ ਨੂੰ ਨਾਂਹ ਨਹੀਂ ਹੁੰਦੀ ਹੈ ।

## ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥

ਅਰਥ—ਜਿਨ੍ਹਾਂ ਨੂੰ ਗੁਰਾਂ ਨੇ ਨਾਮ ਦਾ ਮੰਤ੍ਰ ਦਿਤਾ ਹੈ ।

**ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥**

ਅਰਥ—ਜੋ ਨਿਧੀਆਂ ਦੇ ਖ਼ਜ਼ਾਨੇ ਹਰੀ ਦੇ ਨਾਮ ਅੰਮ੍ਰਿਤ ਨਾਲ ਪੂਰਨ ਹੋਏ ਹਨ ।

**ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥**

ਅਰਥ—ਸਤਿਗੁਰੂ ਜੀ ਕਹਿੰਦੇ ਹਨ—ਉਹਨਾਂ ਦੇ ਹਿਰਦੇ ਵਿਚ ਇਕ ਰਸ ਤੂਰੇ=ਵਾਜੇ ਵਜਦੇ ਹਨ ॥੩੬॥

ਸਲੋਕੁ ॥

**ਪਤਿ ਰਾਖੀ ਗੁਰਿ ਪਾਰਬ੍ਰਹਮ**
**ਤਜਿ ਪਰਪੰਚ ਮੋਹ ਬਿਕਾਰ ॥**

ਅਰਥ—ਜਿਸ ਨੇ ਪਰਪੰਚ=ਸੰਸਾਰ ਦੇ ਮੋਹ ਆਦਿਕ ਵਿਕਾਰ ਛਡੇ ਹਨ, ਉਸ ਦੀ ਇੱਜ਼ਤ ਗੁਰੂ ਪਾਰਬ੍ਰਹਮ ਨੇ ਰੱਖੀ ਹੈ ।

**ਨਾਨਕ ਸੋਊ ਆਰਾਧੀਐ**
**ਅੰਤੁ ਨ ਪਾਰਾਵਾਰੁ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਵਾਹਿਗੁਰੂ ਨੂੰ ਜਪੀਏ ਜਿਸ ਦੇ ਪਾਰ ਉਰਾਰ ਦਾ ਅੰਤ ਨਹੀਂ ਆਉਂਦਾ ਹੈ ॥੧॥

ਪਉੜੀ ॥

**ਪਪਾ ਪਰਮਿਤਿ ਪਾਰੁ ਨ ਪਾਇਆ ॥**

ਅਰਥ—ਪੱਪੇ ਦੁਆਰਾ ਕਹਿੰਦੇ ਹਨ—ਕਿ ਮਰਿਆਦਾ ਤੋਂ ਪਰੇ ਵਾਹਿਗੁਰੂ ਦਾ ਪਾਰ ਨਹੀਂ ਪਾਇਆ ਜਾਂਦਾ ।

**ਪਤਿਤ ਪਾਵਨ ਅਗਮ ਹਰਿ ਰਾਇਆ ॥**

ਅਰਥ—(ਕਿਉਂਕਿ) ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹਰੀ ਰਾਜਾ ਅਗੰਮ ਹੈ ।

**ਹੋਤ ਪੁਨੀਤ ਕੋਟ ਅਪਰਾਧੂ ॥**

ਅਰਥ—ਉਹ ਕ੍ਰੋੜਾਂ ਅਪਰਾਧਾਂ ਦੇ ਕਰਨ ਵਾਲੇ ਭੀ ਪਵਿੱਤ੍ਰ ਹੋ ਜਾਂਦੇ ਹਨ ।

**ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥**

ਅਰਥ—(ਜੋ) ਸਾਧੂਆਂ (ਵਿਚ) ਮਿਲ ਕੇ ਨਾਮ ਅੰਮ੍ਰਿਤ (ਨੂੰ) ਜਪਦੇ ਹਨ ।

**ਪਰਪਚ ਧ੍ਰੋਹ ਮੋਹ ਮਿਟਨਾਈ ॥**

ਅਰਥ—ਨਾਮ ਜਪਣ ਕਰ ਕੇ ਸੰਸਾਰ ਦੇ ਧਰੋਹ ਤੇ ਮੋਹ ਮਿਟ ਜਾਂਦੇ ਹਨ ।

**ਜਾ ਕਉ ਰਾਖਹੁ ਆਪਿ ਗੁਸਾਈ ॥**

ਅਰਥ—ਪਰ ਜਿਸ ਨੂੰ ਗੁਸਾਈਂ ਆਪ ਰਖੇ (ਸੋ ਸਤਿਸੰਗ ਵਿਚ ਰਹਿੰਦੇ ਹਨ) ।

**ਪਾਤਿਸਾਹੁ ਛਤ੍ਰ ਸਿਰ ਸੋਊ ॥**

ਅਰਥ—ਓਹੀ ਪਾਤਿਸ਼ਾਹਾਂ ਦੇ ਸਿਰ ਤੇ ਛਤ੍ਰ-ਹੁਕਮ ਕਰਨ ਵਾਲਾ ਹੈ ।

**ਨਾਨਕ ਦੂਸਰ ਅਵਰੁ ਨ ਕੋਊ ॥੩੭॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਤੋਂ ਬਿਨਾਂ ਹੋਰ ਕੋਈ

ਦੂਜਾ ਨਹੀਂ ਹੈ ॥੩੭॥

ਸਲੋਕੁ ॥

## ਫਾਹੇ ਕਾਟੇ ਮਿਟੇ ਗਵਨ
## ਫਤਿਹ ਭਈ ਮਨਿ ਜੀਤ ॥

ਅਰਥ—ਮਨ ਦੇ ਜਿੱਤਣ ਰੂਪ, ਫਤਿਹ=ਜਿੱਤ ਹੋਈ ਹੈ ਅਤੇ ਮਾਇਆ ਦੇ ਫਾਹੇ ਕਟੇ ਗਏ ਹਨ ਤੇ ਆਉਣਾ ਜਾਣਾ ਭੀ ਮਿਟ ਗਿਆ ਹੈ ।

## ਨਾਨਕ ਗੁਰ ਤੇ ਥਿਤ ਪਾਈ
## ਫਿਰਨ ਮਿਟੇ ਨਿਤ ਨੀਤ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਗੁਰਾਂ ਕੋਲੋਂ ਮਨ ਨੂੰ ਇਸਥਿਤ ਕਰਨ ਦੀ ਜੁਗਤੀ ਪਾਈ ਹੈ, ਇਸ ਲਈ ਰੋਜ਼ ਰੋਜ਼ ਦਾ ਫਿਰਨਾ ਮਿਟ ਗਿਆ ਹੈ ॥੧॥

ਪਉੜੀ ॥

## ਫਫਾ ਫਿਰਤ ਫਿਰਤ ਤੂ ਆਇਆ ॥

ਅਰਥ—ਫੱਫੇ ਦੁਆਰਾ ਕਹਿੰਦੇ ਹਨ—ਕਿ ਹੇ ਜੀਵ ! ਤੂੰ ਅਨੇਕਾਂ ਜੂਨਾਂ ਵਿਚ ਫਿਰਦਾ ਫਿਰਦਾ ਆਇਆ ਹੈਂ ।

## ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥

ਅਰਥ—ਅਤੇ ਕਲਿਜੁਗ ਵਿਚ ਇਸ ਦੁਰਲਭ ਮਨੁਖਾ ਜਨਮ ਨੂੰ ਤੂੰ ਪਾਇਆ ਹੈ ।

## ਫਿਰਿ ਇਆ ਅਉਸਰੁ ਚਰੈ ਨ ਹਾਥਾ ॥

ਅਰਥ—ਫਿਰ (ਇਸ ਤਰ੍ਹਾਂ ਦਾ) ਵੇਲਾ ਹੱਥ ਨਹੀਂ ਚਰੈ=ਆਵੇਗਾ।

## ਨਾਮੁ ਜਪਹੁ ਤਉ ਕਟੀਅਹਿ ਫਾਸਾ ॥

ਅਰਥ—ਨਾਮ ਜਪੇਂਗਾ ਤਾਂ ਫਾਹੀ ਕਟੀ ਜਾਵੇਗੀ । ਜਦ ਫਾਹੀ ਕਟੀ ਗਈ ਤਾਂ—

## ਫਿਰਿ ਫਿਰਿ ਆਵਨ ਜਾਨੁ ਨ ਹੋਈ ॥

ਅਰਥ—ਮੁੜ ਮੁੜ ਕੇ ਜੰਮਣਾ ਮਰਨਾ ਨਹੀਂ ਹੋਵੇਗਾ ।

## ਏਕਹਿ ਏਕ ਜਪਹੁ ਜਪੁ ਸੋਈ ॥

ਅਰਥ—ਇਸ ਲਈ ਉਸ ਇਕੋ ਅਦੁਤੀ ਵਾਹਿਗੁਰੂ ਦੇ ਨਾਮ ਰੂਪ ਜਾਪ ਨੂੰ ਮਨ ਇਕਾਗਰ ਕਰ ਕੇ ਜਪੁ । ਆਪਣੀ ਵਲੋਂ ਬੇਨਤੀ ਕਰਦੇ ਹਨ—

## ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥

ਅਰਥ—ਹੇ ਕਰਨ ਵਾਲੇ ਪ੍ਰਭੂ! ਕ੍ਰਿਪਾ ਕਰੋ ।

## ਮੇਲਿ ਲੇਹੁ ਨਾਨਕ ਬੇਚਾਰੇ ॥੩੯॥

ਅਰਥ—ਅਤੇ ਇਸ ਵਿਚਾਰੇ ਜੀਵ ਨੂੰ ਆਪਣੇ ਨਾਮ ਵਿਚ ਮੇਲ ਲਵੋ ਸਤਿਗੁਰੂ ਜੀ ਆਖਦੇ ਹਨ ॥੩੯॥

ਸਲੋਕੁ ॥

## ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥

ਅਰਥ—ਹੇ ਦੀਨਾਂ ਉਤੇ ਦਇਆ ਕਰਨ ਵਾਲੇ, ਗੁਪਾਲ, ਪਾਰਬ੍ਰਹਮ ਤੁਸੀਂ ਬੇਨਤੀ ਸੁਣੋ!

## ਸੁਖ ਸੰਪੈ ਬਹੁ ਭੋਗ ਰਸ
## ਨਾਨਕ ਸਾਧ ਰਵਾਲ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਸਾਧਾਂ ਦੀ ਧੂੜੀ ਲੈਣ ਕਰ ਕੇ ਵਿਭੂਤੀ ਦੇ ਸੁਖ ਤੇ ਬਹੁਤੇ ਭੋਗਾਂ ਦੇ ਰਸ ਮਿਲਦੇ ਹਨ।

ਪਉੜੀ ॥

## ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥

ਅਰਥ—ਬੱਬੇ ਦੁਆਰਾ ਕਹਿੰਦੇ ਹਨ—ਜੋ ਬ੍ਰਹਮ ਨੂੰ ਜਾਣਦਾ ਹੈ ਉਹ ਬ੍ਰਾਹਮਣ ਹੈ।

## ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥

ਅਰਥ—ਅਤੇ ਜੋ ਪਵਿੱਤਰ ਧਰਮ ਨੂੰ ਧਾਰਨ ਵਾਲਾ ਹੈ, ਉਹ ਗੁਰਮੁਖ ਬੈਸਨੋ ਹੈ।

## ਬੀਰਾ ਆਪਨ ਬੁਰਾ ਮਿਟਾਵੈ ॥

ਅਰਥ—ਹੇ ਭਾਈ! ਜੋ ਆਪਣੇ ਮਨ ਵਿਚੋਂ ਬੁਰਾ (ਸੁਭਾਵ) ਮਿਟਾ ਦੇਂਦਾ ਹੈ।

## ਤਾਹੂ ਬੁਰਾ ਨਿਕਟਿ ਨਹੀ ਆਵੈ ॥

ਅਰਥ—ਉਸ ਦੇ ਨੇੜੇ ਬੁਰਾ ਕਰਮ ਨਹੀਂ ਆਉਂਦਾ ਹੈ (ਭਾਵ—ਉਹ ਕਦੇ ਕਿਸੇ ਦਾ ਬੁਰਾ ਕਰਨਾ ਨਹੀਂ ਚਾਹੁੰਦਾ ਹੈ।

## ਬਾਧਿਓ ਆਪਨ ਹਉ ਹਉ ਬੰਧਾ ॥

ਅਰਥ—(ਜੀਵ) ਆਪੇ ਹੀ ਮੈਂ ਮੈਂ ਕਰ ਕੇ ਬੰਧਨਾਂ ਵਿਚ ਬੱਝਾ ਹੋਇਆ ਹੈ।

## ਦੋਸੁ ਦੇਤ ਆਗਹ ਕਉ ਅੰਧਾ ॥

ਅਰਥ—ਅਤੇ ਅਗਿਆਨੀ ਦੋਸ਼, ਆਗੈ=ਹੋਰਨਾਂ ਨੂੰ ਦੇਂਦਾ ਹੈ, ਅਥਵਾ=ਆਗੈ=ਅਗਲਿਆਂ (ਜੋ ਕਰਮ ਪਿਛੇ ਕੀਤੇ ਸਨ) ਕਰਮਾਂ ਦੇ ਸਿਰ ਦੋਸ਼ ਦੇਂਦਾ ਹੈ—ਯਥਾ 'ਮੇਰੇ ਕੀਤੇ ਕਰਮਾਂ ਦਾ ਫਲ' ।

## ਬਾਤ ਚੀਤ ਸਭ ਰਹੀ ਸਿਆਨਪ ॥

ਅਰਥ—ਅਤੇ ਉਸ ਪਾਸੋਂ ਸਭ ਸਿਆਣਪਤਾਈ ਦੀਆਂ ਗੱਲਾਂ ਬਾਤਾਂ ਰਹਿ ਜਾਂਦੀਆਂ ਹਨ । ਭਾਵ—ਉਹ ਫਿਰ ਮੈ ਮੇਰੀ ਨਹੀਂ ਕਰਦਾ ।

## ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥੩੯॥

ਅਰਥ—ਸਤਿਗੁਰੂ ਜੀ ਆਖਦੇ ਹਨ--ਜਿਸ ਨੂੰ ਵਾਹਿਗੁਰੂ ਇਹ ਗੱਲ ਜਤਾਉਂਦਾ ਹੈ, ਉਹ ਜਾਣ ਲੈਂਦਾ ਹੈ ॥੩੯॥

ਸਲੋਕੁ ॥

## ਭੈ ਭੰਜਨ ਅਘ ਦੂਖ ਨਾਸ
## ਮਨਹਿ ਅਰਾਧਿ ਹਰੇ ॥

ਅਰਥ—ਹੇ ਭਾਈ! ਡਰ ਦੇ ਨਾਸ ਕਰਨ ਵਾਲੇ ਅਤੇ ਪਾਪਾਂ ਦੇ ਦੂਖ ਨੂੰ ਨਾਸ ਕਰਨ ਵਾਲੇ ਹਰੀ ਨੂੰ ਮਨ ਵਿਚ ਅਰਾਧ।

## ਸੰਤਸੰਗ ਜਿਹ ਰਿਦ ਬਸਿਓ
## ਨਾਨਕ ਤੇ ਨ ਭ੍ਰਮੇ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਸੰਤ ਸੰਗਤਿ ਪ੍ਰਤਾਪ ਕਰ ਕੇ ਜਿਸ ਦੇ ਹਿਰਦੇ ਵਿਚ ਹਰੀ ਵਸਿਆ ਹੈ, ਉਹ ਫਿਰ ਚੁਰਾਸੀ ਵਿਚ ਨਹੀਂ ਭੌਂਦੇ ਹਨ ॥੧॥

ਪਉੜੀ ॥

## ਭਭਾ ਭਰਮੁ ਮਿਟਾਵਹੁ ਅਪਨਾ ॥

ਅਰਥ—ਭੱਭੇ ਦੁਆਰਾ ਆਖਦੇ ਹਨ—ਕਿ ਆਪਣੇ ਬਿਗਾਨੇ ਦਾ ਭਰਮ ਮਿਟਾ ਦੇਵੋ ।

## ਇਆ ਸੰਸਾਰੁ ਸਗਲ ਹੈ ਸੁਪਨਾ ॥

ਅਰਥ—ਕਿਉਂਕਿ ਇਹ ਸਾਰਾ ਸੰਸਾਰ ਸੁਪਨਾ ਰੂਪ ਹੈ ।

## ਭਰਮੇ ਸੁਰਿ ਨਰ ਦੇਵੀ ਦੇਵਾ ॥

ਅਰਥ—ਇਸ ਭਰਮ ਵਿਚ ਦੇਵਤੇ ਆਦਮੀ, ਦੇਵੀਆਂ ਤੇ ਦੇਵਾ=ਦਿਤੀ ਦੇ ਪੁੱਤਰ ਦੇਵਤੇ ਫਸੇ ਹੋਏ ਹਨ ।

## ਭਰਮੇ ਸਿਧ ਸਾਧਿਕ ਬ੍ਰਹਮੇਵਾ ॥

ਅਰਥ—ਸਿਧ ਸਾਧਿਕ ਤੇ ਬ੍ਰਹਮਾ ਆਦਿਕ ਸਭ ਭਰਮ ਵਿਚ ਫਸੇ ਹੋਏ ਹਨ ।

## ਭਰਮਿ ਭਰਮਿ ਮਾਨੁਖ ਡਹਕਾਏ ॥

ਅਰਥ—ਭਰਮ ਦੇ ਵਿਚ ਭੌਂਦੇ ਹੋਏ ਹੀ ਮਨੁਖ ਡੋਲਦੇ ਹਨ ।

## ਦੁਤਰ ਮਹਾ ਬਿਖਮ ਇਹ ਮਾਏ ॥

ਅਰਥ—ਇਸ ਲਈ ਇਹ ਮਾਇਆ ਬਹੁਤ ਕਠਨ ਹੈ ਅਤੇ ਇਸ ਤੋਂ ਤਰਨਾ ਔਖਾ ਹੈ ।

## ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥

ਅਰਥ—(ਜਿਨ੍ਹਾਂ) ਗੁਰਮੁਖਾਂ ਨੇ ਭਰਮ (ਅਤੇ) ਮੋਹ ਮਿਟਾ ਦਿਤਾ ਹੈ ।

## ਨਾਨਕ ਤੇਹ ਪਰਮ ਸੁਖ ਪਾਇਆ ॥੪੦॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਨ੍ਹਾਂ ਨੇ ਵੱਡਾ ਸੁੱਖ ਆਤਮ ਸੁਖ ਪਾਇਆ ਹੈ ॥੪੦॥

ਸਲੋਕੁ ॥

## ਮਾਇਆ ਡੋਲੈ ਬਹੁ ਬਿਧੀ
## ਮਨੁ ਲਪਟਿਓ ਤਿਹ ਸੰਗ ॥

ਅਰਥ—ਮਾਇਆ ਦੇ ਲੈਣ ਵਾਸਤੇ ਜੀਵ ਬਹੁਤ ਬਿਧੀਆਂ ਵਿਚ ਡੋਲਦਾ ਹੈ, ਕਿਉਂਕਿ ਇਸ ਦਾ ਮਨ ਉਸ ਦੇ ਨਾਲ ਫਸਿਆ ਹੋਇਆ ਹੈ।

## ਮਾਗਨ ਤੇ ਜਿਹ ਤੁਮ ਰਖਹੁ
## ਸੁ ਨਾਨਕ ਨਾਮਹਿ ਰੰਗ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਹੇ ਵਾਹਿਗੁਰੂ! ਜਿਸ ਨੂੰ ਤੁਸੀਂ ਮਾਇਆ ਮੰਗਣ ਵਲੋਂ ਰਖ ਲਵੋ, ਉਸ ਨੂੰ ਨਾਮ ਦਾ ਪ੍ਰੇਮ ਹੁੰਦਾ ਹੈ ॥੧॥

ਪਉੜੀ ॥

## ਮਮਾ ਮਾਗਨਹਾਰ ਇਆਨਾ ॥

ਅਰਥ—ਮੱਮੇ ਦੁਆਰਾ ਕਹਿੰਦੇ ਹਨ—ਕਿ ਇਹ ਮੰਗਣ ਵਾਲਾ ਜੀਵ ਮੂਰਖ ਹੈ।

## ਦੇਨਹਾਰ ਦੇ ਰਹਿਓ ਸੁਜਾਨਾ ॥

ਅਰਥ—ਕਿਉਂਕਿ ਦੇਵਣ ਵਾਲਾ ਵਾਹਿਗੁਰੂ ਚਤਰ ਆਪੇ ਹੀ ਦੇ

ਰਿਹਾ ਹੈ ।

**ਜੋ ਦੀਨੋ ਸੋ ਏਕਹਿ ਬਾਰ ॥**

ਅਰਥ—ਜੋ ਕੁਝ ਉਸ ਦੇਣਾ ਹੈ, ਉਹ ਇਕੋ ਵਾਰੀ ਲਿਖ ਦਿਤਾ ਹੋਇਆ ਸੂ ।

**ਮਨ ਮੂਰਖ ਕਹ ਕਰਹਿ ਪੁਕਾਰ ॥**

ਅਰਥ—ਤਾਂਤੇ ਹੇ ਮੂਰਖ ਮਨ! ਤੂੰ ਹੁਣ ਕਿਉਂ ਪੁਕਾਰ ਕਰਦਾ ਹੈਂ? ਕਿ ਫਲਾਣੀ ਚੀਜ਼ ਦੇਵੋ ।

**ਜਉ ਮਾਗਹਿ ਤਉ ਮਾਗਹਿ ਬੀਆ ॥**

ਅਰਥ—ਭਲਾ ਜੇ ਤੂੰ ਮੰਗਦਾ ਭੀ ਹੈਂ ਤਾਂ ਦ੍ਵੈਤ ਰੂਪ ਪਦਾਰਥ ਹੀ ਮੰਗਦਾ ਹੈਂ ।

**ਜਾ ਤੇ ਕੁਸਲ ਨ ਕਾਹੂ ਥੀਆ ॥**

ਅਰਥ—ਜਿਸ ਕਰਕੇ ਕਿਧਰੇ ਭੀ ਤੈਨੂੰ ਸੁਖ ਨਹੀਂ ਹੁੰਦਾ। ਤਾਂਤੇ ਤੂੰ ਮੰਗਣਾ ਛੱਡ ਦੇਹੁ, ਭਲਾ ਜੇਕਰ ਤੈਥੋਂ ਮੰਗੇ ਬਗੈਰ ਰਿਹਾ ਨਹੀਂ ਜਾਂਦਾ—

**ਮਾਗਨਿ ਮਾਗ ਤ ਏਕਹਿ ਮਾਗ ॥**

ਅਰਥ—ਅਤੇ ਤੂੰ ਜ਼ਰੂਰ ਹੀ ਮੰਗਣਾ ਹੈ, ਤਾਂ ਇਕ ਨਾਮ ਮੰਗ।

**ਨਾਨਕ ਜਾ ਤੇ ਪਰਹਿ ਪਰਾਗ ॥੪੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਕਰਕੇ ਪਰਮਗਤੀ ਨੂੰ ਪਾ ਲਵੇਂਗਾ ॥੪੧॥

ਸਲੋਕੁ ॥

**ਮਤਿ ਪੂਰੀ ਪਰਧਾਨ ਤੇ**

## ਗੁਰ ਪੂਰੇ ਮਨ ਮੰਤ ॥

ਅਰਥ—ਜਿਨ੍ਹਾਂ ਨੇ ਪੂਰੇ ਗੁਰਾਂ ਦਾ ਉਪਦੇਸ਼ ਮੰਨਿਆ ਹੈ ਓਹੀ ਪੂਰੀ ਮਤ ਵਾਲੇ ਪ੍ਰਧਾਨ ਹਨ ।

## ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਨ੍ਹਾਂ ਨੇ ਆਪਣੇ ਪ੍ਰਭੂ ਨੂੰ ਜਾਣਿਆ ਹੈ, ਉਹ ਭਗਵੰਤ ਰੂਪ ਹਨ ॥੧॥

ਪਉੜੀ ॥

## ਮਮਾ ਜਾਹੂ ਮਰਮੁ ਪਛਾਨਾ ॥

ਅਰਥ—ਮੱਮੇ ਦੁਆਰਾ ਕਹਿੰਦੇ ਹਨ—ਜਿਸ ਨੇ ਇਸ ਗੱਲ ਦਾ ਭੇਦ ਪਛਾਣਿਆ ਹੈ ।

## ਭੇਟਤ ਸਾਧਸੰਗ ਪਤੀਆਨਾ ॥

ਅਰਥ—ਉਹ ਸੰਤਾਂ ਨਾਲ ਮਿਲ ਕੇ ਪਤੀਜ ਗਿਆ ਹੈ । ਭਾਵ ਉਸ ਦੀ ਪ੍ਰਤੀਤ ਬੱਝ ਗਈ ਹੈ ।

## ਦੁਖ ਸੁਖ ਉਆ ਕੈ ਸਮਤ ਬੀਚਾਰਾ ॥

ਅਰਥ—ਅਤੇ ਉਹ ਦੁਖ ਤੇ ਸੁਖ ਨੂੰ ਇਕੋ ਜਿਹਾ ਬਿਚਾਰਦਾ ਹੈ।

## ਨਰਕ ਸੁਰਗ ਰਹਤ ਅਉਤਾਰਾ ॥

ਅਰਥ—ਇਸੇ ਕਰਕੇ ਉਹ ਨਰਕ ਸੁਰਗ ਦੇ ਅਵਤਾਰ ਆਉਣ ਜਾਣ ਵਲੋਂ ਰਹਿਤ ਹੋ ਗਿਆ ਹੈ ।

## ਤਾਹੂ ਸੰਗ ਤਾਹੂ ਨਿਰਲੇਪਾ ॥

ਅਰਥ—ਉਹ ਮਾਇਆ ਦੇ ਨਾਲ ਵਧਦਾ ਹੋਇਆ ਭੀ ਉਸ ਤੋਂ ਨਿਰਲੇਪ ਰਹਿੰਦਾ ਹੈ ।

**ਪੂਰਨ ਘਟ ਘਟ ਪੁਰਖ ਬਿਸੇਖਾ ॥**

ਅਰਥ—ਕਿਉਂਕਿ ਉਸ ਨੇ ਘਟ ਘਟ ਵਿਚ ਪੂਰਨ ਪੁਰਖ ਨੂੰ ਜਾਣਿਆ ਹੈ ।

**ਉਆ ਰਸ ਮਹਿ ਉਆਹੂ ਸੁਖੁ ਪਾਇਆ ॥**

ਅਰਥ—ਉਸ ਵਾਹਿਗੁਰੂ ਦੇ ਪ੍ਰੇਮ ਵਿਚ ਉਹਨਾਂ ਨੇ ਹੀ ਸੁਖ ਪਾਇਆ ਹੈ ।

**ਨਾਨਕ ਲਿਪਤ ਨਹੀ ਤਿਹ ਮਾਇਆ ॥੪੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਹਨਾਂ ਨੂੰ ਮਾਇਆ ਭੀ ਲਿਪਾਇਮਾਨ ਨਹੀਂ ਕਰ ਸਕਦੀ ਹੈ ॥੪੨॥

ਸਲੋਕੁ ॥

**ਯਾਰ ਮੀਤ ਸੁਨਿ ਸਾਜਨਹੁ**
**ਬਿਨੁ ਹਰਿ ਛੂਟਨੁ ਨਾਹਿ ॥**

ਅਰਥ—ਹੇ ਯਾਰੋ, ਮਿੱਤਰੋ, ਸੱਜਣੋ ! ਸੁਣੋ ਕਿ ਹਰਿ ਨਾਮ ਤੋਂ ਬਿਨਾਂ ਛੁਟਣਾ ਕਦੇ ਨਹੀਂ ਜੇ ਹੋਣਾ ।

**ਨਾਨਕ ਤਿਹ ਬੰਧਨ ਕਟੇ**
**ਗੁਰ ਕੀ ਚਰਨੀ ਪਾਹਿ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਜੋ ਗੁਰਾਂ ਦੀ ਚਰਨੀ ਪਏ ਹਨ ਉਹਨਾਂ ਦੇ ਬੰਧਨ ਕੱਟੇ ਗਏ ਹਨ ॥੧॥

ਪਵੜੀ ॥

## ਯਯਾ ਜਤਨ ਕਰਤ ਬਹੁ ਬਿਧੀਆ ॥

ਅਰਥ—ਯੱਯੇ ਦੁਆਰਾ ਕਹਿੰਦੇ ਹਨ—ਬਹੁਤੀਆਂ ਬਿਧੀਆਂ ਕਰਨ ਵਾਲਾ ਜੀਵ ਜਤਨ ਕਰਦਾ ਹੈ ।

## ਏਕ ਨਾਮ ਬਿਨੁ ਕਹ ਲਉ ਸਿਧੀਆ ॥

ਅਰਥ—ਪਰ ਇਕ ਨਾਮ ਤੋਂ ਬਿਨਾਂ ਮੁਕਤੀ ਕਿਥੋਂ ਲਵੇਗਾ ?

## ਯਾਹੂ ਜਤਨ ਕਰਿ ਹੋਤ ਛੁਟਾਰਾ ॥

ਅਰਥ—ਜਿਸ ਜਤਨ ਕਰਕੇ ਛੁਟਕਾਰਾ ਹੋਣਾ ਹੈ ।

## ਉਆਹੂ ਜਤਨ ਸਾਧ ਸੰਗਾਰਾ ॥

ਅਰਥ—ਉਹ ਜਤਨ ਸਾਧ ਸੰਗਤ ਵਿਚੋਂ ਮਿਲਣਾ ਹੈ ।

## ਯਾ ਉਬਰਨ ਧਾਰੈ ਸਭੁ ਕੋਊ ॥

ਅਰਥ—ਇਸ ਸੰਸਾਰ ਤੋਂ ਬਚਣਾ ਤਾਂ ਸਭ ਕੋਈ ਚਾਹੁੰਦਾ ਹੈ ।

## ਉਆਹਿ ਜਪੇ ਬਿਨੁ ਉਬਰ ਨ ਹੋਊ ॥

ਅਰਥ—(ਪਰ) ਉਸ (ਵਾਹਿਗੁਰੂ) ਨੂੰ ਜਪੇ ਤੋਂ ਬਿਨਾਂ ਬਚਣਾ ਨਹੀਂ ਹੁੰਦਾ ।

## ਯਾਹੂ ਤਰਨ ਤਾਰਨ ਸਮਰਾਥਾ ॥

ਅਰਥ—ਇਸ ਸੰਸਾਰ ਤੋਂ ਤਰਨ ਲਈ ਤਾਰਨ=ਜਹਾਜ਼ ਵਾਂਗੂੰ ਸਮਰਥ ਹੈ ।

## ਰਾਖਿ ਲੇਹੁ ਨਿਰਗੁਨ ਨਰਨਾਥਾ ॥

ਅਰਥ—ਤਾਂਤੇ ਬੇਨਤੀ ਕਰੋ, ਹੇ ਨਰਾਂ ਦੇ ਨਾਥ ਵਾਹਿਗੁਰੂ! ਮੈਂ ਨਿਰਗੁਣ ਨੂੰ ਭੀ ਰੱਖ ਲੇਹੁ ।

**ਮਨ ਬਚ ਕ੍ਰਮ ਜਿਹ ਆਪਿ ਜਨਾਈ ॥**

ਅਰਥ—ਜਿਸ ਨੂੰ ਮਨ ਬਾਣੀ ਸਰੀਰ ਵਿਚ ਆਪਣੀ ਲਖਤਾ ਕਰਾਈ ਹੈ ।

**ਨਾਨਕ ਤਿਹ ਮਤਿ ਪ੍ਰਗਟੀ ਆਈ ॥੪੩॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸੇ ਨੂੰ ਆਤਮ ਅਨੰਦ ਵਾਲੀ ਬੁਧੀ ਪ੍ਰਗਟ ਹੋ ਆਈ ਹੈ ॥੪੩॥

ਸਲੋਕੁ ॥

**ਰੋਸੁ ਨ ਕਾਹੂ ਸੰਗ ਕਰਹੁ**
**ਆਪਨ ਆਪੁ ਬੀਚਾਰਿ ॥**

ਅਰਥ—ਆਪਣੇ ਆਪ ਦਾ ਵਿਚਾਰ ਕਰ ਕੇ ਕਿਸੇ ਨਾਲ ਕ੍ਰੋਧ ਨਾ ਕਰੋ ।

**ਹੋਇ ਨਿਮਾਨਾ ਜਗਿ ਰਹਹੁ**
**ਨਾਨਕ ਨਦਰੀ ਪਾਰਿ ॥੧॥**

ਅਰਥ—ਅਤੇ ਗ਼ਰੀਬ ਹੋ ਕੇ ਜਗਤ ਵਿਚ ਰਹੁ ਤਾਂ ਸਤਿਗੁਰੂ ਜੀ ਆਖਦੇ ਹਨ, ਵਾਹਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਹੁੰਦਿਆਂ ਹੀ ਸੰਸਾਰ ਤੋਂ ਪਾਰ ਹੋ ਜਾਵੇਂਗਾ ॥੧॥

ਪਉੜੀ ॥

**ਰਾਰਾ ਰੇਨ ਹੋਤ ਸਭ ਜਾ ਕੀ ॥**

ਅਰਥ—ਰਾਰੇ ਦੁਆਰਾ ਕਹਿੰਦੇ ਹਨ ਕਿ ਸਭ ਜਨਾਂ ਦੀ ਧੂੜੀ ਹੋ ਜਾਹੁ ।

**ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥**

ਅਰਥ—ਅਤੇ ਅਭਿਮਾਨ ਨੂੰ ਛਡ ਦੇਹੁ ਤਾਂ ਤੇਰੀ ਜ਼ਮਾਂ ਦੀ ਬਾਕੀ ਛੁਟ ਜਾਵੇਗੀ ।

**ਰਣਿ ਦਰਗਹਿ ਤਉ ਸੀਝਹਿ ਭਾਈ ॥**

ਅਰਥ—ਹੇ ਭਾਈ ! ਦਰ=ਅੰਦਰ ਵਾਲੀ, ਰਣ=ਜੁਧ, ਗਹ=ਭੂਮੀ ਤੋਂ ਤਦ ਸੀਝਹਿ=ਜਿੱਤੇਂਗਾ ।

**ਜਉ ਗੁਰਮੁਖਿ ਰਾਮ ਨਾਮ ਲਿਵ ਲਾਈ ॥**

ਅਰਥ—ਜਦ ਗੁਰਾਂ ਦਵਾਰਾ ਰਾਮ ਨਾਮ ਨਾਲ ਬ੍ਰਿਤੀ ਲਾਵੇਗਾ ਕਿਉਂਕਿ ਨਾਮ ਜਪਣ ਦੀ—

**ਰਹਤ ਰਹਤ ਰਹਿ ਜਾਹਿ ਬਿਕਾਰਾ**

ਅਰਥ—ਰਹਿਤ ਵਿਚ ਰਹਿੰਦਿਆਂ ਵਿਕਾਰ ਰਹਿ ਜਾਣਗੇ ।

**ਗੁਰ ਪੂਰੇ ਕੈ ਸਬਦਿ ਅਪਾਰਾ ॥**

ਅਰਥ—ਅਤੇ ਪੂਰੇ ਗੁਰਾਂ ਦੇ ਉਪਦੇਸ਼ ਕਰ ਕੇ ਅਪਾਰ ਦੇ ਦਰਸ਼ਨ ਹੋਵਣਗੇ ।

**ਰਾਤੇ ਰੰਗ ਨਾਮ ਰਸ ਮਾਤੇ ॥**

ਅਰਥ—ਉਹ ਹਰੀ ਦੇ ਪ੍ਰੇਮ ਵਿਚ ਰੰਗੇ ਹੋਏ ਨਾਮ ਰਸ ਵਿਚ ਮਸਤ ਹੋਏ ਹਨ ।

**ਨਾਨਕ ਹਰਿ ਗੁਰ ਕੀਨੀ ਦਾਤੇ ॥੪੪॥**

ਅਰਥ—ਸਤਿਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਨੂੰ ਗੁਰੂ ਨੇ ਹਰਿ ਨਾਮ ਦੀ ਦਾਤ ਕੀਤੀ ਹੈ ॥੪੪॥

ਸਲੋਕੁ ॥

## ਲਾਲਚ ਝੂਠ ਬਿਖੈ ਬਿਆਧਿ
## ਇਆ ਦੇਹੀ ਮਹਿ ਬਾਸ ॥

ਅਰਥ—ਇਸ ਦੇਹੀ ਵਿਚ ਲਾਲਚ ਝੂਠ ਆਦਿਕ ਵਿਸ਼ੇ ਅਤੇ ਰੋਗਾਂ ਦਾ ਵਾਸਾ ਹੈ ।

## ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ
## ਨਾਨਕ ਸੂਖਿ ਨਿਵਾਸ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਜਿਸ ਨੇ ਗੁਰਾਂ ਦਵਾਰਾ ਹਰਿ ਹਰਿ ਨਾਮ ਅੰਮ੍ਰਿਤ ਪੀਤਾ ਹੈ, ਉਸ ਦਾ ਸੁਖਾਂ ਵਿਚ ਵਾਸਾ ਹੋਇਆ ਹੈ ॥੧॥

ਪਉੜੀ ॥

## ਲਲਾ ਲਾਵਉ ਅਉਖਧ ਜਾਹੂ ॥

ਅਰਥ—ਲੱਲੇ ਦੁਆਰਾ ਕਹਿੰਦੇ ਹਨ—ਗੁਰੂ ਵੈਦ ਜਿਸ ਨੂੰ ਨਾਮ ਦਵਾਈ ਦੇਂਦਾ ਹੈ ।

## ਦੂਖ ਦਰਦ ਤਿਹ ਮਿਟਹਿ ਖਿਨਾਹੂ ॥

ਅਰਥ—ਉਸ ਦੇ ਇਕ ਖਿਨ ਵਿਚ ਸਭ ਦੁਖ ਦਰਿਦ੍ਰ ਮਿਟ ਜਾਂਦੇ ਹਨ ।

## ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥

ਅਰਥ—ਜਿਸ ਦੇ ਹਿਰਦੇ ਵਿਚ ਨਾਮ ਦਵਾਈ ਦਾ ਪ੍ਰੇਮ ਆਉਂਦਾ ਹੈ ।

**ਤਾਹਿ ਰੋਗੁ ਸੁਪਨੈ ਨਹੀ ਆਵੈ ॥**

ਅਰਥ—ਤਿਸ ਨੂੰ ਸੁਪਨੇ ਵਿਚ ਭੀ ਹੰਕਾਰ ਰੋਗ ਨਹੀਂ ਆਉਂਦਾ ਹੈ (ਭਾਵ—ਹੰਕਾਰ ਦਾ ਸੁਪਨਾ ਭੀ ਨਹੀਂ ਆਉਂਦਾ ਹੈ) ।

**ਹਰਿ ਅਉਖਧੁ ਸਭ ਘਟ ਹੈ ਭਾਈ ॥**

ਅਰਥ—ਹੇ ਭਾਈ ! ਸਭਨਾਂ ਘਟਾਂ ਵਿਚ ਹਰੀ ਰੂਪ ਦਵਾਈ ਹੈ ।

**ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥**

ਅਰਥ—ਪਰ ਪੂਰੇ ਗੁਰੂ ਤੋਂ ਬਿਨਾਂ ਲਭਣ ਦੀ ਜੁਗਤੀ ਨਹੀਂ ਬਣਦੀ ਹੈ ।

**ਗੁਰਿ ਪੂਰੈ ਸੰਜਮੁ ਕਰਿ ਦੀਆ ॥**

ਅਰਥ—ਪੂਰੇ ਗੁਰਾਂ ਨੇ ਜਦ ਸਾਧਨ ਕਰ ਦਿਤਾ ।

**ਨਾਨਕ ਤਉ ਫਿਰਿ ਦੂਖ ਨ ਥੀਆ ॥੪੫॥**

ਅਰਥ—ਸਤਿਗੁਰੂ ਜੀ ਆਖਦੇ ਹਨ—ਤਦ ਫਿਰ ਕਦੇ ਭੀ ਦੁਖ ਨਹੀਂ ਹੁੰਦਾ ਹੈ ॥੪੫॥

ਸਲੋਕੁ ॥

**ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥**

ਅਰਥ—ਵਾਸੁਦੇਵ-ਵਾਹਿਗੁਰੂ ਸਭਨਾਂ ਵਿਚ ਵਸਦਾ ਹੈ, ਅਤੇ ਕਿਸੇ ਜਗ੍ਹਾ ਤੇ ਭੀ ਊਣਾ ਨਹੀਂ ਹੈ । ਭਾਵ—ਉਸ ਤੋਂ ਬਿਨਾਂ ਕੋਈ ਜਗ੍ਹਾ ਖ਼ਾਲੀ ਨਹੀਂ ਹੈ ।

## ਅੰਤਰਿ ਬਾਹਰਿ ਸੰਗਿ ਹੈ
## ਨਾਨਕ ਕਾਇ ਦੁਰਾਇ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਜੋ ਅੰਦਰ ਬਾਹਰ ਜਾਂਦਿਆਂ ਨਾਲ ਵਸਦਾ ਹੈ ਉਸ ਤੋਂ ਕਾਹਦਾ ਛੁਪਾਉ ਹੋ ਸਕਦਾ ਹੈ ॥੧॥

ਪਉੜੀ ॥

## ਵਵਾ ਵੈਰੁ ਨ ਕਰੀਐ ਕਾਹੂ ॥

ਅਰਥ—ਵੱਵੇ ਦੁਆਰਾ ਆਖਦੇ ਹਨ—ਕਿ ਕਿਸੇ ਨਾਲ ਵੈਰ ਨਾ ਕਰੀਏ।

## ਘਟ ਘਟ ਅੰਤਰਿ ਬ੍ਰਹਮ ਸਮਾਹੂ ॥

ਅਰਥ—ਕਿਉਂਕਿ ਘਟਾਂ ਘਟਾਂ ਅੰਦਰ ਬ੍ਰਹਮ ਸਮਾਇਆ ਹੋਇਆ ਹੈ।

## ਵਾਸੁਦੇਵ ਜਲ ਥਲ ਮਹਿ ਰਵਿਆ ॥

ਅਰਥ—ਵਾਹਿਗੁਰੂ ਜਲ ਥਲ ਵਿਚ ਰਵਿਆ ਹੋਇਆ ਹੈ।

## ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥

ਅਰਥ—ਪਰ ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਹੀ ਉਸ ਨੂੰ ਗਾਵਿਆ ਹੈ।

## ਵੈਰ ਵਿਰੋਧ ਮਿਟੇ ਤਿਹ ਮਨ ਤੇ ॥

ਅਰਥ—ਉਹਨਾਂ ਦੇ ਮਨ ਵਿਚੋਂ ਵੈਰ ਵਿਰੋਧ ਮਿਟ ਜਾਂਦਾ ਹੈ।

## ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥

ਅਰਥ—ਜੋ ਗੁਰਮੁਖ ਹਰੀ ਦਾ ਕੀਰਤਨ ਸੁਣਦੇ ਹਨ ।

## ਵਰਨ ਚਿਹਨ ਸਗਲਹ ਤੇ ਰਹਤਾ ॥

ਅਰਥ—ਉਹ ਵਰਨਾਂ ਚਿੰਨ੍ਹ ਆਦਿਕ ਸਾਰੇ ਬੰਧਨਾਂ ਤੋਂ ਰਹਿਤ ਹੈ ।

## ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਜੋ ਗੁਰਮੁਖ ਹਰਿ ਹਰਿ ਨਾਮ ਕਹਿੰਦਾ ਹੈ ॥੪੬॥

ਸਲੋਕੁ ॥

## ਹਉ ਹਉ ਕਰਤ ਬਿਹਾਨੀਆ
## ਸਾਕਤ ਮੁਗਧ ਅਜਾਨ ॥

ਅਰਥ—ਸਾਕਤ=ਮਨਮੁਖ ਮੂਰਖ ਆਜਾਨ ਦੀ ਉਮਰਾ ਮੈਂ ਮੈਂ ਕਰਦਿਆਂ ਹੀ ਬੀਤ ਗਈ ਹੈ ।

## ੜੜਕਿ ਮੁਏ ਜਿਉ ਤ੍ਰਿਖਾਵੰਤ
## ਨਾਨਕ ਕਿਰਤਿ ਕਮਾਨ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਇਸ ਲਈ ਉਹ ਕੀਤੇ ਕਰਮਾਂ ਅਨੁਸਾਰ ਪਿਆਰੇ ਆਦਮੀ ਵਾਂਗੂੰ ਤੜਫ ਤੜਫ ਕੇ ਮੋਏ ਹਨ ॥੧॥

ਪਉੜੀ ॥

## ੜਾੜਾ ੜਾੜਿ ਮਿਟੈ ਸੰਗਿ ਸਾਧੂ ॥

ਅਰਥ—ੜਾੜੇ ਦੁਆਰਾ ਕਹਿੰਦੇ ਹਨ ਕਿ ਸੰਤਾਂ ਦੇ ਸੰਗ ਕਰਨ ਕਰ ਕੇ ਚੌਰਾਸੀ ਦਾ ਝਗੜਾ ਮਿਟ ਜਾਂਦਾ ਹੈ ।

## ਕਰਮ ਧਰਮ ਤਤੁ ਨਾਮ ਅਰਾਧੂ ॥

ਅਰਥ—ਕਿਉਂਕਿ ਉਥੇ ਕਰਮਾਂ ਧਰਮਾਂ ਦੀ ਜਗ੍ਹਾ ਤੇ ਤਤ ਸ੍ਰੂਪ ਦਾ ਨਾਮ ਹੀ ਅਰਾਧੀਦਾ ਹੈ ।

## ਰੂੜੋ ਜਿਹ ਬਸਿਓ ਰਿਦ ਮਾਹੀ ॥

ਅਰਥ—ਜਿਸ ਦੇ ਹਿਰਦੇ ਵਿਚ ਰੂੜੋ=ਸੁੰਦਰ ਵਾਹਿਗੁਰੂ ਵਸਿਆ ਹੈ ।

## ਉਆ ਕੀ ਝਗਰਿ ਮਿਟਤ ਬਿਨਸਾਹੀ ॥

ਅਰਥ—ਉਸ ਦੀ ਨਾਸ ਕਰਨ ਵਾਲੀ ਲੜਾਈ ਮਿਟ ਜਾਂਦੀ ਹੈ ।

## ਝਗਰਿ ਕਰਤ ਸਾਕਤ ਗਾਵਾਰਾ ॥

ਅਰਥ—ਉਹ ਮਨਮੁਖ ਮੂਰਖ ਝਗੜਾ ਕਰਦਾ ਹੈ ।

## ਜੇਹ ਹੀਐ ਅਹੰਬੁਧਿ ਬਿਕਾਰਾ ॥

ਅਰਥ—ਜਿਸ ਦੇ ਹਿਰਦੇ ਵਿਚ ਹੰਕਾਰ ਬੁਧੀ ਦਾ ਵਿਕਾਰ ਹੈ ।

## ਝ਼ਾੜਾ ਗੁਰਮੁਖਿ ਝ਼ਾੜਿ ਮਿਟਾਈ ॥

ਅਰਥ—ਜਿਸ ਨੇ ਗੁਰਾਂ ਦਵਾਰੇ ਰੜਕਾਉਣ ਦੁਖ ਦੇਣ ਵਾਲੀ ਝਾੜਿ=ਤ੍ਰਿਸ਼ਨਾ ਮਿਟਾਈ ਹੈ ।

## ਨਿਮਖ ਮਾਹਿ ਨਾਨਕ ਸਮਝਾਈ ॥੪੭॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਉਸ ਨੂੰ ਇਕ ਨਿਮਖ ਵਿਚ ਹੀ ਸਾਰੀ ਸਮਝ ਆ ਗਈ ਹੈ ॥੪੭॥

ਤਦ ਉਹ ਕਹਿੰਦਾ ਹੈ—

ਸਲੋਕੁ ॥

**ਸਾਧੂ ਕੀ ਮਨ ਓਟ ਗਹੁ**
**ਉਕਤਿ ਸਿਆਨਪ ਤਿਆਗੁ ॥**

ਅਰਥ—ਹੇ ਮਨ! ਉਕਤੀਆਂ ਜੁਗਤੀਆਂ ਦੀ ਸਿਆਣਪ ਛੱਡ ਕੇ ਸੰਤਾਂ ਦੀ ਓਟ ਪਕੜ ।

**ਗੁਰ ਦੀਖਿਆ ਜਿਹ ਮਨਿ ਬਸੈ**
**ਨਾਨਕ ਮਸਤਕਿ ਭਾਗੁ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਜਿਸ ਦੇ ਮਨ ਵਿਚ ਗੁਰਾਂ ਦੀ ਸਿਖਿਆ ਵਸਦੀ ਹੈ (ਉਸ ਦੇ) ਮੱਥੇ ਦੇ ਭਾਗ ਉੱਤਮ ਹਨ ॥੧॥

ਪਉੜੀ ॥

**ਸਸਾ ਸਰਨਿ ਪਰੇ ਅਬ ਹਾਰੇ ॥**

ਅਰਥ—ਸੱਸੇ ਦੁਆਰਾ ਕਹਿੰਦੇ ਹਨ ਕਿ ਹੁਣ ਹਾਰ ਕੇ ਸਰਨੀ ਪਏ ਹਾਂ ।

**ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥**

ਅਰਥ—ਸ਼ਾਸਤ੍ਰ ਸਿਮ੍ਰਤੀ ਤੇ ਵੇਦ ਭੀ ਪੜ੍ਹੇ ਹਨ । ਅਤੇ—

**ਸੋਧਤ ਸੋਧਤ ਸੋਧਿ ਬੀਚਾਰਾ ॥**

ਅਰਥ—ਉਹਨਾਂ ਨੂੰ ਸੋਧਦਿਆਂ ਸੋਧਦਿਆਂ ਇਹ ਵਿਚਾਰਿਆ ਹੈ ਕਿ—

**ਬਿਨੁ ਹਰਿ ਭਜਨ ਨਹੀ ਛੁਟਕਾਰਾ ॥**

ਅਰਥ—ਹਰੀ ਭਜਨ ਤੋਂ ਬਿਨਾਂ ਛੁਟਕਾਰਾ ਨਹੀਂ ਹੋਵੇਗਾ ।

**ਸਾਸਿ ਸਾਸਿ ਹਮ ਭੂਲਨਹਾਰੇ ॥**

ਅਰਥ—ਅਸੀਂ ਸਵਾਸ ਸਵਾਸ ਭੁਲਣ ਵਾਲੇ ਹਾਂ ।

**ਤੁਮ ਸਮਰਥ ਅਗਨਤ ਅਪਾਰੇ ॥**

ਅਰਥ—ਅਤੇ ਹੇ ਅਗਨਤ ਅਪਾਰ ਜੀ! ਤੁਸੀਂ ਬਖ਼ਸ਼ਣ ਨੂੰ ਸਮਰਥ ਹੋ ।

**ਸਰਨਿ ਪਰੇ ਕੀ ਰਾਖੁ ਦਇਆਲਾ ॥**

ਅਰਥ—ਹੇ ਦਿਆਲ! ਸ਼ਰਨ ਪਏ ਦੀ ਇੱਜ਼ਤ ਰਖ ।

**ਨਾਨਕ ਤੁਮਰੇ ਬਾਲ ਗੁਪਾਲਾ ॥੪੮॥**

ਅਰਥ—ਕਿਉਂਕਿ ਸਤਿਗੁਰੂ ਜੀ ਆਖਦੇ ਹਨ—ਅਸੀਂ ਤੇਰੇ ਬਾਲ ਗੁਪਾਲ ਹਾਂ ਭਾਵ—ਬਾਲ ਬੱਚੇ ਹਾਂ ਅਥਵਾ ਹੇ ਗੁਪਾਲ! ਅਸੀਂ ਤੇਰੇ ਹੀ ਬਾਲ ਹਾਂ ॥੪੮॥

ਸਲੋਕੁ ॥

**ਖੁਦੀ ਮਿਟੀ ਤਬ ਸੁਖ ਭਏ**
**ਮਨ ਤਨ ਭਏ ਅਰੋਗ ॥**

ਅਰਥ—ਖ਼ੁਦ-ਗਰਜ਼ੀ ਹੰਗਤਾ ਮਿਟ ਗਈ ਤਾਂ ਸੁਖੀ ਹੋਏ ਹਾਂ ਅਤੇ ਹੰਕਾਰ ਦੇ ਰੋਗ ਵਲੋਂ ਭੀ ਮਨ ਤਨ ਕਰ ਕੇ ਰਾਜ਼ੀ ਹੋਏ ਹਾਂ ।

**ਨਾਨਕ ਦ੍ਰਿਸਟੀ ਆਇਆ**
**ਉਸਤਤਿ ਕਰਨੈ ਜੋਗੁ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਜੋ ਵਾਹਿਗੁਰੂ ਉਸਤਤੀ ਕਰਨ ਦੇ ਜੋਗ ਹੈ (ਭਾਵ—ਜਿਸ ਦੀ ਉਸਤਤ ਕਰਨੀ ਚਾਹੀਦੀ ਹੈ)

ਉਹ ਨਜ਼ਰ ਆਇਆ ਹੈ ॥੧॥

ਪਉੜੀ ॥

**ਖਖਾ ਖਰਾ ਸਰਾਹਉ ਤਾਹੂ ॥**

ਅਰਥ—ਖੱਖੇ ਦੁਆਰਾ ਕਹਿੰਦੇ ਹਨ—ਕਿ ਉਸਦਾ ਸਲਾਹੁਣਾ ਖਰਾ-ਚੰਗਾ ਹੈ ।

**ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥**

ਅਰਥ—ਜੋ ਖਿਨ ਵਿਚ ਹੀ ਖ਼ਾਲੀਆਂ ਨੂੰ ਲਬਾ ਲਬ ਨੱਕੋ ਨੱਕ ਭਰ ਦੇਂਦਾ ਹੈ ।

**ਖਰਾ ਨਿਮਾਨਾ ਹੋਤ ਪਰਾਨੀ ॥**

ਅਰਥ—ਜੋ ਜੀਵ ਬਹੁਤ ਨਿਮਾਣਾ ਹੁੰਦਾ ਹੈ ।

**ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥**

ਅਰਥ—ਉਹ ਪ੍ਰਭੂ ਨਿਰਬਾਣੀ ਨੂੰ ਦਿਨ ਰਾਤ ਜਪਦਾ ਹੈ ।

**ਭਾਵੈ ਖਸਮ ਤ ਉਆ ਸੁਖੁ ਦੇਤਾ ॥**

ਅਰਥ—ਅਤੇ ਜੇਕਰ ਖਸਮ ਨੂੰ ਉਸ ਦਾ ਜਾਪ ਭਾਵੇ ਤਾਂ ਉਸ ਨੂੰ ਸੁਖ ਦੇਂਦਾ ਹੈ ।

**ਪਾਰਬ੍ਰਹਮੁ ਐਸੋ ਆਗਨਤਾ ॥**

ਅਰਥ—ਪਾਰਬ੍ਰਹਮ ਵਾਹਿਗੁਰੂ ਐਸਾ ਅਗਿਣਤ ਹੈ ਭਾਵ—ਉਸ ਦਾ ਅੰਤ ਨਹੀਂ ਆਉਂਦਾ ਕਿਉਂਕਿ ਉਹ—

**ਅਸੰਖ ਖਤੇ ਖਿਨ ਬਖਸਨਹਾਰਾ ॥**

ਅਰਥ—ਅਨੇਕਾਂ ਹੀ ਦੋਸ਼ਾਂ ਨੂੰ ਖਿਨ ਵਿਚ ਬਖ਼ਸ਼ ਦੇਣ ਵਾਲਾ

ਹੈ ।

## ਨਾਨਕ ਸਾਹਿਬ ਸਦਾ ਦਇਆਰਾ ॥੪੯॥

ਅਰਥ—ਸਤਿਗੁਰੂ ਜੀ ਆਖਦੇ ਹਨ—ਉਹ ਸਾਹਿਬ ਸਦਾ ਹੀ ਦਇਆ ਕਰਨ ਵਾਲਾ ਹੈ, ਭਾਵ—ਕਦੇ ਭੀ ਦਇਆ ਤੋਂ ਖ਼ਾਲੀ ਨਹੀਂ ਹੈ ॥੪੯॥

ਸਲੋਕੁ ॥

## ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ ॥

ਅਰਥ—ਹੇ ਮੇਰੇ ਮਨ! ਮੈਂ ਸੱਚ ਕਹਿੰਦਾ ਹਾਂ, ਤੂੰ ਸੁਣ ਕੇ ਹਰੀ ਰਾਜਾ ਦੀ ਸਰਣੀ ਪਉ ।

## ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਉਕਤੀਆਂ ਜੁਗਤੀਆਂ ਦੀ ਸਾਰੀ ਸਿਆਣਪ ਛਡ ਦੇਹੁ, ਤਦ ਹਰੀ ਰਾਜਾ ਤੈਨੂੰ ਆਪਣੇ ਵਿਚ ਸਮਾ ਲਏਗਾ ॥੧॥

ਪਉੜੀ ॥

## ਸਸਾ ਸਿਆਨਪ ਛਾਡੁ ਇਆਨਾ ॥

ਅਰਥ—ਸੱਸੇ ਦੁਆਰਾ ਕਹਿੰਦੇ ਹਨ, ਹੇ ਇਆਣੇ ! ਚਤੁਰਾਈ ਛੱਡ ।

## ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥

ਅਰਥ—ਕਿਉਂਕਿ ਪ੍ਰਭੂ ਹਿਕਮਤਾਂ ਤੇ ਹੁਕਮਾਂ ਉਤੇ ਨਹੀਂ ਪਤੀਜਦਾ

ਹੈ ।

**ਸਹਸ ਭਾਤਿ ਕਰਹਿ ਚਤੁਰਾਈ ॥**

ਅਰਥ—ਭਾਵੇਂ ਤੂੰ ਹਜ਼ਾਰਾਂ ਤਰ੍ਹਾਂ ਦੀ ਚਤੁਰਾਈ ਕਰਦਾ ਹੈਂ ।

**ਸੰਗਿ ਤੁਹਾਰੈ ਏਕ ਨ ਜਾਈ ॥**

ਅਰਥ—ਪਰ ਨਾਲ ਤੇਰੇ ਇਕ ਭੀ ਨਹੀਂ ਜਾਣੀ ਹੈ ।

**ਸੋਊ ਸੋਊ ਜਪਿ ਦਿਨ ਰਾਤੀ ॥**

ਅਰਥ—ਸੋਊ ਸੋਊ (ਭਾਵ ਤੂੰ ਤੂੰ) ਕਰ ਕੇ ਦਿਨ ਰਾਤ ਜਪੁ।

**ਰੇ ਜੀਅ ਚਲੈ ਤੁਹਾਰੈ ਸਾਥੀ ॥**

ਅਰਥ—ਹੇ ਭਾਈ! ਇਹ ਤੇਰੇ ਨਾਲ ਚਲੇਗਾ ।

**ਸਾਧ ਸੇਵਾ ਲਾਵੈ ਜਿਹ ਆਪੈ ॥**

ਅਰਥ—ਜਿਸ ਨੂੰ ਆਪੇ ਹੀ ਸੰਤਾਂ ਦੀ ਸੇਵਾ ਵਿਚ ਲਾਉਂਦਾ ਹੈ।

**ਨਾਨਕ ਤਾ ਕਉ ਦੂਖੁ ਨ ਬਿਆਪੈ ॥੫੦॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਸ ਨੂੰ ਦੁਖ ਨਹੀਂ ਲਗਦਾ ॥੫੦॥

ਸਲੋਕੁ ॥

**ਹਰਿ ਹਰਿ ਮੁਖ ਤੇ ਬੋਲਨਾ**
**ਮਨਿ ਵੂਠੈ ਸੁਖੁ ਹੋਇ ॥**

ਅਰਥ—ਮੂੰਹੋਂ ਹਰਿ ਨਾਮ ਬੋਲੇ ਅਤੇ ਹਰੀ ਮਨ ਵਿਚ ਭੀ ਵਸੇ ਤਾਂ ਸੁਖ ਹੁੰਦਾ ਹੈ ।

**ਨਾਨਕ ਸਭ ਮਹਿ ਰਵਿ ਰਹਿਆ**
**ਥਾਨ ਥਨੰਤਰਿ ਸੋਇ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਉਹੀ ਵਾਹਿਗੁਰੂ ਸਭਨਾਂ ਜਗ੍ਹਾਂ ਤੇ ਜਗ੍ਹਾਂ ਵਾਲਿਆਂ ਵਿਚ ਵਿਆਪਕ ਹੋ ਰਿਹਾ ਹੈ ॥੧॥

ਪਉੜੀ ॥

**ਹੇਰਉ ਘਟਿ ਘਟਿ ਸਗਲ ਕੈ**
**ਪੂਰਿ ਰਹੇ ਭਗਵਾਨ ॥**

ਅਰਥ—ਸਾਰਿਆਂ ਦੇ ਘਟ ਘਟ ਵਿਚ ਦੇਖੋ ਭਗਵਾਨ ਪੂਰਨ ਹੋ ਰਿਹਾ ਹੈ ।

**ਹੋਵਤ ਆਏ ਸਦ ਸਦੀਵ**
**ਦੁਖ ਭੰਜਨ ਗੁਰ ਗਿਆਨ ॥**

ਅਰਥ—ਗੁਰਾਂ ਕੋਲੋਂ ਗਿਆਨ=ਜਾਣਿਆ ਹੈ, ਕਿ ਸਦਾ ਸਦਾ ਦੁਖ ਨਾਸ ਕਰਨ ਵਾਲੇ ਵਾਹਿਗੁਰੂ ਜੀ ਹੁੰਦੇ ਆਏ ਹਨ ।

**ਹਉ ਛੁਟਕੈ ਹੋਇ ਅਨੰਦੁ**
**ਤਿਹ ਹਉ ਨਾਹੀ ਤਹ ਆਪਿ ॥**

ਅਰਥ—ਹੰਗਤਾ ਛੁਟ ਜਾਵੇ ਤਾਂ ਅਨੰਦ ਹੁੰਦਾ ਹੈ, ਕਿਉਂਕਿ ਜਿਥੇ ਹੰਗਤਾ ਨਹੀਂ ਹੈ ਓਥੇ ਆਪ ਹੈ ।

**ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ ॥**

ਅਰਥ—ਅਤੇ ਸੰਤਾਂ ਸੰਗਤ ਦੇ ਪ੍ਰਤਾਪ ਕਰ ਕੇ ਜਨਮ ਮਰਨ ਦੇ

ਦੁਖ ਨਾਸ ਹੋ ਜਾਂਦੇ ਹਨ ।

## ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥

ਅਰਥ—ਉਹ ਪ੍ਰੇਮ ਨਾਲ ਦਿਆਲੂ ਦੇ ਨਾਮ ਨੂੰ ਮਨ ਵਿਚ ਦ੍ਰਿੜ ਕਰਦਾ ਹੈ ।

## ਸੰਤਹ ਸੰਗਿ ਹੋਤ ਕਿਰਪਾਲਾ ॥

ਅਰਥ—ਸੰਤਾਂ ਦਾ ਸੰਗ ਜਿਸ ਉਤੇ ਕਿਰਪਾਲ ਹੁੰਦਾ ਹੈ ।

## ਓਰੈ ਕਛੂ ਨ ਕਿਨਹੂ ਕੀਆ ॥

ਅਰਥ—ਹੋਰ ਕਿਸੇ ਨੇ ਕੁਝ ਨਹੀਂ ਕੀਤਾ ਹੈ ।

## ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥੫੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਸਭ ਕੁਝ ਪ੍ਰਭੂ ਤੋਂ ਕੀਤਾ ਹੋਇਆ ਹੈ ॥੫੧॥

ਸਲੋਕੁ ॥

## ਲੇਖੈ ਕਤਹਿ ਨ ਛੂਟੀਐ
## ਖਿਨੁ ਖਿਨੁ ਭੂਲਨਹਾਰ ॥

ਅਰਥ—ਲੇਖੇ ਕਰਨ ਕਰਕੇ ਕਿਧਰੇ ਭੀ ਨਹੀਂ ਛੁਟਿਆ ਜਾਣਾ, ਕਿਉਂਕਿ ਅਸੀਂ ਖਿਨ ਖਿਨ ਵਿਚ ਭੁਲਣ ਵਾਲੇ ਹਾਂ ।

## ਬਖਸਨਹਾਰ ਬਖਸਿ ਲੈ
## ਨਾਨਕ ਪਾਰਿ ਉਤਾਰ ॥੧॥

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਬਖ਼ਸ਼ਣ ਵਾਲਾ ਬਖ਼ਸ਼ ਕੇ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਲੈਂਦਾ ਹੈ ॥੧॥

ਪਉੜੀ ॥

**ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥**

ਅਰਥ—ਥੋੜੀ ਬੁਧੀ ਵਾਲਾ ਅਗਿਆਨੀ ਲੂਣ ਹਰਾਮੀ ਅਤੇ ਗੁਨਾਹ=ਪਾਪਾਂ ਦਾ ਘਰ ਹੈ ।

**ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥**

ਅਰਥ—ਕਿਉਂਕਿ ਜਿਸ ਨੇ ਜੀਉ ਪਿੰਡ ਆਦਿਕ ਸੁਖ ਦਿਤੇ ਹਨ, ਉਸ ਤੱਤ ਸਰੂਪ ਨੂੰ ਨਹੀਂ ਜਾਣਦਾ ਹੈ ।

**ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥**

ਅਰਥ—ਮਾਇਆ ਦੇ ਲਾਭ ਵਾਸਤੇ ਦਸੋਂ ਦਿਸ਼ਾਂ ਨੂੰ ਢੂੰਢਣ ਜਾਂਦਾ ਹੈ ।

**ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥**

ਅਰਥ—ਅਤੇ ਦੇਵਣ ਵਾਲੇ ਦਾਤੇ ਪ੍ਰਭੂ ਨੂੰ ਇਕ ਨਿਮਖ ਭਰ ਵੀ ਮਨ ਵਿਚ ਨਹੀਂ ਵਸਾਉਂਦਾ ਹੈ ।

**ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥**

ਅਰਥ—ਇਸ ਦੇ ਮਨ ਵਿਚ ਲਾਲਚ, ਮੋਹ ਤੇ ਵਿਕਾਰ ਆਦਿਕ

ਸੰਪੈ=ਧਨ ਹੈ ।

**ਲੰਪਟ ਚੋਰ ਨਿੰਦਕ ਮਹਾ**
**ਤਿਨਹੂ ਸੰਗਿ ਬਿਹਾਇ ॥**

ਅਰਥ—ਅਤੇ ਜੋ ਵਿਸ਼ਈ ਪਾਂਮਰ ਚੋਰ ਤੇ ਨਿੰਦਕ ਹਨ, ਤਿਨ੍ਹਾਂ ਮਹਾਂ ਨੀਚਾਂ ਦੇ ਨਾਲ ਹੀ ਉਮਰਾਂ ਬੀਤਦੀ ਹੈ ।

**ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥**

ਅਰਥ—ਹੇ ਵਾਹਿਗੁਰੂ ! ਤੈਨੂੰ ਭਾਵੇ ਤਾਂ ਖੋਟਿਆਂ ਨੂੰ ਬਖ਼ਸ਼ ਕੇ ਖਰਿਆਂ ਦੇ ਨਾਲ ਹੀ ਤਾਰ ਲੈਂਦਾ ਹੈਂ ।

**ਨਾਨਕ ਭਾਵੈ ਪਾਰਬ੍ਰਹਮ**
**ਪਾਹਨ ਨੀਰਿ ਤਰੇ ॥੫੨॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਹੇ ਪਾਰਬ੍ਰਹਮ ! ਤੂੰ ਚਾਹੇ ਤਾਂ ਪੱਥਰ ਭੀ ਪਾਣੀ ਤੋਂ ਤਰ ਜਾਣਗੇ ॥੫੨॥

ਸਲੋਕੁ ॥

**ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥**

ਅਰਥ—ਅਨੇਕਾਂ ਜਨਮ ਹੀ ਖਾਣ ਪੀਣ ਅਤੇ ਹੱਸਣ ਖੇਡਣ ਵਿਚ ਭੌਂਦੇ ਰਹੇ ਹਾਂ ।

**ਭਵਜਲ ਤੇ ਕਾਢਹੁ ਪ੍ਰਭੂ**
**ਨਾਨਕ ਤੇਰੀ ਟੇਕ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਹੇ ਪ੍ਰਭੂ ! ਹੁਣ ਸੰਸਾਰ ਸਮੁੰਦਰ ਵਿਚੋਂ ਕੱਢ ਲੈ, ਇਕੋ ਤੇਰੀ ਓਟ ਹੈ ॥੧॥

ਪਉੜੀ ॥

## ਖੇਲਤ ਖੇਲਤ ਆਇਓ
## ਅਨਿਕ ਜੋਨਿ ਦੁਖ ਪਾਇ ॥

ਅਰਥ—ਅਨੇਕਾਂ ਜੋਨੀਆਂ ਵਿਚ ਦੁਖ ਪਾ ਕੇ ਖੇਲਤ=ਫਿਰਦਾ ਫਿਰਦਾ ਆਇਆ ਹੈ ।

## ਖੇਦ ਮਿਟੇ ਸਾਧੂ ਮਿਲਤ
## ਸਤਿਗੁਰ ਬਚਨ ਸਮਾਇ ॥

ਅਰਥ—ਪਰ ਸੰਤਾਂ ਦੇ ਮਿਲਦਿਆਂ ਦੁਖ ਮਿਟ ਗਏ ਹਨ ਅਤੇ ਸਤਿਗੁਰੂ ਦੇ ਉਪਦੇਸ਼ ਕਰ ਕੇ ਵਾਹਿਗੁਰੂ ਵਿਚ ਸਮਾ ਗਿਆ ਹੈ ।

## ਖਿਮਾ ਗਹੀ ਸਚੁ ਸੰਚਿਓ
## ਖਾਇਓ ਅੰਮ੍ਰਿਤੁ ਨਾਮ ॥

ਅਰਥ—ਖਿਮਾਂ ਨੂੰ ਪਕੜ ਕੇ ਸੱਚ ਨੂੰ 'ਕੱਠਾ ਕੀਤਾ ਹੈ ਅਤੇ ਨਾਮ ਅੰਮ੍ਰਿਤ ਨੂੰ ਖਾਧਾ (ਭਾਵ—ਜਪਿਆ) ਹੈ ।

## ਖਰੀ ਕ੍ਰਿਪਾ ਠਾਕੁਰ ਭਈ
## ਅਨਦ ਸੂਖ ਬਿਸ੍ਰਾਮ ॥

ਅਰਥ—ਤਦੇ ਕਰ ਕੇ ਠਾਕੁਰ ਦੀ ਬਹੁਤੀ ਕਿਰਪਾ ਹੋਈ ਹੈ ਅਤੇ ਅਨੰਦ ਨਾਲ ਸੁਖ ਵਿਚ ਟਿਕਾਣਾ ਪਾਇਆ ਹੈ ।

## ਖੇਪ ਨਿਬਾਹੀ ਬਹੁਤੁ ਲਾਭ
## ਘਰਿ ਆਏ ਪਤਿਵੰਤ ॥

ਅਰਥ—ਭਗਤੀ ਰੂਪ ਖੇਪ=ਸੁਦਾਗਰੀ ਪੂਰੀ ਕੀਤੀ ਹੈ ਅਤੇ ਬਹੁਤਾ ਲਾਭ ਲੈ ਕੇ ਇੱਜ਼ਤ ਨਾਲ ਸ੍ਵਰੂਪ ਵਿਚ ਆਏ ਹਾਂ ।

## ਖਰਾ ਦਿਲਾਸਾ ਗੁਰਿ ਦੀਆ
## ਆਇ ਮਿਲੇ ਭਗਵੰਤ ॥

ਅਰਥ—ਗੁਰੂ ਜੀ ਨੇ ਭਲੀ ਪ੍ਰਕਾਰ ਧੀਰਜ ਦਿਤਾ ਹੈ (ਇਸੇ ਕਰ ਕੇ) ਭਗਵੰਤ ਜੀ ਆ ਕੇ ਮਿਲੇ ਹਨ ।

## ਆਪਨ ਕੀਆ ਕਰਹਿ ਆਪਿ
## ਆਗੈ ਪਾਛੈ ਆਪਿ ॥

ਅਰਥ—ਆਪੇ ਹੀ ਵਾਹਿਗੁਰੂ ਨੇ ਕੀਤਾ ਅਤੇ ਆਪੇ ਹੀ ਕਰੇਗਾ ਅਤੇ ਅਗੇ ਪਿਛੇ ਆਪ ਹੀ ਆਪ ਹੈ ।

## ਨਾਨਕ ਸੋਊ ਸਰਾਹੀਐ
## ਜਿ ਘਟਿ ਘਟਿ ਰਹਿਆ ਬਿਆਪਿ ॥੫੩॥

ਅਰਥ—ਸਤਿਗੁਰੂ ਜੀ ਆਖਦੇ ਹਨ—ਜੋ ਘਟਾਂ ਘਟਾਂ ਵਿਚ ਵਿਆਪਕ ਹੋ ਰਿਹਾ ਹੈ ਉਸ ਨੂੰ ਜਪਣਾ ਚਾਹੀਦਾ ਹੈ ॥੫੩॥

ਸਲੋਕੁ ॥

## ਆਏ ਪ੍ਰਭ ਸਰਨਾਗਤੀ
## ਕਿਰਪਾ ਨਿਧਿ ਦਇਆਲ ॥

ਅਰਥ—ਕਿਰਪਾ ਦੇ ਸਮੁੰਦਰ ਦਿਆਲੂ ਪ੍ਰਭੂ ਦੀ ਸ਼ਰਨ ਵਿਚ ਜੋ ਪੁਰਸ਼ ਆਏ ਹਨ ।

**ਏਕ ਅਖਰੁ ਹਰਿ ਮਨਿ ਬਸਤ**
**ਨਾਨਕ ਹੋਤ ਨਿਹਾਲ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਇਕ ਨਾਸ ਤੋਂ ਰਹਿਤ ਹਰੀ ਮਨ ਵਿਚ ਵਸ (ਜਾਣ ਕਰਕੇ ਉਹ) ਨਿਹਾਲ ਹੋ ਗਏ ਹਨ ॥੧॥

ਪਉੜੀ ॥

**ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥**

ਅਰਥ—ਅਖਰ=ਲੇਖਾਂ ਵਿਚ ਹੀ ਪ੍ਰਭੂ ਨੇ ਤਿੰਨੇ ਲੋਕ ਬਣਾਏ ਹਨ।

**ਅਖਰ ਕਰਿ ਕਰਿ ਬੇਦ ਬੀਚਾਰੇ ॥**

ਅਰਥ—ਅੱਖਰਾਂ ਕਰ ਕੇ ਹੀ ਬੇਦਾਂ ਦਾ ਵਿਚਾਰ ਕਰੀਦਾ ਹੈ (ਭਾਵ—ਭਾਗਾਂ ਅਨੁਸਾਰ)।

**ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥**

ਅਰਥ—ਅੱਖਰਾਂ ਕਰਕੇ ਹੀ ਸ਼ਾਸਤ੍ਰ, ਸਿੰਮ੍ਰਤੀਆਂ ਤੇ ਪੁਰਾਨ ਪੜ੍ਹੇ ਜਾਂਦੇ ਹਨ।

**ਅਖਰ ਨਾਦ ਕਥਨ ਵਖ੍ਯ਼ਾਨਾ ॥**

ਅਰਥ—ਅੱਖਰਾਂ ਕਰਕੇ ਰਾਗ ਕਰਨੇ ਤੇ ਕਥਾ ਵਖਿਆਨ ਕਰਨੇ ਆਉਂਦੇ ਹਨ।

**ਅਖਰ ਮੁਕਤਿ ਜੁਗਤਿ ਭੈ ਭਰਮਾ ॥**

ਅਰਥ—ਅੱਖਰਾਂ ਕਰਕੇ ਹੀ ਭੈ ਭਰਮ ਤੋਂ ਰਹਿਤ ਹੋ ਕੇ ਮੁਕਤੀ ਦੀ ਜੁਗਤੀ ਮਿਲਦੀ ਹੈ।

**ਅਖਰ ਕਰਮ ਕਿਰਤਿ ਸੁਚ ਧਰਮਾ ॥**

ਅਰਥ—ਅੱਖਰਾਂ ਕਰਕੇ ਹੀ ਪਵਿਤ੍ਰਤਾ ਵਾਲੇ ਧਰਮਾਂ ਦੇ ਕ੍ਰਮ ਕਰੀਦੇ ਹਨ ।

## ਦ੍ਰਿਸਟਿਮਾਨ ਅਖਰ ਹੈ ਜੇਤਾ ॥

ਅਰਥ—ਜਿੰਨਾਂ ਕੁਝ ਦਿਸਣ ਵਿਚ ਆਉਂਦਾ ਹੈ, ਸਭ ਅੱਖਰਾਂ ਵਿਚ ਹੈ ।

## ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥

ਅਰਥ—ਪਰ ਸਤਿਗੁਰੂ ਜੀ ਆਖਦੇ ਹਨ—ਕਿ ਪਾਰਬ੍ਰਹਮ ਇਹਨਾਂ ਅੱਖਰਾਂ ਤੋਂ ਨਿਰਲੇਪ ਹੈ ॥੫੪॥

ਸਲੋਕੁ ॥

## ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥

ਅਰਥ—ਹੇ ਅਗੰਮ ! ਇਹਨਾਂ ਅੱਖਰਾਂ ਦੇ ਲਿਖਣ ਲਈ ਤੇਰੇ ਹੱਥ ਦੀ ਹੁਕਮ ਰੂਪ ਕਲਮ ਆਉਂਦੀ ਹੈ ।

## ਉਰਝਿ ਰਹਿਓ ਸਭ ਸੰਗਿ
## ਅਨੂਪ ਰੂਪਾਵਤੀ ॥

ਅਰਥ—ਅਤੇ ਓਹੀ ਸੁੰਦਰ ਰੂਪ ਵਾਲੀ ਕਲਮ ਸਾਰਿਆਂ ਦੇ ਨਾਲ ਲੱਗ ਰਹੀ ਹੈ (ਭਾਵ—ਤਾਣੇ ਪੇਟੇ ਵਾਂਗੂੰ ਜੀਵ ਹੁਕਮ ਵਿਚ ਤੇ ਹੁਕਮ ਜੀਵਾਂ ਉਪਰ ਹੋ ਰਿਹਾ ਹੈ) ।

## ਉਸਤਤਿ ਕਹਨੁ ਨ ਜਾਇ
## ਮੁਖਹੁ ਤੁਹਾਰੀਆ ॥

ਅਰਥ—ਮੂਹੋਂ ਤੁਹਾਡੀ ਉਸਤਤੀ ਕਹੀ ਨਹੀਂ ਜਾਂਦੀ ।

**ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਆਪ ਦਾ ਦਰਸ਼ਨ ਦੇਖ ਕੇ ਮੇਰੀ ਬੁਧੀ ਮੋਹੀ ਗਈ ਹੈ ਤੇ ਤੁਹਾਡੇ ਉਤੋਂ ਬਲਿਹਾਰ ਹੁੰਦੀ ਹੈ ॥੧॥

ਪਉੜੀ ॥

**ਹੇ ਅਚੁਤ ਹੇ ਪਾਰਬ੍ਰਹਮ**
**ਅਬਿਨਾਸੀ ਅਘ ਨਾਸ ॥**

ਅਰਥ—ਹੇ ਨਾ ਡਿਗਣ ਵਾਲੇ, ਪਾਰਬ੍ਰਹਮ ! ਹੇ ਪਾਪਾਂ ਦੇ ਨਾਸ ਕਰਨ ਵਾਲੇ ਅਬਿਨਾਸ਼ੀ ।

**ਹੇ ਪੂਰਨ ਹੇ ਸਰਬ ਮੈ**
**ਦੁਖ ਭੰਜਨ ਗੁਣਤਾਸ ॥**

ਅਰਥ—ਹੇ ਪੂਰਨ ! ਹੇ ਸਰਬ ਰੂਪ ! ਦੁਖਾਂ ਦੇ ਨਾਸ ਕਰਤਾ ! ਤੇ ਗੁਣਾਂ ਦੇ ਸਮੁੰਦਰ ।

**ਹੇ ਸੰਗੀ ਹੇ ਨਿਰੰਕਾਰ**
**ਹੇ ਨਿਰਗੁਣ ਸਭ ਟੇਕ ॥**

ਅਰਥ—ਹੇ ਸਾਰਿਆਂ ਦੇ ਸਾਥੀ ! ਹੇ ਅਕਾਰ ਤੋਂ ਰਹਿਤ ! (ਹੇ ਤਿੰਨਾਂ ਗੁਣਾਂ ਤੋਂ ਰਹਿਤ) ਨਿਰਗੁਣ ਤੇ ਸਾਰਿਆਂ ਦੇ ਆਸਰਾ।

**ਹੇ ਗੋਬਿਦ ਹੇ ਗੁਣ ਨਿਧਾਨ**
**ਜਾ ਕੈ ਸਦਾ ਬਿਬੇਕ ॥**

ਅਰਥ—ਹੇ ਗੋਬਿੰਦ ! ਗੁਣਾਂ ਦੇ ਖ਼ਜ਼ਾਨੇ ! ਜਿਸ ਦਾ ਦਿਤਾ ਹੋਇਆ

ਸਦਾ ਹੀ ਸਾਰਿਆਂ ਨੂੰ ਵਿਚਾਰ ਹੈ ।

**ਹੇ ਅਪਰੰਪਰ ਹਰਿ ਹਰੇ**
**ਹਹਿ ਭੀ ਹੋਵਨਹਾਰ ॥**

ਅਰਥ—ਹੇ ਪਰੇ ਤੋਂ ਪਰੇ ਰੂਪ! ਅਤੇ ਹਰਿ ਇਕ ਨੂੰ ਹਰੇ ਕਰਨ ਵਾਲੇ । ਤੂੰ ਹੁਣ ਭੀ ਹੈਂ ਅਤੇ ਅਗੇ ਨੂੰ ਭੀ ਹੋਵਣ ਵਾਲਾ ਹੈਂ ।

**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥**

ਅਰਥ—ਹੇ ਸੰਤਾਂ ਦੇ ਸਦਾ ਸਾਥੀ, ਅਤੇ ਨਿਆਸਰਿਆਂ ਦੇ ਆਸਰਾ।

**ਹੇ ਠਾਕੁਰ ਹਉ ਦਾਸਰੋ**
**ਮੈ ਨਿਰਗੁਨ ਗੁਨੁ ਨਹੀ ਕੋਇ ॥**

ਅਰਥ—ਹੇ ਠਾਕੁਰ! ਮੈਂ ਤੇਰਾ ਦਾਸ ਹਾਂ ਅਤੇ ਮੈਂ ਨਿਰਗੁਣ ਵਿਚ ਕੋਈ ਗੁਣ ਨਹੀਂ ਹੈ ।

**ਨਾਨਕ ਦੀਜੈ ਨਾਮ ਦਾਨੁ**
**ਰਾਖਉ ਹੀਐ ਪਰੋਇ ॥੫੫॥**

ਅਰਥ—ਸਤਿਗੁਰੂ ਜੀ ਆਖਦੇ ਹਨ—ਕਿ ਨਾਮ ਦਾ ਦਾਨ ਦੇਵੋ ਜੋ ਹਿਰਦੇ ਵਿਚ ਪ੍ਰੋ ਕੇ ਰਖੀਏ (ਭਾਵ—ਨਾਮ ਕਦੇ ਵੀ ਨਾ ਵਿਸਾਰੇ) ॥੫੫॥

ਸਲੋਕੁ ॥

**ਗੁਰਦੇਵ ਮਾਤਾ ਗੁਰਦੇਵ ਪਿਤਾ**
**ਗੁਰਦੇਵ ਸੁਆਮੀ ਪਰਮੇਸੁਰਾ ॥**

ਅਰਥ—ਸ੍ਰੀ ਗੁਰੂ ਨਾਨਕ ਦੇਵ ਹੀ ਮਾਤਾ ਤੇ ਗੁਰੂ ਹੀ ਪਿਤਾ ਅਤੇ ਗੁਰਦੇਵ ਹੀ ਸੁਆਮੀ ਪ੍ਰਮੇਸ਼ਰ ਹੈ ।

**ਗੁਰਦੇਵ ਸਖਾ ਅਗਿਆਨ ਭੰਜਨੁ**
**ਗੁਰਦੇਵ ਬੰਧਿਪ ਸਹੋਦਰਾ ॥**

ਅਰਥ—ਗੁਰਦੇਵ ਹੀ ਅਗਿਆਨ ਦੇ ਨਾਸ ਕਰਨ ਵਾਲਾ ਮਿੱਤਰ ਹੈ ਅਤੇ ਗੁਰਦੇਵ ਹੀ ਸਹੋਦਰਾ ਸੱਕਾ ਭਰਾ ਹੈ ।

**ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ**
**ਗੁਰਦੇਵ ਮੰਤੁ ਨਿਰੋਧਰਾ ॥**

ਅਰਥ—ਗੁਰਦੇਵ ਹਰਿਨਾਮ ਦੇ ਉਪਦੇਸ਼ ਕਰਨ ਵਾਲਾ ਦਾਤਾ ਹੈ ਅਤੇ ਗੁਰਦੇਵ ਦਾ ਮੰਤ੍ਰ ਨਿਰਣੇ ਕਰ ਕੇ ਉਧਾਰ ਕਰਨ ਵਾਲਾ ਹੈ ।

**ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ**
**ਗੁਰਦੇਵ ਪਾਰਸ ਪਰਸ ਪਰਾ ॥**

ਅਰਥ—ਗੁਰਦੇਵ ਸ਼ਾਂਤੀ ਤੇ ਸਤ੍ਯ ਤੇ ਗਿਆਨ ਸਰੂਪ ਹੈ ਅਤੇ ਗੁਰਦੇਵ ਦਾ ਪਰਸਨਾ ਪਾਰਸ ਨਾਲੋਂ ਭੀ ਵਡੇ ਗੁਣ ਵਾਲਾ ਹੈ ।

**ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ**
**ਗੁਰ ਗਿਆਨ ਮਜਨੁ ਅਪਰੰਪਰਾ ॥**

ਅਰਥ—ਗੁਰਦੇਵ ਤੀਰਥ=ਚਲਦੇ ਭਾਵ ਟੁਰਨ ਵਾਲੇ ਅੰਮ੍ਰਿਤ ਦਾ ਸਰੋਵਰ ਹਨ, ਗੁਰਾਂ ਦੇ ਗਿਆਨ ਧਾਰਨ ਕਰਨ ਰੂਪ ਇਸ਼ਨਾਨ ਕਰਨ ਨਾਲ ਅਪਰੰ=ਦੇਵਤਿਆਂ ਦਾ ਵੀ ਪੂਰਾ ਰੂਪ ਵਾਹਿਗੁਰੂ ਮਿਲਦਾ ਹੈ ।

**ਗੁਰਦੇਵ ਕਰਤਾ ਸਭਿ ਪਾਪ ਹਰਤਾ**
**ਗੁਰਦੇਵ ਪਤਿਤ ਪਵਿਤ ਕਰਾ ॥**

ਅਰਥ—ਗੁਰਦੇਵ ਸਾਰੇ ਪਾਪਾਂ ਦੇ ਨਾਸ ਕਰਨ ਵਾਲਾ ਹੈ ਅਤੇ ਗੁਰਦੇਵ ਨੇ ਪਾਪੀਆਂ ਨੂੰ ਪਵਿੱਤਰ ਕਰਾ ਹੈ ।

**ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ**
**ਗੁਰਦੇਵੁ ਮੰਤੁ ਹਰਿ ਜਪਿ ਉਧਰਾ ॥**

ਅਰਥ—ਗੁਰਦੇਵ ਹੀ ਆਦਿ ਜੁਗਾਦਿ ਤੇ ਜੁਗਾਂ ਜੁਗਾਂ ਵਿਚ ਵਿਆਪਕ ਹੈ, ਗੁਰਦੇਵ ਦੇ ਉਪਦੇਸ਼ ਦੁਆਰਾ ਹਰੀ ਨੂੰ ਜਪਣ ਵਾਲਿਆਂ ਦਾ ਉਧਾਰ ਹੋਇਆ ਹੈ ।

**ਗੁਰਦੇਵ ਸੰਗਤਿ ਪ੍ਰਭ ਮੇਲਿ**
**ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥**

ਅਰਥ—ਹੇ ਪ੍ਰਭੂ ! ਕਿਰਪਾ ਕਰ ਕੇ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਮੇਲ, ਜਿਸ ਦੇ ਨਾਲ ਲਗ ਕੇ ਸਾਰੇ ਮੂਰਖ ਪਾਪੀ ਤਰ ਜਾਂਦੇ ਹਨ ।

**ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ**
**ਗੁਰਦੇਵ ਨਾਨਕ ਹਰਿ ਨਮਸਕਰਾ ॥੧॥**

ਅਰਥ—ਪਾਰਬ੍ਰਹਮ ਪ੍ਰਮੇਸ਼ਰ ਦਾ ਰੂਪ ਸਤਿਗੁਰੂ ਨਾਨਕ ਦੇਵ ਜੀ ਹਨ, ਤਾਂ ਤੇ ਹਰੀ ਰੂਪ ਗੁਰੂ ਨਾਨਕ ਦੇਵ ਜੀ ਨੂੰ ਨਮਸ਼ਕਾਰ ਹੈ ॥੧॥

ਏਹੁ ਸਲੋਕੁ ਆਦਿ ਅੰਤਿ ਪੜਣਾ ॥